ਵਿਚਾਰ ਚੰਦ੍ਰੋਦਯ

ਟੀਕਾਕਾਰ :

ਦਾਸਨ ਦਾਸ : ਹਰੀ ਸਿੰਘ 'ਰੰਧਾਵੇ ਵਾਲੇ'

ਸੰਪ੍ਰਦਾਇ ਦਮਦਮੀ ਟਕਸਾਲ

ਤਤਕਰਾ

✡	ਉਥਾਨਕਾ ਵਿਚਾਰ ਚੰਦ੍ਰੋਦਯ	੯
✡	ਦੋ ਸ਼ਬਦ ਗ੍ਰੰਥ ਬਾਰੇ	੧੧
✡	(ਪ੍ਰਥਮ ਕਲਾ)	੧੩
✡	(ਦ੍ਵੀਤੀਯ ਕਲਾ)	੪੦
✡	(ਤ੍ਰੀਤੀਯ ਕਲਾ)	੫੦
✡	(ਚਤੁਰਥ ਕਲਾ)	੬੦
✡	(ਪੰਚਮ ਕਲਾ)	੧੦੦
✡	(ਛਸ਼ਠ ਕਲਾ)	੧੧੫
✡	(ਸਪਤਮ ਕਲਾ)	੧੩੮
✡	(ਅਸ਼ਟਮ ਕਲਾ)	੧੫੨
✡	(ਨਵਮ ਕਲਾ)	੧੬੭
✡	(ਦਸਮ ਕਲਾ)	੧੭੫
✡	(ਇਕਾਦਸ਼ ਕਲਾ)	੧੮੬
✡	(ਦ੍ਵਾਦਸ਼ ਕਲਾ)	੨੦੬
✡	(ਤ੍ਰਯੋਦਸ਼ ਕਲਾ)	੨੧੨
✡	(ਚਤੁਰਦਸ਼ ਕਲਾ)	੨੨੩
✡	(ਪੰਚਦਸ਼ ਕਲਾ)	੨੩੧
✡	॥ਅਥ ਛੋੜਸ ਕਲਾ ਪ੍ਰਾਰੰਭ: ॥੧੬॥	੨੪੦
✡	॥ਅਥ ਛੋੜਸ਼ ਕਲਾ ਦ੍ਵੀਤੀਯ ਵਿਭਾਗ ਪ੍ਰਾਰੰਭ: ॥੧੬॥	੩੩੬

☆☆☆

ਉਥਾਨਕਾ ਵਿਚਾਰ ਚੰਦ੍ਰੋਦਯ

ਇਸ ਗ੍ਰੰਥ ਦੀ ਭੂਮਿਕਾ ਵਿੱਚ ਜਿੱਥੇ ਗ੍ਰੰਥ ਅਤੇ ਗ੍ਰੰਥ ਕਰਤਾ ਦੀ ਜਾਣਕਾਰੀ ਲਿਖਣੀ ਜ਼ਰੂਰੀ ਹੈ, ਉਥੇ ਇਹ ਭੀ ਲਿਖਣਾ ਜ਼ਰੂਰੀ ਹੈ ਕਿ ਇਸ ਗ੍ਰੰਥ ਦਾ ਟੀਕਾ ਲਿਖਣ ਦਾ ਕਾਰਣ ਕੀ ਹੈ। ਸੋ ਕਾਰਣ ਕੋਈ ਬਹੁਤਾ ਵੱਡਾ ਨਹੀਂ ਹੈ, ਜਦੋਂ ਗੁਰੂ ਘਰ ਦੇ ਪ੍ਰਚਾਰਕਾਂ, ਗਿਆਨੀ ਸਿੰਘਾਂ, ਵਿਦਿਆਰਥੀਆਂ ਨੇ ਜਥੇ ਵੱਲੋਂ ਲਿਖੇ ਗ੍ਰੰਥ ਜੈਸਾ ਕਿ ਗੁਰਵਾਕ ਚਾਨਣ (ਦੋ ਭਾਗ), ਗੁਰ ਪ੍ਰਕਰਣ ਚਾਨਣ (ਇਕ ਭਾਗ), ਗੁਰਬਾਣੀ ਅਰਥ ਭੰਡਾਰ (ਬਾਰ੍ਹਾਂ ਪੋਥੀਆਂ), ਭਾਈ ਗੁਰਦਾਸ ਜੀ ਦੀਆਂ ਵਾਰਾਂ (ਦੋ ਪੋਥੀਆਂ), ਭਾਈ ਗੁਰਦਾਸ ਜੀ ਦੇ ਕਬਿੱਤ ਸਵੱਯੇ (ਇਕ ਪੋਥੀ), ਪੰਚ ਗ੍ਰੰਥਾਵਲੀ (ਚਾਣਕਾ, ਸਾਰੁਕਤਵਾਲੀ, ਭਾਵਰਸਾਂਮ੍ਰਿਤ, ਵਿਚਾਰ ਮਾਲਾ, ਅਧਜਾਤਮ ਪ੍ਰਕਾਸ਼), ਵੈਰਾਗ ਸ਼ੱਤਕ (ਇਕ ਪੋਥੀ), ਪ੍ਰਬੋਧ ਚੰਦਰ ਨਾਟਕ (ਇਕ ਪੋਥੀ), ਪੰਜਵੀਂ ਰੁਤਿ ਮੂਲ ਰਚਨਾ ਕਵੀ ਭਾਈ ਸੰਤੋਖ ਸਿੰਘ ਜੀ (ਇਕ ਪੋਥੀ), ਸੰਖਿਆ ਬੋਧ (ਇਕ ਬੋਧੀ), ਪੜ੍ਹੇ ਅਤੇ ਵਿਚਾਰੇ, ਉਹਨਾਂ ਵਿੱਚੋਂ ਕੁਝ ਵਿਸ਼ੇਸ਼ ਅਕਤੀਆਂ ਨੇ ਜਿਹੜੇ ਵੇਦਾਂਤ ਵਾਕਯ ਦੇ ਪੜ੍ਹਨ ਪੜ੍ਹਾਉਣ ਅਤੇ ਸਮਝਣ-ਸਮਝਾਉਣ ਵਿਚ ਰੁਚੀ ਰੱਖਦੇ ਸਨ, ਉਨ੍ਹਾਂ ਵੱਲੋਂ ਪ੍ਰੇਰਨਾ ਹੋਈ ਕਿ ਜਿੱਥੇ ਬਾਕੀ ਇਤਨੇ ਗ੍ਰੰਥ ਲਿਖੇ ਹਨ ਉਥੇ ਵੇਦਾਂਤ ਦਾ ਛੋਟੇ ਆਕਾਰ ਦਾ ਤੇ ਵੇਦਾਂਤ ਵਾਕਯ ਵਿਚ ਭਰਪੂਰ, ਪੀਤਾਂਬਰ ਜੀ ਦਾ ਲਿਖਿਆ ਹੋਇਆ ਵਿਚਾਰ ਚੰਦ੍ਰੋਦਯ ਨਾਮ ਦਾ ਗ੍ਰੰਥ ਹੈ, ਜੋ ਪੰਜਾਬੀ ਵਿਚ ਉਪਲਬਧ ਨਹੀਂ ਹੈ, ਜੋ ਹਿੰਦੀ ਵਿਚ ਹੈ, ਉਸ ਵਿਚ ਪੀਤਾਂਬਰ ਜੀ ਨੇ ਗ੍ਰੰਥ ਦਾ ਮੂਲ ਛੰਦ ਲਿਖ ਕੇ ਉਸ ਦੇ ਸਿਧਾਂਤ ਦਾ ਟੀਕਾ ਤਾਂ ਕਰ ਦਿੱਤਾ ਹੈ, ਪਰ ਮੂਲ ਛੰਦ ਦੇ ਪਦ ਅਰਥ ਨਹੀਂ ਕੀਤੇ, ਪਾਠਕ ਨੂੰ ਇਹ ਕਠਿਨਤਾਈ ਆਉਂਦੀ ਹੈ, ਇਨ੍ਹਾਂ ਮੁਸ਼ਕਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਇਸ ਗ੍ਰੰਥ ਦਾ ਟੀਕਾ ਕੀਤਾ ਜਾਵੇ, ਦਾਸ ਨੇ ਉਪਰੋਕਤ ਵਿਚਾਰਵਾਨ ਸੱਜਣਾਂ ਦੀ ਪ੍ਰੇਰਨਾ ਤੋਂ ਆਪਣਾ ਮਨ ਬਣਾਇਆ ਕਿ ਇਸ ਗ੍ਰੰਥ ਦਾ ਟੀਕਾ ਕਰਨਾ ਵੀ ਜ਼ਰੂਰੀ ਹੈ, ਇਹ ਤਾਂ ਇਸ ਗ੍ਰੰਥ ਦਾ ਟੀਕਾ ਲਿਖਣ ਦਾ ਕਾਰਨ ਸੀ।

ਇਸ ਤੋਂ ਅੱਗੇ ਗ੍ਰੰਥ ਕਰਤਾ ਅਤੇ ਗ੍ਰੰਥ ਦੀ ਜਾਣਕਾਰੀ ਦਿੱਤੀ ਜਾਂਦੀ ਹੈ :-

ਇਸ ਗ੍ਰੰਥ ਦੇ ਕਰਤਾ ਦਾ ਨਾਮ ਪੀਤਾਂਬਰ ਜੀ ਹੈ, ਜਿਨ੍ਹਾਂ ਦਾ ਜਨਮ ਬਿਕ੍ਰਮੀ ਸੰਮਤ ੧੯੩੧ ਜੇਠ ਸੁਦੀ ਦਸਮੀ, ਗੰਗਾ ਜਯੰਤੀ ਦੇ ਦਿਨ ਹੋਇਆ, ਇਨ੍ਹਾਂ ਦੇ ਸਤਿਕਾਰਯੋਗ ਪਿਤਾ ਪੰਡਿਤ ਸ੍ਰੀ ਪੁਰਸ਼ੋਤਮ ਜੀ ਅਤੇ ਮਾਤਾ ਵੀਰ ਬਾਈ (ਵੀਰਵਤੀ) ਸੀ। ਇਨ੍ਹਾਂ ਦੇ ਪਿਤਾ ਪੁਰਸ਼ੋਤਮ ਜੀ ਕਪਟ ਰਹਿਤ, ਇੰਦ੍ਰਯਜਿਤ, ਜਪ ਤਪ ਵਾਲੇ ਸਿੱਧ ਪੁਰਸ਼ ਸਨ ਤੇ ਇਨ੍ਹਾਂ ਦੇ ਮਾਤਾ ਵੀਰ ਬਾਈ ਜੀ ਵੀ ਵੇਦਾਂਤ ਸ਼ਾਸਤਰ ਦੇ ਜਾਣੂ ਸਨ। ਪੀਤਾਂਬਰ ਜੀ ਦੇ ਦੋ ਭਰਾ ਹੋਰ ਸਨ—ਇਕ ਦਾ ਨਾਮ ਮੂਲ ਰਾਜ, ਦੂਸਰੇ ਦਾ ਨਾਮ ਲਾਲ ਜੀ ਸੀ। ਇਨ੍ਹਾਂ ਦੀਆਂ ਅੱਠ ਭੈਣਾਂ ਵੀ ਸਨ। ਪੀਤਾਂਬਰ ਜੀ ਦਾ ਜਨਮ ਸਾਰੇ ਭੈਣ ਭਰਾਵਾਂ ਤੋਂ ਬਾਅਦ ਹੋਇਆ। ਜਨਮ ਸਮੇਂ ਸਭ ਨੂੰ ਐਸਾ ਆਭਾਸ ਹੋਇਆ ਕਿ ਕਿਸੇ ਮਹਾਨ ਪੁਰਸ਼ ਨੇ ਜਨਮ ਲਿਆ। ਇਹੋ ਜਿਹਾ ਉਤਸਵ ਹੋਇਆ, ਸਤਿਪੁਰਸ਼ਾਂ ਦਾ ਕਥਨ ਹੈ ਕਿ ਜਦੋਂ ਬੱਚਾ ਗਰਭ ਵਿਚ ਹੋਵੇ, ਅਗਰ ਮਾਤਾ ਗਰਭ ਦੇ ਸਮੇਂ ਸੱਤ, ਸ਼ਾਸਤਰਾਂ ਦੀ ਕਥਾ ਸੁਣੇ, ਤਾਂ ਗਰਭ ਵਿਚ ਪਲ ਰਹੇ ਬੱਚੇ ਦੇ ਸ਼ਾਸਤਰਕ ਸੰਸਕਾਰ ਬਣ ਜਾਂਦੇ ਹਨ। ਜੈਸਾ ਕਿ ਭਗਤ ਪ੍ਰਹਿਲਾਦ, ਅਸਟਾਬ੍ਰਕ ਆਦਿਕਾਂ ਦੀ ਜੀਵਨ ਗਾਥਾ ਪ੍ਰਸਿੱਧ ਹੈ। ਇਸੇ ਤਰ੍ਹਾਂ ਹੀ ਗਰਭ ਸਮੇਂ ਪੀਤਾਂਬਰ ਜੀ ਦੀ ਮਾਤਾ ਨੇ ਪਵਿੱਤਰ ਧਾਮਾਂ ਦੀ ਯਾਤਰਾ, ਨਾਰਾਇਣਸਰ ਆਦਿਕ ਤੀਰਥਾਂ ਦੀ ਯਾਤਰਾ ਕੀਤੀ ਅਤੇ ਵੇਦਾਂਤ ਸ਼ਾਸਤਰ ਦਾ ਸ੍ਰਵਣ ਹਰ ਰੋਜ਼ ਕਰਦੀ ਸੀ ਅਤੇ ਇਉਂ ਸਤਸੰਗੀ ਖਿਆਲ ਬਣਾ ਕੇ ਰੱਖੇ, ਸਤਸੰਗਤ ਦੇ ਪ੍ਰਤਾਪ ਕਰਕੇ ਗਰਭ ਸਮੇਂ ਪਏ ਹੋਏ ਸੰਸਕਾਰਾਂ ਤੋਂ ਹੀ ਪੀਤਾਂਬਰ ਜੀ ਵੇਦਾਂਤ ਸ਼ਾਸਤਰ ਦੇ ਰੁਚੀਵਾਨ ਹੋਏ। ਪੀਤਾਂਬਰ ਜੀ ਨੇ ਮੁੱਢਲੀ ਵਿੱਦਿਆ ਘਰ ਵਿਚ ਰਹਿ ਕੇ ਆਪਣੇ ਪਿਤਾ ਜੀ ਤੋਂ ਪ੍ਰਾਪਤ ਕੀਤੀ। ਜਦੋਂ ਪੰਜ ਸਾਲ ਦੇ ਹੋ ਗਏ ਤਾਂ ਪਿਤਾ

ਦੁਆਰਾ ਦੇਵਨਾਗਰੀ ਲਿਪੀ ਸਿਖਾਈ ਗਈ ਅਤੇ ਛੋਟੇ-ਛੋਟੇ ਸਲੋਕ ਆਦਿ ਕੰਠ ਕਰਨ ਦਾ ਸੰਸਕਾਰ ਪਾਇਆ। ਹਿੰਦੂ ਧਰਮ ਦੀ ਮਰਯਾਦਾ ਅਨੁਸਾਰ ਅੱਠ ਸਾਲ ਦੀ ਉਮਰ ਵਿਚ ਇਨ੍ਹਾਂ ਦਾ ਜਨੇਯੂ ਸੰਸਕਾਰ ਕੀਤਾ ਗਿਆ। ਦਸ ਸਾਲ ਦੀ ਉਮਰ ਵਿਚ ਬ੍ਰਹਮਚਾਰੀ, ਬ੍ਰਹਮਸ੍ਰੋਤੀ, ਬ੍ਰਹਮਨੇਸ਼ਠੀ, ਸ੍ਰੀ ਬਾਪੂ ਜੀ ਮਹਾਰਾਜ ਕੋਲੋਂ ਸਿੱਖਿਆ ਲਈ ਅਤੇ ਬ੍ਰਹਮਚਰਜ ਵਿਚ ਪੱਕੇ ਰਹੇ।

ਉਸ ਤੋਂ ਬਾਅਦ ਇਨ੍ਹਾਂ ਦੇ ਜਵਾਨੀ ਵਿਚ ਪੈਰ ਧਰਦਿਆਂ ਹੀ ਕਠਿਨ ਵਿੱਦਿਆ ਜੈਸਾ ਕਿ ਉਪਨਿਸ਼ਦਾਂ ਦਾ ਪਾਠ, ਗੀਤਾ ਦਾ ਪਾਠ, ਵੇਦਾਂ ਦਾ ਪਾਠ ਦੋ ਸਾਲ ਤੱਕ ਕੀਤਾ। ਛੋਟੀ ਉਮਰ ਵਿਚ ਹੀ ਸੂਖਮ ਬੁੱਧ, ਤੀਬਰ ਧਾਰਨ ਸ਼ਕਤੀ ਹੋਣ ਕਰਕੇ, ਵਿੱਦਿਆ ਗੁਰੂਆਂ ਦੀ ਪੂਰਨ ਕਿਰਪਾ ਦੁਆਰਾ ਬ੍ਰਹਮ ਵਿੱਦਿਆ ਦੇ ਸੰਸਕਾਰ ਇਤਨੇ ਦ੍ਰਿੜ੍ਹ ਹੋ ਗਏ, ਮੈਂ ਦੇਹ ਇੰਦ੍ਰਿਆਂ ਆਦਿ ਦੇ ਸੰਘਾਰ ਤੋਂ ਵੱਖਰਾ ਸਾਖਸ਼ੀ ਰੂਪ ਹਾਂ, ਐਸਾ ਦ੍ਰਿੜ੍ਹ ਅਪ੍ਰੋਕਸ਼ ਗਿਆਨ ਕਰ ਲਿਆ ਤੇ ਸੰਨਿਆਸੀ ਬਸਤਰ ਧਾਰਨ ਕਰਕੇ ਦੇਵ ਚੰਦ੍ਰ ਨਾਮਕ ਜਯੋਤਿਰਵਿਦ ਦੇ ਕੋਲੋਂ ਜੋਤਿਸ਼ ਵਿੱਦਿਆ ਦਾ ਅਧਿਐਨ ਕੀਤਾ। ਮੱਜਲ (ਗੁਜਰਾਤ) ਗ੍ਰਾਮ ਦੇ ਲਬਧੀਵਿਜਯ ਨਾਮਕ ਜਤੀਵਰ ਅਤੇ ਪਦਮ ਵਿਜਯੀ ਨਾਮਕ ਬ੍ਰਾਹਮਣ ਜੀ ਕੋਲੋਂ ਵਿਆਕਰਣ ਪੜ੍ਹੇ ਅਤੇ ਸਾਧੂ ਸ੍ਰੀ ਰਾਮ ਚਰਨ ਦਾਸ ਜੀ ਦੇ ਨਾਲ ਰਾਮਾਇਣ ਆਦਿਕ ਗ੍ਰੰਥਾਂ ਦਾ ਵਿਚਾਰ ਕਰਦੇ ਰਹਿੰਦੇ। ਸ੍ਰੀ ਸੂਰਯ ਰਾਮ ਸ਼ਾਸਤਰੀ ਸ੍ਰੀ ਰਾਮ ਗਿਰੀ ਜੀ ਕੋਲੋਂ ਵੇਦਾਂਤ ਅਰਥ ਦੀ ਜਗਿਆਸਾ ਕਰਕੇ ਪੰਚਦਸੀ ਗ੍ਰੰਥ ਦਾ ਅਭਿਆਸ ਕੀਤਾ। ਇਸ ਤੋਂ ਇਲਾਵਾ ਬਿਰਤੀ ਪ੍ਰਭਾਕਰ, ਵਿਚਾਰ ਸਾਗਰ, ਬ੍ਰਹਮ ਸੂਤ੍ਰ, ਨਿਆਇ ਮੱਤ ਦੇ ਹੋਰ ਗ੍ਰੰਥ ਵੀ ਪੜ੍ਹੇ। ਗੂੜ ਗਿਆਨ ਦੇ ਮਾਲਕ ਪੀਤਾਂਬਰ ਜੀ ਨੇ ਪਰਉਪਕਾਰ ਦੀ ਭਾਵਨਾ ਨੂੰ ਮੁੱਖ ਰੱਖ ਕੇ ਵਿਚਾਰ ਸਾਗਰ ਦੇ ਮੰਗਲਾਂ ਦੇ ਪੰਜ ਦੋਹਰਿਆਂ ਦਾ ਟੀਕਾ ਅਤੇ ਟਿੱਪਣੀਆਂ ਕੀਤੀਆਂ। ਬਿਰਤੀ ਰਤਨਾਵਲੀ ਸਟੀਕ, ਬਾਲਬੋਧ, ਸੰਸਕ੍ਰਿਤ ਸੁਰਤੀ, ਛੜਲਿੰਗ ਸੰਗ੍ਰਹਿ, ਸ੍ਰੀ ਵੇਦ ਸਤੁਤੀ ਟੀਕਾ, ਵਿਚਾਰ ਚੰਦ੍ਰੋਦਯ ਇਤਿ ਆਦਿਕ ਗ੍ਰੰਥਾਂ ਨੂੰ ਰਚਿਆ, ਇਹ ਗ੍ਰੰਥ ਛਪੇ ਹਨ। ਕੁਝ ਗ੍ਰੰਥ ਪੂਰਾ ਨਾ ਹੋਣ ਸਕਣ ਕਰਕੇ ਛਪੇ ਨਹੀਂ, ਉਨ੍ਹਾਂ ਵਿਚ ਸ੍ਰੀ ਵੇਦਾਂਤ ਕੋਸ਼, ਬੋਧ ਰਤਨਾਗਰ ਪ੍ਰਸਾਦ ਮੁਦਗਰ, ਪ੍ਰਸ਼ਨੋਤਰ ਕਦੰਬ, ਛਟ ਦਰਸ਼ਨ, ਸਾਰਾਵਲੀ ਮੋਹ ਜਿੱਤ ਕਥਾ, ਸਦਾਚਾਰ ਗ੍ਰੰਥ ਆਦਿ ਛਪੇ ਨਹੀਂ। ਫਿਰ ਭੀ ਬਹੁਤ ਵੱਡਾ ਖਜ਼ਾਨਾ ਵਿਦਵਾਨਾਂ ਨੂੰ ਸੌਂਪਣਾ ਕੀਤਾ।

ਆਪਣੇ ਜੀਵਨ ਕਾਲ ਅੰਦਰ ਬਹੁਤ ਭ੍ਰਮਣ ਕਰਕੇ ਬ੍ਰਹਮ ਵਿੱਦਿਆ ਦਾ ਪ੍ਰਸਾਰ ਕੀਤਾ। ਮੁਲਤਾਨ ਅਤੇ ਲਾਹੌਰ ਦੇ ਰਸਤੇ ਪੀਤਾਂਬਰ ਜੀ ਵਿਸ਼ੇਸ਼ ਕਰਕੇ ਜੋ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਮਹਾਨਤਾ ਸੁਣ ਚੁੱਕੇ ਸਨ, ਸ੍ਰੀ ਹਰਿਮੰਦਰ ਸਾਹਿਬ ਜੀ ਨੂੰ ਰੱਬ ਦਾ ਘਰ ਸਮਝ ਕੇ, ਏਥੇ ਸੇਠ ਤਾਰਾ ਚੰਦ ਚੇਲਾ ਰਾਮ ਦੀ ਦੁਕਾਨ 'ਤੇ ਇਕ ਰਾਤ ਰਹੇ ਅਤੇ ਅੰਮ੍ਰਿਤ ਵੇਲੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰੇ ਕੀਤੇ ਅਤੇ ਅੰਮ੍ਰਿਤ ਸਰੋਵਰ ਦਾ ਇਸ਼ਨਾਨ ਕੀਤਾ। ਉਨ੍ਹਾਂ ਦਾ ਸ੍ਰੀ ਅੰਮ੍ਰਿਤਸਰ ਸਾਹਿਬ ਆਉਣਾ, ਸ੍ਰੀ ਹਰਿਮੰਦਰ ਸਾਹਿਬ ਦਰਸ਼ਨ ਕਰਨੇ, ਇਸ਼ਨਾਨ ਕਰਨਾ, ਇਹ ਅਥਾਹ ਸ਼ਰਧਾ ਦਾ ਪ੍ਰਤੱਖ ਸਬੂਤ ਹੈ। ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਹਰਿਦੁਆਰ ਚਲੇ ਗਏ। ਉਥੇ ਬ੍ਰਹਮਕੁੰਡ ਦਾ ਇਸ਼ਨਾਨ ਅਤੇ ਮਹਾਤਮਾ ਦੇ ਦਰਸ਼ਨ ਕੀਤੇ, ਫਿਰ ਅਯੁੱਧਿਆ ਪੁਰੀ ਪਹੁੰਚੇ। ਇਨ੍ਹਾਂ ਦੇ ਜੀਵਨ ਵਿਚੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਹ ਕੇਵਲ ਖੁਸ਼ਕ ਗਿਆਨੀ ਨਹੀਂ ਸਨ, ਬਲਕਿ ਸਮ-ਦ੍ਰਿਸ਼ਟੀ ਵਾਲੇ, ਰਾਗ-ਦ੍ਵੈਸ਼ ਰਹਿਤ, ਸ਼ਰਧਾ ਭਾਵਨਾ, ਪ੍ਰੇਮਾ ਭਗਤੀ, ਨਿਮਰਤਾ ਆਦਿਕ ਗੁਣਾਂ ਦੇ ਮਾਲਕ ਸਨ। ਇਸ ਨਾਸ਼ਵਾਨ ਸੰਸਾਰ ਵਿਚ ਰਹਿੰਦਿਆਂ ਹੀ ਜੀਵਨ ਮੁਕਤ ਅਵਸਥਾ ਦੇ ਮਾਲਕ, ਪੂਰਨ ਵੈਰਾਗਵਾਨ, ਸਮੂਹ ਗੁਣਾਂ ਦੀ ਖਾਨ, ਮਹਾਨ ਵਿਦਵਾਨ ਪੰਡਿਤ ਪੀਤਾਂਬਰ ਜੀ ਸੰਮਤ ੧੯੫੬ ਵਿਚ ਸਥੂਲ ਸਰੀਰ ਨੂੰ ਤਿਆਗ ਕੇ ਆਪਣੇ ਸ੍ਵੈ-ਸਰੂਪ ਭਾਵ ਸਚਿਦਾਨੰਦ ਸਰੂਪ ਵਿਚ ਸਮਾ ਗਏ ਭਾਵ ਵਿਦੇਹ ਮੁਕਤ ਹੋ ਗਏ।

ਦਾਸਨ ਦਾਸ,

ਹਰੀ ਸਿੰਘ

ਗੁਰਮਤਿ ਵਿਦਿਆਲਾ ਜਥਾ ਰੰਧਾਵਾ

ਦੋ ਸ਼ਬਦ ਗ੍ਰੰਥ ਬਾਰੇ

'ਵਿਚਾਰ ਚੰਦ੍ਰੋਦਯ' ਇਹ ਗ੍ਰੰਥ ਜਿਸ ਦਾ ਨਾਮ ਹੀ ਇੱਕ ਸਾਰਥਕ ਭਾਵ ਨੂੰ ਪਰਗਟ ਕਰਦਾ ਹੈ। ਵਿਚਾਰ+ਚੰਦ੍ਰ+ਉਦਯ=ਵੇਦਾਂਤ ਦੀ ਸ੍ਰੇਸ਼ਟ ਵਿਚਾਰ ਦਾ ਚੰਦ੍ਰ ਕਹੀਏ ਚੰਦਰਮਾ ਉਦਯ ਕਹੀਏ ਪਰਗਟ ਹੋਵੇ। ਜਿਸ ਵਿਚ ਵੇਦਾਂਤ ਦੇ ਪਦ-ਪਦਾਰਥਾਂ ਦਾ ਅਤੇ ਸਿਧਾਂਤ ਦਾ ਚੰਦਰਮਾ ਪਰਗਟ ਹੋਵੇ ਸੋ ਕਹੀਏ ਵਿਚਾਰ ਚੰਦ੍ਰੋਦਯ।

ਜਿਸ ਗ੍ਰੰਥ ਦਾ ਨਾਮ ਪੰਥ ਹੁੰਦਾ ਹੈ ਜੈਸੇ ਮੋਕਛ ਪੰਥ ਉਸ ਦੇ ਅਧਿਆਵਾਂ ਦੇ ਨਾਮ 'ਵਿਸ਼ਰਾਮ' ਕਹੇ ਜਾਂਦੇ ਹਨ। ਜਿਸ ਗ੍ਰੰਥ ਦਾ ਨਾਮ ਸਾਗਰ ਹੋਵੇ ਜੈਸੇ ਵਿਚਾਰ ਸਾਗਰ ਉਸ ਦੇ ਅਧਿਆਵਾਂ ਦਾ ਨਾਮ 'ਤਰੰਗ' ਹੁੰਦਾ ਹੈ। ਇਸੇ ਤਰ੍ਹਾਂ ਇਸ ਗ੍ਰੰਥ ਦਾ ਨਾਮ ਵਿਚਾਰਾਂ ਦਾ ਚੰਦ੍ਰਮਾ ਹੈ ਅਤੇ ਇਸ ਦੇ ਅਧਿਆਵਾਂ ਦਾ ਨਾਮ 'ਕਲਾ' ਹੈ ਕਿਉਂਕਿ ਚੰਦ੍ਰਮਾ ਦੀਆਂ ਸੋਲਾਂ ਕਲਾ ਮੰਨੀਆ ਹਨ :- (੧) ਅਮ੍ਰਿਤ (੨) ਮਨਦਾ (ਵਿਚਾਰ) (੩) ਪੁਸ਼ਪ (ਸੌਂਦਰਯ) (੪) ਪੁਸ਼ਟੀ (ਸਵਸਥਤਾ) (੫) ਤੁਸ਼ਟੀ (ਇੱਛਾ-ਪੂਰਤੀ) (੬) ਧ੍ਰੁਤੀ (ਵਿਦਿਆ) (੭) ਸ਼ਾਸ਼ਨੀ (ਤੇਜ) (੮) ਚੰਦ੍ਰਿਕਾ (ਸ਼ਾਂਤੀ) (੯) ਕਾਂਤੀ (ਕੀਰਤੀ) (੧੦) ਜਯੋਤਸਨਾ (ਪ੍ਰਕਾਸ਼) (੧੧) ਸ਼੍ਰੀ (ਧਨ) (੧੨) ਪ੍ਰੀਤੀ (ਪ੍ਰੇਮ) (੧੩) ਅੰਗਦਾ (ਸਥਾਯਿਤਵ) (੧੪) ਪੂਰਣ (ਪੂਰਣਤਾ ਭਾਵ ਕ੍ਰਮਸ਼ੀਲਤਾ) (੧੫) ਪੂਰਣਾਮ੍ਰਿਤ (ਸੁਖ)। ਚੰਦ੍ਰਮਾ ਦੇ ਪ੍ਰਤੀਪਦਾ ਤੋਂ ਲੈ ਕੇ ਪੂਰਣਿਮਾ ਤੱਕ ਦੇ ਸਫਰ ਨੂੰ ਸੋਲ੍ਹਾਂ ਕਲਾ ਯੁਕਤ ਕਿਹਾ ਗਿਆ ਹੈ। ਸੋਲ੍ਹਵੀਂ ਕਲਾ ਗੁਪਤ ਜਾਨਣੀ॥

ਇਹ ਗ੍ਰੰਥ ਅਚਾਰੀਯ ਪੀਤਾਂਬਰ ਜੀ ਨੇ ਵਿਚਾਰ ਸਾਗਰ ਦੀ ਗੂੜ ਵਿਦਿਆ ਪੜ੍ਹਨ ਤੋਂ ਉਪਰੰਤ ਵੇਦਾਂਤ ਪੜ੍ਹਨ ਵਾਲੇ ਪਾਠਕਾਂ ਲਈ ਪਹਿਲਾ ਤਾਂ ਵਿਚਾਰ ਸਾਗਰ ਦੇ ਮੂਲ ਦਾ ਪੈਰ-ਟੂਕਾਂ ਦਾ ਟੀਕਾ ਕੀਤਾ ਕਿਉਂਕਿ ਵਿਚਾਰ ਸਾਗਰ ਦੇ ਕਰਤਾ ਪੰਡਿਤ ਨਿਸ਼ਚਲ ਦਾਸ ਜੀ ਨੇ ਮੂਲ ਤੇ ਮੂਲ ਦਾ ਟੀਕਾ ਆਪ ਹੀ ਕੀਤਾ ਹੋਇਆ ਸੀ। ਪਰੰਤੂ ਟੀਕਾ ਅਤਿਅੰਤ ਗੂੜ ਹੋਣ ਕਰਕੇ ਪੀਤਾਂਬਰ ਜੀ ਨੇ ਉਸ ਦੀਆਂ ਪੈਰ ਟੂਕਾਂ ਦਾ ਟੀਕਾ ਕੀਤਾ ਜਿਸ ਨੂੰ ਪੀਤਾਂਬਰੀ ਟੀਕਾ ਕਿਹਾ ਜਾਂਦਾ ਹੈ। ਜਿਵੇਂ ਭਾਈ ਵੀਰ ਸਿੰਘ ਜੀ ਨੇ ਕਵੀ ਸੰਤੋਖ ਸਿੰਘ ਜੀ ਦੀ ਰਚਨਾ ਦਾ ਪੈਰ ਟੂਕਾਂ ਵਾਲਾ ਟੀਕਾ ਗੁਰ ਪ੍ਰਤਾਪ ਸੂਰਜ ਗ੍ਰੰਥ ਦਾ ਕੀਤਾ ਹੈ। ਉਹ ਟੀਕਾ ਹੁਣ ਭਾਈ ਵੀਰ ਸਿੰਘ ਜੀ ਦਾ ਵੱਜਦਾ ਹੈ। ਇਸੇ ਤਰ੍ਹਾਂ ਪੰਡਿਤ ਪੀਤਾਂਬਰ ਜੀ ਦਾ ਵਿਚਾਰ ਸਾਗਰ ਦਾ ਪੈਰ ਟੂਕਾਂ ਵਾਲਾ ਟੀਕਾ ਪ੍ਰਸਿੱਧ ਹੋਇਆ।

ਓਇ ਪੁਰਖ ਪ੍ਰਾਣੀ ਧੰਨਿ ਜਨ ਹਹਿ ਉਪਦੇਸੁ ਕਰਹਿ ਪਰਉਪਕਾਰਿਆ॥

(ਗਉੜੀ ਕੀ ਵਾਰ ਮਹਲਾ ੪, ਅੰਗ ੩੧੧)

ਸਤ ਪੁਰਸ਼ ਹਮੇਸ਼ਾ ਪਰਉਪਕਾਰੀ ਹੋਇਆ ਕਰਦੇ ਹਨ। ਇਹ ਪਰਉਪਕਾਰੀ ਦਾ ਭਾਵ ਪੀਤਾਂਬਰ ਜੀ ਦੀ ਰਚਨਾ ਤੋਂ ਪਰਗਟ ਹੈ ਕਿ ਉਨ੍ਹਾਂ ਨੇ ਵਿਚਾਰ ਸਾਗਰ ਦਾ ਨਿਚੋੜ ਆਪਣੀ ਸੁੰਦਰ ਕਾਵ ਰਚਨਾ ਦੇ ਰਾਹੀਂ ਮੂਲ ਪਾਠ ਅਤੇ ਪ੍ਰਸ਼ਨ-ਉੱਤਰਾਂ ਦੇ ਰਾਹੀਂ ਵਿਆਖਿਆ ਲਿਖ ਕੇ ਦੇ ਦਿੱਤਾ ਤਾਂ ਜੋ ਭਵਿੱਖਤ

ਵਿਚ ਵੇਦਾਂਤ ਪੜ੍ਹਨ ਦੇ ਜਿਗਿਆਸੂ ਲਾਹਾ ਪ੍ਰਾਪਤ ਕਰ ਸਕਣ।

ਇਸ ਗ੍ਰੰਥ ਨੂੰ ਇਸ ਪੱਖ ਤੋਂ ਸਮਝਿਆ ਜਾਵੇ ਕਿ ਸਾਗਰ ਨਾਮ ਸਮੁੰਦਰ ਦਾ ਹੈ ਅਤੇ ਸਮੁੰਦਰ ਦੇ ਵਿਚੋਂ ਚੰਦ੍ਰਮਾ ਦਾ ਜਨਮ ਹੋਣਾ ਸ਼ਾਸਤ੍ਰਾਂ ਵਿਚ ਸਿੱਧ ਹੈ। ਜਿਵੇਂ ਸਮੁੰਦਰ ਵਿਚੋਂ ਚੰਦ੍ਰਮਾ ਦਾ ਜਨਮ ਹੋਇਆ ਹੈ ਇਸੇ ਤਰ੍ਹਾਂ ਵਿਚਾਰਾਂ ਦੇ ਸਮੁੰਦਰ ਭਾਵ ਵਿਚਾਰ ਸਾਗਰ ਗ੍ਰੰਥ ਦੇ ਵਿਚੋਂ ਇਸ ਵਿਚਾਰ ਚੰਦ੍ਰੋਦਯ ਨਾਮਕ ਗ੍ਰੰਥ ਦੀ ਉਤਪਤੀ ਹੋਈ ਹੈ।

ਪਹਿਲੀਆ ਪੰਦਰਾਂ ਕਲਾਂ ਪੀਤਾਂਬਰ ਜੀ ਨੇ ਇਸ ਢੰਗ ਨਾਲ ਲਿਖੀਆਂ ਹਨ ਜੋ ਪਾਠਕਾਂ ਨੂੰ ਬਹੁਤ ਸਰਲ ਤਰੀਕੇ ਨਾਲ ਸਮਝ ਆਉਂਦੀਆਂ ਹਨ। ਸੋਲਵੀਂ ਕਲਾ ਅਤਿਅੰਤ ਗੂੜ ਲਿਖੀ ਹੋਈ ਹੈ ਜਿਸ ਵਿੱਚ ਦਸ ਉਪਨਿਸ਼ਦਾਂ ਦੇ ਸੰਸਕ੍ਰਿਤ ਭਾਸ਼ਾ ਵਿਚ ਸਲੋਕ ਹਨ, ਜਿੰਨਾਂ ਦੀ ਵਿਆਖਿਆ ਬਹੁਤ ਗੁੰਝਲਦਾਰ ਕੰਮ ਸੀ। ਪੀਤਾਂਬਰ ਜੀ ਨੇ ਹਰੇਕ ਕਲਾ ਦੇ ਅਰੰਭ ਵਿਚ ਮੂਲ ਸ਼ਬਦ ਲਿਖ ਕੇ ਫਿਰ ਉਸਦਾ ਟੀਕਾ ਪ੍ਰਸ਼ਨ ਉੱਤਰ ਰੂਪ ਵਿੱਚ ਲਿਖਿਆ ਹੈ ਪਰ ਉਨ੍ਹਾਂ ਨੇ ਮੂਲ ਸ਼ਬਦਾਂ ਦੇ ਪਦਾਂ ਦੇ ਅਰਥ ਕਰਨੇ ਜ਼ਰੂਰੀ ਨਹੀਂ ਸਮਝਿਆ ਜਿਸ ਕਰਕੇ ਪੜ੍ਹਨ ਵਾਲਾ ਉਨ੍ਹਾਂ ਪਦਾਂ ਨੂੰ ਸਮਝਣ ਲਈ ਦੂਸਰੇ ਵਿਦਵਾਨਾਂ ਦੀ ਸਹਾਇਤਾ ਦੀ ਲੋੜ ਰੱਖਦਾ ਸੀ। ਟੀਕੇ ਵਿੱਚ ਵੀ ਕੁਝ ਗੂੜ ਪਦ ਵਰਤੇ ਹੋਏ ਹਨ ਜੋ ਆਪਣੇ ਆਪ ਸਮਝ ਨਹੀਂ ਪੈਂਦੇ। ਇਨ੍ਹਾਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਹੀ ਹਿੰਦੀ ਭਾਸ਼ਾ ਵਿੱਚੋਂ ਗੁਰਮੁਖੀ ਲਿੱਪੀ ਵਿੱਚ ਇਸਦਾ ਉਤਾਰਾ ਕਰਕੇ ਟੀਕਾ ਲਿਖਿਆ ਹੈ। ਗੂੜ ਪਦਾਂ ਨੂੰ ਬਰੈਕਟ ਵਿੱਚ ਲੈ ਕੇ ਖੋਲ੍ਹਣਾ ਕੀਤਾ ਹੈ ਅਤੇ ਮੂਲ ਪਾਠ ਦਾ ਸਾਰਾ ਟੀਕਾ ਅਤੇ ਪੀਤਾਂਬਰ ਜੀ ਦੇ ਕੀਤੇ ਟੀਕੇ ਦੇ ਗੂੜ ਪਦਾਂ ਦੇ ਸਰਲ ਅਰਥ ਕੀਤੇ ਹਨ।

ਸੋਲਵੀਂ ਮਲਾ ਦਾ ਗੂੜ ਸਿਧਾਂਤ ਕਾਂਸੀ ਦੇ ਮੰਨੇ ਹੋਏ ਪ੍ਰਸਿੱਧ ਵਿਦਵਾਨ ਚਿੱਤ ਨਰਾਇਣ ਪਾਠਕ ਜੀ ਦੇ ਕੋਲ ਕਾਂਸੀ ਜਾ ਕੇ ਸਮਝਕੇ ਲਿਖੇ ਹਨ। ਉਨ੍ਹਾਂ ਵੱਲੋਂ ਪੜ੍ਹਾਉਣ ਦੀ ਦਿੱਤੀ ਸਹਾਇਤਾ ਕਾਰਨ ਅਚਾਰੀਆ ਜੀ ਦਾ ਧੰਨਵਾਦ ਕੀਤਾ ਜਾਂਦਾ ਹੈ ਅਤੇ ਸਹਾਇਕ ਲਿਖਾਰੀ ਦੇ ਤੌਰ ਤੇ ਮਿਹਨਤ ਕਰਨ ਵਾਲੀ ਬੀਬੀ ਹਰਿ ਕੌਰ ਜੀ ਦਾ ਧੰਨਵਾਦ ਕੀਤਾ ਜਾਂਦਾ ਹੈ ਜਿੰਨ੍ਹਾਂ ਇਸ ਗ੍ਰੰਥ ਲਈ ਖੁੱਲ੍ਹਾ ਸਮਾਂ ਅਤੇ ਬੜੀ ਲਗਨ ਨਾਲ ਪਹਿਲਾ ਦਾਸ ਕੋਲੋਂ ਪੜ੍ਹ ਕਰਕੇ ਫਿਰ ਅੱਗੇ ਗ੍ਰੰਥ ਲਿਖਣ ਵਿੱਚ ਸਹਾਇਤਾ ਕੀਤੀ ਜੋ ਇੱਕ ਪੂਰਨ ਵਿਦਵਾਨ ਬਣੇ ਹੋਏ ਹਨ। ਇਸ ਗ੍ਰੰਥ ਦੀ ਸਹਾਇਕ ਤੌਰ ਤੇ ਲਿਖਾਈ ਕਰਨੀ ਕਿਸੇ ਤਪੱਸਿਆ ਤੋਂ ਘਟ ਨਹੀਂ ਸੀ।

ਦਾਸਨ ਦਾਸ,

ਹਰੀ ਸਿੰਘ

ਗੁਰਮਤਿ ਵਿਦਿਆਲਾ ਜਥਾ ਰੰਧਾਵਾ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫ਼ਤਹਿ॥

(ਪ੍ਰਥਮ ਕਲਾ)

॥ਅਥ ਵਿਚਾਰਚੰਦ੍ਰੋਦਯ ਸਟੀਕ ਲਿਖਯਤੇ॥

ਅਥ= ਹੁਣ ਵੇਦਾਂਤ ਦੀ ਸ੍ਰੇਸ਼ਟ ਵਿਚਾਰ = ਖਿਆਲ ਭਾਵ ਸੱਤ-ਅਸੱਤ ਦੇ ਨਿਰਣੇ ਨੂੰ ਪ੍ਰਕਾਸ਼ਣ ਵਾਲੇ ਚੰਦ੍ਰ ਕਹੀਏ ਚੰਦਰਮਾ ਨੂੰ ਓਦਯ=ਪਰਗਟ ਕਰਕੇ ਇਸ ਗ੍ਰੰਥ ਨੂੰ ਸਟੀਕ=ਅਰਥਾਂ ਸਹਿਤ ਲਿਖਯਤੇ=ਲਿਖਣਾ ਕਰਦੇ ਹਨ। ਪਹਿਲਾ ਵਸਤੂ ਨਿਰਦੇਸ਼ਕ ਮੰਗਲ ਕਰਦੇ ਹਨ :-

੧ਓ ਸਤਿਗੁਰ ਪ੍ਰਸਾਦਿ॥

੧=ਅਦੁੱਤੀ ਬ੍ਰਹਮ ਓ =ਸਰਬ ਦਾ ਪ੍ਰਕਾਸ਼ਕ ਗੁਰ=ਚੇਤਨ ਪ੍ਰਸਾਦਿ=ਅਨੰਦ ਸਰੂਪ ਵਾ ਜੋ ਪੂਰਨ ਸਤਿਗੁਰਾਂ ਦੀ ਪ੍ਰਸਾਦਿ=ਕਿਰਪਾ ਦੁਆਰਾ ਪ੍ਰਾਪਤ ਹੁੰਦਾ ਹੈ।

ਬਿਨੁ ਸਤਿਗੁਰ ਕਿਹੁ ਨ ਦੇਖਿਆ ਜਾਇ॥
ਗੁਰਿ ਕਿਰਪਾ ਕਰਿ ਆਪੁ ਦਿਤਾ ਦਿਖਾਇ॥ (ਮਾਝ ਮ:੩, ਅੰਗ ੧੧੫)
ਬਿਨੁ ਸਤਿਗੁਰ ਕਿਨੈ ਨ ਪਾਇਓ ਕਰਿ ਵੇਖਹੁ ਮਨਿ ਵੀਚਾਰਿ॥
ਮਨਮੁਖ ਮੈਲੁ ਨ ਉਤਰੈ ਜਿਚਰੁ ਗੁਰ ਸਬਦਿ ਨ ਕਰੇ ਪਿਆਰੁ॥ ੧॥ (ਸਿਰੀਰਾਗ ਮ:੩, ਅੰਗ ੩੭)

श्री विचार चंद्रोदय

ਸ੍ਰੀ ਵਿਚਾਰ ਚੰਦ੍ਰੋਦਯ

अथ प्रथम कला प्रारंभः॥ १॥

ਅਥ ਪ੍ਰਥਮ ਕਲਾ ਪ੍ਰਾਰੰਭ: ॥ ੧ ॥

ਅਥ= ਹੁਣ ਸ੍ਰੀ= ਸੁਭਾਇਮਾਨ ਵਿਚਾਰ ਚੰਦ੍ਰੋਦਯ ਗ੍ਰੰਥ ਦੀ ਪ੍ਰਥਮ=ਪਹਿਲੀ ਕਲਾ=ਭਾਗ ਨੂੰ ਪ੍ਰਾਰੰਭ:=ਸ਼ੁਰੂ ਕਰਦੇ ਹਨ।

उपोद्घात वर्णन

ਉਪੋਦਘਾਤ ਵਰਨਣ

ਉਪੋਦਘਾਤ ਨਾਮਕ ਇੱਕ ਪ੍ਰਕਿਰਿਆ ਦਾ ਵਰਨਣ=ਕਥਨ ਕਰਦੇ ਹਨ।

ਨੋਟ :- ਉਪੋਦਘਾਤ=(ਉਪ+ਉਦ +ਘਾਤ)-ਉਪ=ਉਪਮਾ ਦਾ ਉਦ=ਵਹਿਣ ਕਥਨੀ ਦੁਆਰਾ ਘਾਤ=ਦਾਉ ਢੰਗ ਤਰੀਕਾ ਵਰਤਣਾ ਉਸ ਦਾ ਨਾਮ ਉਪੋਦਘਾਤ ਹੈ।

ਉਪੋਦਘਾਤ = ਪ੍ਰਤੀਪਾਦਨ (ਚੰਗੀ ਤਰ੍ਹਾਂ ਸਮਝ ਕੇ ਕਿਸੇ ਗੱਲ ਦਾ ਨਿਰੂਪਣ ਕਰਨਾ) ਕਰਨ ਯੋਗ ਵਿਸ਼ੇ ਨੂੰ ਮਨ ਵਿੱਚ ਰੱਖ ਕੇ, ਵਿਸ਼ੇ ਦੇ ਨਾਲ ਸੰਬੰਧਿਤ ਪਰੰਤੂ ਵਿਸ਼ੇ ਤੋਂ ਅਲੱਗ ਹੋਰ ਅਨੇਕਾਂ ਵਸਤੂਆਂ ਦੇ ਕਥਨ ਕਰਨ ਨੂੰ ਉਪੋਦਘਾਤ ਆਖਿਆ ਜਾਂਦਾ ਹੈ। ਜਿਵੇਂ ਕਿਸੇ ਦੇ ਘਰੋਂ ਲੱਸੀ ਲੈਣੀ ਹੋਵੇ ਤਾਂ ਵਿਸ਼ਾ ਭਾਵ ਲੱਸੀ ਨੂੰ ਮਨ ਵਿੱਚ ਰੱਖ ਕੇ, ਤੁਹਾਡੀ ਗਾਂ ਦੁੱਧ ਦਿੰਦੀ ਹੈ ਜਾਂ ਨਹੀਂ? ਆਦਿ ਹੋਰ ਸੰਬੰਧਿਤ ਪ੍ਰਸ਼ਨ ਪੁੱਛਣੇ। ਇਸੇ ਤਰ੍ਹਾਂ ਹੀ ਇਸ ਗ੍ਰੰਥ ਦੇ ਅੰਦਰ ਜੋ ਵੇਦਾਂਤ ਦਾ ਵਿਸ਼ਾ ਜੀਵ ਈਸ਼ ਦੀ ਏਕਤਾ ਦੀ ਜੋ ਸੱਤ-ਅਸੱਤ ਦਾ ਨਿਰਣਾ ਕਰਨ ਰੂਪ ਵਿਚਾਰ ਹੈ, ਉਸ ਨੂੰ ਮਨ ਵਿਚ ਰੱਖ ਕੇ, ਉਸ ਦੇ ਅਰੰਭ ਵਾਸਤੇ ਵੇਦਾਂਤ

ਦੇ ਹੋਰ ਪਦ-ਪਦਾਰਥ ਜਿਵੇਂ ਪ੍ਰਪੰਚ, ਗਿਆਨ, ਮੋਕਸ਼, ਜੀਵ, ਈਸ਼ ਆਦਿ ਦਾ ਕਥਨ ਕਰਨਾ ਉਪੋਦਘਾਤ ਹੈ।

ਸਨਹਰ ਛਂਦ

ਮਨਹਰ ਛੰਦ

ਅਨੇਕਾਂ ਪ੍ਰਕਾਰ ਦੀ ਛੰਦਾਬੰਦੀ ਦੇ ਵਿਚੋਂ ਪੀਤਾਂਬਰ ਜੀ ਨੇ ਮਨਹਰ ਨਾਮਕ ਛੰਦ ਦੇ ਅੰਦਰ ਸੁੰਦਰ ਕਾਵਿ-ਰਚਨਾ ਦੁਆਰਾ ਮੂਲ ਪਾਠ ਦੀ ਰਚਨਾ ਕੀਤੀ ਹੈ। ਕਿਸੇ ਵੀ ਰਾਗ ਦੇ ਧ੍ਰੁਵ ਪਦ ਵਿਚ ਜਿਸ ਛੰਦ ਦਾ ਗਾਇਨ ਕੀਤਾ ਜਾਵੇ ਸੋ ਕਹੀਏ ਮਨਹਰ ਛੰਦ ਵਾ ਮਨ+ਹਰ=ਮਨ ਨੂੰ ਹਰ ਭਾਵ ਮੋਹ ਲੈਣ ਵਾਲਾ ਛੰਦ ਵਾ ਮਨ+ਹਰ=ਮਨ ਦੀਆਂ ਵਿਕਸ਼ਿਪਤ ਬਿਰਤੀਆਂ ਨੂੰ ਹਰ ਭਾਵ ਨਾਸ ਕਰਨ ਵਾਲਾ ਛੰਦ।

ਧੁਰੁਖ ਇਚ੍ਛਾ ਵਿਖਯ ਧੁਰੁਖਾਰ੍ਥ ਜੋਈ ਸੋਈ।

ਪੁਰਸ਼ ਇਛਾ ਵਿਸ਼ਯ ਪੁਰਸ਼ਾਰਥ ਜੋਈ ਸੋਈ।

ਆਨਵੇ ਰੀਤ ਅਨੁਸਾਰ : ਜੋਈ ਪੁਰਸ਼ ਇਛਾ ਵਿਸ਼ਯ ਸੋਈ ਪੁਰਸ਼ਾਰਥ। ਜੋਈ=ਜਿਹੜਾ ਪੁਰਸ਼-ਮਨੁੱਖ ਦੀ ਇਛਾ=ਅਭਿਲਾਖਾ ਦਾ ਵਿਸ਼ਯ=ਵਿਸ਼ਾ ਹੈ ਸੋਈ=ਓਹ ਪੁਰਸ਼ਾਰਥ ਕਹੀਦਾ ਹੈ।

ਦੁ:ਖ ਨਾਸ਼ ਸੁਖ ਪ੍ਰਾਪ੍ਤਿ ਰੂਪ ਮੋਕ੍ਸ਼ ਮਾਨਹੁ॥

ਦੁ:ਖ ਨਾਸ਼ ਸੁਖ ਪ੍ਰਾਪਤੀ ਰੂਪ ਮੋਕਸ਼ ਮਾਨਹੂ॥

(ਦੁਸ੍ + ਖ = ਦੁ:ਖ)

(ਵਿਆਕਰਣ ਅਨੁਸਾਰ ਸ੍ ਦੇ ਸਥਾਨ ਤੇ ਵਿਸਰਗ ਆ ਜਾਂਦੀ ਹੈ।)

ਸਾਰੇ ਦੁ:ਖ = ਤਕਲੀਫਾਂ ਦਾ ਨਾਸ਼=ਅੰਤ ਹੋ ਜਾਣਾ ਅਤੇ ਪਰਮ ਸੁਖ=ਅਨੰਦ ਵਾ ਖੁਸ਼ੀ ਦੀ ਪ੍ਰਾਪਤੀ=ਉਪਲਬਧੀ ਹੋਣਾ ਹੀ ਮੋਕਸ਼=ਮੁਕਤੀ ਦਾ ਰੂਪ=ਸਰੂਪ ਮਾਨਹੁ=ਮੰਨਣਾ ਕਰੋ।

ਹੇਤੁ ਤਾ ਕੋ ਬ੍ਰਹ੍ਮ ਜ੍ਞਾਨ ਸੋ ਪਰੋਕ੍ਸ਼ ਅਪਰੋਕ੍ਸ਼।

ਹੇਤੂ ਤਾ ਕੋ ਬ੍ਰਹਮ ਗਜਾਨ ਸੋ ਪਰੋਕਸ਼ ਅਪਰੋਕਸ਼।

ਤਾ=ਤਿਸ ਮੁਕਤੀ ਕੋ=ਦਾ ਹੇਤੂ=ਕਾਰਣ ਬ੍ਰਹਮ (ਬਰ+ਹਮ) ਹਮ=ਤਮਾਮ ਜੀਵਾਂ ਦੇ ਅੰਦਰ ਜੋ ਬਰ=ਸ੍ਰੇਸ਼ਟ ਪਰਮਾਤਮਾ ਦੀ ਅੰਸ=ਆਤਮਾ ਦਾ ਬ੍ਰਹਮ=ਵਿਆਪਕ ਚੇਤਨ ਤੋਂ ਅਭਿੰਨ ਗਜਾਨ=ਬੋਧ ਹੋਣਾ ਹੈ। ਸੋ=ਓਹ ਬ੍ਰਹਮ ਗਿਆਨ ਦੋ ਪ੍ਰਕਾਰ ਦਾ ਹੈ :- ਪਰੋਕਸ਼=ਓਹਲੇ ਵਾਲਾ ਗਿਆਨ ਅਤੇ ਅਪਰੋਕਸ਼=ਪ੍ਰਤੱਖ ਗਿਆਨ।

ਤਾ ਮੈਂ ਅਪਰੋਕ੍ਸ਼ ਦ੍ਰੁਢ ਅਦ੍ਰੁਢ ਦੋ ਗਾਨਹੁ॥

ਤਾ ਮੈਂ ਅਪਰੋਕਸ਼ ਦ੍ਰਿੜ ਅਦ੍ਰਿੜ ਦੋ ਗਾਨਹੂ॥

ਤਾ=ਤਿਸ ਦੋ ਤਰ੍ਹਾਂ ਦੇ ਗਿਆਨ ਭਾਵ ਪਰੋਕਸ਼ ਅਤੇ ਅਪਰੋਕਸ਼ ਦੇ ਮੈਂ=ਵਿਚੋਂ ਅਪਰੋਕਸ਼=ਪ੍ਰਤੱਖ ਗਿਆਨ ਦੀਆਂ ਦੋ ਕਿਸਮਾਂ ਪਹਿਲੀ ਦ੍ਰਿੜ=ਪਰਪੱਕ ਪੂਰਨ ਅਪਰੋਕਸ਼ ਗਿਆਨ ਅਤੇ ਦੂਜੀ ਅਦ੍ਰਿੜ=ਕੱਚਾ ਜਾਂ ਕੁਝ ਨਿਊਨਤਾ ਵਾਲਾ ਅਪੱਕ ਅਪਰੋਕਸ਼ ਗਿਆਨ ਗਾਨਹੂ=ਗਿਨਣਾ ਕਰੋ ਵਾ ਸਮਝਣਾ ਕਰੋ।

मोक्ष को साक्षात् हेतु दृढ अपरोक्ष ज्ञान।
मोकश़ को साकश़ात हेतु द्रिड़ अपरोकश़ गजान।

द੍ਰਿੜ=ਪਰਪੱਕ ਅਪਰੋਕਸ਼=ਓਹਲੇ ਤੋਂ ਰਹਿਤ ਗਜਾਨ=ਬੋਧ ਹੀ ਮੋਕਸ਼=ਮੁਕਤੀ ਦਾ ਸਾਕਸ਼ਾਤ=ਪ੍ਰਤੱਖ ਹੇਤੂ=ਕਾਰਣ ਹੈ।

हेतु ता विचार जीवब्रह्म जग जानहु॥
हेतू ता विचार जीव ब्रूहम जग जानहू॥

ਤਾ=ਤਿਸ ਦ੍ਰਿੜ ਅਪਰੋਕਸ਼ ਗਿਆਨ ਦਾ ਹੇਤੂ=ਕਾਰਣ ਤਿੰਨ ਵਸਤੂਆਂ (੧) ਜੀਵ=ਦੇਹਧਾਰੀ ਪ੍ਰਾਣੀ ਵਾ ਜੀਵ ਆਤਮਾ, (੨) ਬ੍ਰਹਮ=ਵਿਆਪਕ ਸਚਿਦਾਨੰਦ ਪਰਮੇਸ਼ਰ ਅਤੇ (੩) ਜਗ=ਪ੍ਰਪੰਚ ਵਾ ਸੰਸਾਰ ਵਾ (ਜ+ਗ) ਜ=ਜਨਮ ਲੈ ਕੇ ਜੋ ਗ=ਗਤ ਭਾਵ ਨਾਸ ਹੋਵੇ ਸੋ ਕਹੀਏ ਜਗਤ। ਤਿਸਦੇ ਵਿਚੋਂ ਸੱਤ-ਅਸੱਤ,ਨਿੱਤ-ਅਨਿੱਤ ਵਸਤੂਆਂ ਦੀ ਵਿਚਾਰ=ਵਿਵੇਚਨ ਕਰਨ ਨੂੰ ਬਿਬੇਕ ਬੁਧੀ ਦੁਆਰਾ ਜਾਨਹੂ=ਜਾਨਣਾ ਕਰੋ।

तीन वस्तु रूप जड चेतन दो जड मिथ्या-
तीन वसतू, रूप जड़ चेतन दो, जड़ मिथजा—

ਉਪਰੋਕਤ ਕਥਨ ਕੀਤੇ ਤੀਨ=ਤਿੰਨ ਵਸਤੂ=ਪਦਾਰਥਾਂ ਦੇ ਦੋ ਰੂਪ=ਸਰੂਪ ਵਾ ਵਜੂਦ ਪਹਿਲਾ ਚਤੇਨ=ਸੱਤਾ ਸਫੁਰਤੀ ਯੁਕਤ ਅਤੇ ਦੂਜਾ ਜੜ=ਅਚੇਤਨ ਹਨ। ਤੀਸਰੀ ਵਸਤੂ ਜਗਤ ਦਾ ਸਰੂਪ ਜੜ=ਜਿਸ ਦੀ ਆਪਣੀ ਕੋਈ ਹੋਂਦ ਨਾ ਹੋਵੇ ਕੇਵਲ ਅਧਿਸ਼ਠਾਨ (ਆਸਰਾ) ਜਾਂ (ਪਰਮਾਰਥਿਕ ਸੱਤਾ) ਦੇ ਆਸਰੇ ਜੋ ਇਸਥਿਤ ਹੋਵੇ ਅਤੇ ਮਿਥਯਾ=ਨਾਸ਼ਵੰਤ ਵਾ ਝੂਠ ਹੈ। ਜੋ ਵਸਤੂ ਵਾਸਤਵ ਵਿਚ ਹੋਵੇ ਕੁਝ ਹੋਰ ਅਤੇ (ਪ੍ਰਤੀਭਾਸਿਕ ਸੱਤਾ) ਕਾਰਨ ਦਿਸੇ ਕੁਝ ਹੋਰ ਸੋ ਮਿਥਿਆ ਕਹੀਏ ਹੈ। ਬਾਕੀ ਦੋ ਵਸਤੂਆ ਜੀਵ ਅਤੇ ਬ੍ਰਹਮ ਦਾ ਸਰੂਪ ਚੇਤਨ ਹੈ।

ਜਗਤ ਦੇ ਮਿਥਿਆਪਨੇ ਦਾ ਨਿਸ਼ਚਾ ਗੁਰਬਾਣੀ ਵਿਚ ਇਸ ਪ੍ਰਕਾਰ ਹੈ :-

ਜਗ ਜੀਵਨ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ॥
ਸਾਚ ਕਰਿ ਹਮ ਗਾਂਠਿ ਦੀਨੀ ਛੋਡਿ ਪਰਮ ਨਿਧਾਨੰ॥

(ਰਾਗ ਆਸਾ, ਭਗਤ ਕਬੀਰ ਜੀ, ਅੰਗ ੪੮੨)

ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥
ਅਨਿਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥

(ਰਾਗ ਸੋਰਠਿ, ਬਾਣੀ ਭਗਤ ਰਵਿਦਾਸ ਜੀ ਕੀ, ਅੰਗ ੬੫੮)

माया ब्रह्म चित् ''सो मैं'' पीतांबर स्यानहु॥ १॥
मागा, ब्रूहम चित ''सो मैं'' पीतांबर सजानहू॥ १॥

ਪੀਤਾਂਬਰ ਜੀ ਕਥਨ ਕਰਦੇ ਹਨ ਕਿ ਮਾਯਾ=ਭਰਮ ਉਪਜਾਉਣ ਵਾਲੀ ਸ਼ਕਤੀ ਵਾ ਈਸ਼ਵਰ ਦੀ ਉਪਾਧੀ, ਇਸ ਦਾ ਸਰੂਪ ਜੜ ਅਤੇ ਮਿਥਿਆ ਹੈ ਵਾ ਇਸ ਦੀਆਂ ਦੋ ਅੰਸਾਂ ਨਾਮ ਤੇ ਰੂਪ ਨੂੰ ਮਾਯਾ= ਛਲ ਜਾਣ ਕੇ ਅਵਸ਼ੇਸ਼ ਜੋ ਬ੍ਰਹਮ=ਵਿਆਪਕ ਚਿਤ=ਚੇਤਨ ਵਾ ਗਿਆਨ ਸਰੂਪ ਪਰਮੇਸ਼ਰ ਹੈ ਸੋ=ਓਹ

ਮੈਂ=ਮੇਰਾ ਜੀਵ ਦਾ ਵਾਸਤਵਿਕ ਸਰੂਪ ਹੈ ਐਸਾ ਸਯਾਨਹੁ=ਪਛਾਨਣਾ ਕਰੋ ਵਾ ਨਿਸ਼ਚਾ ਕਰੋ।

ਸੋ ਪ੍ਰਭ ਦੂਰਿ ਨਾਹੀ ਪ੍ਰਭੁ ਤੂੰਹੈ॥　　**(ਆਸਾ ਮ ੧, ਅੰਗ ੩੫੪)**

ਹੁਣ ਇਸ ਮੂਲ ਪਾਠ ਦੀ ਵਿਚਾਰ ਨੂੰ ਪੀਤਾਂਬਰ ਜੀ ਪ੍ਰਸ਼ਨ-ਉੱਤਰਾਂ ਦੇ ਰਾਹੀਂ ਸਮਝਾਉਂਦੇ ਹਨ :-

ਪ੍ਰਸ਼ਨ ੧. ਪੁਰਸ਼ਾਰਥ ਸੋ ਕੀ ਹੈ?

ਉੱਤਰ : ਸਾਰੇ ਪੁਰਸ਼ਾਂ ਦੀ ਇੱਛਾ ਦਾ ਜੋ ਵਿਸ਼ਯ ਸੋ ਪੁਰਸ਼ਾਰਥ[੧] ਹੈ।

(੧) (ਪੁਰਸ਼ਾਰਥ = ਪੁਰਸ਼ + ਅਰਥ) ਸਾਰੇ ਮਨੁੱਖਾਂ ਦੀ ਅਰਥ=ਲੋੜ, ਇੱਛਾ ਦਾ ਜੋ ਵਿਸ਼ਾ ਹੋਵੇ ਸੋ ਪੁਰਸ਼ਾਰਥ ਕਹੀਏ ਹੈ। ਤਮਾਮ ਜੀਵਾਂ ਦੀ ਇੱਛਾ ਦਾ ਵਿਸ਼ੇ ਚਾਰ ਪਦਾਰਥ ਹਨ :-

(i) ਧਰਮ = ਦੀਨ

(ii) ਅਰਥ = ਲੋੜਵੰਦ ਪਦਾਰਥ

(iii) ਕਾਮ = ਕਾਮਨਾਵਾਂ ਵਾਂ ਇੱਛਾਵਾਂ

ਕਾਮ ਕਾਮ ਸਭ ਕੋ ਕਹੈ ਕਹਿਐ ਕਾਮ ਨ ਕੋਇ॥
ਜੇਤੀ ਮਨ ਕੀ ਵਾਸ਼ਨਾ ਕਾਮ ਕਹਾਵੈ ਸੋਇ॥

(iv) ਮੋਕਸ਼ = ਮੁਕਤੀ ਵਾ ਬੰਧਨਾ ਤੋਂ ਰਹਿਤ ਹੋਣਾ।

ਬੰਧਨ ਮਾਤ ਪਿਤਾ ਸੰਸਾਰਿ ॥ ਬੰਧਨ ਸੁਤ ਕੰਨਿਆ ਅਰੁ ਨਾਰਿ ॥ ੨ ॥
ਬੰਧਨ ਕਰਮ ਧਰਮ ਹਉ ਕੀਆ ॥ ਬੰਧਨ ਪੁਤੁ ਕਲਤੁ ਮਨਿ ਬੀਆ ॥ ੩ ॥
ਬੰਧਨ ਕਿਰਖੀ ਕਰਹਿ ਕਿਰਸਾਨ ॥ ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ ॥ ੪ ॥
ਬੰਧਨ ਸਉਦਾ ਅਣਵੀਚਾਰੀ ॥ ਤਿਪਤਿ ਨਾਹੀ ਮਾਇਆ ਮੋਹ ਪਸਾਰੀ ॥ ੫ ॥
ਬੰਧਨ ਸਾਹ ਸੰਚਹਿ ਧਨੁ ਜਾਇ ॥ ਬਿਨੁ ਹਰਿ ਭਗਤਿ ਨ ਪਵਈ ਥਾਇ ॥ ੬ ॥
ਬੰਧਨ ਬੇਦੁ ਬਾਦੁ ਅਹੰਕਾਰ ॥ ਬੰਧਨਿ ਬਿਨਸੈ ਮੋਹ ਵਿਕਾਰ ॥ ੭ ॥
ਨਾਨਕ ਰਾਮ ਨਾਮ ਸਰਣਾਈ॥ ਸਤਿਗੁਰਿ ਰਾਖੇ ਬੰਧੁ ਨ ਪਾਈ॥ ੮ ॥੧੦॥ (ਆਸਾ ਮ:੧ ਅੰਗ ੪੧੬)

ਇਨ੍ਹਾਂ ਚਾਰ ਪਦਾਰਥਾਂ ਦਾ ਨਾਮ ਹੀ ਪੁਰਸ਼ਾਰਥ ਹੈ। ਧਰਮ,ਅਰਥ ਅਤੇ ਕਾਮ ਤਿੰਨੇ ਗੌਣ ਪਦਾਰਥ ਹਨ ਭਾਵ ਜੋ ਮੁੱਖ ਨਾ ਹੋਣ ਵਾ ਅਪ੍ਰਧਾਨ ਹੋਣ ਕਿਉਂਕਿ ਇਨ੍ਹਾਂ ਤੋਂ ਪ੍ਰਾਪਤ ਹੋਣ ਵਾਲਾ ਸੁਖ ਅਨਿੱਤ ਹੈ, ਭਾਵ ਸਦਾ ਨਹੀਂ ਰਹਿੰਦਾ। ਇਸ ਲਈ ਤਿੰਨਾਂ ਪਦਾਰਥਾਂ ਨੂੰ ਛੱਡ ਕੇ ਮੋਕਸ਼ ਜੋ ਅਬਿਨਾਸੀ ਸੁੱਖ ਦਾ ਹੇਤ ਹੈ ਉਸ ਨੂੰ ਮੁੱਖ ਪਦਾਰਥ ਹੋਣ ਕਰਕੇ ਪਰਮ-ਪੁਰਸ਼ਾਰਥ ਅਤੇ ਪਰਮ ਪ੍ਰਯੋਜਨ ਜਾਣ ਕੇ ਗ੍ਰਹਿਣ ਕਰਨਾ ਚਾਹੀਦਾ ਹੈ।

ਸਤਿਗੁਰ ਕੈ ਵਸਿ ਚਾਰਿ ਪਦਾਰਥ॥
ਤੀਨ ਸਮਾਏ ਏਕ ਕ੍ਰਿਤਾਰਥ॥　　**(ਪ੍ਰਭਾਤੀ ਮ: ੧, ਅੰਗ ੧੩੪੫)**

ਚਾਰੇ ਪਦਾਰਥ ਸਤਿਗੁਰਾਂ ਦੇ ਅਧੀਨ ਹਨ। ਜਿੰਨ੍ਹਾਂ ਦੇ ਅੰਦਰੋਂ ਪਹਿਲੇ ਤਿੰਨ-ਧਰਮ, ਅਰਥ ਅਤੇ ਕਾਮਨਾਵਾਂ ਦੀ ਵਾਸ਼ਨਾ ਅਤੇ ਹੰਗਤਾ ਨਿਵਿਰਤ ਹੋ ਜਾਂਦੀ ਹੈ, ਉਹ ਕੈਵਲਯ ਮੋਕਸ਼ (ਪੰਨਾ ੨੨ ਤੇ ਟੂਕ ੭ ਪੜ੍ਹੋ) ਦੀ ਪ੍ਰਾਪਤੀ ਕਰਕੇ ਸਫਲ ਹੁੰਦੇ ਹਨ। ਮੁਕਤ ਪਦਾਰਥ ਦੀ ਪ੍ਰਾਪਤੀ ਵਿਚ ਸਹਾਇਕ ਹੋਣ ਕਰਕੇ ਕੁਝ ਹੋਰ ਗ੍ਰਹਿਣ ਕਰਨ ਯੋਗ ਪਦਾਰਥਾਂ ਦਾ ਜ਼ਿਕਰ ਗੁਰਬਾਣੀ ਵਿਚ ਇਸ ਪ੍ਰਕਾਰ ਆਉਂਦਾ ਹੈ :-

(ਓ) ਜਨਮ ਪਦਾਰਥ

ਜਨਮ ਪਦਾਰਥੁ ਸਫਲੁ ਹੈ ਜੇ ਸਚਾ ਸਬਦੁ ਕਥਿ॥ (ਸਿਰੀਰਾਗ ਮਹਲਾ ੫, ਅੰਗ ੪੪)

ਹਰਿ ਕੈ ਭਾਣੈ ਜਨਮੁ ਪਦਾਰਥੁ ਪਾਇਆ ਮਤਿ ਊਤਮ ਹੋਈ॥ (ਰਾਗ ਆਸਾ ਮ:੩, ਅੰਗ ੩੬੫)

(ਅ) ਨਾਮ ਪਦਾਰਥ

ਪਾਰਖੀਆ ਵਥੁ ਸਮਾਲਿ ਲਈ ਗੁਰ ਸੋਝੀ ਹੋਈ॥

ਨਾਮ ਪਦਾਰਥੁ ਅਮੁਲ ਸਾ ਗੁਰਮੁਖਿ ਪਾਵੈ ਕੋਈ॥ (ਆਸਾ ਮ:੩, ਅੰਗ ੪੨੫)

(ਏ) ਪ੍ਰੇਮ ਪਦਾਰਥ

ਬਿਨ ਪਿਆਰੈ ਭਗਤਿ ਨ ਹੋਵਈ ਨਾ ਸੁਖੁ ਹੋਇ ਸਰੀਰ॥

ਪ੍ਰੇਮ ਪਦਾਰਥੁ ਪਾਈਐ ਗੁਰ ਭਗਤੀ ਮਨ ਧੀਰ॥ (ਆਸਾ ਮ: ੩, ਅੰਗ ੪੩੦)

ਪ੍ਰੇਮ ਪਦਾਰਥੁ ਨਾਮੁ ਹੈ ਭਾਈ ਮਾਇਆ ਮੋਹ ਬਿਨਾਸੁ॥

ਤਿਸ ਭਾਵੈ ਤਾ ਮੇਲਿ ਲਏ ਭਾਈ ਹਿਰਦੈ ਨਾਮ ਨਿਵਾਸੁ॥ (ਸੋਰਠ ਮ:੫, ਅੰਗ ੬੪੦)

(ਸ) ਗਿਆਨ ਪਦਾਰਥ

ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ॥

ਨਿਰਮਲ ਨਾਮ ਨ ਵੀਸਰੈ ਜੇ ਗੁਣ ਕਾ ਗਾਹਕ ਹੋਇ॥ (ਸਿਰੀਰਾਗ ਮ:੧, ਅੰਗ ੬੦)

ਗਿਆਨ ਪਦਾਰਥੁ ਮਤਿ ਗੁਰ ਤੇ ਪਾਇਐ॥

ਤਿਨਿ ਪਾਏ ਸਭੇ ਥੋਕ ਜਿਸ ਆਪਿ ਦਿਵਾਇਐ॥ (ਗੁਜਰੀ-ਵਾਰ ਮ: ੫, ਅੰਗ ੫੨੦)

(ਹ) ਮੁਕਤ ਪਦਾਰਥ

ਮੁਕਤਿ ਪਦਾਰਥੁ ਹਰਿ ਰਸ ਚਾਖੇ॥

ਆਵਣ ਜਾਣ ਰਹੇ ਗੁਰਿ ਰਾਖੇ॥ (ਧਨਾਸਰੀ ਮ: ੧, ਅੰਗ ੬੮੬)

ਬਿਨ ਕਰਤੂਤੀ ਮੁਕਤਿ ਨ ਪਾਈਐ॥

ਮੁਕਤਿ ਪਦਾਰਥੁ ਨਾਮ ਧਿਆਈਐ॥ (ਗਉੜੀ ਮ:੫, ਅੰਗ ੨੦੧)

ਸਤਿਗੁਰਾਂ ਦੀ ਅਗੰਮੀ ਬਾਣੀ ਵਿਚ ਸਾਰੇ ਪਦਾਰਥ ਸੁਭਾਇਮਾਨ ਹਨ। ਜਿਸ-ਜਿਸ ਪਦਾਰਥ ਦਾ ਖੋਜੀ ਬਣ ਕੇ ਜੋ ਕੋਈ ਵੀ ਖੋਜ ਕਰਦਾ ਹੈ ਉਹੋ-ਉਹੋ ਪਦਾਰਥ ਪਰਗਟ ਹੋ ਜਾਂਦੇ ਹਨ।

ਜੈਸੇ ਤਉ ਸਕਲ ਨਿਧਿ ਪੂਰਨ ਸਮੁੰਦ੍ਰ ਬਿਖੈ, ਹੰਸ ਮਰਜੀਵਾ ਨਿਹਚੈ ਪ੍ਰਸਾਦਿ ਪਾਵਹੀ॥
ਜੈਸੇ ਪਰਬਤ ਹੀਰਾ ਮਾਨਕ ਪਾਰਸ ਸਿਧ, ਖਨਵਾਹਾ ਖਨਿ ਜਗਿ ਵਿਖੇ ਪ੍ਰਗਟਾਵਹੀ॥
ਜੈਸੇ ਬਨ ਬਿਖੈ ਮਲਿਆਗਰ ਸੋਧਾ ਕਪੂਰ ਸੋਧ ਕੈ, ਸੁਬਾਸੀ ਸੁਬਾਸ ਬਿਹਸਾਵਹੀ॥
ਤੈਸੇ ਗੁਰਬਾਨੀ ਬਿਖੈ ਸਕਲ ਪਦਾਰਥ ਹੈ, ਜੋਈ ਜੋਈ ਖੋਜੈ ਸੋਈ ਸੋਈ ਨਿਪਜਾਵਹੀ॥

(ਕਬਿੱਤ ਸਵਈਏ ਭਾਈ ਗੁਰਦਾਸ ਜੀ)

ਪ੍ਰਸ਼ਨ ੨. ਸਾਰੇ ਪੁਰਸ਼ਾ ਨੂੰ ਕਿਸ ਦੀ ਇੱਛਾ ਹੁੰਦੀ ਹੈ?

ਉੱਤਰ : ਸਾਰੇ ਪੁਰਸ਼ਾਂ ਨੂੰ ਸਾਰੇ ਦੁੱਖਾਂ ਦੀ ਨਿਵਿਰਤੀ ਅਤੇ ਪਰਮਾਨੰਦ ਦੀ ਪ੍ਰਾਪਤੀ ਦੀ ਇੱਛਾ[੨] ਹੁੰਦੀ ਹੈ।

(੨) ਤਮਾਮ ਜੀਵਾਂ ਦੀ ਇੱਛਾ ਦੋ ਤਰ੍ਹਾਂ ਕਰਕੇ ਸਮਝੀ ਜਾ ਸਕਦੀ ਹੈ :- ਸੁਭਾਵਿਕ ਇੱਛਾ ਅਤੇ

ਓਪਰੀ ਇੱਛਾ

(1) ਸੁਭਾਵਿਕ ਇੱਛਾ ਉਸ ਨੂੰ ਆਖਦੇ ਹਨ :-

(i) ਜੋ ਸਾਰਿਆਂ ਜੀਵਾਂ ਵਿਚ ਇੱਕੋ ਜਿਹੀ ਹੋਵੇ।

(ii) ਜਿਸ ਦਾ ਅਭਾਵ ਕਦੇ ਨਾ ਹੋਵੇ ਵਾ ਸਦਾ ਰਹੇ।

(iii) ਜੋ ਕਿਸੇ ਦੁਆਰਾ ਬਾਹਰੋਂ ਪਾਈ ਨਾ ਜਾਵੇ ਅਤੇ ਨਾ ਹੀ ਮਨ ਦੇ ਅੰਦਰੋਂ ਕੱਢੀ ਜਾਵੇ ਭਾਵ ਅੰਦਰੂਨੀ ਹੋਵੇ।

ਹਰ ਪ੍ਰਾਣੀ ਦੇ ਅੰਦਰ ਸੁੱਖ ਦੀ ਅਭਿਲਾਖਾ ਹੈ। ਇਸ ਲਈ ਸੁੱਖ ਦੀ ਇੱਛਾ ਨੂੰ ਸੁਭਾਵਿਕ ਇੱਛਾ ਕਿਹਾ ਜਾਂਦਾ ਹੈ।

ਸੁਖ ਕਉ ਮਾਗੈ ਸਭੁ ਕੋ ਦੁਖੁ ਨ ਮਾਗੈ ਕੋਇ॥ ਸਿਰੀਰਾਗ ਮ:੧, ਅੰਗ ੫੭)

(੨) ਓਪਰੀ ਇੱਛਾ ਤੋਂ ਭਾਵ :-

(i) ਜੋ ਸਾਰਿਆਂ ਜੀਵਾਂ ਦੀ ਵੱਖਰੀ-ਵੱਖਰੀ ਹੋਵੇ।

(ii) ਜੋ ਸਦਾ ਨਾ ਰਹੇ ਭਾਵ ਵਿਕਾਰੀ ਕਹੀਏ ਬਦਲਣ ਵਾਲੀ ਹੋਵੇ।

(iii) ਜੋ ਬਾਹਰ ਦੇ ਸੰਸਕਾਰਾਂ ਦੁਆਰਾ ਮਨ ਵਿਚ ਪਰਗਟ ਅਤੇ ਖ਼ਤਮ ਵੀ ਹੋ ਜਾਵੇ।

ਬਿਨ ਦੇਖੇ ਉਪਜੈ ਨਹੀ ਆਸਾ॥ ਜੋ ਦੀਸੈ ਸੋ ਹੋਇ ਬਿਨਾਸਾ॥

(ਭੈਰਉ ਭਗਤ ਰਵਿਦਾਸ ਜੀ, ਅੰਗ ੧੧੬੭)

ਤਿੰਨ ਪਦਾਰਥ ਧਰਮ, ਅਰਥ ਅਤੇ ਕਾਮਨਾਵਾਂ ਦੀ ਚਾਹਤ ਓਪਰੀ ਇੱਛਾ ਹੈ।

ਪ੍ਰਸ਼ਨ ੩. ਸਾਰੇ ਦੁੱਖਾਂ ਦੀ ਨਿਵਿਰਤੀ ਅਤੇ ਪਰਮਾਨੰਦ ਦੀ ਪ੍ਰਾਪਤੀ ਸੋ ਕੀ ਹੈ?

ਉੱਤਰ : ਸਾਰੇ ਦੁੱਖਾਂ(੩) ਦੀ ਨਿਵਿਰਤੀ(੪) ਅਤੇ ਪਰਮਾਨੰਦ(੫) ਦੀ ਪ੍ਰਾਪਤੀ(੬) ਇਹ ਮੋਕਸ਼ ਦਾ ਸਵਰੂਪ ਹੈ।

(੩) (ਦੁਖ = ਦੁ+ਖ) ਦੁ = ਕਠਿਨ ਹੋਵੇ ਜੋ ਖ = ਸਹਾਰਨਾ ਸੋ ਕਹੀਏ ਦੁਖ। ਅਨੇਕਾਂ ਦੁੱਖਾਂ ਦਾ ਵਰਨਣ ਸਤਿਗੁਰੂ ਜੀ ਨੇ ਗੁਰਬਾਣੀ ਅੰਦਰ ਕੀਤਾ ਹੈ :-

ਦੁਖੁ ਵੇਛੋੜਾ ਇਕੁ ਦੁਖੁ ਭੂਖ ॥ ਇਕੁ ਦੁਖੁ ਸਕਤਵਾਰ ਜਮਦੂਤ॥
ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥ ਵੈਦ ਨ ਭੋਲੇ ਦਾਰੂ ਲਾਇ ॥੧॥

(ਮਲਾਰ ਮ: ੧, ਅੰਗ ੧੨੫੬)

ਰਾਜ ਜੋਬਨ ਬਿਸਰੰਤ ਹਰਿ ਮਾਇਆ ਮਹਾ ਦੁਖੁ ਏਹੁ ਮਹਾਂਤ ਕਹੈ॥

(ਧਨਾਸਰੀ ਮ: ੫, ਅੰਗ ੬੮੩)

ਮਾਇਆ ਜੇਵਡੁ ਦੁਖੁ ਨਹੀ ਸਭਿ ਭਵਿ ਥਕੇ ਸੰਸਾਰ॥ (ਸਿਰੀਰਾਗ ਮ : ੩, ਅੰਗ ੩੬)

ਦੁਖ ਵਿਚਿ ਜੰਮਣੁ ਦੁਖਿ ਮਰਣੁ ਦੁਖਿ ਵਰਤਣੁ ਸੰਸਾਰਿ ॥
ਦੁਖੁ ਦੁਖੁ ਅਗੈ ਆਖੀਐ ਪੜਿ੍ ਪੜਿ੍ ਕਰਹਿ ਪੁਕਾਰ ॥

(ਸਾਰੰਗ-ਵਾਰ ਸਲੋਕ ਮਹਲਾ ੧, ਅੰਗ ੧੨੪੦)

ਇਕੱਲੇ-ਇਕੱਲੇ ਦੁਖ ਦੀ ਨਿਵਿਰਤੀ ਕਰਨੀ ਕਠਿਨ ਕਾਰਯ ਹੈ ਪਰੰਤੂ ਸਾਰਿਆਂ ਦੁੱਖਾਂ ਦਾ ਮੂਲ ਕਾਰਨ ਅਗਿਆਨ ਸਹਿਤ ਜਨਮ ਮਰਣ ਦੇ ਦੁੱਖ ਦੀ ਜੇਕਰ ਨਿਵਿਰਤੀ ਕਰ ਲਈ ਜਾਵੇ ਤਾਂ ਸੁੱਤੇ-ਸਿਧ

ਹੀ ਸਾਰੇ ਦੁੱਖਾਂ ਦਾ ਅਭਾਵ ਹੋ ਜਾਂਦਾ ਹੈ।

ਇਕੁ ਦੁਖੁ ਰਾਮ ਰਾਇ ਕਾਟਹੁ ਮੇਰਾ॥
ਅਗਨਿ ਦਹੈ ਅਰ ਗਰਭ ਬਸੇਰਾ॥ ੧॥ (ਗਉੜੀ ਭਗਤ ਕਬੀਰ ਜੀ, ਅੰਗ ੩੨੧)

ਸੋ ਦੁਖ ਸ਼ਬਦ ਤੋਂ ਅਗਿਆਨ ਸਹਿਤ ਜਨਮ-ਮਰਣ ਆਦਿਕ ਦੁਖ ਐਸਾ ਅਰਥ ਗ੍ਰਹਿਣ ਕਰਨਾ ਹੈ।

(੪) ਨਿਵਿਰਤੀ ਦਾ ਅਰਥ ਹੈ ਕਿਸੇ ਵਸਤੂ ਦੇ ਅਭਾਵ ਹੋਣ (ਨਾ ਮੌਜੂਦ ਹੋਣ) ਦੇ ਨਾਲ ਉਸ ਵਸਤੂ ਤੋਂ ਛੁਟਕਾਰਾ ਹੋ ਜਾਣਾ। ਜੇਕਰ ਕਿਸੇ ਵਸਤੂ ਦਾ ਭਾਵ (ਮੌਜੂਦਗੀ) ਵੀ ਹੋਵੇ ਪਰੰਤੂ ਬਿਰਤੀ ਉਪਰਾਮਤਾ ਸਹਿਤ ਹੋਣ ਕਰਕੇ ਵਸਤੂ ਵਿਚ ਕਿਸੇ ਪ੍ਰਕਾਰ ਦੀ ਆਸਕਤੀ ਨਾ ਰਹੇ ਤਾਂ ਉਸ ਵਸਤੂ ਦੀ ਵੀ ਨਿਵਿਰਤੀ ਮੰਨੀ ਜਾਂਦੀ ਹੈ। ਇਸ ਲਈ ਮਹਾਨ ਕੋਸ਼ ਦੇ ਅੰਦਰ ਨਿਵਿਰਤੀ ਦਾ ਅਰਥ ਉਪਰਾਮਤਾ ਵੀ ਕੀਤਾ ਗਿਆ ਹੈ।

ਨਿਵਿਰਤੀ ਤਿੰਨ ਪ੍ਰਕਾਰ ਦੀ ਕਥਨ ਕੀਤੀ ਹੈ :-

(੧) **ਲੈ ਰੂਪ ਨਿਵਿਰਤੀ :-** ਜਦੋਂ ਕੋਈ ਵਸਤੂ ਇੱਕ ਵਾਰ ਅਭਾਵ ਹੋਣ ਤੋਂ ਬਾਅਦ ਦੁਬਾਰਾ ਪਰਗਟ ਹੋ ਜਾਵੇ, ਭਾਵ-ਅਭਾਵ ਦੀ ਸੰਭਾਵਨਾ ਬਣੀ ਰਹੇ ਤਾਂ ਉਸ ਦੀ ਨਿਵਿਰਤੀ ਨੂੰ ਲੈ-ਰੂਪ ਆਖਿਆ ਜਾਂਦਾ ਹੈ। ਜਿਵੇਂ ਹਵਾ ਦੇ ਬੰਦ ਹੋਣ ਨਾਲ ਪਾਣੀ ਦੀਆਂ ਤਰੰਗਾਂ ਦਾ ਅਭਾਵ ਹੋ ਜਾਂਦਾ ਹੈ ਅਤੇ ਹਵਾ ਚੱਲਣ ਨਾਲ ਲਹਿਰਾਂ ਫਿਰ ਹੋਂਦ ਵਿਚ ਆ ਜਾਂਦੀਆਂ ਹਨ। ਇਸੇ ਤਰ੍ਹਾਂ ਬ੍ਰਹਮ ਰੂਪੀ ਜਲ ਦੇ ਵਿਚ ਮਾਇਆ ਰੂਪ ਹਵਾ ਚੱਲਣ ਨਾਲ ਜੀਵ-ਈਸ਼ਵਰ ਰੂਪ ਅਨੇਕਾਂ ਲਹਿਰਾਂ ਪਰਗਟ ਹੋ ਜਾਂਦੀਆਂ ਹਨ ਅਤੇ ਤ੍ਰਿਗੁਣੀ ਮਾਇਆ ਤੋਂ ਅਤੀਤ ਹੋਣ ਰੂਪ ਹਵਾ ਦੇ ਬੰਦ ਹੋਣ ਨਾਲ ਜੀਵ ਈਸ਼ਰ ਰੂਪ ਲਹਿਰਾਂ ਬ੍ਰਹਮ ਰੂਪੀ ਜਲ ਵਿਚ ਹੀ ਸਮਾ ਜਾਂਦੀਆਂ ਹਨ।

ਜੈਸੇ ਏਕ ਨਦ ਤੇ ਤਰੰਗ ਕੋਟਿ ਉਪਜਤ ਹੈ ਪਾਨਿ ਕੇ ਤਰੰਗ ਸਬੈ ਪਾਨਿ ਹੀ ਕਹਾਹਿਗੇ॥
ਤੈਸੇ ਬਿਸ੍ਵ ਰੂਪ ਤੇ ਭੂਤ ਅਭੂਤ ਪ੍ਰਗਟ ਹੋਇ ਤਾਹੀ ਤੇ ਉਪਜ ਸਬੈ ਤਾਹੀ ਮੈ ਸਮਾਹਿਗੇ॥

(ਅਕਾਸ ਉਸਤਤਿ, ਸ੍ਰੀ ਦਸਮ ਗ੍ਰੰਥ)

(੨) **ਅਤਿਅੰਤਕ ਨਿਵਿਰਤੀ :-** ਜਦੋਂ ਕਿਸੇ ਵਸਤੂ ਦਾ ਇੱਕ ਵਾਰ ਅਭਾਵ ਹੋ ਜਾਵੇ ਅਤੇ ਦੁਬਾਰਾ ਪਰਗਟ ਹੋਣ ਦੀ ਸੰਭਾਵਨਾ ਨਾ ਰਹੇ ਤਾਂ ਇਸ ਨੂੰ ਅਤਿਅੰਤਕ ਨਿਵਿਰਤੀ ਆਖਦੇ ਹਨ। ਜਿਵੇਂ ਬ੍ਰਹਮ ਦੀ ਸਾਖਿਆਤਤਾ ਹੋਣ ਨਾਲ ਅੰਤਹਕਰਣ ਦੇ ਅੰਦਰੋਂ ਅਵਿਦਿਆ ਦਾ ਸਦਾ ਲਈ ਅਭਾਵ ਹੋ ਜਾਂਦਾ ਹੈ ਅਤੇ ਚੌਰਾਸੀ ਲੱਖ ਜੂਨਾ ਦੇ ਆਵਾ-ਗਵਣ ਦੇ ਦੁੱਖ ਦੀ ਅਤਿਅੰਤਕ ਨਿਵਿਰਤੀ ਹੋ ਜਾਂਦੀ ਹੈ।

ਬਹੁਰਿ ਹਮ ਕਾਹੇ ਆਵਹਿਗੇ॥
ਆਵਨ ਜਾਨਾ ਹੁਕਮੁ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ॥

(ਮਾਰੂ ਭਗਤ ਕਬੀਰ ਜੀ, ਅੰਗ ੧੧੦੪)

(੩) **ਬਾਧ ਰੂਪ ਨਿਵਿਰਤੀ :-** ਕਿਸੇ ਵਸਤੂ ਦਾ ਪੂਰਨ ਗਿਆਨ ਨਾ ਹੋਣ ਕਰਕੇ ਉਸਦਾ ਸਰੂਪ ਕੁਝ ਹੋਰ ਭਾਸਣਾ ਪਰੰਤੂ ਯਥਾਰਥ ਗਿਆਨ ਉਪਰੰਤ ਵਸਤੂ ਦਾ ਸਥੂਲ ਸਰੂਪ ਤਾਂ ਪਹਿਲਾ ਵਾਲਾ ਹੀ ਰਹੇ ਪਰੰਤੂ ਉਸ ਦੇ ਮਿਥਿਆਪਨੇ ਦਾ ਦ੍ਰਿੜ ਨਿਸ਼ਚਾ ਹੋਣ ਨਾਲ ਵਸਤੂ ਵਿਚ ਕਿਸੇ ਪ੍ਰਕਾਰ ਦੀ ਆਸਕਤੀ ਨਾ ਰਹਿਣੀ। ਇਸ ਨੂੰ ਵਸਤੂ ਦੀ ਬਾਧ ਰੂਪ ਨਿਵਿਰਤੀ ਆਖਦੇ ਹਨ।

ਜਿਵੇਂ ਸਮਾਨ-ਅੰਧਕਾਰ ਵਿਚ ਰੱਸੀ ਦਾ ਗਿਆਨ ਨਾ ਹੋਣ ਕਰਕੇ ਸੱਪ ਦੀ ਪ੍ਰਤੀਤੀ ਹੁੰਦੀ ਹੈ ਅਤੇ ਚਾਨਣ ਵਿਚ ਵੇਖੀਏ ਤਾਂ ਰੱਸੀ ਦਾ ਸਰੂਪ ਤਾਂ ਪਹਿਲਾ ਵਾਲਾ ਹੀ ਰਹਿੰਦਾ ਪਰੰਤੂ ਭਰਮ ਗਿਆਨ ਅਤੇ ਉਸ ਦਾ ਵਿਸ਼ਾ ਸੱਪ ਦੋਵਾਂ ਦਾ ਬਾਧ (ਖੰਡਨ) ਕਰਕੇ, ਸੱਪ ਦੀ ਮਿਥਿਆ ਪ੍ਰਤੀਤੀ ਦਾ ਦ੍ਰਿੜ ਨਿਸ਼ਚਾ ਹੋ ਜਾਂਦਾ ਹੈ।

ਕਹੁ ਕਬੀਰ ਐਸਾ ਗੁਣ ਭ੍ਰਮ ਭਾਗਾ ਤਉ ਮਨੁ ਸੁੰਨਿ ਸਮਾਨਾ॥

(ਆਸਾ ਭਗਤ ਕਬੀਰ ਜੀ, ਅੰਗ ੪੭੫)

ਜਿਸ ਤਰ੍ਹਾਂ ਰੱਸੀ ਵਿੱਚ ਸੱਪ ਨਿਤਜ ਨਿਵਿਰਤ ਹੈ ਭਾਵ ਤਿੰਨ ਕਾਲਾ ਵਿਚ ਸੱਪ ਕਦੇ ਵੀ ਨਹੀਂ ਹੈ ਪਰੰਤੂ ਜੇਵਰੀ ਦੇ ਗਿਆਨ ਨਾਲ ਮਿਥਿਆ ਪ੍ਰਤੀਤੀ ਦੀ ਨਿਵਿਰਤੀ ਹੁੰਦੀ ਹੈ। ਤਿਵੇਂ ਹੀ ਆਤਮਾ ਵਿਖੇ ਸੰਸਾਰ ਨਿਤਯ ਨਿਵਿਰਤ ਹੈ ਪਰੰਤੂ ਪ੍ਰਪੰਚ ਦੀ ਨਿਵਿਰਤੀ ਆਤਮਾ ਦੇ ਗਿਆਨ ਦੁਆਰਾ ਹੁੰਦੀ ਹੈ।

ਸੋ ਨਿਵਿਰਤੀ ਸ਼ਬਦ ਤੋਂ ਅਗਿਆਨ ਸਹਿਤ ਜਨਮ ਮਰਣ ਆਦਿ ਦੁੱਖਾਂ ਦੀ ਅਤਿਅੰਤਕ ਨਿਵਿਰਤੀ ਅਤੇ ਵਾਸਤਵਿਕ ਵਿਚ ਜੋ ਨਿਤਯ ਨਿਵਿਰਤ ਪ੍ਰਪੰਚ ਤਿਸਦੀ ਬਾਧ-ਰੂਪ ਨਿਵਿਰਤੀ ਅਰਥ ਗ੍ਰਹਿਣ ਕਰਨਾ ਹੈ।

(੫) ਜੋ ਪਰਮ ਪ੍ਰੇਮ ਦਾ ਵਿਸ਼ਯ ਹੋਵੇ ਸੋ ਕਹੀਏ ਪਰਮਾਨੰਦ। (ਪਰਮ+ਅਨੰਦ) ਪਰਮ = ਵੱਡਾ, ਸ੍ਰੇਸ਼ਟ ਅਨੰਦ = ਸੁਖ ਵਾ ਖੁਸ਼ੀ ਵਾ (ਅਨ+ਦ) ਦ = ਦ੍ਵੈਸ਼ ਤੋਂ ਅਨ = ਰਹਿਤ ਜੋ ਸ਼ਾਂਤੀ, ਟਿਕਾਉ ਅਤੇ ਪੂਰਨ ਸੰਤੁਸ਼ਟਤਾ ਵਾਲੀ ਅਵਸਥਾ।

ਵਿਖਜਾਨੰਦ ਸੰਸਾਰ ਹੈ ਭਜਨਾਨੰਦ ਹਰਿ ਦਾਸ॥
ਬ੍ਰਹਮਾਨੰਦ ਜੀਵਨ ਮੁਕਤਿ ਭਈ ਬਾਸਨਾ ਨਾਸ॥ **(ਵਿਚਾਰ ਮਾਲਾ, ਅੱਠਵਾ ਬਿਸ੍ਰਾਮ)**

ਅਨਾਥ ਕਵੀ ਜੀ ਨੇ ਵਿਚਾਰ ਮਾਲਾ ਗ੍ਰੰਥ ਅੰਦਰ ਤਿੰਨ ਪ੍ਰਕਾਰ ਦਾ ਅਨੰਦ (੧) ਵਿਖਜਾਨੰਦ (੨) ਭਜਨਾਨੰਦ ਅਤੇ (੩) ਬ੍ਰਹਮਾਨੰਦ ਕਥਨ ਕੀਤਾ ਹੈ ਪਰੰਤੂ ਹੋਰ ਸੂਖਮ ਵਿਚਾਰ ਕਰੀਏ ਤਾ ਅਨੰਦ ਪੰਜ ਪ੍ਰਕਾਰ ਦਾ ਹੈ :-

(੧) ਵਿਖਜਾਨੰਦ :- (ਵਿਖਜ + ਅਨੰਦ)

ਵਿਖਜ = ਪੰਜ ਸੂਖਮ ਵਿਸ਼ੇ ਸ਼ਬਦ, ਸਪਰਸ਼, ਰੂਪ, ਰਸ ਅਤੇ ਗੰਧ ਦੀ ਕੇਵਲ ਚਿਤਵਨੀ ਮਾਤ੍ਰ ਤੋਂ ਜੋ ਅਨੰਦ=ਸੁਖ ਦੀ ਪ੍ਰਤੀਤੀ ਹੁੰਦੀ ਹੈ ਸੋ ਕਹੀਏ ਵਿਖਜਾਨੰਦ। ਜਿਨ੍ਹਾਂ ਸਮਾਂ ਸੁਰਤੀ ਵਿਸ਼ੇ ਪਰਾਇਣ ਹੋ ਕੇ ਵਿਸ਼ੇ ਸੁਖ ਦੀ ਚਿਤਵਨੀ ਕਰਦੀ ਹੈ ਉਸ ਵਿਚ ਪਰਮੇਸਰ ਦੇ ਨਾਮ ਦਾ ਨਿਵਾਸ ਹੋਣਾ ਮੁਮਕਿਨ ਨਹੀਂ ਹੈ।

ਬਿਖਿਆ ਅਜਹੁ ਸੁਰਤਿ ਸੁਖ ਆਸਾ॥ ਕੈਸੇ ਹੋਈ ਹੈ ਰਾਜਾ ਰਾਮ ਨਿਵਾਸਾ॥ ੧॥

(ਗਉੜੀ ਭਗਤ ਕਬੀਰ ਜੀ, ਅੰਗ ੩੩੦)

(੨) ਭੋਗਾਨੰਦ = (ਭੋਗ + ਅਨੰਦ)

ਸਥੂਲ ਰੂਪ ਵਿਚ ਭੋਗ = ਸੂਖ-ਦੁਖ ਦੇ ਸਾਧਨ ਮਾਇਕੀ ਪਦਾਰਥਾਂ ਦੀ ਉਪਲਬਧੀ ਹੋਣ ਤੇ ਉਨ੍ਹਾਂ ਨੂੰ ਪਰਤੱਖ ਭੋਗਣ ਵਾ ਵਰਤਣ ਤੋਂ ਜੋ ਅਨੰਦ=ਸੁਖ ਦੀ ਪ੍ਰਤੀਤੀ ਹੋਣਾ ਅਥਵਾ ਕਾਮ ਵਿਸ਼ੇ ਨੂੰ ਭੋਗਣ ਤੋਂ ਪ੍ਰਾਪਤ ਜੋ ਖਿਨ ਭੰਗਰ ਸੁਖ ਦੀ ਪ੍ਰਤੀਤੀ ਜੋ ਅਨਿੱਤ ਹੈ।

ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ॥
ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ॥ (ਆਸਾ ਮ ਪ, ਅੰਗ ੪੦੩)

(੩) ਭਜਨਾਨੰਦ = (ਭਜਨ + ਅਨੰਦ)

ਪਰਮੇਸ਼ਰ ਦੇ ਜਸ ਨੂੰ ਸਰਵਣ ਕਰਨ ਤੋਂ ਮਨ ਦੀ ਇਕਾਗਰਤਾ ਦੁਆਰਾ ਅਨੰਦ ਦਾ ਆਉਣਾ। ਭਜਨਾਨੰਦ,ਵਿਖਜਾਨੰਦ ਅਤੇ ਭੋਗਾਨੰਦ ਦੋਵਾਂ ਤੋਂ ਕਿਤੇ ਵਧੇਰੇ ਪੁੰਨ ਰੂਪ ਅਤੇ ਲਾਭਦਾਇਕ ਹੈ ਪਰੰਤੂ ਇਹ ਵੀ ਅਨਿੱਤ ਹੈ। ਜਦੋਂ ਭਜਨ ਦਾ ਸਾਧਨ ਇਕਾਗਰਤਾ ਨਾ ਰਹੇ ਫੇਰ ਇਹ ਅਨੰਦ ਨਹੀਂ ਰਹਿੰਦਾ।

ਕੋਟਿ ਅਨੰਦ ਜਹ ਹਰਿ ਗੁਨ ਗਾਹੀ॥ (ਗਉੜੀ ਮ:ਪ, ਅੰਗ ੧੯੭)

(੪) ਬ੍ਰਹਮਾਨੰਦ = (ਬ੍ਰਹਮ + ਅਨੰਦ)

ਬ੍ਰਹਮ ਗਿਆਨ ਨੂੰ ਪ੍ਰਦਾਨ ਕਰਨ ਵਾਲੀ ਬ੍ਰਹਮ ਵਿਦਿਆ ਨੂੰ ਅਧਿਐਨ ਕਰਨ ਤੋਂ ਪ੍ਰਾਪਤ ਪਰੋਕਸ਼ ਬ੍ਰਹਮ ਗਿਆਨ ਦਾ ਅਨੰਦ ਭਾਵ ਸੁਖ।

(੫) ਪਰਮਾਨੰਦ :- (ਪਰਮ + ਅਨੰਦ)

ਅਪਰੋਕਸ਼ ਬ੍ਰਹਮ ਗਿਆਨ ਦੁਆਰਾ ਸਾਖਸ਼ਾਤ ਸ੍ਵੈ ਸਰੂਪ ਦੀ ਪ੍ਰਾਪਤੀ ਤੋਂ ਮਿਲਣ ਵਾਲਾ ਅਬਿਨਾਸੀ ਸੁੱਖ ਜੋ ਇੱਕ-ਰਸ ਬਣਿਆ ਰਹਿੰਦਾ ਹੈ ਅਤੇ ਕਦੇ ਮੁਕਦਾ ਨਹੀਂ। ਐਸਾ ਪਰਮ-ਸ੍ਰੇਸ਼ਟ, ਵੱਡਾ ਅਨੰਦ-ਸੁੱਖ ਬ੍ਰਹਮ ਗਿਆਨੀ ਨੂੰ ਅਨੁਭਵ ਹੁੰਦਾ ਹੈ।

ਬ੍ਰਹਮ ਗਿਆਨੀ ਕੈ ਮਨਿ ਪਰਮਾਨੰਦ॥
ਬ੍ਰਹਮ ਗਿਆਨੀ ਕੈ ਘਰਿ ਸਦਾ ਅਨੰਦ॥
ਬ੍ਰਹਮ ਗਿਆਨੀ ਸੁਖ ਸਹਜ ਨਿਵਾਸ॥
ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ॥ (ਗਉੜੀ ਸੁਖਮਨੀ ਮ:੫, ਅੰਗ ੨੭੫)
ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ ॥ (ਸੋਰਠਿ ਮ:੫, ਅੰਗ ੬੧੪)

ਕਹੁ ਕਬੀਰ ਮਨਿ ਭਇਆ ਅਨੰਦਾ॥ ਗਇਆ ਭਰਮੁ ਰਹਿਆ ਪਰਮਾਨੰਦਾ॥
(ਗਉੜੀ ਕਬੀਰ ਜੀ, ਅੰਗ ੩੨੭)
ਸਦਾ ਅਨੰਦਿ ਰਹਹਿ ਦਿਨ ਰਾਤੀ ਗੁਣਵੰਤਿਆ ਪਾ ਛਾਰ॥ ੨॥ (ਆਸਾ ਮ: ੨, ਅੰਗ ੪੬੬)

(੬) ਪ੍ਰਾਪਤੀ ਸ਼ਬਦ ਤੋਂ ਨਿਤਯ ਪ੍ਰਾਪਤ ਦੀ ਪ੍ਰਾਪਤੀ ਅਰਥ ਗ੍ਰਹਿਣ ਕਰਨਾ ਹੈ। ਪਰਮਾਨੰਦ ਆਤਮਾ ਦਾ ਸ੍ਵਰੂਪ ਹੈ ਜੋ ਜੀਵ ਨੂੰ ਸਦਾ ਪ੍ਰਾਪਤ ਹੈ ਪਰੰਤੂ ਜਿਵੇਂ ਕਿਸੇ ਦੇ ਹੱਥ ਵਿੱਚ ਕੜਾ ਹੋਵੇ ਅਤੇ ਬਸਤਰ ਦੇ ਹੇਠਾਂ ਆਉਣ ਕਰਕੇ ਐਸਾ ਭਰਮ ਹੋ ਜਾਵੇ ਕਿ ਮੇਰੇ ਹੱਥ ਦਾ ਕੜਾ ਗਵਾਚ ਗਿਆ ਹੈ। ਤਦੋਂ ਕੋਈ ਉਸ ਦਾ ਬਸਤਰ ਹਟਾਂ ਕੇ ਕੜੇ ਦਾ ਗਿਆਨ ਕਰਵਾ ਦੇਵੇ ਤਾਂ ਆਖਦਾ ਹੈ ਕਿ ਮੇਰਾ ਕੜਾ ਮਿਲ ਗਿਆ। ਇਸ ਰੀਤ ਨਾਲ ਪਹਿਲਾ ਹੀ ਪ੍ਰਾਪਤ ਜੋ ਕੜਾ ਹੈ ਉਸ ਦੀ ਦੁਬਾਰਾ ਪ੍ਰਾਪਤੀ ਆਖੀ ਜਾਂਦੀ ਹੈ। ਤਿਵੇਂ ਹੀ ਅਗਿਆਨ ਦੇ ਬਲ ਨਾਲ ਐਸੀ ਭ੍ਰਾਂਤੀ ਹੁੰਦੀ ਹੈ ਕਿ ਆਤਮਾ ਪਰਮਾਨੰਦ ਸਰੂਪ ਨਹੀਂ ਕਿੰਤੂ ਪਰਮਾਨੰਦ ਸਰੂਪ ਬ੍ਰਹਮ ਹੈ ਅਤੇ ਮੇਰਾ ਜੀਵ ਦਾ ਉਸ ਦੇ ਨਾਲ ਵਿਯੋਗ ਹੋ ਗਿਆ ਹੈ। ਉੱਤਮ ਸੰਸਕਾਰਾਂ ਦੁਆਰਾ ਜਦੋਂ ਬ੍ਰਹਮ ਸ਼੍ਰੋਤੀ ਬ੍ਰਹਮ ਨੇਸ਼ਠੀ ਸਤਿਗੁਰਾਂ ਦਾ ਮਿਲਾਪ ਹੁੰਦਾ ਹੈ ਤਾਂ ਬ੍ਰਹਮ ਗਿਆਨ ਦੁਆਰਾ ਅਗਿਆਨ ਰੂਪ ਪੜਦਾ ਹਟਾ ਕੇ

ਪਰਮਾਨੰਦ ਸਰੂਪ ਆਤਮਾ ਹੀ ਹੈ ਐਸੀ ਸਾਖਿਆਤਤਾ ਕਰਵਾ ਕੇ ਪਰਮ ਅਨੰਦ ਸਰੂਪ ਆਤਮਾ ਜੋ ਅਪ੍ਰਾਪਤ ਪ੍ਰਤੀਤ ਹੁੰਦਾ ਹੈ ਉਸ ਦੀ ਦੁਬਾਰਾ ਪ੍ਰਾਪਤੀ ਕਰਵਾ ਦਿੰਦੇ ਹਨ।

ਸੁਕ੍ਰਿਤ ਮਨਸਾ ਗੁਰ ਉਪਦੇਸੀ ਜਾਗਤ ਹੀ ਮਨ ਮਾਨਿਆ॥ (ਆਸਾ ਭਗਤ ਨਾਮਦੇਵ, ਅੰਗ ੪੮੫)

(੭) ਕਰਤਾ - ਭੋਗਤਾਪਨ ਆਦਿ ਅੰਤਹਕਹਣ ਦੇ ਹੋਰ ਧਰਮਾ ਨੂੰ ਤਿਆਗ ਕੇ ਸ੍ਵੈ-ਸਰੂਪ ਵਿਚ ਇਸਥਿਤ ਹੋਣਾ ਹੀ ਮੋਕਸ਼ ਹੈ। ਬਹੁਤ ਅਣਜਾਣ ਲੋਕ ਸਵਰਗ, ਬੈਕੁੰਠ, ਬ੍ਰਹਮਲੋਕ ਆਦਿ ਦੀ ਪ੍ਰਾਪਤੀ ਨੂੰ ਮੋਕਸ਼ ਮੰਨਦੇ ਹਨ। ਇਹ ਵਾਰਤਾ ਵੇਦ ਤੋਂ ਵਿਰੁੱਧ ਹੈ ਕਿਉਂਕਿ ਜੀਵ-ਈਸ਼ ਦੀ ਏਕਤਾ ਵਾਲੀ ਕੈਵਲਯ ਮੁਕਤੀ ਹੀ ਵੇਦਾਂਤ ਦਾ ਵਿਸ਼ਾ ਹੈ।

ਮੁਕਤੀ ਪੰਜ ਪ੍ਰਕਾਰ ਦੀ ਹੈ :-

(੧) **ਸਲੋਕ ਮੁਕਤੀ :-** ਇਸ਼ਟ ਜਾਂ ਉਪਾਸਯ (ਜਿਸਦੀ ਉਪਾਸ਼ਨਾ ਕੀਤੀ ਜਾਵੇ) ਦੇ ਲੋਕ ਦੀ ਪ੍ਰਾਪਤੀ ਹੋਣਾ।

(੨) **ਸਮੀਪ ਮੁਕਤੀ :-** ਉਪਾਸਯ ਦੇ ਸਦਾ ਹੀ ਨਿਕਟਵਰਤੀ ਰਹਿਣਾ।

(੩) **ਸਰੂਪ ਮੁਕਤੀ :-** ਉਪਾਸਯ ਦੇ ਸੁਦਰਸ਼ ਰੂਪ ਧਾਰਣ ਕਰ ਲੈਣਾ।

(੪) **ਸਾਯੁਜ ਮੁਕਤੀ :-** ਉਪਾਸ਼ਕ (ਉਪਾਸ਼ਨਾ ਕਰਨ ਵਾਲਾ) ਨੂੰ ਉਪਾਸਯ ਦੇ ਤੁੱਲ ਬਿਭੂਤੀ ਵਾ ਸਾਮਗਰੀ ਉਪਲਬਧ ਹੋਣਾ।

(੫) **ਕੈਵਲਯ ਮੁਕਤੀ :-** ਉਪਾਸ਼ਕ - ਉਪਾਸਯ ਦੇ ਦ੍ਵੈਤ ਰੂਪ ਭੇਦ ਨੂੰ ਦ੍ਰਿੜ ਅਪਰੋਕਸ਼ ਬ੍ਰਹਮ ਗਿਆਨ ਦੁਆਰਾ ਬਾਧ ਕਰਕੇ ਉਪਾਸਯ ਵਿਚ ਅਭੇਦ ਹੋ ਜਾਣਾ।

ਜਿਵੇਂ :-

ਇਹ ਬਿਧਿ ਕਰਤ ਤਪਸਿਆ ਭਯੋ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ॥ (ਬਚਿਤ੍ਰ ਨਾਟਕ, ਸ੍ਰੀ ਦਸਮ ਗ੍ਰੰਥ)

ਰਾਮ ਕਬੀਰਾ ਏਕ ਭਏ ਹੈ; ਕੋਇ ਨ ਸਕੈ ਪਛਾਨੀ॥ ੬॥

(ਰਾਮਕਲੀ ਭਗਤ ਕਬੀਰ ਜੀ, ਅੰਗ ੯੬੯)

ਰਾਜ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥
ਬ੍ਰਹਮ ਮਹੇਸ ਸਿਧ ਮੁਨਿ ਇੰਦ੍ਰਾ ਮੋਹਿ ਠਾਕੁਰ ਹੀ ਦਰਸਾਰੇ॥

(ਦੇਵਗੰਧਾਰੀ ਮ:੫, ਅੰਗ ੫੩੪)

ਗੁਰਮਤਿ ਅਨੁਸਾਰ ਜੋ ਗੁਰਮੁਖ ਜਨ ਚਾਰ ਪ੍ਰਕਾਰ ਦੀ ਮੁਕਤੀ :- ਸਲੋਕ, ਸਮੀਪ, ਸਰੂਪ, ਸਾਯੁਜ ਦੀ ਚਾਹਨਾ ਨੂੰ ਤਿਆਗ ਕੇ ਸ਼ਬਦ-ਸੁਰਤ ਦੇ ਅਭਿਆਸ ਦੀ ਸਾਧਨਾ ਦੁਆਰਾ ਗੁਰੂ ਕਿਰਪਾ ਸਦਕਾ ਪੰਜ ਵਿਕਾਰਾਂ ਨੂੰ ਨਾਸ ਕਰ ਦਿੰਦੇ ਹਨ। ਕੈਵਲਯ ਮੋਕਸ਼ ਰੂਪ ਪਰਮ ਪਦਵੀ ਉਨ੍ਹਾਂ ਤੋਂ ਦੂਰ ਨਹੀਂ ਭਾਵ ਨੇੜੇ ਹੀ ਸਦਾ ਸਾਖਿਆਤ ਹੈ।

ਕਹਤ ਕਬੀਰ ਪੰਚ ਜੋ ਚੂਰੇ॥ ਤਿਨ੍ ਤੇ ਨਾਹਿ ਪਰਮ-ਪਦ ਦੂਰੇ॥

(ਆਸਾ ਭਗਤ ਕਬੀਰ ਜੀ, ਅੰਗ ੪੭੮)

ਪ੍ਰਸ਼ਨ ੪. ਮੋਕਸ਼ ਕਿਸ ਤੋਂ ਹੁੰਦੀ ਹੈ?

ਉੱਤਰ : ਮੋਕਸ਼ ਬ੍ਰਹਮ ਗਯਾਨ[੮] ਤੋਂ ਹੁੰਦੀ ਹੈ।

(੮) **ਬੋਧੋऽਨ੍ਯਸਾਧਨੇਭ੍ਯੋ ਹੀ ਸਾਕਸ਼ਾਨਮੋਕਸ਼ਈਕਸਾਧਨਮ।**
ਪਾਕਸ੍ਯ ਵਹਿਨੇ੍ਵਜ੍ਞਗਯਾਨਮ੍ ਬਿਨਾ ਮੋਕਸ਼ੋ ਨ ਸਿਧਯਤੀ॥

(ਆਤਮਬੋਧ, ਸਲੋਕ ੨)

ਵਿਵੇਕ ਵੈਰਾਗ ਆਦਿ ਸਮਸਤ ਸਾਧਨਾ ਦੀ ਅਪੇਕਛਾ ਤੋਂ ਮੁਕਤੀ ਦਾ ਇੱਕ ਮਾਤ੍ਰ ਮੁੱਖ ਸਾਧਨ ਗਿਆਨ ਹੈ। ਜਿਵੇਂ ਆਟਾ, ਘਿਉ, ਪਾਣੀ ਮਸਾਲੇ ਆਦਿ ਸਾਧਾਰਨ ਸਾਮਗਰੀ ਦੇ ਹੁੰਦਿਆ ਵੀ ਬਿਨਾ ਅਗਨੀ ਤੋਂ ਭੋਜਨ ਨਹੀਂ ਤਿਆਰ ਕੀਤਾ ਜਾ ਸਕਦਾ ਤਿਵੇਂ ਹੀ ਅੰਤਹਕਰਣ ਦੇ ਅੰਦਰ ਨਿਸ਼ਕਾਮ ਕਰਮ, ਉਪਾਸ਼ਨਾ ਰੂਪ ਸਾਮਗਰੀ ਹੋਣ ਨਾਲ ਮਲ ਅਤੇ ਵਿਕਸ਼ੇਪ ਦੋਸ਼ਾ ਦੀ ਨਿਵਿਰਤੀ ਦੁਆਰਾ ਚਿੱਤ ਦੀ ਸ਼ੁੱਧੀ ਅਤੇ ਇਕਾਗਰਤ ਹੁੰਦੀ ਹੈ ਪਰੰਤੂ ਆਵਰਣ ਦੇ ਦੋਸ਼ ਦੀ ਨਿਵਿਰਤੀ ਅਤੇ ਮੋਕਸ਼ ਦੀ ਸਿੱਧੀ (ਪ੍ਰਾਪਤੀ) ਬ੍ਰਹਮ ਦੇ ਸਾਕਸ਼ਾਤ ਬੋਧ ਭਾਵ ਦ੍ਰਿੜ ਅਪਰੋਕਸ਼ ਆਤਮ-ਗਿਆਨ ਤੋਂ ਬਿਨਾ ਨਹੀਂ ਹੋ ਸਕਦੀ।

ਕਾਮਨਾ ਅਧੀਨ ਪਰਿਓ ਨਾਚਤ ਹੈ ਨਾਚਨ ਸੋ ਗਿਆਨ ਕੇ ਬਿਹੀਨ ਕੈਸੇ ਬ੍ਰਹਮ ਲੋਕ ਪਾਵਈ॥ ੧੨ ॥ ੮੨ ॥

(ਅਕਾਲ ਉਸਤਤਿ, ਸ੍ਰੀ ਦਸਮ ਗ੍ਰੰਥ)

ਅੰਤਹਕਰਣ ਦੇ ਤਿੰਨ ਦੋਸ਼	ਅਰਥ	ਨਿਵਿਰਤੀ
੧. ਤਮੋ ਗੁਣ ਦੇ ਪ੍ਰਭਾਵ ਕਾਰਨ ਮਲ ਦੋਸ਼	ਪਾਪ ਕਰਮ, ਵਾਸ਼ਨਾਵਾਂ ਦੀ ਕਾਲਖ ਰੂਪ ਮੈਲ	ਨਿਸ਼ਕਾਮ ਕਰਮ
੨. ਰਜੋ ਗੁਣ ਦੇ ਪ੍ਰਭਾਵ ਕਰਕੇ ਵਿਕਸ਼ੇਪ ਦੋਸ਼	ਚਿਤ ਦੀ ਚੰਚਲਤਾ ਵਾ ਅਨਸਥਿਰਤਾ	ਨਿਸ਼ਕਾਮ ਉਪਾਸ਼ਨਾ
੩. ਤਮੋ ਗੁਣ ਦੇ ਪ੍ਰਭਾਵ ਕਾਰਨ ਆਵਰਣ ਦੋਸ਼	ਵਾਸਤਵਿਕ ਆਤਮ-ਸ੍ਵਰੂਪ ਤੋਂ ਪੜਦਾ	ਬ੍ਰਹਮ ਗਿਆਨ

ਅਵਿਰੋਧੀਤਯਾ ਕਰਮ ਨਾਵਿਦਿਯਾਮ੍ ਵਿਨੀਵਰ੍ਤਯੇਤ।
ਵਿਦ੍ਯਾऽਵਿਦ੍ਯਾਮ੍ ਨਿਹੰਨ੍ਤ੍ਰਯੇਵ ਤੇਜਸ੍ਤਿਮਿਰਸੰਘਵਤ੍॥

(ਆਤਮਬੋਧ, ਸਲੋਕ ੩)

ਗਿਆਨ ਦਾ ਵਿਰੋਧੀ ਅਗਿਆਨ ਹੀ ਸਮਸਤ ਬੰਧਨਾ ਦਾ ਹੇਤ ਹੈ। ਕਰਮ, ਉਪਾਸ਼ਨਾ ਆਦਿ ਸਾਧਨਾ ਦਾ ਗਿਆਨ ਦੇ ਨਾਲ ਵਿਰੋਧ ਨਾ ਹੋਣ ਕਰਕੇ ਇਹ ਅਗਿਆਨ ਦੀ ਨਿਵਿਰਤੀ ਕਰਨ ਵਿੱਚ ਅਸਮਰੱਥ ਹਨ। ਜਿਵੇਂ 'ਪ੍ਰਕਾਸ਼' ਅੰਧਕਾਰ ਦਾ ਵਿਰੋਧੀ ਹੋਣ ਕਰਕੇ ਹਨੇਰੇ ਦੀ ਨਿਵਿਰਤੀ ਕਰ ਦਿੰਦਾ ਹੈ ਤਿਵੇਂ ਹੀ ਕੇਵਲ ਗਿਆਨ ਵਿੱਚ ਅਗਿਆਨ ਨੂੰ ਹਰਨ ਭਾਵ ਨਸ਼ਟ ਕਰਨ ਦੀ ਸਮਰੱਥਾ ਹੈ।

ਪ੍ਰਸ਼ਨ ੫. ਬ੍ਰਹਮ ਗਜਾਨ ਸੋ ਕੀ ਹੈ?

ਉੱਤਰ : ਬ੍ਰਹਮ ਗਜਾਨ(੯) ਸੋ ਬ੍ਰਹਮ ਸ੍ਵਰੂਪ ਨੂੰ ਯਥਾਰਥ(੧੦) ਜਾਨਣਾ ਹੈ।

(੯) **ਭੂਲ ਗਯੋ ਅਗਜਾਨ ਤੇ ਅਪਨੋ ਆਤਮ ਰੂਪ॥**
ਤਾਹੀ ਕੋ ਫਿਰ ਜਾਨਬੋ ਗਯਾਨ ਕਹਤ ਕਵਿ ਭੂਪ॥ (ਅਧਜਾਤਮ ਪ੍ਰਕਾਸ਼)

(੧੦) ਯਥਾਰਥ ਤੋਂ ਭਾਵ ਵਾਸਤਵ ਵਿਚ ਜੈਸਾ ਹੋਵੇ ਠੀਕ ਉਸੇ ਤਰ੍ਹਾਂ ਹੀ ਜਾਣ ਲੈਣਾ। ਬ੍ਰਹਮ ਸਵਰੂਪ ਨੂੰ ਯਥਾਰਥ ਜਾਨਣ ਤੋਂ ਭਾਵ ਬ੍ਰਹਮ ਤੋਂ ਅਭਿੰਨ ਪ੍ਰਤਯੱਕ (ਅੰਤਰ) ਆਤਮਾ ਦਾ ਪਰਤੱਖ ਵਾ ਦ੍ਰਿੜ ਅਪਰੋਕਸ਼ ਗਿਆਨ ਹੋ ਜਾਣਾ ਹੈ।

ਅਚਰਜ ਕਥਾ ਮਹਾ ਅਨੂਪ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪ॥

(ਗੌਂਡ ਮ:੫, ਅੰਗ ੮੬੮)

ਪ੍ਰਸ਼ਨ ੬. ਬ੍ਰਹਮ ਗਜਾਨ ਕਿੰਨੇ ਪ੍ਰਕਾਰ ਦਾ ਹੈ?

ਉੱਤਰ : ਬ੍ਰਹਮ ਗਜਾਨ ਪਰੋਕਸ਼ ਅਤੇ ਅਪਰੋਕਸ਼ ਭੇਦ ਕਰਕੇ ਦੋ ਪ੍ਰਕਾਰ ਦਾ ਹੈ।

ਪ੍ਰਸ਼ਨ ੭. ਪਰੋਕਸ਼ ਬ੍ਰਹਮ ਗਜਾਨ ਸੋ ਕੀ ਹੈ?

ਉੱਤਰ : ੧. (ਪਰੋਕਸ਼ ਬ੍ਰਹਮ ਗਜਾਨ ਦਾ ਸ੍ਵਰੂਪ)

ਸਚਿਦਾਨੰਦ(੧੧) ਰੂਪ ਬ੍ਰਹਮ ਹੈ, ਐਸਾ ਜਾਨਣਾ ਸੋ ਪਰੋਕਸ਼(੧੨) ਬ੍ਰਹਮ ਗਜਾਨ ਹੈ।

(੧੧) ਸਚਿਦਾਨੰਦ (ਸਤ+ਚਿਦ+ਅਨੰਦ) ਅਤੇ ਸਤਿਗੁਰ-ਪ੍ਰਸਾਦਿ (ਸਤਿ+ਗੁਰ+ਪ੍ਰਸਾਦਿ) ਦੋਵੇਂ ਪ੍ਰਿਆਇ ਸ਼ਬਦ ਹਨ (ਭਾਵ ਜਿੰਨ੍ਹਾਂ ਦਾ ਅਰਥ ਇਕੋ ਜਿਹਾ ਹੋਵੇ) ਜਿੰਨਾਂ ਵਿਚ ਨਿਰਗੁਣ ਬ੍ਰਹਮ ਦੇ ਵਿਸ਼ੇਸ਼ਣ ਅਥਵਾ ਬ੍ਰਹਮ ਦੀਆ ਤਿੰਨ ਅੰਸਾ ਦਾ ਕਥਨ ਕੀਤਾ ਹੈ :-

੧. ਸਚ ਵਾ ਸਤਿ :- ਜੋ ਤਿੰਨਾਂ ਕਾਲਾਂ ਵਿਚ ਨਾਸ਼ ਤੋਂ ਰਹਿਤ ਹੋਵੇ।

ਤ੍ਰੈਈ ਕਾਲ ਅਬਾਧੱਤ੍ਵੰ ਸਤੱਤ੍ਵੰ। (ਵੇਦ ਸ੍ਤੁਤੀ)

੨. ਚਿਤ ਵਾ ਚਿਦ ਵਾ ਗੁਰ :- ਚੇਤਨ ਭਾਵ ਗਿਆਨ ਸਰੂਪ।

੩. ਅਨੰਦ ਵਾ ਪ੍ਰਸਾਦਿ :- ਪਰਮ ਪ੍ਰੇਮ ਦਾ ਵਿਸ਼ੇ ਕਹੀਏ ਪਰਮਾਨੰਦ ਜੋ ਅਬਿਨਾਸੀ ਸੁਖ ਦਾ ਹੇਤ ਹੋਵੇ।

ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖੁ ਮਨ ਮਾਹੀ॥ **(ਆਸਾ ਭਗਤ ਧੰਨਾ ਜੀ, ਅੰਗ ੪੮੮)**

(੧੨) ਪਰੋਕਸ਼ ਗਿਆਨ ''ਤਤ੍ਵੰਅਸਿ'' ਮਹਾਵਾਕ ਵਿਚ 'ਤਤ' ਪਦ ਦੇ ਅਰਥ ਨੂੰ ਜਣਾਉਂਦਾ ਹੈ। ਇਸ ਲਈ ਅਪਰੋਕਸ਼ ਅਦ੍ਵੈਤ ਗਿਆਨ ਵਿਚ ਉਪਯੋਗੀ ਹੈ।

ਪ੍ਰਸ਼ਨ ੮. ਪਰੋਕਸ਼ ਬ੍ਰਹਮ ਗਜਾਨ ਕਿਸ ਤੋਂ ਹੁੰਦਾ ਹੈ?

ਉੱਤਰ :(੨. ਪਰੋਕਸ਼ ਬ੍ਰਹਮ ਗਜਾਨ ਦਾ ਹੇਤੂ)

ਸਤਿਗੁਰੂ(੧੩) ਅਤੇ ਸਤ-ਸ਼ਾਸਤ੍ਰਾਂ(੧੪) ਦੇ ਬਚਨਾਂ ਵਿਚ ਵਿਸ਼ਵਾਸ਼ ਰੱਖਣ ਨਾਲ ਪਰੋਕਸ਼ ਬ੍ਰਹਮ ਗਜਾਨ ਹੁੰਦਾ ਹੈ।

(੧੩) ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥

(ਮਾਝ ਮਃ ੩, ਅੰਗ ੧੨੪)

ਪਰਮਾਰਥ ਦੇ ਮਾਰਗ ਵਿੱਚ ਗੁਰੂ ਦੀ ਮੇਹਰ ਤੇ ਲੋੜ ਬਾਰੇ ਭਾਈ ਨੰਦ ਲਾਲ ਜੀ ਦਾ ਕਥਨ ਹੈ:-

ਬਗੈਰ ਬਦਰਕਾ-ਇ ਇਸ਼ਕ, ਕੈ ਰਸੀ ਬਾ ਦੋਸ੍ਤ ?

ਬਗੈਰ ਜਜ਼ਬਾ-ਓ ਸ਼ੌਕਿ-ਤੋ, ਰਹਨਮਾ ਚਿ: ਕੁਨੱਦ ?

(ਦਿਵਾਨਿ ਗੋਇਆ ਗਜ਼ਲ ੨੦)

ਭਾਵ 'ਪ੍ਰੇਮ ਖੇਲਣ ਕਾ ਚਾਉ' ਦੇ ਮਾਰਗ ਵਿਚ ਰਹਿਬਰ ਗੁਰੂ ਤੋਂ ਬਿਨਾ ਕੋਈ ਵੀ ਹਰੀ-ਮਿੱਤਰ ਤੱਕ ਨਹੀਂ ਪਹੁੰਚਾ ਸਕਦਾ ਪਰੰਤੂ ਜੀਵ ਦੀ ਤੀਬਰ ਜਿਗਿਆਸਾ, ਉਤਸ਼ਾਹ ਤੇ ਸ਼ੌਕ ਤੋਂ ਬਿਨਾ ਗੁਰੂ ਵੀ ਕੀ ਕਰ ਸਕਦਾ ਹੈ।

ਕਬੀਰ ਸਾਚਾ ਸਤਿਗੁਰ ਕਿਆ ਕਰੈ ਜਉ ਸਿਖਾ ਮਹਿ ਚੂਕ॥
ਅੰਧੇ ਟੇਕ ਨ ਲਾਗਈ ਜਿਉ ਬਾਂਸ ਬਜਾਈਐ ਫੂਕ॥ ੧੫੮॥ (ਸਲੋਕ ਕਬੀਰ ਜੀ, ਅੰਗ ੧੩੭੨)

ਗੁਰਮਤਿ ਅਨੁਸਾਰ ਦਸਾਂ ਸਤਿਗੁਰਾਂ ਦੀ ਇੱਕ ਜੋਤਿ ਤੇ ਜੁਗਤ ਵਿਚ ਵਰਤਣ ਦਾ ਸਿਧਾਂਤ ਤਾਂ ਹੀ ਸਿੱਧ ਹੁੰਦਾ ਹੈ ਜੇਕਰ ਸ਼ਬਦ ਨੂੰ ਗੁਰੂ ਮੰਨਿਆ ਜਾਵੇ।

ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥

(ਰਾਮਕਲੀ ਗੋਸਟਿ ਮ:੧)

ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦ ਗੁਰੂ ਸੁਰਤਿ ਧੁਨਿ ਚੇਲਾ॥

(ਰਾਮਕਲੀ ਗੋਸਟਿ ਮ : ੧ ਅੰਗ ੯੪੩)

ਆਦਿ ਗੁਰੂ ਨਾਨਕ ਦੇਵ ਜੀ ਤੋਂ ਹੀ ਗੁਰਬਾਣੀ ਨੂੰ, ਜੋ ਸਤਿਗੁਰਾਂ ਦੀ ਆਤਮਿਕ ਜੋਤ, ਨਿਹਚਲ ਵਾ ਥਿਰ ਰਹਿਣ ਵਾਲੀ ਹੈ, ਗੁਰੂ ਪਦਵੀ ਤੋਂ ਸਤਿਕਾਰ ਪ੍ਰਾਪਤ ਹੈ।

ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤ ਸਾਰੇ॥
ਗੁਰ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥ (ਨਟ ਮ: ੪ ਅੰਗ ੯੮੨)
ਸਬਦੁ ਗੁਰ ਪੀਰਾ ਗਹਿਰ ਗੰਭੀਰਾ ਬਿਨ ਸਬਦੈ ਜਗੁ ਬਉਰਾਨੰ॥ (ਸੋਰਠਿ ਮ:੧, ਅੰਗ ੬੩੫)
ਗੁਰ ਪੂਰਾ ਪੂਰੀ ਜਾ ਕੀ ਬਾਣੀ ਅਨਿਕ ਗੁਣਾ ਜਾ ਕੇ ਜਾਹਿ ਨ ਗਣੈ॥ (ਬਿਲਾਵਲ ਮ:੫, ਅੰਗ ੮੦੬)
ਇਕਾ ਬਾਣੀ ਇਕੁ ਗੁਰੁ ਇਕੋ ਸਬਦ ਵੀਚਾਰਿ॥ (ਸੋਰਠਿ ਵਾਰ ਮ: ੩, ਅੰਗ ੬੪੬)

'ਗੁਰੂ' ਸ਼ਬਦ ਦੀ ਵਰਤੋਂ ਉਪਨਿਸ਼ਦ ਕਾਲ ਤੋਂ ਹੁੰਦੀ ਆਈ ਹੈ। ਸਨਾਤਨ ਮਤ ਅਨੁਸਾਰ ਬ੍ਰਹਮ ਵਿਦਿਆ ਪੜਾ ਕੇ ਆਤਮ-ਗਿਆਨ ਦੇਣ ਵਾਲੇ ਆਚਾਰੀਯ ਨੂੰ ਵੀ ਸਦਗੁਰੂ ਆਖਦੇ ਹਨ ਪਰੰਤੂ ਗੁਰਮਤਿ ਅਨੁਸਾਰ ਸਤਿਗੁਰ ਤੋਂ ਗੁਰਬਾਣੀ ਅਰਥ ਗ੍ਰਹਿਣ ਕਰਨਾ ਹੈ।

ਤੀਨ ਰੂਪ ਹੈ ਮੋਹਿ ਕੇ ਸੁਨਹੁ ਨੰਦ ਚਿਤ ਲਾਇ॥
ਨਿਰਗੁਣ ਸਰਗੁਣ ਗੁਰ ਸਬਦ ਕਹਹੂੰ ਤੋਹਿ ਸਮਝਾਇ॥ ੬॥

(ਰਹਿਤਨਾਮਾ, ਭਾਈ ਨੰਦ ਲਾਲ)

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ॥ ੧॥

(ਗਉੜੀ ਮ:੪, ਅੰਗ ੧੬੮)

ਬ੍ਰਹਮ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ॥ (ਮਲਾਰ ਮ:੪, ਅੰਗ ੧੨੬੪)
ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥ ੧॥

(ਗਉੜੀ ਸੁਖਮਨੀ ਮ : ੫, ਅੰਗ ੨੮੬)

(੧੪) ਸਤ ਸਰੂਪ ਪਰਮੇਸ਼ਰ ਦਾ ਕਥਨ ਕਰਨ ਵਾਲੇ ਧਾਰਮਿਕ ਗ੍ਰੰਥ ਭਾਵ ਸਤ-ਸ਼ਾਸਤ੍ਰਾਂ ਵਿਚ ਸ਼ਬਦ ਦਾ ਸਿਧਾਂਤ ਪ੍ਰਾਚੀਨ ਮੱਤਾਂ ਨੇ ਵੀ ਮੰਨਿਆ ਅਤੇ ਅਪਣਾਇਆ ਹੈ। ਵੇਦ, ਉਪਨਿਸ਼ਦ, ਸ਼ਾਸਤ੍ਰ, ਗੀਤਾ ਆਦਿ ਸਭ ਗ੍ਰੰਥ ਸ਼ਬਦਾਂ ਦਾ ਹੀ ਸਮੂਹ ਹਨ। ਅੰਜ਼ੀਲ, ਤੌਰੇਤ, ਜੰਬੂਰ, ਕੁਰਾਨ

ਦਾ ਗਿਆਨ ਭੰਡਾਰ ਵੀ ਸ਼ਬਦਾਂ ਵਿੱਚ ਬੰਦ ਹੈ। ਪਰੰਤੂ ਗੁਰਮਤਿ ਅਨੁਸਾਰ

ਸਿਮ੍ਰਿਤਿ ਸਾਸਤ੍ਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨ ਜਾਣੀ॥

ਤਤੈ ਸਾਰ ਨ ਜਾਣੀ ਗੁਰੂ ਬਾਝਹੁ ਤਤੈ ਸਾਰ ਨ ਜਾਣੀ॥ (ਰਾਮਕਲੀ ਅਨੰਦ ਮ : ੧, ਅੰਗ ੯੨੦)

ਗੁਰਮੁਖਾਂ ਦੇ ਲਈ ਗੁਰਬਾਣੀ ਹੀ ਸਤ-ਸ਼ਾਸਤ੍ਰ ਹੈ :-

ਸਭਿ ਨਾਦ ਬੇਦ ਗੁਰਬਾਣੀ॥ ਮਨ ਰਾਤਾ ਸਾਰਿਗਪਾਣੀ॥ (ਰਾਮਕਲੀ ਮਃ ੧, ਅੰਗ ੮੭੬)

ਸਤਿਗੁਰ ਕੀ ਬਾਣੀ ਸਤਿ ਸਰੂਪ ਹੈ ਗੁਰਬਾਣੀ ਬਣੀਐ॥
ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ॥

(ਗਉੜੀ-ਵਾਰ ਮਃ ੪, ਅੰਗ ੩੦੪)

ਗੁਰਮੁਖਿ ਬਾਣੀ ਬ੍ਰਹਮ ਹੈ ਸਬਦਿ ਮਿਲਾਵਾ ਹੋਇ॥

(ਸਿਰੀਰਾਗ ਮਃ੩, ਅੰਗ ੩੯)

ਪ੍ਰਸ਼ਨ ੯. ਪਰੋਕਸ਼ ਬ੍ਰਹਮ ਗਜਾਨ ਨਾਲ ਕੀ ਹੁੰਦਾ ਹੈ?

ਉੱਤਰ : (੩. ਪਰੋਕਸ਼ ਬ੍ਰਹਮ ਗਜਾਨ ਦਾ ਫਲ)

ਅਸੱਤਵਾਪਾਦਕ[੧੫] ਆਵਰਣ ਦੀ ਨਿਵਿਰਤੀ[੧੬] ਹੁੰਦੀ ਹੈ।

(੧੫) ਅਗਿਆਨ ਦੀਆਂ ਦੋ ਸ਼ਕਤੀਆਂ ਹਨ :-

(੧) ਅਸੱਤਵਾਪਾਦਕ ਆਵਰਣ :- (ਅਸੱਤਵ + ਆਪਾਦਕ) ਭਾਵ ਜੋ ਸੱਤ ਨਾ ਹੋਵੇ ਵਾ ਝੂਠ ਹੋਵੇ ਉਸ ਨੂੰ ਆਪਾਦਕ = ਦਰਸਾ ਕੇ ਨਿਜ ਸਰੂਪ ਤੋਂ ਆਵਰਣ ਕਹੀਏ ਪੜਦਾ ਵਾ ਭੇਦ ਪਾਉਣ ਵਾਲੀ ਅਗਿਆਨ ਦੀ ਸ਼ਕਤੀ। 'ਬ੍ਰਹਮ ਹੈ ਹੀ ਨਹੀਂ' ਐਸਾ ਕਹਿਣਾ ਤਿੰਨਾ ਕਾਲਾ ਵਿਚ ਅਸੱਤ ਹੈ ਪਰੰਤੂ ਅਗਿਆਨ ਦੀ ਅਸੱਤਾਵਾਪਾਦਕ ਆਵਰਣ ਸ਼ਕਤੀ ਜਦੋਂ ਵਰਤਦੀ ਹੈ ਤਾਂ ਅਲਪੱਗ ਜੀਵ ਦ੍ਰਿੜ ਨਿਸ਼ਚੇ ਨਾਲ ਆਖਦਾ ਹੈ ਕਿ 'ਬ੍ਰਹਮ ਹੈ ਹੀ ਨਹੀਂ' ਅਤੇ ਨਿਸ਼ਰਧਕ ਹੋ ਕੇ ਨਾਸਤਕਪੁਣੇ ਵਿਚ ਅਨੇਕਾਂ ਕੁਤਰਕਾਂ ਕਰਦਾ ਹੈ ਕਿ ਜੇ ਰਬ ਹੈ ਤਾ ਪਰਤੱਖ ਦਿਖਾਉ।

(੨) ਅਭਾਨਾਪਾਦਕ ਆਵਰਣ :- (ਅਭਾਨ + ਆਪਾਦਕ) ਭਾਵ ਜਿਸ ਵਿਚ ਬ੍ਰਹਮ ਦੀ ਹੋਂਦ ਦਾ ਨਿਸ਼ਚਾ ਹੋਵੇ ਕਿ 'ਬ੍ਰਹਮ ਹੈ ਤਾਂ ਸਹੀ ਪਰੰਤੂ ਪਰਤੱਖ ਨਾ ਦਿਸਣ ਕਰਕੇ ਅਭਾਨ ਭਾਵ ਅਪ੍ਰੀਤੀਤੀ ਨੂੰ ਆਪਾਦਕ = ਦਰਸਾ ਕੇ ਨਿਜ ਸਰੂਪ ਤੋਂ ਆਵਰਣ ਕਹੀਏ ਪੜਦਾ ਵਾ ਭੇਦ ਪਾਉਣ ਵਾਲੀ ਅਗਿਆਨ ਦੀ ਸ਼ਕਤੀ। ਆਭਾਨਾਪਾਦਕ ਆਵਰਣ ਕਰਕੇ ਜੀਵ ਬ੍ਰਹਮ ਨੂੰ ਨੇੜੇ ਨਹੀਂ ਜਾਣਦਾ ਅਤੇ ਆਖਦਾ ਹੈ ਕਿ ਆਤਮਾ ਪਰਮਾਨੰਦ ਸਰੂਪ ਨਹੀਂ ਕਿੰਤੂ ਪਰਮਾਨੰਦ ਸਰੂਪ ਬ੍ਰਹਮ ਹੈ, ਤਿਸ ਬ੍ਰਹਮ ਅਤੇ ਮੇਰਾ ਵਿਯੋਗ ਹੋ ਗਿਆ ਹੈ ਅਤੇ ਮੈਂ ਉਸ ਤੋਂ ਵਿਛੁੜਿਆ ਹਾਂ ਐਸਾ ਅੰਗੀਕਾਰ ਕਰਦਾ ਹੈ।

ਮਿਰਤਕ ਪਿੰਡਿ ਪਦ ਮਦਨਾ ਅਹਿ ਨਿਸਿ ਏਕੁ ਅਗਿਆਨ ਸੁ ਨਾਗਾ॥

(ਸ੍ਰੀਰਾਗ ਭਗਤ ਬੇਣੀ ਜੀ, ਅੰਗ ੯੬)

ਮਾਤਾ ਦੇ ਪੇਟ ਵਿਚ ਜੀਵ ਦੀ ਪਰਮੇਸ਼ਰ ਵਿਚ ਲਿਵ ਜੁੜੀ ਹੋਣ ਕਰਕੇ ਪਰੋਖ ਗਿਆਨ ਦੁਆਰਾ

ਸੋ ਜਨਮ ਦਾ ਗਿਆਨ ਹੁੰਦਾ ਹੈ ਅਤੇ ਜੀਵ ਅਗਿਆਨ ਦੀ ਅਸੱਤਵਾਪਾਦਕ ਸ਼ਕਤੀ ਤੋਂ ਨਾਗਾ ਕਹੀਏ ਰਹਿਤ ਹੁੰਦਾ ਹੈ।

(੧੬) ਅਸੱਤਵਾਪਾਦਕ ਆਵਰਣ ਦੀ ਅਤਿਅੰਤਕ ਨਿਵਿਰਤੀ ਐਸਾ ਅਰਥ ਨਿਵਿਰਤੀ ਸ਼ਬਦ ਤੋਂ ਗ੍ਰਹਿਣ ਕਰਨਾ।

ਅਤਿਅੰਤਕ ਨਿਵਿਰਤੀ ਵਿਸਥਾਰ ਸਹਿਤ ਪੰਨਾ ੧੯ ਤੇ ਪੜ੍ਹੋ।

ਪ੍ਰਸ਼ਨ ੧੦. ਪਰੋਕਸ਼ ਬ੍ਰਹਮ ਗਜਾਨ ਕਦੋਂ ਪੂਰਨ ਹੁੰਦਾ ਹੈ?

ਉੱਤਰ : (੪. ਪਰੋਕਸ਼ ਬ੍ਰਹਮ ਗਜਾਨ ਦੀ ਅਵਧੀ[੧੭])

ਪਰੋਕਸ਼ ਬ੍ਰਹਮ ਗਜਾਨ ਬ੍ਰਹਮ ਨਿਸ਼ਠ ਗੁਰੂ[੧੮] ਅਤੇ ਵੇਦਾਂਤ ਸ਼ਾਸਤ੍ਰ[੧੯] ਦੇ ਅਨੁਸਾਰ ਬ੍ਰਹਮ ਸ੍ਵਰੂਪ ਦੇ ਨਿਰਧਾਰ[੨੦] ਕਰਨ ਤੋਂ ਪੂਰਾ ਹੁੰਦਾ ਹੈ।

(੧੭) ਅਵਧੀ ਭਾਵ ਹੱਦ ਵਾ ਅੰਤਿਮ ਸੀਮਾ।

(੧੮) ਬ੍ਰਹਮ ਨਿਸ਼ਠ ਗੁਰੂ ਭਾਵ ਜਿਸਦੀ ਬਿਰਤੀ ਬ੍ਰਹਮ ਦੇ ਵਿੱਚ ਨਿਸ਼ਠ=ਇਸਥਿਤ ਵਾ ਠਹਰੀ ਹੋਵੇ ਅਥਵਾ ਜਿਸਦਾ ਬ੍ਰਹਮ ਦੀ ਸਾਖਿਆਤਤਾ ਦੁਆਰਾ ਬ੍ਰਹਮ ਵਿਚ ਪੂਰਨ ਨਿਸ਼ਚਾ ਹੋਵੇ। ਸੁਖਦੇਵ ਕਵੀ ਜੀ ਗੁਰੂ ਦੀਆਂ ਨਿਸ਼ਾਨੀਆਂ ਦਸਦੇ ਹਨ :-

ਇੰਦ੍ਰਨ ਕੋ ਖੈਂਚਜੋ ਗਨ, ਸੋਧ ਕੀਨੋ ਹਾਥ ਮਨ, ਪਰਉਪਕਾਰੀ ਹੀ ਲੌ ਤਨ ਭਾਈਯਤ ਹੈ॥
ਬੇਦਨ ਕੇ ਬਖਾਨਬੇ ਕੋ, ਸਾਰਾਸਾਰ ਜਾਨਬੇ ਕੋ; ਭੇਦ ਗ੍ਰੰਥ ਭਾਨਬੇ ਕੋ ਰੂਪ ਗਾਈਯਤ ਹੈ॥
ਏਕ ਰੂਪ ਪਹਚਾਨਜੋ, ਸਭ ਹੀ ਮੈ ਸੋਈ ਜਾਨਜੋ; ਆਪਤੇ ਨ ਜੁਦੋ ਮਾਨਯੋ ਯੌ ਬਤਾਈਯਤ ਹੈ॥
ਈਸ਼੍ਵਰ ਲੌ ਧਯਾਵੈ, ਜੀ ਮੈ ਭਗਤਿ ਦ੍ਰਿੜਾਵੈ, ਜਬ ਐਸੋ ਗੁਰ ਪਾਵੈ ਤਾਂ ਸੋਂ ਗਜਾਨ ਪਾਈਅਤ ਹੈ॥

(ਅਧਜਾਤਮ ਪ੍ਰਕਾਸ਼)

(੧੯) ਕੁਝ ਮਨਮਤੀਏ ਲੋਕ ਵੇਦਾਂਤ ਦੇ ਗ੍ਰੰਥਾਂ ਦਾ ਅਧਿਐਨ ਕਰਨ ਤੇ ਸ਼ੰਕਾ ਕਰਦੇ ਹਨ ਅਤੇ ਗੁਰਮਤ ਤੋਂ ਉਲਟ ਮੰਨਦੇ ਹਨ।

ਪਰੰਤੂ ਗੁਰਬਾਣੀ ਅੰਦਰ ਵੀ ਸਤਿਗੁਰਾਂ ਨੇ ਛੇ ਸ਼ਾਸਤ੍ਰਾਂ ਵਿਚੋਂ ਵੇਦਾਂਤ ਸ਼ਾਸਤ੍ਰ ਦੀ ਸ਼ਲਾਘਾ ਕੀਤੀ ਹੈ :-

ਬਾਬਾ ਜੈ ਘਰਿ ਕਰਤੇ ਕੀਰਤਿ ਹੋਇ॥ ਸੋ ਘਰੁ ਰਾਖੁ ਵਡਾਈ ਤੋਇ॥

(ਸੋਹਿਲਾ ਗਉੜੀ ਮਃ ੧, ਅੰਗ ੧੩)

(੨੦) ਨਿਰਧਾਰ ਕਹੀਏ ਨਿਰਣੇ ਸਹਿਤ ਧਾਰਣ ਕਰਨਾ। ਗੁਰੂ ਮੁਖ ਤੋਂ ਸ਼ਰਧਾ, ਵਿਸ਼ਵਾਸ ਦੇ ਕੰਨਾ ਦੁਆਰਾ ਸਰਵਣ ਕੀਤੇ ਉਪਦੇਸ਼ ਨੂੰ ਤੀਬਰਤਾ ਨਾਲ ਬੁੱਧੀ ਵਿਚ ਗ੍ਰਹਿਣ ਕਰਨ ਉਪਰੰਤ ਮੰਨਣ ਨਿਧਿਆਸਣ ਸਾਧਨਾ ਦੁਆਰਾ ਸੁਣੇ ਉਪਦੇਸ਼ ਦੀ ਨਿਜੀ ਜੀਵਨ ਵਿਚ ਕਮਾਈ ਕਰਨਾ ਕਿਉਂਕਿ ਗੁਰ-ਸ਼ਬਦ ਦੀ ਕਮਾਈ ਤੋਂ ਬਿਨਾ ਸਭ ਸਾਧਨ ਨਿਸਫਲ ਹਨ।

ਸੇਵਕ ਸਿਖ ਪੂਜਣ ਸਭਿ ਆਵਹਿ ਸਭਿ ਗਾਵਹਿ ਹਰਿ ਹਰਿ ਊਤਮ ਬਾਨੀ॥
ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ॥

(ਧਨਾਸਰੀ ਮਃ ੪, ਅੰਗ ੬੬੯)

ਗਾਏ ਸੁਨੇ ਆਂਖੇ ਮੀਚੇ ਪਾਈਐ ਨ ਪਰਮਪਦੁ ਗੁਰ ਉਪਦੇਸ ਗਹਿ ਜਉ ਲਉ ਨ ਕਮਾਈਐ॥

(ਕਬਿੱਤ ਸਵਈਏ, ਭਾਈ ਗੁਰਦਾਸ ਜੀ)

(ਸ੍ਰਵਣ, ਮੰਨਨ ਤੇ ਨਿਧਿਆਸਣ ਪੰਨਾ ੨੯ ਤੇ ਪੜ੍ਹੋ)

ਪ੍ਰਸ਼ਨ ੧੧. ਅਪਰੋਕਸ਼ ਬ੍ਰਹਮ ਗਜਾਨ ਸੋ ਕੀ ਹੈ?

ਉੱਤਰ : ''ਸਚਿਦਾਨੰਦ ਰੂਪ ਬ੍ਰਹਮ ਮੈ(੨੧) ਹਾਂ'' ਐਸਾ ਜੋ ਜਾਨਣਾ ਸੋ ਅਪਰੋਕਸ਼ ਬ੍ਰਹਮ ਗਜਾਨ ਹੈ।

(੨੧) ਪਰਤੱਕ (ਅੰਤਰ) ਆਤਮਾ

ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰਹੈ॥ **(ਆਸਾ ਮ:੧, ਅੰਗ ੩੫੪)**

ਪ੍ਰਸ਼ਨ ੧੨. ਅਪਰੋਕਸ਼ ਬ੍ਰਹਮ ਗਜਾਨ ਕਿਸ ਤੋਂ ਹੁੰਦਾ ਹੈ?

ਉੱਤਰ : ਗੁਰੂ ਦੇ ਮੁੱਖ ਤੋਂ ''ਤਤ੍ਵੰਅਸੀ(੨੨)'' ਆਦਿਕ(੨੩) ਮਹਾਵਾਕਯ(੨੪) ਸਰਵਣ ਕਰਨ ਨਾਲ ਅਪਰੋਕਸ਼ ਬ੍ਰਹਮ ਗਜਾਨ ਹੁੰਦਾ ਹੈ।

(੨੨) (ਤਤ੍ਵੰਅਸੀ = ਤਤ +ਤ੍ਵੰ + ਅਸੀ)

ਤਤ ਪਦ ਈਸ਼, ਜੀਵ ਤ੍ਵੰ ਪਦ ਹੈ; ਅਸਿਪਦ ਬ੍ਰਹਮ ਕਹਾਵੈ॥
ਮਾਯਾ ਤੇ ਯਹ ਭੇਦ ਤੀਨ ਹੈ; ਏਕੈ ਬੇਦ ਬਤਾਵੈ॥ **(ਅਧਜਾਤਮ ਪ੍ਰਕਾਸ਼)**

(੨੩) ਆਦਿਕ ਤੋਂ ਭਾਵ ਸਾਮਵੇਦ ਦੇ ਤਤ੍ਵੰਅਸੀ ਮਹਾਵਾਕ ਤੋਂ ਇਲਾਵਾ ਬਾਕੀ ਤੰਨ ਵੇਦਾ ਦੇ ਤਿੰਨ ਮਹਾਵਾਕ ਹੈ।

ਚਾਰ ਵੇਦਾਂ ਦੇ ਮਹਾਵਾਕ :-

੧. ਤਤ੍ਵੰਅਸੀ - ਸ਼ਾਮਵੇਦ

੨. ਪ੍ਰਗਜਾਨਮਾਨੰਦ ਬ੍ਰਹਮ - ਰਿਗਵੇਦ

੩. ਅਹੰਬ੍ਰਹਮਅਸਮੀ - ਯੁਜਰਵੇਦ

੪. ਅਯੰਆਤਮਾ ਬ੍ਰਹਮ - ਅਥਰਬਣਵੇਦ

(੨੪) ਵੇਦਾਂਤ ਵਾਕਯ ਦੋ ਪ੍ਰਕਾਰ ਦੇ ਹਨ :-

੧. **ਮਹਾਵਾਕਯ :-** ਜੀਵ ਬ੍ਰਹਮ ਦੀ ਏਕਤਾ ਦਾ ਬੋਧ ਕਰਵਾਉਣ ਵਾਲੇ ਵਾਕ।

ਤੂੰ ਸਦਾ ਸਲਾਮਤਿ ਨਿਰੰਕਾਰ। ਚਾਰ ਬਾਰ ਤੁਕ ਕਰੀ ਉਚਾਰ।
ਸਾਖਯਾਤ ਪਰ ਏ ਤੁਕ ਚਾਰ। ਚਾਰਹੁ ਮਹਾਵਾਕ ਨਿਰਧਾਰ।

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੩)

ਸਰਗੁਣ ਨਿਰਗੁਣ ਥਾਪੈ ਨਾਉ॥ ਦੁਹ ਮਿਲਿ ਏਕੈ ਕੀਨੋ ਠਾਉ॥ ੩॥

(ਆਸਾ ਮ:੫, ਅੰਗ ੩੯੭)

੨. **ਅਵਾਂਤਰ ਵਾਕਯ :-** ਜਿਸ ਵਾਕਯ ਵਿਚ ਕੇਵਲ ਬ੍ਰਹਮ ਜਾਂ ਕੇਵਲ ਜੀਵ ਦਾ ਸ੍ਵਰੂਪ ਵੱਖਰਾ-ਵੱਖਰਾ ਪ੍ਰਤੀਪਾਦਨ ਕੀਤਾ ਹੋਵੇ ਪਰੰਤੂ ਦੋਵਾਂ ਦੀ ਏਕਤਾ ਨਾ ਦਰਸਾਈ ਹੋਵੇ।

ਹੇ ਅਚੁਤ ਹੇ ਪਾਰਬ੍ਰਹਮ ਅਬਿਨਾਸੀ ਅਘਨਾਸ॥
ਹੇ ਪੂਰਨ ਹੇ ਸਰਬ ਮੈ ਦੁਖ ਭੰਜਨ ਗੁਣਤਾਸ॥ **(ਗਉੜੀ ਬਾਵਨ ਅਖਰੀ ਮ:੫, ਅੰਗ ੨੬੨)**

ਮੂਰਖ ਮੁਗਧ ਅਨਾਥ ਚੰਚਲ ਬਲਹੀਨ ਨੀਚ ਅਜਾਣਾ॥
ਬਿਨਵੰਤਿ ਨਾਨਕ ਸਰਣਿ ਤੇਰੀ ਰਖਿ ਲੇਹੁ ਆਵਣ ਜਾਣਾ॥੧॥ (ਬਿਹਾਗੜਾ ਮਃ ੫, ਅੰਗ ੫੪੪)

ਪ੍ਰਸ਼ਨ ੧੩. ਅਪਰੋਕਸ਼ ਬ੍ਰਹਮ ਗਜਾਨ ਕਿੰਨੇ ਪ੍ਰਕਾਰ ਦਾ ਹੈ?

ਉੱਤਰ : ਅਪਰੋਕਸ਼ ਬ੍ਰਹਮ ਗਜਾਨ ਅਦ੍ਰਿੜ ਅਤੇ ਦ੍ਰਿੜ ਇਸ ਭੇਦ ਤੋਂ ਦੋ ਪ੍ਰਕਾਰ ਦਾ ਹੈ।

ਪ੍ਰਸ਼ਨ ੧੪. ਅਦ੍ਰਿੜ ਅਪਰੋਕਸ਼ ਬ੍ਰਹਮ ਗਜਾਨ ਸੋ ਕੀ ਹੈ?

ਉੱਤਰ : (੧. ਅਦ੍ਰਿੜ ਅਪਰੋਕਸ਼ ਬ੍ਰਹਮ ਗਜਾਨ ਦਾ ਸ੍ਵਰੂਪ)

ਅਸੰਭਾਵਨਾ(੨੫) ਅਤੇ ਵਿਪਰੀਤ(੨੬) ਭਾਵਨਾ ਸਹਿਤ ਜੋ ਬ੍ਰਹਮ ਤੇ ਆਤਮਾ ਦੀ ਏਕਤਾ ਦਾ ਨਿਸ਼ਚੇ ਹੋਵੇ ਸੋ ਅਦ੍ਰਿੜ ਅਪਰੋਕਸ਼ ਬ੍ਰਹਮ ਗਜਾਨ ਹੈ।

(੨੫) ਦੋ ਪ੍ਰਕਾਰ ਦੇ ਸੰਛਯ :- ਪ੍ਰਮਾਣਗਤ ਸੰਛਯ ਅਤੇ ਪ੍ਰਮੇਯਗਤ ਸੰਛਯ ਨੂੰ ਅਸੰਭਾਵਨਾ ਆਖਦੇ ਹਨ। ਦੋ ਕੋਟੀ ਵਾਲਾ ਗਯਾਨ ਸੰਛਯ ਕਹੀਏ ਹੈ।

''ਵੇਦਾਂਤ ਸ਼ਾਸਤ੍ਰ ਵਿਚ ਜੀਵ ਬ੍ਰਹਮ ਦਾ ਭੇਦ ਪ੍ਰਤੀਪਾਦਨ ਕੀਤਾ ਹੈ ਜਾਂ ਅਭੇਦ ਕਥਨ ਕੀਤਾ ਹੈ?'' ਐਸਾ ਜੋ ਪ੍ਰਮਾਣ ਦੇ ਵਿਚ ਸ਼ੰਕਾ ਹੋਣਾ ਸੋ ਪ੍ਰਮਾਣਗਤ ਸੰਛਯ ਹੈ। ਸਰਵਣ ਦੁਆਰਾ ਇਸ ਦੀ ਨਿਵਿਰਤੀ ਹੁੰਦੀ ਹੈ।

(੨੬) ''ਜੀਵ ਬ੍ਰਹਮ ਦਾ ਭੇਦ ਸੱਤ ਹੈ ਅਤੇ ਦੇਹਾਦਿਕ ਪ੍ਰਪੰਚ ਸਤ ਹੈ'' ਐਸਾ ਜੋ ਸਿਧਾਂਤ ਤੋਂ ਉਲਟ ਨਿਸ਼ਚਾ ਹੋਣਾ ਸੋ ਵਿਪਰੀਤ-ਭਾਵਨਾ ਕਹੀਏ ਹੈ। ਇਸ ਨੂੰ ਵਿਪਰਯ ਵੀ ਆਖਦੇ ਹਨ।
ਨਿਧਿਆਸਣ ਦੁਆਰਾ ਇਸ ਦੀ ਨਿਵਿਰਤੀ ਸੰਭਵ ਹੈ।

ਮਿਥਿਆ ਭਰਮ ਅਰ ਸੁਪਨ ਮਨੋਰਥ ਸਤਿ ਪਦਾਰਥ ਜਾਨਿਆ॥
(ਆਸਾ ਭਗਤ ਨਾਮਦੇਵ ਜੀ, ਅੰਗ ੪੮੫)

ਗਿਆਨ ਪ੍ਰਾਪਤੀ ਦੇ ਤਿੰਨ ਮੁੱਖ ਸਾਧਨ :-

(੧) **ਸਰਵਣ :-** ਸ਼ਰਧਾ ਤੇ ਵਿਸ਼ਵਾਸ ਦੇ ਕੰਨਾ ਸਹਿਤ ਗੁਰੂ ਮੁੱਖ ਤੋਂ ਵੇਦਾਂਤ ਵਾਕਯ ਦੇ ਤਾਤਪਰਯ ਵਾ ਸਿਧਾਂਤ ਨੂੰ ਨਿਸ਼ਚੇ ਕਰਕੇ ਬੁੱਧੀ ਵਿਚ ਗ੍ਰਹਿਣ ਕਰਨਾ ਅਤੇ ਮਨਮੱਤ ਨੂੰ ਤਿਆਗ ਦੇਣਾ।
ਮਨ ਕੀ ਮਤਿ ਤਿਆਗੀਐ ਸੁਣੀਐ ਉਪਦੇਸ॥ (ਬਿਲਾਵਲ ਮਃ ੫, ਅੰਗ ੮੧੪)

(੨) **ਮੰਨਨ :-** ਜੀਵ ਬ੍ਰਹਮ ਦੇ ਅਭੇਦ ਦੀਆ ਸਾਧਕ ਅਤੇ ਭੇਦ ਦੀਆਂ ਬਾਧਕ ਯੁਕਤੀਆ ਦੁਆਰਾ ਅਦੁੱਤੀ ਬ੍ਰਹਮ ਦਾ ਚਿੰਤਨ ਕਰਨਾ ਜਿਵੇਂ :-

ਜਬ ਇਨਿ ਕਿਛੁ ਕਰਿ ਮਾਨੇ ਭੇਦਾ॥ ਤਬ ਤੇ ਦੂਖ ਡੰਡ ਅਰੁ ਖੇਦਾ॥
ਜਬ ਇਨਿ ਏਕੋ ਏਕੀ ਬੂਝਿਆ॥ ਤਬ ਤੇ ਇਸ ਨੋ ਸਭੁ ਕਿਛੁ ਸੂਝਿਆ॥੫॥
(ਰਾਗ ਗਉੜੀ, ਅੰਗ ੨੩੫)

ਕਰਤਾ ਕਰੀਮ ਸੋਈ ਰਾਜਿਕ ਰਹੀਮ ਓਈ ਦੂਸਰੋ ਨ ਭੇਦ ਕੋਈ ਭੂਲਿ ਭ੍ਰਮ ਮਾਨਬੋ॥
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ॥੧੫॥੮੫॥
(ਸ੍ਰੀ ਦਸਮ ਗ੍ਰੰਥ, ਅੰਗ ੧੯)

(੩) **ਨਿਧਿਆਸਣ :-** ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਸ਼ਬਦ, ਸਪਰਸ਼, ਰੂਪ, ਰਸ, ਗੰਧ ਵਾਲੀ

ਵਿਜਾਤੀ ਬਿਰਤੀ ਵਾ ਅਨਾਤਮਾਕਾਰ ਬਿਰਤੀ (ਜੋ ਆਤਮਾ ਨੂੰ ਛਡ ਕੇ ਅਨਯ ਪਦਾਰਥਾਂ ਨੂੰ ਵਿਸ਼ੇ ਕਰੇ) ਦਾ ਤਿਰਸਕਾਰ ਭਾਵ ਤਿਆਗ ਕਰਕੇ ਸ਼ੁਭ ਗੁਣ ਸਤਿ, ਸੰਤੋਖ, ਦਇਆ, ਧਰਮ, ਵੀਚਾਰ, ਸੀਤਲਤਾ, ਪ੍ਰਕਾਸ਼ਤਾ, ਸਮਤਾ, ਧੀਰਜਤਾ, ਅਸੰਗਤਾ ਵਾਲੀ ਸਜਾਤੀ ਬਿਰਤੀ ਵਾ ਆਤਮਾਕਾਰ ਬਿਰਤੀ ਦੀ ਇਸਥਤੀ ਦਾ ਨਾਮ ਨਿਧਿਆਸਣ ਹੈ।

ਵਿਜਾਤੀ ਬਿਰਤੀ ਕਾਰੇਨ ਤਿਰਸਕਾਰੇਨ
ਸਜਾਤੀ ਬਿਰਤੀ ਪਰਵਾਹੀ ਕਰਨੰ ਨਿਧਿਆਸਣੰ (ਧਰਮ-ਸ਼ਾਸਤ੍ਰ)

ਕਹਤ ਕਬੀਰ ਛੋਡਿ ਬਿਖਿਆ ਰਸ ਇਤੁ ਸੰਗਤਿ ਨਿਹਚਉ ਮਰਣਾ॥
ਗਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ॥

(ਸਿਰੀਰਾਗ ਭਗਤ ਕਬੀਰ ਜੀ, ਅੰਗ ੯੨)

ਪ੍ਰਸ਼ਨ ੧੫. ਅਦ੍ਰਿੜ ਅਪਰੋਕਸ਼ ਬ੍ਰਹਮ ਗਜਾਨ ਕਿਸ ਸੇ ਹੋਵੈ ਹੈ?

ਉੱਤਰ : (੨. ਅਦ੍ਰਿੜ ਅਪਰੋਕਸ਼ ਬ੍ਰਹਮ ਗਜਾਨ ਦਾ ਹੇਤੂ)

੧. ਕੁਝਕੁ ਮਲ ਵਿਕਸ਼ੇਪ ਦੋਸ਼[੨੭] ਦੇ ਨਾਲ ਸ਼ ਰੁਤੀ ਨਾਨਾਤਵ[੨੮] ਦਾ ਗਜਾਨ ਅਤੇ
੨. ਬ੍ਰਹਮ ਦੀ ਅਦ੍ਵੈਤਤਾ[੨੯] ਤੇ ਅਸੰਭਵ ਦਾ ਗਜਾਨ ਅਤੇ
੩. ਭੇਦਵਾਦੀ[੩੦] ਅਤੇ ਪਾਮਰ[੩੧] ਪੁਰਸ਼ਾ ਦੇ ਸੰਗ ਦੇ ਸੰਸਕਾਰ।

ਇਨ੍ਹਾਂ ਦੋਸ਼ਾਂ ਦੇ ਸਹਿਤ ਪੁਰਸ਼ ਨੂੰ ਗੁਰੂ ਮੁੱਖ ਦੁਆਰਾ ਮਹਾਵਾਕਯ ਸਰਵਣ ਕਰਨ ਤੋਂ ਅਦ੍ਰਿੜ ਅਪਰੋਕਸ਼ ਬ੍ਰਹਮ ਗਜਾਨ ਹੁੰਦਾ ਹੈ।

(੨੭) ਅੰਤਹਕਰਣ ਦੇ ਤਿੰਨ ਦੋਸ਼ ਮਲ, ਵਿਕਛੇਪ, ਆਵਰਣ ਪੰਨਾ ੨੩ ਤੇ ਵਿਸਤਾਰ ਨਾਲ ਪੜ੍ਹੋ।

(੨੮) ਨਾਨਾ ਭਾਵ ਅਨੇਕਾ ਸ਼ ਰੁਤੀ = ਵੇਦਾਂ ਦੀਆਂ ਪੰਕਤੀਆਂ ਅਥਵਾ ਅਨੇਕਾਂ ਸ਼ਾਸਤ੍ਰਾਂ, ਗ੍ਰੰਥਾਂ ਦੇ ਗਿਆਨ ਦਾ ਇਕੱਠਾ ਅਧਿਐਨ ਜਾਂ ਚਿੰਤਨ ਕਰਨ ਤੋਂ ਉਲਝ ਜਾਣਾ।

(੨੯) ਬ੍ਰਹਮ ਤੋਂ ਭਿੰਨ ਦੂਸਰਾ ਕੋਈ ਵੀ ਨਹੀਂ ਹੈ ਇਸ ਨੂੰ 'ਅਜਾਤਵਾਦ' ਆਖਦੇ ਹਨ ਭਾਵ ਕਿ ਬ੍ਰਹਮ ਅਦੁਤੀ ਵਾ ਅਦ੍ਵੈਤ ਹੈ।

ਸਭ ਗੋਬਿੰਦ ਹੈ ਸਭੁ ਗੋਬਿੰਦ ਹੈ ਗੋਬਿੰਦ ਬਿਨੁ ਨਹੀ ਕੋਈ॥
ਸੂਤ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥

(ਆਸਾ ਭਗਤ ਨਾਮਦੇਵ ਜੀ, ਅੰਗ ੪੮੫)

ਅਦ੍ਵੈਤਤਾ ਦੇ ਅਸੰਭਵ ਤੋਂ ਭਾਵ ਅਜਾਤਵਾਦ ਨਾਮੁਮਕਿਨ ਮੰਨਣਾ। ਬ੍ਰਹਮ ਅਦ੍ਵੈਤ ਹੈ, ਇਹ ਸੰਭਵ ਨਹੀਂ ਐਸਾ ਮੰਨਣਾ।

(੩੦) ਭੇਦਵਾਦੀ ਭਾਵ ਦ੍ਵੈਤਵਾਦੀ ਜੋ ਬ੍ਰਹਮ ਤੋਂ ਭਿੰਨ ਹੋਰ ਭੇਦ ਦੀ ਕਲਪਣਾ ਕਰਕੇ ਸਿਧਾਂਤ ਤੇ ਤਰਕ ਕਰੇ।

(੩੧) ਚਾਰ ਪ੍ਰਕਾਰ ਦੇ ਪੁਰਸ਼ ਹਨ :-

(੧) ਪਾਮਰ :- ਜੋ ਸ਼ਾਸਤ੍ਰ ਸੰਸਕਾਰਾਂ ਤੋਂ ਰਹਿਤ ਹੋਵੇ ਅਤੇ ਇਸ ਲੋਕ ਦੇ ਮਾਇਕੀ ਨਿਖਿਧ ਭੋਗਾਂ ਵਿਚ ਜਿਸਦੀ ਆਸਕਤੀ (ਪਕੜ, ਮੋਹ) ਹੋਵੇ।

(੨) ਵਿਖਈ :- ਜੋ ਸ਼ਾਸਤ੍ਰਾਂ ਅਨੁਸਾਰ ਵਿਸ਼ਿਆਂ ਨੂੰ ਭੋਗਦਾ ਹੋਇਆ ਇਸ ਲੋਕ ਅਤੇ ਪਰਲੋਕ ਦੇ ਭੋਗਾਂ ਦੀ ਪ੍ਰਾਪਤੀ ਦੇ ਨਿਮਿੱਤ ਕਰਮ ਕਰੇ।

(੩) ਜਗਯਾਸੂ :- (ਜਗਯ+ ਆਸਾ) ਜਿਸ ਦੇ ਅੰਦਰ ਨਿਜ-ਸਰੂਪ ਨੂੰ ਜਾਨਣ ਦੀ ਤੀਬਰ ਇੱਛਾ ਜਾਗੀ ਹੋਵੇ।

(੪) ਮੁਕਤਃ-ਜਿਸਨੂੰ ਅਪਰੋਕਸ਼ ਬ੍ਰਹਮ ਗਜਾਨ ਦੁਆਰਾ ਬ੍ਰਹਮ ਤੋਂ ਅਭਿੰਨ ਆਤਮਾ ਦਾ ਬੋਧ ਹੋਵੇ।

ਪ੍ਰਸ਼ਨ ੧੬. ਅਦ੍ਰਿੜ ਅਪਰੋਕਸ਼ ਬ੍ਰਹਮ ਗਜਾਨ ਨਾਲ ਕੀ ਹੁੰਦਾ ਹੈ?

ਉੱਤਰ : (੩. ਅਦ੍ਰਿੜ ਅਪਰੋਕਸ਼ ਬ੍ਰਹਮ ਗਯਾਨ ਦਾ ਫਲ)

ਅਦ੍ਰਿੜ ਅਪਰੋਕਸ਼ ਬ੍ਰਹਮ ਗਯਾਨ ਨਾਲ :-

੧. ਉੱਤਮ-ਲੋਕ[੩੨] ਦੀ ਪ੍ਰਾਪਤੀ ਹੁੰਦੀ ਹੈ ਅਤੇ

੨. ਪਵਿੱਤ੍ਰ ਸ਼੍ਰੀਮਾਨ[੩੩] ਕੁਲ ਵਿਸ਼ੇ ਜਨਮ ਹੁੰਦਾ ਹੈ ਅਥਵਾ ਨਿਸ਼ਕਾਮਤਾ ਦੇ ਹੁੰਦਿਆਂ ਗਿਆਨੀ ਪੁਰਸ਼ ਦੇ ਕੁਲ ਵਿਖੇ ਜਨਮ ਹੁੰਦਾ ਹੈ।

(੩੨) ਉੱਤਮ ਲੋਕ ਤੋਂ ਭਾਵ ਦੇਵਤਿਆਂ ਦੀਆਂ ਪੁਰੀਆਂ।

ਇੰਦ੍ਰ ਲੋਕ ਸਿਵ ਲੋਕਹਿ ਜੈਬੋ ॥ ਓਛੇ ਤਪ ਕਰਿ ਬਾਹੁਰਿ ਐਬੋ ॥

(ਧਨਾਸਰੀ ਭਗਤ ਕਬੀਰ ਜੀ, ਅੰਗ ੬੯੨)

(੩੩) ਪਵਿੱਤ੍ਰ ਸ਼੍ਰੀਮਾਨ ਕੁਲ ਤੋਂ ਭਾਵ ਕਿ ਅਜਿਹੀ ਵੰਸ਼ ਵਿਚ ਜਨਮ ਹੋਣਾ ਜਿਥੇ ਬਚਪਨ ਤੋਂ ਹੀ ਅਧਿਆਤਮਿਕ ਮਾਰਗ ਵਿਚ ਪ੍ਰਵਿਰਤੀ ਦੇ ਸੰਸਕਾਰ ਮਿਲਣੇ ਅਤੇ ਸ਼੍ਰੀ=ਮਾਇਆ ਆਦਿ ਸੰਸਾਰੀ ਪਦਾਰਥਾਂ ਦੀ ਕਮੀ ਨਾ ਹੋਣੀ।

ਪ੍ਰਸ਼ਨ ੧੭. ਅਦ੍ਰਿੜ ਅਪਰੋਕਸ਼ ਬ੍ਰਹਮ ਗਯਾਨ ਕਦੋਂ ਪੂਰਣ ਹੁੰਦਾ ਹੈ?

ਉੱਤਰ : (੪. ਅਦ੍ਰਿੜ ਅਪਰੋਕਸ਼ ਬ੍ਰਹਮ ਗਯਾਨ ਦੀ ਅਵਧੀ[੩੪])

ਸਤ-ਚਿਤ-ਅਨੰਦ[੩੫] ਆਦਿਕ ਬ੍ਰਹਮ ਦੇ ਵਿਸ਼ੇਸ਼ਣਾ ਦੇ ਅਪਰੋਕਸ਼ ਭਾਨ ਹੋਣ ਤੋਂ ਵੀ ਸੰਸ਼ਯ[੩੬] ਅਤੇ ਵਿਪਰੀਤਭਾਵਨਾ[੩੭] ਦਾ ਸਦਭਾਵ[੩੮] ਹੋਵੇ ਤਦੋਂ ਅਦ੍ਰਿੜ ਅਪਰੋਕਸ਼ ਬ੍ਰਹਮ ਗਯਾਨ ਪੂਰਣ ਹੁੰਦਾ ਹੈ।

(੩੪) ਪੰਨਾ ੨੭ ਤੇ ਟੂਕ ੧੭ ਤੋਂ ਪੜ੍ਹੋ।

(੩੫) ਪੰਨਾ ੨੪ ਤੇ ਟੂਕ ੧੧ ਪੜ੍ਹੋ।

(੩੬) ਪੰਨਾ ੨੯ ਤੇ ਟੂਕ ੨੫ ਪੜ੍ਹੋ।

(੩੭) ਪੰਨਾ ੨੯ ਤੇ ਟੂਕ ੨੬ ਪੜ੍ਹੋ।

(੩੮) ਵਿਦਯਮਾਨ ਵਾ ਮੌਜੂਦਗੀ।

ਪ੍ਰਸ਼ਨ ੧੮. ਦ੍ਰਿੜ ਅਪਰਕੋਸ਼ ਬ੍ਰਹਮ ਗਯਾਨ ਸੋ ਕੀ ਹੈ?

ਉੱਤਰ : (੧. ਦ੍ਰਿੜ ਅਪਰੋਕਸ਼ ਬ੍ਰਹਮ ਗਯਾਨ ਦਾ ਸਵਰੂਪ)

ਅਸੰਭਾਵਨਾ ਅਤੇ ਵਿਪਰੀਤ ਭਾਵਨਾ ਤੋਂ ਰਹਿਤ ਜੋ ਬ੍ਰਹਮ-ਆਤਮਾ ਦੀ ਏਕਤਾ ਦਾ ਨਿਸ਼ਚਾ ਹੋਵੇ। ਸੋ ਦ੍ਰਿੜ ਅਪਰੋਕਸ਼ ਬ੍ਰਹਮ ਗਯਾਨ ਹੈ।

ਠਾਕੁਰ ਤੁਮ੍ ਸਰਣਾਈ ਆਇਆ॥ ਉਤਰਿ ਗਇਓ ਮੇਰੇ ਕਾ ਸੰਸਾ ਜਬ ਤੇ ਦਰਸਨੁ ਪਾਇਆ॥ ੧॥

(ਸਾਰੰਗ ਮਃ ੫, ਅੰਗ ੧੨੧੮)

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ॥

(ਸੋਰਠਿ ਮਃ ੯, ਅੰਗ ੬੩੩)

ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥ ੬॥

(ਰਾਮਕਲੀ ਭਗਤ ਕਬੀਰ ਜੀ, ਅੰਗ ੯੬੯)

ਪ੍ਰਸ਼ਨ ੧੯. ਦ੍ਰਿੜ ਅਪਰੋਕਸ਼ ਬ੍ਰਹਮ ਗਯਾਨ ਕਿਸ ਸੇ ਹੋਵੇ ਹੈ?

ਉੱਤਰ : (੨. ਦ੍ਰਿੜ ਅਪਰੋਕਸ਼ ਬ੍ਰਹਮ ਗਯਾਨ ਦਾ ਹੇਤੂ[੩੯])

ਗੁਰੂ ਮੁਖ ਤੋਂ ਮਹਾਵਾਕਯ[੪੦] ਦੇ ਅਰਥ ਦੇ ਸ੍ਰਵਣ, ਮੰਨਨ ਅਤੇ ਨਿਧਿਆਸਣ ਰੂਪ ਵਿਚਾਰ ਦੇ ਕਰਨ ਨਾਲ ਦ੍ਰਿੜ ਅਪਰੋਕਸ਼ ਬ੍ਰਹਮ ਗਯਾਨ ਹੁੰਦਾ ਹੈ।

ਗੁਰਿ ਸਤਿਗੁਰ ਕਹਿਆ ਜੀ ਸਾਚਾ ਅਗਮ ਬੀਚਾਰੋ॥

(ਸੂਹੀ ਮਃ ੫, ਅੰਗ ੭੮੫)

ਗੁਰ ਸਬਦੁ ਕਮਾਵਹਿ ਜਨਮਿ ਨ ਆਵਹਿ ਤਿਨਾ ਹਰਿ ਪ੍ਰਭ ਬੇਲੀਆ॥

(ਤੁਖਾਰੀ ਮਃ੧, ਅੰਗ ੧੧੧੦)

(**੩੯**) ਕਾਰਣ

(**੪੦**) ਪੰਨਾ ੨੮, ਟੂਕ ੨੪ ਪੜ੍ਹੋ।

(**੪੧**) ਗਿਆਨ ਪ੍ਰਾਪਤੀ ਦੇ ਸਾਧਨ ਸ੍ਰਵਣ, ਮੰਨਨ ਤੇ ਨਿਧਿਆਸਣ ਪੰਨਾ ੨੯ ਤੇ ਪੜ੍ਹੋ।

ਪ੍ਰਸ਼ਨ ੨੦. ਦ੍ਰਿੜ ਅਪਰੋਕਸ਼ ਬ੍ਰਹਮ ਗਯਾਨ ਨਾਲ ਕੀ ਹੁੰਦਾ ਹੈ?

ਉੱਤਰ : (੩. ਦ੍ਰਿੜ ਅਪਰੋਕਸ਼ ਬ੍ਰਹਮ ਗਯਾਨ ਦਾ ਫਲ)

ਅਭਾਨਾਪਾਦਕ[੪੨] ਆਵਰਣ ਅਤੇ ਵਿਕਛੇਪ[੪੩] ਰੂਪ ਕਾਰਯ ਸਹਿਤ ਅਵਿਦਿਆ ਦੀ ਕਹੀਏ ਅਗਿਆਨ ਦੀ ਨਿਵਿਰਤੀ[੪੪] ਹੋ ਕੇ ਬ੍ਰਹਮ ਦੀ ਪ੍ਰਾਪਤੀ[੪੫] ਰੂਪ ਮੋਕਸ਼ ਹੁੰਦੀ ਹੈ।

(**੪੨**) 'ਬ੍ਰਹਮ ਭਾਸਦਾ ਨਹੀਂ' ਇਸ ਰੀਤ ਨਾਲ ਨਾ ਟੁੱਟਣ ਵਾਲੀ ਜੋ ਬ੍ਰਹਮ ਦੀ ਅਪ੍ਰਤੀਤੀ ਤਿਸ ਦਾ ਆਪਾਦਕ ਕਹੀਏ ਸੰਪਾਦਨ ਕਰਨ ਵਾਲਾ ਆਵਰਣ ਅਭਾਨਾਪਾਦਕ ਆਵਰਣ ਹੈ।

(**੪੩**) ਸਥੂਲ ਸੂਕਛਮ ਸਰੀਰ ਸਹਿਤ ਚਿਦਾਭਾਸ (ਚਿਦ=ਚੇਤਨ ਦਾ ਅਭਾਸ=ਪ੍ਰਤੀਬਿੰਬ ਅੰਤਹਕਰਣ ਵਿਚ) ਅਤੇ ਅੰਤਹਕਰਣ ਦੇ ਧਰਮ ਕਰਤਾ-ਭੋਗਤਾਪਨਾ ਜਨਮ ਮਰਣ ਆਦਿ ਦਾ ਵਿਕਛੇਪ (ਚੰਚਲਤਾ) ਹੈ।

ਮਾਯਾ ਕੀ ਦ੍ਵੈ ਸ਼ਕਤਿ ਹੈ ਵਿਖੇਪਕ ਆਵਰਨ॥
ਚੇਤਨ ਰੂਪ ਭੁਲਾਇ ਕੈ ਢਾਪਯੋ ਅੰਤਹਕਰਨ॥ (ਅਧਯਾਤਮ ਪ੍ਰਕਾਸ਼)

(੪੪) ਨਿਵਰਤੀ ਤੋ ਅਤਿਅੰਤਕ ਨਿਵਿਰਤੀ ਅਰਥ ਗ੍ਰਹਿਣ ਕਰਨਾ ਪੰਨਾ ੧੯ ਤੇ ਟੂਕ (੪) ਵਿਚੋਂ ਪੜ੍ਹੋ।

(੪੫) ਪ੍ਰਾਪਤੀ ਤੋਂ ਭਾਵ ਨਿਤਯ ਪ੍ਰਾਪਤ ਦੀ ਪ੍ਰਾਪਤੀ ਹੈ। ਪੰਨਾ ੨੧ ਤੇ ਟੂਕ (੬) ਪੜ੍ਹੋ।

ਪ੍ਰਸ਼ਨ ੨੧. ਦ੍ਰਿੜ ਅਪਰੋਕਸ਼ ਬ੍ਰਹਮ ਗਯਾਨ ਕਦੋਂ ਪੂਰਣ ਹੁੰਦਾ ਹੈ?

ਉੱਤਰ : (੪. ਦ੍ਰਿੜ ਅਪਰੋਕਸ਼ ਬ੍ਰਹਮ ਗਜਾਨ ਦੀ ਅਵਧੀ)

ਦੇਹ ਵਿਸ਼ੇ ਅਹੰਪਨੇ[੪੬] ਦੇ ਗਿਆਨ ਦੀ ਨਿਆਈ। ਇਸ ਗਜਾਨ ਦਾ ਬਾਧ ਕਰਕੇ ਬ੍ਰਹਮ ਤੋਂ ਅਭਿੰਨ ਆਤਮਾ ਵਿਸ਼ੇ ਜਦੋਂ ਗਯਾਨ ਹੋਵੇ। ਤਦੋਂ ਦ੍ਰਿੜ ਅਪਰੋਕਸ਼ ਗਜਾਨ ਪੂਰਣ ਹੁੰਦਾ ਹੈ।

ਸਾਦ ਰਹੇ ਬਾਦੰ ਅਹੰਕਾਰਾ॥ ਚਿਤ ਹਰਿ ਸਿਉ ਰਾਤਾ ਹੁਕਮਿ ਅਪਾਰਾ॥
ਜਾਤਿ ਰਹੇ ਪਤਿ ਕੇ ਆਚਾਰਾ॥ ਦ੍ਰਿਸਟਿ ਭਈ ਸੁਖੁ ਆਤਮ ਧਾਰਾ॥ (ਗਉੜੀ ਮ:੧, ਅੰਗ ੨੨੧)

(੪੬) ਮੈ-ਪਨੇ ਵਾ ਮੈ ਮੇਰੀ ਦਾ ਭਾਵ ਜੋ ਅੰਤਹਕਰਣ ਦੇ ਅੰਦਰ ਸਥੂਲ ਰੂਪ ਧਾਰ ਲਵੇ ਸੋ ਹੰਗਤਾ ਵਾ ਅਹੰਪਨਾ ਹੈ ਜੋ ਅੰਤਹਕਰਣ ਦੀ ਬਿਰਤੀ ਦੇ ਚਾਰ ਭੇਦ ਮਨ, ਬੁਧ, ਚਿਤ ਦੇ ਅਹੰਕਾਰ ਵਿਚੋਂ ਚੌਥਾ ਭੇਦ ਕਹੀਏ ਹੈ।

ਮੈ ਯਹ ਲੀਨੋ ਲੇਤ ਹੌ ਅਹੰਕਾਰ ਯਹ ਜੋਇ॥ ਸਭ ਕੋ ਜਬ ਨਿਸਚਯ ਕਰੈ ਬੁਧਿ ਕਹਾਵੈ ਸੋਇ॥
(ਅਧਯਾਤਮ ਪ੍ਰਕਾਸ਼)

ਵਾਸਤਵ ਵਿਚ ਮੈਂ=ਪਰਤਕ (ਅੰਤਰ) ਆਤਮਾ ਸਰੂਪ ਹਾਂ ਪਰੰਤੂ ਆਤਮਾ ਦੇ ਧਰਮ ਸਤ, ਚਿਤ, ਅਨੰਦ, ਅਦ੍ਵੈਤ ਆਦਿ ਨੂੰ ਦੇਹ ਰੂਪ ਅਨਾਤਮਾ ਦੇ ਧਰਮ ਅਸੱਤ, ਜੜ, ਦੁੱਖ, ਦ੍ਵੈਤ ਸਹਿਤਪਨਾ ਜਦੋਂ ਅਨਯੋਅਨਯ ਅਧਿਆਸ (ਪਰਸਪਰ ਵਿਸ਼ੇ ਪਰਸਪਰ ਦਾ ਅਧਿਆਸ ਕਹੀਏ ਭਰਮ) ਦੁਆਰਾ ਆਵ੍ਰਿਤ (ਢੱਕਣਾ) ਕਰਦੇ ਹਨ ਤਾਂ ਸ੍ਵੈ-ਸਰੂਪ ਆਤਮਾ ਦਾ ਅਗਿਆਨ ਹੋਣ ਨਾਲ ਅਨਾਤਮਾ ਜੋ ਦੇਹ ਤਿਸ ਵਿਸ਼ੇ ਆਤਮਾ ਦੀ ਪ੍ਰਤੀਤੀ ਹੁੰਦੀ ਹੈ ਅਤੇ ਜੀਵ ਆਪਣੀ ਦੇਹ ਨੂੰ ਆਤਮਾ ਜਾਨਣਾ ਕਰਦਾ ਹੈ ਸੋ ਦੇਹ ਅਧਿਆਸ ਕਹੀਏ ਹੈ।

ਇਸ ਤਰ੍ਹਾਂ ਮੈਂ=ਆਤਮਾ ਜਦੋਂ ਹਉ=ਸਰੀਰ ਵੱਲ ਝੁੱਕਦੀ ਹੈ ਤਾਂ ਆਪਾ ਦ੍ਰਿੜ ਕਰਦੀ ਹੈ ਜਿਸ ਤੋਂ ਮੋਹ-ਮਾਯਾ ਰੂਪ ਪ੍ਰਪੰਚ ਵਿਚ ਪ੍ਰਵਿਰਤੀ ਹੁੰਦੀ ਹੈ। ਇਸੇ ਦਾ ਨਾਮ ਤਨ-ਹੰਤਾ ਹੈ ਜੋ ਸਾਰੇ ਅਨਰਥਾਂ ਦਾ ਮੂਲ ਹੈ।

ਤਨ ਹੰਤਾ ਮਹਿਂ ਸਭ ਉਤਪਾਤ।
ਦੁਖ ਪ੍ਰਾਪਤਿ ਪੁਨ ਪੁਨ ਪਛੁਤਾਤ॥ ੪੩॥
ਜਨਮ ਅਸੰਖ ਇਸੀ ਤੇ ਧਰੈ॥
ਅਪ੍ਰੰਮਾਨ ਸੰਕਟ ਤੇ ਮਰੈ।
ਮਮਤਾ ਆਦਿ ਬਿਕਾਰ ਅਨੇਕ।
ਤਨ ਹੰਤਾ ਜਨਤੀ ਅਬਿਬੇਕ॥ ੪੪॥ (ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੧)

ਪ੍ਰਸ਼ਨ ੨੨. ਵਿਚਾਰ ਸੋ ਕੀ ਹੈ?

ਉੱਤਰ : (੧. ਵਿਚਾਰ ਦਾ ਸ੍ਵਰੂਪ)

ਆਤਮਾ ਅਤੇ ਅਨਾਤਮਾ ਨੂੰ ਭਿੰਨ[੪੭] ਕਰਕੇ ਜਾਨਣਾ ਸੋ ਵਿਚਾਰ ਹੈ।

ਸਤਿ ਨਿਰਤਿ ਬੂਝੈ ਜੇ ਕੋਇ॥ (ਗਉੜੀ ਸੁਖਮਨੀ ਮ:੫, ਅੰਗ ੨੮੫)

(੪੭) ਭਿੰਨ = ਵੱਖਰਾ

ਜਿਵੇਂ ਹੰਸ ਦੁੱਧ ਵਿਚ ਆਪਣੀ ਚੁੰਝ ਪਾ ਕੇ ਦੁੱਧ ਤੇ ਪਾਣੀ ਨੂੰ ਅਲੱਗ ਕਰ ਦਿੰਦਾ ਹੈ ਤਿਵੇਂ ਹੀ ਬਿਬੇਕ-ਬੁੱਧ ਰੂਪ ਚੁੰਝ ਨਾਲ ਗੁਰ-ਸ਼ਬਦ ਦੀ ਵਿਚਾਰ ਦੁਆਰਾ ਅਨਾਤਮਾ=ਆਤਮਾ ਤੋਂ ਭਿੰਨ ਮਾਇਆ ਦੀਆਂ ਦੋ ਅੰਸਾ ਨਾਮ ਤੇ ਰੂਪ ਜੋ ਪਾਣੀ ਦੀ ਨਿਆਈ ਹਨ, ਇਨ੍ਹਾਂ ਦਾ ਤਿਆਗ ਕਰਕੇ ਦੁੱਧ ਰੂਪ ਤਿੰਨ ਬ੍ਰਹਮ ਦੀਆਂ ਅੰਸਾਂ ਸਤ, ਚਿਤ, ਅਨੰਦ ਵਾ ਅਸਤੀ, ਭਾਤੀ, ਪ੍ਰੇਯ ਦਾ ਗ੍ਰਹਣ ਕਰਨ ਰੂਪ ਨਿਰਣਾ ਕਰਨਾ ਵਿਚਾਰ ਹੈ।

ਗੁਰਮੁਖਿ ਵੰਸੀ ਪਰਮਹੰਸ ਖੀਰ ਨੀਰ ਨਿਰਨਉ ਚੁੰਜਿ ਵੀੜੀ॥

(ਵਾਰ ੧੧, ਪਉੜੀ ੫, ਭਾਈ ਗੁਰਦਾਸ ਜੀ)

ਪ੍ਰਸ਼ਨ ੨੩. ਇਹ ਵਿਚਾਰ ਕਿਸ ਤੋਂ ਹੁੰਦੀ ਹੈ?

ਉੱਤਰ : (੨. ਵਿਚਾਰ ਦਾ ਹੇਤੂ)

ਇਹ ਵਿਚਾਰ ਈਸ਼ਵਰ, ਵੇਦ, ਗੁਰੂ ਅਤੇ ਆਪਣੇ ਅੰਤਹਕਰਣ ਇਨ੍ਹਾਂ ਚਾਰਾਂ(੪੮) ਦੀ ਕਿਰਪਾ ਨਾਲ ਹੁੰਦੀ ਹੈ।

(੪੮) ਚਾਰ ਪ੍ਰਕਾਰ ਦੀ ਕਿਰਪਾ :-

(੧) **ਈਸ਼ਵਰ ਕਿਰਪਾ :-** ਸਤਿਗੁਰੂ ਆਦਿਕ ਗਿਆਨ ਸਾਮੱਗਰੀ ਦੀ ਪ੍ਰਾਪਤੀ ਹੋਣਾ।

ਸੋ ਸਤਿਗੁਰੁ ਤਿਨ ਕਉ ਭੇਟਿਆ ਜਿਨ ਕੈ ਮੁਖਿ ਮਸਤਕਿ ਭਾਗੁ ਲਿਖਿ ਪਾਇਆ॥

(ਵਡਹੰਸ-ਵਾਰ ਮ: ੪, ਅੰਗ ੫੮੬)

(੨) **ਵੇਦ (ਗਿਆਨ) ਕਿਰਪਾ :-**

ਸ਼ਾਸਤ੍ਰਾਂ ਦੇ ਯਥਾਰਥ ਅਰਥਾਂ ਨੂੰ ਧਾਰਣ ਕਰਨ ਦੀ ਸ਼ਕਤੀ।

ਜਿਹ ਬਿਧਿ ਗੁਰ ਉਪਦੇਸਿਆ ਸੋ ਸੁਨੁ ਰੇ ਭਾਈ॥ (ਤਿਲੰਗ ਮ:੯, ਅੰਗ ੭੨੭)

(੩) **ਗੁਰੂ ਕਿਰਪਾ :-**

ਸ਼ਾਸਤ੍ਰ ਅਤੇ ਸ੍ਵੈ-ਅਨੁਭਵ ਦੇ ਅਨੁਸਾਰ ਯਥਾਰਥ ਉਪਦੇਸ਼ ਕਰਨਾ।

ਜੈਸੋ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥ (ਗਉੜੀ ਮ : ੫, ਅੰਗ ੨੧੪)

(੪) **ਅੰਤਹਕਰਣ ਦੀ ਕਿਰਪਾ :-**

ਆਪਣੇ ਆਪ ਉੱਪਰ ਤਰਸ ਕਰਕੇ ਸ਼ਾਸਤ੍ਰ-ਗੁਰੂ ਦੇ ਬਚਨਾ ਅਨੁਸਾਰ ਗਿਆਨ ਪ੍ਰਾਪਤੀ ਦੇ ਸਾਧਨ:- ਖਟ ਸੰਪਤੀ,ਸ੍ਰਵਣ,ਮੰਨਨ ਨਿਧਿਆਸਣ ਆਦਿ ਦੁਆਰਾ ਗੁਰ ਉਪਦੇਸ਼ ਦੀ ਕਮਾਈ ਕਰਨੀ।

ਗੁਰਿ ਕਹਿਆ ਸਾ ਕਾਰ ਕਮਾਵਹੁ॥ ਸਬਦ ਚੀਨ ਸਹਜ ਘਰਿ ਆਵਹੁ॥

(ਬਿਲਾਵਲ ਮ:੩, ਅੰਗ ੯੩੩)

ਚਾਰ ਪ੍ਰਕਾਰ ਦੀ ਕਿਰਪਾ ਤੋਂ ਇਲਾਵਾ ਪੂਰਨ ਕਿਰਪਾ ਦਾ ਜ਼ਿਕਰ ਗੁਰਬਾਣੀ ਵਿਚ ਆਇਆ ਜਿਸ ਦੇ ਦੁਆਰਾ ਮਨ ਵੱਸ ਵਿਚ ਆਉਂਦਾ ਹੈ।

ਉਪਰੋਕਤ ਕਥਨ ਕੀਤੀਆਂ ਚਾਰ ਕਿਰਪਾ ਇਕੱਠੀਆਂ ਜਦੋਂ ਕਿਸੇ ਜੀਵ ਤੇ ਹੁੰਦੀਆਂ ਹਨ ਉਸੇ ਦਾ ਨਾਮ ਪੂਰਨ ਕਿਰਪਾ ਹੈ।

ਦਹ ਦਿਸ ਖੋਜਤ ਮੈ ਫਿਰਿਓ ਜਤ ਦੇਖਉ ਤਤ ਸੋਇ॥
ਮਨੁ ਬਸਿ ਆਵੈ ਨਾਨਕਾ ਜੇ ਪੂਰਨ ਕਿਰਪਾ ਹੋਇ॥ (ਗਉੜੀ ਥਿਤੀ ਮਃ ੫, ਅੰਗ ੮੧)

ਪੂਰਨ ਕਿਰਪਾ ਦਾ ਸਾਧਨ ਵਿਚਾਰ ਹੈ :-

ਜਿਨ ਕਉ ਸਾਧੂ ਸੰਗੁ ਨਾਮ ਹਰਿ ਰੰਗੁ ਤਿਨੀ ਬ੍ਰਹਮੁ ਬੀਚਾਰਿਆ ਜੀਉ ॥
ਬ੍ਰਹਮੁ ਬੀਚਾਰਿਆ ਜਨਮੁ ਸਵਾਰਿਆ ਪੂਰਨ ਕਿਰਪਾ ਪ੍ਰਭਿ ਕਰੀ ॥ (ਸਿਰੀਰਾਗ ਮਃ ੫, ਅੰਗ ੮੧)

ਪ੍ਰਸ਼ਨ ੨੪ ਇਹ ਵਿਚਾਰ ਨਾਲ ਕੀ ਹੁੰਦਾ ਹੈ?

ਉੱਤਰ : (੩. ਵਿਚਾਰ ਦਾ ਫਲ[੪੯])

ਇਸ ਵਿਚਾਰ ਨਾਲ ਦ੍ਰਿੜ੍ਹ ਅਪਰੋਕਸ਼ ਬ੍ਰਹਮ ਗਜਾਨ ਹੁੰਦਾ।

(੪੯) **ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ ॥**
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ ॥
ਆਨੰਦੁ ਅਨਦਿਨੁ ਹਰਖੁ ਸਾਚਾ ਦੂਖ ਕਿਲਵਿਖ ਪਰਹਰੇ ॥
ਸਚੁ ਨਾਮੁ ਪਾਇਆ ਗੁਰਿ ਦਿਖਾਇਆ ਮੈਲੁ ਨਾਹੀ ਸਚ ਮਨੇ ॥ (ਧਨਾਸਰੀ ਮ : ੧, ਅੰਗ ੬੮੮)

ਪ੍ਰਸ਼ਨ ੨੫. ਇਹ ਵਿਚਾਰ ਕਦੋਂ ਪੂਰਣ ਹੁੰਦੀ ਹੈ?

ਉੱਤਰ : (੪. ਵਿਚਾਰ ਦੀ ਅਵਧੀ)

ਇਹ ਵਿਚਾਰ ਦ੍ਰਿੜ ਅਪਰੋਕਸ਼ ਬ੍ਰਹਮ ਗਯਾਨ ਦੇ ਹੋਣ ਤੋਂ ਪੂਰਣ ਹੋਵੇ ਹੈ।

ਪ੍ਰਸ਼ਨ ੨੬. ਵਿਚਾਰ ਕਿਸਦਾ ਕਰਨਾ ?

ਉੱਤਰ : (੫. ਵਿਚਾਰ ਦਾ ਵਿਸ਼ਯ) (੧) ਮੈਂ ਕੌਣ ਹਾਂ? (੨) ਬ੍ਰਹਮ ਕੌਣ ਹੈ? ਅਤੇ (੩) ਪ੍ਰਪੰਚ ਕੀ ਹੈ? ਇਨ੍ਹਾਂ ਤਿੰਨ ਵਸਤੂਆਂ ਦਾ ਵਿਚਾਰ ਕਰਨਾ।

ਬ੍ਰਹਮ ਮਹੂਰਤ ਉਠੇ ਨਰ ਚਿਤਵੈ ਏਤੀ ਬਾਤ॥
ਕੌ ਪ੍ਰਭ ਕੌ ਮੈ ਕੋਇ ਹਿਤੁ ਕੌਣ ਸਕਤ ਕੌ ਜਾਤਿ॥ (ਚਾਣਕਯ ਨੀਤੀ)

ਪ੍ਰਸ਼ਨ ੨੭. ਇਨ੍ਹਾਂ ਤਿੰਨ ਵਸਤੂਆਂ ਦਾ ਸਾਧਾਰਣ ਰੂਪ ਕੀ ਹੈ?

ਉੱਤਰ : (੧-੨) ਮੈਂ ਅਤੇ ਬ੍ਰਹਮ ਸੋ ਚੈਤੰਨਯ ਹਾਂ ਅਤੇ (੩) ਪ੍ਰਪੰਚ[੫੦] ਸੋ ਜੜ ਹੈ।

(੫੦) ਸਮਸਟੀ ਵਿਅਸਟੀ ਸਥੂਲ, ਸੂਕਛਮ, ਕਾਰਣ ਦੇਹ ਅਤੇ ਇਨ੍ਹਾਂ ਦੀਆਂ ਅਵਸਥਾ (ਜਾਗ੍ਰਤ, ਸੁਪਨ, ਸੁਖੋਪਤ) ਅਤੇ ਧਰਮ ਪ੍ਰਪੰਚ ਕਹੀਏ ਹੈ।

ਸਮਸਟੀ ਤੋਂ ਭਾਵ ਸੰਪੂਰਣ ਵਾ ਸਮੂਹ ਅਤੇ ਵਿਅਸਟੀ ਤੋਂ ਭਾਵ ਹੈ ਵਿਸ਼ੇਸ਼ ਕੋਈ ਇਕ। ਜਿਵੇਂ ਬਾਗ ਦੇ ਵਿਚ ਅਨੇਕਾਂ ਫਲਾਂ ਦੇ ਬੂਟੇ ਹੋਣ, ਸੋ ਬਾਗ ਸਮਸਟੀ ਹੈ ਅਤੇ ਵਿਸ਼ੇਸ਼ ਅੰਬ ਆਦਿ ਕਿਸੇ ਫਲ ਦਾ ਬੂਟਾ ਵਿਅਸਟੀ ਹੈ। ਤਿਵੇਂ ਹੀ ਪ੍ਰਤੇਕ ਜੀਵ ਦੀ ਜਾਗ੍ਰਤ ਅਵਸਥਾ ਦਾ ਅਭਿਮਾਨੀ ਵਿਸ਼ਵ, ਸੁਪਨ ਦਾ ਅਭਿਮਾਨੀ ਤੈਜਸ ਅਤੇ ਸੁਖੋਪਤ ਦਾ ਅਭਿਮਾਨੀ ਪ੍ਰਗਯ ਨਾਮੀ ਜੀਵ ਹੈ। ਇਹ ਜੀਵ ਦੀਆਂ ਵਿਅਸਟੀ ਉਪਾਧੀਆਂ ਹਨ। ਅਤੇ ਸਾਰੇ ਜੀਵਾਂ ਦੀ ਜਾਗ੍ਰਤ ਦਾ ਅਭਿਮਾਨੀ ਵੈਸ਼੍ਵਾਨਰ (ਵੈਰਾਟ ਰੂਪ), ਸੁਪਨ ਦਾ ਅਭਿਮਾਨੀ ਹਿਰਨ ਗਰਭ ਅਤੇ ਸੁਖੋਪਤ ਦਾ ਅਭਿਮਾਨੀ ਅੱਬਿਆਕ੍ਰਿਤ ਈਸ਼ਵਰ ਦੀਆਂ ਉਪਾਧੀਆਂ ਸਮਸਟੀ ਹਨ।

ਪ੍ਰਸ਼ਨ ੨੮. ਚੈਤੰਨਯ ਸੋ ਕੀ ਹੈ?

ਉੱਤਰ : (੧) ਜੋ ਗਯਾਨ ਸਰੂਪ ਹੈ ਅਤੇ

(੨) ਸਾਰੇ ਘਟਾਦਿਕ ਪ੍ਰਪੰਚ ਨੂੰ ਜਾਣਦਾ ਹੈ ਅਤੇ

(੩) ਜਿਸ ਨੂੰ ਅਨਯ ਮਨ ਇੰਦ੍ਰਿਯ ਆਦਿਕ ਕੋਈ ਜਾਣ ਨਹੀਂ ਸਕਦੇ ਸੋ ਚੈਤੰਨਯ ਹੈ।

ਪ੍ਰਸ਼ਨ ੨੯. ਜੜ ਸੋ ਕੀ ਹੈ?

ਉੱਤਰ : (੧) ਜੋ ਆਪਣੇ ਆਪ ਨੂੰ ਨਾ ਜਾਣੇ ਅਤੇ

(੨) ਦੂਸਰੇ ਨੂੰ ਵੀ ਨਾ ਜਾਣੇ

ਐਸਾ ਜੋ ਅਗਿਆਨ(੫੧) ਅਤੇ ਤਿਸਦੇ ਕਾਰਯ ਭੂਤ(੫੨) ਭੌਤਿਕ(੫੩) ਪਦਾਰਥ ਸੋ ਜੜ ਹਨ।

(੫੧) ''ਨਹੀਂ ਜਾਣਦਾ ਹਾਂ'' ਐਸੇ ਵਿਵਹਾਰ ਦਾ ਕਾਰਣ ਆਵਰਣ ਵਿਕਛੇਪ ਸ਼ਕਤੀ ਵਾਲਾ ਅਨਾਦੀ ਭਾਵ ਰੂਪ ਪਦਾਰਥ ਅਗਯਾਨ ਕਹੀਏ ਹੈ।

ਕਿਛੁ ਨ ਜਾਨਾ ਮਤਿ ਮੇਰੀ ਥੋਰੀ॥ ਬਿਨਵਤਿ ਨਾਨਕ ਓਟ ਪ੍ਰਭ ਤੋਰੀ॥ ੪॥

(ਆਸਾ ਮ : ੫, ਅੰਗ ੩੮੮)

(੫੨) ਅਕਾਸ਼, ਹਵਾ, ਅੱਗ, ਪਾਣੀ ਅਤੇ ਧਰਤੀ ਇਹ ਪੰਜ ਤੱਤ ਵਾ ਪੰਚ ਭੂਤ ਹਨ।

(੫੩) ਪੰਜ ਭੂਤ ਵਾ ਤੱਤਾਂ ਦਾ ਕਾਰਯ ਕਹੀਏ ਕਾਰਜ ਜੋ ਪਿੰਡ (ਸਰੀਰ) ਬ੍ਰਹਮੰਡ ਆਦਿਕ ਸੋ ਭੌਤਿਕ ਹਨ।

ਪ੍ਰਸ਼ਨ ੩੦. ਉੱਪਰ ਕਹੇ ਜੋ ਤਿੰਨ ਵਸਤੂਆਂ ਦੇ ਵਿਚਾਰ ਦਾ ਕਿਸ ਰੀਤ ਨਾਲ ਉਪਯੋਗ ਹੈ?

ਉੱਤਰ : (੬. ਵਿਚਾਰ ਦਾ ਉਪਯੋਗ)

(੧) ''ਤਤ੍ਤ੍ਵਮੰਅਸੀ''(੫੪) ਮਹਾਵਾਕਯ* ਵਿਚ ਸਥਿਤ ''ਤ੍ਵੰ'' ਪਦ ਅਤੇ 'ਤਤ' ਪਦ ਦਾ ਵਾਚਯ(੫੫) ਅਰਥ ਜੀਵ(੫੬) ਅਤੇ ਈਸ਼ਵਰ(੫੭) ਇਨ੍ਹਾਂ ਦੀ ਉਪਾਧੀ ਰੂਪ ਜੋ ਪ੍ਰਪੰਚ(੫੮), ਤਿਸ ਨੂੰ ਜੇਵਰੀ(੫੯) ਵਿਚ ਸੱਪ ਦੀ ਨਿਆਈ ਅਤੇ ਠੂਠ(੬੦) ਵਿੱਚ ਪੁਰਸ਼ ਦੀ ਨਿਆਈ ਅਤੇ ਮਰੂ-ਭੂਮੀ ਵਿੱਚ ਮ੍ਰਿਗਜਲ(੬੧) ਦੀ ਨਿਆਈ ਵਿਚਾਰ ਕਰਕੇ ਮਿਥਿਆ ਜਾਨ ਕੇ ਤਿਆਗ ਕਰਨਾ। ਇਹ ਪ੍ਰਪੰਚ ਦੇ ਵਿਚਾਰ ਦਾ ਉਪਯੋਗ ਹੈ।

(੨) ''ਮੈਂ ਜੋ (ਤ੍ਵੰ ਪਦ ਦਾ ਲਕਛਯ(੬੨) ਅਰਥ ਆਤਮਾ) ਸੋ (ਤਤ ਪਦ ਦਾ ਲਕਛਯ ਅਰਥ) ਬ੍ਰਹਮ ਹਾਂ।'' ਇਸ ਰੀਤ ਨਾਲ ਬ੍ਰਹਮ ਆਤਮਾ ਦੀ ਏਕਤਾ ਦੀ ਵਿਚਾਰ ਕਰਕੇ ਸੱਤ ਜਾਣ ਕੇ ਅਵਸ਼ੇਸ਼(੬੩) ਰੱਖਣਾ। ਇਹ ''ਮੈਂ ਕੌਣ ਹਾਂ?'' ਅਤੇ ''ਬ੍ਰਹਮ ਕੌਣ ਹੈ?'' ਇਸ ਵਿਚਾਰ ਦਾ ਉਪਯੋਗ (ਫਲ) ਹੈ।

(੫੪) ਪੰਨ ੨੮ ਟੂਕ ੨੨ ਪੜ੍ਹੋ।

*ਪੰਨਾ ੨੮ ਤੇ ਟੂਕ ੨੪ ਪੜ੍ਹੋ।

(੫੫) ਦੋ ਪ੍ਰਕਾਰ ਦੇ ਅਰਥ :-

(੧) ਵਾਚਜ ਅਰਥ :- ਜਿਸ ਪਦ ਵਿੱਚ ਜਿਸ ਅਰਥ ਦਾ ਬੋਧ ਕਰਵਾਉਣ ਦੀ ਸਮਰੱਥਾ ਅਥਵਾ

ਸ਼ਕਤੀ ਹੋਵੇ ਸੋ ਅਰਥ ਸ਼ੱਕਯ ਅਰਥ ਕਹੀਏ ਹੈ। ਇਸੇ ਨੂੰ ਵਾਚਯ ਅਰਥ ਵੀ ਆਖਦੇ ਹਨ। ਜਿਵੇਂ ਅਗਨੀ ਪਦ ਵਿੱਚ ਅੰਗਾਰ ਰੂਪ ਅਰਥ ਦੀ ਸ਼ਕਤੀ ਹੈ। ਇਸ ਲਈ ਅਗਨੀ ਪਦ ਦਾ ਅੰਗਾਰ ਸ਼ੱਕਯ ਅਰਥ ਵਾ ਵਾਚਯ ਅਰਥ ਕਹੀਏ ਹੈ।

(੨) **ਲਕਛਯ ਅਰਥ :-** ਜਿਸ ਅਰਥ ਦਾ ਪਦ ਦੀ ਸ਼ਕਤੀ ਦੁਆਰਾ ਗਿਆਨ ਨਾ ਹੋਵੇ ਪਰੰਤੂ ਲੱਕਛਣਾ (ਵਾਚਯ ਅਰਥ ਦੇ ਸੰਬੰਧੀ) ਦੁਆਰਾ ਬੋਧ ਹੋਵੇ ਸੋ ਲਕਛਯ ਅਰਥ ਕਹੀਏ ਹੈ।

ਲਕਛਣਾ ਤਿੰਨ ਪ੍ਰਕਾਰ ਦੀ ਹੈ :-ਯਹਤੀ ਲਕਛਣਾ, ਅਯਹਤੀ ਲਕਛਣਾ ਅਤੇ ਭਾਗ ਤਿਆਗ ਲਕਛਣਾ। (ਵਿਸਥਾਰ ਨਾਲ ਪੰਨਾ ੧੯੪ 'ਤੇ ਪ੍ਰਸ਼ਨ ੨੦੪ ਪੜ੍ਹੋ)

(੫੬) ਚਿਦਾਭਾਸ (ਚੇਤਨ ਦਾ ਪ੍ਰਤੀਬਿੰਬ) ਯੁਕਤ ਅੰਤਹਕਰਣ ਸਹਿਤ ਕੂਟਸਥ (ਨਿਰਹੱਲ) ਚੇਤਨ ਜੀਵ ਕਹੀਏ ਹੈ।

(੫੭) ਚਿਦਾਭਾਸ ਯੁਕਤ ਮਾਇਆ ਸਹਿਤ ਬ੍ਰਹਮ (ਵਿਆਪਕ) ਚੇਤਨ ਸੋ ਈਸ਼ਵਰ ਕਹੀਏ ਹੈ।

(੫੮) ਸਮਸਟੀ ਵਿਅਸਟੀ ਰੂਪ ਤਿੰਨ ਸਰੀਰ, ਪੰਜ ਕੋਸ਼, ਤਿੰਨ ਅਵਸਥਾ (ਜਾਗ੍ਰਤ, ਸੁਪਨ, ਸੁਖੋਪਤ) ਆਦਿਕ ਨਾਮ, ਰੂਪ ਪ੍ਰਪੰਚ ਕਹੀਏ ਹੈ।

(੫੯) ਰੱਸੀ

(੬੦) ਸਥਾਨੂ ਭਾਵ ਕੱਟਿਆ ਹੋਇਆ ਦਰਖ਼ਤ।

(੬੧) ਮਰੂ-ਭੂਮੀ ਭਾਵ ਰੇਤਲੇ ਮੈਦਾਨਾਂ ਵਿੱਚ ਜਦ ਸੂਰਜ ਦੀਆਂ ਸਿੱਧੀਆਂ ਕਿਰਨਾਂ ਪੈਂਦੀਆਂ ਹਨ ਤਾਂ ਜਦੋਂ ਮਿਰਗ=ਹਿਰਨ ਉਸ ਮਿਥਿਆ ਜਲ ਵਲ ਦੌੜ ਕੇ ਜਾਂਦੇ ਹਨ ਤਾਂ ਉਹ ਓਨਾ ਹੀ ਹੋਰ ਦੂਰ ਪ੍ਰਤੀਤ ਹੁੰਦਾ ਹੈ। ਇਉਂ ਪਾਣੀ ਤਾਂ ਹੁੰਦਾ ਨਹੀਂ ਸਿਰਫ ਮ੍ਰਿਗ ਭਟਕਦਾ ਫਿਰਦਾ ਹੈ। ਏਸੇ ਪ੍ਰਕਾਰ ਮਾਯਾ ਰੂਪੀ ਰੇਤਾ ਵਿੱਚ ਬ੍ਰਹਮ ਰੂਪੀ ਸੂਰਜ ਦੀਆਂ ਸੱਤਾ ਰੂਪੀ ਕਿਰਨਾ ਪੈਣ ਕਰਕੇ ਇਹ ਸੰਸਾਰ ਰੂਪ ਪਾਣੀ ਸੱਚਾ ਪ੍ਰਤੀਤ ਹੋਣ ਲੱਗ ਪਿਆ। ਮ੍ਰਿਗ ਨੂੰ ਪਾਣੀ ਦਿੱਸਣ ਵਾਂਗ ਇਹ ਜਗਤ ਝੂਠਾ ਹੈ ਤੇ ਮ੍ਰਿਗ ਵਾਂਗ ਹੀ ਜੀਵ ਇਸ ਸੰਸਾਰ ਰੂਪੀ ਪਾਣੀ ਨੂੰ ਸੱਚਾ ਮੰਨ ਕੇ ਫੜਦਾ ਹੈ ਕਿ ਮੇਰੀ ਤ੍ਰਿਪਤੀ ਹੋਵੇਗੀ ਜੋ ਵਾਸਤਵਿਕ ਵਿਚ ਸੰਭਵ ਨਹੀਂ।

ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹ ਜਗ ਦੇਖਿ ਤਾਸਿ ਉਠਿ ਧਾਵੈ॥ ੧॥
ਭੁਗਤਿ ਮੁਕਤਿ ਕਾ ਕਾਰਨ ਸੁਆਮੀ ਮੂੜ ਤਾਹਿ ਬਿਸਰਾਵੈ॥ **(ਗਉੜੀ ਮ : ੯, ਅੰਗ ੨੧੯)**

(੬੨) ਪੰਨਾ ੩੬ ਟੂਕ ੫੫ ਤੇ ਪੜ੍ਹੋ।

(੬੩) ਬਾਕੀ

ਪ੍ਰਸ਼ਨ ੩੧. ਇਸ ਵਿਚਾਰ ਦਾ ਅਧਿਕਾਰੀ ਕੌਣ ਹੈ ਅਤੇ ਉਹ ਕੀ ਕਰੇ?

ਉੱਤਰ : (੭. ਵਿਚਾਰ ਦਾ ਅਧਿਕਾਰੀ)

(੧) ਇਸ ਵਿਚਾਰ ਦਾ ਅਧਿਕਾਰੀ ਉੱਤਮ-ਜਿਗਿਆਸੂ[੬੪] ਹੈ।

(੨) ਸੋ ਅਧਿਕਾਰੀ ਸਤਗੁਰੂ ਦੀ ਕਿਰਪਾ ਨਾਲ ਉਪੋਦਘਾਤ ਆਦਿਕ ਪ੍ਰਕਿਰਿਆ[੬੫] ਨੂੰ ਵਿਚਾਰ ਕੇ ''ਮੈਂ ਹੀ ਆਪ ਬ੍ਰਹਮ ਹਾਂ'' ਇਸ ਰੀਤਿ ਨਾਲ ਬ੍ਰਹਮ ਆਤਮਾ ਨੂੰ ਅਪਰੋਕਸ਼ ਜਾਨੇ।

(੬੪) ਵਿਵੇਕ,ਵੈਰਾਗ,ਖਟ ਸੰਪਤੀ ਅਤੇ ਮੁਮੁਕਛੁਤਾ (ਮੋਕਸ਼ ਇਛਾ) ਇਨ੍ਹਾਂ ਚਾਰ ਸਾਧਨਾ ਦੇ ਸਹਿਤ

ਹੋਵੇ ਅਤੇ ਬ੍ਰਹਮ-ਬੇਤੇ ਗੁਰੂ ਅਤੇ ਵੇਦਾਂਤ ਸ਼ਾਸਤ੍ਰ ਦੇ ਵਚਨਾਂ ਵਿਸ਼ੇ ਪਰਮ ਵਿਸ਼ਵਾਸੀ ਹੋਵੇ ਕੁਤਰਕ ਕਦਾਚਿਤ ਨਾ ਕਰੇ। ਐਸਾ ਜੋ ਸਵਰੂਪ ਦੇ ਜਾਨਣ ਦੀ ਤੀਬਰ ਇੱਛਾ ਵਾਲਾ ਅਧਿਕਾਰੀ ਸੋ ਉੱਤਮ ਜਿਗਿਆਸੂ ਕਹੀਏ ਹੈ।

ਮੂਲ ਵਿਕਸ਼ੇਪ ਜਾ ਕੇ ਨਹੀਂ ਕਿੰਤੁ ਏਕ ਅਗਜਾਨ॥

ਹੈ ਚਵ ਸਾਧਨ ਸਹਿਤ ਨਰ ਸੋ ਅਧਿਕ੍ਰਿਤ ਮਤਿਮਾਨ॥ ੧੧॥ (ਵਿਚਾਰ ਸਾਗਰ, ਪ੍ਰਥਮ ਤਰੰਗ)

(੬੫) ਅਦ੍ਵੈਤ ਦੇ ਬੋਧ ਕਰਵਾਉਣ ਦੀ ਕੋਈ ਵੀ ਯੁਕਤੀ ਸੋ ਪ੍ਰਕਿਰਿਆ ਕਹੀਏ ਹੈ।

ਪ੍ਰਸ਼ਨ ੩੨. ਉਨ੍ਹਾਂ ਪ੍ਰਕਿਰਿਆ ਦੇ ਨਾਮ ਕੀ ਹਨ?

ਉੱਤਰ : (੧) ਉਪੋਦਘਾਤ॥

(੨) ਪ੍ਰਪੰਚ ਆਰੋਪ ਅਤੇ ਅਪਵਾਦ॥

(੩) ਦੇਹ ਤੀਨ ਕਾ ਮੈਂ ਦ੍ਰਸ਼ਟਾ ਹੂੰ॥

(੪) ਮੈਂ ਪੰਚ ਕੋਸ਼ਾਤੀਤ ਹੂੰ॥

(੫) ਤੀਨ ਅਵਸਥਾ ਕਾ ਮੈਂ ਸਾਕਸ਼ੀ ਹੂੰ॥

(੬) ਪ੍ਰਪੰਚ ਕਾ ਮਿਥਿਆਪਨਾ॥

(੭) ਆਤਮਾ ਕੇ ਵਿਸ਼ੇਸ਼ਣ॥

(੮) ਸਚਿਦਾਨੰਦ ਵਿਸ਼ੇਸ਼ ਵਰਣਨ॥

(੯) ਅਵਾਚਯ ਸਿਧਾਂਤ ਵਰਣਨ॥

(੧੦) ਸਾਮਾਨਯ ਚੈਤੰਨਯ ਅਤੇ ਵਿਸ਼ੇਸ਼ ਚੈਤੰਨਯ॥

(੧੧) ''ਤ੍ਵੰ'' ਪਦ ਅਤੇ ''ਤਤ'' ਪਦ ਦਾ ਵਾਚਯ ਅਰਥ ਅਤੇ ਲਕਛਯ ਅਰਥ ਅਤੇ ਦੋਵਾਂ ਦੇ ਲਕਛਯ ਅਰਥ ਦੀ ਏਕਤਾ॥

(੧੨) ਗਯਾਨੀ ਦੇ ਕਰਮ ਦੀ ਨਿਵਿਰਤੀ॥

(੧੩) ਸਪਤ ਗਯਾਨ ਭੂਮਿਕਾ॥

(੧੪) ਜੀਵਨ ਮੁਕਤੀ ਅਤੇ ਵਿਦੇਹ ਮੁਕਤੀ॥

(੧੫) ਵੇਦਾਂਤ ਪ੍ਰਮੇਯ॥

(੧੬) ਸ੍ਰੀ ਸ੍ਰੁਤੀਛੜਲਿੰਗ ਸੰਗ੍ਰਹਃ॥

ਇਹ ਓਨਾ ਪ੍ਰਕਿਰਿਆ[੬੬] ਦੇ ਨਾਮ ਹਨ।

(੬੬) ਪ੍ਰਕਿਰਿਆ ਤੋਂ ਭਾਵ ਇਸ ਗ੍ਰੰਥ ਦੀਆਂ ਸੋਲਾਂ ਕਲਾਂ ਤੋਂ ਹੈ।

(੧) ਪ੍ਰਪੰਚ ਵਿਚਾਰ ਪਹਿਲੀ, ਦੂਸਰੀ, ਛੇਵੀਂ,ਬਾਰਵੀਂ ਅਤੇ ਤੇਰਵੀਂ ਕਲਾ ਵਿਚ ਕੀਤਾ ਹੈ।

(੨) ''ਪ੍ਰਪੰਚ ਸਹਿਤ ਮੈਂ ਕੌਣ ਹਾਂ'' ਇਸ ਦਾ ਵਿਚਾਰ ਤੀਸਰੀ,ਚੌਥੀ ਅਤੇ ਪੰਜਵੀਂ ਕਲਾ ਵਿਚ ਕੀਤਾ ਹੈ।

(੩) ''ਪਰਮਾਤਮਾ ਕੌਣ ਹੈ'' ਇਸ ਦਾ ਵਿਚਾਰ ਦਸਵੀਂ ਕਲਾ ਵਿਸ਼ੇ ਕੀਤਾ ਹੈ।

(੪) ''ਬ੍ਰਹਮ-ਆਤਮਾ'' ਦੋਵਾਂ ਦੇ ਸ੍ਵਰੂਪ ਦਾ ਵਿਚਾਰ ਸਤਵੀਂ, ਅਠਵੀਂ, ਨੌਵੀਂ, ਗਿਆਰਵੀ ਅਤੇ ਚੌਦਵੀਂ ਕਲਾ ਵਿਚ ਕੀਤਾ ਹੈ।

(੫) ਪ੍ਰਪੰਚ ਅਤੇ ਬ੍ਰਹਮ-ਆਤਮਾ ਦੇ ਸ੍ਵਰੂਪ ਦਾ ਵਿਚਾਰ ਪੰਦਰਵੀਂ ਕਲਾ ਵਿੱਚ ਹੈ।

ਸਾਰੀਆਂ ਪ੍ਰਕਿਰਿਆ ਵਾ ਕਲਾ ਦਾ ''ਤੱਤ'' ''ਤ੍ਵੰ'' ਪਦਾਰਥ ਦਾ ਸੰਸ਼ੋਧਨ (ਵਿਵੇਚਨ) ਅਤੇ ਇਨ੍ਹਾਂ ਦੀ ਏਕਤਾ ਦਾ ਨਿਸ਼ਚੇ ਕਰਵਾਉਣਾ ਹੀ ਪ੍ਰਯੋਜਨ (ਮਕਸਦ) ਹੈ।

इति श्रीविचारचंद्रोदये उपोदघातवर्णन नामिका प्रथम कला समाप्ता ॥ १॥

ਇਤਿ ਸ੍ਰੀ ਵਿਚਾਰਚੰਦ੍ਰੋਦਯੇ ਉਪੋਦਘਾਤ ਵਰਣਨ ਨਾਮਿਕਾ ਪ੍ਰਥਮ ਕਲਾ ਸਮਾਪਤਾ ॥੧॥

ਜੋ ਸ੍ਰੀ=ਸੁਭਾਇਮਾਨ ਵਿਚਾਰਚੰਦ੍ਰੋਦਯੇ ਗ੍ਰੰਥ ਹੈ ਤਿਸਦੀ ਪ੍ਰਥਮ=ਪਹਿਲੀ ਕਲਾ ਏਥੇ ਇਤਿ=ਸਮਾਪਤ ਹੁੰਦੀ ਹੈ। ਜਿਸ ਨੂੰ ਉਪੋਦਘਾਤ ਨਾਮਿਕਾ=ਨਾਮ ਦੀ ਪ੍ਰਕਿਰਿਆ ਦਾ ਵਰਣਨ=ਕਰਕੇ ਸਮਾਪਤਾ=ਸੰਪੂਰਨ ਕੀਤਾ ਗਿਆ ਹੈ॥

☆☆☆

(ਦ੍ਵੀਤੀਯ ਕਲਾ)

॥ अथ द्वितीय कला प्रारंभः॥ २॥

अथ द्वीतीय कला प्रारंभः ॥ २ ॥

अथ=ਹੁਣ ਇਸ ਗ੍ਰੰਥ ਦੇ ਦ੍ਵੀਤੀਯ=ਦੂਸਰੇ ਕਲਾ=ਭਾਗ ਨੂੰ ਪ੍ਰਾਰੰਭਃ=ਆਰੰਭ ਵਾ ਸ਼ੁਰੂ ਕਰਦੇ ਹਨ।

॥ प्रपंचारोपापवाद॥

॥ਪ੍ਰਪੰਚਾਰੋਪਾਪਵਾਦ॥

(ਪ੍ਰਪੰਚ + ਆਰੋਪ + ਅਪਵਾਦ)

ਪ੍ਰਪੰਚਾਰੋਪਾਪਵਾਦ ਨਾਮਕ ਦੂਸਰੀ ਕਲਾ ਦੇ ਅੰਦਰ ਪਹਿਲਾ ਵਸਤੂ ਸ਼ੁੱਧ ਬ੍ਰਹਮ ਦੇ ਵਿਚ ਅਗਿਆਨ ਸਹਿਤ ਉਸ ਦੇ ਕਾਰਜ ਪ੍ਰਪੰਚ ਦਾ ਦੋਸ਼ ਆਰੋਪਿਤ ਕਰਕੇ ਫਿਰ ਅਵਸਤੂ ਕਹੀਏ ਪ੍ਰਪੰਚ ਦੇ ਖੰਡਨ ਵਾ ਬਾਧ ਕਰਨ ਉਪਰੰਤ ਅਵਸ਼ੇਸ਼ (ਬਾਕੀ ਵਧੀ ਹੋਈ) ਬ੍ਰਹਮ ਰੂਪ ਵਸਤੂ ਦਾ ਕਥਨ ਕੀਤਾ ਗਿਆ ਹੈ।

(੧) ਪ੍ਰਪੰਚ :- ਜੋ ਪਰ = ਵਿਸ਼ੇਸ਼ ਕਰਕੇ ਪੰਚ = ਪੰਜ ਵਸਤੂਆਂ ਦਾ ਸਮੁਦਾਯ ਹੋਵੇ ਭਾਵ ਜਿਸ ਵਿਚ ਤਿੰਨ ਬ੍ਰਹਮ ਦੀਆਂ ਅੰਸਾਂ (੧) ਸਤਿ (੨) ਚਿਤ ਅਤੇ (੩) ਆਨੰਦ ਅਤੇ ਦੋ ਮਾਯਾ ਦੀਆਂ ਅੰਸਾਂ (੧) ਨਾਮ ਤੇ (੨) ਰੂਪ ਹੋਣ ਸੋ ਕਹੀਏ ਪ੍ਰਪੰਚ ਵਾ ਜੋ ਪਰ = ਵਿਸ਼ੇਸ਼ ਕਰਕੇ ਪੰਚ = ਛਲ, ਕਪਟ ਹੋਵੇ ਭਾਵ ਫਾਨੀ ਸੰਸਾਰ। ਵਾ : ਜੋ ਪਰ = ਵਿਸ਼ੇਸ਼ ਕਰਕੇ ਪੰਚ = ਪੰਜ ਤੱਤਾਂ ਦਾ ਵਿਸਤਾਰ ਹੋਵੇ।

(੨) ਆਰੋਪ :- ਭਾਵ ਕਿਸੇ ਤੇ ਦੋਸ਼ ਲਾਉਣਾ। ਸ਼ੁੱਧ ਬ੍ਰਹਮ ਰੂਪ ਵਸਤੂ ਵਿਚ ਕਾਲਖ ਰੂਪ ਈਸ਼ਵਰ ਦੀ ਉਪਾਧੀ ਮਾਯਾ ਅਤੇ ਜੀਵ ਦੀ ਉਪਾਧੀ ਅਵਿਦਿਆ, ਇਨ੍ਹਾਂ ਦੋਵਾਂ ਉਪਾਧੀਆਂ ਦੇ ਕਾਰਯ ਰੂਪ ਸਾਰੀਆਂ ਅਵਸਤੂਆਂ ਭਾਵ ਸਮਸਟੀ-ਵਿਅਸਟੀ ਪ੍ਰਪੰਚ ਦਾ ਕਥਨ ਕਰਨਾ ਆਰੋਪ ਹੈ। ਆਰੋਪ ਨੂੰ ਅਧਿਆਰੋਪ ਵੀ ਆਖਦੇ ਹਨ।

(੩) ਅਪਵਾਦ :- ਕਿਸੇ ਕਲਪਿਤ ਨਿਯਮ ਦੇ ਵਿਰੁੱਧ ਜੋ ਨਿਯਮ ਹੋਵੇ ਸੋ ਅਪਵਾਦ ਕਹੀਏ ਹੈ। ਵਾਸਤਵ ਵਿਚ ਅਪਵਾਦ ਕੋਈ ਨਿਯਮ ਨਹੀਂ ਪਰੰਤੂ ਸਮਾਨਯ ਕਲਪਿਤ ਨਿਯਮਾਂ ਦੇ ਸਮੁਦਾਏ ਨੂੰ ਖੰਡਨ ਕਰਕੇ ਤੱਤ ਸਿਧਾਂਤ ਨੂੰ ਪਰਗਟ ਕਰਦਾ ਹੈ। ਅਵਸਤੂ ਜੋ ਸਮਸਟੀ-ਵਿਅਸਟੀ ਪ੍ਰਪੰਚ ਹੈ, ਤਿਸ ਨੂੰ ਬਾਧ ਕਰਕੇ ਅਵਸ਼ੇਸ਼ ਬ੍ਰਹਮ ਰੂਪ ਵਸਤੂ ਦਾ ਨਿਰੂਪਣ ਕਰਨਾ ਅਪਵਾਦ ਹੈ।

॥ मनहर छंद॥

॥ਮਨਹਰ ਛੰਦ॥

ਛੰਦਾਬੰਦੀ ਦੀਆਂ ਅਨੇਕਾਂ ਕਿਸਮਾਂ ਵਿਚੋਂ ਪੀਤਾਂਬਰ ਜੀ ਮਨਹਰ ਨਾਮਕ ਛੰਦ ਦੇ ਅੰਦਰ ਸੁੰਦਰ ਕਾਵਿ ਰਚਨਾ ਦੁਆਰਾ ਮੂਲ ਪਾਠ ਦੀ ਰਚਨਾ ਕਰਦੇ ਹਨ।

प्रपंचारोपापवाद करि निष्प्रपंच वस्तु।

प्रपंचारोपापवाद करी निश़्प्रपंच, वसतू।

(प्रपंचारोपापवाद = प्रपंच + आरोप + अपवाद)

ਆਨਵੇ ਰੀਤ ਅਨੁਸਾਰ :- ਆਰੋਪ ਕਰੀ ਪ੍ਰਪੰਚ,ਅਪਵਾਦ ਕਰੀ ਨਿਸ਼ਪ੍ਰਪੰਚ

ਸ਼ੁੱਧ ਬ੍ਰਹਮ ਵਿੱਚ ਪਹਿਲਾ ਪ੍ਰਪੰਚ = ਕਲਪਿਤ ਮਾਯਾ ਵਾ ਅਵਿਦਿਆ ਅਤੇ ਇਨ੍ਹਾਂ ਦੇ ਕਾਰਯ ਸਮਸਟੀ ਵਿਅਸਟੀ ਈਸ਼ਵਰ ਅਤੇ ਜੀਵ ਦੇ ਸੰਸਾਰ ਦਾ ਆਰੋਪ = ਦੋਸ਼ ਲਾ ਕਰੀ = ਕਰਕੇ ਫਿਰ ਯੁਕਤੀ ਦੁਆਰਾ ਅਪਵਾਦ = ਦੋਸ਼ ਦਾ ਖੰਡਨ ਕਰੀ = ਕਰਕੇ ਅਵਸ਼ੇਸ਼ ਵਸਤ੍ = ਪਦਾਰਥ ਬ੍ਰਹਮ ਚੇਤਨ ਸੋ ਨਿਸ਼ਪ੍ਰਪੰਚ=(ਨਿਸ਼+ਪ੍ਰਪੰਚ)=ਸੰਸਾਰ ਦੇ ਦੋਸ਼ ਤੋਂ ਨਿਸ਼=ਰਹਿਤ,ਨਿਹਕਲੰਕ ਸਿਧ ਹੁੰਦਾ ਹੈ।

कलंकं बिना नेकलंकी सरूपे॥

(ਜਾਪ ਸਾਹਿਬ, ਸ੍ਰੀ ਦਸਮ ਗ੍ਰੰਥ)

ब्रह्म जानिके अवस्तु-मायादिक भानिये॥

ब्रहम जानिके अवसतू - माघादिक भानीजे॥

ਵਸਤੂ ਬ੍ਰਹਮ = ਵਿਆਪਕ ਚੇਤਨ ਨੂੰ ਸ਼ੁੱਧ ਬੁਧੀ ਦੁਆਰਾ ਜਾਨਿਕੇ = ਪਛਾਣਕੇ ਵਾ ਸਮਝ ਕੇ ਬਾਕੀ ਜੋ ਅਵਸਤੂ=ਮਿਥਿਆ ਪ੍ਰਪੰਚ ਹੈ ਸੋ ਮਾਯਾਦਿਕ = ਈਸ਼ਵਰ ਦੀ ਉਪਾਧੀ ਮਾਯਾ ਅਤੇ ਜੀਵ ਦੀ ਉਪਾਧੀ ਅਵਿਦਿਆ ਦਾ ਕਾਰਜ ਜਾਣਕੇ ਤਿਸ ਦੇ ਗਿਆਨ ਨੂੰ ਭਾਨੀਯੇ = ਭੰਨਣਾ ਕਰੋ ਵਾ ਨਸ਼ਟ ਕਰੋ।

ब्रह्म माया संबंध रु जीव ईश भेद तिन।

ब्रहम माघा संबंध रू जीव ईश़ भेद तिन।

ਪਹਿਲਾ (੧) ਬ੍ਰਹਮ = ਵਿਆਪਕ ਚੇਤਨ ਦੂਸਰੀ (੨) ਮਾਯਾ = ਪ੍ਰਕਿਰਤੀ ਅਤੇ ਤੀਸਰਾ (੩) ਸੰਬੰਧ = ਬ੍ਰਹਮ ਤੇ ਮਾਯਾ ਦਾ ਕਲਪਿਤ ਤਦਾਤਮਯ ਸੰਬੰਧ ਰੂ = ਔਰ ਚੌਥਾ (੪) ਜੀਵ = ਚਿਦਾਭਾਸ ਯੁਕਤ ਅੰਤਹਕਰਣ ਸਹਿਤ ਕੂਟਸਥ ਚੇਤਨ ਪੰਜਵਾਂ (੫) ਈਸ਼ = ਚਿਦਾਭਾਸ ਯੁਕਤ ਮਾਯਾ ਸਹਿਤ ਬ੍ਰਹਮ ਚੇਤਨ ਅਤੇ ਛੇਵਾਂ (੬) ਤਿਨ = ਤਿਸ ਜੀਵ - ਈਸ਼ਵਰ ਦਾ ਕਲਪਿਤ ਭੇਦ।

ਜੋ ਵਸਤੂ ਵਾਸਤਵ ਵਿਚ ਹੋਵੇ ਨਹੀਂ ਅਤੇ ਸੁਪਨੇ ਦੇ ਪਦਾਰਥਾਂ ਦੀ ਨਿਆਈ ਅਗਿਆਨ ਰੂਪ ਨੀਂਦ ਆਉਣ ਨਾਲ ਭ੍ਰਾਂਤੀ (ਭਰਮ) ਦੁਆਰਾ ਭਾਸੇ ਸੋ ਕਲਪਿਤ ਕਹੀਏ ਹੈ।

ਵਾਸਤਵਿਕ ਅਭੇਦ ਸਹਿਤ ਕਲਪਿਤ ਭੇਦ ਸੋ ਤਦਾਤਮਯ ਸੰਬੰਧ ਹੈ।

षट् ये अनादि ता मैं ब्रह्मानंत मानिये॥

छट ये अनादी तां मै बृहमानंत मानीजे॥

ਯੇ = ਇਹ ਉਪਰੋਕਤ ਕਥਨ ਕੀਤੀਆਂ ਛਟ = ਛੇ ਵਸਤੂਆਂ ਅਨਾਦਿ = ਆਦਿ (ਮੁੱਢ) ਤੋਂ ਰਹਿਤ ਹਨ। ਤਾ = ਤਿਸ ਛੇ ਵਸਤੂਆਂ ਮੈ = ਵਿਚੋਂ ਬ੍ਰਹਮਾਨੰਤ (ਬ੍ਰਹਮ + ਅਨੰਤ) = ਸ਼ੁੱਧ ਬ੍ਰਹਮ ਨੂੰ ਅਨੰਤ ਅਨਾਦੀ ਮਾਨੀਯੇ = ਮੰਨਣਾ ਕਰੋ।

ਜੋ ਵਸਤੂ ਉਤਪਤੀ ਰਹਿਤ ਹੋਵੇ ਸੋ ਅਨਾਦੀ ਕਹੀਏ ਹੈ। ਵਾ : ਅਨ + ਆਦਿ = ਆਦਿ ਤੋਂ ਰਹਿਤ ਭਾਵ ਜਿਸ ਦਾ ਕੋਈ ਅਰੰਭ ਰੂਪ ਮੂਲ ਨਾ ਹੋਵੇ।

ਅਨਾਦੀ ਵਸਤੂਆਂ ਦੋ ਪ੍ਰਕਾਰ ਦੀਆਂ ਹਨ :-

(੧) **ਅਨੰਤ ਅਨਾਦੀ :-** ਜਿਸ ਵਸਤੂ ਦਾ ਤਿੰਨਾਂ ਕਾਲਾਂ ਵਿਚ ਬਾਧ ਨਾ ਹੋਣ ਕਰਕੇ ਜੋ ਅੰਤ ਤੋਂ ਰਹਿਤ ਭਾਵ ਅਬਿਨਾਸੀ ਹੋਵੇ ਸੋ ਕਹੀਏ ਅਨਾਦੀ ਅਨੰਤ। 'ਸਤ' ਸਰੂਪ ਹੋਣ ਕਰਕੇ ਬ੍ਰਹਮ ਅਨੰਤ ਅਨਾਦੀ ਹੈ।

ਅੰਤ ਬਿਹੀਨ ਅਨਾਤਮ ਆਪ ਅਦਾਗ ਅਦੋਖ ਅਛਿਦ੍ਰ ਅਛੈ ਹੈ॥

(ਅਕਾਲ ਉਸਤਤਿ, ਸ੍ਰੀ ਦਸਮ ਗ੍ਰੰਥ)

(੨) **ਸ਼ਾਂਤ ਅਨਾਦੀ :-** ਜੋ ਵਸਤੂ ਆਦਿ ਰਹਿਤ ਹੋਵੇ ਭਾਵ ਪਰਵਾਹ ਰੂਪ ਵਿਚ ਚਲਦੀ ਆ ਰਹੀ ਹੋਵੇ ਪਰੰਤੂ ਅਤਿਅੰਤਕ ਅਥਵਾ ਬਾਧ ਨਿਵਿਰਤੀ ਦੁਆਰਾ ਸਮਾਪਤ ਹੋ ਜਾਵੇ ਸੋ ਸ਼ਾਂਤ ਅਨਾਦੀ ਕਹੀਏ ਹੈ।

ਜੀਵ, ਈਸ਼ਵਰ, ਜੀਵ-ਈਸ ਦਾ ਪਰਸਪਰ ਭੇਦ, ਮਾਇਆ ਅਤੇ ਬ੍ਰਹਮ-ਮਾਯਾ ਦਾ ਕਲਪਿਤ ਤਦਾਤਮਯ ਸੰਬੰਧ ਇਹ ਪੰਜੇ ਹੀ ਸ਼ਾਤ ਅਨਾਦੀ ਹਨ ਕਿਉਂਕਿ ਦ੍ਰਿੜ ਅਪਰੋਕਸ਼ ਬ੍ਰਹਮ ਗਯਾਨ ਤੋਂ ਉਪਰੰਤ ਪੰਜਾਂ ਦੀ ਹੋਂਦ ਕਾਇਮ ਨਹੀਂ ਰਹਿੰਦੀ।

ਸ਼ਾਸਤ੍ਰਾਂ ਵਿਚ ਪ੍ਰਪੰਚ ਵੀ ਪਰਵਾਹ ਰੂਪ ਹੋਣ ਕਰਕੇ ਅਨਾਦੀ ਕਥਨ ਕੀਤਾ ਹੈ ਪਰੰਤੂ ਇਹ ਵੀ ਸ਼ਾਂਤ ਅਨਾਦੀ ਹੈ।

वस्तु में अवस्तु कर कथन आरोप,

ਵਸਤੂ ਮੈਂ ਅਵਸਤੂ ਕਰ ਕਥਨ ਆਰੋਪ,

ਵਸਤੂ = ਬ੍ਰਹਮ ਦੇ ਮੈਂ = ਵਿਚ ਅਵਸਤੂ = ਮਾਯਾ ਅਤੇ ਅਵਿਦਿਆ ਦਾ ਕਾਰਯ ਸਮਸਟੀ ਵਿਅਸਟੀ ਪ੍ਰਪੰਚ ਦਾ ਦੋਸ਼ ਕਥਨ = ਵਰਨਣ ਕਰ = ਕਰਨ ਨੂੰ ਆਰੋਪ ਆਖਦੇ ਹਨ।

बाधि अवस्तु वस्तु कथन अपवाद जानिये॥

ਬਾਧ ਅਵਸਤੂ ਵਸਤੂ ਕਥਨ ਅਪਵਾਦ ਜਾਨੀਯੇ॥

ਆਨਵੇ ਰੀਤ ਅਨੁਸਾਰ :-

ਅਵਸਤੂ ਬਾਧ ਵਸਤੂ ਕਥਨ ਅਪਵਾਦ ਜਾਨੀਯੇ

ਅਵਸਤੂ = ਪ੍ਰਪੰਚ ਦਾ ਬਾਧ = ਖੰਡਨ ਵਾ ਨਾਸ ਕਰਕੇ ਵਾ : ਬਾਧ ਰੂਪ ਨਿਵਿਰਤੀ ਕਰਕੇ ਵਸਤੂ=ਬ੍ਰਹਮ ਦੇ ਕਥਨ = ਨਿਰੂਪਣ ਕਰਨ ਨੂੰ ਅਪਵਾਦ ਜਾਨੀਯੇ = ਜਾਨਣਾ ਕਰੋ।

ਬਾਧ ਰੂਪ ਨਿਵਿਰਤੀ ਪੰਨਾ ੧੯-੨੦ ਟੂਕ ੪ ਵਿਚੋਂ ਪੜ੍ਹੋ।

गुरु के प्रसाद यह युक्ति जानि पीतांबर।

ਗੁਰੂ ਕੇ ਪ੍ਰਸਾਦ ਯਹ ਯੁਕਤੀ ਜਾਨੀ ਪੀਤਾਂਬਰ।

ਪੀਤਾਂਬਰ ਜੀ ਕਥਨ ਕਰਦੇ ਹਨ ਕਿ ਗੁਰੂ = ਬ੍ਰਹਮ ਨੇਸ਼ਟੀ ਬ੍ਰਹਮ ਸ਼੍ਰੋਤੀ ਉਪਦੇਸ਼ਟਾ ਸਤਿਗੁਰਾਂ ਕੇ = ਦੇ ਕੋਲੋਂ ਪੂਰਨ ਪ੍ਰਸਾਦਿ = ਕਿਰਪਾ ਦੁਆਰਾ ਯਹ = ਇਹ ਆਰੋਪ - ਅਪਵਾਦ ਦੀ ਯੁਕਤੀ = ਜੁਗਤੀ ਵਾ ਤਰਕੀਬ ਜਾਨੀ = ਜਾਣੀ ਵਾ ਸਮਝੀ ਜਾਂਦੀ ਹੈ।

ਵੇਦਾਂਤ ਮੱਤ ਅਨੁਸਾਰ ਸੱਤ ਸਰੂਪ ਜਾਨਣ ਵਾਲੇ ਨੂੰ ਸਤਿਗੁਰੂ ਆਖਦੇ ਹਨ ਅਤੇ ਉਸੇ ਨੂੰ ਗੁਰਬਾਣੀ ਵਿਚ ਵੀ ਸਤਿਗੁਰੂ ਕਿਹਾ ਹੈ।

ਸਤਿ ਪੁਰਖ ਜਿਨਿ ਜਾਨਿਆ ਸਤਿਗੁਰੁ ਤਿਸ ਦਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥ ੧॥

(ਗਉੜੀ ਸੁਖਮਨੀ ਮ : ੫, ਅੰਗ ੨੮੮)

੧. ਬ੍ਰਹਮ ਨੇਸ਼ਟੀ=ਜਿਸ ਦਾ ਬ੍ਰਹਮ ਵਿਚ ਨਿਸ਼ਚਾ ਵੀ ਹੈ ਅਤੇ ਬ੍ਰਹਮ ਨੂੰ ਸਾਖਸ਼ਾਤ ਕਰ ਲਿਆ ਹੈ।

੨. ਬ੍ਰਹਮ ਸਰੋਤਰੀ = ਜਿਸ ਨੇ ਬ੍ਰਹਮ ਸੰਬੰਧੀ ਸੱਤ ਸ਼ਾਸਤਰ ਸੁਣੇ ਹੋਣ ਪਰ ਬ੍ਰਹਮ ਵਿਚ ਨਿਸ਼ਚਾ ਨਹੀਂ ਅਤੇ ਨਾ ਹੀ ਸਾਖਿਆਤਕਾਰ ਹੋਵੇ।

ਜਿਸ ਨੇ ਸੱਤ ਸ਼ਾਸਤ੍ਰ ਸੁਣੇ ਵੀ ਹੋਣ ਅਤੇ ਅਭਿਆਸ ਵੀ ਕੀਤਾ ਹੋਵੇ, ਬ੍ਰਹਮ ਵਿਚ ਨਿਸ਼ਚਾ ਵੀ ਹੋਵੇ ਅਤੇ ਸਾਖਿਆਤਕਾਰ ਵੀ ਕਰ ਲਿਆ ਹੋਵੇ। ਉਸ ਨੂੰ ਫਿਰ ਇਕ ਰੂਪ ਵਿਚ ਦੋਵੇਂ ਪਦ ਵਰਤ ਕੇ ਬ੍ਰਹਮ ਨੇਸ਼ਟੀ ਬ੍ਰਹਮ ਸਰੋਤਰੀ ਗੁਰੂ ਕਿਹਾ ਜਾਂਦਾ ਹੈ।

तज तमका रज आरज निज जानिये॥ २॥
ਤਜ ਤਮ ਕਾ ਰਜ ਆਰਜ ਨਿਜ ਜਾਨੀਯੇ॥ ੨॥

ਹੇ ਆਰਜ = ਵਿਵੇਕੀ ਜਿਗਿਆਸੂ ਅਗਿਆਨ ਸਹਿਤ ਉਸ ਦਾ ਕਾਰਯ ਤਮ = ਹਨੇਰਾ ਰੂਪ ਪ੍ਰਪੰਚ ਕਾ = ਦਾ ਮੋਹ ਰਜ = ਧੂੜ ਸਮਾਨ ਤੁੱਛ ਤੇ ਵਿਅਰਥ ਜਾਣਕੇ ਤਜ = ਛੱਡਣਾ ਕਰ ਅਥਵਾ (ਰਜ ਤਮ ਕਾ ਤਜ) = ਭਾਵ ਮਾਯਾ ਦੇ ਤਿੰਨ ਗੁਣ ਰਜ = ਰਜੋ ਗੁਣ ਤੇ ਤਮ = ਤਮੋ ਗੁਣ ਦੀ ਆਸਕਤੀ ਅਤੇ ਸਤੋ ਗੁਣ ਦੀ ਹੰਗਤਾ ਕਾ = ਦਾ ਤਜ = ਤਿਆਗ ਕਰਕੇ ਨਿਜ = ਆਪਣੇ ਵਾਸਤਵਿਕ ਸਚਿਦਾਨੰਦ ਸਰੂਪ ਨੂੰ ਜਾਨੀਯੇ = ਜਾਣਿਆ ਜਾਂਦਾ ਹੈ।

ਹੁਣ ਇਸ ਮੂਲ ਪਾਠ ਦੀ ਵਿਚਾਰ ਨੂੰ ਪ੍ਰਸ਼ਨ - ਉੱਤਰਾਂ ਦੇ ਰਾਹੀਂ ਸਮਝਾਉਂਦੇ ਹਨ :-

ਪ੍ਰਸ਼ਨ ੩੩. ਸ਼ੁੱਧ ਬ੍ਰਹਮ ਵਿਸ਼ੇ ਪ੍ਰਪੰਚ ਦਾ ਆਰੋਪ ਕਿਵੇਂ ਹੋਇਆ ਹੈ?

ਉੱਤਰ : ਅਨਾਦੀ ਸ਼ੁੱਧ ਬ੍ਰਹਮ ਦੇ ਵਿੱਚ ਅਨਾਦੀ ਕਲਪਿਤ[੧] ਪ੍ਰਕਿਰਤੀ[੨] ਹੈ। ਤਿਸ ਪ੍ਰਕਿਰਤੀ ਦਾ ਬ੍ਰਹਮ ਦੇ ਨਾਲ ਅਨਾਦੀ ਕਲਪਿਤ ਤਦਾਤਮਯ ਸੰਬੰਧ ਹੈ ਕਹੀਏ ਕਲਪਿਤ ਭੇਦ ਸਹਿਤ ਵਾਸਤਵ ਅਭੇਦ ਰੂਪ ਸੰਬੰਧ ਹੈ।

ਸੋ ਪ੍ਰਕਿਰਤੀ (੧) ਮਾਯਾ ਅਤੇ (੨) ਅਵਿਦਿਆ ਅਤੇ (੩) ਤਮ : ਪ੍ਰਧਾਨ ਪ੍ਰਕਿਰਤੀ ਰੂਪ ਕਰਕੇ ਤਿੰਨ ਵਿਭਾਗਾਂ ਨੂੰ ਪਾਉਂਦੀ ਹੈ। ਇਨ੍ਹਾਂ ਵਿਚ :-

(੧) ਜੋ ਸ਼ੁੱਧ[੩] ਸਤਵ ਗੁਣ ਯੁਕਤ ਸੋ ਮਾਯਾ ਹੈ। ਅਤੇ

(੨) ਜੋ ਮਲਿਨ[੪] ਸਤਵ ਗੁਣ ਯੁਕਤ ਸੋ ਅਵਿਦਿਆ ਹੈ। ਅਤੇ

(੩) ਜੋ ਤਮੋ ਗੁਣ ਦੀ ਮੁੱਖਤਾ ਕਰਕੇ ਯੁਕਤ ਹੈ। ਸੋ ਤਮ : ਪ੍ਰਧਾਨ ਪ੍ਰਕਿਰਤੀ ਹੈ।

(੧) ਮਾਯਾ ਵਿਸ਼ੇ ਜੋ ਬ੍ਰਹਮ ਦਾ ਪ੍ਰਤੀਬਿੰਬ ਹੈ। ਸੋ ਅਧਿਸ਼ਠਾਨ[੫] (ਬ੍ਰਹਮ) ਅਤੇ ਮਾਯਾ[੬] ਸਹਿਤ ਜਗਤ ਕਰਤਾ ਸਰਵੱਗਯ[੭] ਈਸ਼ਵਰ ਕਹੀਏ ਹੈ।

(੨) ਅਵਿਦਿਆ ਵਿਸ਼ੇ ਜੋ ਬ੍ਰਹਮ ਦਾ ਪ੍ਰਤੀਬਿੰਬ ਹੈ। ਸੋ ਅਧਿਸ਼ਠਾਨ (ਕੂਟਸਥ) ਅਤੇ ਅਵਿੱਦਿਆ ਸਹਿਤ ਭੋਗਤਾ ਅਲਪੱਗਯ[੮] ਜੀਵ ਕਹੀਏ ਹੈ।

(੧) ਸੋ ਈਸ਼ਵਰ ਅਤੇ ਜੀਵ ਵੀ ਅਨਾਦੀ ਕਲਪਿਤ ਹਨ। ਇਨ੍ਹਾਂ ਵਿਚ ਈਸ਼ਵਰ ਦੀ ਉਪਾਧੀ[੯] ਮਾਯਾ ਇੱਕ ਹੈ ਅਤੇ ਆਪੇਕਸ਼ਿਕ[੧੦] ਵਿਆਪਕ ਹੈ। ਜਿਸ ਨਾਲ ਈਸ਼ਵਰ ਵੀ ਇੱਕ ਹੈ ਅਤੇ ਵਿਆਪਕ ਹੈ। ਅਤੇ

(੨) ਜੀਵ ਦੀ ਉਪਾਧੀ ਅਵਿਦਿਆ ਨਾਨਾ ਹੈ ਅਤੇ ਪਰਛਿੰਨ ਹੈ। ਜਿਸ ਨਾਲ ਜੀਵ ਵੀ ਨਾਨਾ[੧੧] ਹਨ ਅਤੇ ਪਰਛਿੰਨ[੧੨] ਹਨ।

ਤਿਸ ਜੀਵ ਈਸ਼ਵਰ ਦਾ ਅਨਾਦੀ ਕਲਪਿਤ ਭੇਦ ਹੈ।

(੧) ਸ੍ਰਿਸ਼ਟੀ ਤੋਂ ਪੂਰਵ ਜੀਵਾਂ ਦੀ ਉਪਾਧੀ ਅਵਿਦਿਆ। ਜੀਵਾ ਦੇ ਕਰਮ ਸਹਿਤ ਹੀ ਮਾਯਾ ਵਿਸ਼ੇ ਲੀਨ ਹੋ ਕੇ ਰਹਿੰਦੀ ਹੈ। ਸੋ ਮਾਯਾ ਸੁਸ਼ੁਪਤੀ ਵਿਸ਼ੇ ਅਵਿਦਿਆ ਦੀ ਨਿਆਈ ਬ੍ਰਹਮ ਤੋਂ ਭਿੰਨ ਪ੍ਰਤੀਤ ਨਾਮ ਸਿੱਧ ਹੁੰਦੀ ਨਹੀਂ। ਇਸ ਲਈ ਸ੍ਰਿਸ਼ਟੀ ਤੋਂ ਪਹਿਲਾ ਸਜਾਤੀਯ, ਵਿਜਾਤੀਯ, ਸਵਗਤ ਭੇਦ[੧੩] ਰਹਿਤ ਇੱਕ ਹੀ ਅਦ੍ਵੈਤੀਯ ਸਚਿਦਾਨੰਦ ਰੂਪ ਬ੍ਰਹਮ ਸੀ।

(੨) ਤਿਸ ਬ੍ਰਹਮ ਨੂੰ ਸ੍ਰਿਸ਼ਟੀ ਦੇ ਆਰੰਭ ਵਿਸ਼ੇ ਜੀਵਾਂ ਦੇ ਪਰੀਪੱਕ[੧੪] ਹੋਏ ਕਰਮ ਰੂਪ ਨਿਮਿਤ[੧੫] ਨਾਲ ''ਮੈਂ ਇੱਕ ਹਾਂ ਸੋ ਬਹੁ ਰੂਪ ਹੋਵਾਂ'' ਐਸੀ ਇੱਛਾ ਹੋਈ।

(੩) ਤਿਸ ਇੱਛਾ ਨਾਲ ਬ੍ਰਹਮ ਦੀ ਉਪਾਧੀ ਵਿਸ਼ੇ ਛੋਭ[੧੬] ਹੋ ਕੇ ਕ੍ਰਮ ਨਾਲ ਅਕਾਸ਼, ਵਾਯੂ, ਤੇਜ, ਜਲ ਅਤੇ ਪ੍ਰਿਥਵੀ। ਇਹ ਪੰਚ ਮਹਾਭੂਤ ਉਤਪੰਨ ਹੋਏ।

(੪) ਇਨ੍ਹਾਂ ਦਾ ਪੰਚੀਕਰਣ[੧੭] ਨਹੀਂ ਹੋਇਆ ਸੀ। ਤਦੋਂ ਅਪੰਚੀਕ੍ਰਿਤ[੧੮] ਸਨ। ਇਨ੍ਹਾਂ ਤੋਂ ਸਮਸਟੀ-ਵਿਅਸਟੀ[੧੯] ਰੂਪ ਸੂਕਛਮ[੨੦]-ਸ੍ਰਿਸ਼ਟੀ ਹੋ ਕੇ। ਪਿੱਛੋਂ ਈਸ਼ਵਰ ਦੀ ਇੱਛਾ ਨਾਲ ਜਦੋਂ ਇਨ੍ਹਾਂ ਦਾ ਪੰਚੀਕਰਣ ਹੋਇਆ। ਤਦੋਂ ਉਹ ਭੂਤ ਪੰਚੀਕ੍ਰਿਤ ਹੋਏ। ਇਨ੍ਹਾਂ ਤੋਂ ਸਮਸਟੀ-ਵਿਅਸਟੀ ਰੂਪ ਸਥੂਲ[੨੧]-ਸ੍ਰਿਸ਼ਟੀ ਹੋਈ।

(੫) ਇਨ੍ਹਾਂ ਵਿਚੋਂ ਸਮਸਟੀ ਸਥੂਲ, ਸੂਕਛਮ, ਕਾਰਣ ਪ੍ਰਪੰਚ ਦਾ ਅਭਿਮਾਨੀ ਜੀਵ ਦੀ ਦ੍ਰਿਸ਼ਟੀ ਨਾਲ ਈਸ਼ਵਰ ਹੈ ਅਤੇ ਵਿਅਸਟੀ ਸਥੂਲ ਸੂਕਛਮ ਕਾਰਣ ਪ੍ਰਪੰਚ ਦਾ ਅਭਿਮਾਨੀ ਜੀਵ ਹੈ। ਇਨ੍ਹਾਂ ਵਿਚੋਂ ਈਸ਼ਵਰ ਸਰਵੱਗਯ ਹੋਣ ਤੋਂ ਨਿੱਤਯ ਮੁਕਤ ਹੈ ਅਤੇ ਜੀਵ ਅਲਪੱਗਯ ਹੋਣ ਤੋਂ ਬਧ[੨੨] ਹੈ।

ਇਸ ਰੀਤ ਨਾਲ ਸ਼ੁਧ ਬ੍ਰਹਮ ਵਿਸ਼ੇ ਪ੍ਰਪੰਚ ਦਾ ਆਰੋਪ ਹੋਇਆ ਹੈ।

(੧) ਜੋ ਵਸਤੂ ਵਾਸਤਵ ਵਿਚ ਹੋਵੇ ਨਾ ਅਤੇ ਸੁਪਨੇ ਦੇ ਪਦਾਰਥਾਂ ਦੀ ਨਿਆਈ ਅਗਿਆਨ ਰੂਪ ਨੀਂਦ ਆਉਣ ਨਾਲ ਭ੍ਰਾਤੀ (ਭਰਮ) ਦੁਆਰਾ ਭਾਸੇ ਸੋ ਕਲਪਿਤ ਕਹੀਏ ਹੈ।

(੨) ਪ੍ਰਕ੍ਰਿਤੀ (ਪਰ+ਕਿਰਤੀ) ਭਾਵ ਪਰ = ਵਿਸ਼ੇਸ਼ ਕਰਕੇ ਜੋ ਪ੍ਰਪੰਚ ਦੀ ਉਤਪਤੀ ਦੀ ਕਿਰਤ = ਕ੍ਰਿਆ ਹੈ। ਵਾ : ਪਰਮੇਸ਼ਰ ਦੀ ਰਚਨਾ ਸ਼ਕਤੀ, ਕੁਦਰਤ

ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥

(ਆਸਾ ਵਾਰ ਮ:੧, ਅੰਗ ੪੬੩)

ਏਕ ਬ੍ਰਹਮ ਚੈਤਨ ਅਖੰਡ ਤਾ ਤੇ ਉਪਜੀ ਇੱਛਾ॥

ਤਾਹੀ ਕੋ ਮਾਯਾ ਕਹੀਅਤ ਹੈ ਨੀਕੇ ਸੁਨੀਓ ਸਿੱਛਾ॥

(ਅਧਜਾਤਮ ਪ੍ਰਕਾਸ਼)

ਬਹੁਤ ਜਗ੍ਹਾ ਪ੍ਰਕਿਰਤੀ ਨੂੰ ਹੀ ਮਾਯਾ ਆਖਿਆ ਜਾਂਦਾ ਹੈ ਪਰੰਤੂ ਪੀਤਾਂਬਰ ਜੀ ਸੂਖਮ ਵਿਚਾਰ ਦੁਆਰਾ ਭੇਦ ਸਮਝਾਉਂਦੇ ਹਨ ਕਿ ਪ੍ਰਕਿਰਤੀ ਦੇ ਤਿੰਨ ਰੂਪ ਹਨ :-

(੧) ਮਾਯਾ (੨) ਅਵਿਦਿਆ (੩) ਤਮਃ ਪ੍ਰਧਾਨ ਪ੍ਰਕਿਰਤੀ

ਮਾਯਾ ਜੜ ਚੈਤੰਨ ਬ੍ਰਹਮ ਕੋ ਤਾ ਮੇ ਭਯੋ ਅਭਾਸ॥

ਸਤ ਰਜ ਤਮ ਤੀਨੋ ਉਪਜਾਏ ਤਿਨ ਤੇ ਦ੍ਵੈਤ ਬਿਲਾਸ॥ ੨੩॥ (ਅਧਜਾਤਮ ਪ੍ਰਕਾਸ਼)

ਪ੍ਰਕਿਰਤੀ ਵਾ ਮਾਯਾ ਆਪਣੇ ਆਪ ਵਿਚ ਜੜ ਭਾਵ ਹਰਕਤ ਤੋਂ ਬਿਨਾ ਹੈ ਪਰੰਤੂ ਚੇਤਨ ਬ੍ਰਹਮ ਦੇ ਅਭਾਸ (ਪ੍ਰਤੀਬਿੰਬ) ਰੂਪ ਸੱਤਾ ਨੂੰ ਪਾ ਕੇ ਪ੍ਰਕਿਰਤੀ ਤੋਂ ਤਿੰਨ ਗੁਣ :- ਸਤੋਗੁਣ, ਰਜੋਗੁਣ ਅਤੇ ਤਮੋ ਗੁਣ ਦੀ ਉਤਪਤੀ ਹੁੰਦੀ ਹੈ।

(੩) ਸ਼ੁੱਧ ਸਤੋ ਗੁਣ ਤੋਂ ਭਾਵ ਜੋ ਰਜੋ ਅਤੇ ਤਮੋ ਦੋਵਾਂ ਗੁਣਾ ਨੂੰ ਦਬਾਵੇ। ਜਿਵੇਂ ਛੱਤ੍ਰੀ ਅਤੇ ਸ਼ੂਦ੍ਰ ਰੂਪ ਮੰਤ੍ਰੀਆਂ ਤੋਂ ਬ੍ਰਾਹਮਣ ਰੂਪ ਰਾਜਾ ਦਬਦਾ ਨਹੀਂ ਭਾਵ ਪ੍ਰਭਾਵ ਨਹੀਂ ਕਬੂਲ ਕਰਦਾ ਪਰੰਤੂ ਦੋਵਾਂ ਨੂੰ ਆਪ ਦਬਾਉਂਦਾ ਹੈ।

(੪) ਮਲਿਨ ਸਤੋ ਗੁਣ ਤੋਂ ਭਾਵ ਜੋ ਰਜੋ ਅਤੇ ਤਮੋ ਦੋਵਾਂ ਗੁਣਾ ਨੂੰ ਦਬਾ ਕੇ ਨਾ ਰੱਖੇ ਕਿੰਤੂ ਆਪ ਇਨ੍ਹਾਂ ਦਾ ਪ੍ਰਭਾਵ ਕਬੂਲ ਕੇ ਦਬ ਜਾਵੇ। ਜਿਵੇਂ ਸ਼ੂਦ੍ਰ ਰੂਪ ਦੋ ਰਾਜ ਕੁਮਾਰਾ ਤੋਂ ਬ੍ਰਾਹਮਣ ਰੂਪੀ ਇੱਕ ਮੰਤ੍ਰੀ ਆਪ ਦਬ ਜਾਵੇ।

(੫) ਅਧਿਸ਼ਠਾਨ = ਮੂਲ ਸਰੂਪ ਵਾ ਆਸਰਾ ਜੋ ਕਾਰਯ (ਪ੍ਰਪੰਚ) ਸਹਿਤ ਅਗਯਾਨ ਨਾਲ ਆਵ੍ਰਿਤ (ਢੱਕਿਆ) ਹੋਵੇ। ਹੋਰ ਸੂਖਮ ਵੀਚਾਰੀਏ ਤਾਂ ਕਿਸੇ ਵਸਤੂ ਦੀ ਵਿਸ਼ੇਸ਼ ਅੰਸ਼ ਨੂੰ ਅਧਿਸ਼ਠਾਨ ਆਖਦੇ ਹਨ। ਸੋ ਅੱਗੇ ਛੇਵੀਂ ਕਲਾ ਵਿਚ ਵਿਸਥਾਰ ਨਾਲ ਪੰਨਾ ੧੨੨ 'ਤੇ ਵਿਸ਼ੇਸ਼ ਅੰਸ਼ ਪੜ੍ਹੋ।

(੬) ਇੱਥੇ ਮਾਯਾ ਸ਼ਬਦ ਤੋਂ ਮਾਯਾ ਅਤੇ ਤਮੋ ਪ੍ਰਧਾਨ ਪ੍ਰਕ੍ਰਿਤੀ ਦੋਵਾਂ ਈਸ਼ਵਰ ਦੀਆਂ ਉਪਾਧੀਆਂ ਦਾ ਗ੍ਰਹਿਣ ਕਰਨਾ ਹੈ। ਇਨ੍ਹਾਂ ਵਿਚੋਂ

(੧) ਮਾਯਾ ਉਪਾਧੀ ਨੂੰ ਲੈ ਕੇ ਈਸ਼ਵਰ ਘੁਮਿਆਰ ਦੀ ਨਿਆਈ ਜਗਤ ਦਾ ਨਿਮਿਤ ਕਾਰਣ ਹੈ ਅਤੇ

(੨) ਤਮੋ ਪ੍ਰਧਾਨ ਪ੍ਰਕਿਰਤੀ ਨੂੰ ਲੈ ਕੇ ਈਸ਼ਵਰ ਪੰਜ ਤੱਤ ਰੂਪ ਹੋ ਕੇ ਮਿੱਟੀ ਦੀ ਨਿਆਈ ਜਗਤ ਦਾ ਉਪਾਦਾਨ ਕਾਰਣ ਹੈ।

ਜਿਵੇਂ ਮੱਕੜੀ ਦਾ ਸੂਖਮ ਸਰੀਰ ਜਾਲੇ ਦਾ ਉਪਾਦਾਨ ਕਾਰਣ ਅਤੇ ਸਥੂਲ ਸਰੀਰ ਜਾਲੇ ਦਾ ਨਿਮਿਤ ਕਾਰਣ ਹੈ ਤਿਵੇਂ ਹੀ ਸੰਸਾਰ ਦੇ ਦੋਵਾਂ ਕਾਰਣਾ ਦਾ ਕਰਤਾ ਈਸ਼ਵਰ ਆਪ ਹੀ ਹੈ।

ਜਾਰੇ ਕੇ ਨਿਮਿੱਤ ਉਪਾਦਾਨ ਜੈਸੇ ਮਕਰੀ ਹੈ,
ਤੈਸੀ ਭਾਂਤਿ ਜਗ ਕੋ ਵਿਚਾਰ ਬ੍ਰਹਮ ਸਾਰ ਹੈ॥

(ਅਧਜਾਤਮ ਪ੍ਰਕਾਸ਼)

ਵਿਦਵਾਨਾਂ ਨੇ ਦੋ ਪ੍ਰਕਾਰ ਦੇ ਕਾਰਨ ਕਥਨ ਕੀਤੇ ਹਨ :-

(੧) ਉਪਾਦਾਨ ਕਾਰਣ :- ਉਹ ਕਾਰਣ ਜੋ ਕਾਰਜ ਵਿਚ ਬਦਲ ਜਾਵੇ ਅਤੇ ਜਿਸ ਦੇ ਅਭਾਵ

ਕਰਕੇ ਕਾਰਯ ਦੀ ਉਤਪਤੀ ਸੰਭਵ ਨਾ ਹੋਵੇ।

(੨) ਨਿਮਿਤ ਕਾਰਣ :- ਜੋ ਆਪ ਕਾਰਯ ਰੂਪ ਵਿਚ ਨਾ ਬਦਲੇ ਪਰੰਤੂ ਕਾਰਯ ਦੀ ਉਤਪਤੀ ਵਿਚ ਸਹਯੋਗ ਪ੍ਰਦਾਨ ਕਰੇ।

(੭) ਸਰਬ ਗਿਆਤਾ ਜਿਸ ਤੋਂ ਕੁਝ ਵੀ ਅਗਿਆਤ ਨਾ ਹੋਵੇ ਭਾਵ ਜੋ ਸਬ ਕੁਛ ਜਾਣਦਾ ਹੋਵੇ।

ਸਰਬਗ੍ਯ ਪੂਰਨ ਪੁਰਖ ਭਗਵਾਨਹ..... ॥ (ਸਲੋਕ ਸਹਸਕ੍ਰਿਤੀ ਮਃ ੫, ਅੰਗ ੧੩੫੬)

(੮) ਅਲਪ ਗਿਆਨਵਾਨ ਭਾਵ ਜਿਸ ਨੂੰ ਬਹੁਤ ਅਲਪ (ਥੋੜ੍ਹਾ) ਗਿਆਨ ਹੋਵੇ।

ਹਮ ਅਗਿਆਨ ਅਲਪ ਮਤਿ ਥੋਰੀ ਤੁਮ ਆਪਨ ਬਿਰਦੁ ਰਖਾਵਹੁ॥ ੨ ॥

(ਧਨਾਸਰੀ ਮ : ੫, ਅੰਗ ੬੭੪)

(੯) ਪਦਵੀ ਵਾ ਖਿਤਾਬ ਜੋ ਕਿਸੇ ਵਸਤੂ ਦੇ ਬੋਧ ਕਰਾਉਣ ਦਾ ਕਾਰਨ ਹੋਵੇ ਪਰੰਤੂ ਵਸਤੂ ਤੋਂ ਭਿੰਨ ਹੋਵੇ ਸੋ ਕਹੀਏ ਉਪਾਧੀ।

(੧੦) ਦੇਸ਼, ਕਾਲ, ਵਸਤੂ ਦੁਆਰਾ ਅੰਤ ਨਾ ਹੋਣ ਕਰਕੇ ਜੋ ਸਭ ਜਗ੍ਹਾ ਵਿਦਿਆਮਾਨ ਹੋ ਕਰਕੇ ਫੈਲਿਆ ਹੋਵੇ ਸੋ ਕਹੀਏ ਵਿਆਪਕ। ਵਿਆਪਕ ਦੋ ਤਰ੍ਹਾਂ ਕਰਕੇ ਕਥਨ ਕੀਤਾ ਜਾਂਦਾ ਹੈ :-

(੧) **ਆਪੇਕਸ਼ਿਕ ਵਿਆਪਕ :-** ਜੋ ਵਸਤੂ ਕਿਸੇ ਦੀ ਅਪੇਕਸ਼ਾ ਕਹੀਏ ਤੁਲਨਾ ਤੋਂ ਵਿਆਪਕ ਹੋਵੇ ਅਤੇ ਕਿਸੇ ਦੀ ਅਪੇਕਸ਼ਾ ਤੋਂ ਪਰਛਿੰਨ ਭਾਵ ਹੱਦ ਵਾ ਸੀਮਾ ਯੁਕਤ ਹੋਵੇ। ਜਿਵੇਂ ਘਰ, ਘੜੇ ਦੀ ਅਪੇਕਸ਼ਾ ਤੋਂ ਵਿਆਪਕ (ਵੱਧ ਫੈਲਿਆ ਹੋਇਆ) ਹੈ ਅਤੇ ਨਗਰ ਦੀ ਅਪੇਕਸ਼ਾ ਤੋਂ ਪਰਛਿੰਨ ਭਾਵ ਸੀਮਿਤ ਮਰਯਾਦਾ ਵਾਲਾ ਹੋਣ ਕਰਕੇ ਛੋਟਾ ਹੈ। ਇਸ ਲਈ ਆਪੇਕਸ਼ਿਕ ਵਿਆਪਕ ਹੈ। ਤਿਵੇਂ ਹੀ ਮਾਯਾ, ਪ੍ਰਿਥਵੀ ਦੀ ਤੁਲਨਾ ਤੋਂ ਵਿਆਪਕ ਕਹੀਏ ਅਧਿਕ ਦੇਸ਼ ਵਾਲੀ ਹੈ ਅਤੇ ਬ੍ਰਹਮ ਦੀ ਅਪਕੇਸ਼ਾ ਤੋਂ ਪਰਛਿੰਨ ਹੈ।

ਮਾਇਆ ਬੰਦੀ ਖਸਮ ਕੀ ਤਿਨ ਅਗੈ ਕਮਾਵੈ ਕਾਰ॥

(ਸਿਰੀਰਾਗ-ਵਾਰ ਮਾ:੪, ਅੰਗ ੯੦)

ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥

(ਬਿਹਾਗੜਾ ਮਃ ੯, ਅੰਗ ੫੩੭)

(੨) **ਨਿਰਪੇਕਸ਼ਿਕ ਵਿਆਪਕ :-** ਜੋ ਵਸਤੂ ਕਿਸੇ ਦੀ ਅਪੇਕਸ਼ਾ ਤੋਂ ਪਰਛਿੰਨ ਨਾ ਹੋਵੇ ਪਰੰਤੂ ਸਾਰਿਆਂ ਨਾਲ ਤੁਲਨਾ ਕਰਨ ਤੋਂ ਵਿਆਪਕ ਹੋਵੇ। ਜਿਵੇਂ ਬ੍ਰਹਮ, ਸੰਸਾਰ ਤੇ ਮਾਯਾ ਆਦਿ ਸਭ ਪਦਾਰਥਾਂ ਦੀ ਤੁਲਨਾ ਤੋਂ ਅਧਿਕ ਦੇਸ਼ ਵਾਲਾ ਹੋਣ ਕਰਕੇ ਨਿਰਪੇਕਸ਼ਿਕ ਵਿਆਪਕ ਹੈ।

ਅਤੁਲ ਅਤੁਲ ਅਤੁਲ ਨਹ ਤੁਲੀਐ ਭਗਤਿ ਵਛਲੁ ਕਿਰਪਾਏ॥

(ਬਿਲਾਵਲ ਮਃ ੫, ਅੰਗ ੮੨੦)

ਤੂ ਵੇਪਰਵਾਹੁ ਅਥਾਹੁ ਹੈ ਅਤੁਲ ਕਿਉ ਤੁਲੀਐ॥

(ਗਉੜੀ-ਵਾਰ ਮਃ੪, ਅੰਗ ੩੦੪)

(੧੧) ਜਿੰਨੇ ਸਰੀਰ ਓਨੇ ਹੀ ਜੀਵ ਹਨ। ਜੇਕਰ ਸਾਰੇ ਸਰੀਰਾਂ ਵਿਚ ਇੱਕ ਜੀਵ ਹੋਵੇ ਤਾਂ ਇੱਕ ਸਰੀਰ ਵਿਚ ਸੁਖ, ਦੁਖ ਹੋਣ ਨਾਲ ਸਾਰਿਆਂ ਸਰੀਰਾਂ ਵਿੱਚ ਉਸ ਸੁਖ-ਦੁੱਖ ਦਾ ਅਨੁਭਵ ਹੋਣਾ

ਚਾਹੀਦਾ ਹੈ, ਸੋ ਹੁੰਦਾ ਨਹੀਂ। ਇਸ ਲਈ ਜੀਵ ਨਾਨਾ ਕਥਨ ਕੀਤੇ ਹਨ।

(੧੨) ਨਿਯੁਕਤ ਸੀਮਾ ਵਾਲਾ ਹੋਣ ਕਰਕੇ ਛੋਟਾ।

(੧੩) ਤਿੰਨ ਪ੍ਰਕਾਰ ਦੇ ਭੇਦ ਮੰਨੇ ਗਏ ਹਨ :-

(੧) **ਸਜਾਤੀ ਭੇਦ :-** ਓਸੇ ਜਾਤੀ ਦਾ ਹੋਰ ਹੋਣਾ ਜਿਵੇਂ ਮਨੁੱਖ ਜਾਤੀ ਦੇ ਹੋਰ ਮਨੁੱਖ ਭਾਵ ਜੇ ਬ੍ਰਾਹਮਣ ਜਾਤੀ ਦਾ ਇੱਕ ਮਨੁੱਖ ਹੈ ਤਾਂ ਅਨੇਕਾਂ ਹੀ ਬ੍ਰਾਹਮਣ ਜਾਤੀ ਵਾਲੇ ਹੋਰ ਮਨੁੱਖ ਵੀ ਹਨ ਪਰੰਤੂ ਬ੍ਰਹਮ ਦੇ ਸਮਾਨ ਹੋਰ ਕੋਈ ਬ੍ਰਹਮ ਨਹੀਂ ਹੈ।

ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ॥

(ਤਿਲੰਗ ਭਗਤ ਕਬੀਰ ਜੀ, ਅੰਗ ੭੨੭)

(੨) **ਵਿਜਾਤੀ ਭੇਦ :-** ਦੂਸਰੀ ਜਾਤ ਹੋਣ ਕਰਕੇ ਭੇਦ ਹੋਣਾ। ਜਿਵੇਂ ਮਨੁੱਖ ਦੇ ਬਰਾਬਰ ਪਸ਼ੂ-ਪੰਛੀ ਆਦਿ ਕਿੰਤੂ ਬ੍ਰਹਮ ਦੇ ਸੁਦਰਸ਼ ਕੋਈ ਵਿਜਾਤੀ (ਗੈਰ ਜਾ ਭਿੰਨ ਜਾਤੀ) ਨਹੀਂ ਹੈ।

ਨਾਰਿ ਨ ਪੁਰਖ ਨ ਪੰਖਨੂ ਸਾਚਉ ਚਤੁਰ ਸਰੂਪ॥ **(ਮਾਰੂ ਮ:੧, ਅੰਗ ੧੦੧੦)**

(੩) **ਸ੍ਵਗਤਿ ਭੇਦ :-** ਜੋ ਸ੍ਵੈ = ਆਪਣੇ ਆਪ ਨੂੰ ਗਤਿ = ਪ੍ਰਾਪਤ ਹੋਣ ਵਾਲੇ ਅੰਗ ਪ੍ਰਤੰਗਾਂ ਵਿਚ ਭੇਦ ਹੋਵੇ। ਜਿਵੇਂ ਬ੍ਰਿਛ ਦਾ ਮੁੱਢ, ਟਾਹਣੇ ਟਾਹਣੀਆਂ, ਫੁੱਲ ਆਦਿ। ਪਰੰਤੂ ਪਰਮੇਸ਼ਰ ਨਿਰਵਯਵ (ਅੰਗਾਂ ਤੋਂ ਰਹਿਤ) ਹੋਣ ਕਰਕੇ ਸ੍ਵਗਤਿ ਭੇਦ ਤੋਂ ਰਹਿਤ ਹੈ।

ਨਾਹਿਨ ਜਾ ਕੋ ਸਜਾਤਿ ਕੋਊ ਅਰ ਦੂਸਰੀ ਜਾਤ ਨ ਕੋਊ ਕਹਾਵੈ॥
ਆਪਹਿ ਮਾਂਝ ਨ ਭੇਦ ਕਛੂ ਸ੍ਰੁਤਿ ਨਾਸਕਾ ਪਾਨ ਰੁ ਪਾਇ ਨ ਧਾਵੈ॥ **(ਅਧਜਾਤਮ ਪ੍ਰਕਾਸ਼)**

(੧੪) ਪਰੀਪੱਕ = ਵਿਸ਼ੇਸ਼ ਕਰਕੇ ਪ੍ਰੌਢਤਾ ਵਾ ਪੂਰਨਤਾ ਯੁਕਤ ਪੱਕਿਆ ਹੋਵੇ। ਪਰਪਕ ਕਰਮਾ ਤੋਂ ਭਾਵ ਜੋ ਫਲ ਦੇਣ ਦੇ ਲਾਇਕ ਕਰਮ ਹੋਣ।

(੧੫) ਕਾਰਣ

(੧੬) ਵਿਆਕੁਲਤਾ ਸਹਿਤ ਭਾਵ-ਰੂਪ ਹੋ ਕੇ ਆਵੇਸ ਕਰਨਾ।

(੧੭) ਪਰਸਪਰ ਮਿਲਾਪ। ਅਗਲੀ ਕਲਾ ਵਿਚ ਪੰਚੀਕਰਣ ਵਿਸਤਾਰ ਨਾਲ ਪੜ੍ਹੋ।

(੧੮) ਪੰਚੀਕਰਣ ਦੀ ਪ੍ਰਕਿਰਿਆ ਤੋਂ ਰਹਿਤ ਭਾਵ ਅਲੱਗ-ਅਲੱਗ।

(੧੯) ਪੰਨਾ ੩੫ ਤੇ ਟੂਕ ੫੦ ਪੜ੍ਹੋ।

(੨੦) ਇੰਦ੍ਰਿਯਾ ਦੀ ਪਕੜ ਤੋਂ ਪਰੇ ਜੋ ਨਾ ਦਿਸਣ ਵਾਲੀ ਗੁਪਤ ਸ੍ਰਿਸ਼ਟੀ।

(੨੧) ਦ੍ਰਿਸ਼ਟੀ ਦਾ ਵਿਸ਼ਾ ਪ੍ਰਪੰਚ ਰੂਪ ਸ੍ਰਿਸ਼ਟੀ ਜੋ ਜੰਮਦੀ-ਮਰਦੀ ਹੈ।

ਆਵਨੁ ਜਾਵਨੁ ਦ੍ਰਿਸਟਿ ਅਨਦ੍ਰਿਸਟਿ ॥
ਆਗਿਆਕਾਰੀ ਧਾਰੀ ਸਭ ਸ੍ਰਿਸਟਿ ॥ **(ਗਉੜੀ ਸੁਖਮਨੀ ਮ: ੫, ਅੰਗ ੨੮੧)**

(੨੨) ਬੰਧਨਾਂ ਸਹਿਤ।

ਪ੍ਰਸ਼ਨ ੩੪. ਇਹ ਆਰੋਪ ਸੱਤਯ ਹੈ ਵਾ ਮਿਥਿਆ ਹੈ?

ਉੱਤਰ : ਇਹ ਆਰੋਪ ਜੇਵਰੀ[੨੩] ਵਿਸ਼ੇ ਸਰਪ ਦੀ ਨਿਆਈ ਅਤੇ ਸਾਕਸ਼ੀ[੨੪] ਵਿਸ਼ੇ ਸੁਪਨ ਦੀ ਨਿਆਈ ਅਤੇ ਦਰਪਣ[੨੫] ਵਿਸ਼ੇ ਨਗਰ ਦੇ ਪ੍ਰਤੀਬਿੰਬ[੨੬] ਦੀ ਨਿਆਈ ਮਿਥਿਆ[੨੭] ਹੈ।

(੨੩) ਰੱਸੀ

(੨੪) ਅੰਤਹਕਰਣ ਦੀ ਉਪਾਧੀ ਵਾਲਾ ਚੇਤਨ ਮਾਤ੍ਰ ਸੋ ਸਾਕਸ਼ੀ ਕਹੀਏ ਹੈ।

(੨੫) ਸ਼ੀਸ਼ਾ

(੨੬) ਅਕਸ਼, ਅਭਾਸ, ਪਰਛਾਵਾਂ

(੨੭) ਮਿਥਿਆ ਤੋਂ ਭਾਵ ਜਿਸ ਨੂੰ ਨਾ ਸੱਤ ਅਤੇ ਨਾ ਅਸੱਤ ਕਿਹਾ ਜਾ ਸਕੇ।

ਸੱਤ :- ਜੋ ਭੂਤ, ਭਵਿੱਖ, ਵਰਤਮਾਨ ਤਿੰਨਾਂ ਕਾਲਾਂ ਵਿਚ ਨਿਤਯ ਵਿਦਿਆਮਾਨ (ਮੌਜੂਦ) ਹੋਵੇ ਭਾਵ ਕਾਲ ਤੋਂ ਜਿਸ ਦਾ ਬਾਧ ਨਹੀਂ।

ਅਸੱਤ :- ਭਾਵ ਜੋ ਸਤ ਨਹੀਂ ਵਾ ਝੂਠ ਹੋਵੇ। ਤਿੰਨਾਂ ਕਾਲਾਂ ਵਿੱਚ ਜਿਸ ਦਾ ਅਸਤਿਤਵ (ਹੋਂਦ) ਹੀ ਨਾ ਹੋਵੇ।

ਸੰਸਾਰ ਅਨਿੱਤ ਹੋਣ ਕਰਕੇ ਸਦਾ ਵਿਦਿਆਮਾਨ ਨਹੀਂ ਇਸ ਲਈ ਸੱਤ ਨਹੀਂ ਅਤੇ ਅਸੱਤ ਵੀ ਨਹੀਂ ਕਿਉਂਕਿ ਅਸਤਿਤਵ ਹੀਣ ਨਹੀਂ। ਜੋ ਨਾ ਸਤ ਅਤੇ ਨਾ ਅਸਤ ਹੋਵੇ ਅਥਵਾ ਜੋ ਵਾਸਤਵ ਵਿਚ ਦਿਖੇ ਕੁਝ ਹੋਰ ਅਤੇ ਹੋਵੇ ਕੁਝ ਹੋਰ ਸੋ ਵਸਤੂ ਮਿਥਿਆ ਕਹੀਏ ਹੈ।

ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ॥

(ਦੇਵਗੰਧਾਰੀ ਮ:੯, ਅੰਗ ੫੩੬)

ਪ੍ਰਸ਼ਨ ੩੫. ਇਹ ਆਰੋਪ ਕਿਸ ਨਾਲ ਹੁੰਦਾ ਹੈ?

ਉੱਤਰ : ਇਹ ਆਰੋਪ ਅਗਿਆਨ ਨਾਲ ਹੁੰਦਾ ਹੈ।

ਨਹ ਜਾਪੈ ਨਹ ਬੂਝੀਐ ਨਹ ਕਛੁ ਕਰਤ ਬੀਚਾਰੁ॥
ਸੁਆਦ ਮੋਹ ਰਸ ਬੇਧਿਓ ਅਗਿਆਨਿ ਰਚਿਓ ਸੰਸਾਰੁ॥

(ਗਉੜੀ ਥਿਤੀ ਮ:੫, ਅੰਗ ੨੯੭)

ਪ੍ਰਸ਼ਨ ੩੬. ਇਹ ਆਰੋਪ ਕਦੋਂ ਦਾ ਅਤੇ ਕਿਉਂ ਹੋਇਆ ਹੋਵੇਗਾ ਇਹ ਵਿਚਾਰ ਕਿਸ ਤਰ੍ਹਾਂ ਹੋਵੇ?

ਉੱਤਰ :- ਜਿਵੇਂ ਕੋਈ ਪੁਰਸ਼ ਦੇ ਬਸਤਰ ਉੱਪਰ ਤੇਲ ਦਾ ਦਾਗ ਲਗਿਆ ਹੋਵੇ ਤਿਸ ਨੂੰ ਜਾਣ ਕੇ ਉਸ ਨੂੰ ਮਿਟਾਉਣ ਦਾ ਉਪਾਅ ਕਰਨਾ ਚਾਹੀਦਾ ਅਤੇ ''ਇਹ ਦਾਗ ਕਦੋਂ ਦਾ, ਤੇ ਕਿਉਂ ਲੱਗਿਆ ਹੋਵੇਗਾ?'' ਇਸ ਵਿਚਾਰ ਦਾ ਕੋਈ ਪ੍ਰਯੋਜਨ[੨੮] ਨਹੀਂ ਹੈ। ਤਿਵੇਂ ਹੀ ''ਇਹ ਪ੍ਰਪੰਚ ਦਾ ਆਰੋਪ ਕਦੋਂ ਦਾ ਅਤੇ ਕਿਉਂ ਹੋਇਆ ਹੋਵੇਗਾ?'' ਇਸ ਵਿਚਾਰ ਦਾ ਵੀ ਕੋਈ ਪ੍ਰਯੋਜਨ ਨਹੀਂ ਹੈ। ਪਰੰਤੂ ਇਸ ਦੀ ਨਿਵਿਰਤੀ[੨੯] ਦਾ ਉਪਾਅ ਕਰਨਾ ਯੋਗ ਹੈ।

(੨੮) ਮਕਸਦ

(੨੯) ਛੁਟਕਾਰਾ

ਪ੍ਰਸ਼ਨ ੩੭. ਇਹ ਸਾਰੇ ਆਰੋਪ ਦੀ ਨਿਵਿਰਤੀ ਕਿਸ ਰੀਤ ਨਾਲ ਹੁੰਦੀ ਹੈ?

ਉੱਤਰ :- (੧) ਬ੍ਰਹਮ ਗਯਾਨ ਨਾਲ :-

ਮਾਯਾ ਅਤੇ ਅਵਿਦਿਆ ਦੀ ਨਿਵਿਰਤੀ ਹੁੰਦੀ ਹੈ।

(੨) ਉਸ ਨਾਲ ਕਾਰਯ[੩੦] ਸਹਿਤ ਪ੍ਰਕਿਰਤੀ ਦੀ ਨਿਵਿਰਤੀ ਹੁੰਦੀ ਹੈ।

(੩) ਉਸ ਤੋਂ ਪ੍ਰਕਿਰਤੀ ਅਤੇ ਬ੍ਰਹਮ ਦੇ ਸੰਬੰਧ ਦੀ ਨਿਵਿਰਤੀ ਹੁੰਦੀ ਹੈ।

(੪) ਉਸ ਤੋਂ ਜੀਵਭਾਵ ਅਤੇ ਈਸ਼ਵਰ ਭਾਵ ਦੀ ਨਿਵਿਰਤੀ ਹੁੰਦੀ ਹੈ।

(੫) ਤਿਸ ਤੋਂ ਜੀਵ ਈਸ਼ਵਰ ਦੇ ਭੇਦ ਦੀ ਨਿਵਿਰਤੀ ਹੁੰਦੀ ਹੈ।

(੬) ਤਿਸ ਤੋਂ ਬੰਧ[੩੧] ਦੀ ਨਿਵਿਰਤੀ ਹੋ ਕੇ ਮੋਕਸ਼ ਸਿੱਧ ਹੋਵੈ ਹੈ।

ਇਸ ਰੀਤਿ ਨਾਲ ਇੱਕ ਕਾਲ ਵਿਸ਼ੇ ਸਾਰੇ ਆਰੋਪ ਦੀ ਨਿਵਿਰਤੀ ਰੂਪ ਅਪਵਾਦ[੩੨] ਹੁੰਦਾ ਹੈ।

(੩੦) ਪ੍ਰਕਿਰਤੀ ਦਾ ਕਾਰਜ :- ਮਾਯਾ, ਅਵਿਦਿਆ ਅਤੇ ਤਮੋ ਪ੍ਰਧਾਨ ਪ੍ਰਕਿਰਤੀ ਤਿੰਨਾਂ ਦਾ ਗ੍ਰਹਿਣ ਕਾਰਯ ਸ਼ਬਦ ਤੋਂ ਕਰਨਾ ਹੈ।

(੩੧) ਬੰਧਨ = ਜੰਜਾਲ

ਬੰਧਨ ਮਾਤ ਪਿਤਾ ਸੰਸਾਰ॥ ਬੰਧਨ ਸੁਤ ਕੰਨਿਆ ਅਰੁ ਨਾਰਿ॥ ੨ ॥
ਬੰਧਨ ਕਰਮ ਧਰਮ ਹਉ ਕੀਆ ॥ ਬੰਧਨ ਪੁਤੁ ਕਲਤੁ ਮਨਿ ਬੀਆ ॥ ੩ ॥
ਬੰਧਨ ਕਿਰਖੀ ਕਰਹਿ ਕਿਰਸਾਨ ॥ ਹਉਮੈ ਡੰਨੁ ਸਹੈ ਰਾਜਾ ਮੰਗੈ ਦਾਨ ॥ ੪ ॥
ਬੰਧਨ ਸਉਦਾ ਅਣਵੀਚਾਰੀ ॥ ਤਿਪਤਿ ਨਾਹੀ ਮਾਇਆ ਮੋਹ ਪਸਾਰੀ ॥ ੫ ॥
ਬੰਧਨ ਸਾਹ ਸੰਚਹਿ ਧਨੁ ਜਾਇ ॥ ਬਿਨੁ ਹਰਿ ਭਗਤਿ ਨ ਪਵਈ ਥਾਇ ॥ ੬ ॥
ਬੰਧਨ ਬੇਦੁ ਬਾਦੁ ਅਹੰਕਾਰ ॥ ਬੰਧਨਿ ਬਿਨਸੈ ਮੋਹ ਵਿਕਾਰ ॥ ੭ ॥

(ਆਸਾ ਮਃ ੧, ਅੰਗ ੪੧੬)

(੩੨) ਸੱਪ ਅਤੇ ਸੱਪ ਦੇ ਗਿਆਨ ਦਾ ਬਾਧ ਕਰਕੇ ਰੱਸੀ ਰੂਪ ਅਧਿਸ਼ਠਾਨ (ਮੂਲ ਆਸਰਾ) ਦੇ ਅਵਸ਼ੇਸ਼ (ਬਾਕੀ) ਦੀ ਨਿਆਈ ਪ੍ਰਪੰਚ ਅਤੇ ਪ੍ਰਪੰਚ ਦੇ ਗਿਆਨ ਦਾ ਬਾਧ (ਨਾਸ) ਕਰਕੇ ਅਵਸ਼ੇਸ਼ ਅਧਿਸ਼ਠਾਨ ਰੂਪ ਸ਼ੁੱਧ ਬ੍ਰਹਮ ਦਾ ਜੋ ਅਵਸ਼ੇਸ਼ ਅੰਸ਼ :- ਸਤ, ਚਿਤ ਤੇ ਅਨੰਦ ਸੋ ਅਪਵਾਦ ਹੈ।

ਪ੍ਰਸ਼ਨ ੩੮. ਇਹ ਬ੍ਰਹਮ ਗਯਾਨ ਕਿਸ ਨਾਲ ਹੋਵੈ ਹੈ?

ਉੱਤਰ : ਇਹ ਬ੍ਰਹਮ ਗਯਾਨ ਪਹਿਲਾ ਕਹੀ ਜੋ 'ਵਿਚਾਰ'[੩੩] ਤਿਸ ਨਾਲ ਹੁੰਦਾ ਹੈ।

ਵੀਚਾਰਿ ਮਾਰੈ ਤਰੈ ਤਾਰੈ ਉਲਟਿ ਜੋਨਿ ਨ ਆਵਏ॥
ਆਪਿ ਪਾਰਸੁ ਪਰਮ ਧਿਆਨੀ ਸਾਚੁ ਸਾਚੇ ਭਾਵਏ॥

(ਧਨਾਸਰੀ ਮਃ੧, ਅੰਗ ੬੮੮)

(੩੩) ਪਹਿਲੀ ਕਲਾ ਵਿਚ ਪ੍ਰਸ਼ਨ ੨੧-੩੧ ਵਿਚ 'ਵਿਚਾਰ' ਬਾਰੇ ਵਿਸਤਾਰ ਨਾਲ ਪੜ੍ਹੋ।

ਇਤਿ ਸ਼੍ਰੀਵਿਚਾਰਚਂਦ੍ਰੋਦਯੇ ਪ੍ਰਪੰਚਾਰੋਪਾਪਵਾਦ ਵਰ੍ਣਨਨਾਮਿਕਾ ਦ੍ਵਿਤੀਯਕਲਾ ਸਮਾਪ੍ਤਾ॥ ੨॥

ਇਤਿ ਸ਼੍ਰੀ ਵਿਚਾਰਚੰਦ੍ਰੋਦਯ ਪ੍ਰਪੰਚਾਰੋਪਾਪਵਾਦ ਵਰਣਨ ਨਾਮਿਕਾ ਦ੍ਵੀਤੀਯ ਕਲਾ ਸਮਾਪਤਾ॥ ੨ ॥

ਸ਼੍ਰੀ = ਸੁਭਾਇਮਾਨ ਵਿਚਾਰਚੰਦ੍ਰੋਦਯ ਗ੍ਰੰਥ ਦਾ ਦ੍ਵੀਤੀਯ = ਦੂਸਰਾ ਕਲਾ = ਭਾਗ ਏਥੇ ਇਤਿ= ਸਮਾਪਤ ਹੁੰਦਾ ਹੈ। ਜਿਸ ਨੂੰ ਪ੍ਰਪੰਚਾਰੋਪਵਾਦ = (ਪ੍ਰਪੰਚ + ਆਰੋਪ + ਅਪਵਾਦ) ਨਾਮਿਕਾ = ਨਾਮ ਦੀ ਪ੍ਰਕਿਰਿਆ ਦਾ ਵਰਣਨ = ਕਥਨ ਕਰਕੇ ਸਮਾਪਤਾ = ਸੰਪੂਰਨ ਕੀਤਾ ਗਿਆ ਹੈ।

☆☆☆

(ਤ੍ਰੀਤੀਯ ਕਲਾ)

॥ अथ तृतीय कला प्रारंभः॥ ३॥

अथ त्रीतीय कला प्रारंभः ॥ ३ ॥

अथ= ਹੁਣ ਇਸ ਗ੍ਰੰਥ ਦੇ ਤ੍ਰੀਤੀਯ = ਤੀਸਰੇ ਕਲਾ = ਭਾਗ ਨੂੰ ਪ੍ਰਾਰੰਭਃ = ਆਰੰਭ ਵਾ ਸ਼ੁਰੂ ਕਰਦੇ ਹਨ।

॥ देह तीन का मैं द्रष्टा हूं॥

॥ देह तीन का मैं दृश़टा हुँ॥

ਮੈਂ = ਪ੍ਰਤਯਕ (ਅੰਤਰ) ਆਤਮਾ ਤੀਨ = ਤਿੰਨ ਦੇਹ = ਸਰੀਰਾਂ ਸਥੂਲ ਸਰੀਰ, ਸੂਕਸ਼ਮ ਸਰੀਰ ਅਤੇ ਕਾਰਣ ਸਰੀਰ ਕਾ = ਦਾ ਦ੍ਰਸ਼ਟਾ = ਦੇਖਣਹਾਰਾ ਹੂੰ = ਹਾਂ।

॥ मनहर छंद॥

॥ मनहर छंद ॥

ਅਨੇਕਾਂ ਪ੍ਰਕਾਰ ਦੀ ਛੰਦਾਬੰਦੀ ਦੇ ਵਿਚੋਂ ਪੀਤਾਂਬਰ ਜੀ ਮਨਹਰ ਨਾਮਕ ਛੰਦ ਦੇ ਅੰਦਰ ਮੂਲ ਪਾਠ ਦੀ ਰਚਨਾ ਕਰਦੇ ਹਨ।

द्रष्टा तीन देहक को मैं स्थूल सूक्ष्म कारण ये

दृश़टा तीन देहक कॊ मैं सथुल सुकश़म कारण ये

ਮੈਂ = ਸਾਕਸ਼ੀ* ਰੂਪ ਪ੍ਰਤਯਕ ਆਤਮਾ ਯੇ = ਇਹ ਤੀਨ = ਤਿੰਨ ਦੇਹ = ਸਰੀਰ :- (੧) ਸਥੂਲ=ਪੰਝੀ ਪ੍ਰਕਿਰਤੀਆਂ ਦਾ ਕਾਰਯ ਮਨੁੱਖ ਸਰੀਰ ਜੋ ਪ੍ਰਤੱਖ ਅੱਖਾਂ ਦੁਆਰਾ ਦਿਸਦਾ ਹੈ ਸੋ ਕਹੀਏ ਸਥੂਲ ਸਰੀਰ,(੨) ਸੂਕਸ਼ਮ = ਸਤਾਰਾਂ ਵਾ ਉੱਨੀ ਤੱਤਾਂ ਦਾ ਲਿੰਗ ਸਰੀਰ ਅਤੇ (੩) ਕਾਰਣ = ਅਗਿਆਨ ਵਾ ਅਵਿਦਿਆ ਦਾ ਕਾਰਯ ਜੋ ਕਾਰਣ ਸਰੀਰ ਕੋ = ਦਾ ਦ੍ਰਸ਼ਟਾ* = ਦੇਖਣਹਾਰਾ ਹਾਂ।

ਦ੍ਰਸ਼ਟਾ ਅਤੇ ਸਾਕਸ਼ੀ ਦਾ ਭੇਦ :-

*ਸਾਕਸ਼ੀ :- ਅੰਤਹਕਰਣ ਦੀ ਵ੍ਰਿਤੀ ਵਿਖੇ ਮਾਤ੍ਰ (ਕੇਵਲ) ਚੇਤਨ, ਸਾਕਸ਼ੀ ਕਹੀਏ ਹੈ। ਸਾਕਸ਼ੀ (੧) ਚੇਤਨ, (੨) ਅਸੰਗ ਅਤੇ (੩) ਸੱਤ ਵਿਸ਼ੇਸ਼ਣਾ ਵਾਲਾ ਹੁੰਦਾ ਹੈ।

*ਦ੍ਰਸ਼ਟਾ :- ਜੋ (੧) ਜੜ (੨) ਸੰਗ ਭਾਵ ਸੰਬੰਧ ਸਹਿਤ ਹੋਣ ਕਰਕੇ ਰਾਗ - ਦ੍ਵੈਸ਼ ਧਾਰਣ ਕਰਨ ਵਾਲਾ ਅਤੇ (੩) ਅਸੱਤ ਹੋਵੇ, ਸੋ ਦ੍ਰਸ਼ਟਾ ਕਹੀਏ ਹੈ।

ਅੱਖਾਂ, ਮਨ ਬੁੱਧੀ ਆਦਿ ਸਭ ਕਿਸੇ ਦ੍ਰਿਸ਼ ਦਾ ਦ੍ਰਸ਼ਟਾ (ਦੇਖਣ ਵਾਲੇ) ਆਖੇ ਜਾ ਸਕਦੇ ਹਨ ਕਿੰਤੂ ਸਾਕਸ਼ੀ ਕੇਵਲ ਇੱਕ ਆਤਮਾ ਹੀ ਹੈ ਜੋ ਸਭ ਦੀ ਗਵਾਹੀ ਦਿੰਦੀ ਹੈ।

तीन देह दृश्य अरु अनातमा मानियो॥

ਤੀਨ ਦੇਹ ਦ੍ਰਿਸ਼ਯ ਅਰੁ ਅਨਾਤਮਾ ਮਾਨੀਯੋ॥

ਤੀਨ=ਤਿੰਨ :- ਸਥੂਲ, ਸੂਕਸ਼ਮ, ਕਾਰਣ ਦੇਹ = ਸਰੀਰ ਦ੍ਰਿਸ਼ਯ = ਦ੍ਰਿਸ਼ਟੀ ਦਾ ਵਿਸ਼ਾ ਹਨ। ਅਰੁ = ਔਰ ਇਨ੍ਹਾਂ ਨੂੰ ਅਨਾਤਮਾ = ਆਤਮਾ ਤੋਂ ਭਿੰਨ ਮਿਥਿਆ ਮਾਨੀਯੋ = ਮੰਨਣਾ ਕਰੋ।

देह अनित न नित रहै जसु नाव चड़ै भव सागर तारै॥

(ਸ੍ਰੀ ਦਸਮ ਗ੍ਰੰਥ, ਅੰਗ ੫੬੫)

पंचकृत पंचभूत के पचीस तत्त्वन को

ਪੰਚੀਕ੍ਰਿਤ ਪੰਚਭੂਤ ਕੇ ਪਚੀਸ ਤੱਤ੍ਵਨ ਕੋ

ਪੰਚਭੂਤ = ਪੰਜ ਸਥੂਲ ਭੂਤ ਭਾਵ ਤੱਤ (ਅਕਾਸ਼, ਹਵਾ, ਅੱਗ, ਪਾਣੀ ਅਤੇ ਧਰਤੀ) ਕੋ = ਦਾ ਪ੍ਰਚੀਕ੍ਰਿਤ = ਪੰਚੀਕਰਣ* ਕਰਕੇ ਪਚੀਸ - ਪੰਝੀ ਤੱਤ੍ਵਨ = ਤੱਤਾਂ ਕੇ = ਦੇ।

*ਪੰਜ ਤੱਤਾਂ ਦੇ ਵਿਚੋਂ ਇੱਕ-ਇੱਕ ਤੱਤ ਦੇ ਦੋ ਹਿੱਸੇ ਕੀਤੇ, ਇਸ ਤਰ੍ਹਾਂ ਇਹ ਦਸ ਹੋ ਗਏ। ਉਨ੍ਹਾਂ ਵਿੱਚੋਂ ਪੰਜ ਹਿੱਸੇ ਵੱਖਰੇ ਕੱਢ ਲਏ, ਬਾਕੀ ਪੰਜ ਤੱਤਾਂ ਦੇ ਚਾਰ-ਚਾਰ ਟੁਕੜੇ ਕਰ ਦਿੱਤੇ, ਪੰਜਾਂ ਤੱਤਾਂ ਨੇ ਆਪਣਾ-ਆਪਣਾ ਅੱਧਾ-ਅੱਧਾ ਮੁੱਖ ਹਿੱਸਾ ਆਪਣੇ ਕੋਲ ਰੱਖਿਆ, ਉਹ ਕਿਸੇ ਵਿੱਚ ਮਿਲਣ ਨਾ ਦਿੱਤਾ, ਬਾਕੀ ਦੇ ਚਾਰ-ਚਾਰ ਹਿੱਸੇ ਦੂਜੇ ਅੱਧੇ-ਅੱਧੇ ਹਿੱਸੇ ਵਿੱਚ ਮਿਲਾਉਣ ਨੂੰ ਪੰਚੀਕਰਣ ਆਖਦੇ ਹਨ।

स्थूल देह एक भोग आयतन गानियो॥

ਸਥੂਲ ਦੇਹ ਏਕ ਭੋਗ ਆਯਤਨ ਗਾਨੀਯੋ॥

ਏਕ = ਇੱਕ ਸਥੂਲ = ਅਸਥੂਲ ਦੇਹ = ਸਰੀਰ ਨੂੰ ਪੂਰਬਲੇ ਸੰਚਿਤ ਕਰਮਾਂ ਅਨੁਸਾਰ ਸੁੱਖ-ਦੁੱਖ ਦੇ ਫਲ ਭੋਗ = ਭੋਗਣ ਦਾ ਆਯਤਨ = ਸਥਾਨ, ਟਿਕਾਣਾ ਗਾਨੀਯੋ = ਸਮਝਣਾ ਕਰੋ ਵਾ ਗਿਨਣਾ ਕਰੋ।

महांभूत पंचीकृत करके संचित करम उपावै॥
सुख अरु दुख के भोग करन कों सथूल देह छबि छावै॥ (ਅਧਜਾਤਮ ਪ੍ਰਕਾਸ਼)

अणंचीकृतभूत के सप्तदश तत्त्व को

ਅਪੰਚੀਕ੍ਰਿਤ ਭੂਤਨ ਕੇ ਸਪਤਦਸ਼ ਤੱਤ੍ਵ ਕੋ

ਅਪੰਚੀਕ੍ਰਿਤ = ਪੰਚੀਕਰਣ ਦੀ ਪ੍ਰਕਿਰਿਆ ਤੋਂ ਰਹਿਤ ਪੰਜ ਸੂਖਮ ਭੂਤਨ = ਤੱਤਾਂ ਕੇ = ਦੇ ਸਪਤ ਦਸ਼ = ਸਤਾਰਾਂ ਤੱਤ੍ਵ = ਤੱਤਾ ਕੋ = ਤੋਂ

पांच प्रान दै बुधि मन इंद्रेज दसो गनाइ॥
पांच तत्र सत्रूह भऐ तजों सभ दयो बताइ॥ ६४॥ (ਅਧਜਾਤਮ ਪ੍ਰਕਾਸ਼)

सूक्ष्म देह होई भोग साधन प्रमानियो॥

ਸੂਕਸ਼ਮ ਦੇਹ ਹੋਈ ਭੋਗ ਸਾਧਨ ਪ੍ਰਮਾਨੀਯੋ॥

ਸੂਕਸ਼ਮ = ਲਿੰਗ ਦੇਹ=ਸਰੀਰ ਦੀ ਉਤਪਤੀ ਹੋਈ ਹੈ ਜਿਸ ਨੂੰ ਭੋਗ* = ਸੁੱਖ-ਦੁੱਖ ਦੇ ਅਨੁਭਵ ਕਰਨ ਦਾ ਸਾਧਨ=ਜ਼ਰੀਆ ਪ੍ਰਮਾਨੀਯੋ=ਵਿਸ਼ੇਸ਼ ਕਰਕੇ ਮੰਨਣਾ ਕਰੋ।

***ਦੁਖ ਸੁਖ ਕੋ ਜੋ ਅਨੁਭਵ ਰੂਪ।**
ਬ੍ਰਿੱਧ ਕਿਧੌਂ ਲਘੁ ਕਰਨ ਅਨੂਪ।
ਇਸ ਕੋ ਨਾਮ ਭੋਗ ਬੁਧਿ ਕਹੈਂ।
ਚੌਦਹਿ ਲੋਕ ਬਿਧੈ ਜਨ ਲਹੈ॥ ੨੬॥ (ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੧)

ਅਜ੍ਞਾਨ ਕਾਰਣ ਦੇਹ ਘਟਵਤ ਦ੍ਰਿਸ਼ਯ ਏਹ।

ਅਗਯਾਨ ਕਾਰਣ ਦੇਹ ਘਟਵਤ ਦ੍ਰਿਸ਼ਯ ਏਹ।

ਸਥੂਲ ਅਤੇ ਸੂਕਸ਼ਮ ਸਰੀਰਾਂ ਦੀ ਉਤਪਤੀ ਦਾ ਮੂਲ ਕਾਰਨ = ਹੇਤ ਅਗਯਾਨ = ਅਵਿਦਿਆ ਤੀਸਰੀ ਦੇਹ=ਸਰੀਰ ਹੈ ਅਤੇ ਏਹ = ਇਹ ਘਟਵਤ = ਘੜੇ ਦੇ ਸੁਦਰਸ਼ ਮਾਤ੍ਰ ਦ੍ਰਿਸ਼ਯ = ਦ੍ਰਿਸ਼ਟੀ ਦਾ ਵਿਸ਼ਾ ਜਾਣੋ।

ਕਾਰਣ ਦੇਹ ਅਵਿਦ੍ਯਾ ਯਹੈ ਅਰ ਵਾਹੀ ਕੋ ਨਾਮ ਅਗ੍ਯਾਨ ਕਹਾਯੋ॥
ਸੂਖਮ ਸਥੂਲ ਉਪਾਧਿ ਕੋ ਮੂਲ ਯਹੈ, ਪ੍ਰਤਿਕੂਲ ਸੁਖਾਨੰਦ ਗਾਯੋ॥ ੫੧॥

(ਅਧ੍ਯਾਤਮ ਪ੍ਰਕਾਸ਼)

ਪੀਤਾਂਬਰ ਦ੍ਰਸ੍ਟਾ ਆਧ ਜਾਨਿ ਦ੍ਰਿਸ਼ਯ ਭਾਨਿਯੋ॥੩॥

ਪੀਤਾਂਬਰ ਦ੍ਰਸ਼ਟਾ ਆਪ ਜਾਨੀ ਦ੍ਰਿਸ਼ਯ ਭਾਨੀਯੋ॥ ੩॥

ਪੀਤਾਂਬਰ ਜੀ ਕਥਨ ਕਰਦੇ ਹਨ ਕਿ ਆਪਣੇ ਤੋਂ ਭਿੰਨ-ਭਿੰਨ ਸਰੀਰਾਂ ਨੂੰ ਮਾਤ੍ਰ ਦ੍ਰਿਸ਼ਯ= ਦ੍ਰਿਸ਼ਟੀ ਦਾ ਵਿਸ਼ਾ ਜਾਣਕੇ ਅਤੇ ਇੰਨ੍ਹਾਂ ਸਰੀਰਾਂ ਵਿੱਚ ਆਤਮਾ ਦੇ ਅਧਿਆਸ (ਭਰਮ) ਨੂੰ ਭਾਨੀਯੋ = ਭੰਨ ਕਰਕੇ ਵਾ ਨਸ਼ਟ ਕਰਕੇ ਆਪ=ਖ਼ੁਦ ਦੇ ਨਿਜ ਸਰੂਪ ਪ੍ਰਤਯਕ ਆਤਮਾ ਨੂੰ ਤਿੰਨ ਸਰੀਰਾਂ ਦਾ ਦ੍ਰਸ਼ਟਾ=ਦੇਖਣਹਾਰਾ ਜਾਨੀ=ਜਾਨਣਾ ਕਰੋ।

ਰਹੈ ਅਤੀਤੁ ਜਾਣੈ ਸਭੁ ਤਿਸ ਕਾ॥ ਤਨ ਮਨੁ ਅਰਪੈ ਹੈ ਇਹੁ ਜਿਸ ਕਾ॥

(ਬਿਲਾਵਲੁ ਮ:੧, ਅੰਗ ੮੩੨)

ਹੁਣ ਇਸ ਮੂਲ ਪਾਠ ਦੀ ਵਿਚਾਰ ਨੂੰ ਪ੍ਰਸ਼ਨ-ਉੱਤਰਾਂ ਦੇ ਰਾਹੀਂ ਸਮਝਾਉਂਦੇ ਹਨ :-

ਪ੍ਰਸ਼ਨ ੩੯. ਪਹਿਲੀ ਪ੍ਰਕ੍ਰਿਯਾ। "ਦੇਹ ਤੀਨ ਕਾ ਮੈਂ ਦ੍ਰਸ਼ਟਾ ਹੂੰ।" ਸੋ ਦੇਹ ਤਿੰਨ ਕਿਹੜੀਆਂ ਹਨ?

ਉੱਤਰ : ਸਥੂਲ ਦੇਹ, ਸੂਕਸ਼ਮ ਦੇਹ ਅਤੇ ਕਾਰਣ ਦੇਹ। ਇਹ ਦੇਹ ਤਿੰਨ ਹਨ।

॥ ੧॥ ਸਥੂਲ ਦੇਹ ਦਾ ਮੈਂ ਦ੍ਰਸ਼ਟਾ ਹਾਂ॥

ਪ੍ਰਸ਼ਨ ੪੦. ਸਥੂਲ ਦੇਹ ਸੋ ਕੀ ਹੈ?

ਉੱਤਰ : ਪੰਚੀਕ੍ਰਿਤ ਪੰਚ ਮਹਾਭੂਤਾਂ ਦੇ ਪੱਚੀਸ ਤੱਤਾਂ ਦਾ ਸਥੂਲ ਦੇਹ ਹੈ।

ਪ੍ਰਸ਼ਨ ੪੧. ਪੰਚ ਮਹਾਭੂਤ ਕਿਹੜੇ ਹਨ?

ਉੱਤਰ : ਅਕਾਸ਼, ਵਾਯੂ(੧), ਤੇਜ(੨), ਜਲ ਅਤੇ ਪ੍ਰਿਥਵੀ। ਇਹ ਪੰਚ(੩) ਮਹਾਭੂਤ ਹਨ।

ਸਥੂਲ ਤਤ੍ਵ ਪਾਂਚੋ ਪ੍ਰਗਟ ਤਿਨ ਤੇ ਸਭ ਬ੍ਰਹਮੰਡ॥
ਨਭ ਅਰੁ ਪਵਨ ਸੁ ਤੇਜ ਜਲ ਔ ਪ੍ਰਿਥਵੀ ਨਵਖੰਡ॥ ੩੪॥

(ਅਧਜਾਤਮ ਪ੍ਰਕਾਸ਼)

(੧) ਹਵਾ

(੨) ਅੱਗ

(੩) ਪੰਜ

ਪ੍ਰਸ਼ਨ ੪੨. ਪੰਚ ਮਹਾਭੂਤਾਂ ਦੇ ਪਚੀਸ ਤੱਤ੍ਵ ਨਾਮਕ ਪਦਾਰਥ ਕਿਹੜੇ ਹਨ?

ਉੱਤਰ : ੧-੫ ਅਕਾਸ਼ ਦੇ ਪੰਜ ਤਤ੍ਵ :- ਕਾਮ(੪), ਕ੍ਰੋਧ(੫), ਸ਼ੋਕ(੬), ਮੋਹ(੭) ਅਤੇ ਭੈਅ(੮)।

੬-੧੦ ਵਾਯੂ ਦੇ ਪੰਜ ਤਤ੍ਵ :- ਚਲਨ(੯), ਵਲਨ(੧੦), ਧਾਵਨ(੧੧), ਪ੍ਰਸਾਰਣ(੧੨) ਅਤੇ ਆਕੁੰਚਨ(੧੩)।

੧੧-੧੫ ਤੇਜ ਦੇ ਪੰਜ ਤਤ੍ਵ :- ਛੁਧਾ(੧੪), ਤ੍ਰਿਸ਼ਾ(੧੫), ਆਲਸਯ(੧੬), ਨਿੰਦ੍ਰਾ ਅਤੇ ਕਾਂਤੀ(੧੭)।

੧੬-੨੦ ਜਲ ਦੇ ਪੰਜ ਤਤ੍ਵ :- ਸ਼ੁਕ੍ਰ ਕਹੀਏ ਵੀਰਯ, ਸ਼ੋਣਿਤ ਕਹੀਏ ਰੁਧਿਰ(੧੮), ਲਾਰ(੧੯), ਮੂਤ੍ਰ ਅਤੇ ਸ੍ਵੇਟ ਕਹੀਏ ਪਸੀਨਾ।

੨੧-੨੫ ਪ੍ਰਿਥਵੀ ਦੇ ਪੰਜ ਤਤ੍ਵ :- ਅਸਥੀ ਕਹੀਏ ਹੱਡੀਆਂ,ਮਾਸ,ਨਾੜੀ,ਤ੍ਵਚਾ(੨੦) ਅਤੇ ਰੋਮ।

ਇਹ ਪੰਚ ਮਹਾਭੂਤਾਂ ਦੇ ਪਚੀਸ ਤੱਤਾਂ ਦੇ ਨਾਮ ਹਨ।

ਅਸਥ ਮਾਸ ਤ੍ਵਕ ਰੋਕ ਨਾੜਿਕਾ ਪ੍ਰਗਟ ਪੰਚ ਭੁਵ॥
ਰੇਤ ਪਿਤ ਅਰੁ ਸ੍ਵੇਤ ਲਾਰ ਪੁਨ ਰੁਧਿਰ ਨੀਰ ਧਰੁਵ॥
ਭੂਖ ਪਯਾਸ ਮੁਖ ਪ੍ਰਭਾ ਨੀਦ ਆਲਸਜ ਸੁ ਤੇਜ ਗਨਿ॥
ਧਾਵਨ ਕੂਦਨ ਚਲਨ ਸਕੁਚ ਪਰਸਨ ਸੁ ਪਵਨ ਭਨਿ॥
ਸਿਰ ਕੰਠ ਉਦਰ ਅਰੁ ਹਿਰਦਯ ਕਟਿ ਯਹ ਅਕਾਸ ਵਿਦ ਪੰਚ ਲਹਿ॥
ਇਨ ਪੰਚ ਭੂਤ ਪੰਚੀਕਰਨ ਕਰਿ ਪਚੀਸ ਸੁਖਦੇਵ ਕਹਿ॥ ੭੦॥

(ਅਧਜਾਤਮ ਪ੍ਰਕਾਸ਼)

(੪) ਕਾਮ = ਕਾਮਨਾਵਾਂ

ਕਿਸੇ ਵੀ ਭੋਗ ਦੀ ਇੱਛਾ ਦਾ ਨਾਮ ਕਾਮ ਹੈ।

ਕਾਮ ਕਾਮ ਸਭ ਕੋ ਕਹੈ ਕਹਿਐ ਕਾਮ ਨ ਕੋਇ॥
ਜੇਤੀ ਮਨ ਕੀ ਵਾਸਨਾ ਕਾਮ ਕਹਾਵੈ ਸੋਇ॥

(੫) ਕ੍ਰੋਧ = ਗੁੱਸਾ

ਕਿਸੇ ਅਨਉਚਿਤ ਜਾ ਪ੍ਰਤੀਕੂਲ ਕਾਰਯ ਦੇ ਹੋਣ ਨਾਲ ਮਨ ਦੀ ਬਿਰਤੀ ਦਾ ਤੀਕਸ਼ਣ ਵੇਗ ਕ੍ਰੋਧ ਕਹੀਏ ਹੈ।

(੬) ਸ਼ੋਕ = ਦੁੱਖ, ਗਮ
ਇਸ਼ਟ ਵਸਤੂ ਦੇ ਨਾਸ਼ ਅਤੇ ਅਨਿਸ਼ਟ ਦੀ ਪ੍ਰਾਪਤੀ ਤੋਂ ਉਤਪੰਨ ਮਨੋਵਿਕਾਰ ਸ਼ੋਕ ਕਹੀਏ ਹੈ।

(੭) ਮੋਹ = ਆਸਕਤੀ (ਪਕੜ) ਵਾ ਖਿੱਚ
ਹੰਗਤਾ-ਮਮਤਾ ਰੂਪ ਬੁਧੀ ਮੋਹ ਕਹੀਏ ਹੈ।

(੮) ਭੈਅ = ਡਰ, ਖੌਫ਼
ਅਨਿਸ਼ਟ ਦੀ ਸੰਭਾਵਨਾ ਤੋਂ ਮਨ ਵਿੱਚ ਹੋਣ ਵਾਲੀ ਕਲਪਨਾ ਭੈਅ ਕਹੀਏ ਹੈ।

(੯) ਤੁਰਨਾ

(੧੦) ਮੁੜਨਾ (ਵਲ ਖਾਣਾ)

(੧੧) ਦੌੜਨਾ

(੧੨) ਫੈਲਣਾ

(੧੩) ਸੁੰਗੜਨਾ

(੧੪) ਭੁੱਖ

(੧੫) ਪਿਆਸ

(੧੬) ਦਲਿਦ੍ਰ

(੧੭) ਪ੍ਰਭਾ ਵਾ ਚਮਕ

(੧੮) ਖ਼ੂਨ

(੧੯) ਮੂੰਹ ਤੋਂ ਟਪਕਦਾ ਲੇਸਦਾਰ ਥੁੱਕ

(੨੦) ਚਮੜੀ

ਪ੍ਰਸ਼ਨ ੪੩. ਪ੍ਰਚੀਕ੍ਰਿਤ ਪੰਚ ਮਹਾਭੂਤ ਕਿੰਨਾਂ ਨੂੰ ਆਖਦੇ ਹਨ?

ਉੱਤਰ : ਜਿੰਨਾਂ ਭੂਤਾਂ[੨੧] ਦਾ ਪੰਚੀਕਰਣ[੨੨] ਹੋਇਆ ਹੈ ਉਨ੍ਹਾਂ ਭੂਤਾਂ ਨੂੰ ਪ੍ਰਚੀਕ੍ਰਿਤ ਪੰਚ ਮਹਾਭੂਤ ਕਹੀਏ ਹੈ।

(੨੧) ਤੱਤਾਂ

(੨੨) ਪੰਚੀਕਰਣ = ਪਰਸਪਰ ਮਿਲਾਪ
ਪਹਿਲਾ ਪੰਜ ਤੱਤ ਅਪੰਚੀਕ੍ਰਿਤ ਸਨ। ਓਨਾ ਦਾ ਈਸ਼ਵਰ ਦੀ ਇੱਛਾ ਨਾਲ ਸਥੂਲ ਸ੍ਰਿਸ਼ਟੀ ਦੁਆਰਾ ਜੀਵਾਂ ਦੇ ਭੋਗ ਵਾਸਤੇ ਪਰਸਪਰ ਮਿਲਾਪ ਰੂਪ ਪੰਚੀਕਰਣ ਹੋਇਆ ਹੈ।

ਪ੍ਰਸ਼ਨ ੪੪. ਪੰਚੀਕਰਣ ਸੋ ਕੀ ਹੈ?

ਉੱਤਰ : ਪੰਜ ਭੂਤਾਂ ਦੇ ਵਿਚੋਂ ਇੱਕ ਇੱਕ ਦੇ ਦੋ-ਦੋ ਭਾਗ ਕੀਤੇ। ਸੋ ਹੋ ਗਏ ਦਸ। ਓਨਾਂ ਵਿਚੋਂ ਪਹਿਲੇ ਪੰਜ ਭਾਗ ਰਹਿਣ ਦਿੱਤੇ ਅਤੇ ਦੂਸਰੇ ਪੰਜ ਭਾਗਾਂ ਦੇ ਵਿਚੋਂ ਇੱਕ-ਇੱਕ ਭਾਗ ਦੇ ਚਾਰ-ਚਾਰ ਭਾਗ ਕੀਤੇ। ਸੋ ਚਾਰ-ਚਾਰ ਭਾਗ ਅਕਾਸ਼ਾਦਿਕ ਭੂਤਾਂ ਆਪਣਾ-ਆਪਣਾ ਜੋ ਅਰਧ[੨੩]-ਅਰਧ ਮੁੱਖ ਭਾਗ ਰਹਿਣ ਦਿੱਤਾ ਓਨਾਂ ਵਿੱਚ ਨਾ ਮਿਲਾ ਕੇ ਆਪਣੇ ਤੋਂ ਭਿੰਨ ਚਾਰ ਭੂਤਾਂ ਦੇ ਅਰਧ-ਅਰਧ ਭਾਗਾਂ ਵਿੱਚ ਮਿਲੇ। ਸੋ ਪੰਚੀਕਰਣ ਕਹੀਏ ਹੈ।

ਏਕ ਤਤ੍ਵ ਕੇ ਪਾਚ ਕਰ ਪਾਂਚਨ ਕੇ ਪੱਚੀਸ॥
ਪਾਚ ਅੰਸ ਨਜਾਰੇ ਰਹੈ ਮਿਸਰਤਿ ਕੀਨੇ ਬੀਸ॥ ੬੯॥

ਪਾਂਚ ਅੰਸ ਏ ਰਾਖ ਕੈ ਬੀਸ ਬਾਂਟ ਯੌ ਲੀਨ॥
ਜਯੋਂ ਨਰ ਪਗਿਆ ਪਰਸਪਰ ਬਦਲਤ ਸੁਨੋ ਪ੍ਰਬੀਨ॥ ੭੮॥ (ਅਧਜਾਤਮ ਪ੍ਰਕਾਸ਼)

(੨੩) ਅੱਧਾ

ਪ੍ਰਸ਼ਨ ੪੫. ਪੰਜ ਭੂਤਾਂ ਦਾ ਪਰਸਪਰ ਮਿਲਾਪ ਕਿਸ ਰੀਤਿ ਨਾਲ ਹੈ?

ਉੱਤਰ : ਦ੍ਰਿਸ਼ਟਾਂਤ :- ਜਿਵੇਂ ਕੋਈ ਪੰਜ ਮਿਤ੍ਰ ਅੰਬ, ਕੇਲਾ ਆਦਿਕ ਇੱਕ-ਇੱਕ ਫਲ ਨੂੰ ਇਕੱਠੇ ਖਾਣ ਲੱਗਣ। ਤਦੋਂ ਸਾਰੇ ਆਪਣੇ-ਆਪਣੇ ਫਲ ਦੇ ਦੋ-ਦੋ ਭਾਗ ਕਰਕੇ ਅਰਧ-ਅਰਧ ਭਾਗ ਆਪਣੇ ਵਾਸਤੇ ਰੱਖਣ ਅਤੇ ਅਵਸ਼ੇਸ਼ ਅਰਧ-ਅਰਧ ਭਾਗ ਵਿਚੋਂ ਚਾਰ-ਚਾਰ ਭਾਗ ਕਰਕੇ ਚਾਰ ਮਿਤ੍ਰਾਂ ਨੂੰ ਵਿਭਾਗ ਕਰਕੇ ਦੇਣ, ਤਾਂ ਪੰਜ ਫਲਾਂ ਦਾ ਪਰਸਪਰ ਮਿਲਾਪ ਹੁੰਦਾ ਹੈ। ਤਿਵੇਂ :-

ਸਿਧਾਂਤ :-

੧. ਅਕਾਸ਼ ਦੇ ਦੋ ਭਾਗ ਕੀਤੇ। ਉਨਾਂ ਵਿੱਚੋਂ
   (੧) ਇੱਕ ਭਾਗ ਰਹਿਣ ਦਿੱਤਾ। ਅਤੇ
   (੨) ਦੂਸਰੇ ਭਾਗ ਦੇ ਚਾਰ ਭਾਗ ਕੀਤੇ।
   ਉਨ੍ਹਾਂ ਵਿੱਚੋਂ ਅਕਾਸ਼ ਵਿੱਚ ਨਾ ਮਿਲੇ ਅਤੇ
   (੧) ਇੱਕ ਵਾਯੂ ਵਿਸ਼ੇ[੨੪] ਮਿਲ ਗਿਆ।
   (੨) ਇੱਕ ਤੇਜ ਵਿਸ਼ੇ ਮਿਲ ਗਿਆ।
   (੩) ਇੱਕ ਜਲ ਵਿਸ਼ੇ ਮਿਲ ਗਿਆ। ਅਤੇ
   (੪) ਇੱਕ ਪ੍ਰਿਥਵੀ ਵਿਸ਼ੇ ਮਿਲ ਗਿਆ।

੨. ਇਸੇ ਤਰ੍ਹਾਂ ਹੀ ਵਾਯੂ ਦੇ ਦੋ ਭਾਗ ਕੀਤੇ। ਉਨਾਂ ਵਿੱਚੋਂ
   (੧) ਇੱਕ ਭਾਗ ਰਹਿਣ ਦਿੱਤਾ ਅਤੇ
   (੨) ਦੂਸਰੇ ਭਾਗ ਦੇ ਚਾਰ ਭਾਗ ਕੀਤੇ।
   ਉਨ੍ਹਾਂ ਵਿੱਚੋਂ ਵਾਯੂ ਵਿਸ਼ੇ ਨਾ ਮਿਲੇ ਅਤੇ
   (੧) ਇੱਕ ਅਕਾਸ਼ ਵਿਸ਼ੇ ਮਿਲਿਆ।
   (੨) ਇੱਕ ਤੇਜ ਵਿਸ਼ੇ ਮਿਲਿਆ।
   (੩) ਇੱਕ ਜਲ ਵਿਸ਼ੇ ਮਿਲਿਆ।
   (੪) ਇੱਕ ਪ੍ਰਿਥਵੀ ਵਿਸ਼ੇ ਮਿਲਿਆ।

੩. ਇਸੇ ਤਰ੍ਹਾਂ ਤੇਜ ਦੇ ਦੋ ਭਾਗ ਕੀਤੇ। ਓਨਾਂ ਵਿੱਚੋਂ
   (੧) ਇੱਕ ਭਾਗ ਰਹਿਣ ਦਿੱਤਾ ਅਤੇ
   (੨) ਦੂਸਰੇ ਭਾਗ ਦੇ ਚਾਰ ਭਾਗ ਕੀਤੇ।

ਓਨ੍ਹਾਂ ਵਿਚੋਂ ਤੇਜ ਵਿਸ਼ੇ ਨ ਮਿਲੇ। ਅਤੇ

(੧) ਇੱਕ ਅਕਾਸ਼ ਵਿਸ਼ੇ ਮਿਲਿਆ।

(੨) ਇੱਕ ਵਾਯੂ ਵਿਸ਼ੇ ਮਿਲਿਆ।

(੩) ਇੱਕ ਜਲ ਵਿਸ਼ੇ ਮਿਲਿਆ। ਅਤੇ

(੪) ਇੱਕ ਪ੍ਰਿਥਵੀ ਵਿਸ਼ੇ ਮਿਲਿਆ।

੪. ਇਸੇ ਤਰ੍ਹਾਂ ਜਲ ਦੇ ਦੋ ਭਾਗ ਕੀਤੇ। ਓਨ੍ਹਾਂ ਵਿੱਚੋਂ

(੧) ਇੱਕ ਭਾਗ ਰਹਿਣ ਦਿੱਤਾ ਅਤੇ

(੨) ਦੂਸਰੇ ਭਾਗ ਦੇ ਚਾਰ ਭਾਗ ਕੀਤੇ।

ਓਨਾਂ ਵਿੱਚੋਂ ਜਲ ਵਿੱਚ ਨਾ ਮਿਲੇ। ਅਤੇ

(੧) ਇੱਕ ਅਕਾਸ਼ ਵਿਸ਼ੇ ਮਿਲਿਆ।

(੨) ਇੱਕ ਵਾਯੂ ਵਿਸ਼ੇ ਮਿਲਿਆ।

(੩) ਇੱਕ ਤੇਜ ਵਿਸ਼ੇ ਮਿਲਿਆ ਅਤੇ

(੪) ਇੱਕ ਪ੍ਰਿਥਵੀ ਵਿਸ਼ੇ ਮਿਲਿਆ।

੫. ਇਸੇ ਤਰ੍ਹਾਂ ਪ੍ਰਿਥਵੀ ਦੇ ਦੋ ਭਾਗ ਕੀਤੇ। ਓਨ੍ਹਾਂ ਵਿਚੋਂ

(੧) ਇਕ ਭਾਗ ਰਹਿਣ ਦਿੱਤਾ ਅਤੇ

(੨) ਦੂਸਰੇ ਭਾਗ ਦੇ ਚਾਰ ਭਾਗ ਕੀਤੇ। ਓਨ੍ਹਾਂ ਵਿਚੋਂ ਪ੍ਰਿਥਵੀ ਵਿਚ ਨਾ ਮਿਲੇ ਅਤੇ

(੧) ਇੱਕ ਅਕਾਸ਼ ਵਿਸ਼ੇ ਮਿਲਿਆ।

(੨) ਇੱਕ ਵਾਯੂ ਵਿਸ਼ੇ ਮਿਲਿਆ।

(੩) ਇਕ ਤੇਜ ਵਿਸ਼ੇ ਮਿਲਿਆ ਅਤੇ

(੪) ਇਕ ਜਲ ਵਿਸ਼ੇ ਮਿਲਿਆ।

ਇਸ ਰੀਤ ਨਾਲ ਪੱਚੀਸ ਤੱਤ੍ਵ ਹੋ ਕੇ ਪੰਚ ਮਹਾਭੂਤਾਂ ਦਾ ਪਰਸਪਰ ਮਿਲਾਪ ਹੈ।

(੨੪) ਵਿੱਚ।

ਪ੍ਰਸ਼ਨ ੪੬. ਪੰਚ ਮਹਾਭੂਤਾਂ ਦੇ ਪੱਚੀਸ ਤਤ੍ਵ ਕਿਵੇਂ ਬਣੇ?

ਉੱਤਰ : ਸਾਰੇ ਭੂਤਾਂ ਦਾ ਆਪਣਾ ਇੱਕ-ਇੱਕ ਮੁਖ ਭਾਗ ਹੈ ਅਤੇ ਅਮੁੱਖ ਚਾਰ ਭਾਗ ਅਨਯ ਭੂਤਾਂ ਦੇ ਮਿਲੇ ਹਨ। ਇਸ ਤੋਂ ਇੱਕ-ਇੱਕ ਭੂਤ ਦੇ ਪੰਜ-ਪੰਜ ਤਤ੍ਵ ਹੋਏ। ਸੋ ਸਾਰੇ ਮਿਲ ਕੇ ਪਚੀਸ ਤਤ੍ਵ ਹੋ ਗਏ।

ਪ੍ਰਸ਼ਨ ੪੭. ਸਥੂਲ ਦੇਹ ਵਿਸ਼ੇ ਇਹ ਪਚੀਸ ਤਤ੍ਵ ਕਿਸ ਤਰ੍ਹਾਂ ਰਹਿੰਦੇ ਹਨ?

ਉੱਤਰ : ੧-੫ ਅਕਾਸ਼[੨੫] ਦੇ ਪੰਜ ਤਤ੍ਵ :-

(੧) ਸ਼ੋਕ

(੧) ਸ਼ੋਕ[੨੬] :- ਅਕਾਸ਼ ਦਾ ਮੁੱਖ ਭਾਗ ਹੈ, ਕਿਉਂਕਿ ਸ਼ੋਕ ਉਤਪੰਨ ਹੋਵੇ ਤਦੋਂ ਸਰੀਰ ਸ਼ੂਨਯ ਜੈਸਾ ਹੋ ਜਾਂਦਾ ਹੈ ਅਤੇ ਅਕਾਸ਼ ਵੀ ਸ਼ੂਨਯ[੨੭] ਜੈਸਾ ਹੈ। ਇਸ ਲਈ ਇਹ ਅਕਾਸ਼ ਦਾ ਮੁੱਖ ਭਾਗ ਹੈ।

(੨) ਕਾਮ[੨੮] :- ਅਕਾਸ਼ ਵਿਸ਼ੇ ਵਾਯੂ[੨੯] ਦਾ ਭਾਗ ਮਿਲਿਆ ਹੈ, ਕਿਉਂਕਿ ਕਾਮਨਾ ਰੂਪ ਬਿਰਤੀ ਚੰਚਲ ਹੈ ਅਤੇ ਵਾਯੂ ਵੀ ਚੰਚਲ ਹੈ। ਇਸ ਲਈ ਵਾਯੂ ਦਾ ਭਾਗ ਹੈ।

(੩) ਕ੍ਰੋਧ :- ਅਕਾਸ਼ ਵਿਸ਼ੇ ਤੇਜ[੩੦] ਦਾ ਭਾਗ ਮਿਲਿਆ ਹੈ, ਕਿਉਂਕਿ ਕ੍ਰੋਧ ਆਉਂਦਾ ਹੈ ਤਾਂ ਸਰੀਰ ਤਪਾਇਮਾਨ ਹੁੰਦਾ ਹੈ ਅਤੇ ਤੇਜ ਵੀ ਤਪਾਇਮਾਨ ਹੈ ਇਸ ਲਈ ਇਹ ਤੇਜ ਦਾ ਭਾਗ ਹੈ।

(੪) ਮੋਹ :- ਅਕਾਸ਼ ਵਿਸ਼ੇ ਜਲ ਦਾ ਭਾਗ ਮਿਲਿਆ ਹੈ, ਕਿਉਂਕਿ ਮੋਹ ਪੁਤ੍ਰਾਦਿਕ ਵਿਸ਼ੇ ਪਸਾਰਦਾ[੩੧] ਹੈ ਅਤੇ ਜਲ ਦਾ ਬਿੰਦੂ[੩੨] ਵੀ ਪਸਰਦਾ ਹੈ। ਇਸ ਲਈ ਜਲ ਦਾ ਭਾਗ ਹੈ।

(੫) ਭੈਅ :- ਅਕਾਸ਼ ਵਿਸ਼ੇ ਪ੍ਰਿਥਵੀ ਦਾ ਭਾਗ ਮਿਲਿਆ ਹੈ, ਕਿਉਂਕਿ ਭੈਅ ਹੋਵੇ ਤਾਂ ਸਰੀਰ ਜੜ ਕਹੀਏ ਅਕ੍ਰਿਅ ਹੋ ਕੇ ਰਹਿੰਦਾ ਹੈ ਅਤੇ ਪ੍ਰਿਥਵੀ ਵੀ ਜੜ ਸੁਭਾਅ ਵਾਲੀ ਹੈ ਇਸ ਲਈ ਇਹ ਪ੍ਰਿਥਵੀ ਦਾ ਭਾਗ ਹੈ।

੬-੧੦ ਵਾਯੂ ਦੇ ਪੰਜ ਤਤ੍ਵ :- (੬) ਪ੍ਰਸਾਰਣ (੭) ਧਾਵਨ (੮) ਵਲਨ (੯) ਚਲਨ ਅਤੇ (੧੦) ਆਕੁੰਚਨ ਇਨ੍ਹਾਂ ਵਿਚੋਂ :-

(੬) ਪ੍ਰਸਾਰਣ :- ਵਾਸੂ ਵਿਸ਼ੇ ਆਕਾਸ਼ ਦਾ ਭਾਗ ਮਿਲਿਆ ਹੈ, ਕਿਉਂਕਿ ਪ੍ਰਸਾਰਣ ਨਾਮ ਪਸਰਣ ਦਾ ਹੈ ਅਤੇ ਅਕਾਸ਼ ਵੀ ਪਸਰਿਆ ਹੋਇਆ ਹੈ। ਇਸ ਲਈ ਇਹ ਅਕਾਸ਼ ਦਾ ਭਾਗ ਹੈ।

(੭) ਧਾਵਨ :- ਵਾਯੂ ਦਾ ਮੁੱਖ ਭਾਗ ਹੈ, ਕਿਉਂਕਿ ਧਾਵਨ ਨਾਮ ਦੌੜਨ ਦਾ ਹੈ ਅਤੇ ਵਾਯੂ ਵੀ ਦੌੜਦੀ ਹੈ। ਇਸ ਲਈ ਵਾਯੂ ਦਾ ਮੁੱਖ ਭਾਗ ਹੈ।

(੮) ਵਲਨ :- ਵਾਯੂ ਵਿਸ਼ੇ ਤੇਜ ਦਾ ਭਾਗ ਮਿਲਿਆ ਹੈ, ਕਿਉਂਕਿ ਵਲਨ ਨਾਮ ਅੰਗ ਦੇ ਵਲਨ (ਮੁੜਨ) ਦਾ ਹੈ ਅਤੇ ਤੇਜ ਦਾ ਪ੍ਰਕਾਸ਼ ਵੀ ਵਲਦਾ ਹੈ। ਇਸ ਲਈ ਤੇਜ ਦਾ ਭਾਗ ਹੈ।

(੯) ਚਲਨ :- ਵਾਸੂ ਵਿਸ਼ੇ ਜਲ ਦਾ ਭਾਗ ਮਿਲਿਆ ਹੈ, ਕਿਉਂਕਿ ਚਲਨ ਨਾਮ ਚਲਨ (ਤੁਰਨ) ਦਾ ਹੈ ਅਤੇ ਜਲ ਵੀ ਚਲਦਾ ਹੈ। ਇਸ ਲਈ ਇਹ ਜਲ ਦਾ ਭਾਗ ਹੈ।

(੧੦) ਆਕੁੰਚਨ :- ਵਾਯੂ ਵਿਸ਼ੇ ਪ੍ਰਿਥਵੀ ਦਾ ਭਾਗ ਮਿਲਿਆ ਹੈ, ਕਿਉਂਕਿ ਆਕੁੰਚਨ ਨਾਮ ਸੰਕੋਚ ਕਰਨ ਦਾ ਹੈ ਅਤੇ ਪ੍ਰਿਥਵੀ ਵੀ ਸੰਕੋਚ ਨੂੰ ਪ੍ਰਾਪਤ ਹੋਈ ਹੈ। ਇਸ ਲਈ ਪ੍ਰਿਥਵੀ ਦਾ ਭਾਗ ਹੈ।

੧੧-੧੫ ਤੇਜ ਦੇ ਪੰਜ ਤਤ੍ਵ :- (੧੧) ਨਿੰਦ੍ਰਾ (੧੨) ਤ੍ਰਿਸ਼ਾ (੧੩) ਛੁਧਾ (੧੪) ਕਾਂਤੀ ਅਤੇ (੧੫) ਆਲਸਯ। ਇਨ੍ਹਾਂ ਵਿਚੋਂ :-

(੧੧) ਨਿੰਦ੍ਰਾ :- ਤੇਜ ਵਿਸ਼ੇ ਅਕਾਸ਼ ਦਾ ਭਾਗ ਮਿਲਿਆ ਹੈ। ਕਿਉਂਕਿ ਨਿੰਦ੍ਰਾ ਆਵੇ ਤਾਂ ਸਰੀਰ ਸ਼ੂਨਯ ਹੁੰਦਾ ਹੈ ਅਤੇ ਅਕਾਸ਼ ਵੀ ਸ਼ੂਨਯਤਾ ਵਾਲਾ ਹੈ। ਇਸ ਲਈ ਇਹ ਅਕਾਸ਼ ਦਾ ਭਾਗ ਹੈ।

(੧੨) ਤ੍ਰਿਸ਼ਾ :- ਤੇਜ਼ ਵਿਸ਼ੇ ਵਾਯੂ ਦਾ ਭਾਗ ਮਿਲਿਆ ਹੈ, ਕਿਉਂਕਿ ਤ੍ਰਿਸ਼ਾ ਕੰਠ ਨੂੰ ਸ਼ੋਸ਼ਣ[੩੩] ਕਰਦੀ ਹੈ ਅਤੇ ਵਾਯੂ ਵੀ ਗਿੱਲੇ ਵਸਤ੍ਰਾਦਿਕ ਨੂੰ ਸੁਕਾਉਂਦੀ ਹੈ। ਇਸ ਲਈ ਇਹ ਵਾਯੂ ਦਾ ਭਾਗ ਹੈ।

(੧੩) ਛੁਧਾ :- ਤੇਜ ਦਾ ਮੁੱਖ ਭਾਗ ਹੈ, ਕਿਉਂਕਿ ਛੁਧਾ ਲਗੇ ਤਾਂ ਜੋ ਖਾਵੇ ਸੋ ਭਸਮ ਹੁੰਦਾ ਹੈ ਅਤੇ ਅਗਨੀ ਵਿਸ਼ੇ ਵੀ ਜੋ ਡਾਰੇ[੩੪] ਸੋ ਭਸਮ ਹੁੰਦਾ ਹੈ। ਇਸ ਲਈ ਇਹ ਤੇਜ ਦਾ ਮੁੱਖ ਭਾਗ ਹੈ।

(੧੪) ਕਾਂਤੀ[੩੫] :- ਤੇਜ ਵਿਸ਼ੇ ਜਲ ਦਾ ਭਾਗ ਮਿਲਿਆ ਹੈ, ਕਿਉਂਕਿ ਕਾਂਤੀ ਧੁਪ ਨਾਲ ਘਟਦੀ ਹੈ ਅਤੇ ਜਲ ਵੀ ਧੁੱਪ ਨਾਲ ਘਟਦਾ ਹੈ। ਇਸ ਲਈ ਇਹ ਜਲ ਦਾ ਭਾਗ ਹੈ।

(੧੫) ਆਲਸਯ :- ਤੇਜ ਵਿਸ਼ੇ ਪ੍ਰਿਥਵੀ ਦਾ ਭਾਗ ਮਿਲਿਆ ਹੈ, ਕਿਉਂਕਿ ਆਲਸ ਆਵੇ ਤਾਂ ਸਰੀਰ ਜੜ ਹੋ ਜਾਂਦਾ ਹੈ ਅਤੇ ਪ੍ਰਿਥਵੀ ਵੀ ਜੜ ਸੁਭਾਅ ਵਾਲੀ ਹੈ। ਇਸ ਲਈ ਪ੍ਰਿਥਵੀ ਦਾ ਭਾਗ ਹੈ।

੧੬-੨੦ ਜਲ ਦੇ ਪੰਜ ਤਤ੍ਵ :- (੧੬) ਲਾਰ (੧੭) ਸਵੇਦ (੧੮ ਮੂਤ੍ਰ (੧੯) ਸ਼ੁਕ੍ਰ ਅਤੇ (੨੦) ਸ਼੍ਰੋਣਿਤ।

ਇਨ੍ਹਾਂ ਵਿੱਚੋਂ :-

(੧੬) ਲਾਰ[੩੬] :- ਜਲ ਵਿਸ਼ੇ ਅਕਾਸ਼ ਦਾ ਭਾਗ ਮਿਲਿਆ ਹੈ, ਕਿਉਂਕਿ ਲਾਰ ਉੱਚਾ ਨੀਵਾ ਹੁੰਦਾ ਹੈ ਅਕਾਸ਼ ਵੀ ਉੱਚਾ-ਨੀਵਾਂ ਹੈ। ਇਸ ਲਈ ਇਹ ਅਕਾਸ਼ ਦਾ ਭਾਗ ਹੈ।

(੧੭) ਸਵੇਦ :- ਜਲ ਵਿਸ਼ੇ ਵਾਯੂ ਦਾ ਭਾਗ ਮਿਲਿਆ,ਕਿਉਂਕਿ ਪਸੀਨਾ ਸ਼੍ਰਮ[੩੭] ਕਰਨ ਨਾਲ ਹੁੰਦਾ ਹੈ ਅਤੇ ਵਾਯੂ ਵੀ ਪੱਖਾ ਆਦਿਕ ਦੇ ਸ਼੍ਰਮ ਕਰਨ ਨਾਲ ਹੁੰਦਾ ਹੈ। ਇਸ ਲਈ ਵਾਯੂ ਦਾ ਭਾਗ ਹੈ।

(੧੮) ਮੂਤ੍ਰ :- ਜਲ ਵਿਸ਼ੇ ਤੇਜ ਦਾ ਭਾਗ ਮਿਲਿਆ ਹੈ, ਕਿਉਂਕਿ ਮੂਤ੍ਰ ਗਰਮ ਹੈ ਅਤੇ ਤੇਜ ਵੀ ਗਰਮ ਹੈ। ਇਸ ਲਈ ਇਹ ਤੇਜ ਦਾ ਭਾਗ ਹੈ।

(੧੯) ਸ਼ੁਕ੍ਰ[੩੮] :- ਜਲ ਦਾ ਮੁੱਖ ਭਾਗ ਹੈ, ਕਿਉਂਕਿ ਸ਼ੁਕ੍ਰ ਸਵੇਤ[੩੯] ਵਰਣ[੪੦] ਦਾ ਹੈ ਅਤੇ ਗਰਭ ਦਾ ਹੇਤੂ ਹੈ ਅਤੇ ਜਲ ਵੀ ਸਵੇਤ ਵਰਣ ਦਾ ਹੈ ਅਤੇ ਬਿਰਖ ਦਾ ਹੇਤ ਹੈ। ਇਸ ਲਈ ਇਹ ਜਲ ਦਾ ਮੁੱਖ ਭਾਗ ਹੈ।

(੨੦) ਸ਼੍ਰੋਣਿਤ[੪੧] :- ਜਲ ਵਿਸ਼ੇ ਪ੍ਰਿਥਵੀ ਦਾ ਭਾਗ ਮਿਲਿਆ ਹੈ, ਕਿਉਂਕਿ ਸ਼੍ਰੋਣਿਤ ਰਕਤ[੪੨] ਵਰਣ ਦਾ ਹੈ ਅਤੇ ਪ੍ਰਿਥਵੀ ਵੀ ਕਿਤੇ-ਕਿਤੇ ਰਕਤ ਹੈ। ਇਸ ਲਈ ਇਹ ਪ੍ਰਿਥਵੀ ਦਾ ਭਾਗ ਹੈ।

੨੧-੨੫ ਪ੍ਰਿਥਵੀ ਦੇ ਪੰਜ ਤਤ੍ਵ :- (੨੧) ਰੋਮ (੨੨) ਤ੍ਵਚਾ (੨੩) ਮਾਸ (੨੪) ਨਾੜੀ ਅਤੇ (੨੫) ਅਸਥੀ।

(੨੧) ਰੋਮ[੪੩] :- ਪ੍ਰਿਥਵੀ ਵਿਸ਼ੇ ਅਕਾਸ਼ ਦਾ ਭਾਗ ਮਿਲਿਆ ਹੈ, ਕਿਉਂਕਿ ਰੋਮ ਸ਼ੂਨਯ[੪੪] ਹੈ। ਕੱਟਣ ਨਾਲ ਪੀੜ ਹੁੰਦੀ ਨਹੀਂ ਅਤੇ ਅਕਾਸ਼ ਵੀ ਸ਼ੂਨਯ ਹੈ। ਇਸ ਲਈ ਇਹ ਅਕਾਸ਼ ਦਾ ਭਾਗ ਹੈ।

(੨੨) ਤ੍ਵਚਾ :- ਪ੍ਰਿਥਵੀ ਵਿਸ਼ੇ ਵਾਯੂ ਦਾ ਭਾਗ ਮਿਲਿਆ ਹੈ ਕਿਉਂਕਿ ਤ੍ਵਚਾ ਨਾਲ ਸੀਤ, ਉਸ਼ਣ ਕਠਿਨ, ਕੋਮਲ, ਸਪਰਸ਼ ਮਾਲੂਮ ਹੁੰਦਾ ਹੈ ਅਤੇ ਵਾਯੂ ਵੀ ਸਪਰਸ਼ ਗੁਣ ਵਾਲੀ ਹੈ। ਇਸ ਲਈ ਇਹ ਵਾਯੂ ਦਾ ਭਾਗ ਹੈ।

(੨੩) ਮਾਸ :- ਪ੍ਰਿਥਵੀ ਵਿਸ਼ੇ ਜਲ ਦਾ ਭਾਗ ਮਿਲਿਆ ਹੈ, ਕਿਉਂਕਿ ਮਾਸ ਗਿੱਲਾ ਹੈ ਅਤੇ ਜਲ ਵੀ ਗਿੱਲਾ ਹੈ। ਇਸ ਲਈ ਇਹ ਜਲ ਦਾ ਭਾਗ ਹੈ।

(੨੪) ਨਾੜੀ :- ਪ੍ਰਿਥਵੀ ਵਿਸ਼ੇ ਤੇਜ ਦਾ ਭਾਗ ਮਿਲਿਆ ਹੈ ਕਿਉਂਕਿ ਨਾੜੀ ਨਾਲ ਤਾਪ[੪੫] ਦੀ ਪ੍ਰੀਕਛਾ[੪੬] ਹੁੰਦੀ ਹੈ ਅਤੇ ਤੇਜ ਵੀ ਤਾਪ ਰੂਪ ਹੈ। ਇਸ ਲਈ ਇਹ ਤੇਜ ਦਾ ਭਾਗ ਹੈ।

(੨੫) ਅਸਥੀ[੪੭] :- ਪ੍ਰਿਥਵੀ ਦਾ ਮੁੱਖ ਭਾਗ ਹੈ, ਕਿਉਂਕਿ ਕਠਿਨ[੪੮] ਹੈ ਅਤੇ ਕਿਤੇ-ਕਿਤੇ ਪੀਤ[੪੯] ਵਰਣ[੫੦] ਵਾਲੀ ਹੈ। ਇਸ ਲਈ ਪ੍ਰਿਥਵੀ ਦਾ ਮੁੱਖ ਭਾਗ ਹੈ।

ਇਸ ਰੀਤ ਨਾਲ ਸਥੂਲ ਦੇਹ ਵਿਸ਼ੇ ਪੱਚੀਸ ਤਤ੍ਵ ਰਹਿੰਦੇ ਹਨ।

ਹਾਡ ਮੁਖ ਪ੍ਰਿਥਵੀ ਕਹੀ ਮਾਸ ਨੀਰ ਨਸ ਤੇਜ॥
ਤ੍ਵਚਾ ਪਵਨ ਮਿਲਤੇ ਭਏ ਰੋਮ ਅਕਾਸ਼ ਕਹੇਜੁ॥ ੭੨॥

ਬੀਰਜ ਮੁਖ ਜਲ ਜਾਨਿਯੋ ਪਿਤ ਤੇਜ ਮਿਲ ਹੋਇ॥
ਸ੍ਵੇਦ ਪਵਨ ਭੂ ਰੁਧਿਰ ਮਿਲ ਲਾਰ ਗਗਨ ਮਿਲ ਜੋਇ॥ ੭੩॥

ਛੁਧਾ ਪ੍ਰਥਮ ਤੇਜਹਿ ਕਹਯੋ ਪਜਾਸ ਪਵਨ ਤੇ ਜਾਨ॥
ਸੁਖਮਾ ਜਲ ਆਲਸਜ ਅਵਨਿ ਨੀਂਦ ਅਕਾਸ ਵਖਾਨ॥ ੭੪॥

ਧਾਵਨ ਮੁਖ ਸੀਮਰ ਹੈ ਗਗਨ ਪਸਾਰਨ ਮਾਹਿ॥
ਕੂਦਨ ਤੇਜ ਸੰਕੋਚ ਭਵਿ ਚਲਨ ਨੀਰ ਬਿਨ ਨਾਹਿ॥ ੭੫॥

ਸਿਰ ਅਕਾਸ ਜੋ ਸਬਦ ਮੈ ਕੰਠ ਵਾਯੁ ਹਿਯ ਤੇਜ॥
ਉਦਰ ਨੀਰ ਯੁਤ ਜਾਨੀਯੇ ਕਟਿ ਭੁਵਿ ਗੰਧ ਕਹੇ ਜੁ॥ ੭੬॥

(ਅਧਿਜਾਤਮ ਪ੍ਰਕਾਸ਼, ੭੨-੭੬)

(੨੫) ਕੁਛ ਗ੍ਰੰਥਾਂ (ਜਿਵੇਂ ਅਧਜਾਤਮ ਪ੍ਰਕਾਸ਼) ਵਿਸ਼ੇ ਸਿਰ, ਕੰਠ (ਗਲਾ), ਹਿਰਦਾ, ਕਟ (ਲੱਕ) ਅਤੇ ਉਦਰ (ਪੇਟ) ਇਹ ਅਕਾਸ਼ ਦੇ ਪੰਜ ਤਤ੍ਵ ਮੰਨੇ ਹਨ। ਇਨ੍ਹਾਂ ਵਿੱਚੋਂ :-

੧. ਸਿਰ ਦੇਸ਼ (ਸਥਾਨ) ਦੇ ਅੰਤਰਗਤ ਜੋ ਅਕਾਸ਼ (ਖਾਲੀ ਜਗ੍ਹਾ) ਸੋ ਅਕਾਸ਼ ਦਾ ਮੁੱਖ ਭਾਗ ਹੈ, ਕਿਉਂਕਿ ਇਹ ਅਨਾਹਤ ਸ਼ਬਦ (ਚੋਟ/ਅਘਾਤ ਤੋਂ ਬਿਨਾ ਪੈਂਦਾ ਹੋਣ ਵਾਲੀ ਧੁਨੀ) ਦਾ ਆਸ੍ਰਯ (ਅਧਾਰ) ਹੈ।

੨. ਕੰਠ ਦੇਸ਼ਗਤ ਅਕਾਸ਼ ਵਾਯੂ ਦਾ ਭਾਗ ਹੈ। ਸੁਆਸ (ਸਾਹ ਬਾਹਰ ਆਉਂਦਿਆਂ) ਅਤੇ ਪ੍ਰਵਾਸ (ਸੁਆਸ ਅੰਦਰ ਜਾਂਦਿਆਂ) ਦਾ ਆਸ੍ਰਯ ਹੋਣ ਕਰਕੇ।

੩. ਹਿਰਦੇ ਦੇਸ਼ਗਤ ਅਕਾਸ਼ ਤੇਜ ਦਾ ਭਾਗ ਹੈ, ਪਿਤ (ਗਰਮੀ) ਦਾ ਆਸ੍ਰਯ ਹੋਣ ਕਰਕੇ।

੪. ਉਦਰ (ਪੇਟ) ਦੇਸ਼ਗਤ ਅਕਾਸ਼ ਜਲ ਦਾ ਭਾਗ ਹੈ, ਪੀਤੇ ਹੋਏ ਪਾਣੀ ਦਾ ਆਸ੍ਰਯ ਹੋਣ ਕਰਕੇ।

੫. ਕਟ (ਲੱਕ) ਦੇਸ਼ਗਤ ਅਕਾਸ਼ ਪ੍ਰਿਥਵੀ ਦਾ ਭਾਗ ਹੈ, ਗੰਧ ਦਾ ਆਸ੍ਰਯ ਹੋਣ ਕਰਕੇ।

ਇਸ ਰੀਤ ਨਾਲ ਕਾਮ, ਕ੍ਰੋਧ ਆਦਿਕ ਸਥੂਲ ਦੇਹ ਦੇ ਤਤ੍ਵ ਨਹੀਂ। ਕਿੰਤੂ ਲਿੰਗ ਦੇਹ (ਸੂਖਮ ਸਰੀਰ) ਦੇ ਧਰਮ ਹਨ ਅਤੇ ਹੋਰ ਗ੍ਰੰਥਾਂ ਦੀ ਰੀਤ ਨਾਲ ਤਾਂ ਕਾਮਾਦਿਕ ਲਿੰਗ ਦੇਹ ਦੇ ਮੁੱਖ ਧਰਮ ਹਨ ਅਤੇ ਸਥੂਲ ਦੇਹ ਵਿਸ਼ੇ ਘਟ (ਘੜੇ) ਵਿੱਚ ਜਲ ਦੀ ਸੀਤਲਤਾ ਦੇ ਆਵੇਸ਼ (ਪ੍ਰਵੇਸ਼) ਦੀ ਨਿਆਈ ਇਨ੍ਹਾਂ ਦਾ ਆਵੇਸ਼ ਹੁੰਦਾ ਹੈ। ਇਸ ਲਈ ਸਥੂਲ ਦੇਹ ਦੇ ਵੀ ਗੌਣ (ਅਪ੍ਰਧਾਨ) ਧਰਮ ਕਹੀਏ ਹੈ।

(੨੬) ਭਾਵੇਂ ਕਿ ਵਾਯੂ ਆਦਿਕ ਭੂਤਾਂ ਦੇ ਭਾਗਾਂ ਵਿੱਚ ਵੀ ਅਕਾਸ਼ ਦੇ ਹੋਰ ਚਾਰ ਭਾਗਾਂ ਵਿੱਚੋਂ ਇੱਕ-ਇੱਕ ਭਾਗ ਮਿਲਿਆ ਹੈ। ਸੋ ਅਕਾਸ਼ ਦਾ ਮੁੱਖ ਭਾਗ ਨਹੀਂ ਆਖਿਆ ਜਾਂਦਾ। ਤਾਂ ਵੀ ਸ਼ੋਕ ਅਤੇ ਅਕਾਸ਼ ਦੀ ਅਤੀਸ਼ਯ (ਬਹੁਤ ਜ਼ਿਆਦਾ) ਤੁਲਯਤਾ (ਸੁਦਰਸ਼ਤਾ) ਹੈ। ਇਸ ਲਈ ਸ਼ੋਕ ਅਕਾਸ਼ ਦਾ ਮੁੱਖ ਭਾਗ ਕਹਿਆ ਹੈ।

ਕਿਤੇ-ਕਿਤੇ ਲੋਭ ਵੀ ਅਕਾਸ਼ ਦੀ ਨਿਆਈ ਪਦਾਰਥ ਦੀ ਪ੍ਰਾਪਤੀ ਕਰਕੇ ਅਪੂਰਣ (ਤ੍ਰਿਪਤੀ ਨਾ ਹੋਣਾ) ਹੋਣ ਕਰਕੇ ਅਕਾਸ਼ ਦਾ ਮੁੱਖ ਭਾਗ ਕਹਿਆ ਹੈ।

ਇਸ ਰੀਤ ਨਾਲ ਬਾਕੀ ਤੱਤਾਂ ਵਿੱਚ ਵੀ ਜਾਣ ਲੈਣਾ।

(੨੭) ਚੇਤਨਤਾ ਰਹਿਤ

(੨੮) ਕਾਮਨਾਵਾਂ

(੨੯) ਹਵਾ

(੩੦) ਅੱਗ

(੩੧) ਫੈਲਾਅ ਕਰਨਾ, ਪ੍ਰਵਿਰਤ ਹੋਣਾ

(੩੨) ਬੂੰਦ

(੩੩) ਸੁਕਾਉਣਾ ਵਾ ਖੁਸ਼ਕ

(੩੪) ਸੁੱਟਣਾ

(੩੫) ਚਮਕ ਵਾ ਪ੍ਰਭਾ

(੩੬) ਪੰਨਾ ੫੪, ਟੂਕ ੧੯ ਪੜ੍ਹੋ

(੩੭) ਮਿਹਨਤ

(੩੮) ਵੀਰਯ, ਧਾਤੂ

(੩੯) ਚਿੱਟਾ

(੪੦) ਰੰਗ

(੪੧) ਖ਼ੂਨ

(੪੨) ਲਾਲ

(੪੩) ਰੋਮ ਸ਼ਬਦ ਤੋਂ ਸਰੀਰ ਦੇ ਵਾਲਾਂ ਸਹਿਤ ਮਸਤਕ ਦੇ ਵਾਲ ਜੋ ਕੇਸ ਦੋਵਾਂ ਦਾ ਅਰਥ ਗ੍ਰਹਿਣ ਕਰਨਾ।

(੪੪) ਜੜ :- ਚੇਤਨਤਾ ਰਹਿਤ

(੪੫) ਬੁਖਾਰ

(੪੬) ਪਰਖ

(੪੭) ਨਖ (ਨਹੁੰ) ਅਤੇ ਦੰਦ ਵੀ ਅਸਥੀ=ਹੱਡੀਆਂ ਦੇ ਅੰਤਰਭਾਵ ਹੀ ਗਿਣਨੇ।

(੪੮) ਸਖ਼ਤ, ਕਠੋਰ

(੪੯) ਪੀਲੇ

(੫੦) ਰੰਗ

ਪ੍ਰਸ਼ਨ ੪੮. ਪੱਚੀਸ ਤਤ੍ਵ ਜਾਨਣ ਦਾ ਕੀ ਪ੍ਰਯੋਜਨ ਹੈ?

ਉੱਤਰ :-(੧) ਪੱਚੀਸ ਤਤ੍ਵ ਮੈਂ ਨਹੀਂ ਅਤੇ

(੨) ਇਹ ਪੱਚੀਸ ਤਤ੍ਵ ਮੇਰੇ ਨਹੀਂ।

(੩) ਇਹ ਪੱਚੀਸ ਤਤ੍ਵ ਪੰਚੀਕ੍ਰਿਤ[੫੧] ਪੰਚ ਮਹਾਭੂਤਾਂ ਦੇ ਹਨ।

(੪) ਇਨ੍ਹਾਂ ਪੱਚੀਸ ਤੱਤਾਂ ਦਾ ਜਾਨਣਹਾਰਾ ਮੈਂ ਦ੍ਰਸ਼ਟਾ[੫੨] ਘਟ-ਦ੍ਰਸ਼ਟਾ[੫੩] ਦੀ ਨਿਆਈ ਇਨ੍ਹਾਂ ਤੋਂ ਨਿਆਰਾ ਹਾਂ।

ਐਸਾ ਨਿਸਚਾ ਕਰਨਾ। ਇਹ ਪੱਚੀਸ ਤੱਤਾਂ ਨੂੰ ਜਾਨਣ ਦਾ ਪ੍ਰਯੋਜਨ ਹੈ।

(੫੧) ਪੰਨਾ ੫੪, ਪ੍ਰਸ਼ਨ ੪੩ ਪੜ੍ਹੋ।

(੫੨) ਪੰਨਾ ੫੦ ਦ੍ਰਸ਼ਟਾ ਤੇ ਸਾਕਸ਼ੀ ਦਾ ਭੇਦ ਪੜ੍ਹੋ।

(੫੩) ਦ੍ਰਿਸ਼ਯ ਰੂਪ ਘੜੇ ਨੂੰ ਜੋ ਵੇਖਣ ਵਾਲਾ ਸੋ ਘਟ-ਦ੍ਰਸ਼ਟਾ ਕਹੀਏ ਹੈ।

(੫੪) ਮਕਸਦ

ਪ੍ਰਸ਼ਨ ੪੯. "ਪੱਚੀਸ ਤਤ੍ਵ ਮੈਂ ਨਹੀਂ ਅਤੇ ਇਹ ਮੇਰੇ ਨਹੀਂ" ਸੋ ਕਿਸ ਰੀਤ ਨਾਲ ਜਾਨਣਾ?

ਉੱਤਰ :- (੧-੫) ਅਕਾਸ਼ ਦੇ ਪੰਜ ਤਤ੍ਵਾਂ ਵਿੱਚੋਂ :-

੧. (੧) ਸ਼ੋਕ ਹੋਵੇ ਤਾਂ ਵੀ ਮੈਂ ਜਾਣਦਾ ਹਾਂ ਅਤੇ

(੨) ਸ਼ੋਕ ਨ ਹੋਵੇ ਤਾਂ ਤਿਸ ਦੇ ਅਭਾਵ[੫੫] ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਸ਼ੋਕ ਮੈਂ ਨਹੀਂ। ਅਤੇ

(੨) ਇਹ ਸ਼ੋਕ ਮੇਰਾ ਨਹੀਂ।

(੩) ਇਹ ਸ਼ੋਕ ਅਕਾਸ਼ ਦਾ ਹੈ।

(੪) ਮੈਂ ਇਸ ਸ਼ੋਕ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਸ਼ੋਕ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਜਾਨਣਾ।

੨. (੧) ਕਾਮਨਾ ਹੋਵੇ ਤਾਂ ਵੀ ਮੈਂ ਜਾਣਦਾ ਹਾਂ ਅਤੇ

(੨) ਕਾਮਨਾ ਨ ਹੋਵੇ ਤਾਂ ਵੀ ਤਿਸ ਦੇ ਅਭਾਵ ਨੂੰ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਕਾਮਨਾ ਮੈਂ ਨਹੀਂ ਅਤੇ

(੨) ਇਹ ਕਾਮਨਾ ਮੇਰੀ ਨਹੀਂ।

(੩) ਇਹ ਕਾਮਨਾ ਅਕਾਸ਼ ਦੀ ਹੈ।

(੪) ਮੈਂ ਇਸ ਕਾਮਨਾ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਕਾਮਨਾ ਮੈਂ ਨਹੀਂ ਅਤੇ ਮੇਰੀ ਨਹੀਂ। ਇਹ ਜਾਨਣਾ।

੩. (੧) ਕ੍ਰੋਧ ਹੋਵੇ ਤਾਂ ਵੀ ਮੈਂ ਜਾਣਦਾ ਹਾਂ। ਅਤੇ

(੨) ਕ੍ਰੋਧ ਨਾ ਹੋਵੇ ਤਦੋਂ ਇਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਕ੍ਰੋਧ ਮੈਂ ਨਹੀਂ। ਅਤੇ

(੨) ਇਹ ਕ੍ਰੋਧ ਮੇਰਾ ਨਹੀਂ।

(੩) ਇਹ ਕ੍ਰੋਧ ਅਕਾਸ਼ ਦਾ ਹੈ।

(੪) ਮੈਂ ਇਸ ਕ੍ਰੋਧ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਕ੍ਰੋਧ ਮੈਂ ਨਹੀਂ ਅਤੇ ਮੇਰਾ ਨਹੀਂ ਇਹ ਜਾਨਣਾ।

੪. (੧) ਮੋਹ ਹੋਵੇ ਤਾਂ ਵੀ ਮੈਂ ਜਾਣਦਾ ਹਾਂ ਅਤੇ

(੨) ਮੋਹ ਨਾ ਹੋਵੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਮੋਹ ਮੈਂ ਨਹੀਂ। ਅਤੇ

(੨) ਇਹ ਮੋਹ ਮੇਰਾ ਨਹੀਂ।

(੩) ਇਹ ਮੋਹ ਅਕਾਸ਼ ਦਾ ਹੈ।

(੪) ਮੈਂ ਇਸ ਮੋਹ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਮੋਹ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਜਾਨਣਾ।

੫. (੧) ਭੈਅ ਹੋਵੇ ਤਾਂ ਵੀ ਮੈਂ ਜਾਣਦਾ ਹਾਂ। ਅਤੇ

(੨) ਭੈਅ ਨਾ ਹੋਵੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਭੈਅ ਮੈਂ ਨਹੀਂ। ਅਤੇ

(੨) ਇਹ ਭੈਅ ਮੇਰਾ ਨਹੀਂ।

(੩) ਇਹ ਭੈਅ ਅਕਾਸ਼ ਦਾ ਹੈ।

(੪) ਮੈਂ ਇਸ ਭੈਅ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਭੈਅ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਜਾਨਣਾ।

(੬-੧੦) ਵਾਯੂ ਦੇ ਪੰਜ ਤੱਤਾਂ ਵਿਚੋਂ :-

੬. (੧) ਪ੍ਰਸਾਰਣ :- ਸਰੀਰ ਪ੍ਰਸਰੇ (ਫੈਲਾਅ ਕਰੇ) ਤਾਂ ਵੀ ਮੈਂ ਜਾਣਦਾ ਹਾਂ। ਅਤੇ

(੨) ਸਰੀਰ ਨਾ ਪ੍ਰਸਰੇ ਤਦੋਂ ਤਿਸ ਪ੍ਰਸਰਣ ਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਪ੍ਰਸਾਰਣ ਮੈਂ ਨਹੀਂ। ਅਤੇ

(੨) ਇਹ ਪ੍ਰਸਾਰਣ ਮੇਰਾ ਨਹੀਂ।

(੩) ਇਹ ਪ੍ਰਸਾਰਣ ਵਾਯੂ ਦਾ ਹੈ।

(੪) ਮੈਂ ਇਸ ਪ੍ਰਸਾਰਣ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਪ੍ਰਸਾਰਣ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਜਾਨਣਾ।

੭. (੧) ਧਾਵਨ :- ਸਰੀਰ ਦੌੜੇ ਤਾਂ ਵੀ ਮੈਂ ਜਾਣਦਾ ਹਾਂ ਅਤੇ

(੨) ਸਰੀਰ ਨਾ ਦੌੜੇ ਤਦੋਂ ਤਿਸ ਦੌੜਨ ਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਧਾਵਨ ਮੈਂ ਨਹੀਂ। ਅਤੇ

(੨) ਇਹ ਧਾਵਨ ਮੇਰਾ ਨਹੀਂ।

(੩) ਇਹ ਧਾਵਨ ਵਾਯੂ ਦਾ ਹੈ।

(੪) ਮੈਂ ਇਸ ਧਾਵਨ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਧਾਵਨ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਜਾਨਣਾ।

੮. (੧) ਵਲਨ :- ਸਰੀਰ ਵਲੇ (ਮੁੜੇ) ਤਾਂ ਵੀ ਮੈਂ ਜਾਣਦਾ ਹਾਂ ਅਤੇ

(੨) ਸਰੀਰ ਨਾ ਵਲੇ ਤਦੋਂ ਤਿਸ ਵਲਨ ਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਵਲਨ ਮੈਂ ਨਹੀਂ। ਅਤੇ

(੨) ਇਹ ਵਲਨ ਮੇਰਾ ਨਹੀਂ।

(੩) ਇਹ ਵਲਨ ਵਾਯੂ ਦਾ ਹੈ।

(੪) ਮੈਂ ਇਸ ਵਲਨ ਦਾ ਜਾਨਣਵਾਲਾ ਦ੍ਰਸ਼ਟ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਵਲਨ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਜਾਨਣਾ।

੯. (੧) ਚਲਨ :- ਸਰੀਰ ਚਲੇ (ਤੁਰੇ) ਤਾਂ ਵੀ ਮੈਂ ਜਾਣਦਾ ਹਾਂ ਅਤੇ

(੨) ਸਰੀਰ ਨਾ ਚਲੇ ਤਾਂ ਤਿਸ ਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਚਲਨ ਮੈਂ ਨਹੀਂ। ਅਤੇ

(੨) ਇਹ ਚਲਨ ਮੇਰਾ ਨਹੀਂ।

(੩) ਇਹ ਚਲਨ ਵਾਯੂ ਦਾ ਹੈ।

(੪) ਮੈਂ ਇਸ ਚਲਨ ਦਾ ਜਾਨਣਹਾਰਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਚਲਨ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਜਾਨਣਾ।

੧੦. (੧) ਆਕੁੰਚਨ (ਸੁੰਗੜਨਾ) :- ਸਰੀਰ ਸੰਕੋਚ ਨੂੰ ਪਾਵੇ ਤਾਂ ਵੀ ਮੈਂ ਜਾਣਦਾ ਹਾਂ। ਅਤੇ

(੨) ਸਰੀਰ ਸੰਕੋਚ ਨੂੰ ਨਾ ਪ੍ਰਾਪਤ ਹੋਵੇ ਤਾਂ ਤਿਸ ਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਆਕੁੰਚਨ ਮੈਂ ਨਹੀਂ। ਅਤੇ

(੨) ਇਹ ਆਕੁੰਚਨ ਮੇਰਾ ਨਹੀਂ।

(੩) ਇਹ ਆਕੁੰਚਨ ਵਾਯੂ ਦਾ ਹੈ।

(੪) ਮੈਂ ਇਸ ਆਕੁੰਚਨ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਆਕੁੰਚਨ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਜਾਨਣਾ।

(੧੧-੧੫) ਤੇਜ (ਅੱਗ) ਦੇ ਪੰਜ ਤੱਤਾਂ ਵਿੱਚੋਂ :-

੧੧. (੧) ਨਿੰਦ੍ਰਾ ਹੋਵੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਨਿੰਦ੍ਰਾ ਨਾ ਹੋਵੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਨਿੰਦ੍ਰਾ ਮੈਂ ਨਹੀਂ। ਅਤੇ

(੨) ਇਹ ਨਿੰਦ੍ਰਾ ਮੇਰੀ ਨਹੀਂ।

(੩) ਇਹ ਨਿੰਦ੍ਰਾ ਤੇਜ ਦੀ ਹੈ।

(੪) ਮੈਂ ਇਸ ਨਿੰਦ੍ਰਾ (ਨੀਂਦ) ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਨਿੰਦ੍ਰਾ ਮੈਂ ਨਹੀਂ ਅਤੇ ਮੇਰੀ ਨਹੀਂ। ਇਹ ਜਾਨਣਾ।

੧੨. (੧) ਤ੍ਰਿਸ਼ਾ (ਪਿਆਸ) ਲਗੇ ਤਿਸਨੂੰ ਵੀ ਮੈਂ ਜਾਣਦਾ ਹਾਂ ਅਤੇ

(੨) ਤ੍ਰਿਸ਼ਾ ਨਾ ਹੋਵੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਤ੍ਰਿਸ਼ਾ ਮੈਂ ਨਹੀਂ। ਅਤੇ

(੨) ਇਹ ਤ੍ਰਿਸ਼ਾ ਮੇਰੀ ਨਹੀਂ।

(੩) ਇਹ ਤ੍ਰਿਸ਼ਾ ਤੇਜ (ਅਗਨੀ) ਦੀ ਹੈ।

(੪) ਮੈਂ ਇਸ ਤ੍ਰਿਸ਼ਾ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

੧੩. (੧) ਛੁਧਾ (ਭੁੱਖ) ਲੱਗੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਛੁਧਾ ਨਾ ਹੋਵੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਛੁਧਾ ਤੇਜ (ਅਗਨੀ) ਦੀ ਹੈ।

(੨) ਮੈਂ ਇਸ ਛੁਧਾ ਦਾ ਜਾਨਣ ਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਛੁਧਾ ਮੈਂ ਨਹੀਂ ਅਤੇ ਮੇਰੀ ਨਹੀਂ। ਇਹ ਜਾਨਣਾ।

੧੪. (੧) ਕਾਂਤੀ (ਸੋਭਾ,ਪ੍ਰਭਾ) ਹੋਵੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਕਾਂਤੀ ਨਾ ਹੋਵੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਕਾਂਤੀ ਮੈਂ ਨਹੀਂ। ਅਤੇ

(੨) ਇਹ ਕਾਂਤੀ ਮੇਰੀ ਨਹੀਂ।

(੩) ਇਹ ਕਾਂਤੀ ਤੇਜ ਦੀ ਹੈ।

(੪) ਮੈਂ ਇਸ ਕਾਂਤੀ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਕਾਂਤੀ ਮੈਂ ਨਹੀਂ ਅਤੇ ਮੇਰੀ ਨਹੀਂ। ਇਹ ਜਾਨਣਾ।

੧੫. (੧) ਆਲਸਯ (ਦਲਿੱਦ੍ਰ) ਹੋਵੇ ਤਿਸ ਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਆਲਸਯ ਨਾ ਹੋਵੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਆਲਸਯ ਮੈਂ ਨਹੀਂ। ਅਤੇ

(੨) ਇਹ ਆਲਸਯ ਮੇਰਾ ਨਹੀਂ।

(੩) ਇਹ ਆਲਸਯ ਤੇਜ (ਅੱਗ) ਦਾ ਹੈ।

(੪) ਮੈਂ ਇਸ ਆਲਸਯ ਦਾ ਜਾਨਣਵਾਲਾ ਦ੍ਰਸ਼ਟਾ ਘਟ ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਆਲਸਯ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਜਾਨਣਾ।

(੧੬-੨੦) ਜਲ ਦੇ ਪੰਜ ਤੱਤਾਂ ਵਿੱਚੋਂ :-

੧੬. (੧) ਲਾਰ (ਮੂੰਹ ਤੋਂ ਟਪਕਦਾ ਲੇਸਦਾਰ ਪਦਾਰਥ) ਡਿੱਗੇ ਤਾਂ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਲਾਰ ਨਾ ਡਿੱਗੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਲਾਰ ਮੈਂ ਨਹੀਂ। ਅਤੇ

(੨) ਇਹ ਲਾਰ ਮੇਰੀ ਨਹੀਂ।

(੩) ਇਹ ਲਾਰ ਜਲ ਦਾ ਹੈ।

(੪) ਮੈਂ ਇਸ ਲਾਰ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਲਾਰ ਮੈਂ ਨਹੀਂ ਅਤੇ ਮੇਰਾ ਨਹੀਂ ਇਹ ਜਾਨਣਾ।

੧੭. (੧) ਸਵੇਦ ਨਾਮ ਪਸੀਨੇ ਦਾ,ਸੋ ਹੋਵੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਪਸੀਨਾ ਨਾ ਹੋਵੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਪਸੀਨਾ ਮੈਂ ਨਹੀਂ। ਅਤੇ

(੨) ਇਹ ਪਸੀਨਾ ਮੇਰਾ ਨਹੀਂ।

(੩) ਇਹ ਪਸੀਨਾ ਜਲ ਦਾ ਹੈ।

(੪) ਮੈਂ ਇਸ ਪਸੀਨੇ ਦਾ ਜਾਨਣਾਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਸਵੇਦ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਜਾਨਣਾ।

੧੮. (੧) ਮੂਤ੍ਰ ਆਵੇ ਤਿਸਨੂੰ ਮੈਂ ਜਾਣਦਾ ਹਾਂ। ਅਤੇ

(੨) ਮੂਤ੍ਰ ਨਾ ਆਵੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਮੂਤ੍ਰ ਮੈਂ ਨਹੀਂ। ਅਤੇ

(੨) ਇਹ ਮੂਤ੍ਰ ਮੇਰਾ ਨਹੀਂ।

(੩) ਇਹ ਮੂਤ੍ਰ ਜਲ ਦਾ ਹੈ।

(੪) ਮੈਂ ਇਸ ਮੂਤ੍ਰ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਮੂਤ੍ਰ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਜਾਨਣਾ।

੧੯. (੧) ਸ਼ੁਕ੍ਰ ਕਹੀਏ ਵੀਰਯ ਸਰੀਰ ਵਿਸ਼ੇ ਵਧੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਵੀਰਯ ਘਟੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਵੀਰਯ ਮੈਂ ਨਹੀਂ। ਅਤੇ

(੨) ਇਹ ਵੀਰਯ ਮੇਰਾ ਨਹੀਂ।

(੩) ਇਹ ਵੀਰਯ ਜਲ ਦਾ ਹੈ।

(੪) ਮੈਂ ਇਸ ਵੀਰਯ (ਧਾਤੂ) ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਸ਼ੁਕ੍ਰ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਜਾਨਣਾ।

੨੦. (੧) ਸ਼੍ਰੋਣਿਤ ਨਾਮ ਰੁਧਿਰ (ਖ਼ੂਨ) ਸਰੀਰ ਵਿੱਚ ਵਧੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਰੁਧਿਰ ਘਟੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਰੁਧਿਰ ਮੈਂ ਨਹੀਂ। ਅਤੇ

(੨) ਇਹ ਰੁਧਿਰ ਮੇਰਾ ਨਹੀਂ।

(੩) ਇਹ ਰੁਧਿਰ ਜਲ ਦਾ ਹੈ।

(੪) ਮੈਂ ਇਸ ਰੁਧਿਰ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਸ਼੍ਰੋਣਿਤ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਜਾਨਣਾ।

(੨੧-੨੫) ਪ੍ਰਿਥਵੀ ਦੇ ਪੰਜ ਤੱਤਾਂ ਵਿੱਚੋਂ :-

੨੧. (੧) ਰੋਮ ਬਹੁਤ ਹੋਣ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਰੋਮ ਕਮਤੀ (ਘੱਟ) ਹੋਣ ਤਾਂ ਤਿਸ ਦੇ ਕਮਤੀਪਨੇ (ਘਟਪੁਣੇ) ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਰੋਮ ਮੈਂ ਨਹੀਂ। ਅਤੇ

(੨) ਇਹ ਰੋਮ ਮੇਰੇ ਨਹੀਂ।

(੩) ਇਹ ਰੋਮ ਪ੍ਰਿਥਵੀ ਦੇ ਹਨ।

(੪) ਮੈਂ ਇਨ੍ਹਾਂ ਰੋਮਾਂ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਨ੍ਹਾਂ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਰੋਮ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਜਾਨਣਾ।

੨੨. (੧) ਤ੍ਵਚਾ (ਚਮੜੀ) ਸਪਰਸ਼ ਨੂੰ ਗ੍ਰਹਿਣ ਕਰੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਸਪਰਸ਼ ਨੂੰ ਗ੍ਰਹਿਣ ਨਾ ਕਰੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਤ੍ਵਚਾ ਮੈਂ ਨਹੀਂ। ਅਤੇ

(੨) ਇਹ ਤ੍ਵਚਾ ਮੇਰੀ ਨਹੀਂ।

(੩) ਇਹ ਤ੍ਵਚਾ ਪ੍ਰਿਥਵੀ ਦੀ ਹੈ।

(੪) ਮੈਂ ਇਸ ਤ੍ਵਚਾ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਤ੍ਵਚਾ ਮੈਂ ਨਹੀਂ ਅਤੇ ਮੇਰੀ ਨਹੀਂ। ਇਹ ਜਾਨਣਾ।

੨੩. (੧) ਨਾੜੀ ਚਲੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਨਾੜੀ ਨਾ ਚਲੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਨਾੜੀ ਮੈਂ ਨਹੀਂ। ਅਤੇ

(੨) ਇਹ ਨਾੜੀ ਮੇਰੀ ਨਹੀਂ।

(੩) ਇਹ ਨਾੜੀ ਪ੍ਰਿਥਵੀ ਦੀ ਹੈ।

(੪) ਮੈਂ ਇਸ ਨਾੜੀ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਨਾੜੀ ਮੈਂ ਨਹੀਂ ਅਤੇ ਮੇਰੀ ਨਹੀਂ। ਇਹ ਜਾਨਣਾ।

੨੪. (੧) ਮਾਸ ਵਧੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਮਾਸ ਘਟੇ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਮਾਸ ਮੈਂ ਨਹੀਂ। ਅਤੇ

(੨) ਇਹ ਮਾਸ ਮੇਰਾ ਨਹੀਂ।

(੩) ਇਹ ਮਾਸ ਪ੍ਰਿਥਵੀ ਦਾ ਹੈ।

(੪) ਮੈਂ ਇਸ ਮਾਸ ਦਾ ਜਾਨਣਵਾਲਾ ਦ੍ਰਸ਼ਟਾ ਘਟ ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਮਾਸ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਜਾਨਣਾ।

੨੫. (੧) ਅਸਥੀ ਨਾਮ ਹੱਡੀ ਸੋ ਸਿੱਧੀ ਹੋਵੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਹੱਡੀ ਸਿੱਧੀ ਨ ਹੋਵੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ :-

(੧) ਇਹ ਅਸਥੀ ਮੈਂ ਨਹੀਂ। ਅਤੇ

(੨) ਇਹ ਅਸਥੀ ਮੇਰੀ ਨਹੀਂ।

(੩) ਇਹ ਅਸਥੀ ਪ੍ਰਿਥਵੀ ਦੀ ਹੈ।

(੪) ਮੈਂ ਇਨ੍ਹਾਂ ਹੱਡੀਆਂ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਨ੍ਹਾਂ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਹੱਡੀ ਮੈਂ ਨਹੀਂ ਅਤੇ ਮੇਰੀ ਨਹੀਂ। ਇਹ ਜਾਨਣਾ।

ਇਸ ਰੀਤਿ ਨਾਲ ਪੱਚੀਸ ਤਤ੍ਵ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਜਾਨਣਾ।

(੫੫) ਕਿਸੇ ਵਸਤੂ ਦੇ ਨਾ ਹੋਣ ਰੂਪ ਗੈਰ-ਮੌਜੂਦਗੀ ਅਭਾਵ ਕਹੀਏ ਹੈ।

ਵਿਦਵਾਨਾਂ ਨੇ ਅਭਾਵ ਦੇ ਪੰਜ ਭੇਦ ਮੰਨੇ ਹਨ:-

(੧) **ਪ੍ਰਾਗਭਾਵ (ਪ੍ਰਾਕ+ਅਭਾਵ) :-** ਕਿਸੇ ਵਸਤੂ ਦਾ ਪ੍ਰਾਕ = ਪਹਿਲੇ ਕਾਲ ਵਿੱਚ ਨਾ ਹੋਣਾ। ਜਿਵੇਂ ਲੋਹੇ ਵਿੱਚ ਤਲਵਾਰ ਬਣਨ ਤੋਂ ਪਹਿਲਾ ਮੌਜੂਦਾ ਅਕਾਰ ਦੀ ਤਲਵਾਰ ਦਾ ਅਭਾਵ ਸੀ।

(੨) **ਪ੍ਰਧਵੰਸਾਭਾਵ (ਪ੍ਰਧਵੰਸ+ਅਭਾਵ) :-** ਕਿਸੇ ਵਸਤੂ ਦੇ ਪ੍ਰਧਵੰਸ=ਨਾਸ਼ ਹੋਣ ਤੋਂ ਉਸ ਦਾ ਅਭਾਵ ਹੋਵੇ। ਜਿਵੇਂ :- ਆਤਿਸ਼ਬਾਜ਼ੀ ਜਲ ਕੇ ਭਸਮ ਹੋ ਗਈ ਤਾਂ ਹੁਣ ਉਸ ਦਾ ਅਭਾਵ ਹੈ।

(੩) **ਅਨਜੋਨਜਾਭਾਵ (ਪਰਸਪਰ ਅਭਾਵ) :-** ਇੱਕ ਪਦਾਰਥ ਦਾ ਦੂਜੇ ਦਾ ਰੂਪ ਨਾ ਹੋਣਾ,ਜਿਵੇਂ ਗਧਾ, ਗਊ ਨਹੀਂ ਅਤੇ ਗਊ, ਗਧਾ ਨਹੀਂ ਅਰਥਾਤ ਗਧੇ ਵਿੱਚ ਗਾਂ ਦਾ ਅਤੇ ਗਾਂ ਵਿੱਚ ਗਧੇ ਦਾ ਅਭਾਵ ਹੈ।

(੪) **ਅਤਯੰਤਾਭਾਵ (ਅਤਯੰਤ+ਅਭਾਵ) :-** ਸਭ ਸਮਿਆਂ ਵਿੱਚ ਕਿਸੇ ਵਸਤੂ ਦਾ ਨਾ ਹੋਣਾ। ਜਿਵੇਂ :- ਸਹੇ ਦਾ ਸਿੰਗ, ਅਕਾਸ਼ ਦਾ ਫੁੱਲ ਆਦਿ।

(੫) **ਸਾਮਯਿਕਾਭਾਵ (ਸਾਮਯਿਕ+ਅਭਾਵ) :-** ਕਿਸੇ ਸਮੇਂ ਕਿਸੇ ਪਦਾਰਥ ਦੇ ਹੋਣ ਤੇ ਵੀ ਨਾ ਮੌਜੂਦਗੀ ਹੋਣ ਕਰਕੇ ਅਭਾਵ ਹੋਣਾ। ਜਿਵੇਂ :- ਘੜਾ ਹੋਣ ਤੇ ਵੀ ਕਿਸੇ ਥਾਂ ਤੋਂ ਘੜਾ ਲੈ ਜਾਣ ਕਰਕੇ ਘੜੇ ਦਾ ਅਭਾਵ ਹੈ।

ਪ੍ਰਸ਼ਨ ੫੦. "ਪੱਚੀਸ ਤਤ੍ਵ ਮੈਂ ਨਹੀਂ ਅਤੇ ਮੇਰੇ ਨਹੀਂ" ਇਸ ਜਾਨਣ ਨਾਲ ਕੀ ਨਿਸਚਾ ਹੋਇਆ?

ਉੱਤਰ : ਸਥੂਲ ਦੇਹ ਅਤੇ ਤਿਸ ਦੇ ਧਰਮ (੧) ਨਾਮ (੨) ਜਾਤੀ (੩) ਆਸ਼ਰਮ (੪) ਵਰਣ[੫੬] (੫) ਸੰਬੰਧ (੬) ਪਰੀਮਾਣ[੫੭] (੭) ਜਨਮ ਮਰਣਾ ਇਤਿਆਦਿਕ ਵੀ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਨਿਸਚਾ ਹੋਇਆ।

(੫੬) ਰੰਗ

(੫੭) ਅਕਾਰ

ਪ੍ਰਸ਼ਨ ੫੧. (੧) ਨਾਮ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਕਿਸ ਤਰ੍ਹਾਂ ਜਾਨਣਾ?

ਉੱਤਰ : (੧) ਜਨਮ ਤੋਂ ਪਹਿਲਾ ਨਾਮ ਨਹੀਂ ਸੀ। ਅਤੇ

(੨) ਜਨਮ ਦੇ ਅਨੰਤਰ ਨਾਮ ਕਲਪਿਤ[੫੮] ਹੈ। ਅਤੇ

(੩) ਸਰੀਰ ਦੇ ਭਿੰਨ-ਭਿੰਨ ਅੰਗਾਂ ਵਿੱਚ ਵਿਚਾਰ ਕਰਨ ਤੋਂ ਨਾਮ ਮਿਲਦਾ ਨਹੀਂ।

ਇਸ ਲਈ :-

(੧) ਇਹ ਨਾਮ ਮੈਂ ਨਹੀਂ। ਅਤੇ

(੨) ਇਹ ਨਾਮ ਮੇਰਾ ਨਹੀਂ।

(੩) ਇਹ ਨਾਮ ਸਥੂਲ ਦੇਹ ਵਿਸ਼ੇ ਕਲਪਿਤ ਹੈ।

(੪) ਮੈਂ ਇਸ ਦਾ ਜਾਨਣਹਾਰਾ ਦ੍ਰਸ਼ਟਾ[੫੯] ਘਟ-ਦ੍ਰਸ਼ਟਾ[੬੦] ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਨਾਮ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਜਾਨਣਾ।

(੫੮) ਪੰਨਾ ੪੪, ਟੂਕ(੧) ਪੜ੍ਹੋ।

(੫੯) ਪੰਨਾ ੫੦, ਦ੍ਰਸ਼ਟਾ ਤੇ ਸਾਕਸ਼ੀ ਦਾ ਭੇਦ ਪੜ੍ਹੋ।

(੫੦) ਪੰਨਾ ੬੧, ਟੂਕ ੫੩ ਪੜ੍ਹੋ।

ਪ੍ਰਸ਼ਨ ੫੨ (੨.) ਜਾਤੀ ਜੋ ਵਰਣ ਸੋ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਕਿਸ ਤਰ੍ਹਾਂ ਜਾਨਣਾ।

ਉੱਤਰ : (੧) ਬ੍ਰਾਹਮਣ ਆਦਿਕ[੬੧] ਜਾਤੀ ਸਥੂਲ ਦੇਹ ਦਾ ਧਰਮ ਹੈ। ਸੂਕਸ਼ਮ ਦੇਹ ਅਤੇ ਆਤਮਾ ਦਾ ਧਰਮ ਨਹੀਂ। ਕਿਉਂਕਿ ਲਿੰਗ ਦੇਹ (ਸੂਖਮ ਸਰੀਰ) ਅਤੇ ਆਤਮਾ ਤਾਂ ਜੋ ਪਹਿਲੀ ਦੇਹ ਵਿੱਚ ਹੋਵੇ ਸੋਈ ਇਸ ਵਰਤਮਾਨ ਦੇਹ ਵਿਸ਼ੇ ਅਤੇ ਭਾਵੀ[੬੨] ਦੇਹ ਵਿਸ਼ੇ ਰਹਿੰਦੇ ਹਨ ਅਤੇ ਜਾਤੀ ਤਾਂ ਜੋ ਪਹਿਲੀ ਦੇਹ ਵਿੱਚ ਸੀ। ਸੋ ਇਸ ਦੇਹ ਵਿਸ਼ੇ ਨਹੀਂ ਹੈ ਅਤੇ ਜੋ ਇਸ ਦੇਹ ਵਿੱਚ ਹੈ, ਸੋ ਅਗਲੀ ਦੇਹ ਵਿੱਚ ਰਹੇਗੀ ਨਹੀਂ। ਇਸ ਲਈ ਜਾਤੀ ਸਥੂਲ ਦੇਹ ਦਾ ਹੀ ਧਰਮ ਹੈ। ਲਿੰਗ ਦੇਹ ਅਤੇ ਆਤਮ ਦਾ ਧਰਮ ਨਹੀਂ ਹੈ। ਅਤੇ

(੨) ਸਰੀਰ ਦੇ ਅੰਗਾਂ ਵਿੱਚ ਵਿਚਾਰ ਕੇ ਦੇਖੀਏ ਤਾਂ ਸਥੂਲ ਦੇਹ ਵਿੱਚ ਜਾਤੀ ਮਿਲਦੀ ਨਹੀਂ।

ਇਸ ਲਈ :-

(੧) ਇਹ ਜਾਤੀ ਮੈਂ ਨਹੀਂ। ਅਤੇ

(੨) ਇਹ ਜਾਤੀ ਮੇਰੀ ਨਹੀਂ।

(੩) ਇਹ ਜਾਤੀ ਸਥੂਲ ਦੇਹ ਵਿਸ਼ੇ ਆਰੋਪਿਤ[੬੩] ਹੈ।

(੪) ਮੈਂ ਇਸ ਜਾਤੀ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਜਾਤੀ ਮੈਂ ਨਹੀਂ ਅਤੇ ਮੇਰੀ ਨਹੀਂ। ਇਹ ਜਾਨਣਾ।

(੬੧) ਖਤ੍ਰੀ, ਸ਼ੂਦ ਅਤੇ ਵੈਸ਼

(੬੨) ਆਉਣੀ ਵਾਲੀ, ਅਗਲੀ

(੬੩) ਮਿਥਿਆ ਕਲਪਨਾ ਰੂਪ ਦੋਸ਼

ਪ੍ਰਸ਼ਨਾ ੫੩. (੩) ਆਸ਼ਰਮ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਕਿਸ ਜਾਨਣਾ?

ਉੱਤਰ : (੧) ਬ੍ਰਹਮਚਾਰੀ, ਗ੍ਰਿਹਸਥ, ਵਾਨਪ੍ਰਸਥ ਅਤ ਸੰਨਿਆਸੀ। ਇਹ ਚਾਰ ਆਸ਼ਰਮ ਭਿੰਨ-ਭਿੰਨ ਕਰਮ ਕਰਾਉਣ ਦੇ ਲਈ ਆਰੋਪ[੬੪] ਕਰਕੇ ਸਥੂਲ ਦੇਹ ਵਿਸ਼ੇ ਮੰਨੇ ਹਨ।

(੨) ਇਹ ਆਸ਼ਰਮ ਵੀ ਮਨੁੱਖ ਮਾਤ੍ਰ ਵਿੱਚ ਸੰਭਵ ਨਹੀਂ।

ਇਸ ਲਈ :-

(੧) ਇਹ ਆਸ਼ਰਮ ਮੈਂ ਨਹੀਂ। ਅਤੇ

(੨) ਇਹ ਆਸ਼ਰਮ ਮੇਰੇ ਨਹੀਂ।

(੩) ਇਹ ਆਸ਼ਰਮ ਸਥੂਲ ਦੇਹ ਵਿਸ਼ੇ ਆਰੋਪਿਤ ਹਨ।

(੪) ਮੈਂ ਇਨ੍ਹਾਂ ਆਸ਼ਰਮਾਂ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਨ੍ਹਾਂ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਆਸ਼ਰਮ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਜਾਨਣਾ।

(੬੪) ਕਲਪਣਾ

ਪ੍ਰਸ਼ਨ ੫੪. (੪) ਵਰਣ ਕਹੀਏ ਰੰਗ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਕਿਸ ਤਰ੍ਹਾਂ ਜਾਨਣਾ?

ਉੱਤਰ : (੧) ਗੌਰ[੬੫], ਸ਼ਯਾਮ[੬੬], ਰਕਤ[੬੭], ਪੀਤ[੬੮] ਇਤਿਆਦਿਕ ਜੋ ਰੰਗ ਹਨ। ਸੋ ਸਥੂਲ ਦੇਹ ਵਿੱਚ ਪ੍ਰਤਯਕਸ਼[੬੯] ਦੇਖੀਦੇ ਹਨ। ਅਤੇ

(੨) ਸੋ ਸਥੂਲ ਦੇਹ ਮੈਂ ਨਹੀਂ। ਇਸ ਲਈ :-

(੧) ਇਹ ਰੰਗ ਮੈਂ ਨਹੀਂ। ਅਤੇ

(੨) ਇਹ ਰੰਗ ਮੇਰੇ ਨਹੀਂ।

(੩) ਇਹ ਰੰਗ ਸਥੂਲ ਦੇਹ ਦੇ ਹਨ।

(੪) ਮੈਂ ਇਨ੍ਹਾਂ ਰੰਗਾਂ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਂਈ ਇਨ੍ਹਾਂ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਵਰਣ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਜਾਨਣਾ।

(੬੫) ਚਿੱਟਾ

(੬੬) ਕਾਲਾ

(੬੭) ਲਾਲ

(੬੮) ਪੀਲਾ

(੬੯) ਪ੍ਰਤੱਖ

ਪ੍ਰਸ਼ਨ ੫੫. (੫) ਸੰਬੰਧ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਕਿਸ ਤਰ੍ਹਾਂ ਜਾਨਣਾ?

ਉੱਤਰ : (੧) ਪਿਤਾ-ਪੁਤ੍ਰ, ਗੁਰੂ-ਸ਼ਿਸ਼ਯ[੭੦], ਇਸਤਰੀ-ਪੁਰਸ਼, ਸੁਆਮੀ-ਸੇਵਕ ਇਤਿਆਦਿਕ ਸੰਬੰਧ ਸਥੂਲ ਦੇਹ ਦੇ ਪਰਸਪਰ[੭੧] ਪ੍ਰਸਿੱਧ ਸੰਬੰਧ ਮਿਥਿਆ ਮੰਨੇ ਹਨ।

(੨) ਵਿਚਾਰ ਕਰਨ ਨਾਲ ਸੰਬੰਧ ਮਿਲਦੇ (ਲੱਭਦੇ) ਨਹੀਂ। ਅਤੇ

(੩) ਮੈਂ ਸਥੂਲ ਦੇਹ ਤੋਂ ਨਿਆਰਾ ਅਸੰਗ ਹਾਂ। ਇਸ ਲਈ :-

(੧) ਇਹ ਸੰਬੰਧ ਮੈਂ ਨਹੀਂ। ਅਤੇ

(੨) ਇਹ ਸੰਬੰਧ ਮੇਰੇ ਨਹੀਂ।

(੩) ਇਹ ਸੰਬੰਧ ਸਥੂਲ ਦੇਹ ਵਿੱਚ ਆਰੋਪਿਤ[੭੨] ਹਨ।

(੪) ਮੈਂ ਇਨ੍ਹਾਂ ਸੰਬੰਧਾਂ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਨ੍ਹਾਂ ਤੋਂ ਨਿਆਰਾ ਹਾਂ।

ਇਸ ਤਰ੍ਹਾਂ ਸੰਬੰਧ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਜਾਨਣਾ।

(੭੦) ਚੇਲਾ,ਸਿਖਿਆਰਥੀ

(੭੧) ਆਪਸ ਵਿੱਚ

(੭੨) ਕਲਪਿਤ

ਪ੍ਰਸ਼ਨ ੫੬. (੬) ਪਰੀਮਾਣ ਜੋ ਅਕਾਰ ਸੋ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਕਿਸ ਤਰ੍ਹਾਂ ਜਾਨਣਾ?

ਉੱਤਰ : (੧) ਲੰਬਾ, ਟੂੰਕਾ[੭੩], ਜਾੜਾ[੭੪], ਪਤਲਾ, ਟੇਢਾ, ਸੂਧਾ[੭੫], ਇਤਿਆਦਿਕ ਅਕਾਰ ਵੀ ਪ੍ਰਸਿੱਧ ਸਥੂਲ ਦੇਹ ਵਿੱਚ ਦੇਖੀਦੇ ਹਨ। ਅਤੇ

(੨) ਮੈਂ ਸਥੂਲ ਦੇਹ ਤੋਂ ਨਿਆਰਾ ਨਿਰਾਕਾਰ[੭੬] ਹਾਂ।

ਇਸ ਲਈ :-

(੧) ਇਹ ਅਕਾਰ ਮੈਂ ਨਹੀ। ਅਤੇ

(੨) ਇਹ ਅਕਾਰ ਮੇਰੇ ਨਹੀਂ।

(੩) ਇਹ ਅਕਾਰ ਸਥੂਲ ਦੇਹ ਦੇ ਹਨ।

(੪) ਮੈਂ ਇਨ੍ਹਾਂ ਅਕਾਰਾਂ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਂਈ ਇਨ੍ਹਾਂ ਤੋਂ ਨਿਆਰਾ ਹਾਂ॥

ਇਸ ਤਰ੍ਹਾਂ ਪਰੀਮਾਣ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਜਾਨਣਾ॥

(੭੩) ਮਧਰਾ

(੭੪) ਮੋਟਾ

(੭੫) ਸਿੱਧਾ

(੭੬) ਅਕਾਰ ਰਹਿਤ

ਪ੍ਰਸ਼ਨ ੫੭. (੭) ਮੈਂ ਜਨਮ ਮਰਣਵਾਨ ਨਹੀਂ ਅਤੇ ਮੈਨੂੰ ਜਨਮ ਮਰਣ ਹੁੰਦਾ ਨਹੀਂ। ਇਹ ਕਿਸ ਤਰ੍ਹਾਂ ਜਾਨਣਾ?

ਉੱਤਰ : (੧) ਆਤਮਾ ਦਾ ਜਨਮ ਮੰਨੀਏ ਤਾਂ ਆਤਮਾ ਅਨਿੱਤ[੭੭] ਹੋਵੇਗਾ। ਸੋ ਵਾਰਤਾ ਮੀਮਾਂਸਕ ਤੋਂ ਆਦਿ ਲੈ ਕੇ ਪ੍ਰਲੋਕਵਾਦੀ ਜੋ ਆਸਤਕ ਹਨ। ਇਨ੍ਹਾਂ ਨੂੰ ਇਸ਼ਟ[੭੮] ਨਹੀਂ। ਕਿਉਂਕਿ ਜੇ ਆਤਮਾ ਉਤਪਤੀਵਾਨ ਹੋਵੇ ਤਾਂ ਨਾਸ਼ਵਾਨ ਵੀ ਹੋਵੇਗਾ।

ਇਸ ਲਈ :-

(੧) ਪੂਰਬ ਜਨਮ ਵਿਸ਼ੇ ਨਹੀਂ ਕੀਤੇ ਕਰਮਾਂ ਤੋਂ ਸੁੱਖ-ਦੁੱਖ ਦਾ ਭੋਗ। ਅਤੇ

(੨) ਇਸ ਜਨਮ ਵਿੱਚ ਕੀਤੇ ਕਰਮਾਂ ਦਾ ਭੋਗ ਤੋਂ ਬਿਨਾ ਨਾਸ਼।

(੩) ਇਹ ਦੋ-ਦੂਸ਼ਣ[੭੬] ਹੋਣਗੇ। ਕਰਮਵਾਦੀ ਦੇ ਮੱਤ ਅਨੁਸਾਰ ਆਤਮਾ ਨੂੰ ਜੇ ਕਰਤਾ-ਭੋਗਤਾ ਮੰਨੀਏ, ਤਾਂ ਵੀ ਜਨਮ ਮਰਣ ਰਹਿਤ ਹੀ ਮੰਨਣਾ ਹੋਵੇਗਾ। ਅਤੇ

ਆਤਮਾ ਦੇ ਜਨਮ ਦਾ ਕੋਈ ਕਾਰਣ ਵੀ ਸੰਭਵ ਨਹੀਂ, ਕਿਉਂਕਿ ਆਤਮਾ ਦਾ ਜੇ ਕਾਰਣ ਹੋਵੇਗਾ ਸੋ ਆਤਮ ਤੋਂ ਭਿੰਨ ਹੀ ਚਾਹੀਦਾ ਹੈ। ਅਤੇ

(੧) ਆਤਮਾ ਤੋਂ ਭਿੰਨ ਤਾਂ ਅਨਾਤਮਾ[੭੦] ਨਾਮ ਰੂਪ ਹੈ। ਅਨਾਤਮਾ ਤਾਂ ਆਤਮਾ ਵਿਸ਼ੇ ਰਜੂ-ਸੱਪ ਦੀ ਨਿਆਈਂ ਕਲਪਿਤ ਹੈ। ਇਸ ਲਈ ਅਨਾਤਮਾ ਕਾਰਣ ਬਣਦਾ ਨਹੀਂ।

(੨) ਬ੍ਰਹਮ ਤਾਂ ਘਟਾਕਾਸ਼[੭੧] ਦੇ ਸ੍ਵਰੂਪ ਮਹਾਕਾਸ਼ ਦੀ ਨਿਆਈਂ ਆਤਮਾ ਦਾ ਸਰੂਪ ਹੀ ਹੈ। ਆਤਮਾ ਤੋਂ ਭਿੰਨ ਨਹੀਂ। ਇਸ ਲਈ ਬ੍ਰਹਮ ਕਾਰਣ ਬਣਦਾ ਨਹੀਂ।

ਇਸ ਲਈ ਆਤਮਾ ਦਾ ਜਨਮ ਨਹੀਂ ਅਤੇ

(੩) ਕਿਉਂਕਿ ਆਤਮਾ ਦਾ ਜਨਮ ਨਹੀਂ ਇਸ ਕਰਕੇ ਆਤਮਾ ਦਾ ਮਰਣ ਵੀ ਨਹੀਂ ਅਤੇ

(੪) ਕਿਉਂਕਿ ਆਤਮਾ ਵਿੱਚ ਜਨਮ-ਮਰਣ ਦਾ ਅਭਾਵ ਹੈ। ਇਸ ਕਰਕੇ ਜਾਯਤੇ (ਜਨਮ), ਅਸਤੀ (ਪ੍ਰਗਟਤਾ),ਵਰਧਤੇ (ਵ੍ਰਿਧੀ), ਵਿਪਰੀਣਮਤੇ (ਵਿਪਰਿਣਾਮ), ਅਪੇਕਸ਼ੀਯਤੇ (ਅਪਕਸ਼ਯ) ਅਤੇ ਨਸ਼ਯਤੀ (ਮਰਣ)। ਇਨ੍ਹਾਂ ਛੇ-ਵਿਕਾਰਾਂ[੭੨] ਤੋਂ ਵੀ ਆਤਮਾ ਰਹਿਤ ਹੈ। ਇਸ ਲਈ :-

(੧) ਮੈਂ ਜਨਮ ਮਰਣਵਾਨ ਨਹੀਂ। ਅਤੇ

(੨) ਮੈਨੂੰ ਜਨਮ ਮਰਣ ਹੁੰਦਾ ਨਹੀਂ।

(੩) ਇਹ ਜਨਮ ਮਰਣ ਸਥੂਲ ਦੇਹ ਨੂੰ ਕਰਮ ਨਾਲ ਹੁੰਦਾ ਹੈ।

(੪) ਮੈਂ ਇਸ ਜਨਮ ਮਰਣ ਦਾ ਜਾਨਣਵਾਲਾ ਦ੍ਰਸ਼ਟਾ[੭੩] ਘਟ-ਦ੍ਰਸ਼ਟਾ[੭੪] ਦੀ ਨਿਆਈਂ ਇਸ ਤੋਂ ਨਿਆਰਾ ਹਾਂ॥

ਇਸ ਤਰ੍ਹਾਂ ਮੈਂ ਜਨਮ ਮਰਣਵਾਨ ਨਹੀਂ ਅਤੇ ਮੈਨੂੰ ਜਨਮ ਮਰਣ ਹੁੰਦਾ ਨਹੀਂ। ਇਹ ਜਾਨਣਾ॥

(੭੭) ਸਦਾ ਨਾ ਰਹਿਣ ਵਾਲਾ ਭਾਵ ਨਾਸ਼ਵਾਨ

(੭੮) ਪਿਆਰਾ

(੭੯) (੧) ਜੇਕਰ ਆਤਮਾ ਨਾਸ਼ਵਾਨ ਮੰਨੀਏ ਤਾਂ ਪਹਿਲੇ ਜਨਮਾਂ ਵਿੱਚ ਕੀਤੇ ਕਰਮ ਵੀ ਆਤਮਾ ਦੇ ਨਾਸ ਹੋਣ ਨਾਲ ਨਸ਼ਟ ਹੋ ਗਏ ਹੋਣਗੇ। ਅਗਲੇ ਜਨਮਾਂ ਵਿੱਚ ਸੁੱਖ-ਦੁੱਖ ਰੂਪ ਫਲ ਦੇਣ ਲਈ ਪੁੰਨ-ਪਾਪ ਰੂਪ ਕਰਮ ਕੋਈ ਵੀ ਅਵਸ਼ੇਸ਼ (ਬਾਕੀ) ਨਹੀਂ। ਕਿੰਤੂ ਇਸ ਵਰਤਮਾਨ ਦੇਹ ਵਿੱਚ ਜੀਵ ਸੁੱਖ-ਦੁੱਖ ਦਾ ਅਨੁਭਵ ਕਰਦਾ ਹੈ ਅਤੇ ਉਪਰੋਕਤ ਵਾਰਤਾ ਅਨੁਸਾਰ ਇਸ ਅਨੁਭਵ ਦਾ ਕਰਮ ਰੂਪ ਕੋਈ ਕਾਰਣ ਨਹੀਂ ਹੈ। ਇਸ ਤਰ੍ਹਾਂ ਨਾ ਕੀਤੇ ਕਰਮਾਂ ਤੋਂ ਸੁੱਖ-ਦੁੱਖ ਦਾ ਭੋਗ ਇਹ ਦੂਸ਼ਣ ਹੋਵੇਗਾ। ਹੋਰ ਸੂਖਮ ਵੀਚਾਰੀਏ ਤਾਂ ਜਦੋਂ ਆਤਮਾ ਦੇ ਨਸ਼ਟ ਹੋਣ ਨਾਲ ਸਾਰੇ ਜੀਵਾਂ ਦੇ ਕਰਮ ਵੀ ਨਸ਼ਟ ਹੋ ਗਏ ਤਾਂ ਫਿਰ ਇਸ ਜਨਮ ਵਿਸ਼ੇ ਸਾਰਿਆਂ ਜੀਵਾਂ ਨੂੰ ਇੱਕ-ਸਮਾਨ ਬਿਭੂਤੀ ਅਤੇ ਬਰਾਬਰ ਦੇ ਸੁੱਖ-ਦੁੱਖ ਮਿਲਣੇ ਚਾਹੀਦੇ ਹਨ। ਅਮੀਰ-ਗਰੀਬ ਦਾ ਭੇਦ ਨਹੀਂ ਹੋਣਾ ਚਾਹੀਦਾ। ਪਰੰਤੂ ਐਸਾ ਹੁੰਦਾ ਨਹੀਂ ਕਿਉਂਕਿ

ਵਾਸਤਵ ਵਿੱਚ ਆਤਮਾ ਅਮਰ ਹੈ ਅਤੇ ਸੂਖਮ ਤੋਂ ਸੂਖਮ ਕਰਮ ਵੀ ਸੁੱਖ-ਦੁੱਖ ਦਾ ਹੇਤ ਹਨ।

ਸੁਖੁ ਦੁਖੁ ਪੁਰਬ ਜਨਮ ਕੇ ਕੀਏ॥
ਸੋ ਜਾਣੈ ਜਿਨਿ ਦਾਤੈ ਦੀਏ॥
ਕਿਸ ਕਉ ਦੋਸੁ ਦੇਹਿ ਤੂ ਪ੍ਰਾਣੀ॥
ਸਹੁ ਆਪਣਾ ਕੀਆ ਕਰਾਰਾ ਹੈ॥ ੧੪॥ (ਮਾਰੂ ਸੋਲਹੇ ਮਃ ੧, ਅੰਗ ੧੦੩੧)

(੨) ਜੇਕਰ ਆਤਮਾ ਨਾਸ਼ਵਾਨ ਮੰਨੀਏ ਤਾਂ ਇਸ ਜਨਮ ਵਿੱਚ ਕੀਤੇ ਪਾਪ-ਪੁੰਨ ਰੂਪ ਕਰਮ ਜੋ ਸੰਚਿਤ (ਇਕੱਠ) ਕਰਮਾਂ ਦੇ ਰੂਪ ਵਿੱਚ ਅੰਤਹਕਰਣ ਅੰਦਰ ਮੌਜੂਦ ਹਨ। ਉਨ੍ਹਾਂ ਦਾ ਸੁੱਖ-ਦੁੱਖ ਰੂਪ ਫਲ ਭੋਗੇ ਬਿਨਾ ਹੀ ਆਤਮਾ ਦੇ ਨਾਸ ਨਾਲ ਨਾਸ ਹੋ ਜਾਵੇਗਾ। ਇਹ ਅਯੋਗ ਹੈ ਕਿਉਂਕਿ :-

ਕੈਧੌ ਕਰਮ ਵਿਪਾਕ ਕੋ ਵਿਧ ਦਿਨਮਣਿ ਭੋਗੰਤ।
ਬਿਨ ਭੋਗੇ ਭਾਗੇ ਨਹੀਂ ਕਰਮ ਗਤੀ ਬਲਵੰਤ॥ ੧੭॥ (ਵੈਰਾਗ ਸ਼ੱਤਕ)
"ਅਵਸ਼ਯ ਮੇਵ ਭੁਕਤਬਯੰ ਕ੍ਰਿਤਾ ਕਰਮ ਸੁਭਾਸੁਭੰ" (ਸ੍ਰੁਤੀ)

(੬੦) ਆਤਮਾ ਤੋਂ ਭਿੰਨ ਸਮਸਟੀ ਵਿਅਸਟੀ ਪ੍ਰਪੰਚ। ਸਮਸਟੀ (ਸਮੂਹ) ਰੂਪ ਵਿੱਚ ਈਸ਼ਵਰ ਦਾ ਅਤੇ ਵਿਅਸਟੀ (ਵਿਸ਼ੇਸ਼) ਰੂਪ ਵਿੱਚ ਜੀਵ ਦਾ।

(੬੧) ਅਕਾਸ਼ ਦੇ ਚਾਰ ਭੇਦ ਮੰਨੇ ਹਨ :-

ਘਟਾਕਾਸ ਇਕ ਜਲ ਆਕਾਸਾ।
ਮੇਘਾਕਾਸ ਮਹਾਆਕਾਸਾ॥ ੭੨॥ (ਵਿਚਾਰ ਸਾਗਰ, ਤਰੰਗ ਚੌਥੀ)

(੧) ਘਟਾਕਾਸ (ਘਟ+ਅਕਾਸ) = ਜਲ ਨਾਲ ਭਰੇ ਘੜੇ ਨੂੰ ਜਿੰਨਾਂ ਅਕਾਸ ਅਵਕਾਸ਼ (ਖਾਲੀ ਜਗ੍ਹਾ) ਦਿੰਦਾ ਹੈ ਸੋ ਘਟਾਕਾਸ ਕਹੀਏ ਹੈ ਵਾ: ਘੜੇ ਦੇ ਅੰਦਰ ਦਾ ਅਕਾਸ਼।

(੨) ਜਲਾਕਾਸ (ਜਲ+ਅਕਾਸ) = ਜਲ ਨਾਲ ਭਰੇ ਘੜੇ ਦੇ ਵਿੱਚ ਜੋ ਚੰਦ੍ਰਮਾ, ਤਾਰੇ ਆਦਿ ਸਹਿਤ ਅਕਾਸ਼ ਦਾ ਪ੍ਰਤੀਬਿੰਬ ਭਾਸਦਾ ਹੈ, ਸੋ ਅਕਾਸ਼ ਦਾ ਪ੍ਰਤੀਬਿੰਬ ਅਤੇ ਘਟਾਕਾਸ ਦੋਵਾਂ ਨੂੰ ਇਕੱਠਾ ਜਲਾਕਾਸ ਕਹੀਏ ਹੈ।

(੩) ਮੇਘਾਕਾਸ (ਮੇਘ+ਅਕਾਸ) = ਮੇਘ ਜੋ ਬੱਦਲਾਂ ਨੂੰ ਅਕਾਸ਼ ਅਵਕਾਸ਼ (ਖਾਲੀ ਜਗ੍ਹਾ) ਦਿੰਦਾ ਹੈ ਅਤ ਬੱਦਲਾਂ ਦੇ ਜਲ ਵਿੱਚ ਜੋ ਅਕਾਸ਼ ਦਾ ਪ੍ਰਤੀਬਿੰਬ (ਪਰਛਾਵਾ) ਹੈ। ਇਨ੍ਹਾਂ ਦੋਵਾਂ ਨੂੰ ਮੇਘਾਕਾਸ ਆਖਦੇ ਹਨ।

(੪) ਮਹਾਕਾਸ (ਮਹਾ+ਅਕਾਸ) = ਬਾਹਰ-ਭੀਤਰ ਸਾਰੀ ਜਗ੍ਹਾ ਇਕ ਰਸ ਵਿਆਪਕ (ਸਰਵ ਦੇਸ਼ਵਰਤੀ) ਜੋ ਅਕਾਸ ਦਾ ਸਰੂਪ ਸੋ ਮਹਾਕਾਸ ਕਹੀਏ ਹੈ।

ਸਹਸ ਘਟਾ ਮਹਿ ਏਕੁ ਆਕਾਸੁ॥ ਘਟ ਫੂਟੇ ਤੇ ਓਹੀ ਪ੍ਰਗਾਸ॥

(ਸੂਹੀ ਮਃ ੫, ਅੰਗ ੭੩੬)

(੬੨) ਉਤਪਤਿ ਹ੍ਵੈ ਅਰ ਬਢਤ ਹੈ ਬਾਲ ਯੁਵਾ ਯੁਤ ਹੋਇ॥

ਬ੍ਰਿਧ ਹੋਇ ਅਰ ਮਰਨ ਹ੍ਵੈ ਖਟ ਵਿਕਾਰ ਯਹ ਜੋਇ॥

(ਅਧਜਾਤਮ ਪ੍ਰਕਾਸ਼)

ਜਨਮ ਅਸਤ ਅਰ ਬ੍ਰਿਧ ਪੁਨ ਬਿਪ੍ਰਨ ਛਯ ਤਨ ਨਾਸ॥
ਖਟ ਬਿਕਾਰ ਯੇ ਦੇਹ ਕੇ ਆਤਮ ਸ੍ਵਯੰ ਪ੍ਰਕਾਸ਼॥

(ਵਿਚਾਰ ਮਾਲਾ)

ਖਟ ਬਿਕਾਰ ਜਨਮਨਿ ਅਰ ਮਰਨੇ। ਇਹ ਸਰੀਰ ਕੇ ਦੋਨਹੁ ਬਰਨੇ॥
ਛੁਧਾ ਤ੍ਰਿਖਾ ਦੁਇ ਪ੍ਰਾਨਨ ਕੇਰ। ਹਰਖ ਸੋਕ ਮਨ ਕੇ ਯੁਗ ਤੇਗਿ॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ)

(੮੩) ਪੰਨਾ ੫੦ ਸਾਕਸ਼ੀ ਅਤੇ ਦ੍ਰਸ਼ਟਾ ਦਾ ਭੇਦ ਪੜ੍ਹੋ।

(੮੪) ਪੰਨਾ ੬੧ 'ਤੇ ਟੂਕ ੫੩ ਪੜ੍ਹੋ।

ਪ੍ਰਸ਼ਨ ੫੮. ਪੰਚ ਮਹਾਭੂਤਾਂ ਦੀ ਨਿਵਿਰਤੀ ਵਿਸ਼ੇ ਦ੍ਰਿਸ਼ਟਾਂਤ ਕੀ ਹੈ?

ਉੱਤਰ : ਜਿਵੇਂ ਕਿਸੇ ਨੂੰ ਭੂਤ ਲਗਿਆ ਹੋਵੇ ਕਹੀਏ ਚੰਬੜਿਆ ਹੋਵੇ। ਉਹ ਧਾਨਕ ਨਾਮ ਪਾਰਧੀ(੮੫) ਨੂੰ ਬੁਲਾ ਕੇ ਡਮਰੂ ਵਜਾ ਕੇ, ਲੂਣ ਆਦਿ ਪੰਜ ਵਸਤੂਆਂ ਮਿਲਾ ਕੇ ਉਨ੍ਹਾਂ ਦਾ ਬਲੀਦਾਨ ਦੇ ਕੇ ਭੂਤ ਦੀ ਨਿਵਿਰਤੀ(੮੬) ਕਰਦਾ ਹੈ।

ਸਿਧਾਂਤ :- ਤਿਵੇਂ ਹੀ ਆਕਾਸ਼ ਆਦਿ ਪੰਜ ਮਹਾਂਭੂਤ ਸਰੀਰ ਰੂਪ ਹੋ ਕੇ ਜੀਵ ਨੂੰ ਲੱਗੇ ਹਨ। ਇਨ੍ਹਾਂ ਦੀ ਨਿਵਿਰਤੀ ਵਾਸਤੇ ਬ੍ਰਹਮ-ਨਿਸ਼ਠ(੮੭) ਗੁਰੂ ਰੂਪ ਧਾਨਕ ਦੀ ਵਿਧੀਪੂਰਵਕ(੮੮) ਸ਼ਰਣ ਜਾ ਕੇ। ਵੇਦ ਸ਼ਾਸਤ੍ਰ ਰੂਪ ਡਮਰੂ ਕਹੀਏ ਡਾਕ ਵਜਾ ਕੇ, ਉੱਪਰ ਕਹੇ ਜੋ ਪੱਚੀਸ ਤੱਤ੍ਵ ਇਨ੍ਹਾਂ ਵਿੱਚੋਂ ਪੰਜ-ਪੰਜ ਤੱਤ ਰੂਪ ਬਲੀਦਾਨ, ਇੱਕ-ਇੱਕ ਭੂਤ ਨੂੰ ਆਪਣਾ ਆਪਣਾ ਭਾਗ ਅਰਪਣ ਕਰਕੇ। ਮੈਂ ਇਨ੍ਹਾਂ ਪੱਚੀਸ ਤੱਤਾਂ ਦਾ ਦ੍ਰਸ਼ਟਾ ਹਾਂ। ਇਸ ਰੀਤ ਨਾਲ ਨਿਸ਼ਚੇ ਕਰਨ ਤੋਂ ਇਨ੍ਹਾਂ ਪੰਚ ਮਹਾ ਭੂਤਾਂ ਦੀ ਅਤਿਅੰਤਕ(੮੯) ਨਿਵਿਰਤੀ ਹੁੰਦੀ ਹੈ।

ਇਸ ਰੀਤ ਨਾਲ ਸਥੂਲ ਦੇਹ ਦਾ ਮੈਂ ਦ੍ਰਸ਼ਟਾ ਹਾਂ॥

(੮੫) ਮੰਤ੍ਰ ਪੜ੍ਹਨ ਵਾਲਾ

(੮੬) ਪੰਨ ੧੯, ਟੂਕ (੪) ਪੜ੍ਹੋ।

(੮੭) ਪੰਨਾ ੪੩ ਤੋਂ ਬ੍ਰਹਮ ਨਿਸ਼ਠ ਅਤੇ ਬ੍ਰਹਮ ਸਰੋਤਰੀ ਪੜ੍ਹੋ।

(੮੮) ਵਿਧੀਪੂਰਵਕ :- ਵਿਵੇਕਆਦਿ ਸ਼ੁਭ ਗੁਣਾਂ ਸਹਿਤ ਮੋਕਸ਼ ਦੀ ਇੱਛਾ ਵਾਲਾ ਅਧਿਕਾਰੀ।

(੧) ਹੱਥ ਵਿੱਚ ਭੇਟਾਂ ਲੈ ਕੇ ਗੁਰੂ ਦੀ ਸਰਣ ਪ੍ਰਾਪਤ ਕਰੇ।

(੨) ਸਾਸ਼ਟਾਂਗ ਨਮਸਕਾਰ (ਅੱਠ ਅੰਗਾਂ :- ਦੋ ਗੋਡੇ, ਦੋ ਪੈਰ, ਦੋ ਹੱਥ, ਸਿਰ ਅਤੇ ਅੰਤਹਕਰਣ) ਸਿਰ ਤੇ ਅੰਤਹਕਰਣ ਦੀ ਜਗ੍ਹਾ ਮੱਥਾ ਤੇ ਨੱਕ ਵੀ ਕੁਝ ਵਿਦਵਾਨ ਕਥਨ ਕਰਦੇ ਹਨ। ਇਨ੍ਹਾਂ ਅੱਠ ਅੰਗਾਂ ਨਾਲ ਪ੍ਰਣਾਮ ਕਰਨ ਨੂੰ ਸ਼ਾਸ਼ਟਾਂਗ ਨਮਸਕਾਰ ਆਖਦੇ ਹਨ।

ਨਮਸਕਾਰ ਡੰਡੌਤ ਕਰ ਦਰਬ ਹਾਥ ਮੈ ਲਾਇ॥
ਕਹੋ ਗੁਰੂ ਜੀ ਆਤਮਾ ਕਯੋਂ ਕਰ ਜਾਨਜੋ ਜਾਇ॥ ੧੯॥ (ਅਧਜਾਤਮ ਪ੍ਰਕਾਸ਼)

ਰਿਕਤਪਾਨ ਦਰਸੇ ਨਹੀ ਭੂਪ ਭਿਖੁਕ ਗੁਰਦੇਵ॥
ਫਲ ਦੀਏ ਫਲ ਪਾਈਐ ਫਲੈ ਨ ਫਲ ਬਿਨ ਸੇਵ॥ ੪॥ (ਚਾਣਕਯ ਨੀਤੀ)

(੩) ਹੇ ਭਗਵਨ! ਮੈਨੂੰ ਬ੍ਰਹਮ ਵਿਦਿਆ ਦਾ ਉਪਦੇਸ਼ ਕਰੋ। ਐਸਾ ਕਹਿ ਕੇ ਬੰਧ (ਬੰਧਨ) ਕਿਸ ਨੂੰ ਕਹੀਏ? ਮੋਕਸ਼ ਕਿਸ ਨੂੰ ਕਹੀਏ? ਅਵਿਦਿਆ ਕਿਸ ਨੂੰ ਕਹੀਏ? ਅਤੇ ਵਿਦਿਆ ਕਿਸ ਨੂੰ ਕਹੀਏ? ਇਤਿਆਦਿ ਪ੍ਰਸ਼ਨ ਕਰੇ। ਅਤੇ

(੪) ਗੁਰੂ ਦੀ ਪ੍ਰਸੰਨਤਾ ਵਾਸਤੇ ਤਨ ਮਨ ਧਨ ਬਾਣੀ ਅਰਪਣ ਕਰਕੇ ਸੇਵਾ ਕਰੇ॥

ਬਾਣੀ ਜਾਕੀ ਵੇਦ ਸਮ ਕੀਜੈ ਤਾਕੀ ਸੇਵ।
ਹ੍ਵੈ ਪ੍ਰਸੰਨ ਜਬ ਸੇਵ ਤੇ ਤਬ ਜਾਨੈ ਨਿਜ ਭੇਵ॥ ੧੧॥ (ਵਿਚਾਰ ਸਾਗਰ, ਤਰੰਗ ਤੀਜੀ)

ਇਹ ਬ੍ਰਹਮ ਵਿਦਿਆ ਦੇ ਗ੍ਰਹਿਣ ਕਰਨ ਦੀ ਵਿਧੀ ਹੈ॥

(੮੯) ਪੰਨਾ ੧੯ ਤੇ ਪੜ੍ਹੋ।

॥ ੨ ॥ ਸੂਕਸ਼ਮ ਦੇਹ ਦਾ ਮੈਂ ਦ੍ਰਸ਼ਟਾ ਹਾਂ॥

ਪ੍ਰਸ਼ਨ ੫੯. ਸੂਕਸ਼ਮ ਦੇਹ ਸੋ ਕੀ ਹੈ?

ਉੱਤਰ : ਅਪੰਚੀਕ੍ਰਿਤ[੯੦] ਪੰਚ ਮਹਾਭੂਤਾਂ ਦੇ ਸਤਾਰਾ ਤੱਤਾਂ ਦੀ ਸੂਕਸ਼ਮ ਦੇਹ ਹੈ।

(੯੦) ਪ੍ਰਸ਼ਨ ੬੬ ਪੰਨਾ ੭੮ ਤੇ ਪੜ੍ਹੋ।

ਪ੍ਰਸ਼ਨ ੬੦. ਸੂਕਸ਼ਮ ਦੇਹ ਦੇ ਸਤਾਰਾਂ ਤੱਤ੍ਵ ਕਿਹੜੇ ਹਨ?

ਉੱਤਰ : ੧-੫ ਪੰਜ ਗਯਾਨ ਇੰਦ੍ਰੇਯ
੬-੧੦ ਪੰਜ ਕਰਮ ਇੰਦ੍ਰੇਯ
੧੧-੧੫ ਪੰਜ ਪ੍ਰਾਣ
੧੬ ਮਨ ਅਤੇ
੧੭ ਬੁੱਧੀ
ਇਹ ਸਤਾਰਾਂ[੯੧] ਤੱਤ੍ਵ ਹਨ।

(੯੧) ਨਾਸਕਾ ਨੈਨ ਤੁਚਾ ਰਸਨਾ ਮਿਲ ਕਾਨ ਏ ਇੰਦ੍ਰੇਯ ਗਯਾਨ ਬਖਾਨੋ॥
ਵਾਕ ਔ ਪਾਨ ਰੁ ਪਾਵ ਉਪਸਥ ਗੁਦਾ ਮਿਲ ਪਾਂਚ ਏ ਕਰਮ ਪ੍ਰਮਾਨੋ॥
ਪ੍ਰਾਨ ਅਪਾਨ ਵਿਆਨ ਸਮਾਨ ਉਦਾਨਹਿ ਔਰ ਮਨੋ ਬੁਧਿ ਮਾਨੋ॥
ਸੂਖਜਮ ਪਾਂਚਹੁ ਤੱਤ੍ਵ ਤੈ ਇਹ ਸਤ੍ਰਹ ਤਤ ਕੋ ਸੂਖਜਮ ਜਾਨੋ॥

(ਅਧਜਾਤਮ ਪ੍ਰਕਾਸ਼)

ਪ੍ਰਸ਼ਨ ੬੧. ਪੰਜ ਗਯਾਨ ਇੰਦ੍ਰੇਯ ਕਿਹੜੇ ਹਨ?

ਉੱਤਰ : (੧-੫) ਸ਼੍ਰੋਤ੍ਰ[੯੨], ਤ੍ਵਚਾ[੯੩], ਚਕਛੁ[੯੪], ਜਿਹਵਾ[੯੫] ਅਤੇ ਘ੍ਰਾਣ[੯੬]।
ਇਹ ਪੰਜ ਗਯਾਨ-ਇੰਦ੍ਰੇਯ ਹਨ॥

(੯੨) ਕੰਨ

(੯੩) ਚਮੜੀ

(੯੪) ਨੇਤ੍ਰ

(੯੫) ਜੀਭ

(੯੬) ਨੱਕ

(੯੭) ਗਿਆਨ ਕਰਵਾਉਣ ਦੇ ਸਾਧਨ (ਜ਼ਰੀਆ) ਜੋ ਇੰਦ੍ਰੇਯ, ਸੋ ਗਯਾਨ ਇੰਦ੍ਰੇਯ ਕਹੀਏ ਹੈ।

ਪ੍ਰਸ਼ਨ ੬੨. ਪੰਜ ਕਰਮ ਇੰਦ੍ਰੇਯ ਕਿਹੜੇ ਹਨ?

ਉੱਤਰ : (੬-੧੦) ਵਾਕ(੯੮) ਪਾਣਿ(੯੯), ਪਾਦ(੧੦੦), ਉਪਸਥ(੧੦੧) ਅਤੇ ਗੁਦਾ(੧੦੨)।
ਇਹ ਪੰਜ ਕਰਮ-ਇੰਦ੍ਰੇਯ(੧੦੩) ਹਨ॥

(੯੮) ਜੁਬਾਨ

(੯੯) ਹੱਥ

(੧੦੦) ਪੈਰ

(੧੦੧) ਲਿੰਗ (ਭੋਗ ਇੰਦ੍ਰੇ, ਸ਼ਿਸ਼ਨ ਇੰਦ੍ਰੇ)

(੧੦੨) ਮਲ-ਤਿਆਗ ਕਰਨ ਵਾਲਾ ਇੰਦ੍ਰਾ

(੧੦੩) ਕਰਮ ਕਰਨ ਦੇ ਸਾਧਨ (ਜ਼ਰੀਆ) ਜੋ ਇੰਦ੍ਰੇ ਸੋ ਕਰਮ ਇੰਦ੍ਰੇਯ ਕਹੀਏ ਹੈ।

ਪ੍ਰਸ਼ਨ ੬੩. ਪੰਜ ਪ੍ਰਾਣ ਕਿਹੜੇ ਹਨ?

ਉੱਤਰ : (੧੧-੧੫) ਪ੍ਰਾਣ, ਅਪਾਨ, ਸਸਾਨ, ਉਦਾਨ ਅਤੇ ਬਜਾਨ।
ਇਹ ਪੰਜ ਪ੍ਰਾਣ ਹਨ॥

(੧੦੪) ਹਿਰਦੇ ਵਿੱਚ ਰਹਿਣ ਵਾਲੀ ਪੌਣ (ਹਵਾ)।

(੧੦੫) ਗੁਦਾ ਅਸਥਾਨ ਵਾਲੀ ਪੌਣ।

(੧੦੬) ਨਾਭੀ ਵਿਚਲੀ ਪੌਣ।

(੧੦੭) ਕੰਠ ਵਿਚਲੀ ਪੌਣ।

(੧੦੮) ਸਾਰੇ ਸਰੀਰ ਵਿੱਚ ਵਿਆਪਕ ਪੌਣ।

ਪ੍ਰਸ਼ਨ ੬੪. ਮਨ ਕਿਸਨੂੰ ਕਹੀਏ ਹੈ?

ਉੱਤਰ : (੧੬) ਸੰਕਲਪ(੧੦੯) ਵਿਕਲਪ(੧੧੦) ਰੂਪ ਜੋ ਬਿਰਤੀ(੧੧੧)। ਤਿਸਨੂੰ ਮਨ(੧੧੨) ਕਹੀਏ ਹੈ॥

(੧੦੯) ਫੁਰਨਾ ਵਾ ਕਲਪਨਾ

(੧੧੦) ਦੁਬਿਧਾ ਭਾਵ ਇੱਕ ਤੋਂ ਵੱਧ ਸੰਭਾਵਨਾ

(੧੧੧) ਅੰਤਹਕਰਣ ਦਾ ਪ੍ਰਣਾਮ ਬਿਰਤੀ ਕਹੀਏ ਹੈ।

(੧੧੨) ਕਈ ਵਿਦਵਾਨਾਂ ਨੇ ਅੰਤਹਕਰਣ ਦੇ ਚਾਰ (ਮਨ, ਬੁੱਧ, ਚਿਤ ਤੇ ਅਹੰਕਾਰ) ਅਤੇ ਕਈਆਂ ਨੇ ਦੋ ਮਨ ਤੇ ਬੁੱਧ ਭੇਦ ਕਥਨ ਕੀਤੇ ਹਨ।

ਅਹੰਕਾਰ ਮਨ ਬੁਧ ਚਿਤ ਏਕ ਕਹਤ ਹੈ ਚਾਰ।
ਏਕ ਕਹਤ ਹੈ ਬੁਧ ਮਨ ਅੰਤਹਕਰਣ ਬਿਚਾਰ॥

(ਅਧਜਾਤਮ ਪ੍ਰਕਾਸ਼)

ਜਬ ਚਾਹਤ ਹੈ ਬਸਤ ਕਿਛ ਚਿਤ ਕਹਤ ਹੈ ਤਾਹਿ।
ਯਤਨ ਕਲਪਨਾ ਜਬ ਕਰੇ ਮਨ ਕਹੀਯਤ ਹੈ ਵਾਹਿ॥

(ਅਧਜਾਤਮ ਪ੍ਰਕਾਸ਼)

ਪ੍ਰਸ਼ਨ ੬੫. ਬੁੱਧੀ ਕਿਸਨੂੰ ਕਹੀਏ ਹੈ?

ਉੱਤਰ : (੧੭) ਨਿਸ਼ਚਯ ਰੂਪ ਜੋ ਬਿਰਤੀ। ਤਿਸਨੂੰ ਬੁੱਧੀ ਕਹੀਏ ਹੈ।

ਮੈ ਯਹ ਲੀਨੋ ਲੇਤ ਹੌ ਅਹੰਕਾਰ ਯਹ ਜੋਇ॥
ਸਭ ਕੋ ਜਬ ਨਿਸਚਯ ਕਰੈ ਬੁਧ ਕਹਾਵੈ ਸੋਇ॥ (ਅਧਜਾਤਮ ਪ੍ਰਕਾਸ਼)

ਪ੍ਰਸ਼ਨ ੬੬. ਅਪੰਚੀਕ੍ਰਿਤ ਪੰਚ ਮਹਾਂਭੂਤ ਕਿੰਨ੍ਹਾਂ ਨੂੰ ਕਹੀਏ ਹੈ?

ਉੱਤਰ : ਜਿੰਨ੍ਹਾਂ ਭੂਤਾਂ ਦਾ ਪੂਰਬ ਕਹੀ ਪੰਚੀਕਰਣ ਦੀ ਰੀਤ ਨਾਲ ਪੰਚੀਕਰਣ[੧੧੩] ਨ ਹੋਇਆ ਹੋਵੇ।

(੧) ਉਨ੍ਹਾਂ ਭੂਤਾਂ ਨੂੰ ਅਪੰਚੀਕ੍ਰਿਤ ਪੰਚ ਮਹਾਂਭੂਤ ਕਹੀਏ ਹੈ।

(੨) ਉਨ੍ਹਾਂ ਨੂੰ ਸੂਕਸ਼ਮ ਭੂਤ ਵੀ ਕਹਿੰਦੇ ਹਨ। ਅਤੇ

(੩) ਇਨ੍ਹਾਂ ਨੂੰ ਤੰਨਮਾਤ੍ਰਾ ਵੀ ਆਖਦੇ ਹਨ॥

(੧੧੩) ਪਰਸਪਰ ਮਿਲਾਪ

ਪ੍ਰਸ਼ਨ ੬੭. ਅਪੰਚੀਕ੍ਰਿਤ ਪੰਚ ਮਹਾਂਭੂਤਾਂ ਦੇ ਸਤਾਰਾਂ ਤੱਤ੍ਵ ਕਿਸ ਤਰ੍ਹਾਂ ਜਾਨਣੇ?

ਉੱਤਰ : ਪੰਜ ਗਯਾਨ ਇੰਦ੍ਰੇਯ ਅਤੇ ਪੰਜ ਕਰਮ ਇੰਦ੍ਰੇਯ ਵਿਚੋਂ :-

(੧) ਅਕਾਸ਼ ਦੇ ਸਤੋ-ਗੁਣ[੧੧੪] ਦਾ ਭਾਗ ਸ਼੍ਰੋਤ (ਕੰਨ) ਹੈ।

(੨) ਅਕਾਸ਼ ਦੇ ਰਜੋ ਗੁਣ ਦਾ ਭਾਗ ਵਾਕ (ਜ਼ੁਬਾਨ) ਹੈ।

(੧) ਸ਼੍ਰੋਤ ਇੰਦ੍ਰੇਯ ਸ਼ਬਦ ਨੂੰ ਸੁਣਦਾ ਹੈ। ਅਤੇ

(੨) ਵਾਕ ਇੰਦ੍ਰੇਯ ਸ਼ਬਦ ਨੂੰ ਬੋਲਦਾ ਹੈ॥

(੧) ਸ਼੍ਰੋਤ ਗਯਾਨ ਇੰਦ੍ਰੇਯ ਹੈ। ਅਤੇ

(੨) ਵਾਕ ਕਰਮ ਇੰਦ੍ਰੇਯ ਹੈ।

ਇਨ੍ਹਾਂ ਦੋਵਾਂ ਦੀ ਮਿੱਤ੍ਰਤਾ ਹੈ॥

(੩) ਵਾਯੂ (ਹਵਾਂ) ਦੇ ਸਤੋ ਗੁਣ ਦਾ ਭਾਗ ਤ੍ਵਚਾ (ਚਮੜੀ) ਹੈ। ਅਤੇ

(੪) ਵਾਯੂ ਦੇ ਰਜੋ ਗੁਣ ਦਾ ਭਾਗ ਪਾਣਿ (ਹੱਥ) ਹੈ।

(੧) ਤ੍ਵਚਾ ਇੰਦ੍ਰੇਯ ਸਪਰਸ਼ ਨੂੰ ਗ੍ਰਹਿਣ ਕਰਦਾ ਹੈ।

(੨) ਦਸਤ (ਹੱਥ) ਇੰਦ੍ਰੇਯ ਤਿਸ ਦਾ ਨਿਰਵਾਹ[੧੧੫] ਕਰਦੇ ਹਨ॥

(੧) ਤ੍ਵਚਾ ਗਯਾਨ ਇੰਦ੍ਰੇਯ ਹੈ। ਅਤੇ

(੨) ਦਸਤ ਕਰਮ ਇੰਦ੍ਰੇਯ ਹੈ।
ਇਨ੍ਹਾਂ ਦੋਵਾਂ ਦੀ ਮਿੱਤ੍ਰਤਾ ਹੈ॥

(੫) ਤੇਜ (ਅੱਗ) ਦੇ ਸਤੋ ਗੁਣ ਦਾ ਭਾਗ ਚਕਸ਼ੂ (ਨੇਤ੍ਰ) ਹੈ। ਅਤੇ

(੬) ਤੇਜ (ਅਗਨੀ) ਦੇ ਰਜੋ ਗੁਣ ਦਾ ਭਾਗ ਪਾਦ (ਪੈਰ) ਹੈ।

(੧) ਚਕਸ਼ੂ ਇੰਦ੍ਰੇਯ ਰੂਪ ਦਾ ਗ੍ਰਹਿਣ ਕਰਦੇ ਹਨ। ਅਤੇ

(੨) ਪਾਦ ਇੰਦ੍ਰੇਯ ਰੂਪ ਦੇ ਸਥਾਨ ਤੇ ਗਮਨ (ਜਾਣਾ) ਕਰਦੇ ਹਨ॥

(੧) ਚਕਸ਼ੂ ਗਯਾਨ ਇੰਦ੍ਰੇਯ ਹੈ। ਅਤੇ

(੨) ਪਾਦ ਕਰਮ ਇੰਦ੍ਰੇਯ ਹੈ।
ਇਨ੍ਹਾਂ ਦੋਵਾਂ ਦੀ ਮਿੱਤ੍ਰਤਾ ਹੈ॥

(੭) ਜਲ ਦੇ ਸਤੋ ਗੁਣ ਦਾ ਭਾਗ ਜਿਹਵਾ (ਰਸਨਾ, ਜੀਭ) ਹੈ।

(੮) ਜਲ ਦੇ ਰਜੋ ਗੁਣ ਦਾ ਭਾਗ ਉਪਸਥ (ਲਿੰਗੋ ਵਾ ਭੋਗ ਇੰਦ੍ਰੇਯ) ਹੈ॥

(੧) ਜਿਹਵਾ ਇੰਦ੍ਰੇਯ ਰਸ ਦਾ ਗ੍ਰਹਿਣ ਕਰੇ ਹੈ। ਅਤੇ

(੨) ਉਪਸਥ ਇੰਦ੍ਰੇਯ ਰਸ ਦਾ ਤਿਆਗ ਕਰੇ ਹੈ॥

(੧) ਜਿਹਵਾ (ਰਸਨਾ) ਗਯਾਂਨ ਇੰਦ੍ਰੇਯ ਹੈ। ਅਤੇ

(੨) ਉਪਸਥ ਕਰਮ ਇੰਦ੍ਰੇਯ ਹੈ॥
ਇਨ੍ਹਾਂ ਦੋਵਾਂ ਦੀ ਮਿੱਤ੍ਰਤਾ ਹੈ।

(੯) ਪ੍ਰਿਥਵੀ ਦੇ ਸਤੋ ਗੁਣ ਦਾ ਭਾਗ ਘ੍ਰਾਣ (ਨੱਕ) ਹੈ। ਅਤੇ

(੧੦) ਪ੍ਰਿਥਵੀ ਦੇ ਰਜੋ ਗੁਣ ਦਾ ਭਾਗ ਗੁਦਾ (ਮਲ ਤਿਆਗ ਇੰਦ੍ਰੇਯ) ਹੈ॥

(੧) ਘ੍ਰਾਣ ਇੰਦ੍ਰੇਯ ਗੰਧ ਦਾ ਗ੍ਰਹਿਣ ਕਰੇ ਹੈ। ਅਤੇ

(੨) ਗੁਦਾ ਇੰਦ੍ਰੇਯ ਗੰਧ ਦਾ ਤਿਆਗ ਕਰੇ ਹੈ॥

(੧) ਘ੍ਰਾਣ ਗਯਾਨ ਇੰਦ੍ਰੇਯ ਹੈ। ਅਤੇ

(੨) ਗੁਦਾ (ਪਾਯੂ) ਕਰਮ ਇੰਦ੍ਰੇਯ ਹੈ॥
ਇਨ੍ਹਾਂ ਦੋਵਾਂ ਦੀ ਮਿੱਤ੍ਰਤਾ ਹੈ॥

ਪੰਜ ਪ੍ਰਾਣ ਅਤੇ ਮਨ, ਬੁਧੀ ਵਿੱਚੋਂ :-

(੧੧-੧੫) ਪੰਜ ਭੂਤਾਂ (ਤੱਤਾਂ) ਦੇ ਰਜੋ ਗੁਣ ਦੇ ਭਾਗ ਮਿਲਕੇ ਪੰਜ ਪ੍ਰਾਣ ਬਣੇ ਹਨ। ਅਤੇ

(੧੬-੧੭) ਪੰਜ ਭੂਤਾਂ ਦੇ ਸਤੋ ਗੁਣ ਦੇ ਭਾਗ ਮਿਲਕੇ ਅੰਤਹਕਰਣ[੧੧੬] ਬਣਿਆ ਹੈ॥ ਇਹ ਅੰਤਹਕਰਣ ਹੀ ਮਨ ਅਤੇ ਬੁੱਧੀ ਰੂਪ ਹੈ। ਇਥੇ ਚਿੱਤ ਅਤੇ ਅਹੰਕਾਰ ਵੀ ਮਨ ਤੇ ਬੁਧੀ ਵਿਸ਼ੇ ਅੰਤਰਭਾਵ ਸਮਝਣੇ।

ਇਸ ਤਰ੍ਹਾਂ ਅਪੰਚੀਕ੍ਰਿਤ ਪੰਚ ਮਹਾਂਭੂਤਾਂ ਦੇ ਕਾਰਯ[੧੧੭] ਸਤਾਰਾਂ ਤੱਤ੍ਵ ਜਾਨਣੇ॥

(੧੧੪) ਸਾਰੇ ਪਦਾਰਥਾਂ ਵਿੱਚ ਸਤੋ ਗੁਣ, ਰਜੋ ਗੁਣ ਅਤੇ ਤਮੋ ਗੁਣ ਇਹ ਤਿੰਨ ਗੁਣ ਵਰਤਦੇ ਹਨ।

ਸਕਲ ਬਸਤ ਕੋ ਗਜਾਨ ਉਹ ਬੁਧਿ ਵਿਮਲ ਜਬ ਹੋਇ॥
ਯਹੀ ਸਤੋ ਗੁਨ ਜਾਨੀਯੇ ਕਹਤ ਸਿਆਨੇ ਲੋਇ॥ ੪੯॥
ਲੋਭ ਲੀਏ ਬਿਵਹਾਰ ਜੋ ਸੋ ਰਜਗੁਨ ਪਹਚਾਨ॥
ਆਲਸਜ ਨਿੰਦ੍ਰਾ ਵਿਕਲਤਾ ਮੋਹ ਤਮੋ ਗੁਨ ਜਾਨ॥ ੫੦॥

(੪੯-੫੦ ਅਧਜਾਤਮ ਪ੍ਰਕਾਸ਼)

(੧੧੫) ਪ੍ਰਬੰਧ, ਇੰਤਜ਼ਾਮ

(੧੧੬) ਸਤੋ ਅੰਸ ਭੂਤਨ ਕੀ ਜੋ ਹੈ। ਤਾ ਤੇ ਅੰਤਹਕਰਣ ਭਯੋ ਹੈ॥
ਪੰਚ ਭੂਤ ਕੇ ਅੰਸ ਤੇ ਮਨ ਉਪਜਯੋ ਯਹ ਜਾਨ॥
ਸਭ ਇੰਦਜ ਕੇ ਸ੍ਵਾਦ ਕੀ ਤਾਂ ਤੇ ਹੈ ਪਹਚਾਨ॥ ੧੦੫॥

(ਅਧਜਾਤਮ ਪ੍ਰਕਾਸ਼)

ਇਹੁ ਮਨੁ ਪੰਚ ਤਤੁ ਤੇ ਜਨਮਾ॥ **(ਆਸਾ ਮਃ ੧, ਅੰਗ ੪੧੫)**

(੧੧੭) ਕਾਰਜ

ਪ੍ਰਸ਼ਨ ੬੮. ਸਤਾਰਾ ਤੱਤਾਂ ਦੇ ਸਮਝਣ ਦਾ ਕੀ ਫਲ ਹੈ?

ਉੱਤਰ : ਇਹ ਸਤਾਰਾ ਤੱਤ੍ਵ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਅਪੰਚੀਕ੍ਰਿਤ[੧੧੮] ਮਹਾਂਭੂਤਾਂ ਦੇ ਹਨ। ਇਹ ਸਤਾਰਾਂ ਤੱਤਾਂ ਦੇ ਸਮਝਣ ਦਾ ਫਲ ਹੈ॥

(੧੧੮) ਪੰਨਾ ੭੮, ਪ੍ਰਸ਼ਨ ੬੬ ਪੜ੍ਹੋ।

ਪ੍ਰਸ਼ਨ ੬੯. ਇਹ ਸਤਾਰਾਂ ਤੱਤ੍ਵ ਮੈਂ ਨਹੀਂ ਅਤ ਮੇਰੇ ਨਹੀਂ। ਇਹ ਕਿਸ ਕਾਰਣ ਨਾਲ ਜਾਨਣਾ?

ਉੱਤਰ : ਮੈਂ ਇਨ੍ਹਾਂ ਸਤਾਰਾਂ ਤੱਤਾਂ ਦਾ ਜਾਨਣਵਾਲਾ ਹਾਂ। ਜੋ ਜਿਸਨੂੰ ਜਾਣੇ ਉਹ ਉਸਤੋਂ ਨਿਆਰਾ[੧੧੯] ਹੁੰਦਾ ਹੈ। ਇਹ ਨਿਯਮ ਹੈ। ਇਸ ਕਾਰਣ ਨਾਲ ਇਹ ਸਤਾਰਾਂ ਤਤ੍ਵ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਜਾਨਣਾ॥

(੧੧੯) ਵੱਖਰਾ।

ਪ੍ਰਸ਼ਨ ੭੦. ਇਸ ਵਿੱਚ ਦ੍ਰਿਸ਼ਟਾਂਤ ਕੀ ਸਮਝਣਾ?

ਉੱਤਰ : ਦ੍ਰਿਸ਼ਟਾਂਤ :-

ਜਿਵੇਂ (੧) ਨ੍ਰਿਤਸ਼ਾਲਾ[੧੨੦] ਵਿੱਚ ਸਥਿਤ (੨) ਦੀਪਕ (੩) ਰਾਜਾ (੪) ਪ੍ਰਧਾਨ[੧੨੧] (੫) ਅਨੁਚਰ[੧੨੨] (੬) ਨਾਯਕਾ[੧੨੩] (੭) ਬਾਜੰਤ੍ਰੀ[੧੨੪] ਅਤੇ (੮) ਹੋਰ ਸਭਾ ਦੇ ਲੋਕ (੯) ਇਹ ਸਾਰੇ ਬੈਠੇ ਹੋਣ ਤਾਂ ਵੀ ਦੀਵਾ ਪ੍ਰਕਾਸ਼ਦਾ ਹੈ ਅਤੇ (੧੦) ਸਾਰੇ ਉੱਠ ਜਾਣ ਤਾਂ ਸ਼ੂਨਯਗ੍ਰਹ[੧੨੫] ਨੂੰ ਵੀ ਪ੍ਰਕਾਸ਼ਦਾ ਹੈ॥

ਸਿਧਾਂਤ :- ਤਿਵੇਂ (੧) ਸਥੂਲ ਦੇਹ ਰੂਪ ਨ੍ਰਿਤਸ਼ਾਲਾ ਵਿੱਚ (੨) ਸਾਕਸ਼ੀ[੧੨੬] ਰੂਪ ਜੋ ਮੈਂ ਦੀਪਕ ਹਾਂ (੩) ਸੋ ਚਿਦਾਭਾਸ[੧੨੭] ਰੂਪ ਰਾਜਾ ਅਤੇ (੪) ਮਨ ਰੂਪ ਪ੍ਰਧਾਨ (੫) ਪੰਜ ਪ੍ਰਾਣ ਰੂਪ ਅਨੁਚਰ ਅਤੇ (੬) ਬੁੱਧੀ ਰੂਪ ਨਾਯਕਾ ਅਤੇ (੭) ਦਸ ਇੰਦ੍ਰੇਯ ਰੂਪ ਬਾਜੰਤ੍ਰੀ (੮) ਸ਼ਬਦ

ਆਦਿ ਪੰਜ ਵਿਸ਼ਯ ਰੂਪ ਸਭਾ ਦੇ ਲੋਕ (੯) ਇਹ ਸਾਰੇ ਜਾਗ੍ਰਤ ਸੁਪਨ ਸਮੇਂ ਵਿੱਚ ਹੋਣ ਤਾਂ ਵੀ ਇਨ੍ਹਾਂ ਨੂੰ ਪ੍ਰਕਾਸ਼ਦਾ ਹਾਂ ਅਤੇ (੧੦) ਸੁਸ਼ੁਪਤੀ ਦੇ ਸਮੇਂ ਵਿੱਚ ਇਹ ਨਾ ਹੋਣ ਤਾਂ ਇਨ੍ਹਾਂ ਦੇ ਅਭਾਵ[੧੨੮] ਨੂੰ ਵੀ ਮੈਂ ਪ੍ਰਕਾਸ਼ਦਾ ਹਾਂ।

ਇਸ ਵਿਸ਼ੇ ਇਹ ਉਕਤ ਦ੍ਰਿਸ਼ਟਾਂਤ ਸਮਝਣਾ॥

(੧੨੦) ਨਾਚ-ਘਰ

(੧੨੧) ਮੁਖੀ ਭਾਵ ਇੱਥੇ ਮੰਤ੍ਰੀ ਹੈ।

(੧੨੨) ਨੌਕਰ

(੧੨੩) ਨਚਾਰ ਇਸਤ੍ਰੀਆਂ

(੧੨੪) ਸਾਜ ਵਜਾਉਣ ਵਾਲੇ

(੧੨੫) ਖਾਲੀ ਨ੍ਰਿਤਸ਼ਾਲਾ ਰੂਪ ਗ੍ਰਹ (ਘਰ)

(੧੨੬) ਅੰਤਹਕਰਣ ਦੀ ਉਪਾਧੀ ਵਾਲਾ ਮਾਤ੍ਰ ਚੇਤਨ ਸਾਕਸ਼ੀ ਕਹੀਏ ਹੈ।

(੧੨੭) ਚਿਦ+ਅਭਾਸ = ਚੇਤਨ ਦਾ ਪ੍ਰਤੀਬਿੰਬ (ਪਰਛਾਵਾ)

(੧੨੮) ਗੈਰ-ਮੌਜੂਦਗੀ

ਪ੍ਰਸ਼ਨ ੭੧. ਸੋ (ਉਪਰੋਕਤ ਦ੍ਰਿਸ਼ਟਾਂਤ) ਕਿਸ ਤਰ੍ਹਾਂ ਸਮਝਣਾ?

ਉੱਤਰ : (੧) ਜਾਗ੍ਰਤ ਅਵਸਥਾ ਵਿੱਚ ਇੰਦ੍ਰੇਯ ਅਤੇ ਅੰਤਹਕਰਣ ਦੋਵਾਂ ਦੀ ਸਹਾਇਤਾ ਨਾਲ ਮੈਂ (ਆਤਮਾ) ਪ੍ਰਕਾਸ਼ਦਾ ਹਾਂ ਕਹੀਏ ਜਾਣਦਾ ਹਾਂ। ਅਤੇ

(੨) ਸੁਪਨ ਅਵਸਥਾ ਵਿਸ਼ੇ ਇੰਦ੍ਰੇਯਾ ਤੋਂ ਬਿਨਾ ਕੇਵਲ ਅੰਤਹਕਰਣ ਦੀ ਸਹਾਇਤਾ ਨਾਲ ਮੈਂ ਪ੍ਰਕਾਸ਼ਦਾ ਹਾਂ। ਅਤੇ

(੩) ਸੁਸ਼ੁਪਤੀ[੧੨੯] ਅਵਸਥਾ ਵਿਸ਼ੇ ਇੰਦ੍ਰੇਯਾ ਅਤੇ ਅੰਤਹਕਰਣ ਦੋਵਾਂ ਦੀ ਸਹਾਇਤਾ ਬਿਨਾ ਕੇਵਲ ਮੈਂ ਹੀ ਪ੍ਰਕਾਸ਼ਦਾ ਹਾਂ। ਇਸ ਤਰ੍ਹਾਂ ਸਮਝਣਾ॥

(੧੨੯) ਸੁਖੋਪਤ = ਗੂੜੀ ਨੀਂਦ ਦੀ ਅਵਸਥਾ

ਪ੍ਰਸ਼ਨ ੭੨. ਇਸ ਵਿਸ਼ੇ ਹੋਰ ਦ੍ਰਿਸ਼ਟਾਂਤ ਕੀ ਹੈ?

ਉੱਤਰ : ਦ੍ਰਿਸ਼ਟਾਂਤ :- ਜਿਵੇਂ (੧) ਪੰਜ ਛਿਦ੍ਰਾ[੧੩੦] ਵਾਲੇ ਘਟ[੧੩੧] ਦੇ ਅੰਦਰ ਪਾਤ੍ਰ[੧੩੨] ਤੇਲ ਅਤੇ ਬੱਤੀ[੧੩੩] ਸਹਿਤ ਦੀਪਕ ਜਗਦਾ ਹੈ। (੨) ''ਦੀਪਕ'' ਪਾਤ੍ਰ, ਤੇਲ, ਬੱਤੀ ਘਟ ਦੇ ਅੰਦਰ ਦੇ ਅਵਯਵ (ਅੰਗ) ਅਤੇ ਛਿਦਾ ਨੂੰ ਪ੍ਰਕਾਸ਼ਦਾ ਹੋਇਆ ਘਟ ਦੇ ਬਾਹਰ ਛਿਦ੍ਰਾਂ ਦੇ ਸਨਮੁੱਖ[੧੩੪] ਕ੍ਰਮ[੧੩੫] ਨਾਲ ਧਰੇ ਜੋ ਵੀਣਾ[੧੩੬] ਪੁਸ਼ਪਾ[੧੩੭] ਦਾ ਗੁੱਛਾ,ਮਣੀ, ਰਸਪਾਤ੍ਰ[੧੩੮] ਅਤੇ ਅਤਰ ਦੀ ਸ਼ੀਸ਼ੀ। ਇਨ੍ਹਾਂ ਸਾਰਿਆਂ ਨੂੰ ਛਿਦ੍ਰ ਦੁਆਰਾ ਪ੍ਰਕਾਸ਼ਦਾ ਹੈ। ਅਤੇ (੩) ਸੂਰਜ ਰੂਪ ਨਾਲ ਸਾਰੇ ਬ੍ਰਹਿਮੰਡ ਨੂੰ ਪ੍ਰਕਾਸ਼ਦਾ ਹੈ ਅਤੇ (੪) ਮਹਾਂ ਤੇਜਮਯ[੧੩੯] ਸਾਮਾਨਯ ਰੂਪ ਨਾਲ ਸਰਵ-ਵਿਆਪੀ[੧੪੦] ਹੈ।

ਸਿਧਾਂਤ :- ਤਿਵੇਂ ਹੀ (੧) ਪੰਜ ਗਯਾਨ ਇੰਦ੍ਰੇਯ ਰੂਪ ਛਿਦ੍ਰ ਵਾਲੇ ਸਥੂਲ ਦੇਹ ਰੂਪ ਘਟ ਦੇ ਅੰਦਰ

ਹਿਰਦਾ ਕਮਲ ਰੂਪ ਪਾਤ੍ਰ ਹੈ। ਤਿਸ ਵਿੱਚ ਮਨ ਰੂਪ ਤੇਲ ਹੈਂ ਅਤੇ ਬੁੱਧੀ ਰੂਪ ਬੱਤੀ ਹੈ। ਤਿਸ ਉੱਤੇ ਆਰੂਢ[੧੪੨] ਆਤਮਾ ਰੂਪ ਦੀਪਕ ਹੈ।

(੨) ਸੋ ਹਿਰਦਾ ਰੂਪ ਪਾਤ੍ਰ ਨੂੰ ਅਤੇ ਮਨ ਰੂਪ ਤੇਲ ਨੂੰ ਅਤੇ ਬੁੱਧੀ ਰੂਪ ਬੱਤੀ ਨੂੰ ਅਤੇ ਦੇਹ ਦੇ ਭੀਤਰ ਅਵਯਵਾਂ[੧੪੩] ਨੂੰ ਅਤੇ ਇੰਦ੍ਰੇਯ ਰੂਪ ਛਿਦ੍ਰਾ ਨੂੰ ਪ੍ਰਕਾਸ਼ਦਾ (ਜਾਣਦਾ) ਹੋਇਆ। ਇੰਦ੍ਰੇਯਾ ਨਾਲ ਸੰਬੰਧ ਵਾਲੇ ਸ਼ਬਦ, ਸਪਰਸ ਆਦਿ ਵਿਸ਼ਿਆ ਨੂੰ ਵੀ ਇੰਦ੍ਰੇਯਾ ਦੁਆਰਾ ਪ੍ਰਕਾਸ਼ਦਾ ਹੈ।

(੩) ਈਸ਼ਵਰ ਰੂਪ ਨਾਲ ਬ੍ਰਹਿਮੰਡ ਆਦਿ ਸਰਵ ਬਾਹਯ[੧੪੪] ਪ੍ਰਪੰਚ ਨੂੰ ਪ੍ਰਕਾਸ਼ਦਾ ਹੈ। ਅਤੇ

(੪) ਸਾਮਾਨਯ ਚੇਤਨ ਬ੍ਰਹਮ ਰੂਪ ਨਾਲ ਸਰਵ-ਵਿਆਪੀ ਹੈ॥ ਇਹ ਇਸ ਵਿਸ਼ੇ ਹੋਰ ਦ੍ਰਿਸ਼ਟਾਂਤ[੧੪੫] ਹੈ।

(੧੩੦) ਛੇਕ

(੧੩੧) ਘੜਾ

(੧੩੨) ਭਾਂਡਾ

(੧੩੩) ਵੱਟੀ

(੧੩੪) ਸਾਹਮਣੇ

(੧੩੫) ਨੰਬਰਵਾਰ,ਤਰਤੀਬ

(੧੩੬) ਸਾਜ ਦਾ ਨਾਮ

(੧੩੭) ਫੁੱਲਾਂ

(੧੩੮) ਭਾਂਡਾ ਜਿਸ ਵਿੱਚ ਰਸ-ਮਈ ਪਦਾਰਥ ਹੋਣ

(੧੩੯) ਅਗਨੀ ਸਰੂਪ

(੧੪੦) ਸਾਧਾਰਣ

(੧੪੧) ਸਭ ਜਗ੍ਹਾ ਤੇ ਵਿਦਿਆਮਾਨ (ਮੌਜੂਦ)

(੧੪੨) ਅਸਵਾਰ ਭਾਵ ਚੜਿਆ ਹੋਇਆ

(੧੪੩) ਅੰਗਾਂ

(੧੪੪) ਬਾਹਰੀ

(੧੪੫) ਇਥੇ ਇੱਕ ਹੋਰ ਦ੍ਰਿਸ਼ਟਾਂਤ ਯਗਸ਼ਾਲਾ ਦਾ ਹੈ। ਉਹ ਅੱਗੇ ਸੱਤਵੀਂ ਕਲਾ ਵਿੱਚ ਉਪਦ੍ਰਸ਼ਟਾ ਰੂਪ ਆਤਮਾ ਦੇ ਵਿਸ਼ੇਸ਼ਣ ਦੇ ਪ੍ਰਸੰਗ ਵਿੱਚੋਂ ਪੜ੍ਹੋ।

ਪ੍ਰਸ਼ਨ ੭੩. ਇਸ ਤਰ੍ਹਾਂ ਕਹਿਣ ਨਾਲ ਕੀ ਨਿਸ਼ਚਾ ਹੋਇਆ?

ਉੱਤਰ : ਇਹ ਕਹੇ ਜੋ ਸਤਾਰਾ ਤੱਤ੍ਵ ਉਹ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਪੰਚ ਮਹਾਂਭੂਤਾਂ ਦੇ ਹਨ॥ ਮੈਂ ਇਨ੍ਹਾਂ ਦਾ ਜਾਨਣਵਾਲਾ ਦ੍ਰਸ਼ਟਾ[੧੪੬] ਘਟ-ਦ੍ਰਸ਼ਟਾ[੧੪੭] ਦੀ ਨਿਆਈ ਇਨ੍ਹਾਂ ਤੋਂ ਨਿਆਰਾ ਹਾਂ। ਇਹ ਨਿਰਣਾ ਹੋਇਆ।

(੧੪੬) ਪੰਨਾ ੫੦ ਤੇ ਸਾਕਸ਼ੀ ਤੇ ਦ੍ਰਸ਼ਟਾ ਦਾ ਭੇਦ ਪੜ੍ਹੋ।

(੧੪੭) ਪੰਨਾ ੬੧ ਤੇ ਟੂਕ(੫੩) ਪੜ੍ਹੋ।

ਪ੍ਰਸ਼ਨ ੭੪. ਸਤਾਰਾਂ ਤੱਤ੍ਵ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਕਿਸ ਰੀਤਿ ਨਾਲ ਸਮਝਣਾ?

ਉੱਤਰ : (੧-੫) ਪੰਜ ਗਯਾਨ ਇੰਦ੍ਰੇਯਾ ਵਿੱਚੋਂ :-

੧. ਸ਼੍ਰੋਤ੍ਰ (ਕੰਨ) :-

(੧) ਸ਼ਬਦ ਨੂੰ ਸੁਣੇ ਤਿਸਨੂੰ ਵੀ ਮੈਂ ਜਾਣਦਾ ਹਾਂ।

(੨) ਨਾ ਸੁਣੇ ਤਾਂ ਤਿਸ ਸੁਣਨ ਦੇ ਅਭਾਵ[੧੪੮] ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ ਇਹ ਸ਼੍ਰੋਤ੍ਰ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਅਕਾਸ਼ ਦਾ ਹੈ। ਮੈਂ ਇਸ ਦਾ ਜਾਨਣਵਾਲਾ ਦ੍ਰਸ਼ਟਾ[੧੪੯] ਘਟ-ਦ੍ਰਸ਼ਟਾ[੧੫੦] ਦੀ ਨਿਆਈ ਇਸ ਤੋਂ ਨਿਆਰਾ[੧੫੧] ਹਾਂ॥

੨. ਤ੍ਵਚਾ (ਚਮੜੀ) :-

(੧) ਸਪਰਸ਼ ਨੂੰ ਗ੍ਰਹਿਣ ਕਰੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਗ੍ਰਹਿਣ ਨਾ ਕਰੇ ਤਾਂ ਤਿਸ ਗ੍ਰਹਿਣ ਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ ਇਹ ਤ੍ਵਚਾ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਵਾਯੂ (ਹਵਾ) ਦੀ ਹੈ। ਮੈਂ ਇਸ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ॥

੩. ਚਕਸ਼ੁ (ਨੇਤ੍ਰ) :-

(੧) ਰੂਪ ਨੂੰ ਦੇਖਣ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਨਾ ਦੇਖਣ ਤਾਂ ਤਿਸ ਦੇਖਣ ਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ। ਇਸ ਲਈ ਇਹ ਚਕਸ਼ੁ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਤੇਜ (ਅੱਗ) ਦੇ ਹਨ। ਮੈਂ ਇਸ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈਂ ਇਸ ਤੋਂ ਨਿਆਰਾ ਹਾਂ।

੪. ਜਿਹਵਾ (ਰਸਨਾ) :-

(੧) ਰਸ ਦਾ ਸੁਆਦ ਲਵੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਸੁਆਦ ਨਾ ਲਵੇ ਤਾਂ ਤਿਸ ਸੁਆਦ ਲੈਣ ਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ ਇਹ ਜਿਹਵਾ ਮੈਂ ਨਹੀਂ ਅਤੇ ਮੇਰੀ ਨਹੀਂ। ਇਹ ਜਲ ਦੀ ਹੈ। ਮੈਂ ਇਸ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ॥

੫. ਘ੍ਰਾਣ (ਨੱਕ) :-

(੧) ਗੰਧ ਦਾ ਗ੍ਰਹਿਣ ਕਰੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਨਾ ਗ੍ਰਹਿਣ ਕਰੇ ਤਾਂ ਤਿਸ ਗ੍ਰਹਿਣ ਕਰਨ ਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ ਘ੍ਰਾਣ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਪ੍ਰਿਥਵੀ ਦਾ ਹੈ। ਮੈਂ ਇਸ ਦਾ ਜਾਨਣਹਾਰਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ॥

(੬-੧੦) ਪੰਜ ਕਰਮ ਇੰਦ੍ਰੇਯਾ ਵਿੱਚੋਂ :-

੬. ਵਾਕ (ਵਾਚਾ/ਜੁਬਾਨ) :-

(੧) ਬੋਲੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਨਾ ਬੋਲੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ ਇਹ ਵਾਕ ਮੈਂ ਨਹੀਂ ਅਤੇ ਮੇਰੀ ਨਹੀਂ। ਇਹ ਅਕਾਸ਼ ਦੀ ਹੈ। ਮੈਂ ਇਸ ਦਾ ਜਾਨਣਹਾਰਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਤਿਇਸ ਤੋਂ ਨਿਆਰਾ ਹਾਂ॥

੭. ਪਾਣਿ (ਹਸਤ/ਹੱਥ) :-

(੧) ਲੈਣਾ-ਦੇਣਾ ਕਰਨ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਨਾ ਕਰਨ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ ਇਹ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਵਾਯੂ (ਹਵਾ) ਦੇ ਹਨ। ਮੈਂ ਇਨ੍ਹਾਂ ਦਾ ਜਾਨਣਹਾਰਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਨ੍ਹਾਂ ਤੋਂ ਨਿਆਰਾ ਹਾਂ॥

੮. ਪਾਦ (ਪੈਰ) :-

(੧) ਚਲਣ ਤਾਂ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਨਾ ਚੱਲਣ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ ਇਹ ਪਾਦ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਤੇਜ (ਅੱਗ) ਦੇ ਹਨ। ਮੈਂ ਇਨ੍ਹਾਂ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਂਈ ਇਨ੍ਹਾਂ ਤੋਂ ਨਿਆਰਾ ਹਾਂ॥

੯. ਉਪਸਥ (ਲਿੰਗ ਇੰਦ੍ਰੇ) :-

(੧) ਰਸ (ਮੂਤ੍ਰ ਅਤੇ ਵੀਰਜ) ਦਾ ਤਿਆਗ ਕਰੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਤਿਆਗ ਨ ਕਰੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ। ਇਸ ਲਈ ਇਹ ਉਪਸਥ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਜਲ ਦਾ ਹੈ। ਮੈਂ ਇਸਦਾ ਜਾਨਣਹਾਰਾ ਦ੍ਰਸ਼ਟਾਂ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ॥

੧੦. ਗੁਦਾ (ਮਲ ਤਿਆਗ ਇੰਦ੍ਰੇਯ) :-

(੧) ਮਲ ਦਾ ਤਿਆਗ ਕਰੇ ਤਾਂ ਤਿਸਨੂੰ ਵੀ ਮੈਂ ਜਾਣਦਾ ਹਾਂ।

(੨) ਤਿਆਗ ਨਾ ਕਰੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਹ ਪ੍ਰਿਥਵੀ ਦਾ ਹੈ। ਮੈਂ ਇਸਦਾ ਜਾਨਣਹਾਰਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਸ ਤੋਂ ਨਿਆਰਾ ਹਾਂ।

(੧੧-੧੭) ਪ੍ਰਾਣ ਅਤੇ ਅੰਤਹਕਰਣ ਵਿੱਚੋਂ :-

੧੧-੧੫ ਪੰਜ ਪ੍ਰਾਣ :-

(੧) ਕਿਰਿਆ ਕਰੇ ਤਿਸਨੂੰ ਵੀ ਮੈਂ ਜਾਣਦਾ ਹੈ। ਅਤੇ

(੨) ਕਿਰਿਆ ਨਾ ਕਰੇ ਤਾਂ ਕਿਰਿਆ ਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ ਇਹ ਪ੍ਰਾਣ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਪੰਜ ਮਹਾਂਭੂਤਾਂ ਦੇ ਰਜੋ ਗੁਣ ਅੰਸ ਹਨ। ਮੈਂ ਇਨ੍ਹਾਂ ਦਾ ਜਾਨਣਹਾਰਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਨ੍ਹਾਂ ਤੋਂ ਨਿਆਰਾ ਹਾਂ॥

੧੬. ਮਨ :-

(੧) ਸੰਕਲਪ - ਵਿਕਲਪ ਕਰੇ ਤਿਸਨੂੰ ਮੈਂ ਜਾਣਦਾ ਹਾਂ।

(੨) ਸੰਕਲਪ - ਵਿਕਲਪ ਨਾ ਕਰੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ ਇਹ ਮਨ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਪੰਜ ਮਹਾਂਭੂਤਾਂ ਦੀ ਸਤੋ ਗੁਣ ਅੰਸ ਹੈ। ਮੈਂ ਇਸ ਦਾ ਜਾਨਣਹਾਰਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਂਈ ਇਸ ਤੋਂ ਨਿਆਰਾ ਹਾਂ॥

੧੭. ਬੁੱਧੀ :-

(੧) ਨਿਸ਼ਚਾ ਕਰੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਨਿਸ਼ਚਾ ਨਾ ਕਰੇ ਤਾਂ ਤਿਸਦੇ ਅਭਾਵ ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ ਇਹ ਬੁੱਧੀ ਮੈਂ ਨਹੀਂ ਅਤੇ ਮੇਰੀ ਨਹੀਂ। ਇਹ ਪੰਜ ਮਹਾਂਭੂਤਾਂ ਦੀ ਸਤੋ ਗੁਣ ਅੰਸ ਹੈ। ਮੈਂ ਇਸ ਦਾ ਜਾਨਣਵਾਲਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਂਈ ਇਸ ਤੋਂ ਨਿਆਰਾ ਹਾਂ॥

ਇਸ ਰੀਤਿ ਨਾਲ ਇਹ ਸਤਾਰਾ ਤੱਤ੍ਵ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਸਮਝਣਾ॥

(੧੪੮) ਨਾ ਮੌਜੂਦਗੀ

(੧੪੯) ਪੰਨਾ ੫੦ ਤੇ ਸਾਕਸ਼ੀ ਤੇ ਦ੍ਰਸ਼ਟਾ ਦਾ ਭੇਦ ਪੜ੍ਹੋ।

(੧੫੦) ਪੰਨਾ ੬੧ ਤੇ ਟੂਕ (੫੩) ਪੜ੍ਹੋ।

(੧੫੧) ਵੱਖਰਾ

ਪ੍ਰਸ਼ਨ ੭੫. ਇਸ ਤਰ੍ਹਾਂ (ਸਤਾਰਾਂ ਤੱਤ੍ਵ ਮੈਂ ਅਤੇ ਮੇਰੇ ਨਹੀਂ) ਕਹਿਣ ਨਾਲ ਕੀ ਹੋਇਆ ?

ਉੱਤਰ : ਲਿੰਗ[੧੫੨] ਦੇਹ ਅਤੇ ਤਿਸਦੇ ਧਰਮ :-

(੧) ਪੁੰਨ-ਪਾਪ ਦਾ ਕਰਤਾਪਨਾ ਅਤੇ ਇਨ੍ਹਾਂ ਦੇ ਫਲ ਸੁੱਖ-ਦੁੱਖ ਦਾ ਭੋਗਤਾਪਨਾ। ਅਤੇ

(੨) ਇਸ ਲੋਕ ਤੇ ਪਰਲੋਕ ਵਿੱਚ ਗਮਨ-ਆਗਮਨ[੧੫੩]। ਅਤੇ

(੩) ਵੈਰਾਗ[੧੫੪], ਸਮ[੧੫੫], ਦਮ[੧੫੬] ਆਦਿ ਸਾਤਵਿਕ[੧੫੭] ਬਿਰਤੀਆਂ ਅਤੇ ਰਾਗ-ਦ੍ਵੈਸ਼[੧੫੮], ਹਰਖ[੧੫੯] ਆਦਿ ਰਾਜਸੀ[੧੬੦] ਬਿਰਤੀਆਂ। ਅਤੇ ਨਿੰਦ੍ਰਾ[੧੬੧], ਆਲਸਯ[੧੬੨], ਪ੍ਰਮਾਦ[੧੬੩] ਆਦਿ ਤਾਮਸੀ[੧੬੪] ਬਿਰਤੀਆਂ।

(੪) ਤਿਵੇਂ ਹੀ ਛੁਧਾ-ਤ੍ਰਿਸ਼ਾ[੧੬੫] ਅੰਧਪਨਾ[੧੬੬] ਆਦਿ ਅਤੇ ਮੰਦਪਨਾ[੧੬੭] ਤੇ ਪਟੁਪਨਾ[੧੬੮]।

ਇਤਿਆਦਿਕ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਨਿਸ਼ਚਾ ਹੋਇਆ।

(੧੫੨) ਸੂਕਸ਼ਮ ਸਰੀਰ

(੧੫੩) ਆਗਮਨ=ਆਉਣਾ ਤੇ ਗਮਨ=ਜਾਣਾ

(੧੫੪) ਉਪਰਾਮਤਾ

ਬ੍ਰਹਮਾ ਇੰਦ੍ਰ ਆਦਿ ਲੌ ਹੋਤ ਜੋ ਦੇਹ ਧਰ ਭੋਗ॥
ਕਾਕ ਬਿਸ੍ਟ ਸਮ ਜੇ ਗਿਨੈ ਬੀਤਰਾਗ ਤੇ ਲੋਗ॥ ੧੪॥ (ਅਧਜਾਤਮ ਪ੍ਰਕਾਸ਼)

(੧੫੫) ਮਨ ਨਿਗ੍ਰਹ ਕਹੀਏ ਅਨਾਤਮਾ ਵਿਚ ਪ੍ਰਵਿਰਤ ਹੋਣ ਤੋਂ ਮਨ=ਸੰਕਲਪ-ਵਿਕਲਪਾਂ ਨੂੰ ਨਿਗ੍ਰਹ

(ਨਿ+ਗ੍ਰਹ) ਨਿ=ਚੰਗੀ ਤਰ੍ਹਾਂ ਗ੍ਰਹ=ਪਕੜਨਾ,ਫੜਨਾ। ਭਾਵ ਸਾਰੀਆਂ ਵਾਸ਼ਨਾਵਾਂ ਦਾ ਤਿਆਗ ਕਰਨਾ।

(੧੫੬) ਇੰਦ੍ਰੇ ਨਿਗ੍ਰਹ (ਰੋਕਣਾ) ਭਾਵ ਇੰਦ੍ਰੀਆਂ ਦੀ ਬਾਹਰਮੁੱਖ ਬਿਰਤੀ ਨੂੰ ਰੋਕ ਕੇ ਅੰਤਰਮੁੱਖ ਇਸਥਿਤ ਕਰਨਾ।

ਬਾਸਨ ਤਜਾਗ ਸਮ ਹੈ, ਦਮ ਬਾਹਰ ਬ੍ਰਿਤਿ ਕੋ ਨਿਗ੍ਰਹ ਠਾਨੋ॥ (ਅਧਜਾਤਮ ਪ੍ਰਕਾਸ਼)

(੧੫੭) ਸਤੋਮਈ (ਸਤੋਗੁਣ ਯੁਕਤ)

(੧੫੮) ਰਾਗ-ਮੋਹ, ਦ੍ਵੈਸ਼=ਈਰਖਾ

(੧੫੯) ਖੁਸ਼ੀ

(੧੬੦) ਰਜੋਮਈ (ਰਜੋ ਗੁਣ ਯੁਕਤ)

(੧੬੧) ਨੀਂਦ

(੧੬੨) ਦਲਿੱਦ੍ਰ

(੧੬੩) ਬੇਪਰਵਾਹੀ, ਅਸਾਵਧਾਨ

(੧੬੪) ਤਮੋ ਗੁਣ ਯੁਕਤ

(੧੬੫) ਛੁਧਾ=ਭੁੱਖ, ਤ੍ਰਿਸ਼ਾ=ਪਿਆਸ

(੧੬੬) ਇੰਦ੍ਰੇਯਾ ਦਾ ਸ਼ਬਦ, ਸਪਰਸ ਆਦਿ ਵਿਸ਼ਿਆ ਨੂੰ ਬਿਲਕੁਲ ਵੀ ਗ੍ਰਹਿਣ ਨਾ ਕਰਨਾ ਅੰਧਪਨਾ ਕਹੀਏ ਹੈ।

(੧੬੭) ਵਿਸ਼ਿਆ ਦਾ ਸ੍ਵਲਪ (ਥੋੜ੍ਹਾ) ਗ੍ਰਹਿਣ ਕਰਨਾ ਮੰਦਪਨਾ ਕਹੀਏ ਹੈ।

(੧੬੮) ਵਿਸ਼ਿਆ ਦਾ ਸਪੱਸ਼ਟ ਕਹੀਏ ਪ੍ਰਤੱਖ ਗ੍ਰਹਿਣ ਕਰਨਾ ਪਟੁਪਨਾ ਕਹੀਏ ਹੈ।

ਪ੍ਰਸ਼ਨ ੭੬. ਪੁੰਨ-ਪਾਪ ਦਾ ਕਰਤਾ ਅਤੇ ਉਨ੍ਹਾਂ ਦੇ ਫਲ ਸੁੱਖ-ਦੁੱਖ ਦਾ ਭੋਗਤਾ ਮੈਂ ਕਿਵੇਂ ਨਹੀਂ ਅਤੇ ਕਰਤਾ-ਭੋਗਤਾਪਨਾ ਮੇਰਾ ਧਰਮ ਨਹੀਂ। ਇਹ ਕਿਸ ਤਰ੍ਹਾਂ ਜਾਨਣਾ?

ਉੱਤਰ : ਜੋ ਵਸਤੂ ਵਿਕਾਰੀ(੧੬੯) ਹੋਵੇ ਸੋ ਕਿਰਿਆਵਾਨ ਹੋਣ ਕਰਕੇ ਕਰਤਾ ਕਹੀਏ ਹੈ॥ ਮੈਂ ਨਿਰਵਿਕਾਰ(੧੭੦) ਕੂਟਸਥ(੧੭੧) ਹੋਣ ਕਰਕੇ ਕਿਰਿਆ ਦਾ ਆਸ਼੍ਰਯ ਨਹੀਂ। ਇਸ ਲਈ ਪੁੰਨ-ਪਾਪ ਰੂਪ ਕਿਰਿਆ ਦਾ ਕਰਤਾ ਮੈਂ ਨਹੀਂ। ਅਤੇ ਜੋ ਕਰਤਾ ਨਹੀਂ ਸੋ ਭੋਗਤਾ ਵੀ ਹੁੰਦਾ ਨਹੀਂ। ਇਸ ਲਈ ਇਹ ਅੰਤਹਕਰਣ ਦੇ ਧਰਮ ਹਨ। ਮੇਰੇ ਨਹੀਂ। ਮੈਂ ਇਨ੍ਹਾਂ ਦਾ ਜਾਨਣਵਾਲਾ ਦ੍ਰਸ਼ਟਾ(੧੭੨) ਘਟ-ਦ੍ਰਸ਼ਟਾ(੧੭੩) ਦੀ ਨਿਆਈਂ ਇਨ੍ਹਾਂ ਤੋਂ ਨਿਆਰਾ ਹਾਂ। ਇਹ ਜਾਨਣਾ॥

(੧੬੯) ਬਦਲਣ ਵਾਲਾ

(੧੭੦) ਵਿਕਾਰ (ਬਦਲਾਵ) ਤੋਂ ਰਹਿਤ

(੧੭੧) ਕੂਟ=ਪਹਾੜ ਵਾ ਅਹਿਰਣ ਦੇ ਸੁਦਰਸ਼ ਜੋ ਅਚੱਲ ਸੋ ਕਹੀਏ ਕੂਟਸਥ

(੧੭੨) ਪੰਨਾ ੫੦ ਤੇ ਸਾਕਸ਼ੀ ਤੇ ਦ੍ਰਸ਼ਟਾ ਦਾ ਭੇਦ ਪੜ੍ਹੋ।

(੧੭੩) ਪੰਨਾ ੬੧ ਤੇ ਟੂਕ (੫੩) ਪੜ੍ਹੋ।

ਪ੍ਰਸ਼ਨ ੭੭. ਇਸ ਲੋਕ ਅਤੇ ਪ੍ਰਲੋਕ ਵਿੱਚ ਗਮਨ ਆਗਮਨ ਮੇਰੇ ਧਰਮ ਨਹੀਂ। ਇਹ ਕਿਸ ਤਰ੍ਹਾਂ ਜਾਨਣਾ?

ਉੱਤਰ : ਅੰਤਹਕਰਣ (ਲਿੰਗ ਦੇਹ)[੧੭੪] ਪਰਛਿੰਨ[੧੭੫] ਹੈ। ਤਿਸਦਾ ਪਰਾਲਬਧ[੧੭੬] ਕਰਮ ਦੇ ਬਲ ਨਾਲ ਗਮਨ-ਆਗਮਨ[੧੭੭] ਆਗਮਨ ਸੰਭਵ ਹੈ ਅਤੇ ਮੈਂ ਅਕਾਸ਼ ਦੀ ਨਿਆਈ ਵਿਆਪਕ[੧੭੮] ਹਾਂ। ਇਸ ਲਈ ਮੇਰੇ ਧਰਮ ਗਮਨ-ਆਗਮਨ ਨਹੀਂ। ਇਹ ਜਾਨਣਾ॥

(੧੭੪) ਸੂਕਸ਼ਮ ਸਰੀਰ।

(੧੭੫) ਨਿਯੁਕਤ ਸੀਮਾਂ ਵਾਲਾ ਹੋਣ ਕਰਕੇ ਛੋਟਾ।

(੧੭੬) ਉਹ ਕਰਮ ਜੋ ਸਰੀਰ ਪ੍ਰਾਪਤ ਹੋਣ ਦਾ ਹੇਤ (ਕਾਰਣ) ਹੈ। ਸੋ ਪਰਾਲਬਧ ਕਹੀਏ ਹੈ।

(੧੭੭) ਗਮਨ=ਜਾਣਾ, ਆਗਮਨ=ਆਉਣਾ।

(੧੭੮) ਅਧਿਕ ਦੇਸ਼ਵਰਤੀ। ਵਿਸਤਾਰ ਨਾਲ ਪੰਨਾ ੪੬ ਤੇ ਟੂਕ (੧੦) ਪੜ੍ਹੋ।

ਪ੍ਰਸ਼ਨ ੭੮. ਸਾਤਵਿਕ ਰਾਜਸੀ ਅਤੇ ਤਾਮਸੀ ਵ੍ਰਿਤੀਆਂ ਮੈਂ ਅਤੇ ਮੇਰਾ ਧਰਮ ਨਹੀਂ। ਇਹ ਕਿਸ ਤਰ੍ਹਾਂ ਜਾਨਣਾ?

ਉੱਤਰ : ਦ੍ਰਿਸ਼ਟਾਂਤ :- ਜਿਵੇਂ (੧) ਕਿਸੇ ਮਹਲ ਵਿੱਚ ਬੈਠੇ (੨) ਰਾਜੇ ਦੇ ਵਿਨੋਦ[੧੭੯] ਅਰਥ[੧੮੦] (੩) ਕੋਈ ਕਾਰੀਗਰ (੪) ਕਾਰੰਜੀ[੧੮੧] ਬਣਾਉਂਦਾ ਹੈ (੫) ਤਿਸ ਕਾਰੰਜੇ ਦੀ ਕਲ[੧੮੨] ਦੇ ਖੋਲਣ ਨਾਲ ਜਲ ਦੀਆਂ ਤਿੰਨ ਧਾਰਾਂ ਨਿਕਲੀਆਂ ਹਨ (੬) ਇਨ੍ਹਾਂ ਤਿੰਨ ਧਾਰਾਂ ਦੇ ਅੰਦਰ ਪ੍ਰਵਾਹ ਰੂਪ ਨਾਲ ਅਨੰਤ ਧਾਰਾ ਨਿਕਲਦੀਆਂ ਹਨ (੭) ਜਦੋਂ ਕਲ ਬੰਦ ਕਰੀਏ ਤਾਂ ਤਿੰਨ ਧਾਰਾ ਬੰਦ ਹੋ ਕੇ ਇਕੱਲਾ ਰਾਜਾ ਹੀ ਬਾਕੀ ਰਹਿੰਦਾ ਹੈ।

ਸਿਧਾਂਤ :- ਤਿਵੇਂ ਹੀ (੧) ਸਥੂਲ ਸਰੀਰ ਰੂਪ ਮਹਲ ਵਿੱਚ (੨) ਅਧਿਸ਼ਠਾਨ[੧੮੩] ਕੂਟਸਥ[੧੮੪] ਰੂਪ ਕਰਕੇ ਸਥਿਤ ਪਰਮਾਤਮਾ ਰੂਪ ਰਾਜਾ ਹੈ। ਤਿਸਦੇ ਵਿਨੋਦ ਅਰਥ (੩) ਮਾਯਾ (ਅਗਯਾਨ) ਰੂਪ ਕਾਰੀਗਰ ਨੇ (੪) ਅੰਤਹਕਰਣ ਰੂਪ ਕਾਰੰਜਾ ਕੀਤਾ ਹੈ। (੫) ਜਾਗ੍ਰਤ, ਸੁਪਨ ਵਿਸ਼ੇ (ਵਿੱਚ) ਅੰਤਹਕਰਣ ਦੀ ਪ੍ਰਾਲਬਧ[੧੮੫] ਰੂਪ ਕਲ ਦੇ ਖੋਲਣ ਨਾਲ ਤਿੰਨ[੧੮੬] ਗੁਣਾਂ ਦੇ ਪ੍ਰਵਾਹ ਰੂਪ ਤਿੰਨ ਧਾਰਾਂ ਨਿਕਲਦੀਆਂ ਹਨ (੬) ਇਨ੍ਹਾਂ ਤਿੰਨ ਧਾਰਾਂ ਦੇ ਅੰਦਰੋਂ ਅਗਣਿਤ[੧੮੭] ਵ੍ਰਿਤੀਆਂ[੧੮੮] ਉਠਦੀਆਂ ਹਨ। (੭) ਅਤੇ ਸੁਸ਼ੁਪਤੀ[੧੮੯] ਵਿੱਚ ਪ੍ਰਾਲਬਧ ਰੂਪ ਕਲ ਦੇ ਬੰਦ ਹੋਣ ਨਾਲ ਇਨ੍ਹਾਂ ਵ੍ਰਿਤੀਆਂ ਦੇ ਭਾਵ-ਅਭਾਵ[੧੯੦] ਦਾ ਪ੍ਰਕਾਸ਼ਕ ਅਨੰਦ ਸਰੂਪ ਕੇਵਲ ਪਰਮਾਤਮਾ ਰੂਪ ਰਾਜਾ ਬਾਕੀ ਰਹਿੰਦਾ ਹੈ। ਸੋਈ ਮੈਂ ਹਾਂ।

ਇਸ ਲਈ ਇਹ ਸਾਤਵਿਕ, ਰਾਜਸੀ ਵ੍ਰਿਤੀਆਂ ਮੈਂ ਨਹੀਂ ਅਤੇ ਮੇਰੀਆਂ ਨਹੀਂ। ਇਹ ਅੰਤਹਕਰਣ ਦੀਆਂ ਹਨ। ਮੈਂ ਇਨ੍ਹਾਂ ਦਾ ਜਾਨਣਹਾਰਾ ਦ੍ਰਸ਼ਟਾ ਘਟ-ਦ੍ਰਸ਼ਟਾ ਦੀ ਨਿਆਈ ਇਨ੍ਹਾਂ ਤੋਂ ਨਿਆਰਾ ਹਾਂ। ਐਸਾ ਜਾਨਣਾ॥

(੧੭੯) ਮਨੋਰੰਜਨ

(੧੮੦) ਵਾਸਤੇ

(੧੮੧) ਫੁਹਾਰਾ

(੧੮੨) ਨਲ, ਟੂਟੀ ਦਾ ਉੱਪਲਾ ਹਿੱਸਾ ਜੋ ਪਾਣੀ ਦੀ ਰਫਤਾਰ ਦਾ ਨਿਯੰਤ੍ਰਣ ਕਰੇ।

(੧੮੩) ਪੰਨਾ ੪੫, ਟੂਕ (੫) ਪੜ੍ਹੋ।

(੧੮੪) ਪੰਨਾ ੮੬, ਟੂਕ (੧੭੧) ਪੜ੍ਹੋ।

(੧੮੫) ਪੰਨਾ ੮੭, ਟੂਕ (੧੭੬) ਪੜ੍ਹੋ।

(੧੮੬) ਸਤੋ, ਰਜੋ ਅਤੇ ਤਮੋ ਗੁਣ। ਵਿਸਤਾਰ ਨਾਲ ਪੰਨਾ ੧੦੮ ਤੇ ਟੂਕ (੨੩) ਪੜ੍ਹੋ।

(੧੮੭) ਅਣਗਿਣਤ

(੧੮੮) ਅੰਤਹਕਰਣ ਦਾ ਪ੍ਰਣਾਮ ਸੋ ਬਿਰਤੀ ਕਹੀਏ ਹੈ।

(੧੮੯) ਸੁਖੋਪਤ (ਗੂੜ ਨੀਂਦ) ਅਵਸਥਾ

(੧੯੦) ਭਾਵ=ਮੌਜੂਦ ਹੋਣਾ, ਅਭਾਵ=ਗੈਰ ਮੌਜੂਦਗੀ

ਪ੍ਰਸ਼ਨ ੭੯. ਅੰਧਪਨਾ ਆਦਿ ਅਤੇ ਮੰਦਪਨਾ ਅਤੇ ਪਟੁਪਨਾ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਕਿਸ ਤਰ੍ਹਾਂ ਜਾਨਣਾ?

ਉੱਤਰ : (੧) ਨੇਤ੍ਰਾਦਿਕ ਇੰਦ੍ਰੇਯ ਆਪਣੇ-ਆਪਣੇ ਵਿਸ਼ਯ[੧੯੧] ਨੂੰ ਬਿਲਕੁਲ ਵੀ ਗ੍ਰਹਿਣ ਨਾ ਕਰਨ ਸੋ ਉਨ੍ਹਾਂ ਦਾ ਅੰਧਪਨਾ ਆਦਿ ਹੈ। ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਵਿਸ਼ਯ ਨੂੰ ਸਵਲਪ (ਥੋੜ੍ਹਾ) ਗ੍ਰਹਿਣ ਕਰਨ ਸੋ ਉਨ੍ਹਾਂ ਦਾ ਮੰਦਪਨਾ ਹੈ। ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੩) ਵਿਸ਼ਯ ਨੂੰ ਸਪਸ਼ਟ ਗ੍ਰਹਿਣ ਕਰਨ ਸੋ ਉਨ੍ਹਾਂ ਦਾ ਪਟੁਪਨਾ ਹੈ। ਤਿਸਨੂੰ ਵੀ ਮੈਂ ਜਾਣਦਾ ਹਾਂ। ਇਸ ਲਈ ਇਹ ਮੈਂ ਨਹੀਂ ਅਤੇ ਮੇਰੇ ਨਹੀਂ। ਇਹ ਇੰਦ੍ਰੇਯਾ ਦੇ ਧਰਮ ਹਨ। ਮੈਂ ਇਨ੍ਹਾਂ ਦਾ ਜਾਨਣਵਾਲਾ ਦ੍ਰਸ਼ਟਾ[੧੯੨] ਘਟ-ਦ੍ਰਸ਼ਟਾ[੧੯੩] ਦੀ ਨਿਆਈ ਇਨ੍ਹਾਂ ਤੋਂ ਨਿਆਰਾ ਹਾਂ॥

ਇਸ ਰੀਤ ਨਾਲ ਸੂਕਸ਼ਮ ਦੇਹ ਦਾ ਮੈਂ ਦ੍ਰਸ਼ਟਾ ਹਾਂ॥ ੨ ॥

(੧੯੧) ਪੰਜ ਵਿਸ਼ੇ :- ਸ਼ਬਦ, ਸਪਰਸ਼, ਰੂਪ, ਰਸ ਅਤੇ ਗੰਧ।

(੧੯੨) ਪੰਨਾ ੫੦ ਤੇ ਸਾਕਸ਼ੀ ਤੇ ਦ੍ਰਸ਼ਟਾ ਦਾ ਭੇਦ ਪੜ੍ਹੋ।

(੧੯੩) ਪੰਨਾ ੬੧ ਤੇ ਟੂਕ (੫੩) ਪੜ੍ਹੋ।

॥ ੩ ॥ ਕਾਰਣ ਸਰੀਰ ਦਾ ਮੈਂ ਦ੍ਰਸ਼ਟਾ ਹਾਂ॥

ਪ੍ਰਸ਼ਨ ੮੦. ਕਾਰਣ ਦੇਹ ਸੋ ਕੀ ਹੈ?

ਉੱਤਰ : (੧) ਪੁਰਸ਼ ਜਦੋਂ ਸੁਸ਼ੁਪਤੀ[੧੯੪] ਵਿੱਚੋਂ ਉੱਠੇ ਤਾਂ ਆਖਦਾ ਹੈ ਕਿ ''ਅੱਜ ਮੈਂ ਕੁਛ ਵੀ ਨਹੀਂ ਜਾਣਦਾ'' ਇਸ ਤੋਂ ਸੁਸ਼ੁਪਤੀ[੧੯੫] ਵਿਸ਼ੇ ਅਗਯਾਨ ਹੈ। ਐਸਾ ਸਿੱਧ ਹੁੰਦਾ ਹੈ। ਅਤੇ

(੨) ਜਾਗ੍ਰਤ ਵਿੱਚ ਵੀ ''ਮੈਂ ਬ੍ਰਹਮ ਨੂੰ ਜਾਣਦਾ ਨਹੀਂ'' ''ਮੇਰੀ ਮੈਨੂੰ ਖ਼ਬਰ ਨਹੀਂ।'' ਮੈਂ ਇਹ ਜਾਣਦਾ ਹਾਂ ਅਤੇ ਮੈਂ ਉਹ ਨਹੀਂ ਜਾਣਦਾ ਹਾਂ। ਇਸ ਅਨੁਭਵ ਦਾ ਵਿਸ਼ਯ ਅਗਯਾਨ ਹੈ। ਅਤੇ

(੩) ਸੁਪਨੇ ਦਾ ਕਾਰਣ ਵੀ ਨਿੰਦ੍ਰਾ[੧੯੬] ਰੂਪ ਅਗਯਾਨ ਹੈ। ਐਸਾ ਜੋ ਅਗਯਾਨ ਸੋ ਕਾਰਣ-ਦੇਹ[੧੯੭] ਹੈ॥

(੧੯੪) ਗੂੜੀ ਨੀਂਦ ਦੀ ਅਵਸਥਾ (ਸੁਖੋਪਤ)

(੧੯੫) ਸੁਖੋਪਤ ਅਵਸਥਾ ਤੋਂ ਉੱਠਿਆ ਜੋ ਪੁਰਸ਼, ਤਿਸਨੂੰ ''ਮੈਂ ਕੁਛ ਵੀ ਨਹੀਂ ਜਾਣਦਾ ਸੀ'' ਐਸਾ ਗਿਆਨ ਹੁੰਦਾ ਹੈ। ਸੋ ਗਯਾਨ ਪ੍ਰਤੱਖ ਅਨੁਭਵ ਰੂਪ ਨਹੀਂ। ਕਿੰਤੂ ਸੁਖੋਪਤ ਕਾਲ ਵਿੱਚ ਅਨੁਭਵ ਕੀਤੇ ਅਗਯਾਨ ਦੀ ਸਮ੍ਰਿਤੀ (ਯਾਦ) ਹੈ। ਤਿਸ ਸਮ੍ਰਿਤੀ ਦਾ ਵਿਸ਼ਾ ਸੁਖੋਪਤ ਕਾਲ (ਸਮੇਂ) ਦਾ ਅਗਯਾਨ ਹੈ।

(੧੯੬) ਨੀਂਦ

(੧੯੭) (੧) ਅਗਯਾਨ ਹੈ ਅਤੇ ਸਥੂਲ ਸੂਕਸ਼ਮ ਦੇਹ ਦਾ ਹੇਤੂ ਹੈ। ਇਸ ਲਈ ਕਾਰਣ ਕਹਿੰਦੇ ਹਨ।

(੨) ਤੱਤ੍ਵ-ਗਯਾਨ (ਬ੍ਰਹਮ ਗਯਾਨ) ਨਾਲ ਇਸ ਅਗਯਾਨ ਦਾ ਦਾਹ (ਨਾਸ) ਹੁੰਦਾ ਹੈ। ਇਸ ਲਈ ਇਸਨੂੰ ਦੇਹ ਕਹਿੰਦੇ ਹਨ। ਇਹ ਅਗਯਾਨ ਗਰਭ-ਮੰਦਿਰ (ਮੰਦਿਰ ਦਾ ਮੁੱਖ ਸਥਾਨ ਜਿਥੇ ਦੇਵ ਮੂਰਤੀ ਸਥਾਪਨ ਕੀਤੀ ਜਾਂਦੀ ਹੈ) ਦੇ ਅੰਧਕਾਰ ਦੀ ਨਿਆਈ ਬ੍ਰਹਮ ਦੇ ਆਸ਼੍ਰਿਤ (ਆਸਰੇ) ਹੋ ਕੇ ਬ੍ਰਹਮ ਨੂੰ ਹੀ ਆਵਰਣ (ਢੱਕਣਾ) ਕਰਦਾ ਹੈ।

ਪ੍ਰਸ਼ਨ ੯੧. ਕਾਰਣ ਦੇਹ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਕਿਸ ਤਰ੍ਹਾਂ ਜਾਨਣਾ?

ਉੱਤਰ : ''ਮੈਂ ਜਾਣਦਾ ਹਾਂ'' ਅਤੇ ''ਮੈਂ ਨਹੀਂ ਜਾਣਦਾ ਹਾਂ'' ਐਸੀ ਜੋ ਅੰਤਹਕਰਣ ਦੀਆਂ ਵ੍ਰਿਤੀਆਂ ਹਨ। ਇਨ੍ਹਾਂ ਨੂੰ ਗਯਾਤ-ਅਗਯਾਤ[੧੯੮] ਵਸਤੂ ਰੂਪ ਵਿਸ਼ਯ ਸਹਿਤ ਮੈਂ ਜਾਣਦਾ ਹਾਂ। ਇਸ ਲਈ ਇਹ ਕਾਰਣ ਦੇਹ ਮੈਂ ਨਹੀਂ ਅਤੇ ਮੇਰੀ ਨਹੀਂ। ਇਹ ਅਗਯਾਨ ਦੀ ਹੈ। ਮੈਂ ਇਸਦਾ ਜਾਨਣਹਾਰਾ ਦ੍ਰਸ਼ਟਾ[੨੦੦] ਘਟ-ਦ੍ਰਸ਼ਟਾ[੨੦੧] ਦੀ ਨਿਆਈ ਇਸ ਤੋਂ ਨਿਆਰਾ ਹਾਂ। ਇਹ ਇਸ ਤਰ੍ਹਾਂ ਜਾਨਣਾ ॥

ਇਸ ਰੀਤ ਨਾਲ ਕਾਰਣ ਦੇਹ ਦਾ ਮੈਂ ਦ੍ਰਸ਼ਟਾ ਹਾਂ ॥ ੩ ॥

(੧੯੮) ਗਯਾਤ=ਮਾਲੂਮ, ਅਗਯਾਤ=ਨਾ ਮਾਲੂਮ

(੧੯੯) ਕਾਰਣ ਦੇਹ ਆਪ ਅਗਯਾਨ ਹੈ। ਤਿਸਨੂੰ ''ਅਗਯਾਨ ਦਾ ਹੈ'' ਐਸਾ ਜੋ ਕਹਿਆ,ਸੋ ਜਿਵੇਂ ਰਾਹੂ ਨੂੰ ਹੀ ਰਾਹੂ ਦਾ ਮਸਤਕ ਆਖਦੇ ਹਨ। ਤਿਵੇਂ ਜਾਨਣਾ ਕਰੋ।

(੨੦੦) ਪੰਨਾ ੫੦ ਤੇ ਦ੍ਰਸ਼ਟਾ ਅਤੇ ਸਾਕਸ਼ੀ ਦਾ ਭੇਦ ਪੜ੍ਹੋ।

(੨੦੧) ਪੰਨਾ ੬੧ ਤੇ ਟੂਕ (੫੩) ਪੜ੍ਹੋ।

ਇਤਿ ਸ਼੍ਰੀਵਿਚਾਰਚੰਦ੍ਰੋਦਯੇ ਦੇਹਤ੍ਰਯਦ੍ਰਸ਼੍ਟਾ ਵਰ੍ਣਨਨਾਮਿਕਾ ਤ੍ਰੁਤੀਯਕਲਾ ਸਮਾਪ੍ਤਾ॥ ੩॥

ਇਤਿ ਸ਼੍ਰੀ ਵਿਚਾਰਚੰਦ੍ਰੋਦਯ ਦੇਹ ਤ੍ਰੈਈ ਦ੍ਰਸ਼ਟਾ ਵਰਣਨ ਨਾਮਿਕਾ ਤ੍ਰੀਤੀਯ ਕਲਾ ਸਮਾਪਤਾ ॥ ੩ ॥

ਸ਼੍ਰੀ=ਸੁਭਾਇਮਾਨ ਵਿਚਾਰਚੰਦ੍ਰੋਦਯ ਗ੍ਰੰਥ ਦਾ ਤ੍ਰੀਤੀਯ=ਤੀਸਰਾ ਕਲਾ=ਭਾਗ ਇਥੇ ਇਤਿ=ਸਮਾਪਤ ਹੁੰਦਾ ਹੈ। ਜਿਸ ਨੂੰ ਦ੍ਰੇਹ ਤ੍ਰੈਈ ਦ੍ਰਸ਼ਟਾ=ਤਿੰਨ ਸਰੀਰਾਂ ਦਾ ਦੇਖਹਾਰਾ (ਮੈਂ ਸਾਕਸ਼ੀ ਆਤਮਾ) ਨਾਮਿਕਾ=ਨਾਮ ਦੀ ਪ੍ਰਕਿਰਿਆ ਦਾ ਵਰਣਨ=ਕਥਨ ਕਰਕੇ ਸਮਾਪਤਾ=ਸੰਪੂਰਨ ਕੀਤਾ ਗਿਆ ਹੈ ॥

☆☆☆

(ਚਤੁਰਥ ਕਲਾ)

॥ अथ चतुर्थं कला प्रारंभः ॥ ४॥

॥ਅਥ ਚਤੁਰਥ ਕਲਾ ਪ੍ਰਾਰੰਭ: ॥੪॥

ਅਥ= ਹੁਣ ਇਸ ਗ੍ਰੰਥ ਦੇ ਚਤੁਰਥ = ਚੌਥੇ ਕਲਾ = ਭਾਗ ਨੂੰ ਪ੍ਰਾਰੰਭ: = ਸ਼ੁਰੂ ਕਰਦੇ ਹਨ।

॥ मैं पंचकोशातीत हूं॥

॥ ਮੈਂ ਪੰਚਕੋਸ਼ਾਤੀਤ ਹੂੰ॥

ਮੈਂ = ਪ੍ਰਤਯਕ (ਅੰਤਰ) ਆਤਮਾ ਪੰਚਕੋਸ਼ਤੀਤ (ਪੰਚ+ਕੋਸ਼+ਅਤੀਤ) = ਪੰਜ ਕੋਸ਼=ਪੜਦਿਆਂ ਤੋਂ ਅਤੀਤ ਕਹੀਏ ਅਲੱਗ ਵਾ ਨਿਰਲੇਪ ਹੂੰ=ਹਾਂ॥

॥ मनहर छन्द॥

॥ ਮਨਹਰ ਛੰਦ॥

ਮਨਹਰ ਨਾਮਕ ਛੰਦ ਦੇ ਅੰਦਰ ਸੁੰਦਰ ਕਾਵ ਰਚਨਾ ਦੁਆਰਾ ਪੀਤਾਂਬਰ ਜੀ ਮੂਲ ਪਾਠ ਦੀ ਰਚਨਾ ਕਰਦੇ ਹਨ।

पंचकोशातीत मैं हूं अन्न प्राण मनोमय

विज्ञान आनंदमय पंचकोश नातमा॥

ਪੰਚਕੋਸ਼ਾਤੀਤ ਮੈਂ ਹੂੰ ਅੰਨ ਪ੍ਰਾਣ ਮਨੋਮਯ।

ਵਿਜਾਨ ਆਨੰਦਮਯ ਪੰਚ ਕੋਸ਼ ਨਾਤਮਾ॥

ਪੰਚ=ਪੰਜ ਕੋਸ਼=ਪੜ੍ਹਦੇ :- (੧) ਅੰਨ=ਅੰਨਜਮਯ ਕੋਸ਼ (੨) ਪ੍ਰਾਣ=ਪ੍ਰਾਣਮਯ ਕੋਸ਼ (੩) ਮਨੋਮਯ ਕੋਸ਼ (੪) ਵਿਜਾਨ=ਵਿਗਜਾਨਮਯ ਕੋਸ਼ ਅਤੇ (੫) ਆਨੰਦਮਯ ਕੋਸ਼ ਨਾਤਮਾ (ਨ+ਆਤਮਾ) ਆਤਮਾ ਨਹੀਂ ਭਾਵ ਅਨਾਤਮਾ ਮਿਥਿਆ ਹਨ ਅਤੇ ਮੈਂ=ਪ੍ਰਤਯਕ (ਅੰਤਰ) ਆਤਮਾ ਇਨ੍ਹਾਂ ਪੰਚਕੋਸ਼ਾਤੀਤ (ਪੰਚ+ਕੋਸ਼+ਅਤੀਤ) ਪੰਚ=ਪੰਜ ਕੋਸ਼=ਪੜਦਿਆਂ ਤੋਂ ਅਤੀਤ=ਨਿਆਰਾ ਵਾ ਅਲੱਗ ਹੂੰ=ਹਾਂ।

स्थूल देह अन्नमय कोश लिंगदेह प्राण मन।

रु विज्ञान तीन कोश कहे मातमा॥

ਸਥੂਲ ਦੇਹ ਅੰਨਜਮਯ ਕੋਸ਼ ਲਿੰਗ ਦੇਹ ਪ੍ਰਾਣ ਮਨ।

ਰੂ ਵਿਜਾਨ ਤੀਨ ਕੋਸ਼ ਕਹੇ ਮਾਤਮਾ॥

ਸਥੂਲ ਦੇਹ=ਸਰੀਰ ਅੰਨਜਮਯ ਕੋਸ਼ ਰੂਪ ਹੈ ਅਤੇ ਲਿੰਗ=ਸੂਕਸ਼ਮ ਦੇਹ=ਸਰੀਰ ਵਿੱਚ ਤੀਨ=ਤਿੰਨ ਕੋਸ਼=ਪੜਦੇ :- (੧) ਪ੍ਰਾਣ=ਪ੍ਰਾਣਮਯ ਕੋਸ਼ (੨) ਮਨ=ਮਨੋਮਯ ਕੋਸ਼ ਰੂ=ਔਰ (੩) ਵਿਜਾਨ=ਵਿਗਜਾਨਮਯ

ਕੋਸ਼ ਮਾਤਮਾ=ਮਹਾਤਮਾ ਵਾ ਵਿਦਵਾਨ ਜਨਾਂ ਨੇ ਕਹੇ=ਕਥਨ ਕੀਤੇ ਹਨ।

कारण आनंदमय कोश ये कारज जड।
विकारी विनाशी व्यभिचारीहीं अनातमा॥
ਕਾਰਣ ਅਨੰਦਮਯ ਕੋਸ਼ ਯੇ ਕਾਰਜ ਜੜ।
ਵਿਕਾਰੀ ਵਿਨਾਸ਼ੀ ਵਯਭੀਚਾਰੀਹੀ ਅਨਾਤਮਾ॥

ਕਾਰਣ ਸਰੀਰ=ਅਵਿਦਿਆ ਅਨੰਦਮਯ ਕੋਸ਼ ਹੈ ਅਤੇ ਯੇ=ਇਹ ਪੰਜ ਕੋਸ਼, ਅਗਿਆਨ ਦਾ ਕਾਰਜ=ਪਰੀਣਾਮ ਹਨ, ਜੋ ਜੜ=ਅਚੇਤਨ ਵਿਕਾਰੀ=ਦੋਸ਼ਾ ਸਹਿਤ, ਵਿਨਾਸ਼ੀ=ਨਾਸਵਾਨ, ਵਯਭੀਚਾਰੀਹੀ (ਵਯਭੀਚਾਰੀ+ਹੀ) ਹੀ=ਨਿਸ਼ਚੇ ਕਰਕੇ ਵਯਭੀਚਾਰੀ=ਬਦਲਣ ਵਾਲੇ ਅਤੇ ਅਨਾਤਮਾ=ਮਿਥਿਆ ਵਾ (ਅਨ+ਆਤਮਾ)=ਆਤਮਾ ਦੇ ਸਰੂਪ ਤੋਂ ਅਨ=ਭਿੰਨ ਹਨ।

अज चित्त अविकारी नित्य व्यभिचारहीन।
पीतांबर अनुभव करता मैं आतमा॥४॥
ਅਜ ਚਿਤ ਅਵਿਕਾਰੀ ਨਿਤਯ ਵਯਭੀਚਾਰਹੀਨ।
ਪੀਤਾਂਬਰ ਅਨੁਭਵ ਕਰਤਾ ਮੈਂ ਆਤਮਾ॥ ੪ ॥

ਪੀਤਾਂਬਰ ਜੀ ਕਥਨ ਕਰਦੇ ਹਨ ਕਿ ਪੰਜ ਕੋਸ਼ਾਂ ਦਾ ਅਨੁਭਵ=ਪ੍ਰਤੱਖ ਗਯਾਨ ਕਰਤਾ=ਕਰਨ ਵਾਲਾ,ਮੈਂ=ਪ੍ਰਤਯਕ (ਅੰਤਰ) ਆਤਮਾ, ਅਜ=ਅਜਨਮ (ਜਨਮ ਰਹਿਤ), ਚਿਤ=ਚੇਤਨ (ਗਿਆਨ ਸਰੂਪ), ਅਵਿਕਾਰੀ=ਦੋਸ਼ਾ ਤੋਂ ਰਹਿਤ ਵਾ ਨਿਰਹੱਲ (ਕੂਟਸਥ), ਤਿੰਨ ਕਾਲਾ ਵਿੱਚ ਨਾਸ਼ ਤੋਂ ਰਹਿਤ ਨਿਤਯ=ਸਦਾ ਰਹਿਣ ਵਾਲਾ ਸਤ ਸਰੂਪ ਅਤੇ ਵਯਭੀਚਾਰਹੀਨ=ਨਾ ਤਬਦੀਲ ਹੋਣ ਵਾਲਾ ਹੈ।

ਤੀਨ ਦੇਹ ਮਾਂਝ ਪਾਂਚਾ ਕੋਸ਼ ਸੁਖਦੇਵ ਕਹਿ,
ਨੀਕੇ ਕੈ ਵਿਚਾਰ ਦੇਖ ਭਰਮ ਹੀ ਕੋ ਭਯ ਹੈ॥
ਕੋਸ਼ ਹੈ ਨਾ ਕੋਊ ਔਰ ਦੇਹ ਹੈ ਨ ਕੋਊ,
ਏਕ ਆਤਮਾ ਕੋ ਜੋਊ ਤਾਂ ਤੇ ਅਨੰਦ ਕੋ ਦਯ ਹੈ॥ ੮੧॥

(ਅਧਯਾਤਮ ਪ੍ਰਕਾਸ਼)

ਹੁਣ ਇਸ ਮੂਲ ਪਾਠ ਦੀ ਵਿਚਾਰ ਨੂੰ ਪ੍ਰਸ਼ਨ-ਉੱਤਰਾਂ ਦੇ ਰਾਹੀਂ ਅੱਗੇ ਸਮਝਾਉਂਦੇ ਹਨ :-

ਪ੍ਰਸ਼ਨ ੮੨. ਪੰਚਕੋਸ਼ਾਤੀਤ ਕਹੀਏ ਕੀ?

ਉੱਤਰ : ਪੰਚਕੋਸ਼ਾਤੀਤ ਕਹੀਏ ਪੰਚ ਕੋਸ਼ਾ(੧) ਤੋਂ ਮੈਂ ਨਿਆਰਾ(੨) ਹਾਂ॥

(੧) ਪੜਦਿਆਂ

(੨) ਵੱਖਰਾ

ਪ੍ਰਸ਼ਨ ੮੩. ਕੋਸ਼ ਕਹੀਏ ਕੀ ਹੈ?

ਉੱਤਰ : (੧) ਕੋਸ਼ ਨਾਮ ਤਲਵਾਰ ਦੇ ਮਿਆਨ(੩) ਦਾ। ਅਤੇ

(੨) ਧਨ ਦੇ ਭੰਡਾਰ(੪) ਦਾ। ਅਤੇ

(੩) ਕੋਸ਼ਾਕਾਰ ਨਾਮਕ ਕੀੜੇ ਦੇ ਗ੍ਰਹ[੫] ਦਾ ਹੈ॥

ਇਨ੍ਹਾਂ ਦੀ ਨਿਆਈ ਪੰਜ ਕੋਸ਼ ਆਤਮਾ ਨੂੰ ਢੱਕਦੇ ਹਨ। ਇਸ ਲਈ ਅੰਨਮਯ ਆਦਿਕ ਵੀ ਕੋਸ਼ ਕਹਾਉਂਦੇ ਹਨ॥

(੩) ਤਲਵਾਰ ਦੀ ਤੇਜ਼ਧਾਰ ਨੂੰ ਢੱਕਣ ਲਈ ਲੱਕੜ ਦਾ ਬਣਿਆ ਖੋਲ।

(੪) ਖਜ਼ਾਨਾ

(੫) ਘਰ

ਪ੍ਰਸ਼ਨ ੮੪. ਪੰਜ ਕੋਸ਼ਾ ਦੇ ਨਾਮ ਕੀ ਹਨ?

ਉੱਤਰ : (੧) ਅੰਨਜਮਯ ਕੋਸ਼ (੨) ਪ੍ਰਾਣਮਯ ਕੋਸ਼ (੩) ਮਨੋਮਯ ਕੋਸ਼ (੪) ਵਿਗਜਾਨਮਯ ਕੋਸ਼ ਅਤੇ (੫) ਆਨੰਦਮਯ ਕੋਸ਼। ਇਹ ਪੰਜ ਕੋਸ਼ਾਂ ਦੇ ਨਾਮ ਹਨ।

ਪ੍ਰਸ਼ਨ ੮੫ (੧) ਅੰਨਜਮਯ ਕੋਸ਼ ਸੋ ਕੀ ਹੈ?

ਉੱਤਰ : (੧) ਮਾਤਾ-ਪਿਤਾ ਨੇ ਖਾਧਾ ਜੋ ਅੰਨ। ਤਿਸ ਤੋਂ ਉਤਪੰਨ ਹੋਇਆ ਜੋ ਰਜ[੬] ਤੇ ਵੀਰਯ[੭]। ਇਨ੍ਹਾਂ ਕਰਕੇ ਜੋ ਮਾਤਾ ਦੇ ਉਦਰ[੮] ਵਿਸ਼ੇ ਉਤਪੰਨ ਹੁੰਦਾ ਹੈ।

ਮਾ ਕੀ ਰਕਤੁ ਪਿਤਾ ਬਿਦੁ ਧਾਰਾ॥ ਮੂਰਤਿ ਸੂਰਤਿ ਕਰਿ ਆਪਾਰਾ॥

(ਮਾਰੂ ਸੋਲਹੇ ਮ:੧, ਅੰਗ ੧੦੨੨)

ਰਕਤ ਬਿੰਦੁ ਕਾ ਇਹੁ ਤਨੋ ਅਗਨੀ ਪਾਸਿ ਪਿਰਾਣ॥

(ਸਿਰੀਰਾਗ ਮ:੧, ਅੰਗ ੬੩)

(੨) ਫਿਰ ਜਨਮ ਦੇ ਅਨੰਤਰ[੯] ਛੀਰਾਦਿਕ[੧੦] ਅੰਨ ਕਰਕੇ ਜੋ ਵ੍ਰਿਧੀ[੧੧] ਨੂੰ ਪਾਉਂਦਾ ਹੈ।

(੩) ਫਿਰ ਮਰਣ ਦੇ ਅਨੰਤਰ ਅੰਨਜਮਯ ਪ੍ਰਿਥਵੀ ਵਿੱਚ ਲੀਨ ਹੁੰਦਾ ਹੈ।

ਐਸੀ ਜੋ ਸਥੂਲ ਦੇਹ। ਸੋ ਅੰਨਜਮਸ ਕੋਸ਼ ਹੈ।

(੬) ਇਸਤਰੀ ਦਾ ਰਿਤੁ

(੭) ਪੁਰਸ਼ ਦੇ ਸਰੀਰ ਦਾ ਸਾਰ-ਰੂਪ ਧਾਤੂ।

(੮) ਪੇਟ

(੯) ਬਾਅਦ, ਪਿਛੋਂ

(੧੦) ਦੁੱਧ

(੧੧) ਵਧਣ ਦੀ ਕਿਰਿਆ

ਪ੍ਰਸ਼ਨ ੮੬. ਅੰਨਜਮਯ ਕੋਸ਼ ਕਿਸ ਤਰ੍ਹਾਂ ਦਾ ਹੈ?

ਉੱਤਰ : ਸੁੱਖ-ਦੁੱਖ ਦੇ ਅਨੁਭਵ[੧੨] ਰੂਪ ਭੋਗ ਦਾ ਸਥਾਨ ਹੈ।

(੧੨) ਪ੍ਰਤੱਖ ਗਜਾਨ

ਪ੍ਰਸ਼ਨ ੮੭. ਅੰਨਜਮਯ ਕੋਸ਼ ਤੋਂ ਮੈਂ ਨਿਆਰਾ ਹਾਂ। ਇਹ ਕਿਸ ਤਰ੍ਹਾਂ ਜਾਨਣਾ?

ਉੱਤਰ : (੧) ਜਨਮ ਤੋਂ ਪ੍ਰਥਮ[੧੩] ਅਤੇ ਮਰਣ ਤੋਂ ਪਿੱਛੋਂ ਅੰਨਜਮਯ ਕੋਸ਼ (ਸਥੂਲ ਸਰੀਰ) ਦਾ ਅਭਾਵ[੧੪] ਹੈ। ਇਸ ਲਈ ਇਹ ਉਤਪਤੀ ਨਾਸ਼ਵਾਨ ਹੋਣ ਕਰਕੇ ਘਟ[੧੫] ਦੀ ਨਿਆਈ ਕਾਰਯ[੧੬] ਹੈ। ਅਤੇ

(੨) ਮੈਂ ਸਦਾ ਭਾਵਰੂਪ[੧੭] ਹਾਂ। ਇਸ ਲਈ ਉਤਪਤੀ ਨਾਸ਼ ਰਹਿਤ ਹੋਣ ਕਰਕੇ ਇਸ ਤੋਂ ਵਿਲਕਛਣ[੧੮] ਹਾਂ।

ਇਸ ਲਈ ਇਹ ਅੰਨਜਮਯ ਕੋਸ਼ ਮੈਂ ਨਹੀਂ ਅਤੇ ਮੇਰਾ ਨਹੀਂ।

ਇਹ ਸਥੂਲ ਦੇਹ ਰੂਪ ਹੈ। ਮੈਂ ਇਸਦਾ ਜਾਨਣਵਾਲਾ ਆਤਮਾ ਇਸ ਤੋਂ ਨਿਆਰਾ ਹਾਂ। ਇਸ ਰੀਤ ਨਾਲ ਅੰਨਜਮਯ ਕੋਸ਼ ਤੋਂ ਮੈਂ ਨਿਆਰਾ ਹਾਂ। ਇਹ ਜਾਨਣਾ ॥

(੧੩) ਪਹਿਲਾਂ

(੧੪) ਗੈਰ-ਮੌਜੂਦਗੀ

(੧੫) ਘੜਾ

(੧੬) ਕਾਰਜ

(੧੭) ਮੌਜੂਦ ਵਾ ਵਿਦਿਆਮਾਨ

(੧੮) ਵੱਖਰਾ, ਅਲੱਗ

ਪ੍ਰਸ਼ਨ ੮੮. ਪ੍ਰਾਣਮਯ ਕੋਸ਼ ਸੋ ਕੀ ਹੈ?

ਉੱਤਰ : ਪੰਜ ਕਰਮ ਇੰਦ੍ਰੇਯ ਸਹਿਤ ਪੰਜ ਪ੍ਰਾਣ। ਸੋ ਪ੍ਰਾਣਮਯ ਕੋਸ਼ ਹੈ।

ਪ੍ਰਸ਼ਨ ੮੯. ਪੰਜ ਕਰਮ ਇੰਦ੍ਰੇਯ ਅਤੇ ਪੰਜ ਪ੍ਰਾਣ ਕਿਹੜੇ ਹਨ?

ਉੱਤਰ : ਪੰਜ ਕਰਮ ਇੰਦ੍ਰੇਯ ਅਤੇ ਪੰਜ ਪ੍ਰਾਣ ਪਹਿਲਾ ਸੂਕਸ਼ਮ ਦੇਹ ਦੀ ਪ੍ਰਕਿਰਿਆ ਵਿੱਚ ਕਹੇ ਹਨ। ਪੰਨਾ ੭੭ ਤੇ ਪ੍ਰਸ਼ਨ ੬੨ ਅਤੇ ੬੩ ਪੜ੍ਹੋ।

ਪ੍ਰਸ਼ਨ ੯੦. ਪੰਜ ਪ੍ਰਾਣਾਂ ਦੇ ਸਥਾਨ ਅਤੇ ਕਿਰਿਆ ਕੀ ਹੈ?

ਉੱਤਰ : **(੧)** ਪ੍ਰਾਣ ਵਾਯੂ :-

(੧) ਹਿਰਦੇ ਸਥਾਨ ਵਿੱਚ ਰਹਿੰਦਾ ਹੈ। ਅਤੇ

(੨) ਪ੍ਰਤਯੇਕ[੧੯] ਦਿਨ-ਰਾਤ ਵਿੱਚ ੨੧,੬੦੦ ਸ਼ਵਾਸ[੨੦]-ਉਛਵਾਸ[੨੧] ਲੈਣ ਰੂਪ ਕਿਰਿਆ ਨੂੰ ਕਰਦਾ ਹੈ ॥

(੨) ਅਪਾਨ ਵਾਯੂ :-

(੧) ਗੁਦਾ ਸਥਾਨ ਵਿਸ਼ੇ ਰਹਿੰਦਾ ਹੈ। ਅਤੇ

(੨) ਮਲ ਮੂਤ੍ਰ ਦੇ ਉਤਸਰਗ (ਤਿਆਗ) ਰੂਪ ਕਿਰਿਆ ਕਰਦਾ ਹੈ।

(੩) ਸਮਾਨ ਵਾਯੂ :-

(੧) ਨਾਭੀ ਸਥਾਨ ਵਿਸ਼ੇ ਰਹਿੰਦਾ ਹੈ। ਅਤੇ

(੨) ਕੂਪ[੨੨] ਜਲ ਨੂੰ ਬਗੀਚੇ ਵਿੱਚ ਲਿਆਉਣ ਵਾਲੇ ਮਾਲੀ ਦੀ ਨਿਆਈ ਭੋਜਨ ਕੀਤੇ ਅੰਨ

ਦੇ ਰਸ ਨੂੰ ਕੱਢ ਕੇ ਨਾੜੀ ਦੁਆਰਾ ਸਾਰੇ ਸਰੀਰ ਵਿੱਚ ਪਹੁੰਚਾਉਣ ਰੂਪ ਕਿਰਿਆ ਨੂੰ ਕਰਦਾ ਹੈ।

(੪) ਉਦਾਨ ਵਾਯੂ :-

(੧) ਕੰਠ ਸਥਾਨ ਵਿਸ਼ੇ (ਵਿੱਚ) ਰਹਿੰਦਾ ਹੈ। ਅਤੇ

(੨) ਖਾਧੇ-ਪੀਤੇ ਅੰਨ ਤੇ ਜਲ ਦੇ ਵਿਭਾਗ[੨੩] ਨੂੰ ਕਰਦਾ ਹੈ। ਅਤੇ ਸੁਪਨਾ, ਹਿਚਕੀ ਆਦਿਕ ਦੇ ਦਿਖਾਉਣ ਰੂਪ ਕਿਰਿਆ ਕਰਦਾ ਹੈ।

(੫) ਵਯਾਨ ਵਾਯੂ :-

(੧) ਸਰਵਾਂਗ[੨੪] ਸਥਾਨ ਵਿਸ਼ੇ ਰਹਿੰਦਾ ਹੈ। ਅਤੇ

(੨) ਸਾਰੇ ਅੰਗਾਂ ਦੀ ਸੰਧੀ[੨੫] ਦੇ ਫੇਰਨ ਰੂਪ ਕਿਰਿਆ ਨੂੰ ਕਰਦਾ ਹੈ।

ਇਸ ਰੀਤ ਨਾਲ ਪੰਜ ਪ੍ਰਾਣਾਂ ਦੇ ਮੁੱਖ ਸਥਾਨ ਅਤੇ ਕਿਰਿਆ ਜਾਨਣੇ ਹਨ।

(੧੯) ਹਰ ਇੱਕ

(੨੦) ਸ਼ਵਾਸ ਭਾਵ ਸੁਆਸ ਬਾਹਰ ਕੱਢਣਾ

(੨੧) ਸੁਆਸ ਅੰਦਰ ਲੈਣ

(੨੨) ਖੂਹ

(੨੩) ਵੰਡ

(੨੪) ਸਾਰੇ ਅੰਗਾਂ

(੨੫) ਮਿਲਾਪ

ਪ੍ਰਸ਼ਨ ੯੧. ਪ੍ਰਾਣਾਦਿਕ ਵਾਯੂ ਸਰੀਰ ਵਿੱਚ ਕੀ ਕਰਦੇ ਹਨ?

ਉੱਤਰ : ਪ੍ਰਾਣ, ਅਪਾਨ ਆਦਿਕ ਵਾਯੂ :-

੧. ਸਾਰੇ ਸਰੀਰ ਵਿੱਚ ਪੂਰਣ[੨੬] ਹੋ ਕੇ ਸਰੀਰ ਨੂੰ ਬਲ ਦਿੰਦੇ ਹਨ। ਅਤੇ

੨. ਇੰਦ੍ਰੇਯਾ ਨੂੰ ਆਪਣੇ-ਆਪਣੇ ਕਾਰਯ[੨੭] ਵਿਸ਼ੇ ਪ੍ਰਵਿਰਤ ਕਰਨ ਰੂਪ ਕਿਰਿਆ ਦੇ ਸਾਧਨ[੨੮] ਹੁੰਦੇ ਹਨ।

(੨੬) ਵਿਆਪਕ

(੨੭) ਕੰਮ

(੨੮) ਜ਼ਰੀਆ

ਪ੍ਰਸ਼ਨ ੯੨. ਪ੍ਰਾਣਮਯ ਕੋਸ਼ ਤੋਂ ਮੈਂ ਨਿਆਰਾ ਹਾਂ। ਇਹ ਕਿਸ ਤਰ੍ਹਾਂ ਜਾਨਣਾ?

ਉੱਤਰ : (੧) ਨਿੰਦ੍ਰਾ ਵਿਸ਼ੇ ਪੁਰਸ਼ ਸੁੱਤਾ ਹੋਵੇ। ਉਸ ਸਮੇਂ ਪ੍ਰਾਣ ਜਾਗਦੇ ਹਨ, ਤਾਂ ਵੀ ਕੋਈ ਸਨੇਹੀ ਆਵੇ ਤਿਸਦਾ ਸਤਿਕਾਰ ਕਰਦੇ ਨਹੀਂ। ਅਤੇ

(੨) ਚੋਰ ਭੂਸ਼ਣ[੨੯] ਲੈ ਜਾਵੇ ਤਾਂ ਉਸਦਾ ਨਿਸ਼ੇਧ[੩੦] ਕਰਦੇ ਨਹੀਂ।

ਇਸ ਲਈ ਪ੍ਰਾਣ ਵਾਯੂ ਘਟ(੩੧) ਦੀ ਨਿਆਈ ਜੜ(੩੨) ਹਨ। ਅਤੇ ਮੈਂ ਚੇਤਨ ਰੂਪ ਇਸ ਤੋਂ ਵਿਲਕਛਣ ਹਾਂ। ਇਸ ਲਈ ਇਹ ਪ੍ਰਾਣਮਯ ਕੋਸ਼ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਸੂਕਸ਼ਮ ਦੇਹ ਰੂਪ ਹੈ। ਮੈਂ ਇਸ ਦਾ ਜਾਨਣਵਾਲਾ ਆਤਮਾ ਇਸ ਤੋਂ ਨਿਆਰਾ ਹਾਂ।

ਇਸ ਰੀਤ ਨਾਲ ਪ੍ਰਾਣਮਯ ਕੋਸ਼ ਤੋਂ ਮੈਂ ਨਿਆਰਾ ਹਾਂ। ਇਹ ਜਾਨਣਾ ॥

(੨੯) ਗਹਿਣੇ

(੩੦) ਵਿਰੋਧ

(੩੧) ਘੜਾ

(੩੨) ਅਚੇਤਨ (ਸੱਤਾ-ਸਫੁਰਤੀ ਰਹਿਤ)

ਪ੍ਰਸ਼ਨ ੯੩. ਮਨੋਮਯ ਕੋਸ਼ ਸੋ ਕੀ ਹੈ?

ਉੱਤਰ : ਪੰਜ ਗਯਾਨ ਇੰਦ੍ਰੇਯ ਸਹਿਤ ਮਨ। ਸੋ ਮਨੋਮਯ ਕੋਸ਼ ਹੈ।

ਪ੍ਰਸ਼ਨ ੯੪. ਪੰਜ ਗਯਾਨ ਇੰਦ੍ਰੇਯ ਅਤੇ ਮਨ ਕੌਣ ਹਨ?

ਉੱਤਰ : ਇਹ ਪੂਰਵ ਸੂਕਸ਼ਮ ਦੇਹ ਦੀ ਪ੍ਰਕਿਰਿਆ ਵਿੱਚ ਕਹੇ ਹਨ। (ਪੰਨਾ ੭੬ ਤੇ ਪ੍ਰਸ਼ਨ ੬੧ ਅਤੇ ਪੰਨਾ ੭੭ ਤੇ ਪ੍ਰਸ਼ਨ ੬੪ ਪੜ੍ਹੋ।)

ਪ੍ਰਸ਼ਨ ੯੫. ਮਨ ਕੈਸਾ ਹੈ?

ਉੱਤਰ : ਦੇਹ ਵਿੱਚ ਹੰਗਤਾ(੩੩) ਅਤੇ ਗ੍ਰਹਆਦਿਕ(੩੪) ਵਿਸ਼ੇ ਮਮਤਾ(੩੫) ਰੂਪ ਅਭਿਮਾਨ(੩੬) ਨੂੰ ਕਰਦਾ ਹੋਇਆ ਇੰਦ੍ਰੇਯਾ ਦੁਆਰਾ ਬਾਹਰੀ ਗਮਨ(੩੭) ਕਰਦਾ ਹੋਇਆ ਮਨ ਕਾਰਣ ਰੂਪ ਹੈ।

(੩੩) ਗਰਬ

(੩੪) ਘਰ-ਪਰਿਵਾਰ

(੩੫) ਮੋਹ (ਅਸਕਤੀ)

(੩੬) ਹੰਕਾਰ

(੩੭) ਜਾਣਾ

ਪ੍ਰਸ਼ਨ ੯੬. ਮਨੋਮਯ ਕੋਸ਼ ਤੋਂ ਮੈਂ ਨਿਆਰਾ ਹਾਂ। ਇਹ ਕਿਸ ਰੀਤ ਨਾਲ ਜਾਨਣਾ?

ਉੱਤਰ : (੧) ਕਾਮ, ਕ੍ਰੋਧ ਆਦਿਕ ਵ੍ਰਿਤੀਆਂ(੩੮) ਯੁਕਤ ਹੋਣ ਕਰਕੇ ਮਨ ਨਿਯਮ ਰਹਿਤ ਸੁਭਾਅ ਵਾਲਾ ਹੈ। ਇਸ ਲਈ ਵਿਕਾਰੀ(੩੯) ਹੈ। ਅਤੇ

(੨) ਮੈਂ ਸਾਰੀਆਂ ਵ੍ਰਿਤੀਆਂ ਦਾ ਸਾਕਸ਼ੀ(੪੦) ਨਿਰਵਿਕਾਰ(੪੧) ਹਾਂ। ਇਸ ਲਈ ਇਹ ਮਨੋਮਯ ਕੋਸ਼ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਸੂਕਸ਼ਮ ਦੇਹ ਰੂਪ ਹੈ। ਮੈਂ ਇਸਦਾ ਜਾਨਣਵਾਲਾ ਆਤਮਾ ਇਸ ਤੋਂ ਨਿਆਰਾ ਹਾਂ। ਇਸ ਰੀਤ ਨਾਲ ਮਨੋਮਯ ਕੋਸ਼ ਤੋਂ ਮੈਂ ਨਿਆਰਾ ਹਾਂ। ਇਹ ਜਾਨਣਾ ॥

(੩੮) ਅੰਤਹਕਰਣ ਦਾ ਪਰਿਣਾਮ ਬਿਰਤੀ ਕਹੀਏ ਹੈ।

(੩੯) ਬਦਲਣ ਵਾਲਾ

(੪੦) ਪੰਨਾ ੫੦ ਤੇ ਸਾਕਸ਼ੀ ਤੇ ਦ੍ਰਸ਼ਟਾ ਦਾ ਭੇਦ ਪੜ੍ਹੋ।

(੪੧) ਬਦਲਣ ਤੋਂ ਰਹਿਤ ਕੂਟਸਥ ਵਾ ਅਚੱਲ।

ਪ੍ਰਸ਼ਨ ੯੭. ਵਿਗਜਾਨਮਯ ਕੋਸ਼ ਸੋ ਕੀ ਹੈ?

ਉੱਤਰ : ਪੰਜ ਗਜਾਨ ਇੰਦ੍ਰੇਯ ਸਹਿਤ ਬੁਧੀ। ਸੋ ਵਿਗਜਾਂਨਮਯ ਕੋਸ਼ ਹੈ।

ਪ੍ਰਸ਼ਨ ੯੮. ਗਯਾਨ ਇੰਦ੍ਰੇਯ ਅਤੇ ਬੁਧੀ ਕੀ ਹਨ?

ਉੱਤਰ : ਇਹ ਪੂਰਵ ਲਿੰਗ (ਸੂਕਸ਼ਮ) ਦੇਹ ਦੀ ਪ੍ਰਕਿਰਿਆ ਵਿੱਚ ਕਿਹਾ ਹੈ। (ਪੰਨਾ ੭੬ ਤੇ ਪ੍ਰਸ਼ਨ ੬੧ ਅਤੇ ਪੰਨਾ ੭੮ ਤੇ ਪ੍ਰਸ਼ਨ ੬੫ ਪੜ੍ਹੋ)।

ਪ੍ਰਸ਼ਨ ੯੯ . ਬੁੱਧੀ ਕੈਸੀ ਹੈ?

ਉੱਤਰ : (੧) ਸੁਸ਼ੁਪਤੀ(੪੨) ਵਿਸ਼ੇ ਚਿਦਾਭਾਸ(੪੩) ਯੁਕਤ ਬੁੱਧੀ ਵਿਲੀਨ(੪੪) ਹੁੰਦੀ ਹੈ। ਅਤੇ

(੨) ਜਾਗ੍ਰਤ ਵਿਸ਼ੇ ਨਖ(੪੫) ਦੇ ਅਗ੍ਰਭਾਗ(੪੬) ਤੋਂ ਲੈ ਕੇ ਸ਼ਿਖਾ(੪੭) ਪ੍ਰਯੰਤ ਸਰੀਰ ਵਿਸ਼ੇ ਵਿਆਪਕੇ ਵਰਤਦੀ ਹੋਈ ਕਰਤਾ ਰੂਪ ਹੈ॥

(੪੨) ਸੁਖੋਪਤ (ਗੂੜੀ ਨੀਂਦ) ਅਵਸਥਾ।

(੪੩) ਚਿਦਾਭਾਸ (ਚਿਦ+ਅਭਾਸ)=ਚੇਤਨ ਦਾ ਪ੍ਰਤੀਬਿੰਬ ਕਹੀਏ ਪਰਛਾਵਾਂ।

(੪੪) ਲੈ ਹੋਣਾ ਵਾ ਸਮਾ ਜਾਣਾ

(੪੫) ਨਹੁੰ

(੪੬) ਅਗਲੇ ਹਿੱਸੇ

(੪੭) ਸਿਰ ਦੀ ਚੋਟੀ

(੪੮) ਤੱਕ

ਪ੍ਰਸ਼ਨ ੧੦੦. ਵਿਗਯਾਨਮਯ ਕੋਸ਼ ਤੋਂ ਮੈਂ ਨਿਆਰਾ ਹਾਂ। ਇਹ ਕਿਸ ਤਰ੍ਹਾਂ ਜਾਨਣਾ?

ਉੱਤਰ : (੧) ਬੁੱਧੀ ਘਟਾਦਿਕ(੪੯) ਦੀ ਨਿਆਈ ਵਿਲਯ(੫੦) ਆਦਿ ਅਵਸਥਾ ਵਾਲੀ ਹੋਣ ਕਰਕੇ ਵਿਨਾਸ਼ੀ ਹੈ। ਅਤੇ

(੨) ਮੈਂ ਵਿਲਯ ਆਦਿ ਅਵਸਥਾ ਰਹਿਤ ਹੋਣ ਕਰਕੇ ਇਸ ਤੋਂ ਵਿਲੱਕਛਣ(੫੧) ਅਵਿਨਾਸ਼ੀ ਹਾਂ। ਇਸ ਲਈ ਇਹ ਵਿਗਯਾਨਮਯ ਕੋਸ਼ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਸੂਕਸ਼ਮ ਦੇਹ ਰੂਪ ਹੈ। ਮੈਂ ਇਸਦਾ ਜਾਨਣਹਾਰਾ ਆਤਮਾ ਇਸ ਤੋਂ ਨਿਆਰਾ ਹਾਂ। ਇਸ ਰੀਤ ਨਾਲ ਵਿਗਯਾਨਮਯ ਕੋਸ਼ ਤੋਂ ਮੈਂ ਨਿਆਰਾ ਹਾਂ। ਇਹ ਜਾਨਣਾ॥

(੪੯) ਘੜੇ ਆਦਿ

(੫੦) ਲੀਨ ਹੋਣਾ ਵਾ ਸਮਾ ਜਾਣਾ

(੫੧) ਅਲੱਗ, ਵੱਖਰਾ

ਪ੍ਰਸ਼ਨ ੧੦੧. ਅਨੰਦਮਯ ਕੋਸ਼ ਸੋ ਕੀ ਹੈ?

ਉੱਤਰ : (੧) ਪੁੰਨ-ਕਰਮ ਫਲ ਦੇ ਅਨੁਭਵ(੫੨) ਕਾਲ ਵਿਸ਼ੇ ਕਦਾਚਿਤ(੫੩) ਬੁੱਧੀ ਦੀ ਵ੍ਰਿਤੀ(੫੪)

ਅੰਤਰਮੁੱਖ ਹੋਈ ਆਤਮ-ਸ੍ਵਰੂਪ ਭੂਤ[੫੫] ਆਨੰਦ ਦੇ ਪ੍ਰਤੀਬਿੰਬ ਨੂੰ ਭਜਦੀ[੫੬] ਹੈ। ਅਤੇ

(੨) ਜੋ ਪ੍ਰਿਯ[੫੭], ਮੋਦ[੫੮], ਪ੍ਰਮੋਦ[੫੯] ਰੂਪ ਕਹੀਏ ਹੈ।

(੩) ਸੋਈ ਵ੍ਰਿਤੀ ਪੁੰਨ ਕਰਮ ਫਲ ਦੇ ਭੋਗ ਦੀ ਨਿਵਿਰਤੀ[੬੦] ਹੋਣ ਕਰਕੇ ਨਿੰਦ੍ਰਾ ਰੂਪ ਨਾਲ ਵਿਲੀਨ ਹੁੰਦੀ ਹੈ। ਸੋ ਵ੍ਰਿਤੀ ਆਨੰਦਮਯ ਕੋਸ਼ ਹੈ॥

(੫੨) ਪ੍ਰਤੱਖ ਗਿਆਨ

(੫੩) ਕਦੇ-ਕਦੇ

(੫੪) ਅੰਤਹਕਰਣ ਦਾ ਪਰੀਣਾਮ (ਨਤੀਜਾ) ਬਿਰਤੀ ਕਹੀਏ ਹੈ।

(੫੫) ਸਮਾਨ, ਸੁਦਰਸ਼

(੫੬) ਯਾਦ ਕਰਨਾ

(੫੭), (੫੮), (੫੯) ਅਗਲੇ ਪ੍ਰਸ਼ਨ ਵਿੱਚ ਪੜ੍ਹੋ।

(੬੦) ਅਭਾਵ

(੬੧) (ਵਿ+ਲੀਨ) ਵਿ=ਵਿਸ਼ੇਸ਼ ਕਰਕੇ ਲੀਨ=ਸਮਾ ਜਾਣਾ।

ਪ੍ਰਸ਼ਨ ੧੦੨. ਆਨੰਦਮਯ ਕੋਸ਼ ਕਿਸ ਤਰ੍ਹਾਂ ਦਾ ਹੈ?

ਉੱਤਰ : (੧) ਇਸ਼ਟ[੬੨] ਵਸਤੂ ਦੇ ਦਰਸ਼ਨ ਨਾਲ ਉਤਪੰਨ ਪ੍ਰਿਯ ਵ੍ਰਿਤੀ ਜਿਸਦਾ ਸਿਰ ਹੈ। ਅਤੇ

(੨) ਇਸਟ ਵਸਤੂ ਦੇ ਲਾਭ[੬੩] ਨਾਲ ਉਤਪੰਨ ਮੋਦ ਵ੍ਰਿਤੀ ਜਿਸਦਾ ਇੱਕ ਦਕਸ਼ਿਣ[੬੪] ਪਕਛ[੬੫] ਹੈ। ਅਤੇ

(੩) ਇਸਟ ਵਸਤੂ ਦੇ ਭੋਗ ਨਾਲ ਉਤਪੰਨ ਪ੍ਰਮੋਦ ਵ੍ਰਿਤੀ ਜਿਸਦਾ ਦ੍ਵੀਤੀਯ[੬੬] ਵਾਮ-ਪਕਛ[੬੭]। ਅਤੇ

(੪) ਬੁਧੀ ਵਾ ਅਗਯਾਨ ਦੀ ਵ੍ਰਿਤੀ ਵਿਸ਼ੇ ਆਤਮ ਸ੍ਵਰੂਪ ਭੂਤ[੬੮] ਆਨੰਦ ਦਾ ਪ੍ਰਤੀਬਿੰਬ[੬੯] ਜਿਸਦਾ ਸ੍ਵਰੂਪ ਹੈ। ਅਤੇ

(੫) ਬਿੰਬ[੭੦] ਰੂਪ ਆਤਮਾ ਦਾ ਸ੍ਵਰੂਪ ਭੂਤ ਆਨੰਦ ਜਿਸਦੀ ਪੂੰਛ[੭੧] (ਆਧਾਰ) ਹੈ।

ਐਸਾ ਪੰਛੀ ਰੂਪ ਭੋਗਤਾ ਆਨੰਦਮਯ[੭੨] ਕੋਸ਼ ਹੈ॥

'ਇਸ਼ਟ' ਕਹੈ ਪ੍ਰਿਯ ਬਸਤੁ ਕਿ ਦਰਸਨ ਸੀਸ ਇਹੀ ਪੰਛੀ ਕੋ ਜਾਨ।
ਸੋ ਪ੍ਰਾਪਤਿ ਲਖਿ 'ਮੋਦ' ਦਹਿਨ ਪਰ ਭੋਗਨ ਹ੍ਵੈ 'ਪ੍ਰਮੋਦ' ਪਰ ਆਨ।
ਹੋਨਿ ਅਨੰਦ ਸਰੂਪ ਕੋਸ਼ ਕੋ 'ਬ੍ਰਹਮ' ਪੂਛ ਲਖੀਯਹਿ ਧਿਸ਼ਟਾਨ।
ਬ੍ਰਹਮ ਅਵੈਵ ਭਯੋ ਨਹਿਂ ਸ਼ੰਕਹੁ ਆਸ਼੍ਰਿਤ ਤੇ ਕਹਿ ਪੁੰਛ ਸਮਾਨ॥ ੨੪॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੨)

(੬੨) ਪਿਆਰੀ

(੬੩) ਪ੍ਰਾਪਤੀ

(੬੪) ਸੱਜਾ

(੬੫) ਖੰਭ

(੬੬) ਦੂਸਰਾ

(੬੭) ਖੱਬਾ-ਖੰਭ

(੬੮) ਬਰਾਬਰ, ਸੁਦਰਸ਼

(੬੯) ਪਰਛਾਵਾਂ ਵਾ(ਪ੍ਰਤੀ+ਬਿੰਬ) ਬਿੰਬ=ਮੂਲ ਸਰੂਪ ਦਾ ਪ੍ਰਤੀ=ਉਲਟਾ ਦ੍ਰਿਸ਼ ਜਿਵੇਂ ਧੁਨ ਦੀ ਪ੍ਰਤੀਧੁਨ ਹੁੰਦੀ ਹੈ ਤਿਵੇਂ ਹੀ ਬਿੰਬ ਦਾ ਪ੍ਰਤੀਬਿੰਬ ਹੈ।

(੭੦) ਮੂਲ ਸਰੂਪ

(੭੧) ਬ੍ਰਹਮ ਰੂਪ ਆਨੰਦ ਆਧਾਰ ਹੋਣ ਕਰਕੇ ਤੈਤੀਰੀਯ ਸ਼੍ਰੁਤੀ ਵਿਸ਼ੇ ਪੂੰਛ ਸਬਦ ਕਰਕੇ ਕਿਹਾ ਹੈ। ਪੂੰਛ ਕਹਿਣ ਤੋਂ ਬ੍ਰਹਮ ਅੰਗਾਂ ਵਾਲਾ ਹੈ ਐਸੀ ਸ਼ੰਕਾ ਨਹੀਂ ਕਰਨੀ। ਕੇਵਲ ਅਨੰਦਮਯ ਕੋਸ਼ ਰੂਪ ਪੰਛੀ ਦਾ ਆਸਰਾ ਹੋਣ ਕਰਕੇ ਪੂਛ ਰੂਪ ਵਿੱਚ ਪ੍ਰਮਾਣ ਦਿੱਤਾ ਹੈ। ਵਾਸਤਵ ਵਿੱਚ ਬ੍ਰਹਮ ਨਿਰਵਯਵ (ਅੰਗਾ ਰਹਿਤ) ਹੈ।

(੭੨) ਬਾਕੀ ਚਾਰ ਕੋਸ਼ ਦੀ ਪੰਛੀ ਰੂਪ ਤੁਲਨਾ ਤੈਤੀਰੀਯ ਉਪਨਿਸ਼ਦ ਦੇ ਭਾਸ਼ਾ ਟੀਕਾ ਵਿਸ਼ੇ ਵਿਸਤਾਰ ਸਹਿਤ ਲਿਖੀ ਹੈ। ਸੋ ਉਥੋਂ ਪੜ੍ਹੋ।

ਪ੍ਰਸ਼ਨ ੧੦੩. ਆਨੰਦਮਯ ਕੋਸ਼ ਤੋਂ ਮੈਂ ਨਿਆਰਾ ਹਾਂ। ਇਹ ਕਿਸ ਰੀਤ ਨਾਲ ਜਾਨਣਾ?

ਉੱਤਰ : (੧) ਆਨੰਦਮਯ ਕੋਸ਼ ਬੱਦਲ ਆਦਿਕ ਪਦਾਰਥਾਂ ਦੀ ਨਿਆਈ ਕਦਾਚਿਤ(੭੩) ਹੋਣ ਵਾਲਾ ਹੈ। ਇਸ ਲਈ ਛਣਿਕ(੭੪) ਹੈ। ਅਤੇ

(੨) ਮੈਂ ਸਰਵਦਾ(੭੫) ਸਥਿਤ ਹੋਣ ਨਾਲ ਨਿੱਤਯ ਹਾਂ।

ਇਸ ਲਈ ਇਹ ਆਨੰਦਮਯ ਕੋਸ਼ ਮੈਂ ਨਹੀਂ ਅਤੇ ਮੇਰਾ ਨਹੀਂ। ਇਹ ਕਾਰਣ ਦੇਹ ਰੂਪ ਹੈ। ਮੈਂ ਇਸਦਾ ਜਾਨਣਵਾਲਾ ਆਤਮਾ ਇਸ ਤੋਂ ਨਿਆਰਾ ਹਾਂ। ਇਸ ਰੀਤ ਨਾਲ ਆਨੰਦਮਯ ਕੋਸ਼ ਤੋਂ ਮੈਂ ਨਿਆਰਾ ਹਾਂ। ਇਹ ਜਾਨਣਾ॥

(੭੩) ਕਦੇ-ਕਦੇ

(੭੪) ਛਣਿਕ (ਛਣ+ਏਕ) ਖਿਨ ਮਾਤ੍ਰ

(੭੫) ਸਾਰੀ ਜਗ੍ਹਾ

ਪ੍ਰਸ਼ਨ ੧੦੪. ਵਿਦਿਆਮਾਨ ਅੰਨਮਯ ਆਦਿਕ ਕੋਸ਼ ਜਦੋਂ ਆਤਮਾ ਨਹੀਂ ਤਾਂ ਆਤਮਾ ਕੋਣ ਹੈ?

ਉੱਤਰ : (੧) ਬੁੱਧੀ ਆਦਿਕ ਵਿਸ਼ੇ ਪ੍ਰਤੀਬਿੰਬ(੭੬) ਰੂਪ ਕਰਕੇ ਸਥਿਤ। ਅਤੇ

(੨) ਪ੍ਰਿਯ ਆਦਿ ਸ਼ਬਦ ਨਾਲ ਜੋ ਕਹੀਦਾ ਹੈ।

ਐਸਾ ਜੋ ਆਨੰਦਮਯ ਕੋਸ਼ ਹੈ। ਤਿਸਦਾ ਬਿੰਬ(੭੭) ਰੂਪ ਕਾਰਣ ਜੋ ਅਨੰਦ ਹੈ। ਸੋ ਨਿੱਤਯ ਹੋਣ ਕਰਕੇ ਆਤਮਾ ਹੈ॥

(੭੬) ਪੰਨਾ ੯੮ ਟੂਕ ੬੯ ਪੜ੍ਹੋ।

(੭੭) ਮੂਲ ਸਰੂਪ

ਪ੍ਰਸ਼ਨ ੧੦੫. ਪੰਜ ਕੋਸ਼ ਜੋ ਹਨ, ਉਹ ਹੀ ਅਨੁਭਵ ਵਿੱਚ ਆਉਂਦੇ ਹਨ। ਇਨ੍ਹਾਂ ਤੋਂ ਨਿਆਰਾ ਕੋਈ ਆਤਮਾ ਅਨੁਭਵ ਵਿਸ਼ੇ ਆਉਂਦਾ ਨਹੀਂ। ਇਸ ਲਈ ਪੰਜ ਕੋਸ਼ਾਂ ਤੋਂ ਨਿਆਰਾ ਆਤਮਾ ਦੀ ਹੋਂਦ ਹੈ। ਇਹ ਨਿਸ਼ਚਾ ਕਿਸ ਤਰ੍ਹਾਂ ਹੋਵੇ?

ਉੱਤਰ : ਭਾਵੇਂ ਕਿ ਪੰਜ ਕੋਸ਼ ਹੀ ਅਨੁਭਵ ਵਿਸ਼ੇ ਆਉਂਦੇ ਹਨ। ਇਨ੍ਹਾਂ ਤੋਂ ਨਿਆਰਾ ਕੋਈ ਆਤਮਾ ਅਨੁਭਵ ਵਿਸ਼ੇ ਆਉਂਦਾ ਨਹੀਂ। ਇਹ ਵਾਰਤਾ ਸੱਤ ਹੈ। ਤਾਂ ਵੀ ਜਿਸ ਅਨੁਭਵ ਨਾਲ ਇਹ ਪੰਜ ਕੋਸ਼ ਜਾਣੀਦੇ ਹਨ। ਤਿਸ ਅਨੁਭਵ ਨੂੰ ਕੌਣ ਨਿਵਾਰਣ[੭੮] ਕਰੇਗਾ? ਕੋਈ ਵੀ ਨਿਵਾਰਣ ਕਰ ਸਕਦਾ ਨਹੀਂ। ਇਸ ਲਈ ਪੰਜ ਕੋਸ਼ਾਂ ਦਾ ਅਨੁਭਵ ਰੂਪ ਜੋ ਚੇਤਨ ਹੈ। ਸੋ ਪੰਜ ਕੋਸ਼ਾਂ ਤੋਂ ਨਿਆਰਾ ਆਤਮਾ ਹੈ॥

(੭੮) ਨਿਵਿਰਤ (ਦੂਰ ਕਰਨਾ)

ਪ੍ਰਸ਼ਨ ੧੦੬. ਆਤਮਾ ਕਿਸ ਤਰ੍ਹਾਂ ਦੀ ਹੈ?

ਉੱਤਰ : ਸਤ[੭੯] ਚਿਤ[੮੦] ਅਨੰਦ[੮੧] ਆਦਿ ਸ੍ਵਰੂਪ ਹੈ॥

(੭੯), (੮੦), (੮੧) = ਪੰਨਾ ੨੪ ਤੇ ਟੂਕ (੧੧) ਪੜ੍ਹੋ।

ਇਤਿ ਸ਼੍ਰੀਵਿਚਾਰਚਂਦ੍ਰੋਦਯ ਪਂਚਕੋਸ਼ਾਤੀਤ ਵਰ੍ਣਨ ਨਾਮਿਕਾ ਚਤੁਰ੍ਥਕਲਾ ਸਮਾਪ੍ਤਾ:॥ ੪॥

ਇਤਿ ਸ਼੍ਰੀ ਵਿਚਾਰਚੰਦ੍ਰੋਦਯ ਪੰਚਕੋਸ਼ਾਤੀਤ ਵਰਣਨ ਨਾਮਿਕਾ ਚਤੁਰਥ ਕਲਾ ਸਮਾਪਤਾ : ॥ ੪ ॥

ਸ਼੍ਰੀ = ਸੁਭਾਇਮਾਨ ਵਿਚਾਰਚੰਦ੍ਰੋਦਯ ਗ੍ਰੰਥ ਦਾ ਚਤੁਰਥ = ਚੌਥਾ ਕਲਾ = ਭਾਗ ਇੱਥੇ ਇਤਿ = ਸਮਾਪਤ ਹੁੰਦਾ ਹੈ। ਜਿਸ ਨੂੰ ਪੰਚਕੋਸ਼ਾਤੀਤ = (ਪੰਚ+ਕੋਸ਼+ਅਤੀਤ) ਪੰਜ ਕੋਸ਼ਾਂ ਤੋਂ ਨਿਰਲੇਪ ਅੰਤਰ-ਆਤਮਾ ਨਾਮਿਕਾ=ਨਾਮ ਦੀ ਪ੍ਰਕਿਰਿਆ ਦਾ ਵਿਸਤਾਰ ਨਾਲ ਵਰਣਨ=ਕਥਨ ਕਰਕੇ ਸਮਾਪਤਾ : = ਸੰਪੂਰਨ ਕੀਤਾ ਗਿਆ ਹੈ॥

☆☆☆

(ਪੰਚਮ ਕਲਾ)

अथ पंचमकला प्रारंभ ॥ ५॥

अथ पंचम कला प्रारंभ : ॥ ५ ॥

ਅਥ= ਹੁਣ ਇਸ ਗ੍ਰੰਥ ਦੇ ਪੰਚਮ=ਪੰਜਵੇਂ ਕਲਾ=ਭਾਗ ਨੂੰ ਪ੍ਰਾਰੰਭ : = ਸ਼ੁਰੂ ਕਰਦੇ ਹਨ।

॥ तीन अवस्थाका मैं साक्षी हूं॥

॥ तीन अवसथा का मैं साकशी हुं॥

ਮੈਂ=ਪ੍ਰਤਯਕ (ਅੰਤਰ) ਆਤਮਾ ਤੀਨ=ਤਿੰਨ ਅਵਸਥਾ=ਦਸ਼ਾ :- (੧) ਜਾਗ੍ਰਤ ਅਵਸਥਾ (੨) ਸੁਪਨ ਅਵਸਥਾ ਅਤੇ (੩) ਸੁਖੋਪਤ ਅਵਸਥਾ ਰੂਪ ਦ੍ਰਿਸ਼ਯ ਕਾ=ਦਾ ਦੇਖਣਵਾਲਾ ਸਾਕਸ਼ੀ=ਗਵਾਹ ਹੁੰ=ਹਾਂ ॥

॥ मनहर छंद॥

॥ मनहर छंद ॥

ਮਨਹਰ ਨਾਮਕ ਛੰਦ ਦੇ ਅੰਤਰ ਪੀਤਾਂਬਰ ਜੀ ਸੁੰਦਰ ਕਾਵ-ਰਚਨਾ ਦੁਆਰਾ ਮੂਲ ਪਾਠ ਦੀ ਰਚਨਾ ਕਰਦੇ ਹਨ। ਕਿਸੇ ਵੀ ਰਾਗ ਦੇ ਧ੍ਰੁਵ ਪਦ ਵਿੱਚ ਜਿਸ ਛੰਦ ਦਾ ਗਾਇਨ ਕੀਤਾ ਜਾਵੇ ਸੋ ਕਹੀਏ ਮਨਹਰ ਛੰਦ ਵਾ: ਮਨ+ਹਰ=ਮਨ ਨੂੰ ਹਰ ਭਾਵ ਮੋਹ ਲੈਣ ਵਾਲਾ ਛੰਦ ਵਾ: ਮਨ+ਹਰ=ਮਨ ਦੀਆਂ ਵਿਕਸ਼ਿਪਤ ਬਿਰਤੀਆਂ (ਖਿੰਡੀਆ ਹੋਈਆਂ) ਨੂੰ ਹਰ=ਨਾਸ ਕਰਨ ਵਾਲਾ ਛੰਦ।

अवस्था तीनको साक्षी आमा अन्वय याको।

अवसथा तीन कॊ साकशी आतमा आनवय याकॊ।

ਆਤਮਾ=ਨਿਜ ਸਰੂਪ ਸਚਿਦਾਨੰਦ ਤੀਨ=ਤਿੰਨ :- ਜਾਗ੍ਰਤ, ਸੁਪਨ ਅਤੇ ਸੁਖੋਪਤ ਅਵਸਥਾ=ਦਸ਼ਾ ਵਾ ਭੂਮਿਕਾ ਰੂਪ ਦ੍ਰਿਸ਼ਯ ਕੋ=ਦਾ ਦੇਖਣਵਾਲਾ ਸਾਕਸ਼ੀ*=ਗਵਾਹ ਹੈ ਅਤੇ ਤਿੰਨਾਂ ਅਵਸਥਾ ਵਿੱਚ ਯਾਕੋ=ਜਿਸ ਆਤਮਾ ਦਾ ਆਨਵਯ=ਅਨੁਸਯੂਤਪਨਾ ਭਾਵ ਗੁੰਥਨ ਜਾ ਪਰੋਇਆ ਹੋਣ ਕਰਕੇ ਮੌਜੂਦਗੀ ਹੈ। ਜਿਸ ਤਰ੍ਹਾਂ ਫੁੱਲਾਂ ਦੀ ਮਾਲਾ ਵਿੱਚ ਧਾਗਾ ਸਾਰੇ ਫੁੱਲਾਂ ਵਿੱਚ ਪਰੋਇਆ ਜਾਂਦਾ ਹੈ ਤਾਂ ਇਹ ਧਾਗੇ ਦਾ ਸਾਰੇ ਫੁਲਾਂ ਵਿੱਚ ਆਨਵਯ=ਭਾਵ-ਰੂਪਤਾ (ਮੌਜੂਦਗੀ) ਕਹੀਏ ਹੈ। ਤਿਵੇਂ ਹੀ ਤਿੰਨੇ ਅਵਸਥਾ ਵਿੱਚ ਪ੍ਰਤਯਕ (ਅੰਤਰ) ਆਤਮਾ ਦੇ ਵਿਸ਼ੇਸ਼ਣ 'ਦ੍ਰਸ਼ਟਾ' ਦਾ ਭਾਵ-ਰੂਪ ਹੋਣ ਕਰਕੇ, ਆਤਮਾ ਦਾ ਇੰਨ੍ਹਾਂ ਅਵਸਥਾ ਵਿੱਚ ਆਨਵਯ ਜਾਨਣਾ ਕਰੋ।

***साक्षी**=ਅੰਤਹਕਰਣ ਦੀ ਵ੍ਰਿਤੀ ਵਿਖੇ ਸਥਿਤ ਮਾਤ੍ਰ (ਕੇਵਲ) ਜੋ ਚੇਤਨ ਸੋ ਸਾਕਸ਼ੀ ਕਹੀਏ ਹੈ।

ਸਾਕਸ਼ੀ ਉਸਨੂੰ ਮੰਨਿਆ ਜਾਂਦਾ ਹੈ ਜੋ :-

(੧) ਚੇਤਨ ਹੋਵੇ।

(੨) ਰਾਗ-ਦ੍ਵੈਸ਼ ਤੋਂ ਅਤੀਤ ਅਸੰਗ ਹੋਵੇ।

(੩) ਸਤ (ਨਾਸ਼ ਤੋਂ ਰਹਿਤ) ਹੋਵੇ।

व्यभिचारी अवस्था को व्यतिरेक पाईयो॥

ਵਯਭੀਚਾਰੀ ਅਵਸਥਾ ਕੋ ਵਯਤੀਰੇਕ ਪਾਈਯੋ॥

ਤਿੰਨ=ਜਾਗ੍ਰਤ, ਸੁਪਨ ਅਤੇ ਸੁਖੋਪਤਿ ਅਵਸਥਾ=ਦਸ਼ਾ ਵਾ ਭੂਮਿਕਾ ਵਯਭੀਚਾਰੀ=ਬਦਲਣ ਵਾਲੀਆਂ ਹਨ ਭਾਵ ਜਾਗ੍ਰਤ ਵਿੱਚ ਸੁਪਨ ਤੇ ਸੁਖੋਪਤਿ ਦਾ ਅਭਾਵ, ਸੁਪਨ ਵਿੰਚ ਜਾਗ੍ਰਤ ਅਤੇ ਸੁਖੋਪਤਿ ਦਾ ਅਭਾਵ,ਸੁਖੋਪਤਿ ਵਿੱਚ ਜਾਗ੍ਰਤ ਤੇ ਸੁਪਨ ਦਾ ਅਭਾਵ ਹੈ। ਇਸ ਲਈ ਆਤਮਾ ਵਿੱਚ ਇਨ੍ਹਾਂ ਤਿੰਨ ਅਵਸਥਾ ਕੋ=ਦਾ ਵਯਤੀਰੇਕ=ਭੇਦ ਪਾਈਓ=ਪ੍ਰਾਪਤ ਵਾ ਪਾਉਣਾ ਕੀਤਾ ਹੈ।

ਵਯਤੀਰੇਕ ਤੋਂ ਭਾਵ ਹੈ ਕਿ ਭੇਦ ਹੋਣ ਕਰਕੇ ਅਨਉਪਸਥਿਤ (ਅਭਾਵ) ਹੋਣਾ। ਵਯਤੀਰੇਕ ਦੋ ਪ੍ਰਕਾਰ ਦਾ ਹੈ :-

(੧) **ਪਰਸਪਰ ਵਯਤੀਰੇਕ** :- (ਆਪਸ ਵਿੱਚ ਭੇਦ)

ਜਿਵੇਂ ਫੁੱਲਾਂ ਦੀ ਮਾਲਾ ਵਿੱਚ ਇੱਕ ਫੁੱਲ ਦਾ ਦੂਸਰੇ ਫੁੱਲ ਨਾਲ ਪਰਸਪਰ (ਆਪਸ ਵਿੱਚ) ਵਯਤੀਰੇਕ=ਭੇਦ ਹੈ। ਤਿਵੇਂ ਹੀ ਤਿੰਨ ਅਵਸਥਾ :- ਜਾਗ੍ਰਤ,ਸੁਪਨ ਅਤੇ ਸੁਖੋਪਤ ਦਾ ਪਰਸਪਰ=ਆਪਸ ਵਿਚ ਵਯਤੀਰੇਕ=ਭੇਦ ਹੈ ਕਿਉਂਕਿ ਜਦੋਂ ਕੋਈ ਇੱਕ ਅਵਸਥਾ ਭਾਵ-ਰੂਪ (ਮੌਜੂਦ) ਹੁੰਦੀ ਹੈ ਤਾਂ ਦੂਸਰੀਆਂ ਦੋਵਾਂ ਦਾ ਅਭਾਵ (ਗੈਰ ਮੌਜੂਦਗੀ) ਹੈ।

(੨) **ਅਧਿਸ਼ਠਾਨ ਵਯਤੀਰੇਕ** :- (ਆਸਰਾ ਰੂਪ ਮੂਲ ਸਰੂਪ ਨਾਲ ਭੇਦ) ਜਿਵੇਂ ਧਾਗੇ ਵਿੱਚ ਪਰੋਏ ਹੋਏ ਫੁੱਲਾਂ ਦਾ ਅਧਿਸ਼ਠਾਨ (ਆਸਰਾ) ਧਾਗੇ ਨਾਲ ਭੇਦ ਹੈ। ਤਿਵੇਂ ਹੀ ਤਿੰਨ ਅਵਸਥਾ ਦਾ ਅਧਿਸ਼ਠਾਨ ਪ੍ਰਤਯਕ (ਅੰਤਰ) ਆਤਮਾ ਨਾਲ ਵੀ ਭੇਦ ਹੈ। ਕਿਉਂਕਿ ਆਤਮਾ ਤਿੰਨ ਅਵਸਥਾ ਵਿੰਚ ਦ੍ਰਸ਼ਟਾ ਰੂਪ (ਦੇਖਣਵਾਲਾ) ਹੋ ਕੇ ਨਿਆਰੀ ਹੈ ਅਤੇ ਤਿੰਨ ਅਵਸਥਾ ਦ੍ਰਿਸ਼ਯ ਰੂਪ ਆਤਮਾ ਤੋਂ ਅਲੱਗ ਆਪਣਾ-ਆਪਣਾ ਕੰਮ ਕਰਦੀਆਂ ਹਨ।

त्रिपुटी चतुरदश करि व्यवहार जहां।

त्रिपुटी चतुरदश करि वयवहार जहां।

ਜਹਾਂ=ਜਿੱਥੇ ਚਤੁਰਦਸ਼ (ਚਤੁਰ=ਚਾਰ+ਦਸ਼=ਦਸ)=ਚੌਦਾਂ ਤ੍ਰਿਪੁਟੀ (ਤ੍ਰਿ+ਪੁਟੀ) ਤ੍ਰਿ=ਤਿੰਨ ਵਸਤੂਆਂ ਦੇ ਪੁਟ=ਅਕਾਰ ਦਾ ਸਮੁਦਾਯ ਭਾਵ ੧੪x੩=੨੧ ਵਸਤੂਆਂ ਕਰਿ=ਕਰਕੇ ਵਯਵਹਾਰ=ਕੰਮ ਵਾ ਲੈਣ-ਦੇਣ ਹੋਵੇ।

स्पष्ट सो जाग्रत जूठ ताकूं दृश्य ध्याईयो॥

सपशट सो जागृत झूठ ताकूँ दृिशय धिआईयो॥

ਸਪਸ਼ਟ=ਪ੍ਰਤੱਖ ਸੋ=ਓਹ ਜਾਗ੍ਰਤ=ਜਾਗਰਤ ਅਵਸਥਾ ਹੈ ਅਤੇ ਤਾਕੂੰ=ਤਿਸ ਨੂੰ ਝੂਠ=ਅਸੱਤ ਜਾਣਕੇ ਮਾਤ੍ਰ ਦਿਸ਼ਯ=ਦ੍ਰਿਸ਼ਟੀ ਦਾ ਵਿਸ਼ਾ ਤਮਾਸ਼ਾ ਰੂਪ ਸਮਝਕੇ ਮਿਥਿਆਪਨੇ ਦੇ ਨਿਸ਼ਚੇ ਦੁਆਰਾ ਧਿਆਈਯੋ=ਚਿੰਤਨ ਕਰੋ।

दृिशटिमान है सगल मिथेना॥ (ਮਾਰੂ ਸੋਲਹੇ ਮ:੫, ਅੰਗ ੧੦੮੩)

देखे सुने वस्तुन के संस्कार सैं सृष्टि जहां।

देखे सुने वसतुन के संसकार सैं स्रिशटी जहां।

ਜਹਾਂ=ਜਿੱਥੇ ਨੇਤ੍ਰਾਂ ਦੁਆਰਾ ਦੇਖੇ=ਤੱਕੇ,ਵੇਖੇ ਅਤੇ ਕੰਨਾਂ ਦੁਆਰਾ ਸੁਨੇ=ਸ੍ਰਵਣ ਕੀਤੇ ਵਸਤੁਨ=ਪਦਾਰਥਾਂ ਦੇ ਸੰਸਕਾਰ=ਗਿਆਨ ਦੇ ਸੂਖਮ ਬੀਜਾਂ ਸੈਂ=ਨਾਲ ਕਲਪਿਤ ਸ੍ਰਿਸ਼ਟੀ=ਸੰਸਾਰ ਦੀ ਰਚਨਾ ਹੁੰਦੀ ਹੈ।

अस्पष्ट प्रतीति स्वप्न मृषा लोक गाईयो॥

असपशट प्रतीती सुपन म्रिशा लोक गाईयो॥

ਐਸੀ ਅਸਪਸ਼ਟ=ਸਿੱਧਾ ਜ਼ਾਹਿਰ ਵਾ ਪ੍ਰਗਟ ਨਾ ਹੋਣ ਕਰਕੇ ਧੁੰਧਲੀ ਪ੍ਰਤੀਤੀ=ਹੋਂਦ ਵਾਲੀ ਸਵਪਨ=ਸੁਪਨ ਅਵਸਥਾ ਨੂੰ ਤਮਾਮ ਲੋਕ=ਜੀਵ ਮ੍ਰਿਸ਼ਾ=ਮਿਥਿਆ ਵਾ ਝੂਠ ਗਾਈਓ=ਉਚਾਰਨ ਕਰਦੇ ਹਨ।

(ਦੂਸਰਾ ਅਰਥ) :- ਬ੍ਰਹਮ ਦੀ ਅਸਪਸ਼ਟ =ਰਹੱਸਮਈ ਪ੍ਰਤੀਤੀ=ਹੋਂਦ ਵਾਲਾ ਲੋਕ=ਮਾਤ ਲੋਕ ਭਾਵ ਪ੍ਰਪੰਚ ਨੂੰ ਸਵਪਨ=ਸੁਪਨੇ ਦੇ ਸੁਦਰਸ਼ ਮ੍ਰਿਸ਼ਾ=ਮਿਥਿਆ ਗਾਈਓ=ਕਥਨ ਕੀਤਾ ਜਾਂਦਾ ਹੈ।

जगि जीवनु ऐसा सुपने जैसा जीवनु सुपन समानं॥ (ਆਸਾ ਭਗਤ ਕਬੀਰ ਜੀ, ਅੰਗ ੪੮੨)

सुपन री संसार॥ मिथनी बिसथार॥ (ਸਾਰਗ ਮ:੫, ਅੰਗ ੧੨੨੬)

सकल करण लय होय जहां सुषुप्ति सो।

सकल करण लज होज जहां सुशुपती सो।

(लज=ਲੈ ਉਚਾਰਨ ਕਰੋ)

ਜਹਾਂ=ਜਿੱਥੇ ਸਕਲ=ਸਾਰੇ ਕਰਣ=ਇੰਦ੍ਰੇਯ ਅਗਿਆਨ ਵਿੱਚ ਲਯ=ਲੀਨ ਹੋਯ=ਹੋ ਜਾਣ ਸੋ=ਉਹ ਸੁਸ਼ੁਪਤੀ=ਸੁਖੋਪਤਿ ਭਾਵ ਗੂੜੀ ਨੀਂਦ ਵਾਲੀ ਅਵਸਥਾ ਜਾਨਣਾ ਕਰੋ।

पीतांबर तुरीयहीं प्रत्यक प्रत्याईयो॥ ५॥

पीतांबर तुरीयही प्रतयक प्रतयाईयो॥ ५॥

ਪੀਤਾਂਬਰ ਜੀ ਕਥਨ ਕਰਦੇ ਹਨ ਕਿ ਜਾਗ੍ਰਤ, ਸੁਪਨ ਅਤੇ ਸੁਖੋਪਤਿ ਅਵਸਥਾ ਤੋਂ ਅਤੀਤ ਚੌਥੀ ਤੁਰੀਯਹੀ=ਤੁਰੀਆ ਭਾਵ ਅਫੁਰ ਗਿਆਨ ਦੀ ਅਵਸਥਾ ਵਿੱਚ ਹੀ ਦ੍ਰਿੜ ਅਪਰੋਕਸ਼ ਗਿਆਨ ਦੁਆਰਾ ਪ੍ਰਤਯਕ=ਅੰਤਰ ਆਤਮਾ ਨੂੰ ਬ੍ਰਹਮ ਤੋਂ ਅਭਿੰਨ ਸਚਿਦਾਨੰਦ ਸਰੂਪ ਦੇ ਅਨੁਭਵ ਦੁਆਰਾ ਪ੍ਰਤਯਾਈਯੋ=ਨਿਸ਼ਚੇ ਕਰੀਦਾ ਹੈ।

त्रै गुण माइआ मोहि विआपे तुरीआ गुण है गुरमुखि लहीआ॥

एक दृसटि सभ सम करि जाणै नदरी आवै सभु ब्रहम पसरीआ॥

(ਬਿਲਾਵਲ ਮ:੪, ਅੰਗ ੮੩੩)

भावाभाव न तहां कछु सपतम तुरीआ माहि॥

मैं तूं तहां न संभवै कहां आहि कहां नाहि॥ १६॥ (ਵਿਚਾਰ ਮਾਲਾ)

ਹੁਣ ਇਸ ਮੂਲ ਪਾਠ ਦੀ ਵਿਚਾਰ ਨੂੰ ਪ੍ਰਸ਼ਨ-ਉੱਤਰਾਂ ਦੇ ਰਾਹੀਂ ਅੱਗੇ ਸਮਝਾਉਂਦੇ ਹਨ :-

ਪ੍ਰਸ਼ਨ ੧੦੭ . ਤਿੰਨ ਅਵਸਥਾ ਕਿਹੜੀਆਂ ਹਨ?

ਉੱਤਰ : (੧) ਜਾਗ੍ਰਤ[੧] (੨) ਸ੍ਵਪਨ[੨] ਅਤੇ (੩) ਸੁਸ਼ੁਪਤੀ[੩]। ਇਹ ਤਿੰਨ ਅਵਸਥਾ ਹਨ।

(੧) ਸੁਪਨ ਅਤੇ ਸੁਖੋਪਤਿ ਤੋਂ ਭਿੰਨ ਇੰਦ੍ਰੇਯ-ਜਨਯ (ਇੰਦ੍ਰੀਆਂ ਤੋਂ ਉਤਪੰਨ) ਗਿਆਨ ਦਾ ਅਤੇ ਇੰਦ੍ਰੇਯ ਤੋਂ ਜਨਯ (ਪੈਦਾ) ਗਿਆਨ ਦੇ ਸੰਸਕਾਰ ਦਾ ਆਧਾਰ ਕਾਲ ਸੋ ਜਾਗ੍ਰਤ ਅਵਸਥਾ ਕਹੀਏ ਹੈ।

(੨) ਇੰਦ੍ਰੇਯ ਤੋਂ ਅਜਨਯ (ਨਾ ਪੈਦਾ ਹੋਣ ਵਾਲੇ) ਵਿਸ਼ਯਗੋਚਰ ਭਾਵ ਸ਼ਬਦ, ਸਪਰਸ਼, ਰੂਪ ਆਦਿ ਵਿਸ਼ਿਆਂ ਦੇ ਅਧੀਨ ਗੋਚਰ=ਨਿਰੰਤਰ ਚਲਣ ਵਾਲੇ ਅੰਤਹਕਰਣ ਦੀ ਅਪਰੋਕਸ਼ (ਪ੍ਰਤੱਖ) ਵ੍ਰਿਤੀ ਦਾ ਕਾਲ ਸੁਪਨ ਅਵਸਥਾ ਕਹੀਏ ਹੈ।

(੩) ਸੁਖਗੋਚਰ (ਸੁਖ ਵਿੱਚ ਗੋਚਰ=ਗਮਨ ਕਰਨ ਵਾਲੀ) ਅਤੇ ਅਵਿਦਿਆਗੋਚਰ ਅਗਿਆਨ ਦੀ ਗਮਤਾ ਵਾਲੀ ਅਵਿਦਿਆ ਦੀ ਵ੍ਰਿਤੀ ਦਾ ਕਾਲ ਸੁਸ਼ੁਪਤੀ ਅਥਵਾ ਸੁਖੋਪਤਿ ਅਵਸਥਾ ਕਹੀਏ ਹੈ।

॥ ੧ ॥ ਜਾਗ੍ਰਤ ਅਵਸਥਾ ਦਾ ਮੈਂ ਸਾਕਸ਼ੀ ਹਾਂ॥

ਪ੍ਰਸ਼ਨ ੧੦੮. ਜਾਗ੍ਰਤ ਅਵਸਥਾ ਸੋ ਕੀ ਹੈ?

ਉੱਤਰ : (੧) ਚੌਦਾ ਇੰਦ੍ਰੇਯ ਅਧਯਾਤਮ[੪] ਹਨ।

(੨) ਇਨ੍ਹਾਂ ਦੇ ਚੌਦਾਂ ਦੇਵਤੇ ਅਧੀਦੇਵ[੫] ਹਨ।

(੩) ਇਨ੍ਹਾਂ ਦੇ ਚੌਦਾ ਵਿਸ਼ੇ ਅਧੀਭੂਤ[੬] ਹਨ।

ਇਨ੍ਹਾਂ (੪੨) ਬਤਾਲੀ ਤੱਤਾ ਨਾਲ ਜਿਸ ਵਿੱਚ ਵਿਵਹਾਰ ਹੋਵੇ ਸੋ ਜਾਗ੍ਰਤ[੭] ਅਵਸਥਾ ਹੈ॥

(੪) ਆਤਮਾ ਨੂੰ ਆਸ਼੍ਰਯ (ਆਧਾਰ) ਕਰਕੇ ਵਰਤਮਾਨ ਜੋ ਇੰਦ੍ਰਯਾਦਿਕ। ਸੋ ਅਧਯਾਤਮ ਕਹੀਏ ਹੈ।

(੫) ਸ੍ਵੈ-ਸੰਘਾਤ (ਇਕੱਠ) ਭਾਵ ਸਰੀਰ ਤੋਂ ਭਿੰਨ ਹੋਵੇ ਅਤੇ ਨੇਤ੍ਰਾਦਿਕ ਇੰਦ੍ਰੇਯਾ ਦਾ ਅਵਿਸ਼ਾ (ਵਿਸ਼ਾ ਨਾ ਹੋਵੇ)। ਸੋ ਅਧੀਦੇਵ ਕਹੀਏ ਹੈ।

(੬) ਸ੍ਵੈ-ਸੰਘਾਤ ਤੋਂ ਭਿੰਨ ਹੋਵੇ ਅਤੇ ਨੇਤ੍ਰਾਦਿਕ ਇੰਦ੍ਰੇਯਾ ਦਾ ਵਿਸ਼ਾ ਹੋਵੇ। ਸੋ ਅਧੀਭੂਤ ਕਹੀਏ ਹੈ॥

(੭) ਇਹ ਸਥੂਲ ਦ੍ਰਿਸ਼ਟੀ ਵਾਲੇ ਪੁਰਸ਼ ਦੇ ਜਾਨਣਯੋਗ ਜਾਗ੍ਰਤ ਦਾ ਲਕਛਣ ਕਥਨ ਕੀਤਾ ਹੈ ਭਾਵ ਜੋ ਜੀਵ ਪ੍ਰਪੰਚ ਵਿੱਚ ਅਤਿਅੰਤ ਗ੍ਰਸਤ ਹੈ ਤਿਸਨੂੰ ਸਮਝਾਉਣ ਲਈ ੪੨ ਤੱਤਾ ਦਾ ਵਿਵਹਾਰ ਜਾਗ੍ਰਤ ਵਿਖੇ ਆਖਿਆ ਹੈ। ਪਰੰਤੂ ਵਾਸਤਵ ਵਿੱਚ ਸੰਸਾਰ ਦੀ ਜਾਗ੍ਰਤ ਅਵਸਥਾ ਵੀ ਸੁਪਨ ਸੁਦਰਸ਼ ਹੈ ਕਿਉਂਕਿ :-

ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ॥ (ਆਸਾ ਭਗਤ ਕਬੀਰ ਜੀ, ਅੰਗ ੪੮੨)

ਤਿਵੇਂ ਹੀ ਸੁਪਨ ਅਤੇ ਸੁਖੋਪਤਿ ਦੇ ਲਕਛਣਾ ਵਿਖੇ ਵੀ ਜਾਨਣਾ॥

ਪ੍ਰਸ਼ਨ ੧੦੯. ਚੌਦਾਂ ਇੰਦ੍ਰਿਯਾ ਕਿਹੜੀਆਂ ਹਨ ?

ਉੱਤਰ : (੧-੫) ਗਯਾਨ[੮] ਇੰਦ੍ਰੇਯ ਪੰਜ :- (੧) ਸ਼੍ਰੋਤ੍ਰ (੨) ਤ੍ਵਚਾ (੩) ਚਕਸ਼ੁ (੪) ਜਿਹਵਾ ਅਤੇ

(੫) ਘ੍ਰਾਣ।

(੬-੧੦) ਕਰਮ[੯] ਇੰਦ੍ਰੇਯ ਪੰਜ :- (੬) ਵਾਕ (੭) ਪਾਣਿ (੮) ਪਾਦ (੯) ਉਪਸਥ ਅਤੇ (੧੦) ਗੁਦਾ।

(੧੧-੧੪) ਅੰਤਹਕਰਣ[੧੦] ਚਾਰ ਭੇਦ :- (੧੧) ਮਨ (੧੨) ਬੁੱਧੀ (੧੩) ਚਿਤ ਅਤੇ (੧੪) ਅਹੰਕਾਰ।

ਇਹ ਚੌਦਾਂ ਇੰਦ੍ਰੇਯ ਅਧਯਾਤਮ ਹਨ।

(੮) ਪੰਨਾ ੭੬ ਤੇ ਪ੍ਰਸ਼ਨ ੬੧ ਪੜ੍ਹੋ।

(੯) ਪੰਨਾ ੭੭ ਤੇ ਪ੍ਰਸ਼ਨ ੬੨ ਪੜ੍ਹੋ।

(੧੦) ਪੰਨਾ ੭੭ ਤੇ ਟੂਕ (੧੧੨) ਪੜ੍ਹੋ।

ਪ੍ਰਸ਼ਨ ੧੧੦. ਚੌਦਾਂ ਇੰਦ੍ਰਿਯਾ ਦੇ ਚੌਦਾਂ ਦੇਵਤੇ ਕਿਹੜੇ ਹਨ ?

ਉੱਤਰ : (੧-੫) ਪੰਜ ਗਯਾਨ ਇੰਦ੍ਰਿਯਾਂ ਦੇ ਦੇਵਤਾ :-

(੧) ਸ਼੍ਰੋਤ੍ਰ (ਕੰਨ) ਇੰਦ੍ਰੇਯ ਦਾ ਦੇਵਤਾ = ਦਿਸ਼ਾ[੧੧]।

(੨) ਤ੍ਵਚਾ (ਚਮੜੀ) ਇੰਦ੍ਰੇਯ ਦਾ ਦੇਵਤਾ = ਵਾਯੂ।

(੩) ਚਕਸ਼ੁ (ਨੇਤ੍ਰ) ਇੰਦ੍ਰੇਯ ਦਾ ਦੇਵਤਾ = ਸੂਰਜ।

(੪) ਜਿਹਵਾ (ਰਸਨਾ) ਇੰਦ੍ਰੇਯਾ ਦਾ ਦੇਵਤਾ = ਵਰੁਣ।

(੫) ਘ੍ਰਾਣ (ਨੱਕ) ਇੰਦ੍ਰੇਯ ਦਾ ਦੇਵਤਾ = ਅਸ਼ਵਿਨੀ ਕੁਮਾਰ।

(੬-੧੦) ਪੰਜ ਕਰਮ ਇੰਦ੍ਰਿਯਾ ਦੇ ਦੇਵਤਾ :-

(੬) ਵਾਕ (ਜੁਬਾਨ) ਇੰਦ੍ਰੇਯ ਦਾ ਦੇਵਤਾ = ਅਗਨੀ।

(੭) ਹਸਤ (ਹੱਥ) ਇੰਦ੍ਰੇਯ ਦਾ ਦੇਵਤਾ = ਇੰਦ੍ਰ।

(੮) ਪਾਦ (ਪੈਰ) ਇੰਦ੍ਰੇਯ ਦਾ ਦੇਵਤਾ = ਵਾਮਨ ਜੀ।

(੯) ਉਪਸਥ (ਸ਼ਿਸ਼ਨ) ਇੰਦ੍ਰੇਯ ਦਾ ਦੇਵਤਾ = ਪ੍ਰਜਾਪਤੀ।

(੧੦) ਗੁਦਾ (ਮਲ ਤਿਆਗ) ਇੰਦ੍ਰੇਯ ਦਾ ਦੇਵਤਾ = ਯਮ।

(੧੧-੧੪) ਅੰਤਹਕਰਣ[੧੨] ਦੇ ਚਾਰ ਭੇਦਾਂ ਦੇ ਦੇਵਤਾ :-

(੧੧) ਮਨ ਇੰਦ੍ਰੇਯ ਦਾ ਦੇਵਤਾ = ਚੰਦ੍ਰਮਾ।

(੧੨) ਬੁਧੀ ਇੰਦ੍ਰੇਯ ਦਾ ਦੇਵਤਾ = ਬ੍ਰਹਮਾ।

(੧੩) ਚਿਤ ਇੰਦ੍ਰੇਯ ਦਾ ਦੇਵਤਾ = ਵਾਸੁਦੇਵ।

(੧੪) ਅਹੰਕਾਰ ਇੰਦ੍ਰੇਯ ਦਾ ਦੇਵਤਾ = ਰੁਦ੍ਰ।

ਇਹ ਚੌਦਾਂ ਦੇਵਤੇ ਅਧੀਦੇਵ ਹਨ॥

(੧੧) ਦਿਕਪਾਲ

(੧੨) ਅੰਤਹ=ਅੰਤਰ+ਕਰਣ=ਇੰਦ੍ਰੇਯ (ਅੰਤਹਕਰਣ)

ਪ੍ਰਸ਼ਨ ੧੧੧. ਚੌਦਾਂ ਇੰਦ੍ਰਿਯਾ ਦੇ ਚੌਦਾਂ ਵਿਸ਼ਯ ਕਿਹੜੇ ਹਨ?

ਉੱਤਰ : (੧-੫) ਪੰਜ ਗਯਾਨ ਇੰਦ੍ਰਿਯਾ ਦੇ ਵਿਸ਼ਯ :-

(੧) ਸ਼ਬਦ (੨) ਸਪਰਸ਼ (੩) ਰੂਪ (੪) ਰਸ (੫) ਗੰਧ

(੬-੧੦) ਪੰਜ ਕਰਮ ਇੰਦ੍ਰਿਯਾ ਦੇ ਵਿਸ਼ਯ :-

(੬) ਵਚਨ[੧੩] (੭) ਆਦਾਨ-ਪ੍ਰਦਾਨ[੧੪] (੮) ਗਮਨ[੧੫] (੯) ਵਿਸ਼ੇ-ਭੋਗ (ਮੈਥੁਨ) (੧੦) ਮਲ ਤਿਆਗ।

(੧੧-੧੪) ਅੰਤਹਕਰਣ ਦੇ ਚਾਰ ਭੇਦਾਂ ਦੇ ਵਿਸ਼ਯ :-

(੧੧) ਸੰਕਲਪ[੧੬] ਵਿਕਲਪ (੧੨) ਨਿਸ਼ਚਯ (੧੩) ਚਿੰਤਨ (੧੪) ਅਹੰਪਨਾ

ਇਹ ਚੌਦਾਂ ਵਿਸ਼ਯ ਅਧੀਭੂਤ ਹਨ॥

(੧੩) ਬਚਨ ਬੋਲਣੇ

(੧੪) ਆਦਾਨ=ਲੈਣਾ, ਪ੍ਰਦਾਨ=ਦੇਣਾ

(੧੫) ਜਾਣਾ

(੧੬) ਮਨ ਦਾ ਵਿਸ਼ਾ ਸੰਕਲਪ-ਵਿਕਲਪ ਨਹੀਂ। ਪਰੰਤੂ ਜਿਸ ਵਸਤੂ ਦਾ ਸੰਕਲਪ ਹੋਵੇ, ਸੋ ਵਸਤੂ ਵਿਸ਼ਾ ਹੈ। ਤਿਵੇਂ ਹੀ ਬੁੱਧੀ, ਚਿਤ, ਅਹੰਕਾਰ ਅਤੇ ਕਰਮ ਇੰਦ੍ਰੀਆਂ ਵਿੱਚ ਵੀ ਜਾਨਣਾ॥

ਪ੍ਰਸ਼ਨ ੧੧੨. ਅਧਯਾਤਮ, ਅਧੀਦੇਵ, ਅਧੀਭੂਤ ਇਹ ਤਿੰਨ-ਤਿੰਨ ਮਿਲਕੇ ਕੀ ਕਹੀਦੇ ਹਨ?

ਉੱਤਰ : ਅਧਯਾਤਮਾਦਿਕ ਤਿੰਨ-ਪੁਟ (ਅਕਾਰ) ਮਿਲਕੇ ਤ੍ਰਿਪੁਟੀ ਕਹੀਏ ਹੈ॥

ਪ੍ਰਸ਼ਨ ੧੧੩ ਚੌਦਾਂ ਤ੍ਰਿਪੁਟੀ ਕਿਸ ਰੀਤ ਨਾਲ ਜਾਨਣੀ?

ਉੱਤਰ : (੧-੫) ਗਯਾਨ ਇੰਦ੍ਰਿਯਾ ਦੀ ਤ੍ਰਿਪੁਟੀ :-

	ਇੰਦ੍ਰੇਯ	**ਦੇਵਤਾ**	**ਵਿਸ਼ਯ**
	ਅਧਯਾਤਮ	**ਅਧੀਦੈਵ**	**ਅਧੀਭੂਤ**
(੧)	ਸ਼੍ਰੋਤ੍ਰ	ਦਿਸ਼ਾ	ਸ਼ਬਦ
(੨)	ਤ੍ਵਚਾ	ਵਾਯੂ	ਸਪਰਸ਼
(੩)	ਚਕਸ਼ੁ	ਸੂਰਜ	ਰੂਪ
(੪)	ਜਿਹਵਾ	ਵਰੁਣ	ਰਸ
(੫)	ਘ੍ਰਾਣ	ਅਸ਼ਵਿਨੀ ਕੁਮਾਰ	ਗੰਧ

(੬-੧੦) ਕਰਮ ਇੰਦ੍ਰਿਯਾ ਦੀ ਤ੍ਰਿਪੁਟੀ :-

	ਇੰਦ੍ਰੇਯ	**ਦੇਵਤਾ**	**ਵਿਸ਼ਯ**
	ਅਧਯਾਤਮ	**ਅਧੀਦੈਵ**	**ਅਧੀਭੂਤ**
(੬)	ਵਾਕ	ਅਗਨੀ	ਵਚਨ ਕਿਰਿਆ

(੭)	ਹਸਤ	ਇੰਦ੍ਰ	ਲੈਣਾ-ਦੇਣਾ
(੮)	ਪਾਦ	ਵਾਮਨ ਜੀ	ਗਮਨ (ਜਾਣਾ)
(੯)	ਉਪਸਥ	ਪ੍ਰਜਾਪਤੀ	ਮੈਥੁਨ (ਵਿਸ਼ੇ ਭੋਗ)
(੧੦)	ਗੁਦਾ	ਯਮ	ਮਲ ਤਿਆਗ

(੧੧-੧੪) ਅੰਤਹਕਰਣ ਦੀ ਤ੍ਰਿਪੁਟੀ :-

	ਇੰਦ੍ਰੇਯ	**ਦੇਵਤਾ**	**ਵਿਸ਼ਯ**
	ਅਧਯਾਤਮ	**ਅਧੀਦੈਵ**	**ਅਧੀਭੂਤ**
(੧੧)	ਮਨੀ	ਚੰਦ੍ਰਮਾ	ਸੰਕਲਪ-ਵਿਕਲਪ
(੧੨)	ਬੁੱਧੀ	ਬ੍ਰਹਮਾ	ਨਿਸ਼ਚਾ
(੧੩)	ਚਿੱਤ	ਵਾਸੁਦੇਵ	ਚਿੰਤਨ
(੧੪)	ਅਹੰਕਾਰ	ਰੁਦ੍ਰ	ਅਹੰਪਨਾ

ਇਸ ਰੀਤ ਨਾਲ ਚੌਦਾਂ ਤ੍ਰਿਪੁਟੀ ਜਾਨਣੀ॥

ਪ੍ਰਸ਼ਨ ੧੧੪. ਇਨ੍ਹਾਂ ਤ੍ਰਿਪੁਟੀਆਂ ਦਾ ਕੀ ਸੁਭਾਅ ਹੈ?

ਉੱਤਰ : ਤਿੰਨ-ਤਿੰਨ ਪਦਾਰਥਾਂ ਦੀ ਜੋ ਤ੍ਰਿਪੁਟੀ ਹੈ ਇਨ੍ਹਾਂ ਵਿਚੋਂ ਇੱਕ ਵੀ ਪਦਾਰਥ ਨਾ ਹੋਵੇ ਤਾਂ ਤਿਸ ਤ੍ਰਿਪੁਟੀ ਦਾ ਵਿਵਹਾਰ ਨਹੀਂ ਚਲਦਾ। ਜਿਵੇਂ :-

੧. ਇੰਦ੍ਰੇਯ ਅਤੇ ਦੇਵਤਾ ਹੋਵੇ ਅਤੇ ਤਿਸਦਾ ਵਿਸ਼ਯ ਨ ਹੋਵੇ ਤਾਂ ਵੀ ਵਿਵਹਾਰ ਨਹੀਂ ਚਲਦਾ।

੨. ਵਿਸ਼ਯ ਅਤੇ ਇੰਦ੍ਰੇਯ ਹੋਣ ਪਰੰਤੂ ਦੇਵਤਾ ਨਾ ਹੋਵੇ ਤਾਂ ਵੀ ਵਿਵਹਾਰ ਨਹੀਂ ਚਲਦਾ।

ਇਸ ਤਰ੍ਹਾਂ ਸਾਰੀਆਂ ਤ੍ਰਿਪੁਟੀਆਂ ਵਿਸ਼ੇ ਜਾਨਣਾ॥

ਪ੍ਰਸ਼ਨ ੧੧੫. ਮੇਰਾ ਕੀ ਸੁਭਾਅ ਹੈ। ਇਹ ਕਿਸ ਤਰ੍ਹਾਂ ਜਾਨਣਾ?

ਉੱਤਰ : (੧) ਤ੍ਰਿਪੁਟੀ ਪੂਰਣ ਹੋਵੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਤ੍ਰਿਪੁਟੀ ਅਪੂਰਣ ਹੋਵੇ ਤਿਸਨੂੰ ਵੀ ਮੈਂ ਜਾਣਦਾ ਹਾਂ।

(੩) ਤਿਵੇਂ ਹੀ ਤ੍ਰਿਪੁਟੀ ਨਾਲ ਵਿਵਹਾਰ[੧੭] ਚਲੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੪) ਵਿਵਹਾਰ ਨਾ ਚਲੇ ਤਿਸਨੂੰ ਵੀ ਮੈਂ ਜਾਣਦਾ ਹਾਂ।

ਇਹ ਮੇਰਾ ਸੁਭਾਅ ਹੈ। ਇਹ ਜਾਨਣਾ॥

(੧੭) ਕੰਮ-ਕਾਰ

ਪ੍ਰਸ਼ਨ ੧੧੬. ਇਸ ਕਥਨ ਨਾਲ ਕੀ ਸਿੱਧ ਹੋਇਆ ?

ਉੱਤਰ : ਤ੍ਰਿਪਟੀ ਨਾਲ ਜਿਸ ਵਿਚ ਵਿਵਹਾਰ ਚਲਦਾ ਹੈ,ਐਸੀ ਜਾਗ੍ਰਤ ਅਵਸਥਾ ਹੈ। ਇਹ ਸਿੱਧ ਹੋਇਆ॥

ਪ੍ਰਸ਼ਨ ੧੧੭. ਜਾਗ੍ਰਤ ਅਵਸਥਾ ਵਿੱਚ ਜੀਵ ਦਾ ਸਥਾਨ, ਵਾਚਾ, ਭੋਗ, ਸ਼ਕਤੀ, ਗੁਣ ਅਤੇ ਜਾਗ੍ਰਤ ਦੇ ਅਭਿਮਾਨ ਨਾਲ ਜੀਵ ਦਾ ਨਾਮ ਕੀ ਹੈ?

ਉੱਤਰ : ਜਾਗ੍ਰਤ ਅਵਸਥਾ ਵਿੱਚ ਜੀਵ ਦਾ :-

(੧) ਨੇਤ੍ਰ ਸਥਾਨ[੧੮] ਹੈ।

(੨) ਵੈਖਰੀ ਵਾਚਾ[੧੯] ਹੈ।

(੩) ਸਥੂਲ[੨੦] ਭੋਗ[੨੧] ਹੈ।

(੪) ਕਿਰਿਆ[੨੨] ਕਰਨੀ ਸ਼ਕਤੀ ਹੈ।

(੫) ਰਜੋ ਗੁਣ[੨੩] ਹੈ ਅਤੇ

(੬) ਜਾਗ੍ਰਤ ਦੇ ਅਭਿਮਾਨ ਨਾਲ 'ਵਿਸ਼ਵ' ਨਾਮ ਹੈ॥

(੧੮) ਭਾਵੇਂ ਕਿ ਜਾਗ੍ਰਤ ਅਵਸਥਾ ਵਿੱਚ ਚਿਦਾਭਾਸ ਰੂਪ ਜੀਵ ਦੇ ਨਹੁੰ ਤੋਂ ਲੈ ਕੇ ਸਿਰ ਦੀ ਚੋਟੀ ਪ੍ਰਯੰਤ (ਤੱਕ) ਸਾਰੇ ਸਰੀਰ ਵਿੱਚ ਚੇਤਨ ਸੱਤਾ ਵਿਆਪਤ ਹੈ। ਤਾਂ ਵੀ ਮੁੱਖਤਾ ਕਰਕੇ ਨੇਤ੍ਰਾਂ ਵਿੱਚ ਨਿਵਾਸ ਹੈ। ਇਸ ਲਈ ਨੇਤ੍ਰ ਸਥਾਨ ਕਿਹਾ ਹੈ।

(੧੯) ਵਾਚਾ = ਬਾਣੀ

ਚਾਰ ਪ੍ਰਕਾਰ ਦੀਆਂ ਬਾਣੀਆਂ :-

ਦੋਹਰਾ :- ਪਰਾ ਪਸ਼ੰਤੀ ਮੱਧਮਾ ਚਉਥੀ ਬੈਖਰੀ ਆਹਿ॥
ਬਾਣੀ ਚਹੁੰ ਪ੍ਰਕਾਰ ਕੀ ਨਾਮ ਜਪਤ ਸਫਲਾਹਿ॥ ੧੯॥ (ਛੱਤੀਸ ਗਿਆਨ)

(੧) ਪਰਾ :- ਜੋ ਨਾਭੀ ਵਿੱਚ ਫੁਰਨਾ ਰੂਪ ਹੋ ਕੇ ਫੁਰਦੀ ਹੈ।

(੨) ਪਸੰਤੀ :- ਨਾਭੀ ਵਿਚੋਂ ਉੱਠ ਕੇ ਹਿਰਦੇ 'ਚ ਧੁਨੀ ਰੂਪ ਹੋ ਕੇ ਸ਼ਬਦਾਂ ਦੀ ਜੋ ਅਵਾਜ਼ ਆਉਂਦੀ ਹੈ।

(੩) ਮੱਧਮਾ :- ਹਿਰਦੇ ਤੋਂ ਕੰਠ 'ਚ ਆਇਆ ਸ਼ਬਦ ਭਾਵ ਜਿਵੇਂ ਬਾਬਾ ਮੋਹਨ ਜੀ ਦਾ ਕੰਠ ਵਿੱਚ ਜਾਪ ਹੁੰਦਾ ਸੀ।

(੪) ਬੈਖਰੀ :- ਮੁੱਖ 'ਚੋਂ ਉਚਾਰਣ ਹੋਇਆ ਸ਼ਬਦ।

ਇਹ ਚਾਰ ਬਾਣੀਆਂ ਹੀ ਨਹੀਂ ਸਗੋਂ ਹੋਰ ਕਿਤਨੀਆਂ ਹੀ ਬਾਣੀਆਂ ਹਨ :-

ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥

(ਜਪੁ ਜੀ ਸਾਹਿਬ, ਅੰਗ ੭)

(੨੦) ਪ੍ਰਤੱਖ ਦ੍ਰਿਸ਼ਟੀ ਦਾ ਵਿਸ਼ਾ ਮਾਇਕੀ ਪਦਾਰਥ।

(੨੧) ਭੋਗ=ਸੁਖ-ਦੁੱਖ ਦਾ ਅਨੁਭਵ।

ਸੁਖ ਦੁਖ ਕੋ ਜੋ ਅਨੁਭਵ ਰੂਪ।
ਬਿਧ੍ਰ ਕਿਧੌਂ ਲਘੁ ਕਰਨ ਅਨੂਪ।
ਇਸ ਕੋ ਨਾਮ ਭੋਗ ਬੁਧਿ ਕਹੈ।
ਚੌਦਹਿ ਲੋਕ ਬਿਧੈ ਜਨ ਲਹੈ॥ ੨੬॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਰੁਤਿ ੫ ਅੰਸੂ ੪੧)

(੨੨) ਗਿਆਨ ਅਤੇ ਕਰਮ ਇੰਦ੍ਰੀਆ ਦੁਆਰਾ ਕਿਰਿਆ=ਕੰਮਾਂ ਵਿੱਚ ਪ੍ਰਵਿਰਤੀ।

(੨੩) ਮਾਇਆ ਦੇ ਤਿੰਨ ਗੁਣ ਹਨ :- ਸਤੋ ਗੁਣ, ਰਜੋ ਗੁਣ ਅਤੇ ਤਮੋ ਗੁਣ

ਰਜ ਗੁਣ ਤਮ ਗੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥

(ਕੇਦਾਰਾ ਭਗਤ ਕਬੀਰ ਜੀ, ਅੰਗ ੧੧੨੩)

(੧) ਸਤੋ ਗੁਣ :-

ਸਕਲ ਬਸਤ ਕੋ ਗਜਾਨ ਉਰ ਬੁਧਿ ਵਿਮਲ ਜਬ ਹੋਇ॥
ਯਹੀ ਸਤੋਗੁਨ ਜਾਨੀਯੇ ਕਹਤ ਸਿਆਨੇ ਲੋਇ॥ ੪੯॥

(ਅਧਜਾਤਮ ਪ੍ਰਕਾਸ਼)

ਸਾਰੀਆਂ ਵਸਤੂਆਂ ਦਾ ਯਥਾਰਥ ਗਿਆਨ ਹੋਣਾ ਸਤੋ ਗੁਣ ਹੈ। ਤਿੰਨ ਗੁਣਾ ਵਿਚੋਂ ਸਭ ਤੋਂ ਨਿਰਮਲ ਅਤੇ ਪ੍ਰਕਾਸ਼ ਕਰਨ ਵਾਲੇ ਸੁਭਾਅ ਹੋਣ ਨਾਲ, ਸੁਖ ਅਤੇ ਗਿਆਨ ਦੀ ਆਸਕਤੀ (ਪਕੜ) ਦੁਆਰਾ ਇਹ ਗੁਣ ਆਤਮਾ ਨੂੰ ਸਰੀਰ ਵਿੱਚ ਬੰਨਦਾ ਹੈ। ਇਸ ਲਈ ਸਤੋਗੁਣ ਵੀ ਬੰਧਨ ਰੂਪ ਹੈ। ਫਰਕ ਸਿਰਫ ਇੰਨਾ ਹੈ ਕਿ ਸੁਖ ਇੱਕ ਮਾਤ੍ਰ ਪਰਮਾਤਮਾ ਵਿੱਚ ਹੈ ਅਤੇ ਗਿਆਨ ਸਾਕਸ਼ਾਤਕਾਰ ਦਾ ਨਾਮ ਹੈ। ਇਸ ਲਈ ਸਤੋਗੁਣੀ ਜੀਵ ਉਨ੍ਹਾਂ ਤੱਕ ਬੰਨਿਆ ਹੋਇਆ ਹੈ ਜਦੋਂ ਤੱਕ ਪਰਮਾਤਮਾ ਸਾਕਸ਼ਾਤ ਨਹੀਂ ਹੋ ਜਾਂਦਾ।

(੨) ਰਜੋ ਗੁਣ :-

ਲੋਭ ਲੀਏ ਬਿਵਹਾਰ ਜੋ ਸੋ ਰਜਗੁਨ ਪਹਚਾਨ॥

(ਅਧਜਾਤਮ ਪ੍ਰਕਾਸ਼)

ਲਾਲਚ ਵੱਸ ਹੋ ਕੇ ਜੋ ਬਿਵਹਾਰ = ਲੈਣ ਦੇਣ ਰੂਪ ਕੰਮ ਵਿੱਚ ਪ੍ਰਵਿਰਤੀ ਹੋਣੀ ਸੋ ਰਜੋ ਗੁਣ ਹੈ। ਇਹ ਜੀਵ ਨੂੰ ਕਰਮ ਅਤੇ ਉਸ ਦੇ ਫਲ ਦੀ ਆਸਕਤੀ (ਪਕੜ) ਵਿੱਚ ਬੰਨਦਾ ਹੈ ਜਿਸ ਕਰਕੇ ਮਨ ਦੀ ਚੰਚਲਤਾ ਬਣੀ ਰਹਿੰਦੀ ਹੈ।

(੩) ਤਮੋ ਗੁਣ :-

ਆਲਸਜ ਨਿੰਦ੍ਰਾ ਵਿਕਲਤਾ ਮੋਹ ਤਮੋਗੁਨ ਜਾਨ॥ ੫੦॥

(ਅਧਜਾਤਮ ਪ੍ਰਕਾਸ਼)

ਦਲਿੱਦ੍ਰ ਨੀਦ, ਮਨ ਦੀ ਬੇਚੈਨੀ, ਮੋਹ ਦੀ ਉਤਪਤੀ ਇਹ ਤਮੋ ਗੁਣ ਦੇ ਲਕਛਣ ਹਨ। ਇਨ੍ਹਾਂ ਕਰਕੇ ਪਰਮਾਰਥ ਵੱਲ ਨਾ ਵਧਣ ਦਾ ਸੁਭਾਅ, ਕਰਨ-ਯੋਗ ਵਿਸ਼ੇਸ਼ ਕਰਮਾਂ ਵਿੱਚ ਅਪ੍ਰਵਿਰਤੀ, ਅੰਤਹਕਰਣ ਵਿੱਚ ਵਿਅਰਥ ਚੇਸ਼ਟਾਵਾ ਦਾ ਪ੍ਰਵਾਹ ਅਤੇ ਸੰਸਾਰ ਵਿੱਚ ਮੋਹਿਤ ਕਰਨ ਵਾਲੀਆਂ ਪ੍ਰਵਿਰਤੀਆਂ ਦੀ ਉਤਪਤੀ ਹੁੰਦੀ ਹੈ।

ਪ੍ਰਸ਼ਨ ੧੧੮. ਜਾਗ੍ਰਤ ਅਵਸਥਾ ਦੇ ਕਹਿਣ ਨਾਲ ਕੀ ਸਿੱਧ ਹੋਇਆ?

ਉੱਤਰ : (੧) ਇਹ ਜਾਗ੍ਰਤ ਅਵਸਥਾ ਹੋਵੇ ਤਿਸਨੂੰ ਵੀ ਮੈਂ ਜਾਣਦਾ ਹਾਂ ਅਤੇ

(੨) ਸੁਪਨ ਅਤੇ ਸੁਖੋਪਤ ਵਿੱਚ ਨਾ ਹੋਵੇ ਤਾਂ ਤਿਸਦੇ ਅਭਾਵ[੨੪] ਨੂੰ ਵੀ ਮੈਂ ਜਾਣਦਾ ਹਾਂ। ਇਸ ਲਈ ਜਾਗ੍ਰਤ ਅਵਸਥਾ ਮੈਂ ਨਹੀਂ ਅਤੇ ਮੇਰੀ ਨਹੀਂ। ਇਹ ਸਥੂਲ ਦੇਹ ਦੀ ਹੈ। ਮੈਂ ਇਸ ਦਾ ਜਾਨਣਹਾਰਾ ਸਾਕਸ਼ੀ[੨੫] ਘਟ-ਸਾਕਸ਼ੀ[੨੬] ਦੀ ਨਿਆਈ ਇਸ ਤੋਂ ਨਿਆਰਾ ਹਾਂ।

ਇਸ ਰੀਤ ਨਾਲ ਜਾਗ੍ਰਤ ਅਵਸਥਾ ਦਾ ਮੈਂ ਸਾਕਸ਼ੀ ਹਾਂ॥

(੨੪) ਗੈਰ-ਮੌਜੂਦਗੀ

(੨੫) ਪੰਨਾ ੧੦੦ 'ਤੇ ਪੜ੍ਹੋ।

(੨੬) ਘਟ=ਘੜੇ ਰੂਪ ਦ੍ਰਿਸ਼ ਨੂੰ ਦੇਖਣਵਾਲਾ ਸਾਕਸ਼ੀ=ਗਵਾਹ॥

॥ ੨ ॥ ਸ੍ਵਪਨ ਅਵਸਥਾ ਦਾ ਮੈਂ ਸਾਕਸ਼ੀ ਹਾਂ॥

ਪ੍ਰਸ਼ਨ ੧੧੯. ਸ੍ਵਪਨ ਅਵਸਥਾ ਸੋ ਕੀ ਹੈ?

ਉੱਤਰ : ਜਾਗ੍ਰਤ ਅਵਸਥਾ ਵਿੱਚ ਜੋ ਪਦਾਰਥ ਦੇਖੇ ਹੋਣ, ਸੁਣੇ ਹੋਣ, ਭੋਗੇ ਹੋਣ ਉਨ੍ਹਾਂ ਦੇ ਸੰਸਕਾਰ(੨੭) ਵਾਲ ਦੇ ਹਜ਼ਾਰਵੇਂ ਭਾਗ ਵਰਗੀ ਬਰੀਕ ਹਿਤਾਨਾਮਕ(੨੮) ਨਾੜੀ ਜੋ ਕੰਠ ਵਿੱਚ ਹੈ, ਤਿਸ ਵਿੱਚ ਰਹਿੰਦੇ ਹਨ। ਇੱਥੋਂ ਹੀ ਨਿੰਦ੍ਰਾ ਕਾਲ ਵਿੱਚ ਪੰਜ(੨੯) ਵਿਸ਼ੇ ਆਦਿਕ ਪਦਾਰਥਾਂ ਅਤੇ ਉਨ੍ਹਾਂ ਦਾ ਗਿਆਨ ਪੈਦਾ ਹੁੰਦਾ ਹੈ। ਇਨ੍ਹਾਂ ਸੂਖਮ ਸੰਸਕਾਰਾ ਦੁਆਰਾ ਜਿਸ ਵਿੱਚ ਵਿਵਹਾਰ ਹੁੰਦਾ ਹੈ ਸੋ ਸੁਪਨ ਅਵਸਥਾ ਹੈ।

(੨੭) ਗਿਆਨ ਦੀ ਸੂਖਮ ਅੰਸ ਵਾ ਬੀਜ

(੨੮) ਕੁਝ ਗ੍ਰੰਥਾਂ ਵਿੱਚ ਇਸ ਨਾੜੀ ਨੂੰ ਪ੍ਰਤੀਤ ਨਾਮਕ ਨਾੜੀ ਵੀ ਆਖਿਆ ਹੈ।

(੨੯) ਸ਼ਬਦ, ਸਪਰਸ਼, ਰੂਪ, ਰਸ ਅਤੇ ਗੰਧ।

ਪ੍ਰਸ਼ਨ ੧੨੦. ਸ੍ਵਪਨ ਅਵਸਥਾ ਵਿੱਚ ਜੀਵ ਦਾ ਸਥਾਨ, ਵਾਚਾ, ਭੋਗ, ਸ਼ਕਤੀ, ਗੁਣ ਅਤੇ ਸੁਪਨ ਦੇ ਅਭਿਮਾਨ ਨਾਲ ਤਿਸ ਜੀਵ ਦਾ ਨਾਮ ਕੀ ਹੈ?

ਉੱਤਰ : ਸੁਪਨ ਅਵਸਥਾ ਵਿੱਚ ਜੀਵ ਦਾ :-

(੧) ਕੰਠ ਸਥਾਨ ਹੈ।

(੨) ਮਧਮਾ(੩੦) ਵਾਚਾ ਹੈ।

(੩) ਸੂਕਸ਼ਮ ਵਾਸ਼ਨਾਮਯੀ ਭੋਗ ਹੈ।

(੪) ਗਿਆਨ ਸ਼ਕਤੀ ਹੈ।

(੫) ਸਤੋ(੩੧) ਗੁਣ ਹੈ ਅਤੇ

(੬) ਸੁਪਨ ਦੇ ਅਭਿਮਾਨ ਨਾਲ 'ਤੈਜਸ' ਨਾਮ ਹੈ॥

(੩੦) ਪੰਨਾ ੧੦੭ ਤੇ ਟੂਕ (੧੯) ਪੜ੍ਹੋ।

(੩੧) ਕੁਝ ਵਿਦਵਾਨਾਂ ਨੇ ਸੁਪਨ ਅਵਸਥਾ ਵਿੱਚ ਮੁੱਖ ਰਜੋ ਗੁਣ ਵੀ ਆਖਿਆ ਹੈ।
ਤਿੰਨ ਗੁਣ ਵਿਸਤਾਰ ਨਾਲ ਪੰਨਾ ੧੦੮ ਤੇ ਟੂਕ (੨੩) ਤੋਂ ਪੜ੍ਹੋ।

ਪ੍ਰਸ਼ਨ ੧੨੧. ਸੁਪਨ ਅਵਸਥਾ ਦੇ ਕਹਿਣ ਨਾਲ ਕੀ ਸਿੱਧ ਹੋਇਆ?

ਉੱਤਰ : (੧) ਸੁਪਨ ਅਵਸਥਾ ਹੋਵੇ ਤਿਸਨੂੰ ਵੀ ਮੈਂ ਜਾਣਦਾ ਹਾਂ। ਅਤੇ

(੨) ਜਾਗ੍ਰਤ ਅਵਸਥਾ ਅਤੇ ਸੁਖੋਪਤ ਵਿੱਚ ਨਾ ਹੋਵੇ ਤਾਂ ਤਿਸਦੇ ਅਭਾਵ(੩੨) ਨੂੰ ਵੀ ਮੈਂ ਜਾਣਦਾ ਹਾਂ।

ਇਸ ਲਈ ਇਹ ਸੁਪਨ ਅਵਸਥਾ ਮੈਂ ਨਹੀਂ ਅਤੇ ਮੇਰੀ ਨਹੀਂ। ਇਹ ਸੂਕਸ਼ਮ ਦੇਹ ਦੀ ਹੈ। ਮੈਂ ਇਸ ਦਾ ਜਾਨਣਹਾਰਾ ਸਾਕਸ਼ੀ(੩੩) ਘਟ-ਸਾਕਸ਼ੀ(੩੪) ਦੀ ਨਿਆਈ ਇਸ ਤੋਂ ਨਿਆਰਾ ਹਾਂ। ਇਹ ਸੁਪਨ ਅਵਸਥਾ ਦੇ ਕਹਿਣ ਨਾਲ ਸਿੱਧ ਹੋਇਆ ॥

ਇਸ ਰੀਤ ਨਾਲ ਸੁਪਨ ਅਵਸਥਾ ਦਾ ਮੈਂ ਸਾਕਸ਼ੀ ਹਾਂ।

(੩੨) ਗੈਰ-ਮੌਜੂਦਗੀ

(੩੩) ਪੰਨਾ ੧੦੦ 'ਤੇ ਪੜ੍ਹੋ।

(੩੪) ਪੰਨਾ ੧੦੯ ਤੇ ਟੂਕ (੨੬) ਪੜ੍ਹੋ।

॥ ੩ ॥ ਸੁਸ਼ੁਪਤੀ ਅਵਸਥਾ ਦਾ ਮੈਂ ਸਾਕਸ਼ੀ ਹਾਂ ॥

ਪ੍ਰਸ਼ਨ ੧੨੨. ਸੁਸ਼ੁਪਤੀ ਅਵਸਥਾ ਸੋ ਕੀ ਹੈ?

ਉੱਤਰ : ਪੁਰਸ਼ ਜਦੋਂ ਨੀਂਦ ਵਿਚੋਂ ਜਾਗ ਕੇ ਉੱਠੇ ਤਾਂ ਸੁਸ਼ੁਪਤੀ(੩੫) ਵਿਸ਼ੇ (ਵਿੱਚ) ਅਨੁਭਵ ਕੀਤੇ ਸੁਖ ਅਤੇ ਅਗਯਾਨ ਦੀ ਸਿਮ੍ਰਿਤੀ(੩੬) ਕਰਕੇ ਆਖਦਾ ਹੈ ਕਿ :- ''ਅੱਜ ਮੈਂ ਸੁਖ ਵਿੱਚ ਸੁੱਤਾ ਸੀ ਅਤੇ ਕੁਛ ਵੀ ਨਹੀਂ ਜਾਣਦਾ ਸੀ'' ਇਹ ਸੁਖ ਅਤੇ ਅਗਯਾਨ ਦਾ ਪ੍ਰਕਾਸ਼ ਸਾਕਸ਼ੀ(੩੭) ਚੇਤਨ ਰੂਪ ਅਨੁਭਵ ਨਾਲ ਜਿਸ ਵਿੱਚ ਹੁੰਦਾ ਹੈ, ਐਸੀ ਜੋ ਬੁੱਧੀ ਦੀ ਵਿਲਯ(੩੮) ਅਵਸਥਾ ਸੋ ਸੁਸ਼ੁਪਤੀ ਅਵਸਥਾ ਹੈ ॥

(੩੫) ਸੁਖੋਪਤੀ (ਗੂੜੀ ਨੀਂਦ) ਦੀ ਅਵਸਥਾ

(੩੬) ਯਾਦ

(੩੭) ਪੰਨਾ ੧੦੦ ਤੇ ਪੜ੍ਹੋ।

(੩੮) ਲੀਨਤਾ ਵਾ ਸਮਾ ਜਾਣ ਵਾਲੀ ਅਵਸਥਾ ਭਾਵ ਬੁੱਧੀ ਅਗਿਆਨ ਵਿੱਚ ਲੈ ਹੋ ਜਾਂਦੀ ਹੈ।

ਸੁਖਪਤਿ ਇੰਦ੍ਰੀ ਮਨ ਸਹਿਤ ਮਿਲੈ ਅਵਿਦਜਾ ਮਾਹਿ ॥
ਜਾਗਤ ਹ੍ਵੈ ਤਬ ਕਹਤ ਹੈ ਆਜ ਕਛੂ ਸੁਧ ਨਾਹਿ ॥ ੧੦੭ ॥

ਸੁਪਨੋਈ ਦੇਖਯੋ ਨ ਕਛੁ ਸੋਇ ਗਯੋ ਇਹ ਰੀਤ ॥
ਯਹ ਜਾਨੀ ਜਿਹ ਜਾਨਤੇ ਯਹੀ ਗਯਾਨ ਕੀ ਨੀਤ ॥ ੧੦੮ ॥

(ਅਧਯਾਤਮ ਪ੍ਰਕਾਸ਼)

ਪ੍ਰਸ਼ਨ ੧੨੩. ਸੁਸ਼ੁਪਤੀ ਅਵਸਥਾ ਵਿਸ਼ੇ ਜੀਵ ਦਾ ਸਥਾਨ, ਵਾਚਾ, ਭੋਗ, ਸ਼ਕਤੀ, ਗੁਣ ਅਤੇ ਸੁਸ਼ੁਪਤੀ ਦੇ ਅਭਿਮਾਨ ਨਾਲ ਤਿਸ ਜੀਵ ਦਾ ਨਾਮ ਕੀ ਹੈ?

ਉੱਤਰ : ਸੁਸ਼ੁਪਤੀ ਅਵਸਥਾ ਵਿੱਚ ਜੀਵ ਦਾ :-

(੧) ਹਿਰਦਾ ਸਥਾਨ ਹੈ।

(੨) ਪਸੰਤੀ(੩੯) ਵਾਚਾ ਹੈ।

(੩) ਆਨੰਦ ਭੋਗ ਹੈ।

(੪) ਦ੍ਰਵਯ[੪੦] ਸ਼ਕਤੀ ਹੈ।

(੫) ਤਮੋ[੪੧] ਗੁਣ ਹੈ। ਅਤੇ

(੬) ਸੁਸ਼ੁਪਤੀ ਦੇ ਅਭਿਮਾਨ ਨਾਲ 'ਪ੍ਰਾਗਜ' ਨਾਮ ਹੈ।

(੩੯) ਪੰਨਾ ੧੦੭ ਤੇ ਟੂਕ(੧੬) ਪੜ੍ਹੋ।

(੪੦) ਦ੍ਰਵਯ = ਮਾਯਾ ਭਾਵ ਮਾਯਾਵੀ ਸ਼ਕਤੀ।

(੪੧) ਪੰਨਾ ੧੦੮ ਤੇ ਟੂਕ (੨੩) ਪੜ੍ਹੋ।

ਪ੍ਰਸ਼ਨ ੧੨੪ ਸੁਸ਼ੁਪਤੀ ਅਵਸਥਾ ਵਿਸ਼ੇ ਦ੍ਰਿਸ਼ਟਾਂਤ ਕੀ ਹੈ?

ਉੱਤਰ : ਪ੍ਰਥਮ ਦ੍ਰਿਸ਼ਟਾਂਤ :-

(੧) ਜਿਵੇਂ ਕਿਸੇ ਦਾ ਭੂਸ਼ਣ[੪੨] ਕੂਪ[੪੩] ਵਿਸ਼ੇ[੪੪] ਡਿੱਗ ਗਿਆ ਹੋਵੇ ਤਾਂ ਤਿਸਨੂੰ ਕੱਢਣ ਵਾਸਤੇ ਕੋਈ ਤਾਰੂ-ਪੁਰਸ਼[੪੫] ਕੂਪ ਵਿਸ਼ੇ ਜਾਂਦਾ ਹੈ।

(੨) ਪਰੰਤੂ ਕਹਿਣ ਦਾ ਸਾਧਨ ਜੋ ਵਾਕ ਇੰਦ੍ਰੇਯ ਹੈ ਤਿਸ ਦੇ ਦੇਵਤਾ ਅਗਨੀ ਦਾ ਜਲ ਦੇ ਨਾਲ ਵਿਰੋਧ ਹੋਣ ਕਰਕੇ ਤਿਰੋਧਾਨ[੪੬] ਹੁੰਦਾ ਹੈ। ਇਸ ਲਈ ਤਾਰੂ-ਪੁਰਸ਼ ਮੁੱਖ ਤੋਂ ਕੁਝ ਕਹਿੰਦਾ ਨਹੀਂ। ਅਤੇ

(੩) ਜਦੋਂ ਪੁਰਸ਼ ਜਲ ਤੋਂ ਬਾਹਰ ਨਿਕਲਦਾ ਹੈ ਤਾਂ ਕਹਿਣ ਦਾ ਸਾਧਨ ਦੇਵਤਾ ਸਹਿਤ ਵਾਕ ਇੰਦ੍ਰੇਯ ਹੈ। ਇਸ ਲਈ ਭੂਸ਼ਣ ਮਿਲਿਆ ਅਥਵਾ ਨਹੀਂ ਮਿਲਿਆ ਸੋ ਆਖਦਾ ਹੈ।

ਸਿਧਾਂਤ :- ਤਿਵੇਂ ਹੀ :-

(੧) ਸੁਖੋਪਤ ਅਵਸਥਾ ਵਿੱਚ ਸੁਖ ਅਤੇ ਅਗਯਾਨ ਦਾ ਸਾਕਸ਼ੀ (ਗਵਾਹ) ਚੇਤਨ ਰੂਪ ਸਾਮਾਨਯ[੪੭] ਗਯਾਨ ਹੈ।

(੨) ਪਰੰਤੂ ਵਿਸ਼ੇਸ਼ ਗਯਾਨ ਦੇ ਸਾਧਨ ਜੋ ਇੰਦ੍ਰੇਯ ਅਤੇ ਅੰਤਹਕਰਣ ਇਨ੍ਹਾਂ ਦਾ ਅਭਾਵ ਹੈ। ਇਸ ਲਈ ਸੁਖ ਅਤੇ ਅਗਯਾਨ ਦਾ ਵਿਸ਼ੇਸ਼ ਗਿਆਨ ਹੁੰਦਾ ਨਹੀਂ।

(੩) ਜਦੋਂ ਪੁਰਸ਼ ਜਾਗਦਾ ਹੈ ਤਾਂ ਵਿਸ਼ੇਸ਼ ਗਿਆਨ ਦੇ ਸਾਧਨ ਇੰਦ੍ਰੇਯ ਅਤੇ ਅੰਤਹਕਰਣ ਹੁੰਦੇ ਹਨ। ਇਸ ਲਈ ਸੁਸ਼ੁਪਤੀ ਵਿੱਚ ਅਨੁਭਵ ਕੀਤੇ ਸੁਖ ਅਤੇ ਅਗਿਆਨ ਦਾ ਸਮ੍ਰਿਤੀ[੪੮] ਰੂਪ ਵਿਸ਼ੇਸ਼ ਗਯਾਨ ਹੁੰਦਾ ਹੈ॥

ਦ੍ਵੀਤੀਯ ਦ੍ਰਿਸ਼ਟਾਂਤ :- ਜਿਵੇਂ :

(੧) ਆਤਪ[੪੯] ਵਿਸ਼ੇ ਪਿਗਲਿਆ ਘ੍ਰਿਤ[੫੦] ਹੋਵੇ।

(੨) ਸੋ ਛਾਯਾਂ ਵਿਸ਼ੇ ਸਥਿਤ ਹੋਵੇ ਤਾਂ ਗੱਠਾ[੫੧] ਰੂਪ ਹੁੰਦਾ ਹੈ।

(੩) ਦੁਬਾਰਾ ਆਤਪ ਵਿਸ਼ੇ ਸਥਿਤ ਹੋਵੇ ਤਾਂ ਪਿਗਲਦਾ ਹੈ॥

ਸਿਧਾਂਤ :- ਤਿਵੇਂ :

(੧) ਸੁਖੋਪਤੀ ਵਿਸ਼ੇ ਕਾਰਣ ਸਰੀਰ ਰੂਪ ਅਗਯਾਨ ਹੈ।

(੨) ਸੋ ਜਾਗ੍ਰਤ, ਸੁਪਨ ਵਿਸ਼ੇ ਬੁੱਧੀ ਰੂਪ ਹੁੰਦੀ ਹੈ।

(੩) ਫਿਰ ਸੁਸ਼ੁਪਤੀ ਵਿਸ਼ੇ ਅਗਯਾਨ ਰੂਪ ਹੁੰਦਾ ਹੈ॥

ਤ੍ਰੀਤੀਯ ਦ੍ਰਿਸ਼ਟਾਂਤ :- ਜਿਵੇਂ :-

(੧) ਕੋਈ ਬਾਲਕ ਲੜਕਿਆਂ ਨਾਲ ਬਾਹਰ ਖੇਡਣ ਲਈ ਜਾਵੇ।

(੨) ਉਹ ਜਦੋਂ ਸ਼੍ਰਮ[੫੨] ਨੂੰ ਪਾਵੇ ਤਾਂ ਮਾਤਾ ਦੀ ਗੋਦ ਵਿੱਚ ਸਉਂ ਕੇ ਘਰ ਦੇ ਸੁਖ ਦਾ ਅਨੁਭਵ ਕਰਦਾ ਹੈ।

(੩) ਫਿਰ ਜਦੋਂ ਲੜਕੇ ਬੁਲਾਉਣ ਤਾਂ ਬਾਹਰ ਜਾ ਕੇ ਖੇਡਣਾ ਕਰਦਾ ਹੈ॥

ਸਿਧਾਂਤ :- ਤਿਵੇਂ ਹੀ :-

(੧) ਕਾਰਣ ਸਰੀਰ ਸੋ ਅਗਯਾਨ ਰੂਪ ਮਾਤਾ ਹੈ।

ਤਿਸ ਦਾ ਬੁੱਧੀ ਰੂਪ ਬਾਲਕ, ਕਰਮ ਰੂਪ ਲੜਕਿਆਂ ਦੇ ਨਾਲ ਜਾਗ੍ਰਤ ਸੁਪਨ ਰੂਪ ਬਹਿਰ-ਭੂਮੀ[੫੩] ਵਿਸ਼ੇ ਵਿਵਹਾਰ ਰੂਪ ਖੇਲ ਨੂੰ ਕਰਦਾ ਹੈ।

(੨) ਜਦੋਂ ਵਿਕਸ਼ੇਪ[੫੪] ਰੂਪ ਸ਼੍ਰਮ ਨੂੰ ਪਾਉਂਦਾ ਹੈ ਤਾਂ ਸੁਸ਼ੁਪਤੀ ਅਵਸਥਾ ਰੂਪ ਘਰ ਵਿਸ਼ੇ ਅਗਯਾਨ ਰੂਪ ਮਾਤਾ ਵਿੱਚ ਲੀਨ ਹੋ ਕੇ ਬ੍ਰਹਮਾਨੰਦ ਦਾ ਅਨੁਭਵ ਕਰਦਾ ਹੈ।

(੩) ਫਿਰ ਜਦੋਂ ਕਰਮ ਰੂਪ ਲੜਕੇ ਬੁਲਾਉਣ ਤਾਂ ਜਾਗ੍ਰਤ ਸੁਪਨ ਰੂਪ ਬਹਿਰ-ਭੂਮੀ ਵਿਸ਼ੇ ਵਿਵਹਾਰ ਰੂਪ ਖੇਲ ਨੂੰ ਕਰਦਾ ਹੈ॥

ਚਤੁਰਥ ਦ੍ਰਿਸ਼ਟਾਂਤ :- ਜਿਵੇਂ :-

(੧) ਸਮੁੰਦ੍ਰ-ਜਲ ਨਾਲ ਪੂਰਣ (ਭਰੇ) ਘੜੇ ਨੂੰ।

(੨) ਗਲੇ ਵਿੱਚ ਰੱਸੀ ਬੰਨ ਕੇ ਸਮੁੰਦ੍ਰ ਵਿਸ਼ੇ ਲੀਨ ਕਰੀਏ।

(੩) ਤਾਂ ਘੜੇ ਵਿਸ਼ੇ ਸਥਿਤ ਜਲ ਸਮੁੰਦਰ ਦੇ ਜਲ ਨਾਲ ਏਕਤਾ ਪਾਉਂਦਾ ਹੈ।

(੪) ਤਾਂ ਵੀ ਘੜੇ ਰੂਪ ਉਪਾਧੀ ਕਰਕੇ ਭਿੰਨ ਦੀ ਨਿਆਈ ਹੈ।

(੫) ਫਿਰ ਜਦੋਂ ਰੱਸੀ ਨੂੰ ਖਿੱਚੀਏ ਤਾਂ ਭੇਦ ਨੂੰ ਪਾਉਂਦਾ ਹੈ।

(੬) ਪਰੰਤੂ ਜਲ ਸਹਿਤ ਘੜਾ ਅਤੇ ਸਮੁੰਦਰ ਦਾ ਆਧਾਰ ਜੋ ਅਕਾਸ਼ ਸੋ ਭਿੰਨ ਹੁੰਦਾ ਨਹੀਂ।

(੭) ਕਿੰਤੂ ਤਿੰਨ ਕਾਲਾਂ ਵਿਸ਼ੇ ਇੱਕ ਰਸ ਹੈ॥

ਸਿਧਾਂਤ :- ਤਿਵੇਂ ਹੀ :-

(੧) ਅਗਯਾਨ ਰੂਪ ਸਮੁੰਦ੍ਰ ਜਲ ਨਾਲ ਭਰਿਆ ਜੋ ਲਿੰਗ ਦੇਹ (ਸੂਕਸ਼ਮ ਸਰੀਰ) ਰੂਪ ਘੜਾ ਹੈ।

(੨) ਸੋ ਅਦ੍ਰਿਸ਼ਟ[੫੫] ਰੂਪ ਰੱਸੀ ਨਾਲ ਬੰਨਿਆ ਹੋਇਆ ਸੁਸ਼ੁਪਤੀ ਕਾਲ ਵਿਸ਼ੇ ਅਤੇ ਤਿਸਦੇ ਅਵਾਂਤਰ[੫੬] ਭੇਦ ਰੂਪ ਮਰਣ ਮੂਰਸ਼ਾ[੫੭] ਅਤੇ ਪ੍ਰਲਯ ਕਾਲ ਵਿੱਚ ਸਮਸਟੀ[੫੮]-ਅਗਯਾਨ ਰੂਪ ਈਸ਼ਵਰ ਦੀ ਉਪਾਧੀ ਮਾਯਾ ਵਿਸ਼ੇ ਲੀਨ ਹੁੰਦੀ ਹੈ।

(੩) ਤਾਂ ਵਿਅਸਟੀ[੫੯]-ਅਗਯਾਨ ਰੂਪ ਜੀਵ ਦੀ ਉਪਾਧੀ ਅਵਿਦਿਆ ਸਮਸਟੀ ਅਗਯਾਨ ਨਾਲ ਏਕਤਾ ਨੂੰ ਪਾਉਂਦੀ ਹੈ।

(੪) ਤਾਂ ਵੀ ਲਿੰਗ ਸਰੀਰ (ਸੂਕਸ਼ਮ ਦੇਹ) ਦੇ ਸੰਸਕਾਰ ਰੂਪ ਉਪਾਧੀ ਕਰਕੇ ਭਿੰਨ ਦੀ ਨਿਆਈ

ਹੈ।

(੫) ਫਿਰ ਜਦੋਂ ਅਦ੍ਰਿਸ਼ਟ ਰੂਪ ਰੱਸੀ ਨੂੰ ਅੰਤਰਜਾਮੀ ਪ੍ਰੇਰਦਾ ਹੈ ਤਾਂ ਭੇਦ ਨੂੰ ਪ੍ਰਾਪਤ ਹੁੰਦਾ ਹੈ।

(੬) ਪਰੰਤੂ ਵਿਅਸਟੀ ਅਗਯਾਨ ਰੂਪ ਜਲ ਸਹਿਤ ਲਿੰਗ ਦੇਹ ਰੂਪ ਘੜਾ ਅਤੇ ਸਮਸਟੀ ਅਗਯਾਨ ਰੂਪ ਸਮੁੰਦ੍ਰ ਦਾ ਅਧਾਰ ਜੋ ਚਿਦਾਕਾਸ਼ ਸੋ ਭਿੰਨ ਹੁੰਦਾ ਨਹੀਂ।

(੭) ਕਿੰਤੂ ਤਿੰਨ ਕਾਲਾ ਵਿਸ਼ੇ ਇੱਕ ਰਸ ਹੈ॥

(੪੨) ਗਹਿਣਾ

(੪੩) ਖੂਹ

(੪੪) ਵਿੱਚ

(੪੫) ਪਾਣੀ ਵਿੱਚ ਜੋ ਤੈਰਨਾ ਜਾਣੇ

(੪੬) ਲੋਪ ਵਾ ਅਦ੍ਰਿਸ਼

(੪੭) ਸਮਾਨ ਅਤੇ ਵਿਸ਼ੇਸ਼ ਦੇ ਭੇਦ ਤੋਂ ਦੋ ਪ੍ਰਕਾਰ ਦਾ ਗਿਆਨ :-

(੧) ਸਮਾਨਯ ਗਿਆਨ :-

ਜੋ ਵਸਤੂ ਅਧਿਕ ਦੇਸ਼ ਅਤੇ ਅਧਿਕ ਕਾਲ ਵਿਸ਼ੇ ਹੋਵੇ ਸੋ ਸਮਾਨਯ ਕਹੀਏ ਹੈ ਅਤੇ ਤਿਸ ਦਾ ਗਿਆਨ ਸਮਾਨਯ ਗਿਆਨ ਕਹੀਏ ਹੈ। ਬ੍ਰਹਮ ਸਭ ਜਗ੍ਹਾ ਵਿਆਪਕ ਹੈ ਇਸ ਲਈ ਸਮਾਨ ਚੇਤਨ ਹੋਣ ਕਰਕੇ ਸਮਾਨ ਸੱਤਾ ਦਾ ਗਿਆਨ ਨਿੱਤਯ ਹੁੰਦਾ ਹੈ।

(੨) ਵਿਸ਼ੇਸ਼ ਗਿਆਨ ਵਾ ਵਸ਼ਿਸ਼ਠ ਗਿਆਨ :-

ਜੋ ਵਸਤੂ ਅਲਪ ਦੇਸ਼ ਅਤੇ ਕਾਲ ਵਿਸ਼ੇ ਸਥਿਤ ਹੋਵੇ ਸੋ ਵਿਸ਼ੇਸ਼ ਕਹੀਏ ਹੈ ਅਤੇ ਤਿਸ ਦੇ ਗਿਆਨ ਨੂੰ ਵਸ਼ਿਸ਼ਠ ਗਿਆਨ ਆਖਦੇ ਹਨ। ਵਿਸ਼ੇਸ਼ ਗਿਆਨ ਕਰਣ-ਜਨਯ (ਇੰਦ੍ਰਿਯਾ ਤੋਂ ਪੈਦਾ ਹੋਇਆ), ਸਮਾਨ ਸੱਤਾ ਭਾਵ ਚੇਤਨ ਦੇ ਆਸਰੇ ਅਤੇ ਅਨਿੱਤ ਹੁੰਦਾ ਹੈ।

(੪੮) ਯਾਦ

(੪੯) ਧੁੱਪ

(੫੦) ਘਿਉ

(੫੧) ਗੁੱਛਾ

(੫੨) ਥਕਾਵਟ

(੫੩) ਬਹਿਰ=ਬਾਹਰ ਦੀ ਭੂਮੀ=ਧਰਤੀ

(੫੪) ਚੰਚਲਤਾ

(੫੫) ਕਰਮ

(੫੬) ਕਿਸੇ ਭੇਦ ਦੇ ਅੰਤਗਤ ਆਉਣ ਵਾਲਾ ਹੋਰ ਭੇਦ

(੫੭) ਬੇਹੋਸ਼ੀ ਦੀ ਹਾਲਤ

(੫੮) ਸਮਸਟੀ ਭਾਵ ਸਾਰੇ ਜੀਵਾਂ ਦਾ ਅਗਿਆਨ

(੫੯) ਵਿਅਸਟੀ = ਵਿਸ਼ੇਸ਼ ਭਾਵ ਇਕੱਲੇ-ਇਕੱਲੇ ਜੀਵ ਦੀ ਅਵਿਦਿਆ

ਪ੍ਰਸ਼ਨ ੧੨੫. ਸੁਸ਼ੁਪਤੀ ਦੇ ਕਹਿਣ ਨਾਲ ਕੀ ਸਿੱਧ ਹੋਇਆ?

ਉੱਤਰ : (੧) ਸੁਸ਼ੁਪਤੀ ਅਵਸਥਾ ਹੋਵੇ ਤਿਸਨੂੰ ਵੀ ਮੈਂ ਜਾਣਦਾ ਹਾਂ।

(੨) ਜਾਗ੍ਰਤ ਤੇ ਸੁਪਨ ਵਿਸ਼ੇ ਨਾ ਹੋਵੇ ਤਾਂ ਤਿਸਦੇ ਅਭਾਵ[੬੦] ਨੂੰ ਵੀ ਮੈਂ ਜਾਣਦਾ ਹਾਂ। ਇਸ ਲਈ ਇਹ ਸੁਸ਼ੁਪਤੀ ਅਵਸਥਾ ਮੈਂ ਨਹੀਂ ਅਤੇ ਮੇਰੀ ਨਹੀਂ। ਇਹ ਕਾਰਣ ਦੇਹ ਦੀ ਹੈ। ਮੈਂ ਇਸਦਾ ਜਾਨਣਹਾਰਾ ਸਾਕਸ਼ੀ[੬੧] ਘਟ-ਸਾਕਸ਼ੀ[੬੨] ਦੀ ਨਿਆਈ ਇਸ ਤੋਂ ਨਿਆਰਾ ਹਾਂ॥

ਇਸ ਰੀਤ ਨਾਲ ਸੁਸ਼ੁਪਤੀ ਅਵਸਥਾ ਦਾ ਮੈਂ ਸਾਕਸ਼ੀ ਹਾਂ॥

(੬੦) ਗੈਰ-ਮੌਜੂਦਗੀ

(੬੧) ਪੰਨਾ ੧੦੦ ਤੇ ਪੜ੍ਹੋ।

(੬੨) ਪੰਨਾ ੧੦੯ ਤੇ ਟੂਕ (੨੬) ਪੜ੍ਹੋ।

इति श्री विचारचंद्रोदये अवस्था त्रयसाक्षी वर्णन नामिका पंचमकला समाप्ता॥ ५॥

ਇਤਿ ਸ਼੍ਰੀ ਵਿਚਾਰਚੰਦ੍ਰੋਦਯ ਅਵਸਥਾ ਤ੍ਰਯ ਸਾਕਸ਼ੀ ਵਰਣਨ ਨਾਮਿਕਾ ਪੰਚਮ ਕਲਾ ਸਮਾਪਤਾ॥ ੫॥

ਸ਼੍ਰੀ = ਸੁਭਾਇਮਾਨ ਵਿਚਾਰਚੰਦ੍ਰੋਦਯ ਗ੍ਰੰਥ ਦਾ ਪੰਚਮ = ਪੰਜਵਾਂ ਕਲਾ = ਭਾਗ ਇਥੇ ਇਤਿ= ਸਮਾਪਤ ਹੁੰਦਾ ਹੈ। ਜਿਸ ਨੂੰ ਅਵਸਥਾ ਤ੍ਰਯ ਸਾਕਸ਼ੀ = ਤਿੰਨ ਅਵਸਥਾ (ਜਾਗ੍ਰਤ, ਸੁਪਨ,ਸੁਖੋਪਤਿ) ਦਾ ਮੈਂ ਪ੍ਰਤਯਕ (ਅੰਤਰ) ਆਤਮਾ ਸਾਕਸ਼ੀ=ਗਵਾਹ ਨਾਮਿਕਾ=ਨਾਮ ਦੀ ਪ੍ਰਕਿਰਿਆ ਦਾ ਵਰਣਨ=ਕਥਨ ਕਰਕੇ ਸਮਾਪਤਾ=ਸੰਪੂਰਨ ਕੀਤਾ ਗਿਆ ਹੈ॥

☆☆☆

(ਛੇਵੀਂ ਕਲਾ)

अथ षष्ठ कला प्रारंभः ॥ ६॥

॥ अथ छशठ कला प्रारंभः ॥ ६ ॥

ਅਥ= ਹੁਣ ਇਸ ਗ੍ਰੰਥ ਦੇ ਛਸ਼ਠ = ਛੇਵੇਂ ਕਲਾ = ਭਾਗ ਨੂੰ ਪ੍ਰਾਰੰਭ := ਸ਼ੁਰੂ ਕਰਦੇ ਹਨ।

॥ प्रपंच मिथ्यात्व वर्णन॥

॥ प्रपंच मिथिआत्व वरणन॥

ਪ੍ਰਪੰਚ (ਪ੍ਰ+ਪੰਚ) ਪਰ = ਵਿਸ਼ੇਸ਼ ਕਰਕੇ ਜੋ ਪੰਚ = ਪੰਜ ਅੰਸਾ ਭਾਵ ਤਿੰਨ ਬ੍ਰਹਮ ਦੀਆਂ ਅੰਸਾ ਸਤਿ, ਚਿਤ, ਅਨੰਦ ਵਾ ਅਸਤੀ,ਭਾਂਤਿ, ਪ੍ਰਿਯ ਅਤੇ ਦੋ ਮਾਯਾ ਦੀਆਂ ਅੰਸਾਂ ਨਾਮ ਤੇ ਰੂਪ ਦਾ ਬਣਿਆ ਹੋਵੇ ਸੋ ਕਹੀਏ ਪ੍ਰਪੰਚ ਵਾ: ਪਰ=ਵਿਸ਼ੇਸ਼ ਕਰਕੇ ਜੋ ਪੰਚ=ਛਲ, ਕਪਟ ਰੂਪ ਹੋਵੇ ਸੋ ਕਹੀਏ ਪ੍ਰਪੰਚ ਭਾਵ ਸੰਸਾਰ ਦੇ ਮਿਥਿਆਤ੍ਵ= ਮਿਥਿਆਪਨੇ (ਸੱਤ-ਅਸੱਤ ਤੋਂ ਜੋ ਵਿਲਕਛਣ ਹੋਵੇ ਸੋ ਕਹੀਏ ਮਿਥਿਆ) ਦਾ ਵਰਣਨ = ਕਥਨ ਕਰਦੇ ਹਨ।

॥ ललित छंद॥

॥ ललिত छंद॥

ਅਨੇਕਾਂ ਪ੍ਰਕਾਰ ਦੀ ਛੰਦਾਬੰਦੀ ਵਿਚੋਂ ਲਲਿਤ ਨਾਮਕ ਛੰਦ ਦੇ ਅੰਦਰ ਪੀਤਾਂਬਰ ਜੀ ਸੁੰਦਰ ਕਾਵ ਰਚਨਾ ਦੁਆਰਾ ਮੂਲ ਪਾਠ ਦੀ ਰਚਨਾ ਕਰਦੇ ਹਨ। ਸ੍ਰੀ ਮਦ ਭਾਗਵਤ ਦੇ ਦਸਵੇਂ ਸਕੰਧ ਦੇ ਇਕੱਤੀਵੇ ਅਧਿਆਏ ਅੰਦਰ ਗੋਪਿਕਾ ਗੀਤ ਦੀ ਨਿਆਈ ਇਹ ਛੰਦ ਹੈ।

सकल दृश्य सोऽध्यास छोडना।

सकल दृिश्य सो अधिआस छोड़ना।

ਸਕਲ = ਸਾਰਾ ਸੰਸਾਰ ਦ੍ਰਿਸ਼ਯ = ਦ੍ਰਿਸ਼ਟੀ ਦਾ ਵਿਸ਼ਾ ਹੈ ਸੋ ਅਨਿੱਤ ਹੈ। ਇਸ ਲਈ ਪ੍ਰਪੰਚ ਦੀ ਸੱਤ ਪ੍ਰਤੀਤੀ ਦਾ ਅਧਿਆਸ = ਭਰਮ ਸੋ = ਓਹ ਛੋਡਨਾ = ਤਿਆਗ ਦੇਣਾ ਚਾਹੀਦਾ ਹੈ।

ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ॥
ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ॥ ੨੩॥

(ਸਲੋਕ ਵਾਰ ਤੇ ਵਧੀਕ ਮਃ ੯, ਅੰਗ ੧੪੨੭)

जग अधार मैं चित्त जोडना॥

जग अधार मै चित जोड़ना॥

ਜਗ (ਜ +ਗ) ਜ = ਜਨਮ ਲੈ ਕੇ ਜੋ ਗ=ਗਤਿ ਭਾਵ ਨਾਸ਼ ਹੋਵੇ ਸੋ ਕਹੀਏ ਜਗਤ। ਤਿਸ ਜੜ ਜਗਤ ਦਾ ਅਧਾਰ=ਅਧਿਸ਼ਠਾਨ ਜੋ ਚਿਤ=ਚੇਤਨ ਬ੍ਰਹਮ ਤਿਸ ਵਿਚ ਸ਼ਬਦ ਦੇ ਅਭਿਆਸ ਨਾਲ ਅੰਤਹਕਰਣ ਦੀ ਚਿਤ = ਚਿੰਤਨ ਰੂਪ ਬਿਰਤੀ ਦੁਆਰਾ ਸੁਰਤ ਨੂੰ ਜੋੜਨਾ = ਮੇਲਣਾ ਕਰੋ।

ਚਿਤ ਚਰਣ ਕਮਲ ਕਾ ਆਸਰਾ ਚਿਤ ਚਰਣ ਕਮਲ ਸੰਗ ਜੋੜੀਏ।
ਮਨ ਲੋਚੈ ਬੁਰਿਆਈਆਂ ਗੁਰ ਸਬਦੀ ਇਹ ਮਨ ਹੋੜੀਏ।

त्रय दशाहि जो जाग्रदादि है।
त्रैय दशाही जो जागूदादि हैं।

ਜੋ = ਜਿਹੜੀਆ ਤ੍ਰੈਯ = ਤਿੰਨ ਦਸ਼ਾਹੀ = ਅਵਸਥਾ ਜਾਗ੍ਰਦਾਦਿ = ਜਾਗ੍ਰਤ ਆਦਿ = ਸੁਪਨ ਅਤੇ ਸੁਖੋਪਤ ਹੈ=ਹਨ।

सब प्रपंच सो भिन्न नाहिं हैं॥ ६॥
सभ प्रपंच सो भिंन नाहि हैं॥ ੬॥

ਸੋ = ਓਹ ਸਭ = ਸਾਰੀਆਂ ਹੀ ਪ੍ਰਪੰਚ=ਛਲ ਰੂਪ ਸੰਸਾਰ ਤੋਂ ਭਿੰਨ=ਵੱਖਰੀਆਂ ਨਾਹਿ=ਨਹੀਂ ਹੈ=ਹਨ ਭਾਵ ਕਿ ਪ੍ਰਪੰਚ ਦੀ ਨਿਆਈ ਹੀ ਅਨਿੱਤ,ਵਿਕਾਰੀ, ਵਯਭੀਚਾਰੀ ਆਦਿ ਸੁਭਾਅ ਵਾਲੀਆਂ ਹਨ।

रजत आदि हैं सीपि मैं यथा।
रजत आदि हैं सीपी मैं यथा।

ਯਥਾ = ਜਿਸ ਪ੍ਰਕਾਰ ਸੀਪੀ=ਸਿੱਪੀ ਦੇ ਮੈਂ=ਵਿੱਚ ਰਜਤ=ਚਾਂਦੀ, ਭੋਡਲ (ਅਬਰਕ) ਆਦਿ ਦੀ ਮਿਥਿਆ ਪ੍ਰਤੀਤੀ ਹੁੰਦੀ ਹੈ।

त्रय दशा सु हैं ब्रह्म मैं तथा॥
त्रैय दशा सु हैं ब्रहम मैं तथा॥

ਤਥਾ=ਤਿਵੇਂ ਹੀ ਸੁ=ਉਹ ਤ੍ਰੈ=ਤਿੰਨ ਦਸ਼ਾ=ਅਵਸਥਾ ਦੀ ਮਿਥਿਆ ਪ੍ਰਤੀਤੀ ਬ੍ਰਹਮ ਤੋਂ ਅਭਿੰਨ ਆਤਮਾ ਮੈਂ=ਵਿੱਚ ਹੁੰਦੀ ਹੈ।

रजत आदि वत् दृश्य ये मृषा।
रजत आदि वत दृिशय ये मृिशा।

ਕਲਪਿਤ ਰਜਤ=ਚਾਂਦੀ ਆਦਿ=ਭੋਡਲ (ਅਬਰਕ), ਕਾਗਜ਼ ਦੇ ਵਤ=ਸੁਦਰਸ਼, ਨਿਆਈ ਯੇ=ਇਹ ਤਿੰਨ ਅਵਸਥਾ ਮਾਤ੍ਰ ਦ੍ਰਿਸ਼ਯ=ਦ੍ਰਿਸ਼ਟੀ ਦਾ ਵਿਸ਼ਾ ਅਤੇ ਮ੍ਰਿਸ਼ਾ=ਝੂਠ ਵਾ ਮਿਥਿਆ ਹਨ।

शुगतिकादि वत् ब्रह्म अमृषा॥ ७॥
शुगतीकादि वत ब्रहम अमिृशा॥ ੭॥

ਸ਼ੁਗਤੀ = ਸਿੱਪੀ ਆਦਿ ਦੇ ਵਤ=ਸੁਦਰਸ਼, ਬਰਾਬਰ ਬ੍ਰਹਮ=ਵਿਆਪਕ ਚੇਤਨ ਅਮ੍ਰਿਸ਼ਾ=ਮਿਥਿਆ ਨਹੀਂ ਭਾਵ ਸੱਤ ਸਰੂਪ ਹੈ।

व्यभिचरैं मिथों रजत आदि ज्यों।

वयभीचरैं मिथो रजत आदि जयों।

ਜਯੋ=ਜਿਵੇਂ ਰਜਤ=ਚਾਂਦੀ, ਭੋਡਰ ਆਦਿ ਦਾ ਸਰੂਪ ਵਯਭੀਚਰੈ=ਬਦਲਣ ਵਾਲਾ ਭਾਵ ਸਿੱਪੀ ਵਿੱਚ ਕਦੇ ਚਾਂਦੀ, ਕਦੇ ਭੋਡਲ ਅਤੇ ਕਦੇ ਕਾਗਜ਼ ਪ੍ਰਤੀਤ ਹੁੰਦਾ ਹੈ, ਸੋ ਸਭ ਮਿਥੋ=ਮਿਥਿਆ ਹਨ।

इनहि कि मिथो व्यावृती जु त्यों॥

इिनही की मिथो वयाव्रिती जु तयों॥

ਤਯੋ=ਤਿਵੇਂ ਹੀ ਇਨਹੀ=ਇੰਨਾ ਤਿੰਨ ਅਵਸਥਾ ਭਾਵ ਜਾਗ੍ਰਤ ਸੁਪਨ ਅਤੇ ਸੁਖੋਪਤ ਕੀ=ਦੀ ਜੁ=ਜਿਹੜੀ ਵਯਾਵ੍ਰਿਤੀ=ਵਿਯਤੀਰੇਕ* ਭਾਵ ਭੇਦ ਕਹੀਏ ਅਨਯੋਅਨਯਾਭਾਵ** (ਪਰਸਪਰ ਅਭਾਵ) ਹੈ, ਸੋ ਮਿਥੋ=ਅਸੱਤ ਵਾ ਮਿਥਿਆ ਹੈ।

*ਵਯਤੀਰੇਕ ਪੰਨਾ ੧੦੧ 'ਤੇ ਪੜ੍ਹੋ।

**ਅਨਯੋਅਨਯਾਭਾਵ :- ਇੱਕ ਪਦਾਰਥ ਦਾ ਦੂਜੇ ਦਾ ਰੂਪ ਨਾ ਹੋਣਾ। ਜਿਵੇਂ ਗਧਾ, ਗਊ ਨਹੀਂ ਅਤੇ ਗਊ, ਗਧਾ ਨਹੀਂ। ਅਰਥਾਤ ਗਧੇ ਵਿੱਚ ਗਾਂ ਅਤੇ ਗਾਂ ਵਿੱਚ ਗਧੇ ਦਾ ਪਰਸਪਰ ਅਭਾਵ ਹੈ। ਤਿਵੇਂ ਹੀ ਜਾਗ੍ਰਤ ਵਿੱਚ ਸੁਪਨ ਤੇ ਸੁਖੋਪਤ ਦਾ ਅਭਾਵ, ਸੁਪਨ ਵਿੱਚ ਜਾਗ੍ਰਤ ਤੇ ਸੁਖੋਪਤ ਦਾ ਅਭਾਵ ਅਤੇ ਸੁਖੋਪਤ ਵਿੱਚ ਜਾਗ੍ਰਤ ਅਤੇ ਸੁਪਨ ਦਾ ਅਭਾਵ ਹੈ। ਇਸ ਲਈ ਤਿੰਨ ਅਵਸਥਾ ਮਿਥਿਆ=ਨਾਸ਼ਵਾਨ ਹਨ।

शुगति सूत्र वत् अनुग एक जो।

शुगती सुत्र वत अनुग एेक जो।

ਏਕ=ਇੱਕ ਸੂਤ੍ਰ=ਧਾਗਾ ਜੋ=ਜਿਹੜਾ ਅਨੇਕਾਂ ਫੁੱਲਾਂ ਵਿੱਚ ਅਨੁਗ=ਅਨੁਗਤ ਭਾਵ ਪਰੋਣ ਰੂਪ ਸਮਾਇਆ ਹੋਣ ਕਰਕੇ ਜਿਸ ਦਾ ਆਨਵਯ* ਹੈ। ਤਿਸ ਧਾਗੇ ਦੇ ਵਤ=ਸੁਦਰਸ਼ ਹੀ ਇੱਕੋ ਸ਼ੁਗਤੀ=ਸਿੱਪੀ ਚਾਂਦੀ, ਭੋਡਲ (ਅਬਰਕ), ਕਾਗਜ਼ ਆਦਿ ਕਈ ਤਰ੍ਹਾਂ ਕਰਕੇ ਭਾਸਦੀ ਹੈ।

*ਆਨਵਯ = ਅਨੁਸਯੂਤਪਨਾ ਭਾਵ ਗੁੰਥਨ ਜਾ ਪਰੋਇਆ ਹੋਣ ਕਰਕੇ ਮੌਜੂਦਗੀ। ਜਿਸ ਤਰ੍ਹਾਂ ਫੁੱਲਾਂ ਦੀ ਮਾਲਾ ਵਿੱਚ ਧਾਗਾ ਸਾਰੇ ਫੁੱਲਾਂ ਵਿੱਚ ਪਰੋਇਆ ਜਾਂਦਾ ਹੈ ਤਾਂ ਇਹ ਧਾਗੇ ਦਾ ਸਾਰੇ ਫੁੱਲਾਂ ਵਿੱਚ ਆਨਵਯ=ਭਾਵ ਰੂਪਤਾ (ਮੌਜੂਦਗੀ) ਕਹੀਏ ਹੈ।

अनुवृती युतो ब्रह्म आप सो॥ ८॥

अनुव्रती युतो ब्रूहम आप सो॥ ८॥

ਤਿਵੇਂ ਹੀ ਸਾਰੇ ਪ੍ਰਪੰਚ ਵਿੱਚ ਬ੍ਰਹਮ = ਵਿਆਪਕ ਚੇਤਨ ਅਨੁਵ੍ਰਿਤੀ=ਆਨਵਯ ਯੁਤੋ=ਸਹਿਤ ਹੈ। ਸੋ=ਉਹ ਜੀਵ ਦੇ ਆਪ=ਆਪਣੇ ਪ੍ਰਤਯਕ (ਅੰਤਰ) ਆਤਮਾ ਤੋਂ ਭਿੰਨ ਨਹੀਂ।

ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ॥ ੧॥

(ਆਸਾ ਭਗਤ ਨਾਮਦੇਵ ਜੀ, ਅੰਗ ੪੮੫)

शुगतिका महीं तींन अंश ज्यू।

शुगतीका महीं तीन अंश जयू।

ਜਯੋ = ਜਿਵੇਂ ਸ਼ੁਗਤੀ=ਸਿੱਪੀ ਦੇ ਮਹੀ=ਵਿੱਚ ਤੀਨ=ਤਿੰਨ ਅੰਸ਼ਾ=ਭਾਗ :- ਸਾਮਾਨਯ ਅੰਸ਼, ਵਿਸ਼ੇਸ਼ ਅੰਸ਼ ਅਤੇ ਕਲਪਿਤ ਵਿਸ਼ੇਸ਼ ਅੰਸ਼ ਹਨ। (ਤਿੰਨ ਅੰਸਾ ਵਿਸਤਾਰ ਨਾਲ ਅੱਗੇ ਪ੍ਰਸ਼ਨ-ਉੱਤਰਾਂ ਵਿਸ਼ੇ ਪੜ੍ਹੋ।)

अजड ब्रह्म मैं तीन अंश त्यूं॥

अजड़ ब्रूहम मैं तीन अंश तयुं॥

ਤਯੋ=ਤਿਵੇਂ ਹੀ ਅਜੜ=ਜੋ ਜੜ ਨਾ ਹੋਵੇ ਭਾਵ ਚੇਤਨ ਬ੍ਰਹਮ=ਵਿਆਪਕ ਪਰਮੇਸ਼ਰ ਮੈਂ=ਵਿੱਚ ਵੀ ਤੀਨ=ਤਿੰਨ ਅੰਸ਼=ਭਾਗ ਕਥਨ ਕੀਤੇ ਹਨ। 'ਸੱਤ' ਸਮਾਨਯ ਅੰਸ਼ ਹੈ। ਚੇਤਨ, ਅਨੰਦ, ਅਸੰਗ, ਅਦੁੱਤੀ ਆਦਿ ਵਿਸ਼ੇਸ਼ ਅੰਸ਼ ਹਨ ਅਤੇ ਤਿੰਨ ਅਵਸਥਾ (ਜਾਗ੍ਰਤ, ਸੁਪਨ, ਸਖੋਪਤ) ਰੂਪ ਪ੍ਰਪੰਚ ਕਲਪਿਤ ਵਿਸ਼ੇਸ਼ ਅੰਸ਼ ਹੈ।

उभय अंश कूं सत्य जानिले।

उभय अंश कुं सॱतय जानिले।

ਉਭਯ=ਦੋ ਅੰਸਾਂ ਭਾਵ ਸਮਾਨਯ ਅੰਸ਼ ਅਤੇ ਵਿਸ਼ੇਸ਼ ਅੰਸ਼ ਨੂੰ ਸੱਤਯ=ਸੱਚ ਜਾਨਿਲੇ=ਜਾਣਕੇ ਵਾ ਸਮਝ ਕੇ।

त्रतिय त्यागदैं मोक्ष तौ मिलै॥ ९॥

त्रीतीय तिआगदैं मोकश़ तउ मिलै॥ ९॥

ਤ੍ਰੀਤੀਯ=ਤੀਸਰੀ ਕਲਪਿਤ ਵਿਸ਼ੇਸ਼ ਅੰਸ਼ ਨੂੰ ਤਿਆਗਦੈ= ਛੱਡਣਾ ਕਰੋ ਤਉ=ਤਾਂ ਹੀ ਮੋਕਸ਼=ਮੁਕਤੀ ਮਿਲੈ = ਪ੍ਰਾਪਤ ਹੁੰਦੀ ਹੈ।

भिद भ्रमादि जो पंच धामवं।

भिद ब्रूम आदि जो पंच धामवँ।

ਜੋ=ਜਿਹੜੇ (੧) ਭਿਦ=ਭੇਦ ਭ੍ਰਮ=ਭਰਮ ਦੇ ਸਹਿਤ ਆਦਿ ਭਾਵ (੨) ਕਰਤੱਤ ਭਰਮ (੩) ਸੰਗ ਭਰਮ (੪) ਵਿਕਾਰ ਭਰਮ ਅਤੇ (੫) ਬ੍ਰਹਮ ਤੋਂ ਭਿੰਨ ਜਗਤ ਦੇ ਸੱਤ ਹੋਣ ਦਾ ਭਰਮ ਇਹ ਪੰਚਧਾਮਵੰ=ਪੰਜ ਪ੍ਰਕਾਰ ਦੀ ਭ੍ਰਾਂਤੀ ਦਾ ਧਾਮਵੰ=ਘਰ ਜੋ ਸੰਸਾਰ ਹੈ।

त्रिविध ताप ता तप्त सो देवं॥

त्रिविध ताप ता तपत सो दवँ॥

ਸੋ=ਉਹ ਦਵੰ=ਜੰਗਲ ਰੂਪ ਸੰਸਾਰ ਤ੍ਰਿਵਿਧ=ਤਿੰਨ ਤਰ੍ਹਾਂ ਦੇ ਤਾਪ=ਦੁੱਖ ਭਾਵ ਅਧਿਆਤਮ, ਅਧੀਦੈਵ ਤੇ ਅਧੀਭੂਤ (ਵਿਸਤਾਰ ਨਾਲ ਪ੍ਰਸ਼ਨ ੧੦੮, ੧੦੯, ੧੧੦ ਤੇ ੧੧੧ ਪੰਨਾ ੧੦੩, ੧੦੪ ਤੇ ੧੦੫ ਤੇ ਪੜ੍ਹੋ।

ਵਾ: ਆਧੀ, ਬਿਆਧੀ ਤੇ ਉਪਾਧੀ ਤਿੰਨ ਤਾਪਾਂ ਤਾ=ਤੋਂ ਤਪਤ=ਸੜਦਾ ਹੈ।

दावा अगनि बहुतु त्रिण जाले कोई हरिआ बुट रहिओ री॥

(आसा मः५, अंग १८४)

ਤਿੰਨ ਤਰ੍ਹਾਂ ਦੇ ਤਾਪ :-

(੧) ਆਧਿ=ਮਨ ਦੇ ਰੋਗ।

(੨) ਬਿਆਧਿ=ਸਰੀਰ ਦੇ ਰੋਗ।

(੩) ਉਪਾਧਿ=ਬਾਹਰੀ ਦੁੱਖ, ਉਪੱਦ੍ਰਵ ਲਗਣੇ।

ਆਧਿ ਬਿਆਧਿ ਉਪਾਧਿ ਰਸ ਕਬਹੁ ਨ ਤੂਟੈ ਤਾਪ॥ (ਗਉੜੀ ਥਿਤੀ ਮ:੫, ਅੰਗ ੨੯੭)

परशु पंचधा-युक्तियों करी।

परशू पंचधा युकतीयों करी।

ਪੰਚਧਾ=ਪੰਜ ਪ੍ਰਕਾਰ ਦੀਆਂ ਯੁਕਤੀਯੋ=ਦ੍ਰਿਸ਼ਟਾਂਤ ਰੂਪ ਦਲੀਲਾਂ ਵਾ ਤਰਕੀਬਾਂ ਦੀ ਪਰਸ਼ੂ ਭਾਵ ਕੁਠਾਰ (ਕੁਹਾੜੀ) ਬੁੱਧੀ ਵਿੱਚ ਧਾਰਨ ਕਰੀ=ਕਰਕੇ।

करि विचार तूं छेद ना डरी॥१०॥

करी विचार तुं छेद ना डरी॥ ੧੦॥

ਵਿਚਾਰ = ਸੱਤ ਅਸੱਤ ਦੇ ਨਿਰਣੇ ਨੂੰ ਗ੍ਰਹਿਣ ਕਰਿ=ਕਰਕੇ ਤੂੰ=ਜੀਵ-ਆਤਮਾ ਇੰਨ੍ਹਾਂ ਪੰਜ ਪ੍ਰਕਾਰ ਦੇ ਭਰਮਾਂ ਤੋਂ ਡਰੀ=ਭੈ ਧਾਰਣ ਨਾ ਕਰ ਅਤੇ ਇੰਨ੍ਹਾਂ ਨੂੰ ਯੁਕਤੀਆ ਦੀ ਪਰਸ਼ੂ ਦੁਆਰਾ ਛੇਦ=ਕੱਟਣ ਵਾ ਨਿਵਿਰਤ ਕਰਨ ਦਾ ਉਪਾਅ ਕਰ।

ਭੇਦ ਭਰਮ ਕਰਤੱਤ੍ਵ ਭਰਮ ਪੁਨਿ ਸੰਗ ਭਰਮ ਵਿਕਾਰ॥
ਬ੍ਰਹਮ ਇਤਰ ਜਗ ਸੱਤ ਭਰਮ ਪਾਂਚੋ ਭਰਮ ਸੰਸਾਰ॥

ਬਿੰਬ ਪ੍ਰਤੀਬਿੰਬ ਸਫਟਿਕ ਘਟਾਕਾਸ ਗੁਣ ਮਾਰ॥
ਕਨਕ ਕੁੰਡਲ ਦ੍ਰਿਸ਼ਟਾਂਤ ਦੇ ਪਾਂਚੋ ਭਰਮ ਨਿਵਾਰ॥ (ਵਿਚਾਰ ਸਾਗਰ)

नहि जु जाहि मैं तीन काल मैं॥

नही जु जाहि मैं तीन काल मैं।

ਜੁ=ਜਿਹੜੀ ਕਲਪਿਤ ਵਸਤੂ ਤੀਨ=ਤਿੰਨ ਕਾਲ=ਸਮੇਂ (ਭੂਤ, ਭਵਿੱਖ, ਵਰਤਮਾਨ) ਮੈਂ=ਵਿੱਚ ਜਾਹਿ=ਜਿਸ ਮੂਲ ਅਧਿਸ਼ਠਾਨ (ਅਧਾਰ) ਵਿੱਚ ਕਦੇ ਵੀ ਨਹੀਂ ਹੁੰਦੀ ਭਾਵ ਨਿਤਯ ਨਿਵਿਰਤ ਹੈ।

(ਨਿਤਯ ਨਿਵਿਰਤ =ਪੰਨਾ ੧੯-੨੦ ਤੇ ਟੂਕ (੪) ਦੇ ਅਖੀਰ ਤੇ ਪੜ੍ਹੋ)

तहँ हि भान ह्वै मध्य काल मैं॥

तह ही भान ह्वै मधय काल मैं॥

ਤਹ=ਓਹ ਕਲਪਿਤ ਵਸਤੂ ਦੀ ਭਾਨ=ਪ੍ਰਤੀਤੀ ਮਧਯ=ਵਿਚਕਾਰਲੇ ਕਾਲ=ਸਮੇਂ ਭਾਵ ਭਰਮ ਕਾਲ ਵਿੱਚ ਹੀ ਹ੍ਵੈ=ਹੁੰਦੀ ਹੈ। ਭਾਵ ਨਾ ਭਰਮ ਕਾਲ ਤੋਂ ਪਹਿਲਾਂ ਅਤੇ ਨਾ ਹੀ ਭਰਮ ਦੀ ਨਿਵਰਤੀ ਤੋਂ ਬਾਦ ਵਸਤੂ ਦਾ ਮਿਥਿਆਪਨਾ ਪ੍ਰਤੀਤ ਹੁੰਦਾ ਹੈ।

शुगति रौप्य वत् व्यास सो भ्रमं।

ਸ਼ੁਗਤੀ ਰੌਪਯ ਵਤ ਧਿਆਸ ਸੋ ਕ੍ਰਮੰ।

ਸੋ=ਓਹ ਧਿਆਸ=ਅਧਿਆਸ ਭਾਵ ਭਰਮ-ਗਿਆਨ ਅਤੇ ਭਰਮ-ਗਿਆਨ ਦਾ ਵਿਸ਼ਾ ਜੋ ਸ਼ੁਗਤੀ=ਸਿੱਪੀ ਵਿੱਚ ਰੌਪਯ=ਰੂਪਾ ਕਹੀਏ ਚਾਂਦੀ ਦੇ ਵਤ=ਸੁਦਰਸ਼ ਕੇਵਲ ਕ੍ਰਮੰ=ਭੁਲੇਖਾ ਜਾਨਣਾ ਕਰੋ।

ਅਰਥ ਜ੍ਞਾਨ ਦ੍ਵੋ-ਭਾਂਤਿਕਾ ਕ੍ਰਮਂ॥ ੧੧॥

ਅਰਥ ਗਜਾਨ ਦੋ ਭਾਂਤੀ ਕਾ ਕ੍ਰਮੰ॥ ੧੧॥

ਕ੍ਰਮੰ=ਤਰਤੀਬ ਅਨੁਸਾਰ ਭਰਮ ਅਰਥ=ਅਰਥਾ ਅਧਿਆਸ ਦੇ ਭੇਦ ਤੋਂ ਦ੍ਵੀਵਿਧ=ਦੋ ਭਾਂਤੀ = ਤਰ੍ਹਾਂ ਕਾ=ਦਾ ਹੈ :- ਸ੍ਵਰੂਪਾ ਅਧਿਆਸ ਅਤੇ ਸੰਸਰਗਾ/ਸੰਬੰਧਾ ਅਧਿਆਸ।

ਦ੍ਵਿਵਿਧ ਵੇਸ ਹੈ ਜ੍ਞਾਨ ਅਰ੍ਥ ਕੋ।

ਦ੍ਵੀਵਿਧ ਵੇਮ ਹੈ ਗਜਾਨ ਅਰਥ ਕੋ।

ਮੂਲ ਰੂਪ ਵਿੱਚ ਗਜਾਨ=ਗਿਆਨਾ ਅਧਿਆਸ ਅਤੇ ਅਰਥ=ਅਰਥਾ ਅਧਿਆਸ ਦੇ ਭੇਦ ਤੋਂ ਵੇਮ=ਭਰਮ ਦ੍ਵੀਵਿਧ=ਕੋ ਤਰ੍ਹਾਂ ਕੋ=ਦਾ ਹੈ। (ਪੰਨਾ ੧੩੪ ਤੇ ਵਿਸਥਾਰ ਨਾਲ ਪੜ੍ਹੋ।)

ਅਰਥ ਭ੍ਰਾਂਤਿ ਵਾ ਸ਼ਡ੍ ਵਿਧਾ ਬਕੋ॥

ਅਰਥ ਭ੍ਰਾਂਤੀ ਵਾ ਛਜ਼ ਵਿਧਾ ਬਕੋ॥

ਵਾ=ਅਥਵਾ ਅਰਥ ਭ੍ਰਾਂਤੀ=ਅਰਥਾ ਅਧਿਆਸ ਛਜ਼=ਛੇ ਵਿਧਾ=ਤਰ੍ਹਾਂ ਕਰਕੇ ਬਕੋ=ਉਚਾਰਨ ਵਾ ਕਥਨ ਕੀਤਾ ਗਿਆ ਹੈ। ਭਾਵ ਅਰਥਾ ਅਧਿਆਸ ਛੇ ਪ੍ਰਕਾਰ ਦਾ ਹੈ। (ਵਿਸਥਾਰ ਨਾਲ ਪੰਨਾ ੧੩੪ ਤੇ ਪੜ੍ਹੋ।)

ਸਕਲ ਧ੍ਯਾਸ ਜੇ ਜਗਤ ਮੈਂ ਦ੍ਸੇ।

ਸਕਲ ਅਧਿਆਸ ਜੋ ਜਗਤ ਮੈਂ ਦਸੇ।

ਸਕਲ=ਸਾਰੇ ਅਧਿਆਸ=ਭਰਮ ਜੋ=ਜਿਹੜੇ ਜਗਤ=ਸੰਸਾਰ ਮੈਂ=ਵਿੱਚ ਦਸੇ=ਕਥਨ ਕੀਤੇ ਵਾ ਦਿਖਾਏ ਹਨ।

ਸਬਸ੍ਤੁ ਯਾਹਿਕੇ ਬੀਚ ਮੇਂ ਧਸੇ॥ ੧੨॥

ਸਬਸੂ ਯਾਹੀਕੇ ਬੀਚਮੇਂ ਧਸੇ॥ ੧੨॥

ਸਬਸੂ=ਸਾਰੇ ਅਗਿਆਨੀ ਜੀਵ ਯਾਹੀ=ਇਨ੍ਹਾਂ ਪੰਜ ਭਰਮਾਂ ਕੇ=ਦੇ ਬੀਚਮੇਂ=ਵਿੱਚ ਹੀ ਧਸੇ=ਪ੍ਰਵਿਰਤ ਹੋਣ ਕਰਕੇ ਧੱਕੇ ਗਏ ਹਨ।

ਨਿਜ ਚਿਦਾਤ੍ਮਾ ਕ੍ਂ ਬ੍ਰਹ੍ਮ ਜਾਨਿਕੇ।

ਨਿਜ ਚਿਦਾਤਮ ਕੂੰ ਬ੍ਰਹਮ ਜਾਨਿਕੇ।

ਨਿਜ=ਸ੍ਵੈ ਸਰੂਪ ਪ੍ਰਤਯਕ (ਅੰਤਰ) ਚਿਦਾਤਮ (ਚਿਤ+ਆਤਮ) ਚਿਦ=ਚੇਤਨ ਆਤਮਾ ਨੂੰ ਬ੍ਰਹਮ=ਵਿਆਪਕ ਚੇਤਨ ਤੋਂ ਅਭਿੰਨ ਜਾਨਿਕੇ=ਸਮਝਕੇ।

ਸਕਲ ਵੇਮ ਕੋ ਮ੍ਲ ਭਾਨਿਕੇ॥

ਸਕਲ ਵੇਮ ਕੋ ਮੂਲ ਭਾਨਿਕੇ॥

ਸਕਲ=ਸਾਰੇ ਵੇਮ=ਭਰਮਾ ਕੋ=ਦੇ ਮੂਲ=ਮੁੱਢ ਅਗਿਆਨ ਨੂੰ ਭਾਨਿਕੇ=ਨਾਸ ਕਰਕੇ।

परमसोद कूं आप बूजिले।

ਪਰਮਾਨੰਦ ਕੂੰ ਆਪ ਬੂਝਿਲੇ।

ਆਪ=ਆਪਣੇ ਪ੍ਰਤਯਕ ਆਤਮਾ ਕੂੰ=ਨੂੰ ਹੀ ਬ੍ਰਹਮ ਤੋਂ ਅਭਿੰਨ ਪਰਮਾਨੰਦ (ਪਰਮ+ਅਨੰਦ) ਪਰਮ=ਸ੍ਰੇਸ਼ਟ ਅਨੰਦ=ਸੁਖ ਦਾ ਵਿਸ਼ਾ ਬੂਝਲੇ=ਸਮਝਣਾ ਕਰੇ।

इहहि मुक्ति पीतांबरो मिले॥ १३॥

ਇਹਹੀ ਮੁਕਤੀ ਪੀਤਾਂਬਰੋ ਮਿਲੇ॥ ੧੩॥

ਪੀਤਾਂਬਰ ਜੀ ਕਥਨ ਕਰਦੇ ਹਨ ਕਿ ਇਹਹੀ=ਇਹੋ ਹੀ ਮੁਕਤੀ=ਮੋਕਸ਼ ਦਾ ਮਿਲੇ=ਮਿਲਣਾ ਹੈ।

ਆਪ ਪਛਾਣੈ ਮਨੁ ਨਿਰਮਲੁ ਹੋਇ॥ ਜੀਵਨ ਮੁਕਤਿ ਹਰਿ ਪਾਵੈ ਸੋਇ॥

(ਰਾਗੁ ਗਉੜੀ ਮਃ ੩, ਅੰਗ ੧੬੧)

ਹੁਣ ਇਸ ਮੂਲ ਪਾਠ ਦੀ ਵਿਚਾਰ ਨੂੰ ਪ੍ਰਸ਼ਨ-ਉੱਤਰਾਂ ਦੇ ਰਾਹੀਂ ਵਿਸਥਾਰ ਨਾਲ ਸਮਝਾਉਂਦੇ ਹਨ :-

ਪ੍ਰਸ਼ਨ ੧੨੬. ਆਤਮਾ ਵਿਸ਼ੇ ਤਿੰਨ ਅਵਸਥਾ ਕਿਸ ਦੀ ਨਿਆਈ ਭਾਸਦੀਆਂ ਹਨ?

ਉੱਤਰ ਦ੍ਰਿਸ਼ਟਾਂਤ :- ਜਿਵੇਂ ਸਿੱਪੀ(੧) ਵਿੱਚ ਰੂਪਾ(੨) ਅਥਵਾ ਭੋਡਲ(੩) (ਅਭਰਕ) ਅਥਵਾ ਕਾਗਜ਼। ਇਹ ਤਿੰਨ ਸਿੱਪੀ ਦੇ ਅਗਿਆਨ ਨਾਲ ਕਲਪਿਤ(੪) ਭਾਸਦੇ ਹਨ। ਇਨ੍ਹਾਂ ਤਿੰਨ ਵਸਤੂਆਂ ਦਾ:-

(੧) ਪਰਸਪਰ(੫) ਵਾ ਸਿੱਪੀ ਦੇ ਨਾਲ ਵਯਤੀਰੇਕ(੬) ਹੈ। ਅਤੇ

(੨) ਸਿੱਪੀ ਦਾ ਤਿੰਨ ਵਸਤੂਆਂ ਵਿਸ਼ੇ ਆਨਵਯ(੭) ਹੈ।

ਜਿਵੇਂ ਕਿ :-

੧. (੧) ਸਿੱਪੀ ਵਿੱਚ ਜਦੋਂ ਰੂਪਾ ਭਾਸੇ ਤਾਂ ਭੋਡਲ ਅਤੇ ਕਾਗਜ਼ ਭਾਸਦਾ ਨਹੀਂ। ਅਤੇ

(੨) ਜਦੋਂ ਭੋਡਲ ਭਾਸੇ ਤਾਂ ਰੂਪਾ ਅਤੇ ਕਾਗਜ਼ ਭਾਸਦੇ ਨਹੀਂ। ਅਤੇ

(੩) ਜਦੋਂ ਕਾਗਜ਼ ਭਾਸੇ ਤਾਂ ਰੂਪਾ ਅਤੇ ਭੋਡਲ ਭਾਸਦੇ ਨਹੀਂ।

ਇਹ ਤਿੰਨ ਵਸਤੂਆਂ ਦਾ ਪਰਸਪਰ-ਵਯਤੀਰੇਕ(੮) ਹੈ। ਸਿੱਪੀ ਵਿੱਚ ਆਦਿ, ਮੱਧ ਅਤੇ ਅੰਤ ਸਮੇਂ ਇੰਨ੍ਹਾਂ ਤਿੰਨ ਵਸਤੂਆਂ ਦਾ ਵਯਵਹਾਰਿਕ(੯) ਅਤੇ ਪਰਮਾਰਥਿਕ(੧੦) ਅਤਿਅੰਤ(੧੧) ਅਭਾਵ ਹੈ। ਇਹ ਸਿੱਪੀ ਵਿਸ਼ੇ ਇੰਨ੍ਹਾਂ ਤਿੰਨ ਵਸਤੂਆਂ ਦਾ ਅਧਿਸ਼ਠਾਨ(੧੨) ਵਯਤੀਰੇਕ ਹੈ। ਅਤੇ

੨. ਭ੍ਰਾਂਤੀ ਕਾਲ ਵਿਸ਼ੇ :-

(੧) ''ਇਹ ਰੂਪਾ ਹੈ''

(੨) ''ਇਹ ਭੋਡਲ ਹੈ''

(੩) ''ਇਹ ਕਾਗਜ਼ ਹੈ''

ਇਸ ਰੀਤ ਨਾਲ ਸਿੱਪੀ ਦਾ ਇਦੰ ਅੰਸ਼ (ਇਹਪਣਾ) ਇੰਨ੍ਹਾਂ ਤਿੰਨ ਵਸਤੂਆਂ ਵਿਸ਼ੇ ਅਨੁਸਯੂਤ(੧੩) ਭਾਸਦਾ ਹੈ। ਇਹ ਇੰਨ੍ਹਾਂ ਤਿੰਨ ਵਸਤੂਆਂ ਵਿੱਚ ਸਿੱਪੀ ਦਾ ਆਨਵਯ(੧੪) ਹੈ॥

ਇੱਥੇ ਸਿੱਪੀ ਦੀਆਂ ਤਿੰਨ ਅੰਸ਼ਾਂ ਹਨ :-

(੧) ਸਾਮਾਨਯ ਅੰਸ਼

(੨) ਵਿਸ਼ੇਸ਼ ਅੰਸ਼

(੩) ਕਲਪਿਤ ਵਿਸ਼ੇਸ਼ ਅੰਸ਼

(੧) ਇਦੰਪਨਾ='ਇਹ' ਸ਼ਬਦ ਕਰਕੇ ਜੋ ਰੂਪਾ, ਭੋਡਲ ਤੇ ਕਾਗਜ਼ ਦਾ ਕਥਨ ਸੋ ਸਾਮਾਨਯ ਅੰਸ਼ ਹੈ। ਕਿਉਂਕਿ ਜੋ ਅਧਿਕ ਕਾਲ (ਸਮੇਂ) ਵਿਸ਼ੇ ਪ੍ਰਤੀਤ ਹੋਵੇ ਸੋ **ਸਾਮਾਨਯ ਅੰਸ਼** ਹੈ॥ ਇਦੰਪਨਾ ਕਿਉਂਕਿ :-

(੧) ਕ੍ਰਾਂਤੀ[੧੫] ਕਾਲ ਵਿਸ਼ੇ ਪ੍ਰਤੀਤ ਹੁੰਦਾ ਹੈ। ਅਤੇ

(੨) ਕ੍ਰਾਂਤੀ ਦੇ ਅਭਾਵ[੧੬] ਕਾਲ ਵਿੱਚ ਵੀ 'ਇਹ ਸਿੱਪੀ ਹੈ' ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ।

ਇਸ ਲਈ ਇਦੰਪਨਾ ਸਾਮਾਨਯ ਅੰਸ਼ ਹੈ ਅਤੇ ਇਸ ਨੂੰ 'ਆਧਾਰ' ਵੀ ਆਖਦੇ ਹਨ।

(੨) ਨੀਲ[੧੭] ਪ੍ਰਿਸ਼ਟ[੧੮], ਤਿੰਨ ਕੋਣ ਯੁਕਤ ਇਹ ਸਿੱਪੀ ਵਿੱਚ **ਵਿਸ਼ੇਸ਼ ਅੰਸ਼** ਹੈ। ਕਿਉਂਕਿ ਜੋ ਨਯੂਨ[੧੯] ਕਾਲ ਲਈ ਪ੍ਰਤੀਤ ਹੋਵੇ ਸੋ ਵਿਸ਼ੇਸ਼ ਅੰਸ਼ ਕਹੀਏ ਹੈ।

(੧) ਕ੍ਰਾਂਤੀ ਕਾਲ ਵਿੱਚ ਇਨ੍ਹਾਂ ਨੀਲ, ਪ੍ਰਿਸ਼ਠ ਆਦਿਕ ਦੀ ਪ੍ਰਤੀਤੀ ਹੁੰਦੀ ਨਹੀਂ।

(੨) ਇਸ ਲਈ ਇਹ ਵਿਸ਼ੇਸ਼ ਅੰਸ਼ ਹੈ ਅਤੇ ਇਸ ਨੂੰ 'ਅਧਿਸ਼ਠਾਨ' ਵੀ ਆਖਦੇ ਹਨ।

(੩) ਰੂਪਾ ਆਦਿਕ ਕਲਪਿਤ ਵਿਸ਼ੇਸ਼ ਅੰਸ਼ ਹੈ, ਕਿਉਂਕਿ ਜੋ ਅਧਿਸ਼ਠਾਨ ਦੇ ਗਯਾਤ[੨੦] ਕਾਲ ਵਿੱਚ ਪ੍ਰਤੀਤ ਨਾ ਹੋਵੇ ਸੋ **ਕਲਪਿਤ ਵਿਸ਼ੇਸ਼ ਅੰਸ਼** ਕਹੀਏ ਹੈ॥ ਜਿਵੇਂ :-

(੧) ਰੂਪਾ ਆਦਿਕ[੨੧] ਸਿੱਪੀ ਦੇ ਅਗਯਾਨ ਕਾਲ ਵਿੱਚ ਪ੍ਰਤੀਤ ਹੁੰਦੇ ਹਨ।

(੨) ਪਰੰਤੂ ਸਿੱਪੀ ਦੇ ਗਯਾਨ ਕਾਲ ਵਿੱਚ ਇਨ੍ਹਾਂ ਦੀ ਪ੍ਰਤੀਤੀ ਹੁੰਦੀ ਨਹੀਂ।

(੩) ਸਿੱਪੀ ਤੋਂ ਵਯਭੀਚਾਰੀ[੨੨] ਵੀ ਹਨ।

ਇਸ ਲਈ ਇਹ ਕਲਪਿਤ ਵਿਸ਼ੇਸ਼ ਅੰਸ਼ ਹੈ ਅਤੇ ਇਸ ਨੂੰ 'ਭ੍ਰਾਂਤੀਜ' ਵੀ ਆਖਦੇ ਹਨ।

ਸਿਧਾਂਤ :- ਤਿਵੇਂ ਹੀ ਅਧਿਸ਼ਠਾਨ ਆਤਮਾ ਵਿੱਚ ਜਾਗ੍ਰਤ, ਸੁਪਨ ਅਤੇ ਸੁਖੋਪਤ ਇਹ ਤਿੰਨਾਂ ਦੀ ਭ੍ਰਾਂਤੀ ਆਤਮਾ ਦੇ ਅਗਿਆਨ ਨਾਲ ਹੁੰਦੀ ਹੈ। ਇਨ੍ਹਾਂ ਤਿੰਨ ਅਵਸਥਾ ਦਾ :-

(੧) ਪਰਸਪਰ ਅਤੇ ਅਧਿਸ਼ਠਾਨ ਆਤਮਾ ਦੇ ਨਾਲ ਵਯਤੀਰੇਕ[੨੩] ਹੈ ਅਤੇ

(੨) ਆਤਮਾ ਦਾ ਇਨ੍ਹਾਂ ਤਿੰਨ ਅਵਸਥਾ ਵਿੱਚ ਆਨਵਯ[੨੪] ਹੈ॥ ਜਿਵੇਂ ਕਿ :

੧. (੧) ਜਾਗ੍ਰਤ ਅਵਸਥਾ ਭਾਸਦੀ (ਪ੍ਰਤੀਤ) ਹੋਵੇ ਉਸ ਸਮੇਂ ਸੁਪਨ ਅਤੇ ਸੁਖੋਪਤ ਦੀ ਪ੍ਰਤੀਤੀ ਨਹੀਂ ਹੁੰਦੀ।

(੨) ਸੁਪਨ ਭਾਸੇ ਤਾਂ ਜਾਗ੍ਰਤ ਅਤੇ ਸੁਖੋਪਤ ਭਾਸਦੀਆਂ ਨਹੀਂ।

(੩) ਸੁਖੋਪਤ ਭਾਸੇ ਤਾਂ ਜਾਗ੍ਰਤ ਅਤੇ ਸੁਪਨ ਭਾਸਦੀਆਂ ਨਹੀਂ।

ਇਹ ਤਿੰਨ ਅਵਸਥਾ ਦਾ ਪਰਸਪਰ-ਵਯਤੀਰੇਕ[੨੫] ਹੈ। ਅਤੇ

ਅਧਿਸ਼ਠਾਨ ਵਿੱਚ ਇੰਨ੍ਹਾਂ ਤਿੰਨ ਅਵਸਥਾ ਦਾ ਪਰਮਾਰਥਿਕ ਅਤਿਅੰਤ ਅਭਾਵ (ਨਿੱਤਯ ਨਿਵਿਰਤੀ) ਹੈ। ਇਹ ਤਿੰਨ ਅਵਸਥਾ ਦਾ ਅਧਿਸ਼ਠਾਨ ਵਿਸ਼ੇ ਵਯਤੀਰੇਕ[੨੬] ਹੈ। ਅਤੇ

੨. ਆਤਮਾ ਇੰਨ੍ਹਾਂ ਤਿੰਨ ਅਵਸਥਾ ਵਿਸ਼ੇ ਅਨੁਸਯੂਤ[੨੭] ਹੋ ਕੇ ਪ੍ਰਕਾਸ਼ਦੀ ਹੈ। ਇਹ ਆਤਮਾ ਦਾ ਤਿੰਨ ਅਵਸਥਾ ਵਿਸ਼ੇ ਆਨਵਯ[੨੮] ਹੈ॥

ਇੱਥੇ ਆਤਮਾ ਦੇ ਅਵਿਦਿਆ ਉਪਾਧੀ ਨਾਲ ਆਰੋਪਿਤ[੨੯] ਤਿੰਨ ਅੰਸ਼ ਹਨ :-

(੧) ਸਾਮਾਨਯ ਅੰਸ਼

(੨) ਵਿਸ਼ੇਸ਼ ਅੰਸ਼

(੩) ਕਲਪਿਤ ਵਿਸ਼ੇਸ਼ ਅੰਸ਼

(੧) ਸਤ (''ਹੈ'' ਪਨਾ) ਰੂਪ ਸਾਮਾਨਯ ਅੰਸ਼ ਹੈ। ਕਿਉਂਕਿ

(੧) ''ਜਾਗ੍ਰਤ ਹੈ'' ''ਸੁਪਨ ਹੈ'' ''ਸੁਖੋਪਤ ਹੈ'' ਇਸ ਰੀਤ ਨਾਲ ਆਤਮਾ ਦਾ ਸੱਤਪਨਾ ਭ੍ਰਾਂਤੀ ਕਾਲ ਵਿੱਚ ਵੀ ਪ੍ਰਤੀਤ ਹੁੰਦਾ ਹੈ। ਅਤੇ

(੨) ਭ੍ਰਾਂਤੀ ਦੀ ਨਿਵਿਰਤੀ ਕਾਲ ਵਿੱਚ ''ਮੈਂ ਸਤ ਹਾਂ। ਮੈਂ ਚਿਤ ਹਾਂ। ਮੈਂ ਆਨੰਦ ਹਾਂ। ਮੈਂ ਪਰੀਪੂਰਣ ਹਾਂ। ਮੈਂ ਅਸੰਗ ਹਾਂ। ਮੈਂ ਨਿੱਤਯ ਮੁਕਤ ਹਾਂ। ਮੈਂ ਬ੍ਰਹਮ ਹਾਂ'' ਇਸ ਰੀਤ ਨਾਲ ਆਤਮਾ ਦੇ ਸਤਪਨੇ ਦੀ ਪ੍ਰਤੀਤੀ ਹੁੰਦੀ ਹੈ।

ਇਸ ਲਈ ਇਹ ਸਤ ਰੂਪ ਸਾਮਾਨਯ ਅੰਸ਼ ਹੈ ਅਤੇ ਇਸ ਨੂੰ 'ਆਧਾਰ' ਵੀ ਆਖਦੇ ਹਨ।

(੨) ਚੇਤਨ, ਅਨੰਦ, ਅਸੰਗ, ਅਦ੍ਵੀਤੀਯਪਨੇ ਤੋਂ ਆਦਿ ਲੈ ਕੇ ਜੋ ਆਤਮਾ ਤੇ ਵਿਸ਼ੇਸ਼ਣ ਸੋ ਵਿਸ਼ੇਸ਼ ਅੰਸ਼ ਹੈ। ਕਿਉਂਕਿ

(੧) ਭ੍ਰਾਂਤੀ ਕਾਲ ਵਿੱਚ ਇਨ੍ਹਾਂ ਦੀ ਪ੍ਰਤੀਤੀ ਹੁੰਦੀ ਨਹੀਂ। ਕਿੰਤੂ ਇਨ੍ਹਾਂ ਵਿਸ਼ੇਸ਼ਣਾਂ ਦੀ ਪ੍ਰਤੀਤੀ ਨਾਲ ਭਰਮ ਦੀ ਨਿਵਿਰਤੀ ਹੁੰਦੀ ਹੈ।

(੨) ਇਸ ਲਈ ਇਹ ਵਿਸ਼ੇਸ਼ ਅੰਸ਼ ਹੈ ਅਤੇ ਅਧਿਸ਼ਠਾਨ ਵੀ ਇਸਨੂੰ ਆਖਦੇ ਹਨ॥

(੩) ਤਿੰਨ ਅਵਸਥਾ (ਜਾਗ੍ਰਤ, ਸੁਪਨ, ਸੁਖੋਪਤ) ਰੂਪ ਪ੍ਰਪੰਚ ਕਲਪਿਤ ਵਿਸ਼ੇਸ਼ ਅੰਸ਼ ਹੈ। ਕਿਉਂਕਿ

(੧) ਬ੍ਰਹਮ ਤੋਂ ਅਭਿੰਨ ਆਤਮਾ ਦੇ ਅਗਿਆਨ ਕਾਲ ਵਿੱਚ ਤਿੰਨ ਅਵਸਥਾ ਪ੍ਰਤੀਤ ਹੁੰਦੀਆਂ ਹਨ। ਅਤੇ

(੨) ''ਮੈਂ ਬ੍ਰਹਮ ਹਾਂ'' ਇਸ ਤਰ੍ਹਾਂ ਆਤਮਾ ਦੇ ਗਿਆਨ ਕਾਲ ਵਿੱਚ ਆਤਮਾ ਤੋਂ ਭਿੰਨ ਸੱਤ ਪ੍ਰਤੀਤ ਹੁੰਦੀਆਂ ਨਹੀਂ।

ਇਸ ਲਈ ਇਹ ਤਿੰਨ ਅਵਸਥਾ ਦਾ ਪ੍ਰਪੰਚ ਕਲਪਿਤ ਵਿਸ਼ੇਸ਼ ਅੰਸ਼ ਹੈ ਅਤੇ ਭ੍ਰਾਂਤੀ ਵੀ ਇਸਨੂੰ ਆਖਦੇ ਹਨ॥

ਇਸ ਰੀਤ ਨਾਲ ਇਹ ਤਿੰਨ ਅਵਸਥਾ ਆਤਮਾ ਵਿਸ਼ੇ ਮਿਥਿਆ ਪ੍ਰਤੀਤ ਹੁੰਦੀਆਂ ਹਨ॥

(੧) ਸੀਪ ਨਾਮਕ ਜਲ-ਜੰਤੂ ਦੁਆਰਾ ਬਣਾਈ ਗਈ ਕਠਿਨ, ਸੁਰੱਖਿਅਤ ਬਾਹਰੀ ਪਰਤ। ਇਹ ਖੋਲ ਰੂਪ ਪਰਤ ਸੀਪ ਦੇ ਸਰੀਰ ਦਾ ਹਿੱਸਾ ਹੈ ਜੋ ਅਕਸਰ ਸਮੁੰਦ੍ਰ ਦੇ ਕਿਨਾਰਿਆਂ ਤੇ ਵੇਖਣ ਨੂੰ ਮਿਲਦੀ ਹੈ।

(੨) ਚਾਂਦੀ

(੩) ਭੋਡਲ=ਅਬਰਕ=ਜੋ ਰੇਤੇ ਵਿੱਚ ਚਿੱਟੇ ਚਮਕੀਲੇ ਕਣ ਚਮਕਦੇ ਹਨ।

(੪) ਜੋ ਵਸਤੂ ਵਾਸਤਵ ਵਿੱਚ ਹੋਵੇ ਨਾ ਅਤੇ ਸੁਪਨੇ ਦੇ ਪਦਾਰਥਾਂ ਦੀ ਨਿਆਈ ਅਗਿਆਨ ਰੂਪ ਨੀਂਦ ਆਉਣ ਨਾਲ ਭ੍ਰਾਂਤੀ (ਭਰਮ) ਦੁਆਰਾ ਭਾਸੇ ਸੋ ਕਲਪਿਤ ਕਹੀਏ ਹੈ।

(੫) ਆਪਸ ਵਿੱਚ

(੬) ਭੇਦ ਹੋਣ ਕਰਕੇ ਅਭਾਵ ਹੋਣਾ। ਦੋ ਪ੍ਰਕਾਰ ਦਾ ਵਯਤੀਰੇਕ ਪੰਨਾ ੧੦੧ 'ਤੇ ਪੜ੍ਹੋ।

(੭) ਭਾਵ ਰੂਪਤਾ ਕਹੀਏ ਮੌਜ਼ੂਦਗੀ।

(੮) ਪੰਨਾ ੧੦੧ 'ਤੇ ਪੜ੍ਹੋ।

(੯) ਜਾਗ੍ਰਤ, ਸੁਪਨ, ਸੁਖੋਪਤ ਦੇ ਵਯਵਹਾਰ=ਕੰਮ-ਕਾਰ ਰੂਪ ਕਿਰਿਆ ਵਿੱਚ।

(੧੦) ਵਾਸਤਵਿਕ (ਅਸਲ ਵਿੱਚ)

(੧੧) ਜੋ ਤਿੰਨ ਕਾਲਾਂ ਵਿੱਚ ਕਦੇ ਵੀ ਨਾ ਹੋਵੇ ਸੋ ਅਤਿਅੰਤ ਅਭਾਵ (ਗੈਰ-ਮੌਜੂਦਗੀ) ਕਹੀਏ ਹੈ।

(੧੨) ਅਧਿਸ਼ਠਾਨ ਵਯਤੀਰੇਕ ਪੰਨਾ ੧੦੧ ਤੇ ਪੜ੍ਹੋ।

(੧੩) ਮਿਲਿਆ ਵਾ ਸਮਾਇਆ ਹੋਇਆ

(੧੪) ਪੰਨਾ ੧੨੪ ਤੇ ਟੂਕ (੭) ਪੜ੍ਹੋ।

(੧੫) ਭਰਮ

(੧੬) ਗੈਰ-ਮੌਜੂਦਗੀ

(੧੭) ਨੀਲਾ

(੧੮) ਪਿੱਠ ਵਾਲੀ

(੧੯) ਥੋੜ੍ਹੇ

(੨੦) ਗਿਆਨ

(੨੧) ਚਾਂਦੀ, ਭੋਂਡਲ, ਕਾਗਜ

(੨੨) ਬਦਲਣ ਵਾਲੇ

(੨੩) ਅਭਾਵ (ਗੈਰ ਮੌਜੂਦ)

(੨੪) ਭਾਵ (ਮੌਜੂਦਗੀ)

(੨੫,੨੬) ਪਰਸਪਰ ਵਯਤੀਰੇਕ ਅਤੇ ਅਧਿਸ਼ਠਾਨ ਵਯਤੀਰੇਕ ਪੰਨਾ ੧੦੧ 'ਤੇ ਪੜ੍ਹੋ।

(੨੭) ਮਿਲਿਆ ਵਾ ਸਮਾਇਆ ਹੋਇਆ

(੨੮) ਭਾਵ ਰੂਪਤਾ (ਮੌਜੂਦਗੀ)

(੨੯) ਕਲਪਿਤ

ਪ੍ਰਸ਼ਨ ੧੨੭. ਆਤਮਾ ਵਿਸ਼ੇ ਮਿਥਿਆ ਪ੍ਰਪੰਚ ਦੀ ਪ੍ਰਤੀਤੀ ਵਿੱਚ ਹੋਰ ਦ੍ਰਿਸ਼ਟਾਂਤ ਕਿਹੜੇ ਹਨ?

ਉੱਤਰ : ਜਿਵੇਂ :-

(੧) ਸਥਾਣੂ[੩੦] ਵਿਸ਼ੇ ਪੁਰਸ਼ ਪ੍ਰਤੀਤ ਹੁੰਦਾ ਹੈ। ਅਤੇ

(੨) ਸਾਕਸ਼ੀ[੩੧] ਵਿਸ਼ੇ ਸੁਪਨਾ ਪ੍ਰਤੀਤ ਹੁੰਦਾ ਹੈ। ਅਤੇ

(੩) ਮਰੂ-ਭੂਮੀ[੩੨] ਵਿਸ਼ੇ ਜਲ ਪ੍ਰਤੀਤ ਹੁੰਦਾ ਹੈ। ਅਤੇ

(੪) ਆਕਾਸ਼ ਵਿਸ਼ੇ ਨੀਲਤਾ ਪ੍ਰਤੀਤ ਹੁੰਦੀ ਹੈ। ਅਤੇ

(੫) ਰਜੂ[੩੩] ਵਿਸ਼ੇ ਸੱਪ ਪ੍ਰਤੀਤ ਹੁੰਦਾ ਹੈ। ਅਤੇ

(੬) ਜਲ ਵਿਸ਼ੇ ਅਧੋਮੁਖ[੩੪] ਪੁਰਸ਼ ਵਾ ਦਰਖ਼ਤ ਪ੍ਰਤੀਤ ਹੁੰਦਾ ਹੈ। ਅਤੇ

(੭) ਦਰਪਣ[੩੫] ਵਿਸ਼ੇ ਨਗਰ ਪ੍ਰਤੀਤ ਹੁੰਦਾ ਹੈ॥

ਸੋ ਸਭ ਮਿਥਿਆ[੩੬] ਹੈ॥

ਤਿਵੇਂ ਹੀ ਆਤਮਾ ਵਿੱਚ ਆਪਣੇ ਸਰੂਪ ਦੇ ਅਗਿਆਨ ਤੋਂ ਪ੍ਰਪੰਚ ਪ੍ਰਤੀਤ ਹੁੰਦਾ ਹੈ। ਸੋ ਮਿਥਿਆ ਹੈ।

ਇਸ ਰੀਤ ਨਾਲ ਪ੍ਰਪੰਚ ਦੇ ਮਿਥਿਆਪਨੇ ਦਾ ਨਿਸ਼ਚਾ ਕਰਨਾ ਹੀ ਪ੍ਰਪੰਚ ਦਾ ਬਾਧ[੩੭] ਹੈ।

(੩੦) ਠੂਠ ਭਾਵ ਕੱਟਿਆ ਹੋਇਆ ਦਰਖ਼ਤ

(੩੧) ਅੰਤਹਕਰਣ ਦੀ ਉਪਾਧੀ ਵਾਲਾ ਮਾਤ੍ਰ ਚੇਤਨ,ਸਾਕਸ਼ੀ (ਗਵਾਹ) ਕਹੀਏ ਹੈ।

(੩੨) ਰੇਤਲੀ ਧਰਤੀ

(੩੩) ਰੱਸੀ

(੩੪) ਉਲਟੇ ਮੁੱਖ ਵਾਲਾ ਭਾਵ ਸਿਰ ਨੀਵਾਂ ਅਤੇ ਪੈਰ ਉੱਪਰ।

(੩੫) ਸ਼ੀਸ਼ਾ

(੩੬) ਪੰਨਾ ੪੮ ਤੇ ਟੂਕ (੨੭) ਪੜ੍ਹੋ।

(੩੭) ਮਿਥਿਆਪਨੇ ਦੇ ਨਿਸ਼ਚੇ ਦਾ ਨਾਮ ਬਾਧ ਹੈ ਵਾ ਬਾਧ = ਨਾਸ਼।

ਬਾਧ ਰੂਪ ਨਿਵਿਰਤੀ ਪੰਨਾ ੧੯ ਤੇ ਟੂਕ (੪) ਵਿਚੋਂ ਪੜ੍ਹੋ।

ਪ੍ਰਸ਼ਨ ੧੨੮. ਭ੍ਰਾਂਤੀ ਰੂਪ ਸੰਸਾਰ ਕਿੰਨੇ ਪ੍ਰਕਾਰ ਦਾ ਹੈ?

ਉੱਤਰ : (੧) ਭੇਦ-ਭ੍ਰਾਂਤੀ[੩੮]

(੨) ਕਰਤਾ-ਭੋਗਤਾਪਨੇ ਦੀ ਭ੍ਰਾਂਤੀ[੩੯]

(੩) ਸੰਗ-ਭ੍ਰਾਂਤੀ[੪੦]

(੪) ਵਿਕਾਰ-ਭ੍ਰਾਂਤੀ[੪੧]

(੫) ਬ੍ਰਹਮ ਤੋਂ ਭਿੰਨ ਜਗਤ ਦੇ ਸੱਤ ਹੋਣ ਦੀ ਭ੍ਰਾਂਤੀ

ਇਹ ਪੰਜ ਪ੍ਰਕਾਰ ਦਾ ਭ੍ਰਾਂਤੀ ਰੂਪ ਸੰਸਾਰ ਹੈ।

ਭੇਦ ਭਰਮ ਕਰਤੱਤ੍ਵ ਭਰਮ ਪੁਨਿ ਸੰਗ ਭਰਮ ਵਿਕਾਰ॥
ਬ੍ਰਹਮ ਇਤਰ ਜਗ ਸੱਤ ਭਰਮ ਪਾਂਚੋ ਭਰਮ ਸੰਸਾਰ॥

(ਵਿਚਾਰ ਸਾਗਰ)

(੩੮) (੧) ਜੀਵ-ਈਸ਼ਵਰ ਦਾ ਭੇਦ (੨) ਜੀਵਾਂ ਦਾ ਪਰਸਪਰ ਭੇਦ (੩) ਜੜ ਦਾ ਪਰਸਪਰ ਭੇਦ (੪) ਜੀਵ-ਜੜ ਦਾ ਭੇਦ ਅਤੇ (੫) ਜੜ-ਈਸ਼ਵਰ ਦਾ ਭੇਦ। ਇਹ ਪੰਜ ਪ੍ਰਕਾਰ ਦੀ ਭੇਦ ਭ੍ਰਾਂਤੀ ਹੈ।

(੩੬) ਅੰਤਹਕਰਣ ਦੇ ਧਰਮ ਕਰਤਾਪਨਾ ਅਤੇ ਭੋਗਤਾਪਨੇ ਦੀ ਆਤਮਾ ਵਿਸ਼ੇ ਪ੍ਰਤੀਤੀ ਹੋਣੀ ਸੋ ਕਰਤਾਭੋਗਤਾਪਨੇ ਦੀ ਭ੍ਰਾਂਤੀ ਕਹੀਏ ਹੈ।

(੪੦) ਆਤਮਾ ਦਾ ਦੇਹਾਦਿਕ ਵਿਸ਼ੇ ਹੰਗਤਾ ਰੂਪ ਅਤੇ ਗ੍ਰਹਾਦਿਕ ਵਿਸ਼ੇ ਮਮਤਾ ਰੂਪ ਸੰਬੰਧ ਅਥਵਾ ਸਜਾਤੀ, ਵਿਜਾਤੀ ਤੇ ਸ੍ਵੈਗਤ ਭੇਦ (ਤਿੰਨ ਭੇਦ ਪੰਨਾ ੪੭ ਤੇ ਟੂਕ (੧੩ ਪੜ੍ਹੋ) ਦੁਆਰਾ ਵਸਤੂਆਂ ਦੇ ਨਾਲ ਸੰਬੰਧ ਦੀ ਪ੍ਰਤੀਤੀ ਸੋ ਸੰਗ ਭ੍ਰਾਂਤੀ ਕਹੀਏ।

(੪੧) ਦੁੱਧ ਦੇ ਵਿਕਾਰ (ਬਦਲਾਵ) ਦਹੀਂ ਦੀ ਨਿਆਈ ਬ੍ਰਹਮ ਦਾ ਵਿਕਾਰ ਜੀਵ ਅਥਵਾ ਜਗਤ ਹੈ, ਐਸੀ ਜੋ ਪ੍ਰਤੀਤੀ ਸੋ ਵਿਕਾਰ ਭ੍ਰਾਂਤੀ ਕਹੀਏ ਹੈ।

ਪ੍ਰਸ਼ਨ ੧੨੯. ਪੰਜ ਪ੍ਰਕਾਰ ਦੇ ਭਰਮਾਂ ਦੀ ਨਿਵਿਰਤੀ ਕਿਹੜੇ ਦ੍ਰਿਸ਼ਟਾਂਤਾਂ ਨਾਲ ਹੁੰਦੀ ਹੈ?

ਉੱਤਰ : (੧) ਬਿੰਬ-ਪ੍ਰਤੀਬਿੰਬ[੪੨] ਦੇ ਦ੍ਰਿਸ਼ਟਾਂਤ ਨਾਲ ਭੇਦ ਭਰਮ ਦੀ ਨਿਵਿਰਤੀ ਹੁੰਦੀ ਹੈ।

(੨) ਸਫਟਿਕ[੪੩] ਵਿਸ਼ੇ ਲਾਲ ਬਸਤਰ ਦੇ ਲਾਲ ਰੰਗ ਦੀ ਪ੍ਰਤੀਤੀ ਦੇ ਦ੍ਰਿਸ਼ਟਾਂਤ ਨਾਲ ਕਰਤਾ ਭੋਗਤਾਪਨੇ ਦੀ ਭ੍ਰਾਂਤੀ ਨਿਵਿਰਤ ਹੁੰਦੀ ਹੈ।

(੩) ਘਟਾਕਾਸ਼[੪੪] ਦੇ ਦ੍ਰਿਸ਼ਟਾਂਤ ਨਾਲ ਸੰਗ ਭ੍ਰਾਂਤੀ ਦੀ ਨਿਵਿਰਤੀ ਹੁੰਦੀ ਹੈ।

(੪) ਰੱਸੀ ਵਿਸ਼ੇ ਕਲਪਿਤ ਸੱਪ ਦੇ ਦ੍ਰਿਸ਼ਟਾਂਤ ਨਾਲ ਵਿਕਾਰ ਭ੍ਰਾਂਤੀ ਦੀ ਨਿਵਿਰਤੀ ਹੁੰਦੀ ਹੈ।

(੫) ਕਨਕ[੪੫] ਵਿਸ਼ੇ ਕੁੰਡਲ[੪੬] ਦੀ ਪ੍ਰਤੀਤੀ ਦੇ ਦ੍ਰਿਸ਼ਟਾਂਤ ਨਾਲ ਬ੍ਰਹਮ ਤੋਂ ਭਿੰਨ ਜਗਤ ਦੇ ਸੱਤਪਨੇ ਦੀ ਭ੍ਰਾਂਤੀ ਨਿਵਿਰਤ ਹੁੰਦੀ ਹੈ।

ਬਿੰਬ-ਪ੍ਰਤੀਬਿੰਬ ਸਫਟਿਕ ਘਟਾਕਾਸ ਗੁਣ ਮਾਰ॥
ਕਨਕ ਕੁੰਡਲ ਦ੍ਰਿਸ਼ਟਾਂਤ ਦੇ ਪਾਂਚੋ ਭਰਮ ਨਿਵਾਰ॥

(ਵਿਚਾਰ ਸਾਗਰ)

(੪੨) ਬਿੰਬ = ਮੂਲ ਸਰੂਪ ਪ੍ਰਤੀਬਿੰਬ=ਮੂਲ ਸਰੂਪ ਕਹੀਏ ਬਿੰਬ ਦਾ ਪ੍ਰਤੀ = ਉਲਟਾ ਦ੍ਰਿਸ਼ ਭਾਵ ਪਰਛਾਵਾਂ। ਜਿਵੇਂ ਧੁਨ ਦੀ ਪ੍ਰਤੀਧੁਨ ਹੁੰਦੀ ਹੈ ਤਿਵੇਂ ਹੀ ਬਿੰਬ ਦਾ ਪ੍ਰਤੀਬਿੰਬ ਜਾਨਣਾ।

(੪੩) ਬਲੌਰ ਦਾ ਟੁਕੜਾ

(੪੪) ਪੰਨਾ ੭੪ ਤੇ ਟੂਕ (੮੧) ਪੜ੍ਹੋ।

(੪੫) ਸੋਨਾ

(੪੬) ਕੰਨਾ ਵਿੱਚ ਪਹਿਨਣ ਵਾਲਾ ਗਹਿਣਾ

ਪ੍ਰਸ਼ਨ ੧੩੦. ਬਿੰਬ-ਪ੍ਰਤੀਬਿੰਬ ਦੇ ਦ੍ਰਿਸ਼ਟਾਂਤ ਨਾਲ ਭੇਦ ਭ੍ਰਾਂਤੀ ਦੀ ਨਿਵਿਰਤੀ ਕਿਸ ਰੀਤ ਨਾਲ ਹੁੰਦੀ ਹੈ?

ਉੱਤਰ : ਜਿਵੇਂ :-

(੧) ਦਰਪਣ[੪੭] ਵਿਸ਼ੇ ਮੁੱਖ ਦਾ ਪ੍ਰਤੀਬਿੰਬ[੪੮] ਭਾਸਦਾ ਹੈ। ਸੋ ਪ੍ਰਤਿਬਿੰਬ ਦਰਪਣ ਵਿਸ਼ੇ ਨਹੀਂ ਹੈ। ਕਿੰਤੂ ਦਰਪਣ ਨੂੰ ਦੇਖਣ ਵਾਸਤੇ ਬਾਹਰ ਨਿਕਲੀ ਜੋ ਨੇਤ੍ਰ ਦੀ ਵ੍ਰਿਤੀ ਸੋ ਦਰਪਣ ਨੂੰ ਸਪਰਸ਼ ਕਰਕੇ ਪਿੱਛੇ ਮੁੜਕੇ ਮੁੱਖ ਨੂੰ ਹੀ ਵੇਖਦੀ ਹੈ। ਇਸ ਲਈ ਬਿੰਬ[੪੯] ਜੋ ਮੁੱਖ ਤਿਸਦੇ ਨਾਲ ਪ੍ਰਤੀਬਿੰਬ ਅਭਿੰਨ[੫੦] ਹੈ। ਇਸ ਕਰਕੇ ਪ੍ਰਤੀਬਿੰਬ ਮਿਥਿਆ[੫੧] ਨਹੀਂ ਕਿੰਤੂ ਸੱਤ[੫੨]

ਹੈ। ਅਤੇ

(੨) ਪ੍ਰਤੀਬਿੰਬ ਦੇ ਧਰਮ ਜੋ ਬਿੰਬ ਤੋਂ ਭਿੰਨਪਨਾ[੫੩] ਅਤੇ ਦਰਪਣ ਵਿਸ਼ੇ ਸਥਿਤਪਨਾ ਅਤੇ ਬਿੰਬ ਤੋਂ ਉਲਟਪਨਾ। ਇਹ ਤਿੰਨ ਅਤੇ ਇਨ੍ਹਾਂ ਦੀ ਪ੍ਰਤੀਤੀ ਰੂਪ ਗਿਆਨ ਸੋ ਭ੍ਰਾਂਤੀ (ਭਰਮ) ਹੈ।

(੩) ਇਸ ਲਈ ਇਨ੍ਹਾਂ ਧਰਮਾਂ ਦੇ ਮਿਥਿਆਪਨੇ ਦਾ ਨਿਸ਼ਚੇ ਰੂਪ ਬਾਧ[੫੪] ਕਰਕੇ ਬਿੰਬ ਅਤੇ ਪ੍ਰਤੀਬਿੰਬ ਦਾ ਸਦਾ ਅਭੇਦ ਨਿਸ਼ਚੇ ਹੁੰਦਾ ਹੈ॥

ਸਿਧਾਂਤ :- ਤਿਵੇਂ

(੧) ਸ਼ੁੱਧ ਬ੍ਰਹਮ ਰੂਪ ਬਿੰਬ ਹੈ। ਤਿਸਦਾ ਅਗਿਆਨ ਰੂਪ ਦਰਪਣ ਵਿੱਚ ਜੀਵ ਰੂਪ ਪ੍ਰਤੀਬਿੰਬ ਭਾਸਦਾ ਹੈ। ਇਸ ਵਿੱਚ ਸੁਪਨ ਦੀ ਨਿਆਈ ਇੱਕ ਜੀਵ ਮੁੱਖ ਹੈ ਅਤੇ ਦੂਸਰੇ ਸਥਾਵਰ-ਜੰਗਮ[੫੫] ਰੂਪ ਨਾਨਾ ਜੀਵ ਭਾਸਦੇ ਹਨ। ਇਹ ਜੀਵਾਭਾਸ[੫੬] ਹੈ। ਸੋ ਜੀਵ ਰੂਪ ਪ੍ਰਤੀਬਿੰਬ ਈਸ਼ਵਰ ਰੂਪ ਬਿੰਬ ਦੇ ਨਾਲ ਸਦਾ ਅਭਿੰਨ ਹੈ। ਪਰੰਤੂ

(੨) ਮਾਯਾ ਦੇ ਬਲ ਨਾਲ ਜੀਵ ਦੇ ਧਰਮ :- ਬਿੰਬ ਰੂਪ ਈਸ਼ਵਰ ਨਾਲ ਭੇਦ, ਜੀਵਪਨਾ[੫੭], ਅਲਪੱਗਪਨਾ[੫੮], ਅਲਪਸ਼ਕਤੀਪਨਾ[੫੯], ਪਰਛਿੰਨਪਨਾ[੬੦], ਨਾਨਾਪਨਾ ਇਤਿਆਦਿ ਅਤੇ ਇਨ੍ਹਾਂ ਦੀ ਪ੍ਰਤੀਤੀ ਰੂਪ ਗਿਆਨ ਸੋ ਭ੍ਰਾਂਤੀ ਹੈ।

(੩) ਇਸ ਲਈ ਇਨ੍ਹਾਂ ਦੇ ਮਿਥਿਆਪਨੇ ਦਾ ਨਿਸ਼ਚੇ ਰੂਪ ਬਾਧ[੬੨] ਕਰਕੇ ਜੀਵ ਰੂਪ ਪ੍ਰਤੀਬਿੰਬ ਅਤੇ ਈਸ਼ਵਰ ਰੂਪ ਬਿੰਬ ਦਾ ਸਦਾ ਅਭੇਦ ਨਿਸ਼ਚੇ ਹੁੰਦਾ ਹੈ।

ਇਸ ਰੀਤ ਨਾਲ ਬਿੰਬ ਪ੍ਰਤੀਬਿੰਬ ਦੇ ਦ੍ਰਿਸ਼ਟਾਂਤ ਨਾਲ ਭੇਦ ਭ੍ਰਾਂਤੀ[੬੩] ਦੀ ਨਿਵਿਰਤੀ ਹੁੰਦੀ ਹੈ॥

(੪੭) ਸ਼ੀਸ਼ਾ

(੪੮), (੪੯) ਪੰਨਾ ੧੨੬ ਤੇ ਟੂਕ (੪੨) ਪੜ੍ਹੋ।

(੫੦) ਜੋ ਵੱਖਰਾ ਨਾ ਹੋਵੇ ਭਾਵ ਅਭੇਦ

(੫੧), (੫੨) ਪੰਨਾ ੪੮ ਤੇ ਟੂਕ (੨੭) ਪੜ੍ਹੋ।

(੫੩) ਵੱਖਰਾਪਨ

(੫੪) ਪੰਨਾ ੧੨੫ ਤੇ ਟੂਕ (੩੭) ਪੜ੍ਹੋ।

(੫੫) ਸਥਾਵਰ = ਜੜ (ਅਚੇਤਨ) ਜੰਗਮ = ਚੇਤਨ

(੫੬) (ਜੀਵ + ਅਭਾਸ) = ਚੇਤਨ ਆਤਮਾ ਦਾ ਅੰਤਹਕਰਣ ਦੀ ਬਿਰਤੀ ਵਿੱਚ ਅਭਾਸ=ਪ੍ਰਤੀਬਿੰਬ (ਪਰਛਾਵਾਂ) ਸੋ ਜੀਵਾਭਾਸ ਹੈ।

(੫੭) ਅੰਤਹਕਰਣ ਦੇ ਧਰਮ ਕਰਤਾ ਭੋਗਤਾਪਨ ਆਦਿ ਹੰਗਤਾ ਸਹਿਤ ਜੀਵ ਦਾ ਸੁਭਾਅ।

(੫੮) ਅਲਪ = ਘਟ ਗਿਆਨਵਾਨ

(੫੯) ਥੋੜ੍ਹੀ ਸਮਰੱਥਾ ਵਾ ਤਾਕਤ

(੬੦) ਹੱਦ-ਬੰਦੀ ਵਾ ਸੀਮਾ ਯੁਕਤ

(੬੧) ਅਨੇਕਤਾ

(੬੨) ਪੰਨਾ ੧੨੫ ਤੇ ਟੂਕ (੩੭) ਪੜ੍ਹੋ।

(੬੩) ਮੁੱਖ ਜੋ ਜੀਵ-ਈਸ਼ਵਰ ਦੇ ਭੇਦ ਦਾ ਨਿਸ਼ੇਧ (ਖੰਡਨ) ਕਰਨ ਤੋਂ ਜੀਵ-ਈਸ਼ਵਰ ਦੇ ਭੇਦ ਦੇ ਅੰਤਰਗਤ ਜੋ ਚਾਰ ਭੇਦ (ਪੰਨਾ ੧੨੫ ਤੇ ਟੂਕ ੩੮ ਤੋਂ ਪੜ੍ਹੋ) ਇਨ੍ਹਾਂ ਦਾ ਸਹਿਜ (ਸੁਤੇ-ਸਿਧ) ਹੀ ਨਿਸ਼ੇਧ ਸਿੱਧ ਹੋ ਜਾਂਦਾ ਹੈ। ਸਾਰੇ ਭੇਦ ਉਪਾਧੀ ਦੇ ਕਾਰਨ ਹਨ। ਉਪਾਧੀਆਂ (ਪਦਵੀਆਂ) ਸਾਰੀਆਂ ਮਿਥਿਆ ਹਨ। ਇਸ ਲਈ ਉਪਾਧੀ ਦੇ ਕੀਤੇ ਭੇਦ ਵੀ ਸਾਰੇ ਮਿਥਿਆ ਹਨ। ਇਸ ਲਈ ਵਾਸਤਵ ਅਦ੍ਵੈਤ ਬ੍ਰਹਮ ਹੀ ਅਵਸ਼ੇਸ਼ ਰਹਿੰਦਾ ਹੈ।

ਪ੍ਰਸ਼ਨ ੧੩੧. ਸਫਟਿਕ ਵਿਸ਼ੇ ਲਾਲ ਬਸਤਰ ਦੇ ਲਾਲ ਰੰਗ ਦੀ ਪ੍ਰਤੀਤੀ ਦੇ ਦ੍ਰਿਸ਼ਟਾਂਤ ਨਾਲ ਕਰਤਾ ਭੋਗਤਾਪਨੇ ਦੀ ਭ੍ਰਾਂਤੀ ਕਿਸ ਰੀਤ ਨਾਲ ਨਿਵਿਰਤ ਹੁੰਦੀ ਹੈ?

ਉੱਤਰ : ਜਿਵੇਂ :-

(੧) ਲਾਲ ਬਸਤਰ ਦੇ ਉੱਪਰ ਰੱਖੀ ਸਫਟਿਕ[੬੪]-ਮਣੀ ਵਿੱਚ ਬਸਤਰ ਦਾ ਲਾਲ ਰੰਗ ਸੰਯੋਗ[੬੫] ਸਬੰਧ ਨਾਲ ਭਾਸਦਾ ਹੈ।

(੨) ਪਰੰਤੂ ਸੋ ਬਸਤਰ ਦਾ ਧਰਮ ਹੈ।

(੩) ਬਸਤਰ ਅਤੇ ਸਫਟਿਕ ਦੇ ਵਿਜੋਗ[੬੫] ਤੋਂ ਸਫਟਿਕ ਵਿੱਚ ਪ੍ਰਤੀਤ ਹੁੰਦਾ ਨਹੀਂ।

(੪) ਇਸ ਲਈ ਸਫਟਿਕ ਦਾ ਧਰਮ ਨਹੀਂ ਹੈ।

(੫) ਕਿੰਤੂ ਸਫਟਿਕ ਵਿਸ਼ੇ ਭ੍ਰਾਂਤੀ ਨਾਲ ਭਾਸਦਾ[੬੭] ਹੈ।

ਸਿਧਾਂਤ :- ਤਿਵੇਂ ਹੀ :-

(੧) ਅੰਤਹਕਰਣ ਦਾ ਧਰਮ ਜੋ ਕਰਤਾ[੬੮] ਭੋਗਤਾਪਨ ਸੋ ਆਤਮਾ ਵਿੱਚ ਤਦਾਤਮਯ[੬੯] ਸੰਬੰਧ ਨਾਲ ਭਾਸਦੇ ਹਨ।

(੨) ਪਰੰਤੂ ਸੋ ਅੰਤਹਕਰਣ ਦੇ ਧਰਮ ਹਨ।

(੩) ਸੁਖੋਪਤ ਅਵਸਥਾ ਵਿੱਚ ਅੰਤਹਕਰਣ ਅਤੇ ਆਤਮਾ ਦੇ ਵਿਯੋਗ ਨਾਲ ਆਤਮਾ ਵਿੱਚ ਭਾਸਦੇ ਨਹੀਂ।

(੪) ਇਸ ਲਈ ਆਤਮਾ ਦੇ ਧਰਮ ਨਹੀਂ ਹੈ।

(੫) ਕਿੰਤੂ ਆਤਮਾ ਵਿਸ਼ੇ ਭਰਮ ਨਾਲ ਭਾਸਦੇ ਹਨ। ਇਸ ਰੀਤ ਨਾਲ ਸਫਟਿਕ ਵਿਸ਼ੇ ਲਾਲ ਰੰਗ ਦੀ ਪ੍ਰਤੀਤੀ ਦੇ ਦ੍ਰਿਸ਼ਟਾਂਤ ਨਾਲ ਕਰਤਾ-ਭੋਗਤਪਨੇ ਦੀ ਭ੍ਰਾਂਤੀ ਨਿਵਿਰਤ ਹੁੰਦੀ ਹੈ।

(੬੪) ਬਲੌਰ ਦੀ ਮਾਲਾ

(੬੫) ਮਿਲਾਪ ਵਾ ਸੰ=ਭਲੀ ਪ੍ਰਕਾਰ ਯੋਗ=ਜੁੜਨਾ

(੬੬) ਵੱਖਰਾ ਹੋਣਾ

(੬੭) ਪ੍ਰਤੀਤ

(੬੮) ਪੁੰਨ-ਪਾਪ ਰੂਪ ਕਰਮਾਂ ਨੂੰ ਕਰਨ ਵਾਲਾ ਕਹੀਏ ਕਰਤਾ ਅਤੇ ਸੁੱਖ-ਦੁੱਖ ਰੂਪ ਫਲ ਨੂੰ ਭੋਗਣ

ਵਾਲਾ ਕਹੀਏ ਭੋਗਤਾ।

(੬੯) ਵਾਸਤਵ ਅਭੇਦ ਸਹਿਤ ਭੇਦ।

ਪ੍ਰਸ਼ਨ ੧੩੨. ਘਟਾਕਾਸ਼ ਦੇ ਦ੍ਰਿਸ਼ਟਾਂਤ ਨਾਲ ਸੰਗ ਭ੍ਰਾਂਤੀ ਦੀ ਨਿਵਿਰਤੀ ਕਿਸ ਰੀਤ ਨਾਲ ਹੁੰਦੀ ਹੈ?

ਉੱਤਰ : ਜਿਵੇਂ :-

(੧) ਘਟ ਉਪਾਧੀ[੭੦] ਵਾਲਾ ਅਕਾਸ਼ ਘਟਾਕਾਸ਼[੭੧] ਕਹੀਏ ਹੈ।

(੨) ਸੋ ਅਕਾਸ਼ ਘਟ ਦੇ ਸੰਗ ਨਾਲ ਭਾਸਦਾ ਹੈ।

(੩) ਤਾਂ ਵੀ ਘਟ ਦੇ ਧਰਮ ਉਤਪਤੀ-ਨਾਸ਼ਵਾਨ,ਗਮਨ[੭੨]-ਆਗਮਨ ਆਦਿਕ ਹਨ। ਇਹ ਧਰਮ ਅਕਾਸ਼ ਨੂੰ ਸਪਰਸ਼ ਕਰਦੇ ਨਹੀਂ ਭਾਵ ਅਕਾਸ਼ ਵਿੱਚ ਇਨ੍ਹਾਂ ਧਰਮਾਂ ਦਾ ਅਭਾਵ ਹੈ।

(੪) ਇਸ ਲਈ ਅਕਾਸ਼ ਅਸੰਗ ਹੈ। ਅਤੇ

(੫) ਅਕਾਸ਼ ਦਾ ਸੰਬੰਧ ਘੜੇ ਦੇ ਨਾਲ ਜੋ ਭਾਸਦਾ ਹੈ ਸੋ ਭ੍ਰਾਂਤੀ ਹੈ।

ਸਿਧਾਂਤ :- ਤਿਵੇਂ ਹੀ :-

(੧) ਦੇਹਾਦਿਕ ਸੰਘਾਤ[੭੩] ਰੂਪ ਉਪਾਧੀ ਵਾਲਾ ਆਤਮਾ ਜੀਵ ਕਹੀਏ ਹੈ।

(੨) ਸੋ ਆਤਮਾ ਸੰਘਾਤ ਦੇ ਨਾਲ ਭਾਸਦਾ ਹੈ।

(੩) ਤਾਂ ਵੀ ਸੰਘਾਤ ਦੇ ਧਰਮ ਜਨਮ ਮਰਣਾਦਿਕ ਹਨ। ਸੋ ਆਤਮਾ ਨੂੰ ਸਪਰਸ਼ ਕਰਦੇ ਨਹੀਂ। ਕਿਉਂਕਿ ਸੰਘਾਤ ਦ੍ਰਿਸ਼ਯ ਹੈ ਅਤੇ ਆਤਮਾ ਦ੍ਰਸ਼ਟਾ ਹੈ।

(੪) ਇਸ ਲਈ ਆਤਮਾ ਸੰਘਾਤ ਤੋਂ ਨਿਆਰਾ ਅਸੰਗ ਹੈ।

(੫) ਕਿਉਂਕਿ ਆਤਮਾ ਸੰਘਾਤ ਰੂਪ ਨਹੀਂ। ਇਸ ਲਈ ਆਤਮਾ ਦਾ ਸੰਘਾਤ ਦੇ ਨਾਲ ਹੰਗਤਾ ਰੂਪ ਸੰਬੰਧ ਵੀ ਨਹੀਂ ਅਤੇ ਕਿਉਂਕਿ ਆਤਮਾ ਦਾ ਸੰਘਾਤ ਨਹੀਂ ਕਿੰਤੂ ਸੰਘਾਤ ਪੰਜ ਮਹਾਭੂਤਾਂ ਦਾ ਹੈ। ਇਸ ਲਈ ਆਤਮਾ ਦਾ ਸੰਘਾਤ ਦੇ ਨਾਲ ਮਮਤਾ ਰੂਪ ਸੰਬੰਧ ਵੀ ਨਹੀਂ। ਕਿਉਂਕਿ ਆਤਮਾ ਸੰਘਾਤ ਤੋਂ ਨਿਆਰਾ ਹੈ ਇਸ ਲਈ ਆਤਮਾ ਦਾ ਸੰਘਾਤ ਤੇ ਸੰਬੰਧੀ ਇਸਤਰੀ, ਪੁਤ੍ਰ, ਘਰ ਆਦਿਕ ਦੇ ਨਾਲ ਵੀ ਮਮਤਾ ਰੂਪ ਸੰਬੰਧ ਨਹੀਂ। ਇਸ ਤਰ੍ਹਾਂ ਆਤਮਾ ਅਸੰਗ ਹੈ। ਇਸਦਾ ਸੰਘਾਤ ਤੇ ਨਾਲ ਹੰਗਤਾ ਮਮਤਾ ਰੂਪ ਸੰਬੰਧ ਭ੍ਰਾਂਤੀ ਹੈ। ਇਸ ਰੀਤ ਨਾਲ ਘਟਾਕਾਸ਼ ਦੇ ਦ੍ਰਿਸ਼ਟਾਂਤ ਦੁਆਰਾ ਸੰਗ ਭ੍ਰਾਂਤੀ ਦੀ ਨਿਵਿਰਤੀ ਹੁੰਦੀ ਹੈ।

(੭੦) ਪਦਵੀ

(੭੧) ਪੰਨਾ ੭੪ ਤੇ ਟੂਕ (੮੧) ਪੜ੍ਹੋ

(੭੨) ਗਮਨ = ਜਾਣਾ ਆਗਮਨ = ਆਉਣਾ

(੭੩) ਇਕੱਠ

ਪ੍ਰਸ਼ਨ ੧੩੩. ਰਜੂ ਵਿਸ਼ੇ ਕਲਪਿਤ ਸੱਪ ਦੇ ਦ੍ਰਿਸ਼ਟਾਂਤ ਨਾਲ ਵਿਕਾਰ ਭ੍ਰਾਂਤੀ ਦੀ ਨਿਵਿਰਤੀ ਕਿਸ ਰੀਤ ਨਾਲ ਹੁੰਦੀ ਹੈ?

ਉੱਤਰ :- ਜਿਵੇਂ :-

(੧) ਮੰਦ[੭੪] ਅੰਧਕਾਰ ਵਿੱਚ ਰਜੂ (ਰੱਸੀ) ਸਥਿਤ ਹੋਵੇ। ਤਿਸਨੂੰ ਵੇਖਣ ਵਾਸਤੇ ਨੇਤ੍ਰ ਰੂਪ ਦੁਆਰ ਤੋਂ ਅੰਤਹਕਰਣ ਦੀ ਵ੍ਰਿਤੀ[੭੫] ਬਾਹਰ ਨਿਕਲਦੀ ਹੈ। ਸੋ ਵ੍ਰਿਤੀ ਅੰਧਕਾਰਾਦਿ ਦੋਸ਼ ਨਾਲ ਰਜੂ ਦੇ ਅਕਾਰ ਨੂੰ ਪਾਉਂਦੀ ਨਹੀਂ। ਇਸ ਲਈ ਤਿਸ ਵ੍ਰਿਤੀ ਨਾਲ ਰੱਸੀ ਦਾ ਆਵਰਣ[੭੬] ਭੰਗ[੭੭] ਨਹੀਂ ਹੁੰਦਾ। ਤਦੋਂ ਰਸੀ ਉਪਾਧੀ ਵਾਲੇ ਚੇਤਨ ਦੇ ਆਸ਼੍ਰਿਤ[੭੮] ਜੋ ਤੂਲਾ[੭੯]–ਅਵਿਦਿਆ ਸੋ ਸ਼ੋਭ[੮੦] ਨੂੰ ਪ੍ਰਾਪਤ ਹੋ ਕੇ ਸੱਪ ਰੂਪ ਵਿਕਾਰ ਨੂੰ ਧਾਰਣ ਕਰਦੀ ਹੈ।

(੨) ਸੋ ਸੱਪ, ਦੁੱਧ ਦੇ ਪਰਣਾਮ[੮੧] (ਵਿਕਾਰ) ਦਹੀਂ ਦੀ ਨਿਆਈ ਅਵਿਦਿਆ ਦਾ ਪਰਣਾਮ ਹੈ। ਅਤੇ

(੩) ਰਜੂ ਕਹੀਏ ਰੱਸੀ ਉਪਾਧੀ ਵਾਲੇ ਚੇਤਨ ਦਾ ਵਿਵਰਤ[੮੨] ਹੈ, ਪਰਣਾਮ ਨਹੀਂ॥

ਸਿਧਾਂਤ :– ਤਿਵੇਂ ਹੀ :

(੧) ਬ੍ਰਹਮ ਚੇਤਨ ਦੇ ਆਸ਼੍ਰਿਤ[੮੩] ਜੋ ਮੂਲਾ–ਅਵਿਦਿਆ[੮੪] ਸੋ ਪਰਾਲਬਧ ਆਦਿਕ ਨਮਿਤ[੮੫] ਨਾਲ ਸ਼ੋਭ (ਵਯਾਕੁਲਤਾ) ਨੂੰ ਪਾ ਕੇ ਜੜ–ਚੇਤਨ (ਚਿਦਾਭਾਸ) ਪ੍ਰਪੰਚ ਰੂਪ ਵਿਕਾਰ ਨੂੰ ਧਾਰਦੀ ਹੈ।

(੨) ਸੋ ਪ੍ਰਪੰਚ ਅਵਿਦਿਆ ਦਾ ਪਰਣਾਮ[੮੬] ਹੈ। ਅਤੇ

(੩) ਅਧਿਸ਼ਠਾਨ[੮੭] ਬ੍ਰਹਮ ਚੇਤਨ ਦਾ ਵਿਵਰਤ[੮੮] ਹੈ, ਪਰਣਾਮ ਨਹੀਂ।

ਇਸ ਰੀਤ ਨਾਲ ਰਜੂ ਵਿਸ਼ੇ ਕਲਪਿਤ ਸੱਪ ਦੇ ਦ੍ਰਿਸ਼ਟਾਂਤ ਨਾਲ ਵਿਕਾਰ ਭ੍ਰਾਂਤੀ ਦੀ ਨਿਵਿਰਤੀ ਹੁੰਦੀ ਹੈ॥

(੭੪) ਸਮਾਨ ਅੰਧਕਾਰ ਵਾ ਮੰਦ ਅੰਧਕਾਰ ਭਾਵ ਨਾ ਪੂਰਨ ਰੂਪ ਵਿੱਚ ਹਨੇਰਾ ਹੋਵੇ ਅਤੇ ਨਾ ਹੀ ਪੂਰਾ ਚਾਨਣ ਹੋਵੇ। ਵਿਚਕਾਰ ਦੀ ਅਵਸਥਾ ਅਰਥ ਸਮਝਣਾ।

(੭੫) ਬਿਰਤੀ

(੭੬) ਪੜਦਾ

(੭੭) ਨਾਸ਼

(੭੮) ਆਸਰੇ

(੭੯) ਅਵਿਦਿਆ ਦੋ ਪ੍ਰਕਾਰ ਦੀ ਹੈ :–

(੧) ਤੂਲਾ ਅਵਿਦਿਆ = ਜੋ ਘਟ, ਪਟ ਆਦਿ ਪਦਾਰਥਾਂ ਵਿੱਚ ਵਿਆਪਕ ਚੇਤਨ ਨੂੰ ਢੱਕ ਕੇ ਰੱਖਦੀ ਹੈ।

(੨) ਮੂਲਾ ਅਵਿਦਿਆ = ਜੋ ਸ਼ੁਧ ਬ੍ਰਹਮ ਅਤੇ ਆਤਮਾ ਉੱਤੇ ਪੜਦਾ ਰੂਪ ਹੋ ਕੇ ਵਰਤਦੀ ਹੈ।

(੮੦) ਕਾਰਯ ਕਰਨ ਦੇ ਸਨਮੁੱਖ ਹੋਣ ਨੂੰ ਸ਼ੋਭ ਕਹੀਏ ਹੈ।

(੮੧) (੧) ਪੂਰਵ ਰੂਪ ਨੂੰ ਤਿਆਗਕੇ ਹੋਰ ਰੂਪ ਦੀ ਪ੍ਰਾਪਤੀ ਪਰਿਣਾਮ ਹੈ। ਅਥਵਾ

(੨) ਉਪਾਦਾਨ (ਪੰਨਾ ੪੫ ਤੇ ਟੂਕ ੬ ਪੜ੍ਹੋ) ਦੇ ਬਰਾਬਰ ਸੱਤਾ ਵਾਲਾ ਜੋ ਉਪਾਦਾਨ ਤੋਂ ਭਿੰਨ ਅਕਾਰ ਵਾਲਾ ਹੋਵੇ ਸੋ ਪਰਣਾਮ ਹੈ॥

ਇਸੇ ਨੂੰ ਪ੍ਰਣਵ ਰੂਪ ਅਤੇ ਵਿਕਾਰ ਵੀ ਆਖਦੇ ਹਨ।

*ਪ੍ਰਣਵ-ਰੂਪ - ਜੋ ਵਸਤੂ ਬਦਲ ਕੇ ਆਪਣੇ ਮੂਲ ਦੇ ਸੁਦਰਸ਼ ਨਾ ਰਹੇ ਸੋ ਵਸਤੂ ਦਾ ਪ੍ਰਣਵ ਰੂਪ ਹੈ। ਜਿਵੇਂ ਦੁੱਧ ਤੋਂ ਦਹੀਂ, ਲੱਸੀ, ਘਿਉ ਆਦਿ ਬਣ ਜਾਂਦਾ ਹੈ ਤਾਂ ਫਿਰ ਦੁਬਾਰਾ ਦੁੱਧ ਰੂਪ ਨਹੀਂ ਹੋ ਸਕਦਾ। ਤਿਵੇਂ ਹੀ ਮਾਇਆ ਦੀਆਂ ਦੋ ਅੰਸਾਂ ਨਾਮ ਤੇ ਰੂਪ ਵਿਕਾਰੀ ਭਾਵ ਬਦਲਣ ਵਾਲੀਆਂ ਹਨ ਅਤੇ ਸਦਾ ਆਪਣੇ ਵਾਸਤਵ ਰੂਪ ਵਿੱਚ ਨਹੀਂ ਰਹਿੰਦੀਆਂ। ਜਿਵੇ ਸਥੂਲ ਸਰੀਰ ਜੋ ਮਾਇਆ ਦਾ ਹੀ ਕਾਰਜ ਹੈ ਪਹਿਲਾ ਬਾਲਕ, ਫਿਰ ਜਵਾਨੀ,ਫਿਰ ਬਿਰਧ ਅਵਸਥਾ ਅਤੇ ਅੰਤ ਨੂੰ ਢਹਿ-ਢੇਰੀ ਹੋਣ ਕਰਕੇ ਮੂਲ ਰੂਪ ਵਿੱਚ ਇਸਥਿਤ ਨਹੀਂ ਰਹਿੰਦਾ। ਸੋ ਅਸੱਤ, ਜੜ, ਦੁੱਖ ਰੂਪ ਮਾਇਆ ਪ੍ਰਣਵ ਰੂਪ ਨੂੰ ਪ੍ਰਾਪਤ ਹੋਣ ਵਾਲੀ ਹੈ ਅਤੇ ਸਾਰਾ ਸੰਸਾਰ ਮਾਇਆ ਦਾ ਹੀ ਕਾਰਜ ਹੋਣ ਕਰਕੇ ਮਾਇਆ ਦਾ ਪ੍ਰਣਵ ਰੂਪ ਹੈ।

(੮੨) ਅਧਿਸ਼ਠਾਨ (ਮੂਲ ਆਸਰਾ) ਤੋਂ ਵੱਖਰੀ ਸੱਤਾ ਵਾਲਾ ਕਹੀਏ ਥੋੜ੍ਹੀ ਅਤੇ ਭਿੰਨ ਸੱਤਾ ਵਾਲਾ ਜੋ ਅਧਿਸ਼ਠਾਨ ਤੋਂ ਵੱਖਰੇ ਨਾਮ ਅਤੇ ਪ੍ਰਕਾਰ ਦਾ ਅਕਾਰ ਸੋ ਵਿਵਰਤ ਹੈ। ਜਿਵੇਂ ਰੱਸੀ ਦਾ ਵਿਵਰਤ ਸਪ,ਤਿਸਦਾ ਨਾਮ ਅਤੇ ਅਕਾਰ ਰੱਸੀ ਤੋਂ ਭਿੰਨ ਹਨ। ਇਸੇ ਨੂੰ ਕਲਪਿਤ ਕਾਰਯ ਅਤੇ ਕਲਪਿਤ ਵਿਸ਼ੇਸ਼ ਅੰਸ਼ ਵੀ ਆਖਦੇ ਹਨ। ਇਥੇ ਵਿਵਰਤ ਤੋਂ ਵਸਤੂ ਦਾ ਵਿਵਰਤ-ਰੂਪ ਅਰਥ ਸਮਝਣਾ।

*ਵਿਵਰਤ-ਰੂਪ - ਜੋ ਮੂਲ ਰੂਪ ਵਿੱਚ ਵਸਤੂ ਉਹੀ ਰਹੇ ਪਰੰਤੂ ਅਕਾਰ ਬਦਲ ਲਵੇ ਸੋ ਵਸਤੂ ਦਾ ਵਿਵਰਤ ਰੂਪ ਹੈ। ਜਿਵੇਂ ਮਿੱਟੀ ਤੋਂ ਘੜਾ, ਸੋਨੇ ਤੋਂ ਗਹਿਣੇ,ਜਲ ਤੋਂ ਲਹਿਤ ਦੀ ਉਤਪਤੀ ਹੋਣ ਤੋਂ ਬਾਅਦ ਵੀ ਘੜਾ ਆਪਣੇ ਮੂਲ ਮਿੱਟੀ, ਗਹਿਣੇ ਆਪਣੇ ਮੂਲ ਸੋਨੇ ਅਤੇ ਲਹਿਰਾ ਆਪਣੇ ਮੂਲ ਪਾਣੀ ਤੋਂ ਭਿੰਨ ਨਹੀਂ।

ਅਲੰਕਾਰ ਮਿਲਿ ਥੈਲੀ ਹੋਈ ਹੈ ਤਾ ਤੇ ਕਨਿਕ ਵਖਾਨੀ॥

(ਧਨਾਸਰੀ ਮ:੫, ਅੰਗ ੬੭੨)

ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ॥

(ਆਸਾ ਭਗਤ ਨਾਮਦੇਵ, ਅੰਗ ੪੮੫)

ਕੇਵਲ ਅਕਾਰ ਵਿੱਚ ਤਬਦੀਲੀ ਆਉਣ ਕਾਰਨ ਨਾਮ ਬਦਲ ਜਾਂਦਾ ਹੈ। ਤਿਵੇਂ ਹੀ ਪ੍ਰਪੰਚ ਬ੍ਰਹਮ ਦਾ ਵਿਵਰਤ-ਰੂਪ ਹੈ। ਬ੍ਰਹਮ ਵਿੱਚ ਇੱਕ ਤੋਂ ਅਨੇਕ ਹੋਣ ਦੀ ਕਲਪਨਾ ਕਰਕੇ ਹੀ ਸਾਰੀ ਸ੍ਰਿਸ਼ਟੀ ਦੇ ਕਲਪਿਤ ਅਕਾਰ ਹੋਂਦ ਵਿੱਚ ਆਏ ਹਨ। ਅਤੇ ਇਹ ਸਿਧਾਂਤ ਹੈ ਕਿ ਜੋ ਵਸਤੂ ਜਿਸ ਅਧਿਸ਼ਠਾਨ (ਮੂਲ ਆਸਰੇ) ਵਿੱਚ ਕਲਪਿਤ ਹੋਵੇ ਉਹ ਉਸੇ ਦਾ ਹੀ ਰੂਪ ਹੋਇਆ ਕਰਦੀ ਹੈ, ਭਿੰਨ ਨਹੀਂ ਹੁੰਦੀ। ਪਰਮੇਸ਼ਰ ਸਾਰਿਆਂ ਵਿੱਚ ਸਾਖੀ ਰੂਪ ਹੋ ਕੇ ਅਸੰਗ ਵਰਤਦਾ ਹੈ ਅਤੇ ਫਿਰ ਚੇਤਨ ਦਾ ਚੇਤਨ ਹੈ।

ਤੂੰ ਦਰੀਆਉ ਸਭ ਤੁਝ ਹੀ ਮਾਹਿ॥ ਤੁਝ ਬਿਨ ਦੂਜਾ ਕੋਈ ਨਾਹਿ॥

(ਆਸਾ ਮ:੪, ਅੰਗ ੧੨)

ਨਾਨਾ ਰੂਪ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥

(ਬਿਹਾਗੜਾ ਮ:੯, ਅੰਗ ੫੩੭)

ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥

(ਆਸਾ ਭਗਤ ਨਾਮਦੇਵ ਜੀ, ਅੰਗ ੪੮੫)

ਸੋ ਸੰਸਾਰ ਬ੍ਰਹਮ ਦਾ ਵਿਵਰਤ-ਰੂਪ ਜਾਨਣਾ ॥

(੮੩) ਆਸਰੇ

(੮੪) ਪੰਨਾ ੧੩੦ ਤੇ ਟੂਕ (੭੯)

(੮੫) ਕਾਰਣ (ਨਮਿਤ ਤੇ ਉਪਾਦਾਨ ਕਾਰਨ ਪੰਨਾ ੪੪ ਤੇ ਟੂਕ ੬ ਪੜ੍ਹੋ)

(੮੬) ਪੰਨਾ ੧੩੦ ਤੇ ਟੂਕ (੮੧) ਪੜ੍ਹੋ।

(੮੭) ਜੋ ਆਪ ਨਿਰਵਿਕਾਰ ਰੂਪ ਨਾਲ ਸਥਿਤ ਹੋਵੇ ਅਤੇ ਅਵਿਦਿਆ ਕ੍ਰਿਤ ਕਲਪਿਤ ਕਾਰਯ ਦਾ ਆਸਰਾ ਹੋਵੇ ਸੋ ਅਧਿਸ਼ਠਾਨ ਕਹੀਏ ਹੈ। ਜਿਵੇਂ ਕਲਪਿਤ ਸੱਪ ਦਾ ਅਧਿਸ਼ਠਾਨ ਰੱਸੀ ਹੈ। ਇਸੇ ਨੂੰ ਪਰਣਾਮੀ ਉਪਾਦਾਨ ਤੋਂ ਵਿਲੱਕਛਣ ਜੋ ਦੂਸਰਾ 'ਵਿਵਰਤ ਉਪਾਦਾਨ' ਵੀ ਆਖਦੇ ਹਨ। ('ਪਰਣਾਮੀ ਉਪਾਦਾਨ' ਪੰਨਾ ੧੩੦ ਤੇ ਟੂਕ ੮੧ ਪੜ੍ਹੋ)

(੮੮) ਪੰਨਾ ੧੩੧ ਤੇ ਟੂਕ (੮੨) ਪੜ੍ਹੋ।

ਪ੍ਰਸ਼ਨ ੧੩੪. ਕਨਕ ਵਿਸ਼ੇ ਕੁੰਡਲ ਦੀ ਪ੍ਰਤੀਤੀ ਦੇ ਦ੍ਰਿਸ਼ਟਾਂਤ ਨਾਲ ਬ੍ਰਹਮ ਤੋਂ ਭਿੰਨ ਜਗਤ ਦੇ ਸੱਤ ਹੋਣ ਦੀ ਭ੍ਰਾਂਤੀ ਦੀ ਨਿਵਿਰਤੀ ਕਿਸ ਰੀਤ ਨਾਲ ਹੁੰਦੀ ਹੈ?

ਉੱਤਰ : ਜਿਵੇਂ :-

(੧) ਕਨਕ[੮੯] ਵਿਸ਼ੇ ਕੁੰਡਲ[੯੦] ਦਾ ਕਾਰਯ-ਕਾਰਣ[੯੧] ਭਾਵ ਕਰਕੇ ਭੇਦ ਪ੍ਰਤੀਤ ਹੁੰਦਾ ਹੈ ਸੋ ਕਲਪਿਤ ਹੈ। ਅਤੇ

(੨) ਕਨਕ ਨਾਲੋਂ ਕੁੰਡਲ ਦਾ ਭਿੰਨ ਸ੍ਵਰੂਪ ਦਿਖਦਾ ਨਹੀਂ।

(੩) ਇਸ ਲਈ ਵਾਸਤਵ[੯੩] ਅਭੇਦ ਹੈ।

(੪) ਇਸੇ ਕਰਕੇ ਕਨਕ ਤੋਂ ਭਿੰਨ ਕੁੰਡਲ ਦੀ ਸੱਤਾ[੯੪] ਨਹੀਂ ਹੈ ॥

ਸਿਧਾਂਤ :- ਤਿਵੇਂ ਹੀ :-

(੧) ਬ੍ਰਹਮ ਅਤੇ ਜਗਤ ਦਾ ਕਾਰਯ-ਕਾਰਣ ਭਾਵ ਕਰਕੇ ਅਤੇ ਵਿਸ਼ੇਸ਼ਣਾ[੯੫] ਕਰਕੇ ਭੇਦ ਭਾਸਦਾ ਹੈ ਸੋ ਕਲਪਿਤ ਹੈ। ਅਤੇ

(੨) ਵਿਚਾਰ ਕਰਕੇ ਵੇਖੀਏ ਤਾਂ ਅਸਤੀ[੯੬], ਭਾਂਤਿ, ਪ੍ਰਿਯ ਨਾਲੋਂ ਭਿੰਨ ਨਾਮ ਰੂਪ ਜਗਤ ਸੱਤ ਸਿੱਧ ਹੁੰਦਾ ਨਹੀਂ। ਕਿੰਤੂ ਮਿਥਿਆ[੯੭] ਸਿੱਧ ਹੁੰਦਾ ਹੈ ਅਤੇ ਵਸਤੂ ਜਿਸ ਵਿੱਚ ਕਲਪਿਤ ਹੋਵੇ ਉਹ ਉਸ ਵਸਤੂ ਤੋਂ ਭਿੰਨ ਸਿੱਧ ਹੁੰਦੀ ਨਹੀਂ।

(੩) ਇਸ ਲਈ ਬ੍ਰਹਮ ਨਾਲ ਜਗਤ ਦਾ ਵਾਸਤਵ ਅਭੇਦ ਹੈ।

(੪) ਇਸੇ ਕਰਕੇ ਬ੍ਰਹਮ ਨਾਲ ਜਗਤ ਦੀ ਭਿੰਨ ਸੱਤਾ ਨਹੀਂ ਹੈ ॥

ਇਸ ਰੀਤ ਨਾਲ ਕਨਕ ਵਿਸ਼ੇ ਕੁੰਡਲ ਦੀ ਪ੍ਰਤੀਤੀ ਦੇ ਦ੍ਰਿਸ਼ਟਾਂਤ ਨਾਲ ਬ੍ਰਹਮ ਤੋਂ ਭਿੰਨ ਜਗਤ ਦੇ ਸੱਤ ਹੋਣ ਦੀ ਭ੍ਰਾਂਤੀ ਨਿਵਿਰਤ[੯੮] ਹੁੰਦੀ ਹੈ ॥

(੮੯) ਸੋਨਾ

(੯੦) ਕੰਨਾ ਦਾ ਗਹਿਣਾ

(੯੧) ਸੰਬੰਧ ਜੋ ਕਾਰਣ (ਹੇਤ) ਦਾ ਕਾਰਯ (ਕਾਰਣ ਦਾ ਪਰਣਾਮ ਵਾ ਨਤੀਜਾ ਕਹੀਏ ਕਾਰਜ) ਨਾਲ ਅਤੇ ਕਾਰਯ ਦਾ ਕਾਰਣ ਨਾਲ ਹੋਵੇ ਸੋ ਕਹੀਏ ਕਾਰਯ-ਕਾਰਣ ਭਾਵ।

(੯੩) ਅਸਲ ਵਿੱਚ

(੯੪) ਹੋਂਦ

(੯੫) ਉਹ ਸ਼ਬਦ ਜੋ ਕਿਸੇ ਸੰਗਿਆ ਵਾਚਕ ਸ਼ਬਦਾਂ ਦੀ ਵਿਸ਼ੇਸ਼ਤਾ ਜਿਵੇਂ ਗੁਣ, ਦੋਸ਼, ਸੰਖਿਆ ਆਦਿ ਦਾ ਬੋਧ ਕਰਵਾਉਣ ਸੋ ਵਿਸ਼ੇਸ਼ਣ ਕਹੀਏ ਹੈ।

(੯੬) ਅਸਤੀ = ਸਤ, ਭਾਂਤਿ = ਚੇਤਨ (ਗਿਆਨ ਰੂਪ ਪ੍ਰਤੀਤੀ), ਪ੍ਰਿਯ = ਅਨੰਦ ਭਾਵ ਸਚਿਦਾਨੰਦ ਬ੍ਰਹਮ।

ਸਤ, ਚਿਤ, ਅਨੰਦ ਪੰਨਾ ੨੪ ਤੇ ਟੂਕ (੧੧) ਪੜ੍ਹੋ।

(੯੭) ਸਾਚ ਝੂਠ ਹ੍ਵੈ ਇਕ ਹੀ ਬਿਧੈ॥ ਮਿਥਿਆ ਨਾਮ ਇਸੀ ਕੋ ਲਧੈ॥੨੮॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਪ, ਅੰਸੂ ੪੫)

ਵਿਸਤਾਰ ਨਾਲ ਪੰਨਾ ੪੮ ਤੇ ਟੂਕ (੨੭) ਪੜ੍ਹੋ।

(੯੮) ਦੂਰ

ਪ੍ਰਸ਼ਨ ੧੩੫. ਭ੍ਰਾਂਤੀ ਸੋ ਕੀ ਹੈ?

ਉੱਤਰ : ਭ੍ਰਾਂਤੀ ਸੋ ਅਧਿਆਸ ਹੈ।

ਪ੍ਰਸ਼ਨ ੧੩੬. ਅਧਿਆਸ ਸੋ ਕੀ ਹੈ?

ਉੱਤਰ : ਭ੍ਰਾਂਤੀ ਗਿਆਨ ਦਾ ਵਿਸ਼ਾ ਜੋ ਮਿਥਿਆ ਵਸਤੂ ਅਤੇ ਭ੍ਰਾਂਤੀ ਗਿਆਨ। ਇਨ੍ਹਾਂ ਦੋਵਾਂ ਦਾ ਨਾਮ ਅਧਿਆਸ ਹੈ।

ਪ੍ਰਸ਼ਨ ੧੩੭. ਇਹ ਅਧਿਆਸ ਕਿੰਨੇ ਪ੍ਰਕਾਰ ਦਾ ਹੈ?


ਉੱਤਰ : ਗਿਆਨਾ[੯੯] ਅਧਿਆਸ ਅਤੇ ਅਰਥਾ[੧੦੦] ਅਧਿਆਸ ਦੇ ਭੇਦ ਤੋਂ ਅਧਿਆਸ ਦੋ ਪ੍ਰਕਾਰ ਦਾ ਹੈ। ਇਨ੍ਹਾਂ ਵਿੱਚੋਂ ਅਰਥਾ ਅਧਿਆਸ ਛੇ ਪ੍ਰਕਾਰ ਦਾ ਹੈ :- (੧) ਕੇਵਲ[੧੦੧] ਸੰਬੰਧਾ ਅਧਿਆਸ (੨) ਸੰਬੰਧ[੧੦੨] ਸਹਿਤ ਸੰਬੰਧੀ ਦਾ ਅਧਿਆਸ (੩) ਕੇਵਲ[੧੦੩] ਧਰਮਾ ਅਧਿਆਸ (੪) ਧਰਮ[੧੦੪] ਸਹਿਤ ਧਰਮੀ ਦਾ ਅਧਿਆਸ (੫) ਅਨਯੋਅਨਯਾ[੧੦੫] ਅਧਿਆਸ ਅਤੇ (੬) ਅਨਯਤਰਾ[੧੦੬] ਅਧਿਆਸ।

ਅਥਵਾ ਸ੍ਵਰੂਪਾ[੧੦੭] ਅਧਿਆਸ ਅਤੇ ਸੰਸਰਗਾ[੧੦੮] ਅਧਿਆਸ ਦੇ ਭੇਦ ਤੋਂ ਅਰਥਾ ਅਧਿਆਸ ਦੋ ਪ੍ਰਕਾਰ ਦਾ ਹੈ।

(੧) ਇਸ ਦੇ ਅੰਤਰਗਤ[੧੦੯] ਹੀ ਉਪਰ ਕਥਨ ਕੀਤੇ ਛੇ ਭੇਦ ਮੰਨੇ ਹਨ। ਅਤੇ

(੨) ਪੰਜ ਪ੍ਰਕਾਰ ਦੇ ਭਰਮ ਅਤੇ ਭੇਦ ਭ੍ਰਾਂਤੀ ਦੇ ਪੰਜ ਪ੍ਰਕਾਰ ਵੀ ਇਸੇ ਦੇ ਅੰਤਰਗਤ[੧੧੦] ਹਨ। ਅਤੇ

(੩) ਪ੍ਰਸ਼ਨ ੧੪੦ ਵਿੱਚ ਕਹਿਆ ਜੋ ਆਤਮਾ ਅਨਾਤਮਾ ਦੇ ਵਿਸ਼ੇਸ਼ਣਾ ਦਾ ਅਨਯੋਅਨਯਾ ਅਧਿਆਸ ਵੀ ਇਸੇ ਦੇ ਅੰਤਰਗਤ ਹੈ।



(੧-੫) ਪੰਜ ਪ੍ਰਕਾਰ ਦੀ ਭੇਦ-ਭ੍ਰਾਂਤੀ

(੧-੫) ਪੰਜ ਪ੍ਰਕਾਰ ਦਾ ਭਰਮ = (ਭੇਦ ਭ੍ਰਾਂਤੀ, ਕਰਤਾ-ਭੋਗਤਾਪਨੇ ਦੀ ਭ੍ਰਾਂਤੀ, ਵਿਕਾਰ ਭ੍ਰਾਂਤੀ, ਬ੍ਰਹਮ ਤੋਂ ਭਿੰਨ ਜਗਤ ਦੀ ਸੱਤਤਾ ਦੀ ਭ੍ਰਾਂਤੀ, ਸੰਗ ਭ੍ਰਾਂਤੀ)

(੧-੬) ਛੇ ਪ੍ਰਕਾਰ ਦਾ ਅਧਿਆਸ = (ਕੇਵਲ ਧਰਮਾ ਅਧਿਆਸ, ਧਰਮ ਸਹਿਤ ਧਰਮੀ ਦਾ ਅਧਿਆਸ, ਅਨਯਤਰਾ ਅਧਿਆਸ, ਕੇਵਲ ਸੰਬੰਧਾ ਅਧਿਆਸ, ਸੰਬੰਧ ਸਹਿਤ ਸੰਬੰਧੀ ਦਾ ਅਧਿਆਸ, ਅਨਯੋਅਨਯਾ ਅਧਿਆਸ)

(੯੯) ਕਲਪਿਤ ਵਸਤੂ ਦਾ ਭਰਮ ਦੁਆਰਾ ਗਿਆਨ ਸੋ ਗਿਆਨਾ ਅਧਿਆਸ ਕਹੀਏ ਹੈ। ਜਿਵੇਂ ਰੱਸੀ ਵਿੱਚ ਕਲਪਿਤ ਸੱਪ ਦਾ ਗਿਆਨ॥

(੧੦੦) ਭਰਮ ਗਿਆਨ ਦਾ ਵਿਸ਼ਾ ਜੋ ਮਿਥਿਆ ਵਸਤੂ ਜਿਵੇਂ ਰੱਸੀ ਵਿੱਚ ਮਿਥਿਆ ਸੱਪ ਰੂਪ ਵਸਤੂ, ਸੋ ਅਰਥਾ ਅਧਿਆਸ ਹੈ॥

(੧੦੧) ਜਦੋਂ ਅਨਾਤਮਾ ਵਿੱਚ ਆਤਮਾ ਦਾ ਅਧਿਆਸ ਹੋਵੇ ਉਥੇ ਆਤਮਾ ਦਾ ਅਨਾਤਮਾ ਨਾਲ ਤਦਾਤਮਯ ਸੰਬੰਧ (ਤਦ = ਓਹੀ + ਆਤਮਯ = ਰੂਪ ਭਾਵ ਇੱਕ ਵਸਤੂ ਦਾ ਮਿਲ ਕੇ ਦੂਸਰੀ ਵਸਤੂ ਨਾਲ ਓਸੇ ਦਾ ਰੂਪ ਹੋਣ ਰੂਪ ਅਭੇਦ ਸੰਬੰਧ ਜਾਂ ਵਾਸਤਵਿਕ ਅਭੇਦ ਸਹਿਤ ਭੇਦ ਸੰਬੰਧ) ਅਧਿਅਸਤ (ਕਲਪਿਤ) ਹੈ। ਆਤਮਾ ਸ੍ਵਰੂਪ ਨਹੀਂ। ਇਸ ਲਈ ਅਨਾਤਮਾ (ਆਤਮਾ ਤੋਂ ਭਿੰਨ ਨਾਮ ਰੂਪ ਪ੍ਰਪੰਚ) ਵਿਸ਼ੇ ਆਤਮਾ ਦਾ ਕੇਵਲ ਸੰਬੰਧਾ ਅਧਿਆਸ ਹੈ॥

(੧੦੨) ਆਤਮਾ ਵਿਸ਼ੇ ਅਨਾਤਮਾ ਦਾ ਸੰਬੰਧ ਅਤੇ ਸ੍ਵਰੂਪ ਦੋਵੇਂ ਅਧਿਅਸਤ ਕਹੀਏ ਕਲਪਿਤ ਹਨ। ਇਸ ਲਈ ਆਤਮਾ ਵਿਸ਼ੇ ਅਨਾਤਮਾ ਦਾ ਸੰਬੰਧ ਸਹਿਤ ਸੰਬੰਧੀ ਦਾ ਅਧਿਆਸ ਹੈ॥

(੧੦੩) ਸਥੂਲ ਦੇਹ ਦੇ ਰੰਗ ਆਦਿਕ ਅਤੇ ਇੰਦ੍ਰਿਯਾ ਦੇ ਸ਼ਬਦ, ਸਪਰਸ਼ ਵਿਸ਼ੇ ਆਦਿਕ ਗ੍ਰਹਿਣ ਕਰਨ ਰੂਪ ਧਰਮਾਂ ਦਾ ਕੇਵਲ ਆਤਮਾ ਵਿਸ਼ੇ ਅਧਿਆਸ (ਭਰਮ) ਹੁੰਦਾ ਹੈ ਅਤੇ ਇਨ੍ਹਾਂ ਦੇ ਸ੍ਵਰੂਪ ਦਾ ਨਹੀਂ। ਇਸ ਲਈ ਆਤਮਾ ਵਿਸ਼ੇ ਦੇਹ ਅਤੇ ਇੰਦ੍ਰਿਯਾ ਦੇ ਕੇਵਲ ਧਰਮ ਦਾ ਅਧਿਆਸ ਹੈ।

(੧੦੪) ਅੰਤਹਕਰਣ ਦੇ ਕਰਤਾ-ਭੋਗਤਾਪਨ ਆਦਿ ਧਰਮ ਅਤੇ ਸ੍ਵਰੂਪ ਦੋਵੇਂ ਹੀ ਆਤਮਾ ਵਿਸ਼ੇ ਅਧਿਅਸਤ (ਕਲਪਿਤ) ਹਨ। ਇਸ ਲਈ ਅੰਤਹਕਰਣ ਦਾ ਆਤਮਾ ਵਿਸ਼ੇ ਧਰਮ ਸਹਿਤ ਧਰਮੀ ਦਾ ਅਧਿਆਸ ਹੈ॥

(੧੦੫) ਅਨਯੋਅਨਯਾ ਕਹੀਏ ਪਰਸਪਰ ਭਾਵ ਇੱਕ ਪਦਾਰਥ ਦਾ ਦੂਜੇ ਦਾ ਰੂਪ ਕਰਕੇ ਭਾਸਣਾ। ਜਿਵੇਂ ਲੋਹੇ ਦੀ ਤਲਵਾਰ ਤਪਤ ਅਗਨੀ ਵਿੱਚ ਆਪਣੇ ਅਕਾਰ ਨੂੰ ਛੱਡ ਕੇ ਮਾਤ੍ਰ ਅਗਨੀ ਸਰੂਪ ਹੀ ਪ੍ਰਤੀਤ ਹੁੰਦੀ ਹੈ। ਤਿਵੇਂ ਹੀ ਆਤਮਾ ਵਿਸ਼ੇ ਅਨਾਤਮਾ ਅਤੇ ਅਨਾਤਮਾ ਵਿਸ਼ੇ ਆਤਮਾ ਦਾ ਜੋ ਅਧਿਆਸ (ਭਰਮ) ਸੋ ਅਨਯੋਅਨਯਾ ਅਧਿਆਸ ਹੈ।

(੧੦੬) ਅਨਾਤਮਾ ਵਿਸ਼ੇ ਆਤਮਾ ਦਾ ਸ੍ਵਰੂਪ ਅਧਿਅਸਤ (ਕਲਪਿਤ) ਨਹੀਂ ਕਿੰਤੂ ਆਤਮਾ ਵਿਸ਼ੇ ਅਨਾਤਮਾ ਸ੍ਵਰੂਪ ਅਧਿਅਸਤ ਹੈ। ਇਹ ਹੀ ਅਨਯਤਰਾ ਅਧਿਆਸ ਹੈ। ਦੋਵਾਂ ਵਿੱਚੋਂ ਇੱਕ ਦਾ ਅਧਿਆਸ (ਭਰਮ) ਅਨਯਤਰਾ ਅਧਿਆਸ ਕਹੀਏ ਹੈ॥

(੧੦੭) ਗਿਆਨ ਨਾਲ ਬਾਧ (ਨਾਸ਼) ਹੋਣ ਯੋਗ ਵਸਤੂ ਅਧਿਸ਼ਠਾਨ (ਮੂਲ ਆਸਰਾ) ਵਿਸ਼ੇ ਸ੍ਵਰੂਪ ਨਾਲ ਅਧਿਅਸਤ ਕਹੀਏ ਕਲਪਿਤ ਹੁੰਦੀ ਹੈ। ਦੇਹਾਦਿਕ ਅਨਾਤਮਾ ਦਾ ਅਧਿਸ਼ਠਾਨ (ਆਤਮਾ) ਦੇ ਗਿਆਨ ਨਾਲ ਬਾਧ ਹੁੰਦਾ ਹੈ। ਇਸ ਲਈ ਤਿਸਦਾ ਆਤਮਾ ਵਿਸ਼ੇ ਸ੍ਵਰੂਪਾ ਅਧਿਆਸ ਹੈ।

(੧੦੮) ਬਾਧ (ਨਾਸ) ਦੇ ਅਯੋਗ (ਲਾਇਕ ਨਾ ਹੋਵੇ) ਜੋ ਵਸਤੂ ਤਿਸਦਾ ਸ੍ਵਰੂਪਾ ਅਧਿਆਸ ਹੁੰਦਾ ਨਹੀਂ। ਕਿੰਤੂ ਤਿਸਦਾ ਸੰਬੰਧ ਅਧਿਅਸਤ (ਕਲਪਿਤ) ਹੁੰਦਾ ਹੈ। ਇਸ ਲਈ ਅਨਾਤਮਾ ਵਿਸ਼ੇ ਆਤਮਾ ਦਾ ਸੰਸਰਗਾ ਅਧਿਆਸ ਹੈ। ਇਸੇ ਨੂੰ ਸੰਬੰਧਾ ਅਧਿਆਸ ਵੀ ਆਖਦੇ ਹਨ।

(੧੦੯) (੧) ਕੇਵਲ ਧਰਮਾ ਅਧਿਆਸ, ਧਰਮ ਸਹਿਤ ਧਰਮੀ ਦਾ ਅਧਿਆਸ ਅਤੇ ਅਨਯਤਰਾ ਅਧਿਆਸ ਇਹ ਤਿੰਨ ਸ੍ਵਰੂਪਾ ਅਧਿਆਸ ਦੇ ਅੰਤਰਗਤ ਹਨ॥

(੨) ਕੇਵਲ ਸੰਬੰਧਾ ਅਧਿਆਸ ਸੰਸਰਗਾ ਅਧਿਆਸ ਹੀ ਹੈ।

(੩) ਅਨਯੋਅਨਯਾ ਅਧਿਆਸ ਵਿੱਚ ਸੰਸਰਗਾ ਅਤੇ ਸ੍ਵਰੂਪਾ ਅਧਿਆਸ ਦੋਵੇਂ ਸਨ। ਕਿਉਂਕਿ :-

(੧) ਆਤਮਾ ਦਾ ਸ੍ਵਰੂਪ ਹੀ ਸੱਤ ਹੈ। ਇਸ ਲਈ ਅਧਿਅਸਤ (ਕਲਪਿਤ) ਨਹੀਂ ਕਿੰਤੂ ਤਿਸਦਾ ਸੰਸਰਗ ਕਹੀਏ ਤਦਾਤਮਯ ਸੰਬੰਧ (ਵਾਸਤਵ ਅਭੇਦ ਸਹਿਤ ਕਲਪਿਤ ਭੇਦ) ਅਨਾਤਮਾ ਵਿਸ਼ੇ ਅਧਿਅਸਤ (ਕਲਪਿਤ) ਹੈ। ਇਸ ਲਈ ਤਿਸਦਾ ਸੰਸਰਗਾ ਅਧਿਆਸ ਹੈ। ਅਤੇ

(੨) ਅਨਾਤਮਾ ਦਾ ਸ੍ਵਰੂਪ ਹੀ ਆਤਮਾ ਵਿਸ਼ੇ ਅਧਿਅਸਤ ਹੈ। ਇਸ ਲਈ ਤਿਸਦਾ ਸ੍ਵਰੂਪਾ ਅਧਿਆਸ ਹੈ।

ਤਿਸ ਕਰਕੇ ਅਨਯੋਅਨਯਾ ਅਧਿਆਸ ਦੋਵਾਂ ਦੇ ਅੰਤਰਗਤ ਹੈ॥

(੧੧੦) ਭੇਦ ਭ੍ਰਾਂਤੀ ਆਦਿ ਪੰਜ ਪ੍ਰਕਾਰ ਦੇ ਭਰਮ ਪੰਨਾ ੧੨੫ ਤੇ ਪ੍ਰਸ਼ਨ ੧੨੮ ਨੂੰ ਪੜ੍ਹੋ। ਇਨ੍ਹਾਂ ਵਿੱਚੋਂ :-

ਸੰਗ ਭ੍ਰਾਂਤੀ ਨੂੰ ਛੱਡ ਕੇ ਬਾਕੀ ਚਾਰ ਪ੍ਰਕਾਰ ਦਾ ਭਰਮ ਸ੍ਵਰੂਪਾ ਅਧਿਆਸ ਦੇ ਅੰਤਰਗਤ ਹੈ ਅਤੇ ਪੰਜਵੀਂ ਸੰਗ ਭ੍ਰਾਂਤੀ ਸੰਸਰਗਾ ਅਧਿਆਸ ਦੇ ਅੰਦਰ ਸਮਝਣੀ॥

ਪ੍ਰਸ਼ਨ ੧੩੮. ਅਹੰਕਾਰ ਆਦਿਕ ਅਨਾਤਮਾ ਦਾ ਅਤੇ ਆਤਮਾ ਦਾ ਅਧਿਆਸ ਜਾਨਣ ਵਿੱਚ ਵਿਸ਼ੇਸ਼ ਉਪਯੋਗੀ ਭਾਵ ਸਾਰੇ ਅਧਿਆਸਾਂ ਵਿੱਚ ਅਨੁਸਯੂਤ (ਮਿਲਿਆ ਵਾ ਸਮਾਇਆ) ਕਿਹੜਾ ਅਧਿਆਸ ਹੈ?

ਉੱਤਰ : ਅਨਯੋਅਨਯਾ ਅਧਿਆਸ॥

ਪ੍ਰਸ਼ਨ ੧੩੯. ਅਨਯੋਅਨਯਾ ਅਧਿਆਸ ਸੋ ਕੀ ਹੈ?

ਉੱਤਰ : ਪਰਸਪਰ ਵਿਸ਼ੇ ਪਰਸਪਰ ਦੇ ਅਧਿਆਸ (ਭਰਮ) ਦਾ ਨਾਮ ਅਨਯੋਅਨਯਾ[੧੧੧] ਅਧਿਆਸ ਹੈ।

(੧੧੧) ਸਾਰੇ ਅਧਿਆਸਾਂ ਦੇ ਸ੍ਵਰੂਪ ਅਤੇ ਉਦਾਹਰਣ ਵਿਸਤਾਰ ਨਾਲ ਨਹੀਂ ਕਿੰਤੂ ਸੰਛੇਪ ਨਾਲ ਪ੍ਰਸ਼ਨ ੧੩੭ ਵਿੱਚ ਦੱਸੇ ਹਨ। ਪਰੰਤੂ ਅਨਯੋਅਨਯਾ ਅਧਿਆਸ ਦਾ ਸ੍ਵਰੂਪ ਵਿਸ਼ੇਸ਼ ਉਪਯੋਗੀ ਜਾਣ ਕੇ ਸਪਸ਼ਟ ਦਿਖਾਇਆ ਹੈ। ਤਿਸ ਵਿੱਚ :-

(੧) ਅਨਾਤਮਾ ਦੇ ਧਰਮ ਦੁੱਖ ਅਤੇ ਦ੍ਵੈਤ ਸਹਿਤਪਨਾ ਆਤਮਾ ਦੇ ਅਨੰਦ ਅਤੇ ਅਦ੍ਵੈਤਪਨੇ ਵਿੱਚ ਸ੍ਵਰੂਪ ਨਾਲ ਅਧਿਅਸਤ (ਕਲਪਿਤ) ਹੋ ਕੇ ਇਨ੍ਹਾਂ ਵਿਸ਼ੇਸ਼ਣਾ ਨੂੰ ਢੱਕਦੇ ਹਨ। ਅਤੇ

(੨) ਆਤਮਾ ਦੇ ਧਰਮ ਸੱਤ ਅਤੇ ਚਿੱਤ ਅਨਾਤਮਾ ਦੇ ਅਸੱਤਤਾ ਅਤੇ ਜੜਤਾ ਵਿੱਚ ਸੰਸਰਗ (ਸੰਬੰਧ) ਦੁਆਰਾ ਅਧਿਅਸਤ (ਕਲਪਿਤ) ਹੋ ਕੇ ਇਨ੍ਹਾਂ ਵਿਸ਼ੇਸ਼ਣਾਂ ਨੂੰ ਢੱਕਦੇ ਹਨ।

ਕਾਰਯ (ਕਾਰਜ) ਸਹਿਤ ਅਗਿਆਨ ਜੋ ਅਵ੍ਰਿਤ ਕਹੀਏ ਢੱਕਿਆ ਹੋਵੇ ਸੋ ਅਧਿਸ਼ਠਾਨ ਕਹੀਏ ਹੈ।

ਇਸ ਰੀਤ ਨਾਲ ਆਤਮਾ ਦਾ ਅਤੇ ਅਨਾਤਮਾ ਦਾ ਇਹ ਅਨਯੋਅਨਯਾ ਅਧਿਆਸ ਵੀ ਸੰਸਰਗਾ ਅਧਿਆਸ ਅਤੇ ਸ੍ਵਰੂਪਾ ਅਧਿਆਸ ਦੇ ਅੰਤਰਗਤ ਹੈ।

ਪ੍ਰਸ਼ਨ ੧੪੦. ਆਤਮਾ ਅਤੇ ਅਨਾਤਮਾ ਦਾ ਪਰਸਪਰ ਅਧਿਆਸ ਕਿਸ ਰੀਤ ਨਾਲ ਹੈ?

ਉੱਤਰ : (੧-੪) ਸਤ, ਚਿਤ, ਅਨੰਦ ਅਤੇ ਅਦ੍ਵੈਤਪਨਾ ਇਹ ਚਾਰ ਵਿਸ਼ੇਸ਼ਣ[੧੧੨] ਆਤਮਾ ਦੇ ਹਨ।

(੧-੪) ਅਸਤ, ਜੜ, ਦੁੱਖ ਅਤੇ ਦ੍ਵੈਤ ਸਹਿਤਪਨਾ ਇਹ ਚਾਰ ਵਿਸ਼ੇਸ਼ਣ ਅਨਾਤਮਾ ਦੇ ਹਨ। ਇਨ੍ਹਾਂ ਵਿੱਚੋਂ

(੧-੨) ਅਨਾਤਮਾ ਦੇ ਦੁੱਖ ਅਤੇ ਦ੍ਵੈਤ ਸਹਿਤਪਨਾ ਇਨ੍ਹਾਂ ਦੋਵਾਂ ਵਿਸ਼ੇਸ਼ਣਾਂ ਨੇ ਆਤਮਾ ਦੇ ਅਨੰਦ ਅਤੇ ਅਦ੍ਵੈਤਪਨੇ ਨੂੰ ਢੱਕਿਆ ਹੈ। ਇਸ ਲਈ ਆਤਮਾ ਵਿੱਚ :-

(੧) ''ਮੈਂ ਅਨੰਦ ਰੂਪ ਅਤੇ ਅਦ੍ਵੈਤ ਰੂਪ ਹਾਂ'' ਐਸੀ ਪ੍ਰਤੀਤੀ ਹੁੰਦੀ ਨਹੀਂ।

(੨) ਕਿੰਤੂ ''ਮੈਂ ਦੁੱਖੀ ਅਤੇ ਈਸ਼ਵਰ ਆਦਿ ਤੋਂ ਭਿੰਨ ਹਾਂ'' ਐਸੀ ਪ੍ਰਤੀਤੀ ਹੁੰਦੀ ਹੈ।

(੩-੪) ਆਤਮਾ ਦੇ ਸਤ ਅਤੇ ਚਿਤ ਇਨ੍ਹਾਂ ਦੋ ਵਿਸ਼ੇਸ਼ਣਾਂ ਨੇ ਅਨਾਤਮਾ ਦੇ ਅਸਤ ਅਤੇ ਜੜਪੁਣੇ ਨੂੰ ਢੱਕਿਆ ਹੈ। ਇਸ ਲਈ ਅਨਾਤਮਾ ਜੋ ਅਹੰਕਾਰ ਆਦਿਕ ਇਨ੍ਹਾਂ ਵਿੱਚ :-

(੧) ''ਅਸਤ ਹੈ, ਅਭਾਨ (ਜੜ) ਰੂਪ ਹੈ'' ਐਸੀ ਪ੍ਰਤੀਤੀ ਹੁੰਦੀ ਨਹੀਂ।

(੨) ਕਿੰਤੂ ''ਵਿਦਿਆਮਾਨ[੧੧੩] ਹੈ ਅਤੇ ਭਾਸਦਾ (ਚੇਤਨ) ਹੈ।'' ਇਸ ਰੀਤ ਨਾਲ ਆਤਮਾ ਅਤੇ ਅਨਾਤਮਾ ਦਾ ਪਰਸਪਰ[੧੧੪] ਅਧਿਆਸ ਹੈ।

(੧੧੨) ਪੰਨਾ ੧੩੩ ਤੇ ਟੂਕ (੯੫) ਪੜ੍ਹੋ।

(੧੧੩) ਮੌਜੂਦ (ਭਾਵ ਰੂਪ)

(੧੧੪) ਬ੍ਰਹਮ ਤੇ ਈਸ਼ਵਰ ਦਾ ਅਤੇ ਕੂਟਸਥ ਤੇ ਜੀਵ ਦਾ ਜੋ ਪਰਸਪਰ ਅਧਿਆਸ (ਭਰਮ) ਸੋ ਗਿਆਰਵੀਂ ਕਲਾ ਵਿੱਚ ਦੱਸਣਗੇ। (ਪੰਨਾ ੧੬੭ ਤੇ ਪ੍ਰਸ਼ਨ ੨੦੭ ਅਤੇ ਪੰਨਾ ੨੦੦ ਤੇ ਪ੍ਰਸ਼ਨ ੨੧੦ ਪੜ੍ਹੋ।)

इति श्री विचारचंद्रोदये प्रपंच मिथ्यात्व वर्णन नामिका
षष्ठ कला समाप्ता॥६॥

ਇਤਿ ਸ਼੍ਰੀ ਵਿਚਾਰਚੰਦ੍ਰੋਦਯ ਪ੍ਰਪੰਚ ਮਿਥਿਆਤ੍ਵ ਵਰਣਨ ਨਾਮਿਕਾ ਛਸ਼ਠ ਕਲਾ ਸਮਾਪਤਾ॥ ੬ ॥

ਸ਼੍ਰੀ = ਸੁਭਾਇਮਾਨ ਵਿਚਾਰਚੰਦ੍ਰੋਦਯ ਗ੍ਰੰਥ ਦਾ ਛਸ਼ਠ = ਛੇਵਾ ਕਲਾ = ਭਾਗ ਇਥੇ ਇਤਿ = ਸਮਾਪਤ ਹੁੰਦਾ ਹੈ। ਜਿਸ ਨੂੰ ਪ੍ਰਪੰਚ=ਸੰਸਾਰ ਦੇ ਮਿਥਿਆਤ੍ਵ = ਸੱਤ-ਅਸੱਤ ਤੋਂ ਵਿਲਕਛਣਪੁਣੇ (ਮਿਥਿਆਪਨੇ) ਨਾਮਿਕਾ = ਨਾਮ ਦੀ ਪ੍ਰਕਿਰਿਆ ਦਾ ਵਿਸਤਾਰ ਨਾਲ ਵਰਣਨ=ਕਥਨ ਕਰਕੇ ਸਮਾਪਤਾ = ਸੰਪੂਰਨ ਕੀਤਾ ਗਿਆ ਹੈ॥

☆☆☆

(ਸਪਤਮ ਕਲਾ)

॥ अथ सप्तम कला प्रारंभः ॥ ७॥

॥ਅਥ ਸਪਤਮ ਕਲਾ ਪ੍ਰਾਰੰਭ : ॥ ੭ ॥

ਅਥ= ਹੁਣ ਇਸ ਗ੍ਰੰਥ ਦੇ ਸਪਤਮ = ਸਤਵੇਂ ਕਲਾ = ਭਾਗ ਨੂੰ ਪ੍ਰਾਰੰਭਃ=ਸ਼ੁਰੂ ਕਰਦੇ ਹਨ॥

॥ आत्मा के विशेषण॥

॥ ਆਤਮਾ ਕੇ ਵਿਸ਼ੇਸ਼ਣ॥

ਆਤਮਾ = ਸੈ ਸਰੂਪ ਕੇ=ਦੇ ਵਿਸ਼ੇਸ਼ਣ = ਗੁਣ, ਸੰਖਿਆ, ਪਰਿਮਾਣ, ਨਿਸ਼ਚੇ ਆਦਿ ਦਾ ਬੋਧ ਕਰਵਾਉਣ ਵਾਲੇ ਸ਼ਬਦਾਂ ਦੁਆਰਾ ਆਤਮਾ ਦਾ ਸ੍ਵਰੂਪ ਵਰਣਨ ਕਰਦੇ ਹਨ॥

॥ इंद्रविजय छन्द॥

॥ ਇੰਦ੍ਰਵਿਜਯ ਛੰਦ॥

ਅਨੇਕਾਂ ਪ੍ਰਕਾਰ ਦੀ ਛੰਦਾਬੰਦੀ ਵਿਚੋਂ ਇੰਦ੍ਰਵਿਜਯ ਨਾਮਕ ਛੰਦ ਦੇ ਅੰਦਰ ਪੀਤਾਂਬਰ ਜੀ ਸੁੰਦਰ ਕਾਵ ਰਚਨਾ ਦੁਆਰਾ ਮੂਲ ਪਾਠ ਦੀ ਰਚਨਾ ਕਰਦੇ ਹਨ। ਜੋ ਛੰਦ ਠੁਮਰੀ ਅਤੇ ਲਾਵਨੀ ਵਿੱਚ ਗਾਇਆ ਜਾਵੇ ਸੋ ਕਹੀਏ ਇੰਦ੍ਰਵਿਜਯ ਛੰਦ॥

आतमा विशेषण हैं जु दु भांति।

ਆਤਮਾ ਵਿਸ਼ੇਸ਼ਣ ਹੈ ਜੁ ਦੁ ਭਾਂਤੀ।

ਆਤਮਾ = ਸੈ ਸਰੂਪ ਪ੍ਰਤਯਕ (ਅੰਤਰ) ਜੋਤ ਦੇ ਜੁ=ਜਿਹੜੇ ਵਿਸ਼ੇਸ਼ਣ = ਗੁਣ, ਸੰਖਿਆ, ਪਰਮਾਣ, ਨਿਸ਼ਚੇ ਆਦਿ ਦਾ ਬੋਧ ਕਰਵਾਉਣ ਵਾਲੇ ਸ਼ਬਦ ਉਹ ਦੁ=ਦੋ ਭਾਂਤੀ=ਪ੍ਰਕਾਰ ਦੇ ਹੈ=ਹਨ।

विधेय निषेध्य कहों निरधारे॥

ਵਿਧੇਯ ਨਿਸ਼ੇਧਯ ਕਹੌਂ ਨਿਰਧਾਰੇ॥

ਪਹਿਲਾ ਆਤਮਾ ਦੇ ਸ੍ਵਰੂਪ ਦੇ ਵਿਧੇਯ=ਸਾਕਸ਼ਾਤ ਬੋਧਕ ਵਿਸ਼ੇਸ਼ਣ ਅਤੇ ਦੂਸਰੇ ਨਿਸ਼ੇਧ੍ਯ=ਪ੍ਰਪੰਚ ਆਦਿ ਅਨਾਤਮਾ ਦਾ ਖੰਡਨ ਵਾ ਨਿਸ਼ੇਧ ਕਰਕੇ ਆਤਮਾ ਦੇ ਬੋਧਕ (ਗਿਆਨ ਕਰਵਾਉਣ ਵਾਲੇ) ਵਿਸ਼ੇਸ਼ਣ ਕਹੌਂ=ਕਥਨ ਕਰਦੇ ਹਨ, ਸੋ ਨਿਰਧਾਰੇ = ਨਿਰਣੇ ਸਹਿਤ ਬੁਧੀ ਵਿੱਚ ਧਾਰਨ ਵਾ ਗ੍ਰਹਿਣ ਕਰੋ॥

(ਵਿਧੇਯ ਅਤੇ ਨਿਸ਼ੇਧਯ ਵਿਸ਼ੇਸ਼ਣ ਵਿਸਥਾਰ ਨਾਲ ਪੰਨਾ ੧੪੧ ਤੇ ਪ੍ਰਸ਼ਨ ੧੪੧ ਤੋਂ ਪੜ੍ਹੋ।)

वे सब जानि भले गुरु शास्त्र सु।

ਵੇ ਸਭ ਜਾਨੀ ਭਲੇ ਗੁਰੂ ਸ਼ਾਸਤ੍ਰ ਸੁ।

ਜੋ ਜਿਗਿਆਸੂ ਵੇ=ਓਹ ਜੋ ਵਿਧੇਯ ਅਤੇ ਨਿਸ਼ੇਧਯ੍ ਸਭ=ਸਾਰੇ ਵਿਸ਼ੇਸ਼ਣ ਗੁਰੂ=ਬ੍ਰਹਮ ਨੇਸ਼ਠੀ ਬ੍ਰਹਮ ਸ਼੍ਰੋਤੀ (ਪੰਨਾ ੪੩ ਤੇ ਪੜ੍ਹੋ) ਉਪਦੇਸ਼ਟਾ ਸੁ=ਤੋਂ ਸ਼ਾਸਤ੍ਰ=ਧਾਰਮਿਕ ਗ੍ਰੰਥਾਂ ਦੇ ਅਧਿਐਨ ਦੁਆਰਾ ਭਲੇ=ਚੰਗੀ ਤਰ੍ਹਾਂ ਜਾਨੀ=ਸਮਝਣਾ ਕਰਦਾ ਹੈ।

सो अपनो निज रूप निहारे॥

सो अपनो निज रूप निहारे॥

ਸੋ=ਉਹ ਉੱਤਮ ਜਿਗਿਆਸੂ ਅਪਨੋ=ਅਪਨੋ=ਆਪਣੇ ਨਿਜ=ਸ੍ਵੈ ਰੂਪ=ਸਰੂਪ ਨੂੰ ਸਤਿਗੁਰਾਂ ਦੀ ਪੂਰਨ ਕਿਰਪਾ ਨਾਲ ਦ੍ਰਿੜ ਅਪਰੋਕਸ਼ ਬ੍ਰਹਮ ਗਿਆਨ ਦੁਆਰਾ ਪਰਤੱਖ ਨਿਹਾਰੇ=ਦੇਖਣਾ ਕਰਦਾ ਹੈ ॥

ਸਤਿਗੁਰਿ ਸੰਗਿ ਦਿਖਾਇਆ ਜਾਹਰਿ॥ ਜਨ ਨਾਨਕ ਸਚੇ ਸਚਿ ਸਮਾਹਰਿ॥ ੧॥

(ਰਾਮਕਲੀ ਮ:੫, ਅੰਗ ੯੬੫)

सच्चिदानदं रु ब्रह्म स्वयं परकाश।

ਸਚਿਦਾਨੰਦ ਰੂ ਬ੍ਰਹਮ ਸਵਯੰ ਪ੍ਰਕਾਸ਼।

ਸਚਿਦਾਨੰਦ (ਸਤ+ਚਿਤ+ਅਨੰਦ) ਸਤ=ਨਾਸ਼ ਤੋਂ ਰਹਿਤ ਚਿਦ=ਚੇਤਨ (ਗਿਆਨ ਸਰੂਪ) ਅਨੰਦ=ਅਬਿਨਾਸੀ ਸੁਖ ਰੂ=ਔਰ ਬ੍ਰਹਮ=ਵਿਆਪਕ ਚੇਤਨ ਸਵਯੰ ਪ੍ਰਕਾਸ਼=ਸੁਤੇ ਪ੍ਰਕਾਸ਼ ਭਾਵ ਜੋ ਆਪਣੇ ਆਪ ਤੋਂ ਪਰਗਟ ਹੋਵੇ।

कुटस्थ रु साक्षि विचारे॥

ਕੂਟਸਥ ਰੂ ਸਾਕਸ਼ੀ ਵਿਚਾਰੇ॥

ਕੂਟਸਥ = ਕੂਟ ਕਹੀਏ ਅਹਿਰਣ ਵੱਤ ਇਸਥਿਤ ਜੋ ਨਿਰਹੱਲ ਵਾ ਅਚੱਲ ਰੂ=ਔਰ ਸਾਕਸ਼ੀ=ਅੰਤਹਕਰਣ ਦੀ ਉਪਾਧੀ ਵਾਲਾ ਦ੍ਰਸ਼ਟਾ ਰੂਪ ਚੇਤਨ ਇਨ੍ਹਾਂ ਵਿਸ਼ੇਸ਼ਣਾ ਨੂੰ ਵਿਚਾਰੇ=ਵਿਚਾਰਨਾ ਕਰੋ।

द्रष्ट अरु उपद्रष्ट रु एकहि।

ਦ੍ਰਸ਼ਟ ਅਰੂ ਉਪਦ੍ਰਿਸ਼ਟ ਰੂ ਏਕਹਿ।

ਪ੍ਰਪੰਚ ਰੂਪ ਦ੍ਰਿਸ਼ ਦਾ ਦ੍ਰਸ਼ਟ=ਦੇਖਣ ਵਾਲਾ ਅਤੇ ਉਪਦ੍ਰਸ਼ਟ (ਉਪ+ਦ੍ਰਸ਼ਟ) ਸਥੂਲ, ਸੂਖਮ, ਕਾਰਲ ਸਰੀਰਾਂ ਦੇ ਉਪ=ਸਮੀਪ ਹੋ ਕੇ ਦ੍ਰਸ਼ਟ=ਦੇਖਣ ਵਾਲਾ ਰੂ=ਔਰ ਜੋ ਏਕਹਿ=ਇਕੱਲਾ ਭਾਵ ਜਿਸਦੇ ਦੇ ਸੁਦਰਸ਼ ਸਜਾਤੀ (ਸਮ ਜਾਤੀ), ਵਿਜਾਤੀ (ਵਿਰੋਧੀ ਜਾਤ ਵਾਲਾ) ਅਤੇ ਸੁਗਤ ਭੇਦ (ਆਪਣੇ ਸਰੂਪ ਦੇ ਅੰਤਰਗਤ ਭੇਦ) ਵਾਲੀ ਕੋਈ ਵਸਤੂ ਨਹੀਂ ਹੈ।

आदि विधेंय विशेषण धारे॥ १४॥

ਆਦਿ ਵਿਧੇਂਯ ਵਿਸ਼ੇਸ਼ਣ ਧਾਰੇ॥ ੧੪॥

ਸਚਿਦਾਨੰਦ ਬ੍ਰਹਮ, ਸ੍ਵਯੰ ਪ੍ਰਕਾਸ਼, ਕੂਟਸਥ,ਸਾਕਸ਼ੀ, ਦ੍ਰਸ਼ਟਾ, ਉਪਦ੍ਰਸ਼ਟਾ, ਇੱਕ ਆਦਿ=ਇਤਿਆਦਿਕ ਵਿਧੇਂਯ=ਸਾਕਸ਼ਾਤ ਆਤਮਾ ਦੇ ਬੋਧਕ ਵਿਸ਼ੇਸ਼ਣਾਂ ਨੂੰ ਬੁੱਧੀ ਵਿੱਚ ਧਾਰੇ=ਧਾਰਣ ਵਾ ਗ੍ਰਹਿਣ ਕਰੋ।

अंत विहीन अखंड असंग रु।

ਅੰਤ ਵਿਹੀਨ ਅਖੰਡ ਅਸੰਗ ਰੂ।

ਅੰਤ=ਅਖੀਰ ਤੋਂ ਵਿਹੀਨ = ਵਿਸ਼ੇਸ਼ ਕਰਕੇ ਰਹਿਤ ਭਾਵ ਅਨੰਤ, ਅਖੰਡ (ਅ+ਖੰਡ) ਖੰਡ ਕਹੀਏ ਹਿੱਸੇ ਵਾ ਟੁਕੜੇ .ਤੋ ਅ=ਰਹਿਤ ਭਾਵ ਇਕ ਰਸ ਰੂ=ਔਰ ਅਸੰਗ (ਅ+ਸੰਗ) ਸੰਗ ਕਹੀਏ ਸੰਬੰਧ ਤੋਂ ਅ=ਰਹਿਤ ਭਾਵ ਨਿਆਰਾ ਜੋ ਪ੍ਰਤਯਕ (ਅੰਤਰ) ਆਤਮਾ।

ਅਦ੍ਵਯ ਜਨ੍ਮ ਵਿਨਾ ਅਵਿਕਾਰੇ॥

ਅਦ੍ਵੈਯ ਜਨਮ ਵਿਨਾ ਅਵਿਕਾਰੇ॥

ਅਦ੍ਵੈਯ=ਅਦੁਤੀ ਕਹੀਏ ਦ੍ਵੈਤ=ਦੂਜਾਪਨ ਵਾ ਈਰਖਾ (ਦ੍ਵੈਸ਼) ਜਾ ਦੁਈ ਤੋਂ ਰਹਿਤ, ਜਨਮ ਵਿਨਾ=ਅਜਨਮ ਭਾਵ ਉਤਪਤੀ ਰਹਿਤ ਅਤੇ ਅਵਿਕਾਰੇ=ਵਿਕਾਰ ਕਹੀਏ ਬਦਲਣ ਤੋਂ ਅ=ਰਹਿਤ ਵਾ ਸਥੂਲ ਦੇਹ ਦੇ ਖਟ ਵਿਕਾਰਾਂ ਤੋਂ ਰਹਿਤ ਵਾ ਕਾਮ, ਕ੍ਰੋਧ,ਲੋਭ,ਮੋਹ ਹੰਕਾਰ ਪੰਜ ਵਿਕਾਰਾਂ ਤੋਂ ਜੋ ਆਤਮਾ ਅਤੀਤ ਹੈ।

ਚਾਰਿ ਅਕਾਰ ਬਿਨਾ ਅਰੁ ਵ੍ਯਕਤ।

ਚਾਰੀ ਅਕਾਰ ਬਿਨਾ ਅਰੂ ਵਯਕਤ।

ਚਾਰਿ ਤਰ੍ਹਾਂ ਦੇ ਅਕਾਰ=ਚਿੰਨ੍ਹ (੧) ਸਥੂਲ (੨) ਸੂਖਮ (੩) ਲੰਬਾ (੪) ਟੁੰਕਾ (ਮਧਰਾ) ਤੋਂ ਬਿਨਾ=ਰਹਿਤ ਭਾਵ ਨਿਰਾਕਾਰ ਅਰੂ=ਅਤੇ ਵਯਕਤ=ਮਨ ਇੰਦ੍ਰੀਆਂ ਤੋਂ ਅਗੋਚਰ (ਪਕੜ ਤੋਂ ਰਹਿਤ) ਵਾ ਅਸਪਸ਼ਟ, ਐਸਾ ਬ੍ਰਹਮ ਤੋਂ ਅਭਿੰਨ ਆਤਮਾ ਦਾ ਸ੍ਵਰੂਪ ਜਾਣੋ।

ਨ ਮਾਨਨ ਕੋ ਵਿਸ਼ਯੋ ਜੁ ਨਿਕਾਰੇ॥

ਨ ਮਾਨਨ ਕੋ ਵਿਸ਼ਯੋ ਜੁ ਨਿਕਾਰੇ॥

ਜੁ=ਜਿਹੜਾ ਨਿਕਾਰੇ=ਤੁੱਛ ਪ੍ਰਮੇਯ ਕਹੀਏ ਗਿਆਨ ਦਾ ਵਿਸ਼ਾ ਜੋ ਮਾਇਕੀ ਵਸਤੂਆਂ ਕੋ=ਦਾ ਵਿਸ਼ਯੋ=ਵਿਸ਼ਾ ਨ=ਨਾ ਹੋਣ ਕਰਕੇ ਮਾਨਨ=ਅਪ੍ਰਮੇਵ ਕਹੀਏ ਪ੍ਰਮਾਣਾ ਦੁਆਰਾ ਸਿੱਧ ਕਰਕੇ ਕਥਨ ਨਹੀਂ ਕੀਤਾ ਜਾ ਸਕਦਾ।

ਕਰ੍ਮ ਕਰੀਹਿ ਬਢੈ ਨ ਘਟੈ ਇਸ।

ਕਰਮ ਕਰੀਹੀ ਬਢੈ ਨ ਘਟੈ ਇਸ।

ਇਸ=ਪ੍ਰਤਯਕ (ਅੰਤਰ) ਆਤਮਾ ਦੇ ਸ੍ਵਰੂਪ ਵਿੱਚ ਸਕਾਮ (ਸਹਿਤ ਕਾਮਨਾ) ਅਤੇ ਨਿਸ਼ਕਾਮ (ਕਾਮਨਾ ਵਾ ਇੱਛਾ ਤੋਂ ਬਿਨਾ) ਕਰਮ=ਕਿਰਿਆ ਕਰੀਹੀ=ਕਰਨ ਨਾਲ ਨ=ਨਾ ਕੁਝ ਬਢੈ=ਵਧਦਾ ਹੈ ਅਤੇ ਨ=ਨਾ ਹੀ ਕੁਝ ਘਟੈ=ਘੱਟ ਵਾ ਹਾਨੀ ਹੁੰਦੀ ਹੈ।

ਜਿਮੀ ਜਮਾਨ ਕੇ ਬਿਖੈ ਸਮਸਤ ਏਕ ਜੋਤਿ ਹੈ॥

ਨ ਘਾਟ ਹੈ ਨਾ ਬਾਢ ਹੈ ਨ ਘਾਟ ਬਾਢ ਹੋਤ ਹੈ॥

(ਸ੍ਰੀ ਦਸਮ ਗ੍ਰੰਥ,ਅਕਾਲ ਉਸਤਤਿ)

ਹੇਤੁ ਹਿ ਅਵ੍ਯਯ ਵੇਦ ਧੁਕਾਰੇ॥

ਹੇਤੂ ਹੀ ਅਵਯਯ ਵੇਦ ਪੁਕਾਰੇ॥

ਉਪਰੋਕਤ ਕਥਨ ਕੀਤੇ ਹੇਤੂ=ਕਾਰਣ ਕਰਕੇ ਹੀ ਵੇਦ=ਗਿਆਨ ਦੇ ਪ੍ਰਕਾਸ਼ਕ ਗ੍ਰੰਥ ਆਤਮਾ ਨੂੰ ਅਵਯਯ=ਘਟਣ ਤੋਂ ਰਹਿਤ ਪੁਕਾਰੇ=ਉਚਾਰਨ ਕਰਦੇ ਹਨ।

अक्षर नाश विना कहिये इस।

अकशर नाश़ विना कहीऐ इस।

ਨਾਸ਼=ਅੰਤ ਤੋਂ ਵਿਨਾ=ਰਹਿਤ ਭਾਵ ਅਬਿਨਾਸੀ ਵਾ ਸੱਤ ਸਰੂਪ ਹੋਣ ਕਰਕੇ ਹੀ ਬ੍ਰਹਮ ਤੋਂ ਅਭਿੰਨ ਇਸ ਪ੍ਰਤਯਕ (ਅੰਤਰ) ਆਤਮਾ ਨੂੰ ਅਕਸ਼ਰ=ਅਟੱਲ ਆਖਿਆ ਜਾਂਦਾ ਹੈ।

आदि निषेध्य पीतांबर सारे॥ १५॥

आदि निशे़ध्य पीतांबर सारे॥ १५॥

ਪੀਤਾਂਬਰ ਜੀ ਕਥਨ ਕਰਦੇ ਹਨ ਕਿ ਉਪਰੋਕਤ ਕਥਨ ਕੀਤੇ ਗਿਆਰਾ (੧) ਅਨੰਤ (੨) ਅਖੰਡ (੩) ਅਸੰਗ (੪) ਅਦ੍ਵੈ (੫) ਅਜਨਮ (੬) ਅਵਿਕਾਰ (੭) ਅਕਾਰ ਰਹਿਤ ਨਿਰਾਕਾਰ (੮) ਵਯਕਤ (ਅਸਪਸ਼ਟ) (੯) ਅਪ੍ਰਮੇਵ (੧੦) ਅਵਯਯ (ਘਟਣ ਤੋਂ ਰਹਿਤ) ਅਤੇ (੧੧) ਅਕਸ਼ਰ (ਨਾਸ਼ ਰਹਿਤ ਅਬਿਨਾਸੀ) ਆਦਿ=ਇਤਿਆਦਿਕ ਸਾਰੇ=ਸਭ ਨਿਸ਼ੇਧਯ=ਪ੍ਰਪੰਚ ਦੇ ਨਿਸ਼ੇਧ ਕਹੀਏ ਖੰਡਨ ਦੁਆਰਾ ਆਤਮਾ ਦੇ ਬੋਧਕ ਵਿਸ਼ੇਸ਼ਣ ਹਨ। ਭਾਵ ਕਿ ਪ੍ਰਪੰਚ ਦਾ ਸਰੂਪ ਇਨ੍ਹਾਂ ਵਿਸ਼ੇਸ਼ਣਾਂ ਤੋਂ ਉਲਟ ਹੈ ਸੋ ਤਿਸ ਦਾ ਖੰਡਨ ਕਰਕੇ ਸ੍ਵੈ ਸਰੂਪ ਨੂੰ ਦਰਸਾਉਣ ਵਾਲੇ ਜੋ ਵਿਸ਼ੇਸ਼ਣ ਸੋ ਨਿਸ਼ੇਧ੍ਯ ਵਿਸ਼ੇਸ਼ਣ ਕਹੀਏ ਹੈ।

ਹੁਣ ਇਸ ਮੂਲ ਪਾਠ ਦੀ ਵਿਚਾਰ ਨੂੰ ਪ੍ਰਸ਼ਨਾਂ-ਉੱਤਰਾਂ ਦੁਆਰਾ ਵਿਸਥਾਰ ਨਾਲ ਸਮਝਾਉਂਦੇ ਹਨ:-

ਪ੍ਰਸ਼ਨ ੧੪੧. ਆਤਮਾ ਦੇ ਵਿਸ਼ੇਸ਼ਣ ਕਿੰਨੇ ਪ੍ਰਕਾਰ ਦੇ ਹਨ ?

ਉੱਤਰ : ਆਤਮਾ ਦੇ ਵਿਸ਼ੇਸ਼ਣ ਵਿਧੇਯ[੧] ਕਹੀਏ ਸਾਕਸ਼ਾਤ[੨] ਬੋਧਕ ਅਤੇ ਨਿਸ਼ੇਧ੍ਯ[੩] ਕਹੀਏ ਪ੍ਰਪੰਚ ਦੇ ਨਿਸ਼ੇਧ[੪] ਦੁਆਰਾ ਬੋਧਕ[੫] ਦੇ ਭੇਦ ਤੋਂ ਦੋ ਪ੍ਰਕਾਰ ਦੇ ਹਨ॥

(੧) ਜਿਵੇਂ ''ਸਧਵਾ'' ਕਹੀਏ ਸੁਹਾਗਣ ਸ਼ਬਦ ਵਿਧਵਾ ਇਸਤਰੀ ਦਾ ਨਿਸ਼ੇਧ ਕਰਕੇ (ਖੰਡਨ ਕਰਕੇ) ਸੁਵਾਸਿਨੀ ਕਹੀਏ ਸ੍ਨੇਸ਼ਟ ਬਸਤਰਾ ਨਾਲ ਸੱਜੀ ਵਿਵਾਹਿਤ ਇਸਤਰੀ ਦਾ ਸਾਕਸ਼ਾਤ (ਪ੍ਰਤੱਖ) ਬੋਧਕ ਹੈ। ਤਿਵੇਂ ਹੀ ''ਸੱਤ'' ਆਦਿਕ ਵਿਧੇਯ ਵਿਸ਼ੇਸ਼ਣ ''ਅਸੱਤ'' ਆਦਿਕ ਪ੍ਰਪੰਚ ਦੇ ਵਿਸ਼ੇਸ਼ਣਾਂ ਦਾ ਨਿਸ਼ੇਧ (ਖੰਡਨ) ਕਰਕੇ ਸੱਤਾਦਿਕ ਰੂਪ ਬ੍ਰਹਮ ਦੇ ਸਾਕਸ਼ਾਤ ਬੋਧਕ ਹਨ। ਇਸ ਲਈ 'ਵਿਧੇਯ' ਕਹੀਏ ਹੈ।

(੨) ਪ੍ਰਤੱਖ

(੩) ਜਿਵੇਂ 'ਅਵਿਧਵਾ' ਸ਼ਬਦ ਵਿਧਵਾ ਇਸਤਰੀ ਦਾ ਨਿਸ਼ੇਧ ਕਰਕੇ ਤਿਸ ਤੋਂ ਵਿਲਕਛਣ (ਭਿੰਨ) ਸੁਹਾਗਣ ਇਸਤਰੀ ਦਾ ਬੋਧਕ ਹੈ। ਤਿਵੇਂ ਹੀ ਅਨੰਤ ਆਦਿਕ ਜੋ ਨਿਸ਼ੇਧਯ ਵਿਸ਼ੇਸ਼ਣ ਉਹ ਅੰਤ ਆਦਿ ਪ੍ਰਪੰਚ ਦੇ ਧਰਮਾਂ ਦਾ ਖੰਡਨ ਕਰਕੇ ਉਨ੍ਹਾਂ ਤੋਂ ਭਿੰਨ ਜੋ ਬ੍ਰਹਮ ਤਿਸਦੇ ਬੋਧਕ ਹਨ। ਇਸ ਲਈ 'ਨਿਸ਼ੇਧਯ' ਕਹੀਏ ਹੈ।

(੪) ਖੰਡਨ

(੫) ਗਿਆਨ ਕਰਵਾਉਣ ਵਾਲੇ

ਪ੍ਰਸ਼ਨ ੧੪੨. ਆਤਮਾ ਦੇ ਵਿਧੇਯ ਵਿਸ਼ੇਸ਼ਣ ਕਿਹੜੇ ਹਨ?

ਉੱਤਰ : (੧) ਸਤ (੨) ਚਿਤ (੩) ਅਨੰਦ (੪) ਬ੍ਰਹਮ (੫) ਸ੍ਵਯੰ ਪ੍ਰਕਾਸ਼ (੬) ਕੂਟਸਥ (੭) ਸਾਕਸ਼ੀ (੮) ਦ੍ਰਸ਼ਟਾ (੯) ਉਪਦ੍ਰਸ਼ਟਾ (੧੦) ਇੱਕ ਇਤਿਆਦਿਕ ਵਿਧੇਯ ਵਿਸ਼ੇਸ਼ਣ ਹਨ॥

ਪ੍ਰਸ਼ਨ ੧੪੩. ਸਤ ਆਤਮਾ ਕਿਵੇਂ ਹੈ?

ਉੱਤਰ : (੧) ਜਿਸਦੀ ਗਿਆਨ ਨਾਲ ਅਥਵਾ ਹੋਰ ਕਿਸੇ ਨਾਲ ਵੀ ਨਿਵਿਰਤੀ ਨਾ ਹੋਵੇ ਸੋ ਸੱਤ ਹੈ। ਆਤਮਾ ਦੀ ਕਿਉਂਕਿ ਗਿਆਨ ਨਾਲ ਵਾ ਕਿਸੇ ਹੋਰ ਨਾਲ ਵੀ ਨਿਵਿਰਤੀ(੬) ਨਹੀਂ ਹੁੰਦੀ ਇਸ ਲਈ ਆਤਮਾ ਸੱਤ ਹੈ॥

(੬) ਨਿਵਿਰਤੀ ਕਹੀਏ ਅਭਾਵ ਵਾ ਦੂਰ ਕਰਨਾ (ਵਿਸਥਾਰ ਨਾਲ ਪੰਨਾ ੧੯ ਤੇ ਟੂਕ (੪) ਪੜ੍ਹੋ) ਆਤਮਾ ਦੇ ਗਿਆਨ ਨਾਲ ਪ੍ਰਪੰਚ ਦੀ ਨਿਵਿਰਤੀ ਹੁੰਦੀ ਹੈ ਪਰੰਤੂ ਗਿਆਨ ਦੁਆਰਾ ਸਾਕਸ਼ਾਤ ਹੋਣ ਕਰਕੇ ਆਤਮਾ ਬ੍ਰਹਮ ਤੋਂ ਭਿੰਨ ਸਦਾ ਵਿਦਿਆਮਾਨ (ਵਿਆਪਕ) ਪ੍ਰਤੀਤ ਹੁੰਦੀ ਹੈ, ਨਿਵਿਰਤ ਨਹੀਂ।

ਪ੍ਰਸ਼ਨ ੧੪੪. ਚਿਤ ਆਤਮਾ ਕਿਵੇਂ ਹੈ?

ਉੱਤਰ : (੨) ਅਲੁਪਤ(੭) ਪ੍ਰਕਾਸ਼ ਸੋ ਚਿਤ ਹੈ॥

ਆਤਮਾ ਕਿਉਂਕਿ ਅਲੁਪਤ ਪ੍ਰਕਾਸ਼ ਹੈ ਇਸ ਲਈ ਆਤਮਾ ਚਿਤ ਹੈ॥

(੭) ਲੁਪਤ ਕਹੀਏ ਅਦ੍ਰਿਸ਼ ਜੋ ਅ=ਨਾ ਹੋਵੇ ਭਾਵ ਪ੍ਰਗਟ ਹੋਵੇ।

ਸਾਮਾਨਯ ਚੇਤਨ ਸਦਾ ਵਿਆਪਕ ਹੈ ਇਸ ਲਈ ਅਲੁਪਤ ਹੈ।

ਸਗਲ ਬਨਸਪਤਿ ਮਹਿ ਬੈਸੰਤਰ ਸਗਲ ਦੂਧ ਮਹਿ ਘੀਆ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥

(ਸੋਰਠਿ ਮਃ੫, ਅੰਗ ੬੧੭)

ਪ੍ਰਸ਼ਨ ੧੪੫. ਅਨੰਦ ਆਤਮਾ ਕਿਵੇਂ ਹੈ ?

ਉੱਤਰ : (੩) ਪਰਮ ਕਹੀਏ ਸ੍ਰੇਸ਼ਟ ਵਾ ਸਭ ਤੋਂ ਅਧਿਕ ਪ੍ਰੀਤੀ ਦਾ ਜੋ ਵਿਸ਼ਯ(੮) ਸੋ ਅਨੰਦ ਹੈ॥

ਆਤਮਾ ਵਿੱਚ ਕਿਉਂਕਿ ਸਾਰਿਆਂ ਦੀ ਪਰਮ ਪ੍ਰੀਤੀ ਹੈ। ਇਸ ਲਈ ਆਤਮਾ ਅਨੰਦ ਹੈ॥

(੮) ਜੋ ਵਿਵਿਧ ਪ੍ਰਕਾਰ ਨਾਲ ਬੁਧੀ ਨੂੰ ਬੰਨੇ ਸੋ ਕਹੀਏ ਵਿਸ਼ਯ।

ਪ੍ਰਸ਼ਨ ੧੪੬. ਬ੍ਰਹਮ ਰੂਪ ਆਤਮਾ ਕਿਵੇਂ ਹੈ ?

ਉੱਤਰ : (੪) (੧) ਆਤਮਾ ਸਤ ਚਿਤ ਅਨੰਦ ਰੂਪ ਸ਼ ਰੁਤੀ(੯), ਯੁਕਤੀ(੧੦) ਅਤੇ ਅਨੁਭਵ(੧੧) ਨਾਲ ਸਿੱਧ ਹੈ।

ਅਤੇ

(੨) ਬ੍ਰਹਮ ਵੀ ਸ਼ਾਸਤ੍ਰ (ਉਪਨਿਸ਼ਦ) ਵਿਸ਼ੇ ਸੱਤ ਚਿਤ ਅਨੰਦ ਰੂਪ ਕਹਿਆ ਹੈ।

ਸਦਾ ਸਚਿਦਾਨੰਦ ਸਰਬੰ ਪ੍ਰਣਾਸੀ॥

(ਜਾਪੁ ਸਾਹਿਬ, ਸ੍ਰੀ ਦਸਮ ਗ੍ਰੰਥ)

ਇਸ ਲਈ ਆਤਮਾ ਬ੍ਰਹਮ ਰੂਪ ਹੈ। ਕਿਉਂਕਿ ਬ੍ਰਹਮ ਨਾਮ ਵਿਆਪਕ ਦਾ ਹੈ। ਜਿਸਦਾ ਦੇਸ਼(ਜਗ੍ਹਾ) ਤੋਂ ਅੰਤ ਨ ਹੋਵੇ ਸੋ ਵਿਆਪਕ ਕਹੀਏ॥

(੧) ਆਤਮਾ ਜੇ ਬ੍ਰਹਮ ਤੋਂ ਭਿੰਨ ਹੋਵੇ ਤਾਂ ਦੇਸ਼ ਤੋਂ ਅੰਤ ਵਾਲਾ ਹੋਵੇਗਾ।

(੨) ਜਿਸਦਾ ਦੇਸ਼ ਤੋਂ ਅੰਤ ਹੋਵੇ ਤਿਸਦਾ ਕਾਲ ਤੋਂ ਵੀ ਅੰਤ ਹੁੰਦਾ ਹੈ।

ਇਹ ਨਿਯਮ ਹੈ॥

ਜਿਸ ਦੇਸ਼ ਕਾਲ ਤੋਂ ਅੰਤ ਹੋਵੇ ਸੋ ਅਨਿੱਤ ਕਹੀਏ ਹੈ ਇਸ ਤਰ੍ਹਾਂ ਆਤਮਾ ਅਨਿੱਤ ਹੋਵੇਗਾ। ਇਸ ਲਈ ਆਤਮਾ ਬ੍ਰਹਮ ਤੋਂ ਭਿੰਨ ਨਹੀਂ। ਅਤੇ

(੧) ਆਤਮਾ ਤੋਂ ਭਿੰਨ ਜੇ ਬ੍ਰਹਮ ਹੋਵੇ ਤਾਂ ਬ੍ਰਹਮ ਅਨਾਤਮਾ ਹੋਵੇਗਾ॥

(੨) ਅਨਾਤਮਾ ਘਟਾਦਿਕ ਸੋ ਜੜ[੧੨] ਹੈ। ਇਸ ਲਈ ਆਤਮਾ ਤੋਂ ਭਿੰਨ ਬ੍ਰਹਮ ਜੜ ਹੋਵੇਗਾ।

ਸੋ ਵਾਰਤਾ ਸ਼੍ਰੁਤੀ ਤੋਂ ਵਿਰੁੱਧ ਹੈ॥

ਇਸ ਲਈ ਆਤਮਾ ਤੋਂ ਭਿੰਨ ਬ੍ਰਹਮ ਨਹੀਂ। ਇਸ ਲਈ ਬ੍ਰਹਮ ਰੂਪ ਆਤਮਾ ਹੈ।

(੯) ਵੇਦਾਂ ਦੀਆਂ ਪੰਕਤੀਆਂ

(੧੦) ਤਰਕੀਬ ਸਹਿਤ ਦਲੀਲ

(੧੧) ਪ੍ਰਤੱਖ ਗਿਆਨ

(੧੨) ਅਕ੍ਰਿਅ (ਹਰਕਤ ਰਹਿਤ)

ਪ੍ਰਸ਼ਨ ੧੪੭. ਸ੍ਵਯੰ ਪ੍ਰਕਾਸ਼ ਆਤਮਾ ਕਿਵੇਂ ਹੈ?

ਉੱਤਰ :(੫) (੧) ਜੋ ਦੀਪਕ[੧੩] ਦੀ ਨਿਆਈ ਆਪਣੇ ਆਪ ਨੂੰ ਪ੍ਰਕਾਸ਼ਣ ਲਈ ਕਿਸੇ ਹੋਰ ਦੀ ਅਪੇਕਛਾ[੧੪] ਨਾ ਕਰੇ। ਅਤੇ

(੨) ਆਪ ਸਾਰਿਆਂ ਦਾ ਪ੍ਰਕਾਸ਼ਕ[੧੫] ਹੋਵੇ।

ਸੋ ਸ੍ਵਯੰ ਪ੍ਰਕਾਸ਼ ਕਹੀਏ ਹੈ॥

ਐਸੀ ਆਤਮਾ ਹੀ ਹੈ। ਇਸ ਲਈ ਆਤਮਾ ਸ੍ਵਯੰ ਪ੍ਰਕਾਸ਼ ਹੈ॥ ਅਥਵਾ

(੧) ਜੋ ਸਦਾ ਅਪਰੋਕਸ਼[੧੬] ਅਤੇ

(੨) ਕਿਸੇ ਗਿਆਨ ਦਾ ਵਿਸ਼ਾ ਨ ਹੋਵੇ।

ਸੋ ਸ੍ਵਯੰ ਪ੍ਰਕਾਸ਼ ਕਹੀਏ ਹੈ॥

ਆਤਮਾ ਕਿਉਂਕਿ ਸਦਾ ਅਪਰੋਕਸ਼ ਰੂਪ ਹੈ ਅਤੇ ਪ੍ਰਕਾਸ਼ ਰੂਪ ਹੋਣ ਕਰਕੇ ਕਿਸੇ ਵੀ ਗਿਆਨ ਦਾ ਵਿਸ਼ਾ ਪ੍ਰਕਾਸ਼ਯ[੧੭] ਨਹੀਂ ਹੈ। ਇਸ ਲਈ ਆਤਮਾ ਸ੍ਵਯੰ ਪ੍ਰਕਾਸ਼ ਹੈ॥

(੧੩) ਦੀਵਾ

(੧੪) ਉਮੀਦ ਰੂਪ ਇੱਛਾ

(੧੫) ਪ੍ਰਕਾਸ਼ ਕਰਨ ਵਾਲਾ ਭਾਵ ਗਿਆਨ ਕਰਵਾਉਣ ਵਾਲਾ

(੧੬) ਪਰਤੱਖ ਅੱਖਾਂ ਦੇ ਸਾਹਮਣੇ

(੧੭) ਉਹ ਵਸਤੂ ਜਿਸ ਦਾ ਪ੍ਰਕਾਸ਼ ਕਹੀਏ ਗਿਆਨ ਹੋਵੇ।

ਪ੍ਰਸ਼ਨ ੧੪੮. ਕੂਟਸਥ ਆਤਮਾ ਕਿਵੇਂ ਹੈ?

ਉੱਤਰ : (੬) ਕੂਟ ਨਾਮ ਲੁਹਾਰ ਦੀ ਅਹਿਰਣ[੧੮] ਦਾ ਹੈ। ਤਿਸ ਅਹਿਰਣ ਦੀ ਨਿਆਈ ਜੋ ਨਿਰਵਿਕਾਰ[੧੯] (ਅਚੱਲ)[੨੦] ਰੂਪ ਨਾਲ ਸਥਿਤ ਹੋਵੇ ਸੋ ਕੂਟਸਥ ਕਹੀਏ ਹੈ॥

ਜਿਵੇਂ ਲੁਹਾਰ ਅਨੇਕਾਂ ਘਾੜਤਾ ਘੜਦਾ ਹੈ ਤਾਂ ਵੀ ਅਹਿਰਣ ਜਿਉਂ ਦੀ ਤਿਉਂ ਰਹਿੰਦੀ ਹੈ। ਤਿਵੇਂ ਹੀ ਮਨ ਰੂਪ ਲੁਹਾਰ ਵਿਵਹਾਰ ਰੂਪ ਅਨੇਕ ਘਾੜਤਾ ਘੜਦਾ ਹੈ। ਤਾਂ ਵੀ ਆਤਮਾ ਜਿਉਂ ਦੀ ਤਿਉਂ ਹੀ ਰਹਿੰਦੀ ਹੈ। ਇਸ ਲਈ ਆਤਮਾ ਕੂਟਸਥ ਹੈ। ਕੂਟਸਥ ਕਹਿਣ ਨਾਲ ਅਚੱਲ ਅਤੇ ਅਕ੍ਰਿਆ[੨੧] ਅਰਥ ਵੀ ਸਿੱਧ ਹੁੰਦਾ ਹੈ॥

(੧੮) ਲੋਹੇ ਦਾ ਭਾਰੀ ਢੇਲਾ ਜਿਸ ਉੱਪਰ ਲੁਹਾਰ ਲੋਹਾ ਕੁੱਟਦਾ ਹੈ।

(੧੯) ਵਿਕਾਰ=ਬਦਲਣ ਤੋਂ ਨਿਰ=ਰਹਿਤ।

(੨੦) ਜੋ ਚਲਾਏਮਾਨ ਨਾ ਹੋਵੇ।

(੨੧) ਕਿਰਿਆ ਰਹਿਤ।

ਪ੍ਰਸ਼ਨ ੧੪੯. ਸਾਕਸ਼ੀ ਆਤਮਾ ਕਿਵੇਂ ਹੈ?

ਉੱਤਰ : (੭) ਜੋ ਲੌਕਿਕ ਵਿਵਹਾਰ ਵਿੱਚ :-

(੧) ਉਦਾਸੀਨ ਕਹੀਏ ਰਾਗ-ਦ੍ਵੈਸ਼ ਰਹਿਤ ਹੋਵੇ।

(੨) ਸਮੀਪ ਕਹੀਏ ਨਿਕਟਵਰਤੀ ਹੋਵੇ।

(੩) ਚੇਤਨ[੨੨] ਹੋਵੇ।

ਸੋ ਸਾਕਸ਼ੀ ਕਹੀਏ ਹੈ॥ ਕਿਉਂਕਿ ਆਤਮਾ :-

(੧) ਦੇਹ ਆਦਿ ਤੋਂ ਉਦਾਸੀਨ ਹੈ। ਅਤੇ

(੨) ਸਮੀਪਵਰਤੀ ਹੈ। ਅਤੇ

(੩) ਚੇਤਨ ਕਹੀਏ ਅਜੜ[੨੩] ਪ੍ਰਕਾਸ਼[੨੪] ਰੂਪ ਹੈ।

ਇਸ ਲਈ ਆਤਮਾ ਸਾਕਸ਼ੀ ਹੈ॥

(੨) ਵਾ ਅੰਤਹਕਰਣ[੨੫] ਰੂਪ ਉਪਾਧੀ[੨੬] ਵਾਲਾ ਚੇਤਨ ਸਾਕਸ਼ੀ ਕਹੀਏ ਹੈ॥

(੩) ਵਾ ਅੰਤਹਕਰਣ ਅਤੇ ਅੰਤਹਕਰਣ ਦੀ ਵ੍ਰਿਤੀਆਂ[੨੭] ਵਿੱਚ ਵਰਤਮਾਨ ਚੇਤਨ ਮਾਤ੍ਰ (ਕੇਵਲ ਚੇਤਨ) ਸਾਕਸ਼ੀ ਕਹੀਏ ਹੈ॥

ਐਸੀ ਆਤਮਾ ਹੈ। ਇਸ ਲਈ ਸਾਕਸ਼ੀ ਹੈ॥

(੨੨) ਗਿਆਨ ਸਰੂਪ

(੨੩) ਚੇਤਨ

(੨੪) ਊਰਜਾ

(੨੫) ਮਨ, ਬੁੱਧੀ, ਚਿਤ ਅਤੇ ਅਹੰਕਾਰ ਸੋ ਕਹੀਏ ਅੰਤਹਕਰਣ ਵਾ ਅੰਤਹ ਕਹੀਏ ਅੰਦਰ ਦੀਆਂ ਕਰਣ-ਇੰਦ੍ਰੀਆ।

(੨੬) ਪਦਵੀ, ਖ਼ਿਤਾਬ

(੨੭) ਅੰਤਹਕਰਣ ਦਾ ਪਰਣਾਮ (ਨਤੀਜਾ) ਸੋ ਬਿਰਤੀ ਕਹੀਏ ਹੈ।

ਪ੍ਰਸ਼ਨ ੧੫੦. ਦ੍ਰਸ਼ਟਾ ਆਤਮਾ ਕਿਵੇਂ ਹੈ?

ਉੱਤਰ : (੮) ਦੇਖਣਵਾਲਾ ਜੋ ਹੋਵੇ ਸੋ ਦ੍ਰਸ਼ਟਾ ਕਹੀਏ ਹੈ॥

ਆਤਮਾ ਕਿਉਂਕਿ ਸਾਰੇ ਦ੍ਰਿਸ਼ਾ ਨੂੰ ਜਾਨਣਵਾਲੀ ਹੈ। ਇਸ ਲਈ ਆਤਮਾ ਦ੍ਰਸ਼ਟਾ ਹੈ॥

ਪ੍ਰਸ਼ਨ ੧੫੧. ਉਪਦ੍ਰਸ਼ਟਾ ਆਤਮਾ ਕਿਵੇਂ ਹੈ?

ਉੱਤਰ : (੯) ਜਿਵੇਂ :-

(੧੫) ਯਗਸ਼ਾਲਾ[੨੮] ਵਿੱਚ ਯੱਗ ਕਾਰਜ ਦੇ ਕਰਨ ਵਾਲੇ ਪੰਦਰਾਂ ਰਿਤਵਿਜ[੨੯] ਹੁੰਦੇ ਹਨ।

(੧੬) ਸੋਲਵਾਂ ਯਜਮਾਨ ਹੁੰਦਾ ਹੈ। ਅਤੇ

(੧੭) ਸਤਾਰਵੀਂ ਯਜਮਾਨ ਦੀ ਇਸਤਰੀ ਹੁੰਦੀ ਹੈ। ਅਤੇ

(੧੮) ਅਠਾਰਵਾਂ ਉਪਦ੍ਰਸ਼ਟਾ ਕਹੀਏ ਜੋ ਕੋਲ ਬੈਠ ਕੇ ਦੇਖਣਵਾਲਾ ਉਹ ਕੋਈ ਵੀ ਕੰਮ ਨਹੀਂ ਕਰਦਾ ਕੇਵਲ ਦੇਖਦਾ ਹੈ॥

ਤਿਵੇਂ ਹੀ :-

(੧-੧੫) ਸਥੂਲ ਦੇਹ ਰੂਪ ਯਗਸ਼ਾਲਾ ਵਿੱਚ ਪੰਜ ਗਿਆਨ ਇੰਦ੍ਰਿਯ,ਪੰਜ ਕਰਮ ਇੰਦ੍ਰਿਯ ਅਤੇ ਪੰਜ ਪ੍ਰਾਣ। ਇਹ ੧੫ ਰਿਤਵਿਜ ਹਨ।

(੧੬) ਸੋਲਵਾਂ ਮਨ ਰੂਪ ਯਜਮਾਨ ਹੈ ਅਤੇ

(੧੭) ਸਤਾਰਵੀਂ ਬੁਧੀ ਰੂਪ ਯਜਮਾਨ ਦੀ ਇਸਤਰੀ ਹੈ।

(੧੮) ਇਹ ਸਾਰੇ ਆਪਣੇ ਆਪਣੇ ਵਿਸ਼ੇ ਦੇ ਗ੍ਰਹਿਣ ਕਰਨ ਰੂਪ ਭੋਗਮਈ ਯੱਗ ਦਾ ਕਾਰਯ (ਕੰਮ) ਕਰਦੇ ਹਨ। ਅਤੇ ਇਨ੍ਹਾਂ ਸਾਰਿਆਂ ਦਾ ਸਮੀਪਵਰਤੀ[੩੧] ਜਾਨਣ ਰੂਪ ਆਤਮਾ, ਅਠਾਰਵਾਂ ਉਪ-ਦ੍ਰਸ਼ਟਾ ਹੈ॥

(੨੮) ਯੱਗ ਕਰਨ ਦਾ ਸਥਾਨ

(੨੯) ਯੱਗ ਕਰਨ ਵਾਲਾ ਬ੍ਰਾਹਮਣ

(੩੦) ਉਹ ਵਿਅਕਤੀ ਜੋ ਆਪਣੀ ਇੱਛਾ ਦੇ ਨਮਿਤ ਯੱਗ ਕਰਵਾਉਂਦਾ ਹੈ।

(੩੧) ਨਿਕਟਵਰਤੀ

ਪ੍ਰਸ਼ਨ ੧੫੨. ਇੱਕ ਆਤਮਾ ਕਿਵੇਂ ਹੈ?

ਉੱਤਰ : **(੧੦)** ਆਤਮਾ ਦਾ ਸਜਾਤੀ ਕਹੀਏ ਸਮ ਜਾਤੀ ਵਾਲਾ ਕੋਈ ਹੋਰ ਦੂਸਰਾ ਆਤਮਾ ਨਹੀਂ ਹੈ। ਇਸ ਲਈ ਆਤਮਾ ਇੱਕ ਹੈ॥

(੧-੧੦) ਇਤਿਆਦਿਕ ਆਤਮਾ ਦੇ ਵਿਧੇਯ ਵਿਸ਼ੇਸ਼ਣ ਹਨ।

ਪ੍ਰਸ਼ਨ ੧੫੩. ਆਤਮਾ ਦੇ ਨਿਸ਼ੇਧ੍ਯ ਵਿਸ਼ੇਸ਼ਣ ਕਿਹੜੇ ਹਨ?

ਉੱਤਰ : (੧) ਅਨੰਤ (੨) ਅਖੰਡ (੩) ਅਸੰਗ (੪) ਅਦ੍ਵੀਤੀਯ (੫) ਅਜਨਮ (੬) ਨਿਰਵਿਕਾਰ (੭) ਨਿਰਾਕਾਰ (੮) ਅਵਯਕਤ (੯) ਅਵਯਯ (੧੦) ਅਕਛਰ ਇਤਿਆਦਿਕ ਆਤਮਾ ਦੇ ਨਿਸ਼ੇਧ੍ਯ[੩੨] ਵਿਸ਼ੇਸ਼ਣ ਹਨ।

(੩੨) ਪੰਨਾ ੧੪੧ ਤੇ ਪ੍ਰਸ਼ਨ ੧੪੧ ਪੜ੍ਹੋ।

ਪ੍ਰਸ਼ਨ ੧੫੪. ਅਨੰਤ ਆਤਮਾ ਕਿਵੇਂ ਹੈ?

ਉੱਤਰ :(੧.) (੧) ਆਤਮਾ ਵਿਆਪਕ[੩੩] ਹੈ। ਇਸ ਲਈ ਆਤਮਾ ਦਾ ਦੇਸ਼ ਤੋਂ ਅੰਤ ਨਹੀਂ।

(੨) ਕਿਉਂਕਿ ਆਤਮਾ ਨਿੱਤਯ[੩੪] ਹੈ। ਇਸ ਲਈ ਆਤਮਾ ਦਾ ਕਾਲ ਤੋਂ ਅੰਤ ਨਹੀਂ।

(੩) ਕਿਉਂਕਿ ਆਤਮਾ ਅਧਿਸ਼ਠਾਨ[੩੫] ਹੋਣ ਨਾਲ ਸਾਰਿਆਂ ਦਾ ਸ੍ਵਰੂਪ ਹੈ। ਇਸ ਲਈ ਆਤਮਾ ਦਾ ਵਸਤੂ ਤੋਂ ਵੀ ਅੰਤ ਨਹੀਂ। ਅਤੇ

ਕਿਉਂਕਿ ਆਤਮਾ ਦਾ ਦੇਸ਼ ਕਾਲ ਅਤੇ ਵਸਤੂ ਤੋਂ ਅੰਤ ਨਹੀਂ ਕਹੀਏ ਪਰਛੇਦ[੩੬] ਨਹੀਂ ਇਸ ਲਈ ਆਤਮਾ ਅਨੰਤ ਹੈ॥

(੩੩) ਸਭ ਜਗ੍ਹਾ ਵਿਦਿਆਮਾਨ (ਮੌਜੂਦ) ਹੋਣ ਤੋਂ ਜਿਸਦਾ ਦੇਸ਼ ਤੋਂ ਅੰਤ ਨਾ ਹੋਵੇ ਸੋ ਕਹੀਏ ਵਿਆਪਕ।

(੩੪) ਸਤ ਸਰੂਪ ਭਾਵ ਨਾਸ਼ ਤੋਂ ਰਹਿਤ ਸਦਾ ਰਹਿਣ ਵਾਲਾ।

(੩੫) ਮੂਲ ਆਸਰਾ (ਪੰਨਾ ੧੨੨ ਤੇ ਵਿਸ਼ੇਸ਼ ਅੰਸ਼ ਪੜ੍ਹੋ)।

(੩੬) ਪਰ=ਵਿਸ਼ੇਸ਼ ਕਰਕੇ ਛੇਦ=ਕੱਟਣਾ ਭਾਵ ਦੇਸ਼ ਕਾਲ ਵਸਤੂ ਤੋਂ ਜਿਸਨੂੰ ਵੰਡਿਆ ਨਾ ਜਾ ਸਕੇ।

ਪ੍ਰਸ਼ਨ ੧੫੫. ਅਖੰਡ ਆਤਮਾ ਕਿਵੇਂ ਹੈ?

ਉੱਤਰ : **(੨.)** (੧) ਜੀਵ-ਈਸ਼ਵਰ ਦਾ ਭੇਦ, ਜੀਵਾਂ ਦਾ ਪਰਸਪਰ ਭੇਦ, ਜੀਵ ਜੜ ਦਾ ਭੇਦ, ਜੜ ਈਸ਼ਵਰ ਦਾ ਭੇਦ ਅਤੇ ਜੜ ਜੜ ਦਾ ਭੇਦ। ਇਨ੍ਹਾਂ ਪੰਜਾਂ ਭੇਦਾਂ ਤੋਂ ਆਤਮਾ ਰਹਿਤ ਹੈ। ਅਥਵਾ

(੨) ਸਜਾਤੀ ਵਿਜਾਤੀ ਅਤੇ ਸ੍ਵਗਤਿ ਭੇਦ[੩੭] ਤੋਂ ਆਤਮਾ ਰਹਿਤ ਹੈ। ਇਸ ਲਈ ਆਤਮਾ ਅਖੰਡ ਹੈ।

(੩੭) ਤਿੰਨ ਤਰ੍ਹਾਂ ਦੇ ਭੇਦ (ਸਜਾਤੀ, ਵਿਜਾਤੀ ਤੇ ਸ੍ਵਗਤਿ) ਪੰਨਾ ੪੭ ਤੇ ਟੂਕ (੧੩) ਪੜ੍ਹੋ। ਵਾ: ਅਗਲੇ ਪ੍ਰਸ਼ਨ 'ਚ ਪੜ੍ਹੋ।

ਪ੍ਰਸ਼ਨ ੧੫੬. ਅਸੰਗ ਆਤਮਾ ਕਿਵੇਂ ਹੈ?

ਉੱਤਰ : **(੩.)** (੧) ਸਜਾਤੀਯ ਸੰਬੰਧ (੨) ਵਿਜਾਤੀਯ ਸੰਬੰਧ (੩) ਸ੍ਵਗਤਿ ਸੰਬੰਧ

(੧) ਆਪਣੇ ਬਰਾਬਰ ਜਾਤੀ ਵਾਲੇ ਨਾਲ ਜੋ ਸੰਬੰਧ ਸੋ ਸਜਾਤੀਯ ਸੰਬੰਧ ਹੈ। ਜਿਵੇਂ ਬ੍ਰਾਹਮਣ ਦਾ ਹੋਰ ਬ੍ਰਾਹਮਣਾਂ ਨਾਲ ਸੰਬੰਧ।

(੨) ਆਪਣੇ ਤੋਂ ਇਲਾਵਾ ਜੋ ਹੋਰ ਜਾਤੀਆਂ ਨਾਲ ਸੰਬੰਧ ਸੋ ਵਿਜਾਤੀਯ ਸੰਬੰਧ ਹੈ। ਜਿਵੇਂ ਬ੍ਰਾਹਮਣ ਦਾ ਸ਼ੂਦ੍ਰ ਨਾਲ ਸੰਬੰਧ।

(੩) ਆਪਣੇ ਅਵਯਵਾਂ ਕਹੀਏ ਅੰਗਾਂ ਨਾਲ ਜੋ ਸੰਬੰਧ ਸੋ ਸ੍ਵਗਤ ਸੰਬੰਧ ਹੈ। ਜਿਵੇਂ ਬ੍ਰਾਹਮਣ ਦਾ ਆਪਣੇ ਹੱਥ, ਪੈਰ, ਮਸਤਕ ਆਦਿਕ ਅੰਗਾਂ ਨਾਲ ਸੰਬੰਧ।

(੧) ੧. ਆਤਮਾ (ਚੇਤਨ) ਇੱਕ ਹੈ। ਇਸ ਲਈ ਇਸਦੀ ਜਾਤੀ ਨਹੀਂ ਅਤੇ

੨. ਜੀਵ ਈਸ਼ਵਰ ਬ੍ਰਹਮਾ, ਵਿਸ਼ਨੂ, ਸ਼ਿਵ, ਮੈਂ-ਤੂੰ ਆਦਿਕ ਭੇਦ ਤਾਂ ਉਪਾਧੀ ਦੇ ਕੀਤੇ ਹਨ। ਇਸ ਲਈ ਮਿਥਿਆ ਹਨ।

ਇਸ ਲਈ ਆਤਮਾ ਦਾ ਕਿਸੇ ਨਾਲ ਸਜਾਤੀਯ ਸੰਬੰਧ ਬਣਦਾ ਨਹੀਂ।

(੨) ਤਿਵੇਂ ਹੀ ਆਤਮਾ ਅਦ੍ਵੈਤ ਹੈ ਅਤੇ ਸੱਤ ਹੈ। ਤਿਸ ਤੋਂ ਭਿੰਨ ਮਾਯਾ (ਅਗਿਆਨ) ਅਤੇ ਮਾਯਾ ਦਾ ਕਾਰਜ ਸਥੂਲ ਸੂਕਸ਼ਮ ਪ੍ਰਪੰਚ ਪ੍ਰਤੀਤ ਹੁੰਦਾ ਹੈ। ਸੋ ਅਸੱਤ ਹੈ ਅਤੇ 'ਅਸੱਤ' ਕੋਈ ਵਸਤੂ ਨਹੀਂ। ਇਸ ਲਈ ਆਤਮਾ ਦਾ ਕਿਸੇ ਦੇ ਨਾਲ ਵਿਜਾਤੀਯ ਸੰਬੰਧ ਬਣਦਾ ਨਹੀਂ।

(੩) ਤਿਵੇਂ ਹੀ ਆਤਮਾ ਨਿਰਵਯਵ ਕਹੀਏ ਅੰਗ-ਪ੍ਰਤੰਗਾ ਤੋਂ ਰਹਿਤ ਹੈ ਅਤੇ ਸਚਿਦਾਨੰਦ (ਸਤ, ਚਿਤ, ਅਨੰਦ) ਆਤਮਾ ਦੇ ਅਵਯਵ ਨਹੀਂ ਕਿੰਤੂ ਇਕ ਰੂਪ ਹੋਣ ਕਰਕੇ ਆਤਮਾ ਦਾ ਸ੍ਵਰੂਪ ਹਨ। ਇਸ ਲਈ ਆਤਮਾ ਦਾ ਕਿਸੇ ਨਾਲ ਸ੍ਵਗਤਿ ਸੰਬੰਧ ਬਣਦਾ ਨਹੀਂ।

ਇਸ ਰੀਤ ਨਾਲ ਆਤਮਾ ਸਾਰੇ ਸੰਬੰਧਾਂ ਤੋਂ ਰਹਿਤ ਹੈ। ਇਸ ਲਈ ਅਸੰਗ ਹੈ॥

ਪ੍ਰਸ਼ਨ ੧੫੭. ਅਦ੍ਵੈਤ ਆਤਮਾ ਕਿਵੇਂ ਹੈ?

ਉੱਤਰ : (੪) ਦ੍ਵੈਤ[੩੮] ਜੋ ਪ੍ਰਪੰਚ ਸੋ ਸੁਪਨ ਦੀ ਨਿਆਈ ਕਲਪਿਤ ਹੋਣ ਕਰਕੇ ਵਾਸਤਵ ਨਹੀਂ ਹੈ। ਇਸ ਲਈ ਆਤਮਾ ਦ੍ਵੈਤ ਤੋਂ ਰਹਿਤ ਹੋਣ ਕਰਕੇ ਅਦ੍ਵੈਤ ਹੈ।

(੩੮) ਇੱਕ ਪਰਮੇਸ਼ਰ ਨੂੰ ਛੱਡ ਕੇ ਜੋ ਦੂਜਾਪਨ ਸੋ ਦ੍ਵੈਤ ਹੈ।

ਪ੍ਰਸ਼ਨ ੧੫੮. ਅਜਨਮ ਆਤਮਾ ਕਿਵੇਂ ਹੈ?

ਉੱਤਰ : (੫) ਸਥੂਲ ਦੇਹ ਦਾ ਧਰਮ ਜਨਮ ਹੈ। ਸੂਕਸ਼ਮ ਦੇਹ ਦਾ ਧਰਮ ਵੀ ਜਨਮ ਨਹੀਂ ਹੈ ਤਾਂ ਫਿਰ ਆਤਮਾ ਦਾ ਧਰਮ ਜਨਮ ਕਿਵੇਂ ਹੋ ਸਕਦਾ? ਭਾਵ ਕਿ ਨਹੀਂ ਹੈ।

ਫਿਰ ਜੇਕਰ ਆਤਮਾ ਦਾ ਜਨਮ ਮੰਨੀਏ ਤਾਂ ਆਤਮਾ ਦਾ ਮਰਣ ਵੀ ਮੰਨਣਾ ਹੋਵੇਗਾ। ਇਸ ਤਰ੍ਹਾਂ ਆਤਮਾ ਅਨਿੱਤ[੩੯] ਸਿੱਧ ਹੋਵੇਗਾ। ਸੋ ਪਰਲੋਕਵਾਦੀ[੪੦] ਆਸਤਿਕ ਲੋਕਾਂ ਨੂੰ ਅਨਿਸ਼ਟ ਕਹੀਏ ਅਵਾਂਛਿਤ[੪੧] ਹੈ। ਕਿਉਂਕਿ :-

(੧) ਜਨਮ ਮਰਣ ਵਾਲੀ ਜੋ ਵਸਤੂ ਤਿਸਦਾ ਦਾ ਆਦਿ ਕਹੀਏ ਜਨਮ ਤੋਂ ਪਹਿਲਾ ਅਤੇ ਅੰਤ ਕਹੀਏ ਮਰਣ ਤੋਂ ਬਾਦ ਵਿੱਚ ਅਭਾਵ ਹੈ। ਤਿਸ ਕਰਕੇ ਪੂਰਵ ਜਨਮ ਵਿੱਚ ਆਤਮਾ ਨਹੀਂ ਸੀ ਅਤੇ ਤਿਸਦੇ ਕਰਮ ਵੀ ਨਹੀਂ ਸਨ ਐਸਾ ਮੰਨਣਾ ਪਵੇਗਾ। ਕਿੰਤੂ ਫਿਰ ਇਸ ਜਨਮ

ਵਿੱਚ ਆਤਮਾ ਨੂੰ ਕਰਮਾਂ ਤੋਂ ਬਿਨਾ ਭੋਗ ਕਿਵੇਂ ਪ੍ਰਾਪਤ ਹੋ ਸਕਦੇ ਹਨ।

(੨) ਮਰਣ ਤੋਂ ਬਾਦ ਆਤਮਾ ਜੇਕਰ ਨਹੀਂ ਹੋਵੇਗੀ ਤਾਂ ਇਸ ਜਨਮ ਵਿੱਚ ਕੀਤੇ ਕਰਮਾਂ ਦਾ ਭੋਗ ਤੋਂ ਬਿਨਾ ਹੀ ਨਾਸ਼ ਹੋਵੇਗਾ।

ਇਸ ਤਰ੍ਹਾਂ ਵੇਦਾਂ ਵਿੱਚ ਕਥਨ ਕੀਤੇ ਕਰਮਾਂ ਦੀ ਵਿਅਰਥਤਾ(੪੨) ਹੋਵੇਗੀ। ਇਸ ਲਈ ਆਤਮਾ ਦਾ ਧਰਮ ਜਨਮ ਨਹੀਂ। ਆਤਮਾ ਅਜਨਮ ਹੈ ਅਤੇ ਅਜਨਮ ਕਹਿਣ ਨਾਲ ਅਜਰ(੪੩), ਅਮਰ(੪੪) ਅਰਥ ਵੀ ਸਿੱਧ ਹੁੰਦੇ ਹਨ।

(੩੯) ਜੋ ਸਦਾ ਨਾ ਰਹੇ

(੪੦) ਮਾਤ ਲੋਕ ਤੋਂ ਇਲਾਵਾ ਸ੍ਵਰਗ,ਬੈਕੁੰਠ, ਉਪਾਸਯ (ਜਿਸ ਇਸ਼ਟ ਦੀ ਉਪਾਸ਼ਨਾ ਕੀਤੇ ਜਾਵੇ) ਦੇ ਲੋਕ ਬ੍ਰਹਮ ਪੁਰੀ, ਸ਼ਿਵ ਪੁਰੀ ਆਦਿ ਲੋਕਾਂ ਵਿੱਚ ਮਰਣ ਤੋਂ ਬਾਅਦ ਗਮਨ ਕਰਨ ਵਿੱਚ ਜਿੰਨਾ ਦਾ ਵਿਸ਼ਵਾਸ ਸੋ ਕਹੀਏ ਪਰਲੋਕਵਾਦੀ।

(੪੧) ਜਿਸਦੀ ਵਾਂਛਨਾ=ਇੱਛਾ ਨਾ ਹੋਵੇ ਸੋ ਕਹੀਏ ਅਵਾਂਛਿਤ। ਅਨਿਸ਼ਟ=ਮਾੜਾ

(੪੨) ਨਿਸਫਲਤਾ

(੪੩) ਜਰ=ਬੁਢੇਪੇ ਤੋਂ ਅ=ਰਹਿਤ।

(੪੪) ਮਰ=ਮਰਣ ਤੋਂ ਅ=ਰਹਿਤ।

ਪ੍ਰਸ਼ਨ ੧੫੯. ਨਿਰਵਿਕਾਰ ਆਤਮਾ ਕਿਵੇਂ ਹੈ?

ਉੱਤਰ : (੬) ਜਿਵੇਂ :-

(੧) ਘੜੇ ਦਾ ਜਨਮ (੨) ਅਸਤੀਪਨਾ ਕਹੀਏ ਪ੍ਰਗਟਤਾ (੩) ਵ੍ਰਿਧੀ (੪) ਵਿਪਰਿਣਾਮ (੫) ਅਪਕਸ਼ਯ (੬) ਵਿਨਾਸ਼। ਇਹ ਛੇ ਧਰਮ ਹਨ। ਪਰੰਤੂ ਘੜੇ ਵਿੱਚ ਸਥਿਤ ਅਤੇ ਘੜੇ ਤੋਂ ਭਿੰਨ ਜੋ ਅਕਾਸ਼ ਤਿਸਦੇ ਧਰਮ ਨਹੀਂ। ਤਿਵੇਂ :-

(੧) ''ਦੇਹ ਜੰਮਦੀ ਹੈ'' ਇਹ ਜਨਮ॥

(੨) ''ਦੇਹ ਜੰਮੀ ਹੈ'' ਇਹ ਅਸਤੀਪਨਾ॥ (ਪਹਿਲਾ ਨਹੀਂ ਸੀ, ਹੁਣ ਹੈ)

(੩) ''ਦੇਹ ਬਾਲਕ ਰੂਪ ਹੋਈ'' ਇਹ ਵ੍ਰਿਧੀ ਕਹੀਏ ਵਧਣ ਦੀ ਕਿਰਿਆ॥

(੪) ''ਦੇਹ ਜਵਾਨ ਹੋਈ'' ਇਹ ਵਿਪਰਿਣਾਮ(੪੫)॥

(੫) ''ਦੇਹ ਬਿਰਧ ਹੋਈ'' ਇਏ ਅਪਕਸ਼ਯ(੪੬)॥

(੬) ''ਦੇਹ ਮਰਣ ਨੂੰ ਪ੍ਰਾਪਤ ਹੋਈ'' ਇਹ ਵਿਨਾਸ਼॥

ਇਹ ਛੇ ਵਿਕਾਰ ਦੇਹ ਦੇ ਧਰਮ ਹਨ। ਦੇਹ ਨੂੰ ਜਾਨਣਵਾਲੀ ਅਤੇ ਦੇਹ ਤੋਂ ਨਿਆਰੀ ਜੋ ਆਤਮਾ ਤਿਸਦੇ ਧਰਮ ਨਹੀਂ। ਇਸ ਰੀਤ ਨਾਲ ਛੇ ਵਿਕਾਰਾਂ ਤੋਂ ਰਹਿਤ ਆਤਮਾ ਨਿਰਵਿਕਾਰ ਹੈ॥

(੪੫) ਵਿ=ਵਿਸ਼ੇਸ਼ ਕਰਕੇ ਪਰਿਣਾਮ ਕਹੀਏ ਵਿਕਾਰ ਭਾਵ ਬਦਲ ਜਾਣਾ।

(੪੬) ਕਮਜ਼ੋਰੀ ਨਾਲ ਘਟਣਾ ਵਾ ਨਸ਼ਟ ਹੋਣਾ।

ਪ੍ਰਸ਼ਨ ੧੬੦. ਨਿਰਾਕਾਰ ਆਤਮਾ ਕਿਵੇਂ ਹੈ?

ਉੱਤਰ : **(੭)** (੧) ਸਥੂਲ (੨) ਸੂਕਸ਼ਮ (੩) ਲੰਬਾ (੪) ਟੁੰਕਾ ਕਹੀਏ ਛੋਟਾ ਇਹ ਚਾਰ ਪ੍ਰਕਾਰ ਦੇ ਸੰਸਾਰ ਵਿੱਚ ਅਕਾਰ ਹਨ॥

(੧) ਆਤਮਾ ਇੰਦ੍ਰਿਯੇ ਅਤੇ ਮਨ ਦਾ ਅਵਿਸ਼ਯ ਹੋਣ ਕਰਕੇ ਸੂਕਸ਼ਮ ਹੈ, ਇਸ ਲਈ ਸਥੂਲ ਨਹੀਂ॥

(੨) ਆਤਮਾ ਵਿਆਪਕ ਹੈ। ਇਸ ਲਈ ਸੂਕਸ਼ਮ ਨਹੀਂ ਕਹੀਏ ਅਣੂ ਨਹੀਂ॥

(੩-੪) ਆਤਮਾ ਸਾਰੀ ਜਗ੍ਹਾ ਓਤ-ਪ੍ਰੋਤ ਹੈ॥

ਇਸ ਲਈ ਲੰਬਾ ਅਤੇ ਟੁੰਕਾ (ਛੋਟਾ) ਨਹੀਂ॥

ਇਸ ਲਈ ਆਤਮਾ ਨਿਰਾਕਾਰ ਹੈ॥

ਪ੍ਰਸ਼ਨ ੧੬੧. ਅਵਯਕਤ ਆਤਮਾ ਕਿਵੇਂ ਹੈ?

ਉੱਤਰ : **(੮)** ਆਤਮਾ ਕਿਉਂਕਿ ਮਨ ਇੰਦ੍ਰਿਯਾ ਆਦਿ ਤੋਂ ਅਗੋਚਰ (ਪਕੜ ਤੋਂ ਰਹਿਤ) ਹੋਣ ਕਰਕੇ ਅਸਪਸ਼ਟ ਹੈ। ਇਸ ਲਈ ਆਤਮਾ ਅਵਯਕਤ[੪੭] ਹੈ।

(੪੭) ਅਦ੍ਰਿਸ਼ ਵਾ ਅਪ੍ਰਗਟ

ਪ੍ਰਸ਼ਨ ੧੬੨. ਅਵਯਯ ਆਤਮਾ ਕਿਵੇਂ ਹੈ?

ਉੱਤਰ : **(੯)** ਜਿਸ ਤਰ੍ਹਾਂ ਚੌਲਾਂ ਦੇ ਕੋਠੇ ਵਿਚੋਂ ਚੌਲ ਕੱਢਣ ਨਾਲ ਚੌਲਾਂ ਦਾ ਵਯਯ ਕਹੀਏ ਘਟਣਾ ਹੁੰਦਾ ਹੈ। ਤਿਵੇਂ ਆਤਮਾ ਵਿੱਚ ਵਯਯ (ਘਾਟਾ) ਨਹੀਂ ਹੁੰਦਾ। ਇਸ ਲਈ ਆਤਮਾ ਅਵਯਯਹੈ।

ਜਿਮੀ ਜਮਾਨ ਕੇ ਬਿਖੈ ਸਮਸਤ ਏਕ ਜੋਤਿ ਹੈ॥
ਨ ਘਾਟ ਹੈ ਨ ਬਾਢ ਹੈ ਨ ਘਾਟ ਬਾਢ ਹੋਤ ਹੈ॥

(ਸ੍ਰੀ ਦਸਮ ਗ੍ਰੰਥ)

ਪ੍ਰਸ਼ਨ ੧੬੩. ਅਕਛਰ ਆਤਮਾ ਕਿਵੇਂ ਹੈ?

ਉੱਤਰ : **(੧੦)** ਆਤਮਾ ਕਿਉਂਕਿ ਛਰ ਕਹੀਏ ਨਾਸ਼ ਤੋਂ ਰਹਿਤ ਹੈ ਇਸ ਲਈ ਆਤਮਾ ਅਕਛਰ ਹੈ। ਇਸੇ ਨੂੰ ਅਕਛਯ, ਅੰਮ੍ਰਿਤ ਅਤੇ ਅਵਿਨਾਸ਼ੀ ਵੀ ਆਖਦੇ ਹਨ।

(੧-੧੦) ਇਤਿਆਦਿਕ ਆਤਮਾ ਦੇ ਨਿਸ਼ੇਧ੍ਯ ਵਿਸ਼ੇਸ਼ਣ ਹਨ।

ਪ੍ਰਸ਼ਨ ੧੬੪. ਇਹ ਜੋ ਕਹੇ ਆਤਮਾ ਦੇ ਵਿਸ਼ੇਸ਼ਣ ਸੋ ਪਰਸਪਰ ਅਭਿੰਨ ਕਿਸ ਰੀਤ ਨਾਲ ਹਨ?

ਉੱਤਰ : ਸਚਿਦਾਨੰਦ ਆਦਿਕ ਜੇਕਰ ਆਤਮਾ ਦੇ ਗੁਣ ਹੋਣ ਤਾ ਪਰਸਪਰ[੪੮] ਭਿੰਨ ਹੋਣ। ਇਹ ਆਤਮਾ ਦੇ ਗੁਣ[੪੯] ਨਹੀਂ ਕਿੰਤੂ ਸ੍ਵਰੂਪ[੫੦] ਹੈ। ਇਸ ਲਈ ਪਰਸਪਰ ਭਿੰਨ ਨਹੀਂ ਕਿੰਤੂ ਅਭਿੰਨ ਹਨ। ਅਤੇ

(੧) ਇੱਕ ਹੀ ਆਤਮਾ ਨਾਸ਼ ਰਹਿਤ ਹੈ। ਇਸ ਲਈ ਸੱਤ ਕਹੀਏ ਹੈ। ਅਤੇ

(੨) ਜੜ ਤੋਂ ਵਿਲਕਛਣ (ਵੱਖਰਾ) ਪ੍ਰਕਾਸ਼ ਰੂਪ ਹੈ। ਇਸ ਲਈ ਚਿਤ ਕਹੀਏ ਹੈ।

(੩) ਦੁੱਖ ਤੋਂ ਵਿਲਕਛਣ ਮੁੱਖ ਪ੍ਰੀਤੀ ਦਾ ਵਿਸ਼ਯ ਹੈ। ਇਸ ਲਈ ਅਨੰਦ ਕਹੀਏ ਹੈ।

ਇਸ ਤਰ੍ਹਾਂ ਸਾਰੇ ਵਿਸ਼ੇਸ਼ਣਾ ਵਿੱਚ ਸਮਝਣਾ।

ਦ੍ਰਿਸ਼ਟਾਂਤ :- ਜਿਵੇਂ ਇੱਕ ਹੀ ਪੁਰਸ਼ :-

(੧) ਪਿਤਾ ਦੀ ਦ੍ਰਿਸ਼ਟੀ ਨਾਲ ਪੁੱਤ੍ਰ ਕਹੀਏ ਹੈ ਅਤੇ

(੨) ਪਿਤਾਮਹ[੫੧] ਦੀ ਦ੍ਰਿਸ਼ਟੀ ਨਾਲ ਪੌਤ੍ਰ[੫੨] ਕਹੀਏ ਹੈ ਅਤੇ

(੩) ਪਿਤ੍ਰਭ੍ਰਾਤਾ[੫੩] ਦੀ ਦ੍ਰਿਸ਼ਟੀ ਨਾਲ ਭ੍ਰਾਤ੍ਰਿਜ[੫੪] ਕਹੀਏ ਹੈ। ਅਤੇ

(੪) ਮਾਤੁਲ[੫੫] ਦੀ ਦ੍ਰਿਸ਼ਟੀ ਨਾਲ ਭੇਣੀਜ[੫੬] ਕਹੀਏ ਹੈ।

ਅਥਵਾ ਜਿਵੇਂ ਇੱਕ ਹੀ ਸੰਨਿਆਸੀ :-

(੧) ਪਸ਼ੂ, ਇਸਤਰੀ, ਗ੍ਰਿਹਸਥ, ਅਦੰਡੀ[੫੭] ਆਦਿਕ ਦੀ ਦ੍ਰਿਸ਼ਟੀ ਨਾਲ ਮਨੁਸ਼, ਪੁਰਸ਼, ਤਿਆਗੀ, ਦੰਡੀ ਆਦਿ ਵਿਧੇਯ[੫੮] ਵਿਸ਼ੇਸ਼ਣਾਂ ਦੁਆਰਾ ਸੰਬੋਧਤਿ ਕੀਤਾ ਜਾਂਦਾ ਹੈ।

ਤਿਵੇਂ ਹੀ ਇੱਕ ਹੀ ਆਤਮਾ ਪ੍ਰਪੰਚ ਦੇ ਵਿਸ਼ੇਸ਼ਣ ਅਸਤ, ਜੜ, ਦੁਖ ਅਤੇ ਅੰਤ, ਖੰਡ, ਸੰਗ ਆਦਿਕ ਦੀ ਦ੍ਰਿਸ਼ਟੀ ਨਾਲ ਸਤ ਚਿਤ ਅਨੰਦ ਆਦਿ ਅਤੇ ਅਨੰਤ, ਅਖੰਡ, ਅਸੰਗ ਆਦਿ ਵਿਸ਼ੇਸ਼ਣਾ ਨਾਲ ਕਹੀ ਜਾਂਦੀ ਹੈ।

ਇਸ ਰੀਤ ਨਾਲ ਕਹੇ ਜੋ ਆਤਮਾ ਦੇ ਵਿਸ਼ੇਸ਼ਣ ਸੋ ਪਰਸਪਰ ਭਿੰਨ ਨਹੀਂ ਕਿੰਤੂ ਅਭਿੰਨ ਹਨ।

(੪੮) ਆਪਸ ਵਿੱਚ

(੪੯) ਗੁਣ ਕਹੀਏ ਖੂਬੀ। ਗੁਣ ਔਗੁਣਾ ਵਿੱਚ ਬਦਲਣ ਵਾਲੇ, ਘੱਟ-ਵੱਧ ਹੋਣ ਵਾਲੇ ਸੁਭਾਅ ਦੇ ਹੁੰਦੇ ਹਨ।

(੫੦) ਸ੍ਵਰੂਪ ਕਹੀਏ ਆਪਣਾ ਰੂਪ ਭਾਵ ਵਜੂਦ। ਸ੍ਵਰੂਪ ਵਿਕਾਰੀ ਨਹੀਂ ਹੁੰਦਾ ਅਤੇ ਸਦਾ ਇਕ-ਰਸ ਰਹਿੰਦਾ ਹੈ।

(੫੧) ਦਾਦਾ

(੫੨) ਪੋਤਰਾ

(੫੩) ਚਾਚਾ, ਤਾਇਆ

(੫੪) ਭਤੀਜਾ

(੫੫) ਮਾਮਾ

(੫੬) ਭਣੇਵਾ

(੫੭) ਸੰਨਿਆਸੀਆਂ ਦੀ ਇੱਕ ਕਿਸਮ।

(੫੮) ਜੋ ਵਿਸ਼ੇਸ਼ਣ ਆਪਣੇ ਮੂਲ ਸਰੂਪ ਤੋਂ ਭਿੰਨ ਵਸਤੂ ਦੇ ਵਿਸ਼ੇਸ਼ਣਾਂ ਦਾ ਖੰਡਣ ਕਰਕੇ ਸਾਕਸ਼ਾਤ (ਸਿੱਧਾ) ਆਪਣੇ ਸਰੂਪ ਦਾ ਬੋਧ ਕਰਵਾਉਣ ਸੋ ਕਹੀਏ ਵਿਧੇਯ ਵਿਸ਼ੇਸ਼ਣ। ਜਿਵੇਂ (ਸਤ' ਵਿਸ਼ੇਸ਼ਣ ਆਪਣੇ ਮੂਲ ਸਰੂਪ (ਬ੍ਰਹਮ) ਤੋਂ ਭਿੰਨ ਜੋ ਪ੍ਰਪੰਚ ਤਿਸ ਦਾ ਵਿਸ਼ੇਸ਼ਣ 'ਅਸੱਤ' ਦਾ ਖੰਡਨ ਕਰਕੇ ਸਿੱਧਾ ਮੂਲ ਸਰੂਪ ਬ੍ਰਹਮ ਦਾ ਬੋਧਕ ਹੈ।

(੫੯) ਘੜਾ

(੬੦) ਪੱਥਰ

(੬੧) ਜੋ ਵਿਸ਼ੇਸ਼ਣ ਆਪਣੇ ਮੂਲ ਸਰੂਪ ਤੋਂ ਭਿੰਨ ਵਸਤੂ ਦੇ ਧਰਮਾਂ ਵਾ ਵਿਸ਼ੇਸ਼ਣਾ ਦਾ ਨਿਸ਼ੇਧ (ਖੰਡਨ ਕਰਕੇ), ਖੰਡਨ ਕੀਤੀ ਵਸਤੂ ਤੋਂ ਭਿੰਨ ਜੋ ਆਪਣਾ ਮੂਲ ਸਰੂਪ ਤਿਸ ਦੇ ਬੋਧਕ ਹੋਣ। ਸੋ ਕਹੀਏ ਨਿਸ਼ੇਧਯ ਵਿਸ਼ੇਸ਼ਣ। ਜਿਵੇਂ 'ਅਨੰਤ' ਵਿਸ਼ੇਸ਼ਣ ਆਪਣੇ ਮੂਲ ਸਰੂਪ (ਬ੍ਰਹਮ) ਤੋਂ ਭਿੰਨ ਜੋ ਪ੍ਰਪੰਚ ਤਿਸ ਦੇ ਵਿਸ਼ੇਸ਼ਣ 'ਅੰਤ' ਦਾ ਖੰਡਨ ਕਰਕੇ, ਤਿਸ ਪ੍ਰਪੰਚ ਤੋਂ ਵਿਲਕਛਣ ਜੋ (ਬ੍ਰਹਮ) ਮੂਲ ਸਰੂਪ ਦਾ ਬੋਧਕ ਹੈ।

इति श्री विचारचंद्रोदय आत्म विशेषण वर्णन नामिका सप्तम कला समाप्ता॥ ७॥

ਇਤਿ ਸ਼੍ਰੀ ਵਿਚਾਰਚੰਦ੍ਰੋਦਯ ਆਤਮ ਵਿਸ਼ੇਸ਼ਣ ਵਰਣਨ ਨਾਮਿਕਾ ਸਪਤਮ ਕਲਾ ਸਮਾਪਤਾ॥ ੭॥

ਸ਼੍ਰੀ=ਸੁਭਾਇਮਾਨ ਵਿਚਾਰਚੰਦ੍ਰੋਦਯ ਗ੍ਰੰਥ ਦਾ ਸਪਤਮ=ਸੱਤਵਾਂ ਕਲਾ=ਭਾਗ ਇਥੇ ਇਤਿ=ਸਮਾਪਤ ਹੁੰਦਾ ਹੈ। ਜਿਸ ਨੂੰ ਆਤਮ=ਆਤਮਾ ਦੇ ਵਿਸ਼ੇਸ਼ਣ ਨਾਮਿਕਾ =ਨਾਮ ਦੀ ਪ੍ਰਕਿਰਿਆ ਦਾ ਵਿਸਤਾਰ ਨਾਲ ਵਰਣਨ=ਕਥਨ ਕਰਕੇ ਸਮਾਪਤਾ=ਸੰਪੂਰਨ ਕੀਤਾ ਗਿਆ ਹੈ।

☆☆☆

(ਅਸ਼ਟਮ ਕਲਾ)

॥ अथ अष्टमकलाप्रारंभ ८॥

॥ਅਥ ਅਸ਼ਟਮ ਕਲਾ ਪ੍ਰਾਰੰਭ॥ ੮ ॥

ਅਥ= ਹੁਣ ਇਸ ਗ੍ਰੰਥ ਦੇ ਅਸ਼ਟਮ=ਅਠਵੇਂ ਕਲਾ=ਭਾਗ ਨੂੰ ਪ੍ਰਾਰੰਭਃ= ਸ਼ੁਰੂ ਕਰਦੇ ਹਨ।

॥ सत्‌चित्‌ आनंद का विशेष वर्णन॥

॥ ਸਤ ਚਿਤ ਅਨੰਦ ਕਾ ਵਿਸ਼ੇਸ਼ ਵਰਣਨ॥

ਸਤ=ਨਾਸ਼ ਤੋਂ ਰਹਿਤ, ਤ੍ਰੈ ਕਾਲ ਅਬਾਧ, ਚਿਤ=ਚੇਤਨ ਕਹੀਏ ਗਿਆਨ ਸਰੂਪ ਅਤੇ ਅਨੰਦ=ਅਬਿਨਾਸੀ ਸੁਖ ਵਾ ਦ=ਦ੍ਵੈਤ ਤੋਂ ਜੋ ਅਨ=ਰਹਿਤ ਬ੍ਰਹਮ ਦਾ=ਦਾ ਵਿਸ਼ੇਸ਼=ਖ਼ਾਸ ਵਰਣਨ=ਕਥਨ ਕਰਦੇ ਹਨ।

॥ इंद्रविजय छंद॥

॥ ਇੰਦ੍ਰਵਿਜਯ ਛੰਦ॥

ਛੰਦਾਬੰਦੀ ਦੀਆਂ ਅਨੇਕਾਂ ਕਿਸਮਾਂ ਵਿਚੋਂ ਇੰਦ੍ਰਵਿਜਯ ਨਾਮਕ ਛੰਦ ਦੇ ਅੰਦਰ ਪੀਤਾਂਬਰ ਜੀ ਸੁੰਦਰ ਕਾਵ ਰਚਨਾ ਦੁਆਰਾ ਮੂਲ ਪਾਠ ਦੀ ਰਚਨਾ ਕਰਦੇ ਹਨ। ਜੋ ਛੰਦ ਠੁਮਰੀ ਅਤੇ ਲਾਵਨੀ ਵਿੱਚ ਗਾਇਆ ਜਾਵੇ ਸੋ ਕਹੀਏ ਇੰਦ੍ਰਵਿਜਯ ਛੰਦ॥

सच्चिदानंद सरूपहि मैं यह।

ਸਚਿਦਾਨੰਦ ਸਰੂਪ ਹੀ ਮੈਂ ਯਹ।

ਯਹ=ਇਹ ਸਚਿਦਾਨੰਦ (ਸਤਿ+ਚਿਤ+ਅਨੰਦ) ਸਤ=ਨਾਸ਼ ਤੋਂ ਰਹਿਤ, ਤ੍ਰੈ ਕਾਲ ਅਬਾਧ ਚਿਤ=ਚੇਤਨ ਕਹੀਏ ਗਿਆਨ ਸਰੂਪ ਅਨੰਦ=ਅਬਿਨਾਸੀ ਸੁੱਖ ਦਾ ਵਿਸ਼ਾ ਵਾ ਦ=ਦ੍ਵੈਤ ਤੋਂ ਅਨ=ਰਹਿਤ ਬ੍ਰਹਮ ਤੋਂ ਅਭਿੰਨ ਹੀ=ਨਿਸ਼ਚੇ ਕਰਕੇ ਮੈਂ=ਮੇਰਾ ਪ੍ਰਤਯਕ (ਅੰਤਰ) ਆਤਮਾ ਦਾ ਨਿਜ ਸਰੂਪ=ਵਜ਼ੂਦ ਵਾ ਅਸਲੀ ਆਪਾ ਹੈ।

सद्‌गुरुके मुखसैं पहिचान्यो॥

ਸਦਗੁਰੂ ਕੇ ਮੁਖ ਸੈਂ ਪਹਿਚਾਨਯੋ॥

ਬ੍ਰਹਮ ਨੇਸ਼ਟੀ ਬ੍ਰਹਮ ਸ਼੍ਰੋਤ੍ਰੀ (ਪੰਨਾ ੪੩ ਤੇ ਪੜ੍ਹੋ) ਸਦਗੁਰੂ =ਸਤਗੁਰੂ ਕਹੀਏ ਸਚੇ ਗੁਰੂ ਕੇ=ਦੇ ਮੁਖ=ਮੂੰਹ ਭਾਵ ਰਚਨਾ ਸੈਂ=ਤੋਂ ਮਹਾਵਾਕਯ (ਪੰਨਾ ੨੮ ਤੇ ਟੂਕ (੨੪) ਪੜ੍ਹੋ) ਸ੍ਰਵਣ (ਪੰਨਾ ੨੯ ਤੇ

ਟੂਕ (੨੬) ਪੜ੍ਹੋ) ਕਰਕੇ ਦ੍ਰਿੜ ਅਪਰੋਕਸ਼ ਬ੍ਰਹਮ ਗਿਆਨ ਦੁਆਰਾ ਆਪਣੇ ਸਰੂਪ ਨੂੰ ਪ੍ਰਤੱਖ ਪਹਿਚਾਨਯੋ=ਜਾਣਿਆ ਜਾਂਦਾ ਹੈ।

ਸਤਿਗੁਰਿ ਸੰਗਿ ਦਿਖਾਇਆ ਜਾਹਰਿ॥ ਜਨ ਨਾਨਕ ਸਚੇ ਸਚਿ ਸਮਾਹਰਿ॥ ੧॥

(ਰਾਮਕਲੀ ਵਾਰ ਮ:੫, ਅੰਗ ੯੬੫)

जागृत स्वप्न सुषुप्ति जु आदिक।

जागि्रत स्वपन सुशुपती जु आदिक।

ਜੁ=ਜਿਹੜੀਆਂ ਤਿੰਨ ਅਵਸਥਾ ਜਾਗ੍ਰਿਤ=ਜਾਗਰਤ ਅਵਸਥਾ ਕਹੀਏ ਇੰਦ੍ਰਯ ਜਨਯ (ਪੈਦਾ ਹੋਇਆ) ਗਿਆਨ ਦਾ ਅਤੇ ਇੰਦ੍ਰਿਯ ਜਨਯ ਗਿਆਨ ਦੇ ਸੰਸਕਾਰਾਂ ਦਾ ਅਧਾਰ ਕਾਲ ਸ੍ਵਪਨ = ਸੁਪਨ ਅਵਸਥਾ ਭਾਵ ਇੰਦ੍ਰੀ ਅਜਨਯ (ਨਾ ਪੈਦਾ ਹੋਣ ਵਾਲਾ) ਤੇ ਵਿਸ਼ੇਗੋਚਰ (ਸ਼ਬਦ, ਸਪਰਸ਼ ਆਦਿ ਵਿਸ਼ਿਆ ਦੇ ਵਿੱਚ ਗੋਚਰ=ਗਮਨ ਕਰਨ ਵਾਲੀ) ਅੰਤਹਕਰਣ ਦੀ ਅਪਰੋਕਸ਼ (ਪ੍ਰਤੱਖ) ਬਿਰਤੀ ਦਾ ਕਾਲ ਅਤੇ ਸੁਸ਼ੁਪਤੀ=ਸੁਖੋਪਤਿ ਅਵਸਥਾ ਕਹੀਏ ਸੁਖਗੋਚਰ (ਸੁਖ ਵਿੱਚ ਗਮਨ) ਅਤੇ ਅਵਿਦਿਆ ਗੋਚਰ (ਅਵਿਦਿਆ ਵਿੱਚ ਗਮਨ ਕਰਨ ਵਾਲੀ) ਬਿਰਤੀ ਦਾ ਕਾਲ ਆਦਿਕ=ਸਮਸਟੀ ਵਿਅਸਟੀ (ਸਮੂਹ ਰੂਪ ਵਿੱਚ ਈਸ਼ ਤੇ ਵਿਸ਼ੇਸ਼ ਰੂਪ ਵਿੱਚ ਜੀਵ ਦਾ ਸਥੂਲ,ਸੂਕਸ਼ਮ ਅਤੇ ਕਾਰਣ ਦੇਹ ਰੂਪ ਪ੍ਰਪੰਚ ਹੈ।

तीनहुँ कालहिमै परमान्यो॥

तीनहुँ काल ही मैं प्रमानयो॥

ਤੀਨਹੁੰ=ਤਿੰਨਾ ਅਵਸਥਾ ਦੇ ਕਾਲ=ਸਮੇਂ ਵਿੱਚ ਹੀ=ਨਿਸ਼ਚੇ ਕਰਕੇ ਮੈਂ=ਪ੍ਰਤਯਕ (ਅੰਤਰ) ਆਤਮਾ ਨੂੰ ਦ੍ਰਸ਼ਟਾ (ਪ੍ਰਪੰਚ ਰੂਪ ਦ੍ਰਿਸ਼ ਨੂੰ ਵੇਖਣ ਵਾਲਾ) ਪ੍ਰਮਾਨਯੋ=ਵਿਸ਼ੇਸ਼ ਕਰਕੇ ਮੰਨਣਾ ਕਰੋ। ਭਾਵ ਕਿ ਜਾਗ੍ਰਤ, ਸੁਪਨ ਤੇ ਸੁਖੋਪਤਿ ਵਿੱਚ ਮੈਂ ਦ੍ਰਸ਼ਟਾ ਰੂਪ ਕਰਕੇ ਸਦਾ ਵਿਦਿਆਮਾਨ (ਮੌਜੂਦ) ਹਾਂ॥

जागृत आदि लयाविध तीनहूं।

जागि्रत आदी लया विध तीनहुँ।

ਜਾਗ੍ਰਿਤ=ਜਾਗ੍ਰਤ ਅਵਸਥਾ ਆਦੀ=ਸੁਪਨ ਅਵਸਥਾ ਅਤੇ ਸੁਖੋਪਤਿ ਅਵਸਥਾ ਤੀਨਹੁੰ=ਤਿੰਨੇ ਅਵਸਥਾ ਲਯਾ=ਵਿਲਯ ਸੁਭਾਅ ਵਾਲੀਆ ਭਾਵ ਅਗਿਆਨ ਵਿੱਚ ਵਿ=ਵਿਸ਼ੇਸ਼ ਕਰਕੇ ਲਯ=ਸਮਾ ਜਾਣਾ ਵਾ ਲੀਨ ਹੋਣ ਕਰਕੇ ਅਨਿੱਤ ਅਤੇ ਅਸੱਤ ਹਨ ਐਸਾ ਵਿਧ=ਵਿਧੀ ਵਾ ਜੁਗਤੀ ਦੁਆਰਾ ਜਾਣਕੇ।

कालहि हों इसतैं सत मान्यो॥

कालही हौं इसतैं सत मानयो॥

ਤਿੰਨ ਕਾਲਹੀ=ਸਮੇਂ ਭੂਤ, ਭਵਿੱਖ ਵਰਤਮਾਨ ਵਿੱਚ ਹੌਂ=ਮੈਂ ਪ੍ਰਤਯਕ (ਅੰਤਰ) ਆਤਮਾ ਦ੍ਰਸ਼ਟਾ ਰੂਪ ਹਾਂ ਇਸਤੈਂ=ਇਸ ਕਰਕੇ ਸ੍ਵੈ-ਸਰੂਪ ਆਤਮਾ ਨੂੰ ਸਤ=ਤ੍ਰੈ ਕਾਲ ਅਬਾਧ (ਨਾਸ਼ ਤੋਂ ਰਹਿਤ) ਅਬਿਨਾਸੀ ਮਾਨਯੋ=ਮੰਨਣਾ ਕਰੋ।

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥ (ਜਪੁ ਜੀ ਸਾਹਿਬ)

तीनहुँ कालविषै सब जानहुं।

तीनहुँ काल विशै सब जानहुँ।

ਤੀਨਹੂੰ=ਭੂਤ, ਭਵਿਖ, ਵਰਤਵਾਨ ਤਿੰਨ ਕਾਲ=ਸਮਿਆਂ ਵਿਸ਼ੈ=ਵਿੱਚ ਮੈਂ (ਆਤਮਾ) ਸਬ=ਸਾਰੇ ਪ੍ਰਪੰਚ ਦਾ ਦ੍ਰਸ਼ਟਾ ਹੋਣ ਕਰਕੇ ਇਸ ਦੇ ਵਿਵਹਾਰ ਨੂੰ ਜਾਨਹੂੰ=ਜਾਣਦਾ ਹਾਂ।

या हित मैं चिदरूपहि जान्यो॥ १६॥

ਯਾ ਹਿਤ ਮੈਂ ਚਿਦ ਰੂਪ ਹੀ ਜਾਨਯੋ॥ ੧੬॥

ਯਾ =ਇਸ ਹਿਤ=ਕਾਰਣ ਕਰਕੇ ਮੈਂ=ਪ੍ਰਤਯਕ (ਅੰਤਰ) ਆਤਮਾ ਨੂੰ ਬ੍ਰਹਮ ਤੋਂ ਅਭਿੰਨ ਹੀ=ਨਿਸ਼ਚੇ ਕਰਕੇ ਚਿਦ=ਚੇਤਨ ਭਾਵ ਗਿਆਨ ਰੂਪ=ਸਰੂਪ ਜਾਨਯੋ=ਜਾਨਣਾ ਕਰੋ।

मैं प्रिय हुं धन पुत्र रु पुदगल।

ਮੈਂ ਪ੍ਰਿਯ ਹੂੰ ਧਨ ਪੁਤ੍ਰ ਰੁ ਪੁਦਗਲ।

ਧਨ=ਮਾਇਆ,ਪੁਤ੍ਰ=ਸੁਤ ਰੁ (ਅਰੁ)=ਔਰ ਪੁਦਗਲ=ਸਥੂਲ ਸਰੀਰ ਤੋਂ ਮੈਂ=ਆਤਮਾ ਪ੍ਰਿਯ=ਪਿਆਰਾ ਹੂੰ=ਹਾਂ।

आदिक तैं त्रयकाल अगान्यो॥

ਆਦਿਕ ਤੈਂ ਤ੍ਰੈਕਾਲ ਅਘਾਨਯੋ॥

ਆਦਿਕ= ਸੂਕਸ਼ਮ ਸਰੀਰ, ਕਾਰਣ ਸਰੀਰ ਤੈਂ=ਤੋਂ ਰਹਿਤ ਸੈ-ਸਰੂਪ ਬ੍ਰਹਮਆਤਮਾ ਤ੍ਰੈਕਾਲ= ਤਿੰਨਾ ਕਾਲਾ ਵਿੱਚ ਅਗਾਨਯੋ=ਤ੍ਰਿਪਤ ਭਾਵ ਅਕਾਂਕਸ਼ਾ ਰਹਿਤ ਪਰੀਪੂਰਣ ਹੈ।

आतम अर्थ सबे प्रिय आतम।

ਆਤਮ ਅਰਥ ਸਬੇ ਪ੍ਰਿਯ ਆਤਮ।

ਆਤਮ = ਅੰਤਹਕਰਣ ਦੀ ਚੇਸ਼ਟਾ ਦੇ ਸਬੇ = ਸਾਰੇ ਅਰਥ = ਪ੍ਰਯੋਜਨ ਵਾ ਹੇਤੂ
ਪ੍ਰਿਯ = ਅਨੰਦ ਸਰੂਪ ਆਤਮ = ਬ੍ਰਹਮਆਤਮਾ (ਸੈ-ਸਰੂਪ) ਕਰਕੇ ਹੀ ਹਨ।

आपहित है प्रिय दुःख नसान्यो॥

ਆਪ ਹਿਤ ਹੈ ਪ੍ਰਿਯ ਦੁਖ ਨਸਾਨਯੋ॥

ਇਸ ਲਈ ਸਭ ਤੋਂ ਪ੍ਰਿਯ=ਪਿਆਰੀ ਆਤਮਾ ਆਪ=ਖ਼ੁਦ ਹੀ ਹਿਤ=ਮੋਹ ਆਦਿ ਵਿਕਾਰ ਅਤੇ ਅਗਿਆਨ ਸਹਿਤ ਜਨਮ ਮਰਣ ਰੂਪ ਦੁਖ=ਤਕਲੀਫਾਂ ਨੂੰ ਨਸਾਨਯੋ=ਨਸ਼ਟ ਕਰਕੇ ਅਬਿਨਾਸੀ ਸੁਖ ਦਾ ਹੇਤ (ਕਾਰਣ) ਹੈ।

या हित मैं सबतैं प्रियतम्म रु।

ਯਾ ਹਿਤ ਮੈਂ ਸਬ ਤੈਂ ਪ੍ਰਿਯ ਤਮ ਰੁ।

ਯਾ=ਇਸ ਕਰਕੇ ਹਿਤ=ਪ੍ਰੇਮ ਸਰੂਪ ਮੈਂ=ਪ੍ਰਤਯਕ (ਅੰਤਰ) ਆਤਮਾ ਸਬ=ਸਾਰਿਆਂ ਤੈਂ=ਤੋਂ ਤਮ=ਅਤਿਅੰਤ ਹੀ ਪ੍ਰਿਯ=ਪਿਆਰੀ ਹੈ। ਰੁ (ਅਰੁ)=ਔਰ :-

हो परमानंद दुःखहि भान्यो॥

ਹੋ ਪਰਮਾਨੰਦ ਦੁਖ ਹੀ ਭਾਨਯੋ॥

ਜਦੋਂ ਪਰਮਾਨੰਦ (ਪਰਮ+ਅਨੰਦ) ਪਰਮ=ਸ੍ਰੇਸ਼ਟ ਅਨੰਦ=ਅਬਿਨਾਸੀ ਸੁਖ ਵਾ ਪ੍ਰਸੰਨਤਾ ਦਾ ਦ੍ਰਿੜ ਅਪਰੋਕਸ਼ ਬ੍ਰਹਮ ਗਿਆਨ ਦੁਆਰਾ ਸਾਕਸ਼ਾਤਕਾਰ ਹੋ=ਹੁੰਦਾ ਹੈ ਤਾਂ ਹੀ=ਨਿਸ਼ਚੇ ਕਰਕੇ ਅਗਿਆਨ ਸਹਿਤ ਜਨਮ ਮਰਣ ਆਦਿ ਦੁੱਖ=ਖੇਦ ਭਾਨਯੋ=ਨਸ਼ਟ ਹੋ ਜਾਂਦੇ ਹਨ ਵਾ ਅਤਿਅੰਤਕ ਨਿਵਿਰਤੀ ਹੁੰਦੀ ਹੈ। (ਅਤਿਅੰਤਕ ਨਿਵਿਰਤੀ ਪੰਨਾ ੧੯ ਤੇ ਟੂਕ (੪) ਪੜ੍ਹੋ)

देह दशादि अतीत सु आतम।

देह दशादि अतीत सु आतम।

ਸਥੂਲ, ਸੁਖਮ ਤੇ ਕਾਰਣ ਤਿੰਨ ਦੇਹ=ਸਰੀਰ ਅਤੇ ਜਾਗ੍ਰਤ, ਸੁਪਨ ਸਖੋਪਤ ਦਸ਼ਾਦਿ=ਅਵਸਥਾ ਆਦਿ=ਪ੍ਰਪੰਚ ਤੋਂ ਸੁ=ਉਹ ਬ੍ਰਹਮ ਤੋਂ ਅਭਿੰਨ ਆਤਮ=ਆਤਮਾ ਅਤੀਤ=ਬਿਰੱਕਤ ਵਾ ਅਸੰਗ ਹੈ।

ਪੂਰਣਬ੍ਰਹ੍ਮ ਪੀਤਾਂਬਰ ਗਾਨ੍ਯੋ॥ ੧੭॥

ਪੂਰਨ ਬ੍ਰਹਮ ਪੀਤਾਂਬਰ ਗਾਨਯੋ॥ ੧੭॥

ਪੀਤਾਂਬਰ ਜੀ ਕਥਨ ਕਰਦੇ ਹਨ ਕਿ ਪ੍ਰਤਯਕ (ਅੰਤਰ) ਆਤਮਾ ਨੂੰ ਬ੍ਰਹਮ=ਵਿਆਪਕ ਚੇਤਨ ਤੋਂ ਅਭਿੰਨ ਅਤੇ ਪੂਰਨ=ਊਣਤਾਈ ਤੋਂ ਰਹਿਤ ਗਾਨਯੋ=ਗਿਨਣਾ ਕਰੋ ਵਾ ਸਮਝਣਾ ਕਰੋ।

ਤਾਹੂ ਸੰਗ ਤਾਹੂ ਨਿਰਲੇਪਾ॥ ਪੂਰਨ ਘਟ ਘਟ ਪੁਰਖ ਬਿਸੇਖਾ॥ (ਰਾਗ ਗਉੜੀ, ਅੰਗ ੨੫੯)

ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖ ਮਨ ਮਾਹੀ॥ ੨॥ (ਰਾਗ ਆਸਾ, ਅੰਗ ੪੯੯)

ਹੁਣ ਇਸ ਮੂਲ ਪਾਠ ਦੀ ਵਿਚਾਰ ਨੂੰ ਪ੍ਰਸ਼ਨ-ਉੱਤਰਾਂ ਦੇ ਰਾਹੀਂ ਵਿਸਥਾਰ ਨਾਲ ਸਮਝਾਉਂਦੇ ਹਨ :-

ਪ੍ਰਸ਼ਨ ੧੬੫. ਸੱਤ ਸੋ ਕੀ ਹੈ?

ਉੱਤਰ : (੧) ਤਿੰਨ ਕਾਲ (ਭੂਤ, ਭਵਿੱਖ, ਵਰਤਮਾਨ) ਵਿੱਚ ਜੋ ਅਬਾਧਿਤ[੧] ਹੋਵੇ ਸੋ ਸਤ ਹੈ।

ਤ੍ਰੈਈ ਕਾਲ ਅਬਾਯੱਤ੍ਵੰ ਸਤੱਤ੍ਵੰ (ਵੇਦ ਸ੍ਰੁਤੀ)

(੧) (ਅ+ਬਾਧਿਤ) ਬਾਧ ਕਹੀਏ ਨਾਸ਼ ਤੋਂ ਅ=ਰਹਿਤ ਭਾਵ ਅਬਿਨਾਸੀ।

ਪ੍ਰਸ਼ਨ ੧੬੭. ਚਿਤ ਸੋ ਕੀ ਹੈ?

ਉੱਤਰ : (੨) ਤਿੰਨ ਕਾਲਾਂ ਵਿੱਚ ਜੋ ਸਾਰਿਆਂ ਨੂੰ ਜਾਣੇ ਸੋ ਚਿਤ ਕਹੀਏ ਚੇਤਨ (ਗਿਆਨ ਸਰੂਪ) ਹੈ।

ਪ੍ਰਸ਼ਨ ੧੬੭. ਆਨੰਦ ਸੋ ਕੀ ਹੈ?

ਉੱਤਰ : (੩) ਤਿੰਨ ਕਾਲਾਂ ਵਿੱਚ ਜੋ ਪਰਮ ਪ੍ਰੇਮ ਦਾ ਵਿਸ਼ਾ ਹੋਵੇ ਸੋ ਅਨੰਦ ਹੈ।

ਅੰਦਰਹੁ ਜਿਨਾ ਕਾ ਮੋਹੁ ਤੁਟਾ ਤਿਨ ਕਾ ਸਬਦੁ ਸਚੈ ਸਵਾਰਿਆ॥

ਕਹੈ ਨਾਨਕੁ ਏਹੁ ਅਨੰਦੁ ਹੈ ਆਨੰਦੁ ਗੁਰ ਤੇ ਜਾਣਿਆ॥ ੭॥ (ਰਾਮਕਲੀ ਅਨੰਦ ਮ:੩, ਅੰਗ ੯੧੭)

ਪ੍ਰਸ਼ਨ ੧੬੮. ਮੈਂ ਸੱਤ ਹਾਂ। ਇਹ ਕਿਵੇਂ ਜਾਨਣਾ?

ਉੱਤਰ : (੧) ਤਿੰਨ ਕਾਲਾਂ ਵਿੱਚ ਮੈਂ ਵਿਦਿਆਮਾਨ (ਮੌਜੂਦ) ਹਾਂ। ਇਸ ਲਈ ਮੈਂ (ਪ੍ਰਤਯਕ ਆਤਮਾ) ਸੱਤ ਹਾਂ। ਇਸ ਤਰ੍ਹਾਂ ਜਾਨਣਾ।

ਪ੍ਰਸ਼ਨ ੧੬੯. ਤਿੰਨਾਂ ਕਾਲਾਂ ਵਿੱਚ ਮੈਂ ਹਾਂ। ਇਸ ਲਈ ਸੱਤ ਹਾਂ ਇਹ ਕਿਵੇਂ ਜਾਨਣਾ?

ਉੱਤਰ : ੧. (੧) ਜਾਗ੍ਰਤ ਵਿੱਚ ਮੈਂ ਹਾਂ।

(੨) ਸੁਪਨ ਵਿੱਚ ਮੈਂ ਹਾਂ।

(੩) ਸੁਖੋਪਤੀ ਵਿੱਚ ਮੈਂ ਹਾਂ॥

੨. (੧) ਤਿਵੇਂ ਹੀ ਪ੍ਰਾਤ:ਕਾਲ[੨] ਕਾਲ ਵਿੱਚ ਮੈਂ ਹਾਂ।

(੨) ਮਧਯ[੩] ਕਾਲ ਵਿੱਚ ਮੈਂ ਹਾਂ।

(੩) ਸਾਯਾਂ[੪] ਕਾਲ ਵਿੱਚ ਮੈਂ ਹਾਂ॥

੩. (੧) ਤਿਵੇਂ ਦਿਵਸ[੫] ਵਿੱਚ ਮੈਂ ਹਾਂ।

(੨) ਰਾਤ ਵਿੱਚ ਮੈਂ ਹਾਂ।

(੩) ਪਕਸ਼[੬] ਵਿੱਚ ਮੈਂ ਹਾਂ॥

੪. (੧) ਤਿਵੇਂ ਮਹੀਨੇ ਵਿੱਚ ਮੈਂ ਹਾਂ।
(੨) ਰੁੱਤਾਂ ਵਿੱਚ ਮੈਂ ਹਾਂ।
(੩) ਸਾਲ ਵਿੱਚ ਮੈਂ ਹਾਂ।

੫. (੧) ਤਿਵੇਂ ਬਾਲਕ ਅਵਸਥਾ ਵਿੱਚ ਮੈਂ ਹਾਂ।
(੨) ਜੁਵਾਨ ਅਵਸਥਾ ਵਿੱਚ ਮੈਂ ਹਾਂ।
(੩) ਬੁਢੇਪੇ ਦੀ ਅਵਸਥਾ ਵਿੱਚ ਮੈਂ ਹਾਂ॥

੬. (੧) ਤਿਵੇਂ ਪੂਰਵ ਦੇਹ ਵਿੱਚ ਮੈਂ ਹਾਂ।
(੨) ਇਸ ਦੇਹ ਵਿੱਚ ਮੈਂ ਹਾਂ।
(੩) ਭਾਵੀ ਦੇਹ (ਮਰਣ ਤੋਂ ਬਾਦ ਪ੍ਰਾਪਤ ਹੋਣ ਵਾਲੀ ਅਗਲੀ) ਵਿੱਚ ਮੈਂ ਹਾਂ॥

੭. (੧) ਤਿਵੇਂ ਯੱਗ[੭] ਵਿੱਚ ਮੈਂ ਹਾਂ।
(੨) ਮਨੂ[੮] ਵਿੱਚ ਮੈਂ ਹਾਂ।
(੩) ਕਲਪ[੯] ਵਿੱਚ ਮੈਂ ਹਾਂ॥

੮. (੧) ਤਿਵੇਂ ਭੂਤ ਕਾਲ ਵਿੱਚ ਮੈਂ ਹਾਂ।
(੨) ਵਰਤਮਾਨ ਕਾਲ ਵਿੱਚ ਮੈਂ ਹਾਂ।
(੩) ਭਵਿੱਖਤ ਕਾਲ ਵਿੱਚ ਮੈਂ ਹਾਂ॥

ਇਸ ਰੀਤ ਨਾਲ ਤਿੰਨਾਂ ਕਾਲਾਂ ਵਿੱਚ ਮੈਂ ਹਾਂ। ਇਸ ਲਈ ਸੱਤ ਹਾਂ। ਇਹ ਜਾਨਣਾ॥

(੨) ਸਵੇਰ ਦਾ ਸਮਾ

(੩) ਦੁਪਹਿਰ

(੪) ਸ਼ਾਮ

(੫) ਦਿਨ

(੬) ਪੱਖ :- ਚਾਨਣ ਪੱਖ ਤੇ ਹਨੇਰ ਪੱਖ।

(੭) ਸਤਯੁਗ, ਤ੍ਰੇਤਾ, ਦੁਆਪਰ ਤੇ ਕਲਜੁਗ।

(੮) ਮਨੂ ਕਹੀਏ ਯੁਗਾਂ ਦੀਆਂ ੭੧ ਚੌਕੜੀਆਂ।
੧ ਚੌਕੜੀ=੪੩ ਲੱਖ ੨੦,੦੦੦ ਸਾਲ

(੯) ਬ੍ਰਹਮਾ ਦਾ ਇੱਕ ਦਿਨ ਕਲਪ ਕਹੀਏ ਹੈ।
੧ ਕਲਪ=੧੦੦੦ ਚੌਕੜੀਆਂ।

ਐਸੀ ਐਸੀ ਚੌਕੜੀ ਯੁਗ ਜਬ ਜਾਇ ਹਜਾਰ॥
ਬ੍ਰਹਮਾ ਜੂ ਕੋ ਏਕ ਦਿਨ ਤਬ ਕਹੀਯਤ ਨਿਰਧਾਰ॥ ੪੧॥
ਬ੍ਰਹਮਾ ਹੀ ਕੇ ਦਿਵਸ ਕੋ ਕਲਪ ਕਹੈਂ ਸਭ ਤਾਤ॥
ਜਾ ਮਹਿ ਚੌਦਹਿ ਇੰਦ੍ਰ ਹ੍ਵੈ ਰਾਜ ਕਰਤ ਮਿਟ ਜਾਤ॥ ੪੩॥ (ਅਧਜਾਤਮ ਪ੍ਰਕਾਸ਼)

ਪ੍ਰਸ਼ਨ ੧੭੦. ਮੇਰੇ ਤੋਂ ਭਿੰਨ ਨਾਮ ਰੂਪ ਵਸਤੂ ਸਹਿਤ ਤਿੰਨ ਕਾਲਾਂ ਨੂੰ ਕੀ ਜਾਨਣਾ ?

ਉੱਤਰ : ਮੇਰੇ ਤੋਂ ਭਿੰਨ ਨਾਮ ਰੂਪ ਵਸਤੂ ਸਹਿਤ ਤਿੰਨ ਕਾਲ ਅਸੱਤ ਹਨ। ਇਹ ਜਾਨਣਾ॥

ਪ੍ਰਸ਼ਨ ੧੭੧. ਸੱਤ ਅਤੇ ਅਸੱਤ ਦਾ ਨਿਰਣਾ ਕਿਸ ਤਰ੍ਹਾਂ ਹੁੰਦਾ ਹੈ ?

ਉੱਤਰ : ਸੱਤ ਅਤੇ ਅਸੱਤ ਦਾ ਨਿਰਣਾ ਆਨਵਯ-ਵਯਤੀਰੇਕ[੧੦] ਰੂਪ ਯੁਕਤੀ ਨਾਲ ਹੁੰਦਾ ਹੈ॥

(੧੦) ਆਨਵਯ=ਅਨੁਸਯੂਤ ਕਹੀਏ ਸਮਾਇਆ ਵਾ ਮਿਲਿਆ ਹੋਣ ਕਰਕੇ ਵਿਦਿਆਮਾਨ ਕਹੀਏ ਮੌਜੂਦ ਵਾ ਭਾਵ ਰੂਪ ਹੋਣਾ।
ਵਯਤੀਰੇਕ=ਭੇਦ ਹੋਣ ਕਰਕੇ ਅਨਉਪਸਥਿਤ ਕਹੀਏ ਅਭਾਵ ਹੋਣਾ।
(ਆਨਵਯ ਵਯਤੀਰੇਕ ਪੰਨਾ ੧੦੦-੧੦੧ ਤੇ ਵਿਸਥਾਰ ਨਾਲ ਪੜ੍ਹੋ।)

ਪ੍ਰਸ਼ਨ ੧੭੨. ਸੱਤ-ਅਸੱਤ ਦੇ ਨਿਰਣੇ ਵਿੱਚ ਆਨਵਯ ਵਯਤੀਰੇਕ ਯੁਕਤੀ ਕਿਵੇਂ ਜਾਨਣੀ?

ਉੱਤਰ : (੧) ਆਨਵਯ (ਭਾਵ ਰੂਪ)[੧੧] :- ਜੋ ਮੈਂ ਜਾਗ੍ਰਤ ਵਿੱਚ ਹਾਂ।
ਸੋਈ ਮੈਂ ਸੁਪਨ ਵਿੱਚ ਹਾਂ।
ਇਸ ਲਈ ਮੈਂ ਸਤ ਹਾਂ॥

ਵਯਤੀਰੇਕ (ਅਭਾਵ)[੧੨] :- ਜਾਗ੍ਰਤ ਮੇਰੇ ਵਿੱਚ ਨਹੀਂ।
ਇਸ ਲਈ ਇਹ ਜਾਗ੍ਰਤ ਅਸੱਤ ਹੈ॥

ਆਨਵਯ (ਭਾਵ ਰੂਪ) :- ਜੋ ਮੈਂ ਸੁਪਨ ਵਿੱਚ ਹਾਂ।
ਸੋਈ ਮੈਂ ਸੁਖੋਪਤ ਵਿੱਚ ਹਾਂ।
ਇਸ ਲਈ ਮੈਂ ਸੱਤ ਹਾਂ॥

ਵਯਤੀਰੇਕ (ਅਭਾਵ) :- ਸੁਪਨ ਮੇਰੇ ਵਿੱਚ ਨਹੀਂ।
ਇਸ ਲਈ ਇਹ ਸੁਪਨ ਅਸੱਤ ਹੈ॥

ਆਨਵਯ (ਭਾਵ ਰੂਪ) :- ਜੋ ਮੈਂ ਸੁਖੋਪਤਿ ਵਿੱਚ ਹਾਂ।
ਸੋਈ ਮੈਂ ਪ੍ਰਾਤਃਕਾਲ (ਸਵੇਰ) ਵਿੱਚ ਹਾਂ।
ਇਸ ਲਈ ਸੱਤ ਹਾਂ॥

ਵਯਤੀਰੇਕ (ਅਭਾਵ) :- ਸੁਖੋਪਤਿ ਮੇਰੇ ਵਿੱਚ ਨਹੀਂ।
ਇਸ ਲਈ ਇਹ ਸੁਖੋਪਤਿ ਅਸੱਤ ਹੈ॥

(੨) ਅਨਾਵਯ (ਭਾਵ ਰੂਪ) :- ਜੋ ਮੈਂ ਸਵੇਰ ਵਿੱਚ ਹਾਂ।
ਸੋਈ ਮੈਂ ਮਧਯ ਕਾਲ (ਦੁਪਹਿਰ) ਵਿੱਚ ਹਾਂ।
ਇਸ ਲਈ ਮੈਂ ਸੱਤ ਹਾਂ॥

ਵਯਤੀਰੇਕ (ਅਭਾਵ) :- ਸਵੇਰ ਮੇਰੇ ਵਿੱਚ ਨਹੀਂ।
ਇਸ ਲਈ ਇਹ ਸਵੇਰ ਅਸੱਤ ਹੈ।

ਆਨਵਯ (ਭਾਵ ਰੂਪ) :- ਜੋ ਮੈਂ ਦੁਪਹਿਰ ਵਿੱਚ ਹਾਂ।

ਸੋਈ ਮੈਂ ਸ਼ਾਮ ਵਿੱਚ ਹਾਂ।
ਇਸ ਲਈ ਸੱਤ ਹਾਂ॥

ਵਯਤੀਰੇਕ (ਅਭਾਵ) :- ਦੁਪਹਿਰ ਮੇਰੇ ਵਿੱਚ ਨਹੀਂ।
ਇਸ ਲਈ ਇਹ ਦੁਪਹਿਰ ਅਸੱਤ ਹੈ॥

ਆਨਵਯ (ਭਾਵ ਰੂਪ) :- ਜੋ ਮੈਂ ਸ਼ਾਮ ਵਿੱਚ ਹਾਂ।
ਸੋਈ ਮੈਂ ਦਿਨ ਵਿੱਚ ਹਾਂ।
ਇਸ ਲਈ ਸੱਤ ਹਾਂ॥

ਵਯਤੀਰੇਕ (ਅਭਾਵ) :- ਸ਼ਾਮ ਮੇਰੇ ਵਿੱਚ ਨਹੀਂ।
ਇਸ ਲਈ ਇਹ ਸ਼ਾਮ ਅਸੱਤ ਹੈ॥

(੩) ਆਨਵਯ (ਭਾਵ ਰੂਪ) :- ਜੋ ਮੈਂ ਦਿਨ ਵਿੱਚ ਹਾਂ।
ਸੋਈ ਮੈਂ ਰਾਤ ਵਿੱਚ ਹਾਂ।
ਇਸ ਲਈ ਸੱਤ ਹਾਂ॥

ਵਯਤੀਰੇਕ (ਅਭਾਵ) :- ਦਿਨ ਮੇਰੇ ਵਿੱਚ ਨਹੀਂ।
ਇਸ ਲਈ ਇਹ ਦਿਨ ਅਸੱਤ ਹੈ॥

ਆਨਵਯ (ਭਾਵ ਰੂਪ) :- ਜੋ ਮੈਂ ਰਾਤ ਵਿੱਚ ਹਾਂ।
ਸੋਈ ਮੈਂ ਹਨੇਰ ਅਤੇ ਚਾਨਣ ਪੱਖਾਂ ਵਿੱਚ ਹਾਂ।
ਇਸ ਲਈ ਸੱਤ ਹਾਂ॥

ਵਯਤੀਰੇਕ (ਅਭਾਵ) :- ਰਾਤ ਮੇਰੇ ਵਿੱਚ ਨਹੀਂ।
ਇਸ ਲਈ ਇਹ ਰਾਤ ਅਸੱਤ ਹੈ॥

ਆਨਵਯ (ਭਾਵ ਰੂਪ) :- ਜੋ ਮੈਂ ਹਨੇਰ ਅਤੇ ਚਾਨਣ ਪੱਖ ਵਿੱਚ ਹਾਂ।
ਸੋਈ ਮੈਂ ਮਹੀਨੇ ਵਿੱਚ ਹਾਂ।
ਇਸ ਲਈ ਸੱਤ ਹਾਂ॥

ਵਯਤੀਰੇਕ (ਅਭਾਵ) :- ਪੱਖ ਮੇਰੇ ਵਿੱਚ ਨਹੀਂ।
ਇਸ ਲਈ ਇਹ ਪੱਖ ਅਸੱਤ ਹਨ॥

(੪) ਆਨਵਯ (ਭਾਵ ਰੂਪ) :- ਜੋ ਮੈਂ ਮਹੀਨੇ ਵਿੱਚ ਹਾਂ।
ਸੋਈ ਮੈਂ ਰੁੱਤਾਂ ਵਿੱਚ ਹਾਂ।
ਇਸ ਲਈ ਮੈਂ ਸੱਤ ਹਾਂ॥

ਵਯਤੀਰੇਕ (ਅਭਾਵ) :- ਮਹੀਨੇ ਮੇਰੇ ਵਿੱਚ ਨਹੀਂ।
ਇਸ ਲਈ ਇਹ ਮਹੀਨੇ ਅਸੱਤ ਹਨ॥

ਆਨਵਯ (ਭਾਵ ਰੂਪ) :- ਜੋ ਮੈਂ ਰੁੱਤਾਂ ਵਿੱਚ ਹਾਂ।
ਸੋਈ ਮੈਂ ਸਾਲ ਵਿੱਚ ਹਾਂ।
ਇਸ ਲਈ ਸੱਤ ਹਾਂ॥
ਵਯਤੀਰੇਕ (ਅਭਾਵ) :- ਰੁੱਤਾਂ ਮੇਰੇ ਵਿੱਚ ਨਹੀਂ।
ਇਸ ਲਈ ਰੁੱਤਾਂ ਅਸੱਤ ਹਨ।
ਆਨਵਯ (ਭਾਵ ਰੂਪ) :- ਜੋ ਮੈਂ ਸਾਲ ਵਿੱਚ ਹਾਂ।
ਸੋਈ ਮੈਂ ਬਾਲਕ ਅਵਸਥਾ ਵਿੱਚ ਹਾਂ।
ਇਸ ਲਈ ਸੱਤ ਹਾਂ॥
ਵਯਤੀਰੇਕ (ਅਭਾਵ) :- ਸਾਲ ਮੇਰੇ ਵਿੱਚ ਨਹੀਂ।
ਇਸ ਲਈ ਸਾਲ ਅਸੱਤ ਹਨ॥

(੫) ਆਨਵਯ (ਭਾਵ ਰੂਪ) :- ਜੋ ਮੈਂ ਬਾਲਕ ਅਵਸਥਾ ਵਿੱਚ ਹਾਂ।
ਸੋਈ ਮੈਂ ਜੁਵਾਨ ਅਵਸਥਾ ਵਿੱਚ ਹਾਂ।
ਇਸ ਲਈ ਮੈਂ ਸੱਤ ਹਾਂ॥
ਵਯਤੀਰੇਕ (ਅਭਾਵ) :- ਬਾਲਕ ਅਵਸਥਾ ਮੇਰੇ ਵਿੱਚ ਨਹੀਂ।
ਇਸ ਲਈ ਬਾਲਕ ਅਵਸਥਾ ਅਸੱਤ ਹੈ॥
ਆਨਵਯ (ਭਾਵ ਰੂਪ) :- ਜੋ ਮੈਂ ਜੁਵਾਨ ਅਵਸਥਾ ਵਿੱਚ ਹਾਂ।
ਸੋਈ ਮੈਂ ਬ੍ਰਿਧ (ਬੁਢੇਪੇ) ਅਵਸਥਾ ਵਿੱਚ ਹਾਂ।
ਇਸ ਲਈ ਮੈਂ ਸੱਤ ਹਾਂ॥
ਵਯਤੀਰੇਕ (ਅਭਾਵ) :- ਜੁਵਾਨ ਅਵਸਥਾ ਮੇਰੇ ਵਿੱਚ ਨਹੀਂ।
ਇਸ ਲਈ ਜੁਵਾਨ ਅਵਸਥਾ ਅਸੱਤ ਹੈ॥
ਆਨਵਯ (ਭਾਵ ਰੂਪ) :- ਜੋ ਮੈਂ ਬ੍ਰਿਧ ਅਵਸਥਾ ਵਿੱਚ ਹਾਂ।
ਸੋਈ ਮੈਂ ਪਹਿਲੇ ਸਰੀਰ ਵਿੱਚ ਹਾਂ।
ਇਸ ਲਈ ਮੈਂ ਸੱਤ ਹਾਂ॥
ਵਯਤੀਰੇਕ (ਅਭਾਵ) :- ਬ੍ਰਿਧ ਅਵਸਥਾ ਮੇਰੇ ਵਿੱਚ ਨਹੀਂ।
ਇਸ ਲਈ ਬ੍ਰਿਧ ਅਵਸਥਾ ਅਸੱਤ ਹੈ॥

(੬) ਆਨਵਯ (ਭਾਵ ਰੂਪ) :- ਜੋ ਮੈਂ ਪੂਰਵ ਦੇਹ ਵਿੱਚ ਹਾਂ।
ਸੋਈ ਮੈਂ ਇਸ ਦੇਹ ਵਿੱਚ ਹਾਂ।
ਇਸ ਲਈ ਮੈਂ ਸੱਤ ਹਾਂ॥
ਵਯਤੀਰੇਕ (ਅਭਾਵ) :- ਪੂਰਵ ਦੇਹ ਮੇਰੇ ਵਿੱਚ ਨਹੀਂ।

ਇਸ ਲਈ ਪੂਰਵ ਦੇਹ ਅਸੱਤ ਹੈ॥

ਆਨਵਯ (ਭਾਵ ਰੂਪ) :- ਜੋ ਮੈਂ ਇਸ ਦੇਹ ਵਿੱਚ ਹਾਂ।
ਸੋਈ ਮੈਂ ਭਾਵੀ (ਅਗਲੀ) ਦੇਹ ਵਿੱਚ ਹਾਂ।
ਇਸ ਲਈ ਸੱਤ ਹਾਂ॥

ਵਯਤੀਰੇਕ (ਅਭਾਵ) :- ਇਹ ਦੇਹ ਮੇਰੇ ਵਿੱਚ ਨਹੀਂ।
ਇਸ ਲਈ ਵਰਤਮਾਨ ਦੇਹ ਅਸੱਤ ਹੈ॥

ਆਨਵਯ (ਭਾਵ ਰੂਪ) :- ਜੋ ਮੈਂ ਭਾਵੀ ਦੇਹ ਵਿੱਚ ਹਾਂ।
ਸੋਈ ਮੈਂ ਯੁੱਗ ਵਿੱਚ ਹਾਂ।
ਇਸ ਲਈ ਸੱਤ ਹਾਂ।

ਵਯਤੀਰੇਕ (ਅਭਾਵ) :- ਭਾਵੀ ਦੇਹ ਮੇਰੇ ਵਿੱਚ ਨਹੀਂ।
ਇਸ ਲਈ ਭਾਵੀ ਦੇਹ ਅਸੱਤ ਹੈ॥

(੭) ਆਨਵਯ (ਭਾਵ ਰੂਪ) :- ਜੋ ਮੈਂ ਯੁੱਗ ਵਿੱਚ ਹਾਂ।
ਸੋਈ ਮੈਂ ਮਨੂ[੧੩] ਵਿੱਚ ਹਾਂ।
ਇਸ ਲਈ ਸੱਤ ਹਾਂ॥

ਵਯਤੀਰੇਕ (ਅਭਾਵ) :- ਯੁਗ ਮੇਰੇ ਵਿੱਚ ਨਹੀਂ।
ਇਸ ਲਈ ਯੁਗ ਅਸੱਤ ਹਨ॥

ਆਨਵਯ (ਭਾਵ ਰੂਪ) :- ਜੋ ਮੈਂ ਮਨੂ ਵਿੱਚ ਹਾਂ।
ਸੋਈ ਮੈਂ ਕਲਪ[੧੪] ਵਿੱਚ ਹਾਂ।
ਇਸ ਲਈ ਸੱਤ ਹਾਂ॥

ਵਯਤੀਰੇਕ (ਅਭਾਵ) :- ਮਨੂ ਮੇਰੇ ਵਿੱਚ ਨਹੀਂ।
ਇਸ ਲਈ ਮਨੂ ਅਸੱਤ ਹੈ॥

ਆਨਵਯ (ਭਾਵ ਰੂਪ) :- ਜੋ ਮੈਂ ਕਲਪ ਵਿਚ ਹਾਂ।
ਸੋਈ ਮੈਂ ਭੂਤ ਕਾਲ ਵਿੱਚ ਹਾਂ।
ਇਸ ਲਈ ਸੱਤ ਹਾਂ॥

ਵਯਤੀਰੇਕ (ਅਭਾਵ) :- ਕਲਪ ਮੇਰੇ ਵਿੱਚ ਨਹੀਂ।
ਇਸ ਲਈ ਕਲਪ ਅਸੱਤ ਹਨ॥

(੮) ਆਨਵਯ (ਭਾਵ ਰੂਪ) :- ਜੋ ਮੈਂ ਭੂਤ ਕਾਲ ਵਿੱਚ ਹਾਂ।
ਸੋਈ ਮੈਂ ਭਵਿੱਖਤ ਕਾਲ ਵਿੱਚ ਹਾਂ।
ਇਸ ਲਈ ਸੱਤ ਹਾਂ॥

ਵਯਤੀਰੇਕ (ਅਭਾਵ) :- ਭੂਤ ਕਾਲ ਮੇਰੇ ਵਿੱਚ ਨਹੀਂ।
ਇਸ ਲਈ ਭੂਤ ਕਾਲ ਅਸੱਤ ਹੈ॥

ਆਨਵਯ (ਭਾਵ ਰੂਪ) :- ਜੋ ਮੈਂ ਭਵਿੱਖਤ ਵਿੱਚ ਹਾਂ।

ਸੋਈ ਮੈਂ ਵਰਤਮਾਨ ਕਾਲ ਵਿੱਚ ਹਾਂ।
ਇਸ ਲਈ ਸੱਤ ਹਾਂ॥

ਵਯਤੀਰੇਕ (ਅਭਾਵ) :- ਭਵਿੱਖਤ ਕਾਲ ਮੇਰੇ ਵਿੱਚ ਨਹੀਂ।
ਇਸ ਲਈ ਭਵਿੱਖਤ ਕਾਲ ਅਸੱਤ ਹੈ॥

ਆਨਵਯ (ਭਾਵ ਰੂਪ) :- ਜੋ ਮੈਂ ਵਰਤਮਾਨ ਕਾਲ ਵਿੱਚ ਹਾਂ।
ਸੋਈ ਮੈਂ ਸਰਵ ਕਾਲ ਵਿੱਚ ਹਾਂ।
ਇਸ ਲਈ ਸੱਤ ਹਾਂ॥

ਵਯਤੀਰੇਕ (ਅਭਾਵ) :- ਵਰਤਮਾਨ ਕਾਲ ਮੇਰੇ ਵਿੱਚ ਨਹੀਂ।
ਇਸ ਲਈ ਵਰਤਮਾਨ ਕਾਲ ਅਸੱਤ ਹੈ॥

ਇਸ ਰੀਤ ਨਾਲ ਸੱਤ-ਅਸੱਤ ਦੇ ਨਿਰਣੇ ਵਿੱਚ ਆਨਵਯ ਵਯਤੀਰੇਕ ਜੁਗਤੀ ਜਾਨਣੀ॥

(੧੧) ਵਿਦਿਆਮਾਨ ਵਾ ਮੌਜੂਦ।

(੧੨) ਗੈਰ ਮੌਜੂਦਗੀ ਵਾ ਅਨਉਪਸਥਿਤ।

(੧੩) ਪੰਨਾ ੧੫੬ ਤੇ ਟੂਕ (੮) ਪੜ੍ਹੋ।

(੧੪) ਪੰਨਾ ੧੫੬ ਤੇ ਟੂਕ (੯) ਪੜ੍ਹੋ।

ਪ੍ਰਸ਼ਨ ੧੭੩. ਮੈਂ ਚਿੱਤ ਕਿਵੇਂ ਹਾਂ?

ਉੱਤਰ : (੨) ਤਿੰਨ ਕਾਲਾਂ ਵਿੱਚ ਮੈਂ ਸਭ ਨਾਮ ਰੂਪ ਪ੍ਰਪੰਚ ਨੂੰ ਜਾਣਦਾ ਹਾਂ। ਇਸ ਲਈ ਮੈਂ ਚਿੱਤ (ਚੇਤਨ=ਗਿਆਨ ਸਰੂਪ) ਹਾਂ॥

ਪ੍ਰਸ਼ਨ ੧੭੪. ਤਿੰਨ ਕਾਲਾਂ ਵਿੱਚ ਮੈਂ ਸਭ ਜਾਣਦਾ ਹਾਂ ਇਸ ਲਈ ਚਿੱਤ ਹਾਂ। ਇਹ ਕਿਵੇਂ ਜਾਨਣਾ?

ਉੱਤਰ : ੧. (੧) ਜਾਗ੍ਰਤ ਨੂੰ ਮੈਂ ਜਾਣਦਾ ਹਾਂ।
(੨) ਸੁਪਨ ਨੂੰ ਮੈਂ ਜਾਣਦਾ ਹਾਂ।
(੩) ਸੁਖੋਪਤਿ ਨੂੰ ਮੈਂ ਜਾਣਦਾ ਹਾਂ॥

੨. (੧) ਤਿਵੇਂ ਸਵੇਰ ਨੂੰ ਮੈਂ ਜਾਣਦਾ ਹਾਂ।
(੨) ਦੁਪਹਿਰ ਨੂੰ ਮੈਂ ਜਾਣਦਾ ਹਾਂ।
(੩) ਸ਼ਾਮ ਨੂੰ ਮੈਂ ਜਾਣਦਾ ਹਾਂ॥

੩. (੧) ਤਿਵੇਂ ਦਿਨ ਨੂੰ ਮੈਂ ਜਾਣਦਾ ਹਾਂ।
(੨) ਰਾਤ ਨੂੰ ਮੈਂ ਜਾਣਦਾ ਹਾਂ।
(੩) ਪੱਖ (ਹਨੇਰ ਤੇ ਚਾਨਣ) ਨੂੰ ਮੈਂ ਜਾਣਦਾ ਹਾਂ॥

੪. (੧) ਤਿਵੇਂ ਮਹੀਨੇ ਨੂੰ ਮੈਂ ਜਾਣਦਾ ਹਾਂ।
(੨) ਰੁੱਤ ਨੂੰ ਮੈਂ ਜਾਣਦਾ ਹਾਂ।
(੩) ਸਾਲ ਨੂੰ ਮੈਂ ਜਾਣਦਾ ਹਾਂ॥

੫. (੧) ਤਿਵੇਂ ਬਾਲਕ ਅਵਸਥਾ ਨੂੰ ਮੈਂ ਜਾਣਦਾ ਹਾਂ।

(੨) ਜੁਵਾਨ ਅਵਸਥਾ ਨੂੰ ਮੈਂ ਜਾਣਦਾ ਹਾਂ।

(੩) ਬਿਰਧ ਅਵਸਥਾ ਨੂੰ ਮੈਂ ਜਾਣਦਾ ਹਾਂ॥

੬. (੧) ਤਿਵੇਂ ਪੂਰਵ (ਪਹਿਲੀ ਦੇਹ ਨੂੰ ਮੈਂ ਜਾਣਦਾ ਹਾਂ।

(੨) ਇਸ (ਵਰਤਮਾਨ) ਦੇਹ ਨੂੰ ਮੈਂ ਜਾਣਦਾ ਹਾਂ।

(੩) ਭਾਵੀ (ਭਵਿੱਖਤ, ਆਉਣ ਵਾਲੀ) ਦੇਹ ਨੂੰ ਮੈਂ ਜਾਣਦਾ ਹਾਂ॥

੭. (੧) ਤਿਵੇਂ ਯੁੱਗ[੧੫] ਨੂੰ ਮੈਂ ਜਾਣਦਾ ਹਾਂ।

(੨) ਮਨੂ[੧੬] ਨੂੰ ਮੈਂ ਜਾਣਦਾ ਹਾਂ।

(੩) ਕਲਪ[੧੭] ਨੂੰ ਮੈਂ ਜਾਣਦਾ ਹਾਂ॥

੮. (੧) ਤਿਵੇਂ ਭੂਤ ਕਾਲ ਨੂੰ ਮੈਂ ਜਾਣਦਾ ਹਾਂ।

(੨) ਭਵਿੱਖਤ ਕਾਲ ਨੂੰ ਮੈਂ ਜਾਣਦਾ ਹਾਂ।

(੩) ਵਰਤਮਾਨ ਕਾਲ ਨੂੰ ਮੈਂ ਜਾਣਦਾ ਹਾਂ॥

ਇਸ ਰੀਤ ਨਾਲ ਸਾਰਿਆਂ ਕਾਲਾਂ (ਸਮੇਂ) ਵਿੱਚ ਮੈਂ ਜਾਣਦਾ ਹਾਂ।

ਇਸ ਲਈ ਚਿੱਤ (ਚੇਤਨ=ਗਿਆਨ ਸਰੂਪ) ਹਾਂ। ਇਹ ਜਾਨਣਾ॥

(੧੫) ਪੰਨਾ ੧੫੬ ਤੇ ਟੂਕ (੭) ਪੜ੍ਹੋ।

(੧੬) ਪੰਨਾ ੧੫੬ ਤੇ ਟੂਕ (੮) ਪੜ੍ਹੋ।

(੧੭) ਪੰਨਾ ੧੫੬ ਤੇ ਟੂਕ (੯) ਪੜ੍ਹੋ।

ਪ੍ਰਸ਼ਨ ੧੭੫. ਮੇਰੇ ਤੋਂ ਤਿੰਨ ਨਾਮ ਰੂਪ ਵਸਤੂ ਸਹਿਤ ਤਿੰਨ ਕਾਲਾਂ ਨੂੰ ਕੀ ਜਾਨਣਾ?

ਉੱਤਰ : ਮੇਰੇ ਤੋਂ ਭਿੰਨ ਨਾਮ ਰੂਪ ਵਸਤੂ ਸਹਿਤ ਤਿੰਨ ਕਾਲ ਜੜ[੧੮] ਹਨ। ਇਹ ਜਾਨਣਾ॥

(੧੮) ਪੰਨਾ ੩੬ ਤੇ ਪ੍ਰਸ਼ਨ ੨੬ ਪੜ੍ਹੋ।

ਪ੍ਰਸ਼ਨ ੧੭੬. ਚਿੱਤ ਅਤੇ ਜੜ ਦਾ ਨਿਰਣਾ ਕਿਸ ਨਾਲ ਹੁੰਦਾ ਹੈ?

ਉੱਤਰ : ਚਿਤ[੧੯] ਅਤੇ ਜੜ ਦਾ ਨਿਰਣਾ ਆਨਵਯ-ਵਯਤੀਰੇਕ[੨੦] ਰੂਪ ਜੁਗਤੀ ਨਾਲ ਹੁੰਦਾ ਹੈ॥

(੧੯) ਪੰਨਾ ੩੬ ਤੇ ਪ੍ਰਸ਼ਨ ੨੮ ਪੜ੍ਹੋ।

(੨੦) ਪੰਨਾ ੧੫੭ ਤੇ ਟੂਕ (੧੦) ਪੜ੍ਹੋ।

ਪ੍ਰਸ਼ਨ ੧੭੭. ਚਿੱਤ ਅਤੇ ਜੜ ਦੇ ਨਿਰਣੇ ਵਿੱਚ ਆਨਵਯ-ਵਯਤੀਰੇਕ ਰੂਪ ਜੁਗਤੀ ਕਿਵੇਂ ਜਾਨਣੀ?

ਉੱਤਰ : (੧) ਆਨਵਯ (ਭਾਵ ਰੂਪ)[੨੧] :- ਜੋ ਮੈਂ ਜਾਗ੍ਰਤ ਨੂੰ ਜਾਣਦਾ ਹਾਂ।
ਸੋਈ ਮੈਂ ਸੁਪਨ ਨੂੰ ਜਾਣਦਾ ਹਾਂ।
ਇਸ ਲਈ ਚਿੱਤ ਹਾਂ॥

ਵਯਤੀਰੇਕ (ਅਭਾਵ)[੨੨] :- ਜਾਗ੍ਰਤ ਮੈਨੂੰ ਜਾਣਦੀ ਨਹੀਂ।
ਇਸ ਲਈ ਜਾਗ੍ਰਤ ਅਵਸਥਾ ਜੜ ਹੈ॥

ਆਨਵਯ (ਭਾਵ ਰੂਪ) :- ਜੋ ਮੈਂ ਸੁਪਨ ਨੂੰ ਜਾਣਦਾ ਹਾਂ।
ਸੋਈ ਮੈਂ ਸੁਖੋਪਤ ਨੂੰ ਜਾਣਦਾ ਹਾਂ।
ਇਸ ਲਈ ਚਿੱਤ ਹਾਂ॥

ਵਯਤੀਰੇਕ (ਅਭਾਵ) :- ਸੁਪਨਾ ਮੈਨੂੰ ਜਾਣਦਾ ਨਹੀਂ।
ਇਸ ਲਈ ਸੁਪਨ ਅਵਸਥਾ ਜੜ ਹੈ॥

ਇਤਿਆਦਿਕ ਇਸ ਰੀਤ ਨਾਲ ਚਿਤ ਅਤੇ ਜੜ ਦੇ ਨਿਰਣੇ ਵਿੱਚ ਆਨਵਯ ਵਯਤੀਰੇਕ ਰੂਪ ਜੁਗਤੀ ਜਾਨਣੀ॥

(੨੧) ਵਿਦਿਆਮਾਨ ਵਾ ਮੌਜੂਦ

(੨੨) ਗੈਰ ਮੌਜੂਦਗੀ

ਪ੍ਰਸ਼ਨ ੧੭੮. ਆਨੰਦ ਮੈਂ ਕਿਵੇਂ ਹਾਂ?

ਉੱਤਰ : (੩) ਤਿੰਨ ਕਾਲਾਂ ਵਿੱਚ ਮੈਂ ਪਰਮ-ਪ੍ਰਿਯ[੨੩] ਹਾਂ। ਇਸ ਲਈ ਮੈਂ ਅਨੰਦ ਹਾਂ॥

(੨੩) ਸਭ ਤੋਂ ਅਧਿਕ ਪ੍ਰਿਯ=ਪਿਆਰਾ

ਪ੍ਰਸ਼ਨ ੧੭੯. ਤਿੰਨ ਕਾਲਾਂ ਵਿੱਚ ਮੈਂ ਪ੍ਰਿਯ ਹਾਂ ਇਸ ਲਈ ਆਨੰਦ ਹਾਂ। ਇਹ ਕਿਵੇਂ ਜਾਨਣਾ?

ਉੱਤਰ : ੧ (੧) ਜਾਗ੍ਰਤ ਵਿੱਚ ਮੈਂ ਪ੍ਰਿਯ ਹਾਂ।
(੨) ਸੁਪਨ ਵਿੱਚ ਮੈਂ ਪ੍ਰਿਯ ਹਾਂ।
(੩) ਸੁਖੋਪਤ ਵਿੱਚ ਮੈਂ ਪ੍ਰਿਯ ਹਾਂ॥

੨ (੧) ਤਿਵੇਂ ਸਵੇਰੇ ਮੈਂ ਪ੍ਰਿਯ ਹਾਂ।
(੨) ਦੁਪਹਿਰ ਵਿੱਚ ਮੈਂ ਪ੍ਰਿਯ ਹਾਂ।
(੩) ਸ਼ਾਮ ਵਿੱਚ ਮੈਂ ਪ੍ਰਿਯ ਹਾਂ॥

੩. (੧) ਤਿਵੇਂ ਦਿਨ ਵਿੱਚ ਮੈਂ ਪ੍ਰਿਯ ਹਾਂ।
(੨) ਰਾਤ ਵਿੱਚ ਮੈਂ ਪ੍ਰਿਯ ਹਾਂ।
(੩) ਪੱਖ (ਹਨੇਰ ਤੇ ਚਾਨਣ) ਵਿੱਚ ਮੈਂ ਪ੍ਰਿਯ ਹਾਂ॥

੪. (੧) ਤਿਵੇਂ ਮਹੀਨੇ ਵਿੱਚ ਮੈਂ ਪ੍ਰਿਯ ਹਾਂ।
(੨) ਰੁੱਤ ਵਿੱਚ ਮੈਂ ਪ੍ਰਿਯ ਹਾਂ।
(੩) ਸਾਲ ਵਿੱਚ ਮੈਂ ਪ੍ਰਿਯ ਹਾਂ॥

੫. (੧) ਤਿਵੇਂ ਬਾਲਕ ਅਵਸਥਾ ਵਿੱਚ ਮੈਂ ਪ੍ਰਿਯ ਹਾਂ।
(੨) ਜੁਵਾਨ ਅਵਸਥਾ ਵਿੱਚ ਮੈਂ ਪ੍ਰਿਯ ਹਾਂ।
(੩) ਬਿਰਧ ਅਵਸਥਾ ਵਿੱਚ ਮੈਂ ਪ੍ਰਿਯ ਹਾਂ॥

੬. (੧) ਤਿਵੇਂ ਪੂਰਵ (ਪਹਿਲੀ) ਦੇਹ ਵਿੱਚ ਮੈਂ ਪ੍ਰਿਯ ਹਾਂ।

(੨) ਇਸ (ਵਰਤਮਾਨ) ਦੇਹ ਵਿੱਚ ਮੈਂ ਪ੍ਰਿਯ ਹਾਂ।

(੩) ਭਾਵੀ (ਅੱਗਲੀ, ਮਰਣ ਤੋਂ ਬਾਦ ਪ੍ਰਾਪਤ ਹੋਣ ਵਾਲੀ) ਦੇਹ ਵਿੱਚ ਮੈਂ ਪ੍ਰਿਯ ਹਾਂ)।

੭. (੧) ਤਿਵੇਂ ਯੁੱਗ[੨੪] ਵਿੱਚ ਮੈਂ ਪ੍ਰਿਯ ਹਾਂ।

(੨) ਮਨੂ[੨੫] ਵਿੱਚ ਮੈਂ ਪ੍ਰਿਯ ਹਾਂ।

(੩) ਕਲਪ[੨੬] ਵਿੱਚ ਮੈਂ ਪ੍ਰਿਯ ਹਾਂ॥

੮. (੧) ਤਿਵੇਂ ਭੂਤ ਕਾਲ ਵਿੱਚ ਮੈਂ ਪ੍ਰਿਯ ਹਾਂ।

(੨) ਭਵਿੱਖਤ ਕਾਲ ਵਿੱਚ ਮੈਂ ਪ੍ਰਿਯ ਹਾਂ।

(੩) ਵਰਤਮਾਨ ਕਾਲ ਵਿੱਚ ਮੈਂ ਪ੍ਰਿਯ ਹਾਂ॥

ਇਸ ਰੀਤ ਨਾਲ ਤਿੰਨ ਕਾਲਾਂ ਵਿੱਚ ਮੈਂ ਪਰਮ ਪ੍ਰਿਯ ਹਾਂ। ਇਸ ਲਈ ਮੈਂ ਆਨੰਦ ਹਾਂ। ਇਹ ਜਾਨਣਾ॥

(੨੪) ਪੰਨਾ ੧੫੬ ਤੇ ਟੂਕ (੭) ਪੜ੍ਹੋ।

(੨੫) ਪੰਨਾ ੧੫੬ ਤੇ ਟੂਕ (੮) ਪੜ੍ਹੋ।

(੨੫) ਪੰਨਾ ੧੫੬ ਤੇ ਟੂਕ (੯) ਪੜ੍ਹੋ।

ਪ੍ਰਸ਼ਨ ੧੮੦. ਮੇਰੇ ਤੋਂ ਭਿੰਨ ਨਾਮ ਰੂਪ ਵਸਤੂ ਸਹਿਤ ਤਿੰਨ ਕਾਲਾਂ ਨੂੰ ਕੀ ਜਾਨਣਾ?

ਉੱਤਰ : ਮੇਰੇ ਤੋਂ ਭਿੰਨ ਨਾਮ ਰੂਪ ਵਸਤੂ ਸਹਿਤ ਤਿੰਨ ਕਾਲ ਦੁੱਖ[੨੭] ਹਨ। ਇਹ ਜਾਨਣਾ॥

(੨੭) ਪੰਨਾ ੧੮ ਤੇ ਟੂਕ (੩) ਪੜ੍ਹੋ।

ਪ੍ਰਸ਼ਨ ੧੮੧. ਆਨੰਦ ਅਤੇ ਦੁੱਖ ਦਾ ਨਿਰਣਾ ਕਿਸ ਨਾਲ ਹੁੰਦਾ ਹੈ?

ਉੱਤਰ : ਆਨੰਦ ਅਤੇ ਦੁੱਖ ਦਾ ਨਿਰਣਾ ਆਨਵਯ-ਵਯਤੀਰੇਕ[੨੮] ਜੁਗਤੀ ਨਾਲ ਹੁੰਦਾ ਹੈ॥

(੨੮) ਪੰਨਾ ੧੫੭ ਤੇ ਟੂਕ (੧੦) ਪੜ੍ਹੋ।

ਪ੍ਰਸ਼ਨ ੧੮੨. ਆਨੰਦ ਅਤੇ ਦੁੱਖ ਦੇ ਨਿਰਣੇ ਵਿੱਚ ਆਨਵਯ-ਵਯਤੀਰੇਕ ਜੁਗਤੀ ਕਿਵੇਂ ਜਾਨਣੀ?

ਉੱਤਰ : ਆਨਵਯ (ਭਾਵ-ਰੂਪ)[੨੯] :- ਜੋ ਮੈਂ ਜਾਗ੍ਰਤ ਵਿੱਚ ਪਰਮ ਪ੍ਰਿਯ ਹਾਂ।
ਸੋਈ ਮੈਂ ਸੁਪਨ ਵਿੱਚ ਪ੍ਰਿਯ ਹਾਂ।
ਇਸ ਲਈ ਆਨੰਦ[੩੦] ਹਾਂ॥

ਵਯਤੀਰੇਕ (ਅਭਾਵ)[੩੧] :- ਜਾਗ੍ਰਤ ਮੈਨੂੰ ਪ੍ਰਿਯ ਨਹੀਂ।
ਇਸ ਲਈ ਇਹ ਜਾਗ੍ਰਤ ਦੁੱਖ ਹੈ॥

ਇਸ ਰੀਤ ਨਾਲ ਆਨੰਦ ਅਤੇ ਦੁੱਖ ਦੇ ਨਿਰਣੇ ਵਿੱਚ ਆਨਵਯ-ਵਯਤੀਰੇਕ ਰੂਪ ਜੁਗਤੀ ਜਾਨਣੀ॥

(੨੯) ਮੌਜੂਦਗੀ

(੩੦) ਜੋ ਜੋ ਜਾਗ੍ਰਤ ਆਦਿਕ ਕਾਲ ਆਤਮਾ ਵਿੱਚ ਭਾਸਦੇ ਹਨ।

ਸੋ ਸੋ ਭਾਵੇ ਕਿ ਦੁਖ ਰੂਪ ਹਨ। ਫਿਰ ਵੀ:

(੧) ਅਧਿਆਸ (ਭਰਮ) ਕਰਕੇ ਆਤਮਾ ਨੂੰ ਚਿਦਾਭਾਸ (ਚੇਤਨ ਦੇ ਪ੍ਰਤੀਬਿੰਬ) ਦੁਆਰਾ ਪਿਆਰੇ ਪ੍ਰਤੀਤ ਹੁੰਦੇ ਹਨ। ਉਸ ਸਮੇਂ ਹੋਰ ਕਾਲ (ਸੁਪਨ, ਸੁਖੋਪਤਿ) ਪ੍ਰਿਯ ਭਾਸਦੇ ਨਹੀਂ। ਇਸ ਲਈ ਸਾਰੇ ਕਾਲਾਂ ਵਿੱਚ ਵਯਭੀਚਾਰੀ (ਬਦਲਣ ਵਾਲੀ) ਪ੍ਰੀਤ ਹੈ। ਇਸ ਕਰਕੇ ਇਹ ਪ੍ਰੀਤ ਵਾਸਤਵ ਵਿੱਚ ਦੁੱਖ ਰੂਪ ਹੀ ਹੈ॥ ਅਤੇ

(੨) ਆਤਮਾ ਵਿੱਚ ਕਹੀਏ ਸ੍ਵੈ-ਸਰੂਪ ਵਿੱਚ ਅਵਯਭੀਚਾਰੀ (ਨਾ ਬਦਲਣ ਵਾਲੀ) ਪ੍ਰੀਤ ਇਕ ਰਸ ਹੈ। ਇਸ ਲਈ ਆਤਮਾ ਆਨੰਦ ਰੂਪ ਹੈ॥

(੩੧) ਗੈਰ ਮੌਜੂਦਗੀ

ਪ੍ਰਸ਼ਨ ੧੮੩. ਮੈਂ ਪਰਮ ਪ੍ਰਿਯ ਹਾਂ। ਇਹ ਕਿਵੇਂ ਜਾਨਣਾ?

ਉੱਤਰ : ਦ੍ਰਿਸ਼ਟਾਂਤ :-

(੧) ਜਿਵੇਂ ਪੁੱਤ੍ਰ ਦੇ ਮਿੱਤ੍ਰ ਵਿੱਚ ਪ੍ਰੀਤ ਹੈ ਸੋ ਪੁੱਤ੍ਰ ਵਾਸਤੇ ਹੈ। ਅਤੇ

(੨) ਪੁੱਤ੍ਰ ਵਿੱਚ ਜੋ ਪ੍ਰੀਤ ਹੈ ਸੋ ਤਿਸਦੇ ਮਿੱਤ੍ਰ ਵਾਸਤੇ ਨਹੀਂ। ਇਸ ਲਈ ਪੁੱਤ੍ਰ ਅਧਿਕ ਪਿਆਰਾ ਹੈ॥

(੧) ਤਿਵੇਂ ਹੀ ਧਨ, ਪੁੱਤ੍ਰ ਆਦਿ ਵਿੱਚ ਜੋ ਪ੍ਰੀਤ ਸੋ ਆਤਮਾ ਦੇ ਵਾਸਤੇ ਹੈ।

(੨) ਆਤਮਾ ਵਿੱਚ ਜੋ ਪ੍ਰੀਤ ਹੈ ਸੋ ਧਨ, ਪੁੱਤ੍ਰ ਆਦਿ ਵਾਸਤੇ ਨਹੀਂ।

ਇਸ ਲਈ ਆਤਮਾ ਅਧਿਕ ਪਿਆਰੀ ਹੈ॥

ਇਸ ਰੀਤ ਨਾਲ ਮੈਂ ਪਰਮ ਪ੍ਰਿਯ ਹਾਂ। ਇਹ ਜਾਨਣਾ॥

ਪ੍ਰਸ਼ਨ ੧੮੪. ਪ੍ਰਤੀ ਦਾ ਨਯੂਨ (ਘੱਟ) ਅਧਿਕ (ਵੱਧ) ਭਾਵ ਕਿਵੇਂ ਜਾਨਣਾ?

ਉੱਤਰ : (੧) ਜਾਗ੍ਰਤ ਵਿੱਚ ਸਭ ਤੋਂ ਪਿਆਰਾ ਦ੍ਰਵਯ (ਧਨ) ਹੈ। ਕਿਉਂਕਿ ਧਨ ਵਾਸਤੇ ਪੁਰਸ਼ ਦੇਸ਼ ਛੱਡ ਕੇ ਪਰਦੇਸ ਜਾਂਦਾ ਹੈ ਅਤੇ ਅਨੇਕ ਨੀਚ ਕਰਮ ਕਰਦਾ ਹੈ। ਇਸ ਲਈ ਦ੍ਰਵਯ ਪ੍ਰਿਯ ਹੈ॥

(੨) ਦ੍ਰਵਯ ਤੋਂ ਪੁੱਤ੍ਰ ਪ੍ਰਿਯ ਹੈ। ਕਿਉਂਕਿ ਪੁੱਤ੍ਰ ਖੋਟੇ ਕਰਮ ਕਰਕੇ ਰਾਜੇ ਦੀ ਕੈਦ ਵਿੱਚ ਬੰਧਨਾਂ ਨੂੰ ਪਿਆ ਹੋਵੇ ਤਾਂ ਤਿਸਨੂੰ ਧਨ ਦੇ ਕੇ ਛੁਡਾਉਂਦੇ ਹਨ। ਇਸ ਲਈ ਧਨ ਤੋਂ ਪੁੱਤ੍ਰ ਪ੍ਰਿਯ ਹੈ॥

(੩) ਪੁੱਤ੍ਰ ਤੋਂ ਸਰੀਰ ਪ੍ਰਿਯ (ਪਿਆਰਾ) ਹੈ। ਕਿਉਂਕਿ ਜਦੋਂ ਦੁਰਭਿੱਖ ਕਹੀਏ ਕਾਲ (ਅੰਨ ਆਦਿ ਜਦੋਂ ਮਹਿੰਗਾ ਹੋਵੇ) ਤਾਂ ਪੁੱਤ੍ਰ ਨੂੰ ਵੇਚ ਕੇ ਸਰੀਰ ਦਾ ਨਿਰਵਾਹ (ਗੁਜਾਰਾ) ਕਰਦਾ ਹੈ। ਇਸ ਲਈ ਪੁੱਤ੍ਰ ਤੋਂ ਸਰੀਰ ਪ੍ਰਿਯ ਹੈ॥

(੪) ਸਰੀਰ ਤੋਂ ਇੰਦ੍ਰਿਯ ਪ੍ਰਿਯ ਹਨ। ਕਿਉਂਕਿ ਕੋਈ ਮਾਰਣ ਲਈ ਆਵੇ ਤਾਂ ਇੰਦ੍ਰਿਯਾ ਨੂੰ ਲੁਕਾ ਕੇ ''ਮੇਰੇ ਸਰੀਰ ਵਿੱਚ ਮਾਰ ਪਰੰਤੂ ਅੱਖਾਂ ਕੰਨ,ਨੱਕ,ਮੁੱਖ 'ਤੇ ਨਾ ਮਾਰ'' ਇਸ ਤਰ੍ਹਾਂ ਆਖਦੇ ਹਨ। ਇਸ ਲਈ ਸਰੀਰ ਤੋਂ ਇੰਦ੍ਰਿਯ ਪ੍ਰਿਯ ਹਨ।

(੫) ਇੰਦ੍ਰਿਯਾ ਤੋਂ ਪ੍ਰਾਣ ਪ੍ਰਿਯ ਹਨ। ਕਿਉਂਕਿ ਕਿਸੇ ਨੂੰ ਖੋਟੇ ਕਰਮਾਂ ਕਰਕੇ ਰਾਜੇ ਤੋਂ ਹੁਕਮ ਹੋਵੇ ਕਿ ''ਇਸ ਦੇ ਪ੍ਰਾਣ ਲੈ ਲਉ'' ਤਾਂ ਆਖਦਾ ਹੈ ਕਿ ਮੇਰਾ ਧਨ, ਪੁੱਤ੍ਰ, ਇਸਤਰੀ, ਘਰ ਲੁੱਟ ਲਵੋ। ਪਰੰਤੂ ਪ੍ਰਾਣ ਨਾ ਕੱਢੋ। ਤਾਂ ਵੀ ਰਾਜੇ ਦੀ ਆਗਿਆ ਤਾਂ ਪ੍ਰਾਣ ਲੈਣ ਦੀ ਹੈ ਤਾਂ ਫਿਰ

ਆਖਦਾ ਹੈ ਕਿ ''ਮੇਰਾ ਕੰਨ, ਨੱਕ, ਹੱਥ, ਪੈਰ ਕੱਟ ਦਿਉ ਪਰੰਤੂ ਪ੍ਰਾਣ ਨਾ ਲਵੋ'' ਇਸ ਲਈ ਇੰਦ੍ਰਿਯਾ ਤੋਂ ਪ੍ਰਾਣ ਪਿਆਰੇ ਹਨ।

(੬) ਪ੍ਰਾਣਾਂ ਤੋਂ ਆਤਮਾ ਪ੍ਰਿਯ ਹੈ। ਕਿਉਂਕਿ ਕਿਸੇ ਨੂੰ ਅਤਿਸ਼ਯ(੩੨) ਵਿਆਧੀ ਨਾਲ ਪੀੜ ਹੁੰਦੀ ਹੋਵੇ ਤਾਂ ਆਖਦਾ ਹੈ ਕਿ ''ਮੇਰੇ ਪ੍ਰਾਣ ਚਲੇ ਜਾਣ ਤਾਂ ਹੀ ਮੈਂ ਸੁਖੀ ਹੋਵਾਂਗਾ'' ਇਸ ਲਈ ਪ੍ਰਾਣਾਂ ਤੋਂ ਆਤਮਾ ਪ੍ਰਿਯ ਹੈ॥

ਇਸ ਰੀਤ ਨਾਲ ਪ੍ਰੀਤ ਦਾ ਨਯੂਨ(੩੩) ਅਧਿਕ(੩੪) ਭਾਵ ਜਾਨਣਾ॥

(੩੨) ਬਹੁਤ ਜ਼ਿਆਦਾ ਵਿਆਧੀ=ਸਰੀਰ ਦੇ ਰੋਗ

(੩੩) ਘੱਟ

(੩੪) ਵੱਧ

इति श्री विचारचंद्रोदये सच्चिदानंद विशेष वर्णन नामिका अष्टम कला समाप्ता॥ ८॥

ਇਤਿ ਸ਼੍ਰੀ ਵਿਚਾਰਚੰਦ੍ਰੋਦਯ ਸਚਿਦਾਨੰਦ ਵਿਸ਼ੇਸ਼ ਵਰਣਨ ਨਾਮਿਕਾ ਅਸ਼ਟਮ ਕਲਾ ਸਮਾਪਤਾ॥ ੮॥

ਸ਼੍ਰੀ=ਸੁਭਾਇਮਾਨ ਵਿਚਾਰਚੰਦ੍ਰੋਦਯ ਗ੍ਰੰਥ ਦਾ ਅਸ਼ਟਮ=ਅਠਵਾ ਕਲਾ=ਭਾਗ ਇਥੇ ਇਤਿ=ਸਮਾਪਤ ਹੁੰਦਾ ਹੈ। ਜਿਸ ਨੂੰ ਸਚਿਦਾਨੰਦ=ਸਤਿ, ਚਿਤ, ਅਨੰਦ ਵਿਸ਼ੇਸ਼ਣਾ ਦੇ ਵਿਸ਼ੇਸ਼=ਖਾਸ ਵਰਣਨ=ਕਥਨ ਨਾਮਿਕਾ=ਨਾਮ ਦੀ ਪ੍ਰਕਿਰਿਆ ਦਾ ਵਿਸਥਾਰ ਨਾਲ ਨਿਰੂਪਣ ਕਰਕੇ ਸਮਾਪਤਾ=ਸੰਪੂਰਨ ਕੀਤਾ ਗਿਆ ਹੈ।

☆☆☆

(ਨਵਮ ਕਲਾ)

॥ अथ नवम कला प्रारंभः ९॥

॥ਅਥ ਨਵਮ ਕਲਾ ਪ੍ਰਾਰੰਭਃ ॥ ੯ ॥

ਅਥ= ਹੁਣ ਇਸ ਗ੍ਰੰਥ ਦੇ ਨਵਮ=ਨੌਵੇਂ ਕਲਾ=ਭਾਗ ਨੂੰ ਪ੍ਰਾਰੰਭਃ=ਸ਼ੁਰੂ ਕਰਦੇ ਹਨ॥

॥ अवाच्य सिद्धांत वर्णन॥

॥ ਅਵਾਚਯ ਸਿਧਾਂਤ ਵਰਣਨ॥

ਇਸ ਕਲਾ ਵਿੱਚ ਸਿਧਾਂਤ=ਤੱਤ ਸਰੂਪ ਬ੍ਰਹਮ ਜੋ ਮਨ, ਬਾਣੀ ਦਾ ਵਿਸ਼ਾ ਨਾ ਹੋਣ ਕਰਕੇ ਸ਼ਕਤੀ ਬਿਰਤੀ (ਸ਼ਬਦ ਵਿੱਚ ਅਰਥ ਦੇ ਗਿਆਨ ਕਰਵਾਉਣ ਦੀ ਸਮਰੱਥਾ ਰੂਪ ਜੋ ਸ਼ਬਦ ਦਾ ਅਰਥ ਦੇ ਨਾਲ ਸਾਕਸ਼ਾਤ ਸੰਬੰਧ, ਸੋ ਸ਼ਬਦ ਦੀ ਸ਼ਕਤੀ ਬਿਰਤੀ ਹੈ।) ਦੁਆਰਾ ਅਵਾਚਯ=ਕਥਨ ਕਹਿਣ ਤੋਂ ਰਹਿਤ ਹੈ,ਤਿਸਦਾ ਵਰਣਨ=ਨਿਰੂਪਣ ਕਰਦੇ ਹਨ॥

॥ इंद्रविजय छंदः॥

॥ ਇੰਦ੍ਰਵਿਜਯ ਛੰਦਃ ॥

ਅਨੇਕਾਂ ਪ੍ਰਕਾਰ ਦੀ ਛੰਦਾਬੰਦੀ ਵਿੱਚੋਂ ਪੀਤਾਂਬਰ ਜੀ ਇੰਦ੍ਰਵਿਜਯ ਨਾਮਕ ਛੰਦ ਦੇ ਅੰਦਰ ਸੁੰਦਰ ਕਾਵ ਰਚਨਾ ਦੁਆਰਾ ਮੂਲ ਪਾਠ ਦੀ ਰਚਨਾ ਕਰਦੇ ਹਨ। ਜੋ ਠੁਮਰੀ ਅਥਵਾ ਲਾਵਨੀ ਵਿੱਚ ਗਾਇਆ ਜਾਵੇ ਸੋ ਕਹੀਏ ਇੰਦ੍ਰਵਿਜਯ ਛੰਦ॥

ब्रह्म अहै मन बानि अगोचर॥

ਬ੍ਰਹਮ ਅਹੈ ਮਨ ਬਾਨੀ ਅਗੋਚਰ॥

ਬ੍ਰਹਮ=ਵਿਆਪਕ ਚੇਤਨ ਸ਼ਕਤੀ ਬਿਰਤੀ ਦੁਆਰਾ ਉਚਾਰੀ ਬਾਨੀ=ਬਚਨ ਵਾ ਸ਼ਬਦ, ਮਨ=ਸੰਕਲਪ-ਵਿਕਲਪ ਰੂਪ ਬਿਰਤੀ ਅਤੇ ਇੰਦ੍ਰਿਯਾ ਦੀ ਅਗੋਚਰ=ਗੋਚਰ ਕਹੀਏ ਗਮਤਾ ਵਾ ਪਕੜ ਤੋਂ ਅ=ਰਹਿਤ ਭਾਵ ਮਨ, ਬਾਣੀ ਤੇ ਇੰਦ੍ਰਿਯਾ ਦਾ ਅਵਿਸ਼ਾ ਹੋਣ ਕਰਕੇ ਅਗੋਚਰ ਕਹੀਏ ਗੁਪਤ ਅਹੈ=ਹੈ।

ਤੂੰ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ ਭਾਉ ਨ ਬੁਝਹਿ ਗਵਾਰੀ॥

(ਸੋਰਠਿ ਮਃ ੪, ਅੰਗ ੬੦੭)

शास्त्र रु संत कहैं अरु ध्यावैं॥

ਸ਼ਾਸਤ੍ਰ ਰੁ ਸੰਤ ਕਹੈ ਅਰੁ ਧਿਆਵੈਂ॥

ਬ੍ਰਹਮ ਅਗੋਚਰ ਹੈ ਐਸਾ ਸ਼ਾਸਤ੍ਰ=ਛੇ ਸ਼ਾਸਤ੍ਰ ਵਾ ਧਾਰਮਿਕ ਗ੍ਰੰਥ ਰੁ=ਔਰ ਸੰਤ=ਸ਼ਾਂਤ ਚਿਤ

ਮਹਾਤਮਾ ਜਨ ਕਹੈ=ਕਥਨ ਕਰਦੇ ਹਨ ਅਰੂ=ਅਤੇ ਧਿਆਵੈਂ=ਧਿਆਕਾਰ ਬਿਰਤੀ ਦੁਆਰਾ ਸ਼ਬਦ-ਸੁਰਤਿ ਦੇ ਅਭਿਆਸ ਨਾਲ ਤਿਸਦਾ ਚਿੰਤਨ ਕਰਨ ਦਾ ਉਪਦੇਸ਼ ਦਿੰਦੇ ਹਨ॥ ਧਿਆਤਾ (ਧਿਆਉਣ ਵਾਲਾ),ਧਿਆਨ (ਸੁਰਤ),ਧੇਯ (ਜਿਸ ਇਸ਼ਟ ਨੂੰ ਧਿਆਇਆ ਜਾਵੇ) ਰੂਪ ਤ੍ਰਿਕੁਟੀ ਦੀ ਇਕ ਰੂਪਤਾ ਵਾ ਅਭੇਦਤਾ ਸੋ ਕਹੀਏ ਧਿਆਕਾਰ ਬਿਰਤੀ।

ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ ਹਉ ਸਤਿਗੁਰ ਕੈ ਬਲਿਹਾਰੀਐ॥

(ਤੁਖਾਰੀ ਮ:੧, ਅੰਗ ੧੧੧੪)

ਕੇਦ ਬਦੇਂ ਲਛਨਾਦਿਕ ਰੀਤਿ ਰੁ।

ਵੇਦ ਬਦੇਂ ਲਛਨਾਦਿਕ ਰੀਤੀ ਰੂ।

ਵੇਦ=ਗਿਆਨ ਸਰੂਪ ਬ੍ਰਹਮ ਨੂੰ ਜਾਨਣ ਲਈ ਵੇਦਾਂ ਨੇ ਲਛਨਾਦਿਕ=ਲਕਛਨਾ ਵ੍ਰਿਤੀ ਕਹੀਏ ਜੈਹਤ, ਅਜੈਹਤ ਅਤੇ ਭਾਗ ਤਿਆਗ ਦੀ ਰੀਤੀ=ਮਰਿਆਦਾ ਨੂੰ ਬਦੇਂ=ਗਿਨਣਾ ਵਾ ਮੰਨਣਾ ਕੀਤਾ ਹੈ। ਰੂ=ਔਰ :-

(ਲਕਛਣਾ ਵ੍ਰਿਤੀ ਪੰਨਾ ੧੯੩ ਤੇ ਪ੍ਰਸ਼ਨ ੨੦੨ ਪੜ੍ਹੋ)

ਕ੍ਰਿਤਿ ਕਿਆਪ੍ਤਿ ਜਨੋ ਸਨ ਲਾਵੈਂ॥

ਵ੍ਰਿਤੀ ਵਿਆਪਤੀ ਜਨੋ ਮਨ ਲਾਵੈਂ॥

ਲਕਛਣਾ ਵ੍ਰਿਤੀ ਦੁਆਰਾ ਬ੍ਰਹਮ ਦੀ ਏਕਤਾ ਜਾਨਣ ਲਈ ਜਿਗਿਆਸੂ ਜਨੋ=ਲੋਕ ਮਨ=ਅੰਤਹਕਣ ਦੀ ਵ੍ਰਿਤੀ=ਬਿਰਤੀ ਦੀ ਵਿਆਪਤੀ=ਪ੍ਰਵਿਰਤੀ ਸ੍ਰਵਣ ਸਾਧਨ ਦੁਆਰਾ ਮਹਾਵਾਕ (ਜੀਵ ਬ੍ਰਹਮ ਦੀ ਏਕਤਾ ਦੇ ਬੋਧਕ ਵਾਕਯ) ਵਿਚ ਲਾਵੈਂ=ਜੋੜਨ ਰੂਪ ਲਾਉਣਾ ਕਰਦੇ ਹਨ॥ (ਕਿਸੇ ਵਸਤੂ ਦੇ ਸੰਬੰਧ ਵਿੱਚ ਆਉਣ ਤੋਂ ਜਾਂ ਉਸਨੂੰ ਢੱਕਣ ਤੋਂ ਬਾਦ ਮਨ ਜਿਸ ਰੂਪ ਨੂੰ ਧਾਰਣ ਕਰਦਾ ਸੋ ਕਹੀਏ ਵ੍ਰਿਤੀ)

ਹੈਂ ਜੁ ਸਦਾਦਿ ਵਿਧੇਯ ਵਿਸ਼ੇਸ਼ਣ।

ਹੈਂ ਜੁ ਸਦਾਦਿ ਵਿਧੇਯ ਵਿਸ਼ੇਸ਼ਣ।

ਜੁ=ਜਿਹੜੇ ਸਦਾਦਿ=ਸਤ, ਚਿਤ, ਅਨੰਦ, ਸ੍ਵਯੰ ਪ੍ਰਕਾਸ਼, ਕੂਟਸਥ ਆਦਿਕ ਵਿਧੇਯ ਵਿਸ਼ੇਸ਼ਣ (ਪੰਨਾ ੧੫੦ ਤੇ ਟੂਕ ੫੮ ਪੜ੍ਹੋ) ਹੈਂ=ਹਨ।

ਕੇ ਅਸਦਾਦਿਕ ਭਿਨ੍ਨ ਕਹਾਵੈਂ॥

ਵੇ ਅਸਦਾਦਿਕ ਭਿੰਨ ਕਹਾਵੈਂ॥

ਵੇ=ਉਹ ਵਿਧੇਯ ਵਿਸ਼ੇਸ਼ਣ ਅਸਦਾਦਿਕ=ਅਸੱਤ, ਅਨੰਤ, ਅਸੰਸ, ਅਜਨਮ ਆਦਿ ਜੋ ਨਿਸ਼ੇਧਯ ਵਿਸ਼ੇਸ਼ਣਾ (ਪੰਨਾ ੧੫੧ ਤੇ ਟੂਕ ੬੧ ਪੜ੍ਹੋ) ਤੋਂ ਭਿੰਨ=ਵੱਖਰੇ ਕਹਾਵੈ=ਆਖੇ ਜਾਂਦੇ ਹਨ॥

ਸਤ੍ਯ ਅਪੇਕ੍ਸ਼ਿਕ ਆਦਿ ਵਿਰੋਧਿ ਜੁ।

ਸਤਯ ਅਪੇਕਸ਼ਿਕ ਆਦੀ ਵਿਰੋਧੀ ਜੁ।

ਜੁ=ਜਿਹੜੀ ਨਿਸ਼ੇਧਯ ਵਿਸ਼ੇਸ਼ਣਾ ਵਿੱਚ ਵਿਰੋਧੀ=ਉਲਟ ਅੰਸ਼ ਜਿਵੇਂ ਅਪਕੇਸ਼ਿਕ*=ਆਦਿ ਵਿਰੋਧੀ=ਵ੍ਰਿਤੀ ਗਿਆਨ ਅਤੇ ਵਿਸ਼ਯਾਨੰਦ ਇਤਿਆਦਿਕ ਹੈ।

ਜੋ ਵਸਤੂ ਕਿਸੇ ਦੀ ਅਪੇਕਸ਼ ਕਹੀਏ ਤੁਲਨਾ ਤੋਂ ਸੱਚ ਹੋਵੇ ਅਤੇ ਕਿਸੇ ਦੀ ਤੁਲਨਾ ਤੋਂ ਝੂਠ ਹੋਵੇ ਸੋ ਕਹੀਏ ਅਪੇਕਸ਼ਿਕ ਸੱਤਯ।

ਅੰਸ ਤਜੀ ਧਰਮਾਰ੍ਥ ਲਖਾਵੈਂ॥ ੧੮॥

ਅੰਸ ਤਜੀ ਪਰਮਾਰਥ ਲਖਾਵੈਂ॥ ੧੮॥

ਵਿਰੋਧੀ ਅੰਸ=ਭਾਗ ਨੂੰ ਤਜੀ=ਤਿਆਗ ਕੇ ਅਪੇਕਸ਼ਿਕ ਸੱਤ ਤੋਂ ਉਲਟ ਨਿਰਪੇਕਸ਼ਿਕ ਸੱਤ, ਵ੍ਰਿਤੀ ਗਿਆਨ ਤੋਂ ਉਲਟ ਚੇਤਨ ਸਰੂਪ ਅਤੇ ਵਿਸ਼ਯਾਨੰਦ ਤੋਂ ਪ੍ਰਤੀਕੂਲ ਪਰਮਾਨੰਦ ਲਕਛਣਾ ਵਾਲੇ ਪਰਮਾਰਥ (ਪਰਮ+ਅਰਥ) ਪਰਮ=ਸ੍ਰੇਸ਼ਟ ਅਰਥ ਕਹੀਏ ਧਨ ਰੂਪ ਪਦਾਰਥ ਜੋ ਬ੍ਰਹਮ ਤਿਸ ਨੂੰ ਲਕਛਣਾ ਬਿਰਤੀ ਦੀ ਭਾਗ ਤਿਆਗ ਰੀਤ ਦੁਆਰਾ ਲਖਾਵੈਂ=ਜਾਣਿਆ ਜਾਂਦਾ ਹੈ॥

(ਲਕਛਣਾ ਬਿਰਤੀ:-ਜਹਤ, ਅਜਹਤ, ਭਾਗ ਤਿਆਗ ਪੰਨਾ ੧੯੪ ਤੇ ਪ੍ਰਸ਼ਨ ੨੦੪ ਪੜ੍ਹੋ)

ਹੈਂ ਜੁ ਅਨੰਤ ਅਖੰਡ ਅਸੰਗ ਰੁ।

ਹੈ ਜੁ ਅਨੰਤ ਅਖੰਡ ਅਸੰਗ ਰੂ।

ਜੁ=ਜਿਹੜਾ ਅਨੰਤ=ਅੰਤ ਰਹਿਤ ਅਖੰਡ=ਟੁਕੜੇ ਵਾ ਹਿੱਸਿਆਂ ਤੋਂ ਰਹਿਤ ਰੂ=ਔਰ ਅਸੰਗ=ਸੰਗ ਕਹੀਏ ਸੰਬੰਧਾਂ ਤੋਂ ਰਹਿਤ ਨਿਆਰਾ ਬ੍ਰਹਮ ਹੈ।

ਅਦ੍ਵਯ ਆਦਿ ਨਿਸ਼ੇਧ੍ਯ ਰਹਾਵੈਂ॥

ਅਦ੍ਵੈ ਆਦਿ ਨਿਸ਼ੇਧਯ ਰਹਾਵੈਂ॥

ਸੋ ਬ੍ਰਹਮ ਅਦ੍ਵੈ=ਅਦੁੱਤੀ, ਅਜਨਮ, ਨਿਰਵਿਕਾਰ ਆਦਿ ਹੋਣ ਕਰਕੇ ਪ੍ਰਪੰਚ ਦਾ ਨਿਸ਼ੇਧ (ਖੰਡਨ) ਕਰਕੇ ਕੇਵਲ ਆਪ ਹੀ ਨਿਸ਼ੇਧਯ ਵਿਸ਼ੇਸ਼ਣਾ ਵਾਲਾ ਅਵਸ਼ੇਸ਼ ਕਹੀਏ ਬਾਕੀ ਰਹਾਵੈਂ=ਰਹਿ ਜਾਂਦਾ ਹੈ।

(ਨਿਸ਼ੇਧਯ ਵਿਸ਼ੇਸ਼ਣ ਪੰਨਾ ੧੫੧ ਤੇ ਟੂਕ ੬੧ ਪੜ੍ਹੋ)

ਕੇ ਧਰਪੰਚ ਨਿਸੇਧ ਕਰੀ।

ਵੇ ਪਰਪੰਚ ਨਿਸ਼ੇਧ ਕਰੀ।

ਵੇ=ਉਹ ਬ੍ਰਹਮ ਦੇ ਨਿਸ਼ੇਧਯ ਵਿਸ਼ੇਸ਼ਣ ਪਰਪੰਚ=ਪਰ ਕਹੀਏ ਵਿਸ਼ੇਸ਼ ਕਰਕੇ ਪੰਚ=ਪੰਜ ਅੰਸਾ (ਅਸਤੀ, ਭਾਤਿ, ਪ੍ਰਿਯ, ਨਾਮ ਤੇ ਰੂਪ) ਦਾ ਬਣਿਆ ਵਾ ਪਰਪੰਚ=ਛਲ ਰੂਪ ਸੰਸਾਰ ਦਾ ਨਿਸ਼ੇਧ=ਖੰਡਨ ਕਰੀ=ਕਰਕੇ :-

ਅਵਸ਼ੇਸ਼ਿਤ ਕਸ੍ਤੁ ਗਿਰਾ ਬਿਨ ਗਾਵੈਂ॥

ਅਵਸ਼ੇਸ਼ਿਤ ਵਸਤੂ ਗਿਰਾ ਬਿਨ ਗਾਵੈਂ॥

ਅਵਸ਼ੇਸ਼ਿਤ=ਬਾਕੀ ਜੋ ਵਸਤੂ=ਪਦਾਰਥ ਬ੍ਰਹਮ ਸੋ ਸ਼ਕਤੀ ਬਿਰਤੀ (ਸ਼ਬਦ ਵਿੱਚ ਅਰਥ ਦੇ ਗਿਆਨ ਕਰਵਾਉਣ ਦੀ ਸਮਰੱਥਾ ਰੂਪ ਜੋ ਸ਼ਬਦਾਂ ਦਾ ਅਰਥ ਦੇ ਨਾਲ ਸਾਕਸ਼ਾਤ ਸੰਬੰਧ) ਦੀ ਗਿਰਾ=ਬਾਣੀ ਦੀ ਗਮਤਾ (ਪਹੁੰਚ) ਤੋਂ ਬਿਨਾ=ਰਹਿਤ ਗਾਵੈਂ=ਉਚਾਰਨ ਕੀਤਾ ਗਿਆ ਹੈ॥

ਯੂਂ ਪਰਮਾਤਮ ਆਤਮ ਦੇਵਹੀ।

ਯੂੰ ਪਰਮਾਤਮ ਆਤਮ ਦੇਵ ਹੀ।

ਯੂੰ=ਇਸ ਤਰ੍ਹਾਂ ਪ੍ਰਤਯਕ (ਅੰਤਰ) ਆਤਮ=ਆਤਮਾ ਤੋਂ ਅਭਿੰਨ ਪਰਮਾਤਮ=ਪਰਮਾਤਮਾ ਕਹੀਏ ਬ੍ਰਹਮ ਹੀ=ਨਿਸ਼ਚੇ ਕਰਕੇ ਦੇਵ=ਪ੍ਰਕਾਸ਼ ਰੂਪ ਹੈ।

ਅਚਰਜ ਕਥਾ ਮਹਾ ਅਨੂਪ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪ॥ ਰਹਾਉ॥ (ਗੌਂਡ ਮ:੫, ਅੰਗ ੮੬੮)

ਕੇਦ ਰੁ ਸ਼ਾਸ੍ਤ੍ਰ ਸਬੇ ਸ੍ਰੁਟਾਵੈਂ॥

ਵੇਦ ਰੂ ਸ਼ਾਸਤ੍ਰ ਸਬੇ ਸੁਰਟਾਵੈ॥

ਬ੍ਰਹਮ ਤੋਂ ਅਭਿੰਨ ਆਤਮਾ ਅਤੇ ਜੀਵ-ਈਸ਼ ਦੀ ਏਕਤਾ ਦੇ ਬਚਨ ਚਾਰ ਵੇਦ=ਸ਼ਾਮਵੇਦ, ਰਿਗਵੇਦ, ਯਜੁਰ ਵੇਦ, ਅਥਰਬਣ ਵੇਦ ਅਤੇ ਛੇ ਸ਼ਾਸਤ੍ਰ=ਸਾਂਖ, ਯੋਗ, ਨਜਾਯ, ਵੈਸ਼ੇਸ਼ਿਕ, ਮੀਮਾਂਸਾ ਅਤੇ ਵੇਦਾਂਤ ਸਬੇ=ਸਾਰੇ ਸੁਰਟਾਵੈ=ਉੱਚੀ ਪੁਕਾਰ ਕੇ ਸੁਣਾਉਂਦੇ ਹਨ॥

ਧਂਡਿਤ ਤ੍ਯਾਗਿ ਅਭਾਸ ਧੀਤਾਂਬਰ।

ਪੰਡਿਤ ਤਿਆਗੀ ਅਭਾਸ ਪੀਤਾਂਬਰ।

ਪੰਡਿਤ=ਵਿਦਵਾਨ ਪੀਤਾਂਬਰ ਜੀ ਕਥਨ ਕਰਦੇ ਹਨ ਕਿ ਚੇਤਨ ਦੇ ਅਭਾਸ=ਪਰਛਾਵੇ ਵਾ ਪ੍ਰਤੀਬਿੰਬ ਵਾਲੇ ਚਿਦਾਭਾਸ ਦੇ ਧਰਮਾਂ (ਕਰਤਾ=ਭੋਗਤਾਪਨ ਆਦਿ) ਨੂੰ ਤਿਆਗੀ=ਛੱਡ ਕੇ :-

ਵ੍ਰਿਤ੍ਤਿ ਅਹਂ ਅਧਰੋਕ੍ਸ਼ਹਿ ਧਾਵੈਂ॥ ੧੯॥

ਵ੍ਰਿਤੀ ਅਹੰ ਅਪਰੋਕਸ਼ ਹੀ ਪਾਵੈਂ॥ ੧੯॥

ਅਖੰਡਾਕਾਰ (ਇਕ-ਰਸ) ਵ੍ਰਿਤੀ=ਬਿਰਤੀ ਦੁਆਰਾ ਅਹੰ=ਮੈਂ ਪ੍ਰਤਯਕ (ਅੰਤਰ) ਆਤਮਾ ਹੀ=ਨਿਸ਼ਚੇ ਕਰਕੇ ਬ੍ਰਹਮ ਤੋਂ ਅਭਿੰਨ ਹਾਂ ਐਸਾ ਦ੍ਰਿੜ ਅਪਰੋਕਸ਼=ਓਲੇ ਤੋਂ ਰਹਿਤ ਪ੍ਰਤੱਖ ਗਿਆਨ ਪਾਵੈਂ=ਪਾਉਣਾ ਕਰੀਦਾ ਹੈ॥

ਹੁਣ ਇਸ ਮੂਲ ਪਾਠ ਦੀ ਵਿਚਾਰ ਨੂੰ ਪ੍ਰਸ਼ਨ-ਉੱਤਰਾਂ ਦੇ ਰਾਹੀ ਵਿਸਥਾਰ ਨਾਲ ਸਮਝਾਉਂਦੇ ਹਨ:-

ਪ੍ਰਸ਼ਨ ੧੮੫. ਬ੍ਰਹਮ-ਆਤਮਾ ਜਦੋਂ ਬਾਣੀ ਦਾ ਵਿਸ਼ਾ ਨਹੀਂ ਤਾਂ ਸੱਤ ਚਿਤ ਅਨੰਦ ਆਦਿਕ ਵਿਸ਼ੇਸ਼ਣਾ ਨਾਲ ਕਿਵੇਂ ਕਹੀਦਾ ਹੈ?

ਉੱਤਰ : ਬ੍ਰਹਮ-ਆਤਮਾ ਦੇ ਕਿੰਨੇ ਹੀ ਵਿਧੇਯ[੧] ਵਿਸ਼ੇਸ਼ਣ ਹਨ ਅਤੇ ਕਿੰਨੇ ਹੀ ਨਿਸ਼ੇਧਯ[੨] ਵਿਸ਼ੇਸ਼ਣ ਹਨ। ਇਨ੍ਹਾਂ ਵਿੱਚੋਂ :-

(੧) ਵਿਧੇਯ ਵਿਸ਼ੇਸ਼ਣ ਜੋ ਸਤ ਆਦਿਕ ਸੋ ਪ੍ਰਪੰਚ ਦਾ ਨਿਸ਼ੇਧ ਕਰਕੇ ਅਵਸ਼ੇਸ਼ (ਬਾਕੀ) ਜੋ ਬ੍ਰਹਮ ਤਿਸਨੂੰ ਲਕਛਣਾ[੩] ਨਾਲ ਸਾਕਸ਼ਾਤ ਬੋਧਨ ਕਰਦੇ ਹਨ। ਅਤੇ

(੨) ਨਿਸ਼ੇਧਯ ਵਿਸ਼ੇਸ਼ਣ ਜੋ ਅਨੰਤ ਆਦਿਕ ਉਹ ਸਾਕਸ਼ਾਤ ਪ੍ਰਪੰਚ ਦਾ ਨਿਸ਼ੇਧ ਕਰਕੇ ਤਿਸ ਤੋਂ ਵਿਲਕਛਣ[੪] ਬ੍ਰਹਮ-ਆਤਮਾ ਨੂੰ ਸਿੱਧ ਕਰਦੇ ਹਨ। ਇਸ ਲਈ ਬ੍ਰਹਮ ਆਤਮਾ ਅਵਾਚਯ[੫] ਹੋਣ ਕਰਕੇ ਕਿਸੇ ਵੀ ਵਿਸ਼ੇਸ਼ਣ ਨਾਲ ਨਹੀਂ ਕਿਹਾ ਜਾ ਸਕਦਾ॥

(੧) 'ਸੱਤ ਹੈ'। 'ਚਿਤ ਹੈ'। ਇਸ ਪ੍ਰਕਾਰ ਵਿਧੀ ਪੱਖ (ਮੰਡਨ) ਨਾਲ ਬ੍ਰਹਮ ਦੇ ਬੋਧਕ ਪਦ ਵਿਧੇਯ ਵਿਸ਼ੇਸ਼ਣ ਹਨ॥ (ਵਿਧੇਯ ਵਿਸ਼ੇਸ਼ਣ ਪੰਨਾ ੧੫੦ ਤੇ ਟੂਕ ੫੮ ਪੜ੍ਹੋ)

(੨) 'ਅਨੰਤ (ਅੰਤ ਰਹਿਤ) 'ਅਖੰਡ' (ਖੰਡ=ਹਿੱਸੇ, ਟੁਕੜੇ ਰਹਿਤ) ਇਸ ਪ੍ਰਕਾਰ ਨਿਸ਼ੇਧ ਪੱਖ (ਖੰਡਨ) ਨਾਲ ਬ੍ਰਹਮ ਦੇ ਬੋਧਕ ਪਦ ਨਿਸ਼ੇਧਯ ਵਿਸ਼ੇਸ਼ਣ ਹਨ। ਨਿਸ਼ੇਧਯ ਵਿਸ਼ੇਸ਼ਣ ਪੰਨਾ

੧੫੧ ਤੇ ਟੂਕ ੬੧ ਪੜ੍ਹੋ।

(੩) ਵਾਚਯ ਅਰਥ (ਵਾ) = ਪੰਨਾ ੧੯੩ ਤੇ ਪ੍ਰਸ਼ਨ ੨੦੨ ਪੜ੍ਹੋ।

ਲਕਛਯ ਅਰਥ (ਲ) = ਪੰਨਾ ੧੯੩ ਤੇ ਪ੍ਰਸ਼ਨ ੨੦੨ ਪੜ੍ਹੋ।

(੧) (ਵਾ) : ਮਾਯਾ ਅਤੇ ਪ੍ਰਪੰਚ ਵਿੱਚ ਅਪੇਕਸ਼ਿਕ ਸਤਯਤਾ (ਜੋ ਵਸਤੂ ਕਿਸੇ ਦੀ ਅਪੇਕਸ਼ਾ ਕਹੀਏ ਤੁਲਨਾ ਤੋਂ ਸਚ ਹੋਵੇ ਅਤੇ ਕਿਸੇ ਦੀ ਤੁਲਨਾ ਤੋਂ ਝੂਠ ਸੋ ਕਹੀਏ ਅਪੇਕਸ਼ਿਕ ਸਤਯ) ਹੈ ਅਤੇ ਬ੍ਰਹਮ ਵਿੱਚ ਨਿਰਪੇਕਸ਼ਿਕ ਸਤਯਤਾ (ਜੋ ਵਸਤੂ ਸਾਰਿਆਂ ਦੀ ਅਪੇਕਸ਼=ਤੁਲਨਾ ਤੋਂ ਸੱਤ ਹੋਵੇ ਅਤੇ ਕਿਸੇ ਦੀ ਤੁਲਨਾ ਤੋਂ ਅਸੱਤ ਨਾ ਹੋਵੇ) ਹੈ। ਦੋਵੇਂ ਮਿਲ ਕੇ (ਅਪੇਕਸ਼ਿਕ ਤੇ ਨਿਰਪੇਕਸ਼ਿਕ ਸੱਤਯ) 'ਸੱਤ' ਪਦ ਦਾ ਵਾਚਯ ਹੈ। ਅਤੇ

(ਲ) : ਮਾਯਾ ਦੀ ਅਪੇਕਸ਼ਿਕ ਸੱਤਯਤਾ ਨੂੰ ਤਿਆਗ ਕੇ ਕੇਵਲ ਬ੍ਰਹਮ ਦੀ ਨਿਰਪੇਕਸ਼ਿਕ ਸੱਤਯਤਾ ਲਕਛਯ ਹੈ॥

(੨) (ਵਾ) : ਅੰਤਹਕਰਣ ਦੀ ਬਿਰਤੀ ਰੂਪ ਗਿਆਨ ਅਤੇ ਚੇਤਨ ਰੂਪ ਗਿਆਨ ਦੋਵੇਂ ਮਿਲਕੇ 'ਚਿਤ' ਪਦ ਦਾ ਵਾਚਯ ਹੈ।

(ਲ) : ਵ੍ਰਿਤੀ ਗਿਆਨ ਨੂੰ ਛੱਡ ਕੇ ਕੇਵਲ ਚੇਤਨ ਰੂਪ ਗਿਆਨ ਲਕਛਯ ਹੈ।

(੩) (ਵਾ) :- ਵਿਸ਼ਯਾਨੰਦ (ਸ਼ਬਦ, ਸਪਰਸ਼ ਰੂਪ ਆਦਿ ਪੰਜ ਵਿਸ਼ਿਆ ਤੋਂ ਪ੍ਰਾਪਤ ਸੁਖ) ਵਾਸਨਾਨੰਦ (ਵਾਸ਼ਨਾ ਕਹੀਏ ਕਾਮਨਾ ਦੀ ਪੂਰਤੀ ਤੋਂ ਪ੍ਰਾਪਤ ਸੁੱਖ) ਅਤੇ ਬ੍ਰਹਮਾਨੰਦ (ਸ੍ਵੈ-ਸਰੂਪ ਬ੍ਰਹਮ ਦਾ ਅਬਿਨਾਸੀ ਸੁੱਖ) ਤਿੰਨੇ ਮਿਲਕੇ 'ਆਨੰਦ' ਪਦ ਦਾ ਵਾਚਯ ਹੈ।

(ਲ) : ਦੋਵਾਂ ਨੂੰ ਛੱਡ ਕੇ ਕੇਵਲ ਬ੍ਰਹਮਾਨੰਦ 'ਆਨੰਦ' ਪਦ ਦਾ ਲਕਛਯ ਹੈ॥

(੪) (ਵਾ) : ਮਾਯਾ ਅਤੇ ਤਿਸਦੇ ਕਾਰਜ ਆਕਾਸ਼ ਆਦਿਕ ਵਿੱਚ ਆਪੇਕਸ਼ਿਕ ਵਿਆਪਕਤਾ (ਪੰਨਾ ੪੬ ਤੇ ਟੂਕ ੧੦ ਪੜ੍ਹੋ) ਹੈ ਅਤੇ ਬ੍ਰਹਮ (ਆਤਮਾ) ਵਿੱਚ ਨਿਰਪੇਕਸ਼ਿਕ ਵਿਆਪਕਤਾ (ਪੰਨਾ ੪੬ ਤੇ ਟੂਕ ੧੦ ਪੜ੍ਹੋ) ਹੈ। ਦੋਵੇਂ ਮਿਲਕੇ 'ਬ੍ਰਹਮ' (ਵਿਭੂ=ਵਿਆਪਕ) ਪਦ ਦਾ ਵਾਚਯ ਹੈ।

(ਲ) : ਕੇਵਲ ਬ੍ਰਹਮ ਦੀ ਨਿਰਪੇਕਸ਼ਿਕ ਵਿਆਪਕਤਾ (ਬ੍ਰਹਮ ਵਾ ਵਿਆਪਕ, ਪਦ ਦਾ ਲਕਛਯ ਹੈ॥

(੫) (ਵਾ) : ਸਾਭਾਸ (ਸਹਿਤ ਅਭਾਸ=ਪ੍ਰਤੀਬਿੰਬ ਕਹੀਏ ਪਰਛਾਵਾਂ) ਬੁੱਧੀ ਵਿੱਚ ਆਪੇਕਸ਼ਿਕ ਸ੍ਵੈਪ੍ਰਕਾਸ਼ਤਾ ਹੈ ਅਤੇ ਚੇਤਨ ਵਿੱਚ ਨਿਰਪੇਕਸ਼ਿਕ ਸ੍ਵੈਪ੍ਰਕਾਸ਼ਤਾ ਹੈ। ਦੋਵੇਂ ਮਿਲ ਕੇ 'ਸ੍ਵਯੰ-ਪ੍ਰਕਾਸ਼' ਦਾ ਵਾਯ ਹੈ।

ਜੋ ਸ੍ਵੈਪ੍ਰਕਾਸ਼ ਕਹੀਏ ਸੁਤੇ ਸਿੱਧ ਆਪਣੇ ਆਪ ਤੋਂ ਹੀ ਪ੍ਰਗਟ ਹੋਵੇ ਕਿੰਤੂ ਹੋਰ ਪ੍ਰਕਾਸ਼ (ਊਰਜਾ) ਦੀ ਆਪੇਕਸ਼ਾ=ਤੁਲਨਾ ਤੋਂ ਘਟ=ਵੱਧ ਹੋਵੇ ਸੋ ਕਹੀਏ ਆਪੇਕਸ਼ਿਕ ਸ੍ਵੈਪ੍ਰਕਾਸ਼। ਜਿਵੇਂ ਅੰਤਹਕਰਣ ਵਿੱਚ ਚਿਦਾਭਾਸ ਮੂਲ ਚੇਤਨ (ਬਿੰਬ) ਦਾ ਪ੍ਰਤੀਬਿੰਬ ਹੋਣ ਕਰਕੇ ਹੈ ਤਾਂ ਸ੍ਵਯੰ ਪ੍ਰਕਾਸ਼ ਕਿੰਤੂ ਆਪਣੇ ਬਿੰਬ (ਮੂਲ ਬ੍ਰਹਮ) ਦੇ ਅਪੇਕਸ਼ਾ ਤੋਂ ਘੱਟ ਪ੍ਰਕਾਸ਼ (ਗਿਆਨ) ਵਾਲਾ ਹੈ।

ਜੋ ਸ੍ਵੈਪ੍ਰਕਾਸ਼ ਵੀ ਹੋਵੇ ਅਤੇ ਕਿਸੇ ਪ੍ਰਕਾਸ਼ ਦੀ ਤੁਲਨਾ ਤੋਂ ਘੱਟ-ਵੱਧ ਨਾ ਹੋਵੇ, ਸਭ ਤੋਂ ਸ੍ਰੇਸ਼ਟ ਹੋਵੇ ਸੋ ਕਹੀਏ ਨਿਰਪੇਕਸ਼ਿਕ ਸ੍ਵਯੰ ਪ੍ਰਕਾਸ਼ ਜਿਵੇਂ ਚੇਤਨ (ਗਿਆਨ ਸਰੂਪ) ਬ੍ਰਹਮ॥

(ਲ) : ਕੇਵਲ ਚੇਤਨ 'ਸ੍ਵਯੰ ਪ੍ਰਕਾਸ਼' ਪਦ ਦਾ ਲਕਛਯ ਹੈ।

(੬) (ਵਾ) : ਰੱਸੀ ਆਦਿ ਵਿੱਚ ਆਪੇਕਸ਼ਿਕ ਅਵਿਕਾਰਤਾ ਹੈ (ਕਿਸੇ ਦੀ ਤੁਲਨਾ ਵਾ ਅਪੇਕਸ਼ਾ ਤੋਂ ਜੋ ਅਵਿਕਾਰ (ਅ=ਵਿਸ਼ੇਸ਼ ਕਰਕੇ ਵਿਕਾਰ=ਬਦਲਾਵ ਧਾਰਨ ਕਰੇ) ਅਤੇ ਕਿਸੇ ਦੀ ਤੁਲਨਾ ਤੋਂ ਨਿਰਵਿਕਾਰ ਰਹੇ ਸੋ ਕਹੀਏ ਆਪੇਕਸ਼ਿਕ ਅਵਿਕਾਰਤਾ) ਭਾਵ ਕਿ ਜਿਵੇਂ ਰੱਸੀ ਦਾ ਸਰੂਪ ਇੱਕ ਥਾਂ ਸਥਿਤ ਹੋਣ ਕਰਕੇ ਸੱਪ ਤੋਂ ਘੱਟ ਵਿਕਾਰੀ ਬਦਲਣ ਵਾਲਾ ਹੈ। ਅਤੇ ਚੇਤਨ ਵਿੱਚ ਨਿਰਪੇਕਸ਼ਿਕ ਅਵਿਕਾਰਤਾ ਹੈ। (ਜੋ ਕਿਸੇ ਦੀ ਅਪੇਕਸ਼ਾ=ਤੁਲਨਾ ਤੋਂ ਅਵਿਕਾਰ ਵਿਸ਼ੇਸ਼ ਕਰਕੇ ਵਿਕਾਰ=ਬਦਲੇ ਨਾ ਅਤੇ ਸਦਾ ਇਕ ਰਸ ਨਿਰਵਿਕਾਰ ਅਚੱਲ ਰਹੇ ਸੋ ਕਹੀਏ ਨਿਰਪੇਕਸ਼ਿਕ ਅਵਿਕਾਰਤਾ)। ਇਹ ਅਪੇਕਸ਼ਿਕ ਅਵਿਕਾਰਤਾ ਅਤੇ ਨਿਰਪੇਕਸ਼ਿਕ ਦੋਵੇਂ ਮਿਲਕੇ (ਕੂਟਸਥ) ਪਦ ਦਾ ਵਾਚਯ ਹੈ।

(ਲ) : ਕੇਵਲ ਚੇਤਨ 'ਕੂਟਸਥ' ਪਦ ਦਾ ਲਕਛਯ ਹੈ॥

(੭) (ਵਾ) ਲੌਕਿਕ ਸਾਕਸ਼ੀ (ਜੋ ਸੰਸਾਰ ਦੇ ਲੌਕ ਵਿਵਹਾਰ ਵਿੱਚ ਗਵਾਹ ਹੋਵੇ) ਅਤੇ ਮਾਯਾ ਵਾ ਅਵਿਦਿਆ ਉਪਹਿਤ ਉਪਾਧੀ = ਪਦਵੀ ਵਾਲਾ) ਚੇਤਨ (ਬ੍ਰਹਮ ਤੋਂ ਅਭਿੰਨ ਆਤਮਾ) ਦੋਵੇਂ ਮਿਲਕੇ 'ਸਾਕਸ਼ੀ' ਪਦ ਦਾ ਵਾਚਯ ਹੈ।

(ਲ) ਕੇਵਲ ਮਾਯਾ ਅਵਿਦਿਆ ਉਪਹਿਤ ਚੇਤਨ 'ਸਾਕਸ਼ੀ' ਪਦ ਦਾ ਲਕਛਯ ਹੈ। (ਅੰਤਹਕਰਣ ਦੀ ਬਿਰਤੀ ਵਿੱਚ ਮਾਤ੍ਰ ਚੇਤਨ ਸਾਕਸ਼ੀ ਕਹੀਏ ਹੈ)॥

(੮) (ਵਾ) : ਸਾਭਾਸ (ਸਹਿਤ ਅਭਾਸ ਕਹੀਏ ਪ੍ਰਤੀਬਿੰਬ=ਪਰਛਾਵਾਂ) ਅੰਤਹਕਰਣ ਦੀ ਵ੍ਰਿਤੀ ਰੂਪ ਵਸਤੂ ਨੂੰ ਦ੍ਰਿਸ਼ਟੀ ਕਰਕੇ ਵਿਸ਼ਿਸ਼ਟ (ਸਹਿਤ) ਅਤੇ ਚੇਤਨ 'ਦ੍ਰਸ਼ਟਾ' ਪਦ ਦਾ ਵਾਚਯ ਹੈ। ਅਤੇ

(ਲ) : ਕੇਵਲ ਚੇਤਨ ਭਾਗ 'ਦ੍ਰਸ਼ਟਾ' ਪਦ ਦਾ ਲਕਛਯ ਹੈ॥

(੯) (ਵਾ) : ਯੱਗ ਦਾ ਉਪਦ੍ਰਸ਼ਟਾ ਪੁਰਸ਼ (ਜੋ ਕੋਈ ਵੀ ਕੰਮ ਨਹੀਂ ਕਰਦਾ ਕੇਵਲ ਬੈਠ ਕੇ ਯੱਗ ਦੀ ਕਿਰਿਆ ਨੂੰ ਵੇਖਦਾ ਹੈ) ਅਤੇ ਪ੍ਰਤਯਕ (ਅੰਤਰ) ਆਤਮਾ ਦੋਵੇਂ ਮਿਲਕੇ 'ਉਪਦ੍ਰਸ਼ਟਾ' ਪਦ ਦਾ ਵਾਚਯ ਹੈ।

(ਲ) : ਕੇਵਲ ਪ੍ਰਤਯਕ ਆਤਮਾ 'ਉਪਦ੍ਰਸ਼ਟਾ' ਪਦ ਦਾ ਲਕਛਯ ਹੈ॥

(੧੦) (ਵਾ) : ਸੰਸਾਰ ਵਿੱਚ ਇਕੱਲਾ ਇੱਕ ਪੁਰਖ ਅਤੇ ਸਜਾਤੀ ਭੇਦ ਰਹਿਤ ਬ੍ਰਹਮ 'ਇੱਕ' ਪਦ ਦਾ ਵਾਚਯ ਹੈ।

(ਲ) : ਕੇਵਲ ਬ੍ਰਹਮ 'ਇੱਕ' ਪਦ ਦਾ ਲਕਛਯ ਹੈ॥

ਇਸੇ ਤਰ੍ਹਾਂ ਹੀ ਉਪਰੋਕਤ ਕਥਨ ਅਨੁਸਾਰ ਬਾਕੀ ਵਿਧੇਯ ਵਿਸ਼ੇਸ਼ਣਾ ਵਿੱਚ ਵੀ ਜਾਣ ਲੈਣਾ॥

ਇਸ ਰੀਤ ਨਾਲ ਪ੍ਰਪੰਚ ਦੇ 'ਅਸੱਤ' ਆਦਿ ਵਿਸ਼ੇਸ਼ਣਾਂ ਦੇ ਨਿਸ਼ੇਧ (ਖੰਡਨ) ਕਰਨ ਵਾਲੇ 'ਸੱਤ' ਆਦਿ ਪਦਾਂ ਦੇ ਅਰਥ ਵਿੱਚ ਵੀ ਭਾਗ ਤਿਆਗ ਲਕਛਣਾ (ਪੰਨਾ ੧੯੪ ਤੇ ਪ੍ਰਸ਼ਨ ੨੦੪ ਤੇ ਪੜ੍ਹੋ) ਦੀ ਪ੍ਰਵਿਰਤੀ ਹੈ॥

(੪) ਵੱਖਰਾ ਵਾ ਨਿਆਰਾ

(੫) ਮਨ ਬਾਣੀ ਦਾ ਵਿਸ਼ਾ ਨਾ ਹੋਣ ਕਰਕੇ ਜੋ ਸ਼ਕਤੀ ਬਿਰਤੀ (ਸ਼ਬਦਾਂ ਵਿੱਚ ਅਰਥ ਦੇ ਗਿਆਨ ਕਰਾਉਣ ਦੀ ਸਮਰੱਥਾ ਰੂਪ ਜੋ ਸ਼ਬਦਾਂ ਦਾ ਅਰਥ ਦੇ ਨਾਲ ਸਾਕਸ਼ਾਤ ਸੰਬੰਧ, ਸੋ ਸ਼ਬਦ ਦੀ ਸ਼ਕਤੀ ਬਿਰਤੀ ਹੈ।) ਦੁਆਰਾ ਅਵਾਚਯ=ਕਥਨ ਨਾ ਕੀਤਾ ਜਾ ਸਕੇ।

ਪ੍ਰਸ਼ਨ ੧੮੬. 'ਸੱਤ' ਆਦਿਕ ਵਿਧੇਯ ਵਿਸ਼ੇਸ਼ਣ ਪ੍ਰਪੰਚ ਦਾ ਨਿਸ਼ੇਧ (ਖੰਡਨ) ਕਰਕੇ ਅਵਸ਼ੇਸ਼ (ਬਾਕੀ) ਬ੍ਰਹਮ ਨੂੰ ਕਿਵੇਂ ਬੋਧਨ ਕਰਦੇ ਹਨ?

ਉੱਤਰ : (੧) ਸੱਤ ਕਹਿਣ ਨਾਲ ਅਸੱਤ ਦਾ ਨਿਸ਼ੇਧ ਹੋ ਗਿਆ। ਬਾਕੀ ਰਹਿਆ ਸੱਤ ਰੂਪ। ਸੋ ਲਕਛਣਾ[੬] ਨਾਲ ਸਿੱਧ ਹੈ॥

(੨) ਚਿਤ ਕਹਿਣ ਨਾਲ ਜੜ ਦਾ ਨਿਸ਼ੇਧ ਹੋ ਗਿਆ। ਬਾਕੀ ਰਹਿਆ ਚਿਦ ਰੂਪ। ਸੋ ਲਕਛਣਾ ਨਾਲ ਸਿੱਧ ਹੈ॥

(੩) ਆਨੰਦ ਕਹਿਣ ਨਾਲ ਦੁੱਖ ਦਾ ਨਿਸ਼ੇਧ ਹੋ ਗਿਆ। ਬਾਕੀ ਰਹਿਆ ਅਨੰਦ (ਸੁਖ) ਰੂਪ। ਸੋ ਲਕਛਣਾ ਨਾਲ ਸਿੱਧ ਹੈ॥

(੪) ਬ੍ਰਹਮ[੭] ਕਹਿਣ ਨਾਲ ਪਰਛਿੰਨ[੮] ਦਾ ਨਿਸ਼ੇਧ ਹੋ ਗਿਆ। ਬਾਕੀ ਰਹਿਆ ਵਿਆਪਕ। ਸੋ ਲਕਛਣਾ ਨਾਲ ਸਿੱਧ ਹੈ॥

(੫) ਸ੍ਵੰ ਪ੍ਰਕਾਸ਼ ਕਹਿਣ ਨਾਲ ਪਰ-ਪ੍ਰਕਾਸ਼[੯] ਦਾ ਨਿਸ਼ੇਧ ਹੋ ਗਿਆ। ਬਾਕੀ ਰਹਿਆ ਸ੍ਵੰ ਪ੍ਰਕਾਸ਼ ਸੋ ਲਕਛਣਾ ਨਾਲ ਸਿੱਧ ਹੈ॥

(੬) ਕੂਟਸਥ (ਅਵਿਕਾਰੀ) ਕਹਿਣ ਨਾਲ ਵਿਕਾਰ ਦਾ ਨਿਸ਼ੇਧ ਹੋ ਗਿਆ। ਬਾਕੀ ਰਹਿਆ ਨਿਰਵਿਕਾਰ ਸੋ ਲਕਛਣਾ ਨਾਲ ਸਿੱਧ ਹੈ।

(੭) ਸਾਕਸ਼ੀ[੧੦] ਕਹਿਣ ਨਾਲ ਸਾਕਸ਼ਯ (ਦ੍ਰਿਸ਼ਯ) ਦਾ ਨਿਸ਼ੇਧ ਹੋ ਗਿਆ। ਬਾਕੀ ਰਹਿਆ ਸਾਕਸ਼ੀ ਸੋ ਲਕਛਣਾ ਨਾਲ ਸਿੱਧ ਹੈ॥

(੮) ਉਪਦ੍ਰਸ਼ਟਾ[੧੧] ਕਹਿਣ ਨਾਲ ਉਪਦ੍ਰਿਸ਼ਯ ਦਾ ਨਿਸ਼ੇਧ ਹੋ ਗਿਆ। ਬਾਕੀ ਰਹਿਆ ਉਪਦ੍ਰਸ਼ਟਾ ਸੋ ਲਕਛਣਾ ਨਾਲ ਸਿੱਧ ਹੈ॥

(੯) ਦ੍ਰਸ਼ਟਾ[੧੨] ਕਹਿਣ ਨਾਲ ਦ੍ਰਿਸ਼ਯ ਦਾ ਨਿਸ਼ੇਧ ਹੋ ਗਿਆ, ਬਾਕੀ ਰਹਿਆ ਦ੍ਰਸ਼ਟਾ ਸੋ ਲਕਛਣਾ ਨਾਲ ਸਿੱਧ ਹੈ॥

(੧੦) ਇੱਕ ਕਹਿਣ ਨਾਲ ਨਾਨਾ (ਅਨੇਕ) ਦਾ ਨਿਸ਼ੇਧ ਹੋ ਗਿਆ। ਬਾਕੀ ਰਹਿਆ ਇੱਕ। ਸੋ ਲਕਛਣਾ ਨਾਲ ਸਿੱਧ ਹੈ॥

ਇਸ ਰੀਤ ਨਾਲ ਹੋਰ ਵਿਧੇਯ ਵਿਸ਼ੇਸ਼ਣਾ ਵਿੱਚ ਵੀ ਜਾਣ ਲੈਣਾ॥

(੬) (੧-੧੦) ਤੱਕ ਦੀ ਲਕਛਣਾ ਪੰਨਾ ੧੭੧ ਤੇ ਟੂਕ (੩) ਪੜ੍ਹੋ।

(੭) ਵਿਆਪਕ

(੮) ਸੀਮਾ ਵਾ ਹੱਦ ਬੰਦੀ ਯੁਕਤ ਹੋਣ ਕਰਕੇ ਛੋਟਾ

(੯) ਜੋ ਆਪਣਾ ਨਾ ਹੋਵੇ ਸੋ ਕਹੀਏ ਪਰ-ਪ੍ਰਕਾਸ਼।

(੧੦), (੧੨) ਪੰਨਾ ੫੦ ਤੇ ਦ੍ਰਸ਼ਟਾ ਤੇ ਸਾਕਸ਼ੀ ਦਾ ਭੇਦ ਪੜ੍ਹੋ।

(੧੧) ਪੰਨਾ ੧੪੫ ਤੇ ਪ੍ਰਸ਼ਨ ੧੫੧ ਪੜ੍ਹੋ।

ਪ੍ਰਸ਼ਨ ੧੮੭. 'ਅਨੰਤ' ਆਦਿ ਨਿਸ਼ੇਧਯ ਵਿਸ਼ੇਸ਼ਣ ਪ੍ਰਪੰਚ ਦਾ ਨਿਸ਼ੇਧ ਕਿਵੇਂ ਕਰਦੇ ਹਨ?

ਉੱਤਰ : ਅਨੰਤ ਕਹਿਣ ਨਾਲ ਦੇਸ਼ ਕਾਲ ਵਸਤੂ ਕ੍ਰਿਤ ਪਰਛੇਦ[੧੩] ਦਾ ਨਿਸ਼ੇਧ[੧੪] ਹੋ ਗਿਆ।। ਬਾਕੀ ਰਿਹਾ ਅਨੰਤ ਸੋ ਅਰਥ ਨਾਲ ਸਿੱਧ ਹੈ। ਇਸ ਰੀਤ ਨਾਲ ਹੋਰ ਨਿਸ਼ੇਧਯ[੧੫] ਵਿਸ਼ੇਸ਼ਣਾ ਵਿੱਚ ਵੀ ਜਾਣ ਲੈਣਾ॥

(੧੩) ਪਰ=ਵਿਸ਼ੇਸ਼ ਕਰਕੇ ਛੇਦ=ਕੱਟਣਾ ਭਾਵ ਵੰਡਣਾ।

(੧੪) ਖੰਡਨ

(੧੫) ਪੰਨਾ ੧੫੧ ਤੇ ਟੂਕ (੬੧) ਪੜ੍ਹੋ।

ਪ੍ਰਸ਼ਨ ੧੮੮. ਇਨ੍ਹਾਂ ਵਿਸ਼ੇਸ਼ਣਾਂ ਦਾ ਇਸ ਤਰ੍ਹਾਂ ਅਰਥ ਕਰਨ ਦਾ ਕੀ ਪ੍ਰਯੋਜਨ (ਮਕਸਦ) ਹੈ?

ਉੱਤਰ : ਇਨ੍ਹਾਂ ਵਿਸ਼ੇਸ਼ਣਾਂ ਦਾ ਇਸ ਤਰ੍ਹਾਂ ਅਰਥ ਕਰਨ ਦਾ ਪ੍ਰਯੋਜਨ ਇਹ ਹੈ ਕਿ ਚੇਤਨ ਨੂੰ ਮਨ ਬਾਣੀ ਦਾ ਅਵਿਸ਼ਾ ਕਹਿਣ ਵਾਲੀਆਂ ਸ੍ਰੁਤੀਆਂ ਦੇ ਅਰਥ ਦਾ ਅਵਿਰੋਧ ਹੈ। (ਭਾਵ ਕਿ ਵਿਰੋਧ ਨਹੀਂ ਹੈ) ਇਸ ਲਈ ਗੁਣ, ਕਿਰਿਆ, ਜਾਤੀ ਅਤੇ ਸੰਬੰਧ ਆਦਿ ਜੋ ਸ਼ਬਦਾਂ ਦੇ ਅਤੇ ਮਨ ਦੀ ਪ੍ਰਵਿਰਤੀ ਦੇ ਨਿਮਿਤ (ਕਾਰਨ) ਰੂਪ ਜੋ ਧਰਮ ਹਨ, ਸੋ ਬ੍ਰਹਮ ਨਹੀਂ। ਕਿੰਤੂ ਨਿਰਧਰਮ ਹੋਣ ਕਰਕੇ ਬ੍ਰਹਮ ਨਿਰਵਿਸ਼ੇਸ਼ ਹੈ (ਭਾਵ ਕਿ ਵਿਸ਼ੇਸ਼ਣਾ ਦੀ ਵਿਸ਼ੇਸ਼ਤਾ ਤੋਂ ਅਤੀਤ) ਇਸ ਲਈ ਸ੍ਰੁਤੀ ਵੀ ਤਿਸਨੂੰ ਮਨ ਬਾਣੀ ਦਾ ਅਵਿਸ਼ਾ ਆਖਦੀ ਹੈ।

ਅਤੇ ਫਿਰ ਜੋ ਕੁਛ ਵੀ ਬੋਲੀਦਾ ਹੈ ਸੋ ਦ੍ਵੈਤ ਨਾਲ ਹੁੰਦਾ ਹੈ, ਅਦ੍ਵੈਤ ਨਾਲ ਨਹੀਂ (ਭਾਵ ਕਿ ਦ੍ਵੈਤ ਜੋ ਮਾਇਆ ਤਿਸ ਦੇ ਸੰਬੰਧ ਨਾਲ ਬੋਲਣ ਦੀ ਕਿਰਿਆ ਹੈ ਮਾਤ੍ਰ ਅਦ੍ਵੈਤ ਸਰੂਪ ਚੇਤਨ ਅਕ੍ਰਿਅ ਹੈ।) ਇਸ ਲਈ ਇਨ੍ਹਾਂ ਵਿਸ਼ੇਸ਼ਣਾਂ ਦਾ ਇਸ ਤਰ੍ਹਾਂ ਅਰਥ ਕਰਨ ਨਾਲ ਸ੍ਰੁਤੀ ਤੋਂ ਵਿਰੁੱਧ ਦ੍ਵੈਤ ਦੀ ਸਿੱਧੀ ਹੁੰਦੀ ਨਹੀਂ ਅਤੇ ਅਦ੍ਵੈਤ ਸੁਖ ਨਾਲ (ਬਿਨਾ ਔਖ ਤੋਂ ਭਾਵ ਸਰਲਤਾ ਨਾਲ) ਸਮਝਣਾ ਸ਼ਕਯ[੧੬] ਹੈ॥

(੧੬) ਸੰਭਵ

ਇਤਿ ਸ਼੍ਰੀਵਿਚਾਰਚਂਦ੍ਰੋਦਯੇ ਅਵਾਚ੍ਯਸਿਦ੍ਧਾਂਤ ਵਰ੍ਣਨ ਨਾਮਿਕਾ ਨਵਮ ਕਲਾ ਸਮਾਪ੍ਤਾ॥ ੯॥

ਇਤਿ ਸ਼੍ਰੀ ਵਿਚਾਰਚੰਦ੍ਰੋਦਯ ਅਵਾਚਯ ਸਿਧਾਂਤ ਵਰਣਨ ਨਾਮਿਕਾ ਨਵਮ ਕਲਾ ਸਮਾਪਤਾ॥ ੯॥

ਸ਼੍ਰੀ = ਸੁਭਾਇਮਾਨ ਵਿਚਾਰਚੰਦ੍ਰੋਦਯ ਗ੍ਰੰਥ ਦਾ ਨਵਮ = ਨੌਵਾ ਕਲਾ = ਭਾਗ ਇੱਥੇ ਇਤਿ = ਸਮਾਪਤ ਹੁੰਦਾ ਹੈ। ਜਿਸ ਨੂੰ ਅਵਾਚਯ ਸਿਧਾਂਤ ਨਾਮਿਕਾ=ਨਾਮ ਦੀ ਪ੍ਰਕਿਰਿਆ ਦਾ ਵਿਸਥਾਰ ਨਾਲ ਵਰਣਨ=ਕਥਨ ਕਰਕੇ ਸਮਾਪਤਾ=ਸੰਪੂਰਨ ਕੀਤਾ ਗਿਆ ਹੈ॥

☆☆☆

(ਦਸਮ ਕਲਾ)

॥ अथ दशम कला प्रारंभः ॥ १०॥

॥ਅਥ ਦਸ਼ਮ ਕਲਾ ਪ੍ਰਾਰੰਭਃ॥੧੦॥

ਅਥ= ਹੁਣ ਇਸ ਗ੍ਰੰਥ ਦੇ ਦਸ਼ਮ = ਦਸਵੇਂ ਕਲਾ=ਭਾਗ ਨੂੰ ਪ੍ਰਾਰੰਭਃ= (ਪਰ+ਆਰੰਭਃ) ਪਰ=ਵਿਸ਼ੇਸ਼ ਕਰਕੇ ਆਰੰਭਃ= ਸ਼ੁਰੂ ਕਰਦੇ ਹਨ॥

॥ सामान्य विशेष चैतन्य वर्णन॥

॥ ਸਾਮਾਨਯ ਵਿਸ਼ੇਸ਼ ਚੈਤੰਨਯ ਵਰਣਨ॥

ਇਸ ਕਲਾ ਵਿੱਚ ਚੈਤੰਨਯ=ਗਿਆਨ ਸਰੂਪ ਬ੍ਰਹਮ ਦੇ ਦੋ ਰੂਪ ਸਾਮਾਨਯ=ਸਾਧਾਰਣ ਅਤੇ ਵਿਸ਼ੇਸ਼=ਖ਼ਾਸ਼ ਦਾ ਵਰਣਨ=ਕਥਨ ਕਰਦੇ ਹਨ।

*__ਸਾਮਾਨਯ ਚੇਤਨ__=ਅਧਿਕ ਦੇਸ਼ ਅਤੇ ਅਧਿਕ ਕਾਲ ਵਿੱਚ ਜੋ ਵਸਤੂ ਸਥਿਤ ਹੋਵੇ ਸੋ ਸਾਮਾਨਯ ਕਹੀਏ ਹੈ। ਬ੍ਰਹਮ ਦੀ ਬੁੱਧੀ ਕਲਪਿਤ ਸਰਵ ਦੇਸ਼ ਅਤੇ ਸਰਵ ਕਾਲ ਵਿਸ਼ੇ ਵਿਆਪਕਤਾ ਹੋਣ ਕਰਕੇ ਬਿੰਬ (ਮੂਲ ਸਰੂਪ) ਬ੍ਰਹਮ ਸਾਮਾਨਯ ਚੇਤਨ ਕਹੀਏ ਹੈ॥

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥ ੧॥

(ਸੋਰਠਿ ਮਃ੫, ਅੰਗ ੬੧੭)

ਜਲਿ ਥਲਿ ਮਹੀਅਲਿ ਪੂਰਿਆ ਰਵਿਆ ਵਿਚਿ ਵਣਾ॥

(ਮਾਝ ਬਾਰਹ ਮਾਹਾ ਮਃ੫, ਅੰਗ ੧੩੩)

*__ਵਿਸ਼ੇਸ਼ ਚੇਤਨ__=ਜੋ ਨਯੂਨ ਕਹੀਏ ਘੱਟ ਕਾਲ ਤੇ ਦੇਸ਼ ਵਿਖੇ ਪ੍ਰਤੀਤ ਹੋਵੇ ਸੋ ਵਿਸ਼ੇਸ਼ ਅੰਸ਼ ਕਹੀਏ ਹੈ। ਅੰਤਹਕਰਣ ਅਤੇ ਅੰਤਹਕਰਣ ਦੀ ਬਿਰਤੀ ਵਿੱਚ ਸਥਿਤ ਜੋ ਬਿੰਬ (ਮੂਲ ਸਰੂਪ) ਸਮਾਨ ਚੇਤਨ ਬ੍ਰਹਮ ਦਾ ਪ੍ਰਤੀਬਿੰਬ (ਅਕਸ਼) ਰੂਪ ਚਿਦਾਭਾਸ ਵਿਸ਼ੇਸ਼ ਚੇਤਨ ਕਹੀਏ ਹੈ।

ਤੂ ਹਿਰਦੈ ਗੁਪਤੁ ਵਸਹਿ ਦਿਨੁ ਰਾਤੀ ਤੇਰਾ ਭਾਉ ਨ ਬੁਝਹਿ ਗਵਾਰੀ॥

(ਸੋਰਠਿ ਮਃ੪, ਅੰਗ ੬੦੭)

॥ इंद्रविजय छंद॥

॥ ਇੰਦ੍ਰਵਿਜਯ ਛੰਦ॥

ਪੀਤਾਂਬਰ ਜੀ ਇੰਦ੍ਰਵਿਜਯ ਨਾਮਕ ਛੰਦ ਦੇ ਅੰਦਰ ਸੁੰਦਰ ਕਾਵਿ ਰਚਨਾ ਦੁਆਰਾ ਮੂਲ ਪਾਠ ਦੀ ਰਚਨਾ ਕਰਦੇ ਹਨ। ਜੋ ਠੁਮਰੀ ਵਾ ਲਾਵਨੀ ਵਿੱਚ ਗਾਇਆ ਜਾਵੇ ਸੋ ਕਹੀਏ ਇੰਦ੍ਰਵਿਜਯ ਛੰਦ॥

चेतन हैं जु समान विशेष सु।

चेतन हैं जु समान समान विशेश सु।

ਜੁ=ਜਿਹੜਾ ਚੇਤਨ=ਗਿਆਨ ਸਰੂਪ ਬ੍ਰਹਮ ਸੁ=ਉਹ ਸਮਾਨ=ਸਮਾਨਯ ਚੇਤਨ ਅਤੇ ਵਿਸ਼ੇਸ਼ ਚੇਤਨ ਦੇ ਭੇਦ ਤੋਂ ਦੋ ਤਰ੍ਹਾਂ ਕਥਨ ਕੀਤਾ ਜਾਂਦਾ ਹੈ।

दो विध सत्य सुजान समानै॥

दो विध सतय सुजान समानै॥

ਦੋ ਵਿਧ=ਤਰ੍ਹਾਂ ਦੇ ਚੇਤਨ ਨੂੰ ਸੁਜਾਨ=ਸ੍ਰੇਸ਼ਟ ਜਾਣੀਜਾਣ ਵਾ ਸੂਝਵਾਨ ਬ੍ਰਹਮ ਨੇਸ਼ਠੀ ਬ੍ਰਹਮ ਸ੍ਰੋਤੀ ਸਤਿਗੁਰਾਂ ਤੋਂ ਉਤਮ ਜਿਗਿਆਸੂ ਸਮਝਕੇ ਸਤਯ=ਸੱਤ ਸਰੂਪ ਬ੍ਰਹਮ ਵਿੱਚ ਹੀ ਸਮਾਨੈ=ਸਮਾ ਜਾਂਦੇ ਹਨ ਵਾ ਅਭੇਦ ਹੋ ਜਾਂਦੇ ਹਨ। ਭਾਵ ਕਿ ਅੰਤਹਕਰਣ ਰੂਪ ਘੜੇ ਵਿਚੋਂ ਸੰਕਲਪ-ਵਿਕਲਪਾਂ ਦਾ ਪਾਣੀ ਤਿਆਗਣ ਰੂਪ ਡੋਲ੍ਹ ਦਈਏ ਜਾਂ ਗਿਆਨ ਰੂਪ ਡੰਡਾ ਲੈ ਕੇ ਭੰਨ ਦਈਏ ਤਾਂ ਜੀਵਪੁਣੇ ਦਾ ਪ੍ਰਤੀਬਿੰਬ (ਵਿਸ਼ੇਸ਼ ਚੇਤਨ) ਬਿੰਬ ਰੂਪੀ ਬ੍ਰਹਮ (ਸਮਾਨ ਚੇਤਨ) ਵਿੱਚ ਅਭੇਦ ਹੋ ਜਾਂਦਾ ਹੈ।

ਜਿਉ ਪ੍ਰਤਿਬਿੰਬ ਬਿੰਬ ਕਉ ਮਿਲੀ ਹੈ ਉਦਕ ਕੁੰਭੁ ਬਿਗਰਾਨਾ॥
ਕਹੁ ਕਬੀਰ ਐਸਾ ਗੁਣ ਭ੍ਰਮ ਭਾਗਾ ਤਉ ਮਨ ਸੁੰਨਿ ਸਮਾਨਾ॥ ੪ ॥ ੧ ॥

(ਆਸਾ ਭਗਤ ਕਬੀਰ ਜੀ, ਅੰਗ ੪੭੫)

भ्रांति सरूप विशेष जु कल्पित।

भ्रांती सरुप विशेश जु कलपित।

ਜੁ=ਜਿਹੜੀ ਕਲਪਿਤ=ਜੋ ਵਾਸਤਵ ਵਿੱਚ ਹੋਵੇ ਨਾ ਪਰੰਤੂ ਸੁਪਨ ਦੇ ਪਦਾਰਥਾਂ ਦੀ ਨਿਆਈ ਭਾਸੇ ਐਸੀ ਕਲਪਿਤ ਵਿਸ਼ੇਸ਼ ਅੰਸ (ਪੰਨਾ ੧੨੨ ਤੇ ਪੜ੍ਹੋ) ਕੇਵਲ ਭ੍ਰਾਂਤੀ=ਭਰਮ ਦਾ ਸਰੂਪ=ਵਜੂਦ ਹੈ। ਇਸ ਪ੍ਰਕਾਰ ਮਿਥਿਆ ਜਗਤ ਭ੍ਰਾਂਤੀ ਸਰੂਪ ਹੈ।

संसृति आश्रय सो तिहि भानै॥

संसृती आशय सो तिही भानै॥

ਐਸੇ ਸੰਸ੍ਰਿਤੀ=ਆਵਾ-ਗਮਨ ਰੂਪ ਸੰਸਾਰ ਭਰਮ ਦੇ ਆਸ਼ਯ=ਆਸਰੇ ਹੀ ਸਥਿਤ ਹੈ ਸੋ=ਉਹ ਭਰਮ ਤੇ ਉਸਦੇ ਕਾਰਨ ਤਿਹੀ=ਤਿਸ ਅਗਿਆਨ ਨੂੰ ਭਾਨੈ=ਭੰਨ ਕੇ ਨਾਸ ਕਰਣਾ ਕਰੋ।

ज्यो रवि को प्रतिबिंब जलादिक।

जयो रवि को प्रतीबिंब जलादिक।

ਜਯੋ=ਜਿਵੇਂ ਰਵਿ=ਸੂਰਜ ਕੋ=ਦਾ ਪ੍ਰਤੀਬਿੰਬ =ਪਰਛਾਵਾਂ ਜਲਾਦਿਕ=ਪਾਣੀ ਆਦਿ ਵਿੱਚ ਪ੍ਰਤੀਤ ਹੁੰਦਾ ਹੈ।

सो रवि रूप विशेष पिछानै॥

सो रवि रुप विशेश पिछानै॥

ਸੋ=ਉਹ ਪ੍ਰਤੀਬਿੰਬ (ਬਿੰਬ=ਮੂਲ ਸਰੂਪ ਤੋਂ ਪ੍ਰਤੀ=ਉਲਟ ਭਾਵ ਪਰਛਾਵਾਂ) ਵਿਸ਼ੇਸ਼=ਖਾਸ ਕਰਕੇ

ਰਵਿ=ਸੂਰਜ ਦੇ ਰੂਪ=ਸੁਦਰਸ਼ (ਬਰਾਬਰ) ਹੀ ਪਿਛਾਨੈ=ਜਾਣਿਆ ਵਾ ਪਛਾਣਿਆ ਜਾਂਦਾ ਹੈ॥

ਤ੍ਯੋਂ ਮਤਿ ਮੇਂ ਪ੍ਰਤਿਬਿੰਬ ਪਰਾਤਮ।

ਤਯੋ ਮਤੀ ਮੇਂ ਪ੍ਰਤੀਬਿੰਬ ਪਰਾਤਮ।

ਤਯੋ=ਤਿਵੇਂ ਹੀ ਮਤੀ=ਬੁਧੀ ਵਾ ਅੰਤਹਕਰਣ ਵਿੱਚ ਪਰਾਤਮ=ਪ੍ਰਤਯਕ ਆਤਮਾ ਤੋਂ ਅਭਿੰਨ ਸਚਿਦਾਨੰਦ ਪਰਮਾਤਮਾ ਦਾ ਪ੍ਰਤੀਬਿੰਬ=ਪਰਛਾਵਾਂ ਵਾ ਅਕਸ਼ ਚਿਦਾਭਾਸ ਰੂਪ ਕਰਕੇ ਜਾਣਿਆ ਜਾਂਦਾ ਹੈ।

ਸੋ ਕਲਪਿਤ ਵਿਸ਼ੇਸਹਿਂ ਜਾਨੈ॥ ੨੦॥

ਸੋ ਕਲਪਿਤ ਵਿਸ਼ੇਸ਼ ਹੀ ਜਾਨੈ॥ ੨੦॥

ਸੋ=ਉਹ ਚਿਦਾਭਾਸ (ਚੇਤਨ ਦਾ ਅਭਾਸ) ਅਧਿਸ਼ਠਾਨ (ਮੂਲ ਬ੍ਰਹਮ ਰੂਪ ਆਸਰਾ) ਦੇ ਗਿਆਤ ਕਾਲ ਵਿੱਚ ਪ੍ਰਤੀਤ ਨਾ ਹੋਣ ਕਰਕੇ ਹੀ=ਨਿਸ਼ਚੇ ਨਾਲ ਕਲਪਿਤ ਵਿਸ਼ੇਸ਼ ਅੰਸ਼ ਜਾਨੈ=ਜਾਨਣਾ ਕਰੋ। (ਕਲਪਿਤ ਵਿਸ਼ੇਸ਼ ਅੰਸ ਪੰਨਾ ੧੨੨ ਤੇ ਪੜ੍ਹੋ)

ਆਵਤ ਜਾਵਤ ਲੋਕ ਪ੍ਰਲੋਕ ਹਿਂ।

ਆਵਤ ਜਾਵਤ ਲੋਕ ਪ੍ਰਲੋਕ ਹੀ।

ਚੌਦਾਂ ਲੋਕ=ਸੱਤ ਅਕਾਸ਼:- (੧) ਭੂਹ (੨) ਭੁਵਹ (੩) ਸੂਰ (੪) ਮਹ (੫) ਜਨ (੬) ਤਪ ਅਤੇ (੭) ਸੱਤਯ ਸੱਤ ਪਤਾਲ :- (੧) ਅਤਲ (੨) ਸੁਤਲ (੩) ਵਿਤਲ (੪) ਤਲਾਤਲ (੫) ਮਹਾਤਲ (੬) ਰਸਾਤਲ (੭) ਪਾਤਾਲ ਵਿੱਚ ਜਨਮ ਲੈ ਕੇ ਆਵਤ=ਆਉਣਾ ਅਤੇ ਹੀ=ਨਿਸ਼ਚੇ ਕਰਕੇ ਮਰਣ ਉਪਰੰਤ ਪ੍ਰਲੋਕ=ਸ੍ਵਰਗ, ਬੈਕੁੰਠ, ਨਰਕ ਆਦਿ ਦੂਸਰੇ ਲੋਕਾਂ ਵਿੱਚ ਜਾਵਤ=ਜਾਣਾ ਵਾ ਗਮਨ ਕਰਨਾ।

ਭੋਗਤ ਭੋਗ ਜੁ ਕਰ੍ਮ ਨਿਧਾਨੈ॥

ਭੋਗਤ ਭੋਗ ਜੁ ਕਰਮ ਨਿਪਾਨੈ॥

ਜੁ=ਜਿਹੜੇ ਸੰਚਿਤ, ਪਰਾਲਬਧ, ਕਿਰੇਮਾਨ (ਅਗਾਮੀ) ਆਦਿ ਕਰਮਾਂ ਦੇ ਨਿਪਾਨੈ=ਨਿਪਜਾਏ ਭਾਵ ਪੈਦਾ ਕੀਤੇ ਕਰਮ ਰਚਿਤ ਭੋਗ=ਸੁਖ-ਦੁਖ ਦੇ ਅਨੁਭਵ ਕਰਨ ਰੂਪ ਪਦਾਰਥਾਂ ਨੂੰ ਭੋਗਤ=ਵਰਤਣਾ ਵਾ ਭੋਗਣਾ ਹੈ।

ਸੋ ਸਬ ਚਿਤ-ਅਭਾਸ ਕਰੇ ਅਰੂ।

ਸੋ ਸਬ ਚਿਤ-ਅਭਾਸ ਕਰੇ ਅਰੂ।

ਉਪਰੋਕਤ ਕਥਨ ਕੀਤੇ ਜੋ ਧਰਮ ਸੋ=ਉਹ ਸਬ=ਸਾਰੇ ਅਨਰਥ ਰੂਪ ਧਰਮਾਂ ਨੂੰ ਚਿਤ-ਅਭਾਸ=ਚੇਤਨ ਬ੍ਰਹਮ ਦਾ ਪ੍ਰਤੀਬਿੰਬ ਕਹੀਏ ਵਿਸ਼ੇਸ਼ ਚੇਤਨ ਕਰੇ=ਕਰਦਾ ਹੈ ਅਰੂ=ਅਤੇ :-

ਸ਼ੁਦ੍ਧ ਸਮਾਨ ਸਹੀ ਨਹਿ ਆਨੈ॥

ਸ਼ੁਧ ਸਮਾਨ ਮਹੀ ਨਹਿ ਆਨੈ॥

ਇਹ ਸਾਰੇ ਧਰਮ ਸੁਧ=ਮਾਯਾ ਮਲ ਤੋਂ ਰਹਿਤ ਸਮਾਨ=ਸਮਾਨਯ ਚੇਤਨ (ਪੰਨਾ ੧੭੫ ਤੇ ਪੜ੍ਹੋ) ਮਹੀ=ਵਿੱਚ ਨਹਿ =ਨਹੀ ਆਨੈ=ਆਉਂਦੇ।

ਅਸ੍ਤਿ ਰੂ ਭਾਤਿ ਪ੍ਰਿਯ ਸਬ ਪੂਰਨ।

ਅਸਤੀ ਰੂ ਭਾਤੀ ਪ੍ਰਿਯ ਸਬ ਪੂਰਨ।

ਅਸਤੀ='ਹੈ' ਭਾਵ ਸੱਤ ਸਰੂਪ ਭਾਤੀ=ਗਿਆਨ ਰੂਪ ਪ੍ਰਤੀਤੀ ਭਾਵ ਚੇਤਨ ਸਰੂਪ ਰੂ=ਔਰ ਪ੍ਰਿਯ=ਅਨੰਦ ਸਰੂਪ ਸਬ=ਸਾਰੇ ਸਥਾਨਾ ਤੇ ਪੂਰਨ=ਪਰੀਪੂਰਨ ਵਾ ਵਿਆਪਕ ਹੈ।

ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰ॥

ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ॥ ੧॥

(ਗਉੜੀ ਥਿਤੀ ਮ:੫, ਅੰਗ ੨੯੬)

ਬ੍ਰਹ੍ਮ ਸਮਾਨ ਸੁ ਚੇਤਨ ਮਾਨੈ॥

ਬ੍ਰਹਮ ਸਮਾਨ ਸੁ ਚੇਤਨ ਮਾਨੈ॥

ਸੁ=ਉਹ ਬ੍ਰਹਮ=ਵਿਆਪਕ (ਵਿਭੂ) ਸਰੂਪ ਨੂੰ ਸਮਾਨ=ਸਮਾਨਯ ਚੇਤਨ (ਪੰਨਾ ੧੭੫ ਤੇ ਪੜ੍ਹੋ) ਮਾਨੈ=ਮੰਨਣਾ ਕਰੋ।

ਨਾਮ ਰੂ ਰੂਧ ਤਜੀ ਸਤ੍ ਚੇਤਨ।

ਨਾਮ ਰੁ ਰੂਪ ਤਜੀ ਸਤ ਚੇਤਨ।

ਮਾਇਆ ਦੀਆਂ ਦੋ ਅੰਸਾ (੧) ਨਾਮ=ਕਿਸੇ ਵਸਤੂ ਦਾ ਬੋਧ ਕਰਾਉਣ ਵਾਲਾ ਸ਼ਬਦ ਅਤੇ (੨) ਰੂਪ=ਅਕਾਰ ਨੂੰ ਵਿਚਾਰ ਦੁਆਰਾ ਤਜੀ=ਤਿਆਗ ਕਰਕੇ ਸਤ=ਤ੍ਰੈ ਕਾਲ ਅਬਾਧ (ਨਾਸ਼ ਰਹਿਤ), ਚੇਤਨ=ਗਿਆਨ ਸਰੂਪ ਰੁ=ਔਰ :-

ਸਤਿ ਨਿਰਤਿ ਬੂਝੈ ਜੇ ਕੋਇ॥

(ਗਉੜੀ ਸੁਖਮਨੀ ਮ:੫, ਅੰਗ ੨੮੫)

ਸੋਦ ਧੀਤਾਂਬਰ ਆਧ ਧਿਛਾਨੈ॥੨੧॥

ਮੋਦ ਪੀਤਾਂਬਰ ਆਪ ਪਿਛਾਨੈ॥ ੨੧॥

ਮੋਦ=ਪ੍ਰਸੰਨਤਾ ਭਾਵ ਅਨੰਦ ਸਰੂਪ ਬ੍ਰਹਮ ਤੋਂ ਅਭਿੰਨ ਆਪ=ਆਪਣੀ ਪ੍ਰਤਯਕ (ਅੰਤਰ) ਆਤਮਾ ਨੂੰ ਪਿਛਾਨੈ=ਪਛਾਨਣਾ ਕਰੋ ਵਾ ਸਿਞਾਨਣਾ ਕਰੋ। ਐਸਾ ਪੀਤਾਂਬਰ ਜੀ ਕਥਨ ਕਰਦੇ ਹਨ।

ਅਚਰਜ ਕਥਾ ਮਹਾ ਅਨੂਪ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ ਰਹਾਉ॥

(ਗੌਂਡ ਮ:੫, ਅੰਗ ੮੬੮)

ਹੁਣ ਇਸ ਮੂਲ ਪਾਠ ਦੀ ਵਿਚਾਰ ਨੂੰ ਪ੍ਰਸ਼ਨ-ਉੱਤਰਾਂ ਦੇ ਰਾਹੀਂ ਸਮਝਾਉਂਦੇ ਹਨ :-

ਪ੍ਰਸ਼ਨ ੧੮੯. ਵਿਸ਼ੇਸ਼ ਚੈਤੰਨਯ ਸੋ ਕੀ ਹੈ?

ਉੱਤਰ : ਅੰਤਹਕਰਣ ਅਤੇ ਅੰਤਹਕਰਣ ਦੀ ਵ੍ਰਿਤੀਆਂ ਵਿੱਚ ਜੋ ਸਮਾਨਯ[੧] ਚੇਤਨ ਬ੍ਰਹਮ ਦਾ ਪ੍ਰਤੀਬਿੰਬ[੨] ਰੂਪ ਚਿਦਾਭਾਸ[੩] ਸੋ ਵਿਸ਼ੇਸ਼[੪] ਚੈਤੰਨਯ ਹੈ।

(੧) ਪੰਨਾ ੧੮੦ ਤੇ ਪ੍ਰਸ਼ਨ ੧੯੪ ਪੜ੍ਹੋ।

(੨) ਬਿੰਬ ਜੋ ਮੂਲ ਸਰੂਪ ਤਿਸ ਦੀ ਪ੍ਰਤੀ = ਉਲਟੀ ਪ੍ਰਤੀਤੀ ਸੋ ਕਹੀਏ ਪ੍ਰਤੀਬਿੰਬ = ਪਰਛਾਵਾਂ, ਅਕਸ਼, ਅਭਾਸ।

(੩) ਚਿਦ=ਚੇਤਨ ਦਾ ਅਭਾਸ=ਪਰਛਾਵਾਂ

(੪) ਇਥੇ ਚਿਦਾਭਾਸ ਰੂਪ ਜੋ ਵਿਸ਼ੇਸ਼ ਚੇਤਨ ਕਿਹਾ ਹੈ ਸੋ ਛੇਵੀਂ ਕਲਾ ਵਿੱਚ ਕਲਪਿਤ ਵਿਸ਼ੇਸ਼ ਅੰਸ਼ ਦੇ ਅੰਤਰਗਤ ਹੀ ਜਾਨਣਾ॥ (ਪੰਨਾ ੧੨੨ ਤੇ ਪੜ੍ਹੋ)

ਪ੍ਰਸ਼ਨ ੧੯੦. ਚਿਦਾਭਾਸ ਦਾ ਲਕਛਣ ਕੀ ਹੈ?

ਉੱਤਰ : (੧) ਚੇਤਨ (ਬ੍ਰਹਮ) ਦੇ ਲਕਛਣਾ ਤੋਂ ਰਹਿਤ ਹੋਵੇ।

(੨) ਚੇਤਨ ਦੀ ਨਿਆਈ ਪ੍ਰਤੀਤ ਹੋਵੇ।

ਸੋ ਚਿਦਾਭਾਸ ਕਹੀਏ ਹੈ॥

ਪ੍ਰਸ਼ਨ ੧੯੧. ਇਹ ਚਿਦਾਭਾਸ ਨੂੰ ਵਿਸ਼ੇਸ਼ ਚੇਤਨ ਕਿਉਂ ਕਹਿੰਦੇ ਹਨ?

ਉੱਤਰ : ਅਲਪ (ਥੋੜ੍ਹੇ) ਦੇਸ਼ ਅਤੇ ਅਲਪ ਕਾਲ ਵਿੱਚ ਜੋ ਵਸਤੂ ਹੋਵੇ ਸੋ ਵਿਸ਼ੇਸ਼[੫] ਕਹੀਏ ਹੈ। ਕਿਉਂਕਿ ਚਿਦਾਭਾਸ ਅੰਤਹਕਰਣ ਦੇਸ਼ (ਸਥਾਨ) ਅਤੇ ਜਾਗ੍ਰਤ ਸੁਪਨ ਕਾਲ ਵਾ ਅਗਿਆਨ ਕਾਲ ਵਿੱਚ ਹੈ ਇਸ ਲਈ ਵਿਸ਼ੇਸ਼ ਚੇਤਨ ਕਹੀਏ ਹੈ॥

(੫) ਅਧਿਸ਼ਠਾਨ (ਮੂਲ ਆਸਰਾ ਰੂਪ ਬ੍ਰਹਮ) ਅਤੇ ਅਧਿਅਸਤ (ਕਲਪਿਤ) ਇਸ ਭੇਦ ਤੋਂ ਵਿਸ਼ੇਸ਼ ਦੋ ਪ੍ਰਕਾਰ ਦਾ ਹੈ। ਇਨ੍ਹਾਂ ਵਿੱਚੋਂ :-

(੧) ਭ੍ਰਾਂਤੀ ਕਹੀਏ ਭਰਮ ਕਾਲ ਵਿੱਚ ਜਿਸ ਦੀ ਪ੍ਰਤੀਤੀ ਹੋਵੇ ਨਾ ਕਿੰਤੂ ਜਿਸ ਦੀ ਪ੍ਰਤੀਤੀ ਨਾਲ ਭ੍ਰਾਂਤੀ ਦੀ ਨਿਵਿਰਤੀ ਹੋਵੇ ਸੋ ਅਧਿਸ਼ਠਾਨ ਰੂਪ ਵਿਸ਼ੇਸ਼ ਹੈ। ਅਤੇ

(੨) ਭ੍ਰਾਂਤੀ ਕਾਲ ਵਿੱਚ ਜਿਸ ਦੀ ਪ੍ਰਤੀਤੀ ਹੋਵੇ ਅਤੇ ਅਧਿਸ਼ਠਾਨ ਦੇ ਗਿਆਨ ਕਾਲ ਵਿੱਚ ਜਿਸ ਦੀ ਪ੍ਰਤੀਤੀ ਨਾ ਹੋਵੇ ਸੋ ਅਧਿਅਸਤ ਰੂਪ ਵਿਸ਼ੇਸ਼ ਹੈ। ਇਸੇ ਨੂੰ ਕਲਪਿਤ ਵਿਸ਼ੇਸ਼ ਵੀ ਆਖਦੇ ਹਨ॥

ਪ੍ਰਸ਼ਨ ੧੯੨. ਵਿਸ਼ੇਸ਼ ਚੇਤਨ ਨੂੰ ਸਮਝਣ ਵਿੱਚ ਦ੍ਰਿਸ਼ਟਾਂਤ ਕੀ ਹੈ?

ਉੱਤਰ : ਦ੍ਰਿਸ਼ਟਾਂਤ :-

(੧) ਜਿਵੇਂ ਸੂਰਜ ਦਾ ਪ੍ਰਕਾਸ਼ ਸਭ ਜਗ੍ਹਾ ਸਮਾਨ ਹੈ। ਪਰੰਤੂ ਸਾਰੀਆਂ ਜਗ੍ਹਾ ਤੇ ਪ੍ਰਤੀਬਿੰਬ (ਪਰਛਾਵਾਂ) ਨਹੀਂ ਹੁੰਦਾ ਅਤੇ ਜਿਥੇ ਜਲ ਦਾ ਦਰਪਣ[੬] ਰੂਪ ਉਪਾਧੀ ਹੋਵੇ ਉਥੇ ਪ੍ਰਤੀਬਿੰਬ ਰੂਪ ਕਰਕੇ ਵਿਸ਼ੇਸ਼ ਭਾਸਦਾ ਹੈ॥

(੨) ਜਿਵੇਂ ਸੂਰਜ ਦਾ ਪ੍ਰਕਾਸ਼ ਸਭ ਜਗ੍ਹਾ ਸਮਾਨ ਹੈ। ਪਰੰਤੂ ਸੋ ਵਸਤਰ[੭] ਕਪਾਸ[੮] ਆਦਿ ਨੂੰ ਸਾੜਦਾ ਨਹੀਂ ਅਤੇ ਜਿਥੇ ਸੂਰਯਕਾਂਤਿ[੯] ਮਣੀ ਰੂਪ ਉਪਾਧੀ ਹੋਵੇ ਉਥੇ ਅਗਨੀ ਰੂਪ ਨਾਲ ਵਿਸ਼ੇਸ਼ ਹੋ ਕੇ ਵਸਤਰ ਕਪਾਸ ਆਦਿ ਨੂੰ ਜਲਾਉਂਦਾ ਹੈ॥

ਇਨ੍ਹਾਂ ਵਿਚੋਂ :-

(੧) ਸਾਮਾਨਯ[੯] ਰੂਪ ਸੋ ਸਭ ਜਗ੍ਹਾ ਜਿਉਂ ਦਾ ਤਿਉਂ ਹੋਣ ਕਰਕੇ ਯਥਾਰਥ (ਬਹੁ ਕਾਲ ਸਥਾਈ) ਹੈ। ਅਤੇ

(੨) ਉਪਾਧੀ ਕਰਕੇ ਭਾਸਦਾ ਜੋ ਵਿਸ਼ੇਸ਼[੧੦] ਰੂਪ ਸੋ ਵਯਭੀਚਾਰੀ ਹੋਣ ਕਰਕੇ ਅਯਥਾਰਥ (ਅਲਪ ਕਾਲ ਸਥਾਈ) ਹੈ॥

(੧) ਤਿਵੇਂ ਸਮਾਨਯ[੧੧] ਚੇਤਨ ਜੋ ਅਸਤੀ ਭਾਤੀ[੧੨] ਪ੍ਰਿਯ ਸੋ ਸਰਵੱਤ੍ਰ ਸਮਾਨ ਹੈ। ਪਰੰਤੂ ਤਿਸ ਨਾਲ ਬੋਲਣਾ, ਚਲਣਾ ਇਤਿਆਦਿਕ ਵਿਸ਼ੇਸ਼ ਵਿਵਹਾਰ ਨਹੀਂ ਹੁੰਦਾ। ਅਤੇ

(੨) ਜਿਥੇ ਅੰਤਹਕਰਣ ਰੂਪ ਵਿਸ਼ੇਸ਼[੧੩] ਚੇਤਨ ਹੋਵੇ ਉਥੇ ਚਿਦਾਭਾਸ ਰੂਪ ਨਾਲ ਯੁਕਤ ਹੋਣ ਕਰਕੇ ਬੋਲਣਾ, ਚੱਲਣਾ ਕਰਤਾ-ਭੋਗਤਾਪਨਾ, ਪਰਲੋਕ ਤੇ ਇਸ ਲੋਕ ਵਿੱਚ ਗਮਨ ਆਗਮਨ ਇਤਿਆਦਿਕ ਵਿਸ਼ੇਸ਼ ਵਿਵਹਾਰ ਹੁੰਦਾ ਹੈ॥

ਇਨ੍ਹਾਂ ਵਿਚੋਂ :-

(੧) ਸਾਮਾਨਯ ਚੇਤਨ ਜੋ ਬ੍ਰਹਮ ਸੋ ਸੱਤ ਹੈ। ਅਤੇ

(੨) ਉਪਾਧੀ ਕਰਕੇ ਭਾਸਦਾ ਜੋ ਵਿਸ਼ੇਸ਼ ਚੇਤਨ ਚਿਦਾਭਾਸ ਸੋ ਮਿਥਿਆ ਹੈ॥ ਤਿਵੇਂ ਹੀ:-

(੧) ਪੁੰਨ-ਪਾਪ ਦਾ ਕਰਤਾਪਨਾ।

(੨) ਸੁਖ ਦੁਖ ਦਾ ਭੋਗਤਾਪਨਾ।

(੩) ਪਰਲੋਕ ਅਤੇ ਇਸ ਲੋਕ (ਮਾਤ ਲੋਕ) ਵਿੱਚ ਗਮਨ ਆਗਮਨ।

(੪) ਜਨਮ ਮਰਣ।

(੫) ਚਉਰਾਸੀ ਲੱਖ ਜੂਨਾਂ ਦੀ ਪ੍ਰਾਪਤੀ।

ਇਤਿਆਦਿਕ ਸੰਸਾਰ ਰੂਪ ਧਰਮ ਵੀ ਚਿਦਾਭਾਸ ਦੇ ਹਨ। ਇਸ ਲਈ ਮਿਥਿਆ ਹਨ॥

(੬) ਸ਼ੀਸ਼ਾ

(੭) ਕਪੜੇ

(੮) ਕਪਾਹ ਕਹੀਏ ਰੂੰ

(੯), (੧੧) ਪੰਨਾ ੧੮੦ ਤੇ ਪ੍ਰਸ਼ਨ ੧੯੪ ਪੜ੍ਹੋ।

(੧੦), (੧੩) ਅਸਤੀ = 'ਹੈ' ਭਾਵ ਸਤ ਸਰੂਪ

(੧੨) ਭਾਤੀ = ਗਿਆਨ ਰੂਪ 'ਪ੍ਰਤੀਤੀ' ਭਾਵ ਚੇਤਨ

ਪ੍ਰਿਯ = 'ਪਿਆਰਾ' ਵਾ ਸੁਖ ਸਰੂਪ ਭਾਵ ਅਨੰਦ

ਪ੍ਰਸ਼ਨ ੧੯੩. ਵਿਸ਼ੇਸ਼ ਚੇਤਨ ਦੇ ਜਾਨਣ ਨਾਲ ਕੀ ਨਿਸ਼ਚਾ ਕਰਨਾ?

ਉੱਤਰ : (੧) ਵਿਸ਼ੇਸ਼ ਚੇਤਨ ਜੋ ਚਿਦਾਭਾਸ। ਅਤੇ

(੨) ਤਿਸਦੇ ਧਰਮ

ਸੋ ਮੈਂ ਨਹੀਂ ਅਤੇ ਮੇਰੇ ਨਹੀਂ। ਕਿੰਤੂ ਇਹ ਮੇਰੇ ਵਿੱਚ ਕਲਪਿਤ(੧੪) ਹਨ। ਮੈਂ ਇਨ੍ਹਾਂ ਦਾ ਅਧਿਸ਼ਠਾਨ(੧੫) ਸਾਮਾਨਯ(੧੬) ਚੇਤਨ ਇਨ੍ਹਾਂ ਤੋਂ ਨਿਆਰਾ ਹਾਂ। ਇਹ ਨਿਸ਼ਚਾ ਕਰਨਾ॥

(੧੪) ਪੰਨਾ ੪੪ ਤੇ ਟੂਕ (੧) ਪੜ੍ਹੋ।

(੧੫) ਪੰਨਾ ੪੫ ਤੇ ਟੂਕ (੫) ਪੜ੍ਹੋ।

(੧੬) ਪ੍ਰਸ਼ਨ ੧੯੪ ਪੜ੍ਹੋ।

ਪ੍ਰਸ਼ਨ ੧੯੪. ਸਾਮਾਨਯ ਚੇਤਨ ਸੋ ਕੀ ਹੈ?

ਉੱਤਰ : (੧) ਜੋ ਅਕਾਸ਼ ਦੀ ਨਿਆਈਂ ਸਭ ਜਗ੍ਹਾ ਪਰੀਪੂਰਣ(੧੭) ਹੈ।

(੨) ਜੋ ਸਭ ਨਾਮ ਰੂਪ ਦਾ ਅਸ਼ਿਠਾਨ(੧੮) ਹੈ।

(੩) ਜੋ ਅਸਤੀ ਭਾਤੀ(੧੯) ਪ੍ਰਿਯ ਰੂਪ ਹੈ।

(੪) ਜੋ ਨਿਰਵਿਕਾਰ(੨੦) ਬ੍ਰਹਮ ਹੈ।

ਸੋ ਸਾਮਾਨਯ ਚੇਤਨ ਹੈ॥

(੧੭) ਵਿਆਪਕ

(੧੮) ਪੰਨਾ ੪੫ ਤੇ ਟੂਕ (੫) ਪੜ੍ਹੋ

(੧੯) ਪੰਨਾ ੧੮੦ ਤੇ ਟੂਕ (੧੨) ਪੜ੍ਹੋ

(੨੦) ਵਿਕਾਰ=ਬਦਲਣ ਤੋਂ ਨਿਰ=ਰਹਿਤ

ਪ੍ਰਸ਼ਨ ੧੯੫. ਬ੍ਰਹਮ ਨੂੰ ਸਾਮਾਨਯ ਚੇਤਨ ਕਿਉਂ ਕਹਿੰਦੇ ਹਨ?

ਉੱਤਰ : ਅਧਿਕ ਦੇਸ਼ ਅਤੇ ਅਧਿਕ ਕਾਲ ਵਿੱਚ ਜੋ ਵਸਤੂ ਸਥਿਤ ਹੋਵੇ ਸੋ ਸਾਮਾਨਯ ਚੇਤਨ ਕਹੀਏ ਹੈ॥

ਪ੍ਰਸ਼ਨ ੧੯੬. ਸਾਮਾਨਯ ਚੇਤਨ ਨੂੰ ਜਾਨਣ ਵਿੱਚ ਦ੍ਰਿਸ਼ਟਾਂਤ ਕੀ ਹੈ?

ਉੱਤਰ : ਜਿਵੇਂ ਇੱਕ ਰੱਸੀ ਵਿੱਚ ਅਨੇਕਾਂ ਪੁਰਸ਼ਾਂ ਨੂੰ ਕਿਸੇ ਨੂੰ ਡੰਡੇ ਦੀ, ਕਿਸੇ ਨੂੰ ਸੱਪ ਦੀ, ਕਿਸੇ ਨੂੰ ਪ੍ਰਿਥਵੀ ਵਿੱਚ ਰੇਖਾ ਦੀ, ਕਿਸੇ ਨੂੰ ਜਲ ਦੀ ਧਾਰਾ ਦੀ ਭ੍ਰਾਂਤੀ ਹੁੰਦੀ ਹੈ। ਤਿਸ ਭ੍ਰਾਂਤੀ ਵਿੱਚ ਦੋ ਅੰਸ਼ਾਂ ਹਨ :-

(੧) (੧) 'ਇਹ' ਡੰਡਾ ਹੈ॥

(੨) 'ਇਹ' ਸੱਪ ਹੈ॥

(੩) 'ਇਹ' ਪ੍ਰਿਥਵੀ ਦੀ ਰੇਖਾ ਹੈ॥

(੪) 'ਇਹ' ਜਲਧਾਰਾ ਹੈ॥

ਇਸ ਰੀਤ ਨਾਲ ਸੱਪ ਆਦਿਕ ਵਿਸ਼ੇਸ਼ ਅੰਸ਼ਾਂ ਵਿੱਚ ਸਾਮਾਨਯ ਇਦੰ ਅੰਸ਼ ਕਹੀਏ 'ਇਹ'ਅੰਸ਼ ਸਰਵੱਤ੍ਰ ਵਿਆਪਕ ਹੈ ਅਤੇ ਰੱਸੀ ਦਾ ਸ੍ਵਰੂਪ ਵੀ ਹੈ। ਇਹ ਸਾਮਾਨਯ ਅੰਸ਼ :-

(੧) ਭ੍ਰਾਂਤੀ ਕਾਲ ਵਿੱਚ ਵੀ ਭਾਸਦੀ ਹੈ। ਅਤੇ

(੨) ਭ੍ਰਾਂਤੀ ਦੀ ਨਿਵਿਰਤੀ ਕਾਲ ਵਿੱਚ ਵੀ 'ਇਹ' ਰਜੂ ਹੈ।

ਇਸ ਰੀਤ ਨਾਲ ਭਾਸਦੀ ਹੈ।

ਇਸ ਲਈ ਸਾਮਾਨਯ ਇਦੰ ਅੰਸ਼ ਅਵਯਭੀਚਾਰੀ[੨੪] ਹੋਣ ਕਰਕੇ ਸੱਤ ਹੈ। ਅਤੇ

(੨) ਪਰਸਪਰ ਵਯਭੀਚਾਰ ਕਹੀਏ ਬਦਲਣ ਵਾਲੇ ਜੋ ਸੱਪ ਆਦਿਕ ਵਿਸ਼ੇਸ਼ ਅੰਸ਼ ਸੋ ਕਲਪਿਤ ਹੈ॥

ਸਿਧਾਂਤ :- ਤਿਵੇਂ ਹੀ ਸਾਰੇ ਪਦਾਰਥਾਂ ਵਿੱਚ ਪੰਜ ਅੰਸ਼ਾਂ ਹਨ :-

(੧) ਅਸਤੀ (੨) ਭਾਤੀ (੩) ਪ੍ਰਿਯ (੪) ਨਾਮ (੫) ਰੂਪ

(੧) ''ਘੜਾ ਹੈ'' ਇਹ ਅਸਤੀ (ਸਤ)॥

(੨) ''ਘੜਾ ਭਾਸਦਾ ਹੈ'' ਇਹ ਭਾਤੀ (ਚਿਤ)॥

(੩) ''ਘੜਾ ਪਿਆਰਾ ਹੈ'' ਕਿਉਂਕਿ ਜਲ ਭਰਨ ਲਈ ਉਪਯੋਗੀ ਹੈ। ਇਸ ਲਈ ਪ੍ਰਿਯ (ਅਨੰਦ)॥

ਤਿਵੇਂ ਹੀ ਸੱਪ ਸਿੰਘ[੨੫] ਆਦਿਕ ਵੀ ਸੱਪਣੀ ਤੇ ਸਿੰਘਣੀ[੨੬] ਨੂੰ ਪ੍ਰਿਯ ਹੈ।

ਇਸ ਤੋਂ ਸਾਰੇ ਪਦਾਰਥਾਂ ਵਿੱਚ ਪ੍ਰਿਯ ਅੰਸ ਸਮਝਣੀ॥

(੪) ''ਘਟ'' ਕਹੀਏ ਘੜਾ ਦੋ ਅੱਖਰਾਂ ਦਾ (ਨਾਮ) ਹੈ॥

(੫) ਸਥੂਲ ਗੋਲ ਉਦਰਵਾਨ(੨੭) ਘਟ ਦਾ ਰੂਪ (ਅਕਾਰ) ਹੈ॥

ਇਸ ਤਰ੍ਹਾਂ ਘੜਾ ਆਦਿਕ ਸਾਰੇ ਭੂਤ (ਤੱਤ) ਅਤੇ ਭੂਤਾਂ (ਤੱਤਾਂ) ਦੇ ਕਾਰਯ ਵਿੱਚ ਵੀ ਜਾਨਣਾ॥

ਇਹ ਬਾਹਰੀ ਪਦਾਰਥਾਂ ਵਿੱਚ ਪੰਜ ਅੰਸ ਦਿਖਾਏ ਹਨ॥

ਤਿਵੇਂ ਹੀ :- (੧) ਭੀਤਰ ਦੇਹ ਆਦਿਕ ਵਿੱਚ :-

(੧) ''ਮੈਂ ਹਾਂ'' ਇਹ ਅਸਤੀ ਹੈ।

(੨) ''ਮੈਂ ਭਾਸਦਾ ਕਹੀਏ ਪ੍ਰਤੀਤ ਹੁੰਦਾ ਹਾਂ ਵਾ ਜਾਣਦਾ ਹਾਂ'' ਇਹ ਭਾਤੀ ਹੈ।

(੩) ''ਮੈਂ ਆਪ ਆਪਣੇ ਆਪ ਨੂੰ ਪਿਆਰਾ ਹਾਂ'' ਇਹ ਪ੍ਰਿਯ ਹੈ।

(੪) ਦੇਹ, ਇੰਦ੍ਰਯੇ, ਪ੍ਰਾਣ, ਮਨ, ਬੁਧੀ, ਚਿਤ, ਅਹੰਕਾਰ, ਅਗਿਆਨ ਅਤੇ ਇਨ੍ਹਾਂ ਦੇ ਧਰਮ ਇਹ ਨਾਮ ਹੈ।

(੫) ਇਨ੍ਹਾਂ ਦੇ ਯਥਾਯੋਗ ਆਕਾਰ ਸੋ ਰੂਪ ਹੈ।

ਇਹ ਅੰਦਰ ਦੇ ਪਦਾਰਥਾਂ ਵਿੱਚ ਪੰਜ ਅੰਸ ਦਿਖਾਏ ਹਨ॥

(੨) ਇਨ੍ਹਾਂ ਸਾਰਿਆਂ ਦੇ ਨਾਮ ਰੂਪ ਦੇ ਤਿਆਗ ਨਾਲ :-

(੧) ''ਪ੍ਰਿਥਵੀ ਹੈ''।

(੨) ''ਪ੍ਰਿਥਵੀ ਭਾਸਦੀ ਹੈ''।

(੩) ''ਪ੍ਰਿਥਵੀ ਪ੍ਰਿਯ ਹੈ''। ਕਿਉਂਕਿ ਪ੍ਰਿਥਵੀ ਰਹਿਣ ਲਈ ਸਥਾਨ ਦਿੰਦੀ ਹੈ।

(੪) ''ਪ੍ਰਿਥਵੀ'' ਐਸਾ ਨਾਮ ਹੈ। ਅਤੇ

(੫) ''ਗੰਧ ਗੁਣ ਯੁਕਤ'' ਰੂਪ ਹੈ॥

(੩) ਪ੍ਰਿਥਵੀ ਦੇ ਨਾਮ ਰੂਪ ਦੇ ਤਿਆਗ ਨਾਲ :-

(੧) ''ਜਲ ਹੈ''।

(੨) ''ਜਲ ਭਾਸਦਾ ਹੈ''।

(੩) ''ਜਲ ਪ੍ਰਿਯ ਹੈ''। ਕਿਉਂਕਿ ਜਲ ਪਿਆਸ ਨੂੰ ਦੂਰ ਕਰਦਾ ਹੈ।

(੪) ''ਜਲ'' ਐਸਾ ਨਾਮ ਹੈ। ਅਤੇ

(੫) ''ਸੀਤਲ ਸਪਰਸ਼ ਗੁਣ ਯੁਕਤ'' ਰੂਪ ਹੈ॥

(੪) ਜਲ ਦੇ ਨਾਮ ਰੂਪ ਦੇ ਤਿਆਗ ਨਾਲ :-

(੧) ''ਤੇਜ ਹੈ''।

(੨) ''ਤੇਜ ਭਾਸਦੀ ਹੈ''।

(੩) ''ਤੇਜ ਪ੍ਰਿਯ ਹੈ'' ਕਿਉਂਕਿ ਠੰਡ ਤੇ ਅੰਧਕਾਰ ਨੂੰ ਦੂਰ ਕਰਦੀ ਹੈ।

(੪) ''ਤੇਜ'' ਐਸਾ ਨਾਮ ਹੈ। ਅਤੇ

(੫) ''ਉਸ਼ਣ''[੨੮] ਸਪਰਸ਼ ਗੁਣ ਯੁਕਤ'' ਰੂਪ ਹੈ॥

(੫) ਤੇਜ ਦੇ ਨਾਮ ਰੂਪ ਦੇ ਤਿਆਗ ਨਾਲ :-

(੧) ''ਵਾਯੂ ਹੈ''।

(੨) ''ਵਾਯੂ ਭਾਸਦੀ ਹੈ''।

(੩) ''ਵਾਯੂ ਪ੍ਰਿਯ ਹੈ'' ਕਿਉਂਕਿ ਪਸੀਨੇ ਨੂੰ ਦੂਰ ਕਰਦੀ ਹੈ।

(੪) ''ਵਾਯੂ'' ਐਸਾ ਨਾਮ ਹੈ। ਅਤੇ

(੫) ''ਰੂਪ ਰਹਿਤ ਅਤੇ ਸਪਰਸ਼ ਗੁਣ ਯੁਕਤ'' ਰੂਪ ਹੈ॥

(੬) ਵਾਯੂ ਦੇ ਨਾਮ ਰੂਪ ਦੇ ਤਿਆਗ ਨਾਲ:-

(੧) ''ਅਕਾਸ਼ ਹੈ''।

(੨) ''ਅਕਾਸ਼ ਭਾਸਦਾ ਹੈ''।

(੩) ''ਅਕਾਸ਼ ਪ੍ਰਿਯ ਹੈ'' ਕਿਉਂਕਿ ਰਹਿਣ ਫਿਰਨ ਨੂੰ ਅਵਕਾਸ਼ ਦਿੰਦਾ ਹੈ।

(੪) ''ਅਕਾਸ਼'' ਐਸਾ ਨਾਮ ਹੈ। ਅਤੇ

(੫) ''ਸ਼ਬਦ ਗੁਣ ਯੁਕਤ'' ਰੂਪ ਹੈ।

(੭) ਅਕਾਸ਼ ਦੇ ਨਾਮ ਰੂਪ ਦੇ ਤਿਆਗ ਨਾਲ :-

(੧) ''ਪਿੱਛੇ ਕੀ ਹੈ ਸੋ ਮੈਂ ਜਾਣਦਾ ਨਹੀਂ'' ਐਸਾ ਅਗਿਆਨ ਹੈ।

(੨) ''ਅਗਿਆਨ ਭਾਸਦਾ ਹੈ''

(੩) ''ਅਗਿਆਨ ਪ੍ਰਿਯ ਹੈ'' ਕਿਉਂਕਿ ਅਗਿਆਨੀ ਜੀਵਾਂ ਨੂੰ ਪ੍ਰਿਯ ਹੈ ਅਤੇ ਅਗਿਆਨ ਪ੍ਰਪੰਚ ਦਾ ਕਾਰਣ ਹੋਣ ਕਰਕੇ ਜੀਵਾਂ ਦਾ ਨਿਰਵਾਹ[੨੯] ਕਰਦਾ ਹੈ।

(੪) ''ਅਗਿਆਨ'' ਐਸਾ ਨਾਮ ਹੈ।

(੫) ''ਆਵਰਣ-ਵਿਕਸ਼ੇਪ ਸ਼ਕਤੀ ਵਾਲਾ ਅਨਾਦੀ[੩੧] ਅਨਿਰਵਚਨੀਯ[੩੨] ਭਾਵ-ਰੂਪ[੩੩] ਇਹ ਅਕਾਰ ਕਹੀਏ ਰੂਪ ਹੈ॥

(੮) ਅਗਿਆਨ ਦੇ ਨਾਮ ਰੂਪ ਦਾ ਤਿਆਗ ਕਰਨ ਨਾਲ :-

(੧) ''ਕੁਛ ਵੀ ਨਹੀਂ ਹੈ'' ਐਸੀ ਪ੍ਰਤੀਤੀ ਜਿਸ ਵਿੱਚ ਸਾਰੀਆਂ ਵਸਤੂਆਂ ਦਾ ਅਭਾਵ[੩੪] ਰਹਿੰਦਾ ਹੈ।

(੨) ''ਅਭਾਵ ਭਾਸਦਾ ਹੈ''।

(੩) ''ਅਭਾਵ ਸ਼ੂਨਯ[੩੫] ਧਿਆਨੀ ਨੂੰ ਪ੍ਰਿਯ ਹੈ''।

(੪) ''ਅਭਾਵ'' ਐਸਾ ਨਾਮ ਹੈ।

(੫) ''ਸਾਰੀਆਂ ਵਸਤੂਆਂ ਦਾ ਅਭਾਵ (ਨਿਸ਼ੇਧ ਮੁੱਖ ਕਹੀਏ ਖੰਡਨ ਪ੍ਰਤੀਤੀ ਦਾ ਵਿਸ਼ਯ)'' ਰੂਪ ਹੈ॥

(੯) ਅਭਾਵ ਦੇ ਨਾਮ ਰੂਪ ਦਾ ਤਿਆਗ ਕਰਨ ਨਾਲ :-

(੧) ਅਭਾਵੱਤ੍ਵ ਦਾ ਸਰੂਪ ਭੂਤ[੩੬] ਅਧਿਸ਼ਠਾਨ[੩੭]।

(੨) ਸੋ ਅਧਿਸ਼ਠਾਨ ਅਭਾਵ ਦੇ ਅਭਾਵਪਨੇ ਨੂੰ ਪ੍ਰਕਾਸ਼ਦਾ ਹੈ ਇਸ ਲਈ ਚਿੱਤ ਹੈ। ਅਤੇ

(੩) ਦੁਖ ਤੋਂ ਭਿੰਨ ਹੈ। ਇਸ ਲਈ ਅਨੰਦ ਹੈ।

ਇਸ ਰੀਤ ਨਾਲ :-

(੧) ਸਰਵ ਨਾਮ ਰੂਪ ਵਿੱਚ ਅਨੁਗਤ[੩੯] ਅਵਯਭੀਚਾਰੀ[੪੦] ਨਾਮ ਰੂਪ ਦਾ ਅਧਿਸ਼ਠਾਨ[੪੧] ਬ੍ਰਹਮ ਸਾਮਾਨਯ[੪੨] ਚੇਤਨ ਹੈ। ਸੋ 'ਸੱਤ' ਹੈ। ਅਤੇ

(੨) ਘੜੇ ਦੇ ਨਾਮ ਰੂਪ ਪਟ ਕਹੀਏ ਬਸਤਰ ਵਿੱਚ ਨਹੀਂ ਅਤੇ ਪਟ ਦੇ ਨਾਮ ਰੂਪ ਘਟ ਵਿਸ਼ੇ ਨਹੀਂ। ਇਸ ਲਈ ਪਰਸਪਰ ਵਯਭੀਚਾਰੀ[੪੩] ਨਾਮ ਰੂਪ ਮਿਥਿਆ ਹਨ॥

ਇਹ ਸਾਮਾਨਯ ਚੇਤਨ ਨੂੰ ਜਾਨਣ ਵਿੱਚ ਦ੍ਰਿਸ਼ਟਾਂਤ ਹੈ॥

(੨੧) ਸਾਮਾਨਯ ਅੰਸ਼ ਪੰਨਾ ੧੨੨ ਤੇ ਪੜ੍ਹੋ।

(੨੨) ਇਹ

(੨੩) ਵਿਸ਼ੇਸ਼ ਅੰਸ਼ ਪੰਨਾ ੧੨੨ ਤੇ ਪੜ੍ਹੋ।

(੨੪) ਵਯਭੀਚਾਰੀ ਕਹੀਏ ਬਦਲਣ ਤੋਂ ਅ=ਰਹਿਤ ਭਾਵ ਜੋ ਬਦਲੇ ਨਾ।

(੨੫) ਸ਼ੇਰ

(੨੬) ਸ਼ੇਰਨੀ

(੨੭) ਉਦਰ=ਪੇਟ ਵਾਨ=ਵਾਲਾ

(੨੮) ਗਰਮੀ

(੨੯) ਗੁਜਾਰਾ ਭਾਵ ਪ੍ਰਪੰਚ ਦੇ ਵਿਵਹਾਰ ਕਰਨ ਵਿੱਚ ਸਹਾਇਕ

(੩੦) ਆਵਰਣ ਪੰਨਾ ੨੬ ਤੇ ਟੂਕ (੧੫) ਪੜ੍ਹੋ।

(੩੧) ਵਿਕਸ਼ੇਪ ਪੰਨਾ ੩੨ ਤੇ ਟੂਕ (੪੩) ਪੜ੍ਹੋ।

(੩੨) ਅਨਰਵਚਨੀ ਕਹੀਏ ਜੋ ਬਚਨਾ ਦੁਆਰਾ ਕਥਨ ਨਾ ਕੀਤਾ ਜਾ ਸਕੇ। ਮਾਇਆ ਵਾ ਅਵਿਦਿਆ ਵਾ ਅਗਿਆਨ ਅਨਰਵਚਨੀ ਹਨ।

ਨਾ ਸਤ ਹੈ, ਨਾ ਅਸੱਤ ਹੈ, ਨਾ ਸੱਤ ਅਸੱਤ ਉਭੇ ਹੈ।

ਨਾ ਭਿੰਨ ਹੈ, ਨਾ ਅਭਿੰਨ ਹੈ, ਨਾ ਭਿੰਨ-ਅਭਿੰਨ ਉਭੇ ਹੈ।

ਨਾ ਸਵੈਵ ਹੈ, ਨਾ ਨਿਰਵੈਵ ਹੈ, ਨਾ ਸਵੈਵ ਨਿਰਵੈਵ ਉਭੇ ਹੈ।

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ)

ਜੋ ਉਪਰੋਕਤ ਕਥਿਤ ਨੌਂ ਜੁਗਤੀਆਂ ਨਾ ਸਹਾਰੇ ਸੋ ਅਨਰਵਚਨੀ ਕਹੀਏ ਹੈ॥

(੩੩) ਮੌਜੂਦਗੀ

(੩੪) ਅਨਉਪਸਥਿਤ ਵਾ ਗੈਰ-ਮੌਜੂਦਗੀ।

(੩੫) ਨਿਰਵਿਕਲਪ ਦਸ਼ਾ

(੩੬) ਤੱਤ ਰੂਪ

(੩੭) ਮੂਲ ਆਸਰਾ (ਪੰਨਾ ੧੨੨ ਤੇ ਵਿਸ਼ੇਸ਼ ਅੰਸ਼ ਪੜ੍ਹੋ)

(੩੮) ਬਾਕੀ

(੩੯) ਸਮਾਇਆ ਹੋਇਆ

(੪੦) ਪੰਨਾ ੧੮੪ ਤੇ ਟੂਕ (੨੪) ਪੜ੍ਹੋ।

(੪੧) ਪੰਨਾ ੧੮੫ ਤੇ ਟੂਕ (੩੭) ਪੜ੍ਹੋ।

(੪੨) (੧) ਪੰਨਾ ੧੮੦ ਤੇ ਪ੍ਰਸ਼ਨ ੧੬੪ ਪੜ੍ਹੋ।

(੨) (੧) ਸੁਖੋਪਤੀ, ਮੂਰਸ਼ਾ ਕਹੀਏ ਬੇਹੋਸ਼ੀ ਅਤੇ ਸਮਾਧੀ ਦਾ ਪ੍ਰਕਾਸ਼ਕ (ਗਿਆਨ ਕਰਾਉਣ ਵਾਲਾ ਸਾਮਾਨਯ ਚੇਤਨ ਹੈ।

(੨) 'ਘੜੇ ਨੂੰ ਮੈਂ ਜਾਣਦਾ ਹਾਂ' ਇਸ ਰੀਤ ਨਾਲ ਪ੍ਰਮਾਤਾ (ਜਾਨਣ ਵਾਲਾ), ਪ੍ਰਮਾਣ (ਦਲੀਲ) ਅਤੇ ਪ੍ਰਮੇਯ (ਵਸਤੂ) ਰੂਪ ਤ੍ਰਿਪੁਟੀ ਦਾ ਪ੍ਰਕਾਸ਼ਕ ਸਾਕਸ਼ੀ (ਗਵਾਹ) ਸਾਮਾਨਯ ਚੇਤਨ ਹੈ।

(੩) ਜਾਗ੍ਰਤ ਆਦਿਕ ਅਵਸਥਾ ਦੀ ਸੰਧੀ (ਮਿਲਾਪ) ਦਾ ਪ੍ਰਕਾਸ਼ਕ ਸਾਮਾਨਯ ਚੇਤਨ ਹੈ।

(੪) ਤਿਵੇਂ ਹੀ ਵ੍ਰਿਤੀਆਂ (ਬਿਰਤੀਆਂ) ਦੀ ਸੰਧੀ ਦਾ ਪ੍ਰਕਾਸ਼ਕ ਸਾਮਾਨਯ ਚੇਤਨ ਹੈ। ਭਾਵ ਇੱਕ ਬਿਰਤੀ ਦੀ ਲੈ ਰੂਪ ਸਮਾਪਤੀ ਤੇ ਦੂਸਰੀ ਕਹੀਏ ਨਵੀਂ ਬਿਰਤੀ ਦੀ ਉਤਪਤੀ ਦੇ ਵਿਚਕਾਰ ਜੋ ਸੰਧੀ (ਮਿਲਾਪ)।

(੫) ਅੰਗੂਠੇ ਦੇ ਅਗਲੇ ਹਿੱਸੇ ਦਾ ਪ੍ਰਕਾਸ਼ਕ ਸਾਮਾਨਯ ਚੇਤਨ ਹੈ।

(੬) ਦੇਸ਼ਾਂਤਰ ਵਿੱਚ ਵ੍ਰਿਤੀ ਗਈ ਹੋਵੇ ਤਾਂ ਤਿਸਦੇ ਮੱਧਯ ਭਾਗ ਦਾ ਪ੍ਰਕਾਸ਼ਕ ਸਾਮਾਨਯ ਚੇਤਨ ਹੈ। (ਮੱਧ ਭਾਗ=ਸੰਧੀ)

(੭) ਸੂਰਜ ਚੰਦ੍ਰਮਾ ਅਕਾਰ ਦੀ ਵ੍ਰਿਤੀ ਹੋਈ ਹੋਵੇ ਤਿਸਦੇ ਮਧਯ ਭਾਗ ਦਾ ਪ੍ਰਕਾਸ਼ਕ ਸਾਮਾਨਯ ਚੇਤਨ ਹੈ। (ਮੱਧ ਭਾਗ=ਸੰਧੀ ਕਹੀਏ ਮਿਲਾਪ ਭਾਵ ਕਿਸੇ ਅਕਾਰ ਦੀ ਬਿਰਤੀ ਬਣਨ ਤੋਂ ਪਹਿਲਾ ਅਤੇ ਪਿਛਲੀ ਵ੍ਰਿਤੀ ਦੇ ਲੱਯ ਹੋਣ ਤੋਂ ਬਾਦ ਜੋ ਵਿਚਕਾਰ ਦਾ ਸਮਾਂ।)

(੮) ''ਮੈਂ ਆਪਣੇ-ਆਪ (ਆਤਮਾ) ਨੂੰ ਨਹੀਂ ਜਾਣਦਾ'' ਐਸੀ ਅਗਿਆਨ ਵਿਸ਼ਿਸ਼ਟ (ਵਿਸ਼ੇਸ਼ਣ ਯੁਕਤ) ਦਸ਼ਾ ਦਾ ਪ੍ਰਕਾਸ਼ਕ ਸਮਾਨਯ ਚੇਤਨ ਹੈ॥

(੪੩) ਜੋ ਵਸਤੂ ਕਿਤੇ ਹੋਵੇ ਅਤੇ ਕਿਤੇ ਨਾ ਹੋਵੇ ਭਾਵ ਬਦਲਣ ਵਾਲੀ ਹੋਵੇ ਸੋ ਵਯਭੀਚਾਰੀ ਕਹੀਏ ਹੈ॥

ਪ੍ਰਸ਼ਨ ੧੬੭. ਉਕਤ ਸਾਮਾਨਯ ਚੇਤਨ ਰੂਪ ਬ੍ਰਹਮ ਦੀ ਸਭ ਤੋਂ ਅਧਿਕ ਸੂਕਸ਼ਮਤਾ ਅਤੇ ਵਿਆਪਕਤਾ ਕਿਵੇਂ ਹੈ?

ਉੱਤਰ : (੧) ਜੋ ਜੋ ਕਾਰਜ ਹੈ ਸੋ ਸਥੂਲ ਅਤੇ ਪਰਿਛਿੰਨ[੪੪] ਹੁੰਦਾ ਹੈ।

(੨) ਜੋ ਜੋ ਕਾਰਣ ਸੋ ਸੂਖਮ ਅਤੇ ਵਿਆਪਕ (ਅਧਿਕ ਦੇਸ਼ ਵਰਤੀ) ਹੁੰਦਾ ਹੈ। ਇਹ ਨਿਯਮ ਹੈ।

ਕਿਉਂਕਿ ਬ੍ਰਹਮ ਸਭ ਦਾ ਕਾਰਣ ਹੈ ਇਸ ਲਈ ਸਭ ਤੋਂ ਅਧਿਕ ਸੂਖਮ ਅਤੇ ਵਿਆਪਕ ਹੈ।

(੧) (੧) ਕਿਉਂਕਿ ਸਮੁੰਦ੍ਰ ਜਲ ਤੋਂ ਕਠਿਨ ਫੇਨ[੪੫] ਅਤੇ ਲਵਣ[੪੬] ਹੁੰਦੇ ਹਨ। ਇਸ ਲਈ ਜਾਣਿਆ ਜਾਂਦਾ ਹੈ ਕਿ ਪ੍ਰਿਥਵੀ ਜਲ ਦਾ ਕਾਰਯ ਹੈ। ਇਸ ਲਈ ਪ੍ਰਿਥਵੀ ਤੋਂ ਜਲ ਸੂਕਸ਼ਮ ਅਤੇ ਵਿਆਪਕ ਹੈ॥

(੨) ਪ੍ਰਿਥਵੀ ਦੇ ਪਾਸ਼ਾਣ[੪੭] ਆਦਿਕ ਅਵਯਵ[੪੮] ਵਸਤਰ ਵਿੱਚ ਪਏ ਹੋਣ ਤਾਂ ਨਿਕਲਦੇ ਨਹੀਂ। ਅਤੇ

(੩) ਜਲ ਵਿੱਚ ਇਹ ਪਾਸ਼ਾਣ ਠਹਿਰਦੇ ਨਹੀਂ। ਅਤੇ

(੪) ਪ੍ਰਿਥਵੀ ਵਿੱਚ ਜਿੱਥੇ ਜਿੱਥੇ ਖੋਦ ਕੇ ਵੇਖੀਏ ਉਥੇ ਉਥੇ ਜਲ ਨਿਕਲਦਾ ਹੈ। ਅਤੇ

(੫) ਪੁਰਾਣਾ ਵਿੱਚ ਪ੍ਰਿਥਵੀ ਤੋਂ ਦਸ ਗੁਣਾ ਅਧਿਕ ਦੇਸ਼ਵਰਤੀ ਜਲ ਕਿਹਾ ਹੈ।

ਇਸ ਲਈ ਵੀ ਪ੍ਰਿਥਵੀ ਤੋਂ ਜਲ ਸੂਕਸ਼ਮ ਅਤੇ ਵਿਆਪਕ ਹੈ।

(੨) (੧) ਤਿਵੇਂ ਅਗਨੀ ਦੇ ਤਾਪ (ਗਰਮੀ) ਨਾਲ ਸਰੀਰ ਵਿਚੋਂ ਪ੍ਰਸਵੇਦ (ਪਸੀਨਾ) ਛੁਟਦਾ ਹੈ ਅਤੇ ਵਰਸ਼ਾ[੪੯] ਹੁੰਦੀ ਹੈ। ਇਸ ਲਈ ਜਾਣਿਆ ਜਾਂਦਾ ਹੈ ਕਿ ਜਲ ਅਗਨੀ ਦਾ ਕਾਰਜ ਹੈ। ਇਸ ਲਈ ਜਲ ਤੋਂ ਅਗਨੀ (ਤੇਜ) ਸੂਕਸ਼ਮ ਅਤੇ ਵਿਆਪਕ ਹੈ।

(੨) ਜਲ ਕਪੜਿਆਂ ਵਿੱਚ ਠਹਿਰਦਾ ਨਹੀਂ ਪਰੰਤੂ ਘੜੇ ਵਿੱਚ ਠਹਿਰਦਾ ਹੈ। ਅਤੇ

(੩) ਸੂਰਜ ਆਦਿਕ ਦਾ ਪ੍ਰਕਾਸ਼ (ਤੇਜ ਰੂਪ) ਘੜੇ ਵਿੱਚ ਵੀ ਠਹਿਰਦਾ ਨਹੀਂ। ਅਤੇ

(੪) ਪੁਰਾਣਾ ਵਿੱਚੋਂ ਜਲ ਤੋਂ ਦਸ ਗੁਣਾ ਅਧਿਕ ਦੇਸ਼ਵਰਤੀ ਤੇਜ ਹੈ।

ਇਸ ਲਈ ਵੀ ਜਲ ਤੋਂ ਤੇਜ ਸੂਕਸ਼ਮ ਅਤੇ ਵਿਆਪਕ ਹੈ।

(੩) (੧) ਤਿਵੇਂ ਹੀ ਅਗਨੀ ਦਾ ਜਨਮ ਅਤੇ ਨਾਸ਼ ਪਵਨ ਦੇ ਅਧੀਨ ਹੈ। ਇਸ ਲਈ ਜਾਣਿਆ ਜਾਂਦਾ ਹੈ ਕਿ ਤੇਜ ਵਾਯੂ ਦਾ ਕਾਰਜ ਹੈ। ਇਸ ਲਈ ਤੇਜ ਤੋਂ ਵਾਯੂ ਸੂਕਸ਼ਮ ਅਤੇ ਵਿਆਪਕ ਹੈ।

(੨) ਸੂਰਜ ਆਦਿਕ ਦਾ ਪ੍ਰਕਾਸ਼ ਘੜੇ ਆਦਿ ਪਾਤਰਾਂ[੫੦] ਵਿੱਚ ਠਹਿਰਦਾ ਨਹੀਂ ਪਰੰਤੂ ਨੇਤ੍ਰਾ ਨਾਲ ਵੇਖੀਦਾ ਹੈ ਅਤੇ ਵਾਯੂ ਤਾ ਅੱਖਾਂ ਨਾਲ ਦਿਖਦੀ ਨਹੀਂ। ਅਤੇ

(੩) ਪੁਰਾਣਾ ਵਿੱਚ ਤੇਜ ਤੋਂ ਦੱਸ ਗੁਣਾ ਅਧਿਕ ਵਾਯੂ ਕਹੀ ਹੈ। ਇਸ ਲਈ ਤੇਜ ਤੋਂ ਵਾਯੂ ਸੂਕਸ਼ਮ ਅਤੇ ਵਿਆਪਕ ਹੈ।

(੪) (੧) ਤਿਵੇਂ ਹੀ ਵਾਯੂ ਦੀ ਉਤਪਤੀ ਸਥਿਤੀ ਅਤੇ ਲਯ ਆਕਾਸ਼ (ਪੁਲਾੜ) ਵਿੱਚੋਂ ਹੀ ਹੁੰਦੀ ਹੈ। ਇਸ ਲਈ ਜਾਣਿਆ ਜਾਂਦਾ ਹੈ ਕਿ ਵਾਯੂ ਅਕਾਸ਼ ਦਾ ਕਾਰਜ ਹੈ। ਇਸ ਲਈ ਵਾਯੂ ਤੋਂ ਅਕਾਸ਼ ਸੂਕਸ਼ਮ ਅਤੇ ਵਿਆਪਕ ਹੈ।

(੨) ਵਾਯੂ ਨੇਤ੍ਰਾਂ ਨਾਲ ਦਿਖਦੀ ਨਹੀਂ ਪਰੰਤੂ ਤ੍ਵਚਾ[੫੧] ਨਾਲ ਸਪਰਸ਼ ਗੁਣ ਦੁਆਰਾ ਗ੍ਰਹਿਣ ਹੁੰਦੀ ਹੈ ਅਤੇ ਅਕਾਸ਼ ਤਾਂ ਤ੍ਵਚਾ ਨਾਲ ਵੀ ਗ੍ਰਹਿਣ ਹੁੰਦਾ ਨਹੀਂ। ਅਤੇ

(੩) ਪੁਰਾਣਾਂ ਵਿੱਚ ਵਾਯੂ ਤੋਂ ਦੱਸ ਗੁਣਾ ਅਧਿਕ ਦੇਸ਼ਵਰਤੀ ਅਕਾਸ਼ ਕਿਹਾ ਹੈ।

ਇਸ ਲਈ ਅਕਾਸ਼ ਵਾਯੂ ਤੋਂ ਸੂਖਮ ਅਤੇ ਵਿਆਪਕ ਹੈ॥

(੫) (੧) ਤਿਵੇਂ 'ਅਕਾਸ਼ ਤੋਂ ਅੱਗੇ ਕੀ ਹੋਵੇਗਾ' ਐਸਾ ਵਿਚਾਰ ਕਰਨ ਨਾਲ 'ਮੈਂ ਨਹੀਂ ਜਾਣਦਾ ਹਾਂ' ਇਸ ਤਰ੍ਹਾਂ ਬੁੱਧੀ ਦੇ ਕੁੰਠੀ[੫੨] ਭਾਵ ਦਾ ਆਸ਼੍ਰਯ (ਵਿਸ਼ਾ) ਅਗਿਆਨ ਪ੍ਰਤੀਤ ਹੁੰਦਾ ਹੈ। ਇਸ ਲਈ ਜਾਣਿਆ ਜਾਂਦਾ ਹੈ ਕਿ ਅਕਾਸ਼ ਅਗਿਆਨ ਦਾ ਕਾਰਜ ਹੈ। ਇਸ ਲਈ ਅਗਿਆਨ ਅਕਾਸ਼ ਤੋਂ ਸੂਕਸ਼ਮ ਅਤੇ ਵਿਆਪਕ ਹੈ।

(੨) ਅਕਾਸ਼ ਤ੍ਵਚਾ (ਚਮੜੀ) ਨਾਲ ਗ੍ਰਹਿਣ ਹੁੰਦਾ ਨਹੀਂ ਪਰੰਤੂ ਮਨ ਨਾਲ ਗ੍ਰਹਿਣ ਹੁੰਦਾ ਹੈ। ਅਤੇ ਅਗਿਆਨ ਮਨ ਨਾਲ ਵੀ ਗ੍ਰਹਿਣ ਨਹੀਂ ਹੁੰਦਾ। ਅਤੇ

(੩) ਅਕਾਸ਼ ਤੋਂ ਅਨੰਤ ਗੁਣ ਅਧਿਕ ਅਗਿਆਨ ਸ਼ਾਸਤ੍ਰਾਂ ਵਿੱਚ ਕਿਹਾ ਹੈ।

ਇਸ ਲਈ ਵੀ ਅਗਿਆਨ ਅਕਾਸ਼ ਤੋਂ ਸੂਖਮ ਅਤੇ ਵਿਆਪਕ ਹੈ॥

(੬) (੧) ਤਿਵੇਂ ਹੀ 'ਮੈਂ ਨਹੀਂ ਜਾਣਦਾ ਹਾਂ' ਇਸ ਅਨੁਭਵ ਦਾ ਵਿਸ਼ਾ ਜੋ ਅਗਿਆਨ ਤਿਸਦਾ ਪ੍ਰਕਾਸ਼ਕ (ਜਾਨਣਵਾਲਾ) ਚੇਤਨ ਹੈ। ਅਤੇ

(੧) ਅਗਿਆਨ ਹੈ – ਅਸਤੀ

(੨) ਅਗਿਆਨ ਭਾਸਦਾ ਹੈ – ਭਾਤੀ

(੩) ਅਗਿਆਨ ਅਗਿਆਨੀ ਜੀਵਾਂ ਨੂੰ ਪ੍ਰਿਯ ਹੈ – ਅਨੰਦ

ਇਸ ਰੀਤ ਨਾਲ ਅਗਿਆਨ ਵਿੱਚ ਅਨੁਸਯੂਤ[੫੩] ਅਸਤੀ ਭਾਤੀ ਪ੍ਰਿਯ ਰੂਪ ਬ੍ਰਹਮ ਚੇਤਨ ਪ੍ਰਤੀਤ ਹੁੰਦਾ ਹੈ। ਇਸ ਲਈ ਅਗਿਆਨ ਬ੍ਰਹਮ ਚੇਤਨ ਦੇ ਆਸ਼੍ਰਿਤ[੫੪] ਹੈ। ਇਸ ਲਈ ਅਗਿਆਨ ਬ੍ਰਹਮ ਚੇਤਨ ਅਗਿਆਨ ਤੋਂ ਸੂਖਮ ਅਤੇ ਵਿਆਪਕ ਹੈ॥

(੨) ਅਗਿਆਨ ਮਨ ਕਰਕੇ ਹੁੰਦਾ ਨਹੀਂ ਪਰੰਤੂ ''ਮੈਂ ਨਹੀਂ ਜਾਣਦਾ ਹਾਂ'' ਇਸ ਅਨੁਭਵ ਰੂਪ ਚਿੰਨ੍ ਕਰਕੇ ਤਿਸਦਾ ਅਨੁਮਾਨ ਹੁੰਦਾ ਹੈ। ਅਤੇ ਬ੍ਰਹਮ ਚੇਤਨ ਸ੍ਵਯੰ-ਪ੍ਰਕਾਸ਼ ਰੂਪ ਹੋਣ ਕਰਕੇ ਕਿਸੇ ਵੀ ਪ੍ਰਮਾਣ ਦਾ ਵਿਸ਼ਾ ਨਹੀਂ। ਅਤੇ

(੩) ਸਰੀਰ ਵਿੱਚ ਤਿਲ ਦੀ ਨਿਆਈ ਬ੍ਰਹਮ ਦੇ ਇੱਕ ਦੇਸ਼ ਵਿਖੇ ਅਗਿਆਨ ਸਥਿਤ ਹੈ। ਅਤੇ ਅਵਸ਼ੇਸ਼[੫੫] ਬ੍ਰਹਮ ਸ਼ੁੱਧ ਸ੍ਵੈ-ਪ੍ਰਕਾਸ਼ ਹੈ। ਇਸ ਤਰ੍ਹਾਂ ਸ਼੍ਰੁਤੀ ਵਿੱਚ ਕਿਹਾ ਹੈ।

ਇਸ ਲਈ ਵੀ ਬ੍ਰਹਮ ਚੇਤਨ ਅਗਿਆਨ ਤੋਂ ਸੂਖਮ ਅਤੇ ਵਿਆਪਕ ਹੈ।॥

ਇਸ ਰੀਤ ਨਾਲ ਸਾਮਾਨਯ-ਚੇਤਨ[੫੬] ਰੂਪ ਬ੍ਰਹਮ ਦੀ ਸਾਰੇ ਪ੍ਰਪੰਚ ਤੋਂ ਅਧਿਕ ਸੂਖਮਤਾ ਅਤੇ ਵਿਆਪਕਤਾ ਹੈ॥

(੪੪) ਸੀਮਾ ਵਾ ਹੱਦ ਬੰਦੀ ਯੁਕਤ ਭਾਵ ਛੋਟਾ

(੪੫) ਝੱਗ

(੪੬) ਲੂਣ

(੪੭) ਪਾਸ਼ਾਣ ਕਹੀਏ ਪੱਥਰ ਭਾਵ ਪੱਥਰ ਦੇ ਵਿੱਚ ਮਿੱਟੀ ਆਦਿ ਦੇ ਸੂਖਮ ਕਣ

(੪੮) ਅੰਗ

(੪੯) ਮੀਂਹ

(੫੦) ਭਾਂਡੇ

(੫੧) ਚਮੜੀ

(੫੨) ਜੜਤਾ ਵਾ ਮੂਰਖਤਾ

(੫੩) ਸਮਾਇਆ ਹੋਇਆ

(੫੪) ਆਸਰੇ

(੫੫) ਬਾਕੀ

(੫੬) ਪੰਨਾ ੧੮੦ ਤੇ ਪ੍ਰਸ਼ਨ ੧੯੪ ਪੜ੍ਹੋ

ਪ੍ਰਸ਼ਨ ੧੯੮. ਸਾਮਾਨਯ ਚੇਤਨ ਨੂੰ ਜਾਨਣ ਤੋਂ ਕੀ ਨਿਸ਼ਚਾ ਕਰਨਾ?

ਉੱਤਰ : (੧) ੧. ਅਸਤੀਂ ਭਾਤੀ ਪ੍ਰਿਯ ਰੂਪ ਸਾਮਾਨਯ ਚੇਤਨ ਜੋ ਬ੍ਰਹਮ ਸੋ ਮੈਂ ਹਾਂ। ਅਤੇ

੨. ਕਿਉਂਕਿ ਬ੍ਰਹਮ ਮੈਂ (ਪ੍ਰਤਯਕ ਕਹੀਏ ਅੰਤਰ ਆਤਮਾ) ਇਸ ਲਈ ਅਸਤੀ ਭਾਤੀ ਪ੍ਰਿਯ ਰੂਪ ਸਾਮਾਨਯ ਚੇਤਨ ਬ੍ਰਹਮ ਮੈਂ ਹਾਂ।

(੨) ਨਾਮ ਰੂਪ ਜਗਤ ਮੇਰੇ ਵਿੱਚ ਕਲਪਿਤ ਹਨ। ਇਹ ਨਿਸ਼ਚੇ ਕਰਨਾ॥

ਪ੍ਰਸ਼ਨ ੧੯੯. ਇਸ ਰੀਤ ਨਾਲ ਨਿਸ਼ਚੇ ਕਰਨ ਨਾਲ ਕੀ ਹੋਇਆ?

ਉੱਤਰ :- ਇਸ ਰੀਤ ਨਾਲ ਨਿਸ਼ਚੇ ਕਰਨ ਤੋਂ ਪ੍ਰਪੰਚ ਰੂਪ ਸਾਰੇ ਅਨਰਥ(੫੭) ਦੀ ਨਿਵਿਰਤੀ(੫੮) ਅਤੇ ਪਰਮਾਨੰਦ ਦੀ ਪ੍ਰਾਪਤੀ(੫੯) ਰੂਪ ਮੋਕਸ਼(੬੦) ਹੁੰਦੀ ਹੈ॥

(੫੭) ਜਿਸ ਦਾ ਕੋਈ ਅਰਥ ਨਾ ਹੋਵੇ ਸੋ ਕਹੀਏ ਅਨਰਥ।

(੫੮) ਪੰਨਾ ੧੯ ਤੇ ਟੂਕ (੪) ਪੜ੍ਹੋ।

(੫੯) ਪੰਨਾ ੨੧ ਤੇ ਟੂਕ (੬) ਪੜ੍ਹੋ।

(੬੦) ਪੰਨਾ ੧੮ ਤੇ ਪ੍ਰਸ਼ਨ ੩ ਪੜ੍ਹੋ।

ਇਤਿ ਸ਼੍ਰੀਵਿਚਾਰਚਂਦ੍ਰੋਦਯੇ

ਸਾਮਾਨ੍ਯ ਵਿਸ਼ੇਸ਼ ਚੈਤਨ੍ਯ ਵਰ੍ਣਨ ਨਾਮਿਕਾ ਦ੍ਸ਼ਮ ਕਲਾ ਸਮਾਪ੍ਤਾ॥ ੧੦॥

ਇਤਿ ਸ਼੍ਰੀ ਵਿਚਾਰਚੰਦ੍ਰੋਦਯ

ਸਾਮਾਨਯ ਵਿਸ਼ੇਸ਼ ਚੈਤੰਨਯ ਵਰਣਨ ਨਾਮਿਕਾ ਦਸ਼ਮ ਕਲਾ ਸਮਾਪਤਾ॥ ੧੦॥

ਸ਼੍ਰੀ=ਸੁਭਾਇਮਾਨ ਵਿਚਾਰਚੰਦ੍ਰੋਦਯ ਗ੍ਰੰਥ ਦਾ ਦਸ਼ਮ=ਦਸਵਾਂ ਕਲਾ=ਭਾਗ ਇਥੇ ਇਤਿ=ਸਮਾਪਤ ਹੁੰਦਾ ਹੈ। ਜਿਸ ਨੂੰ ਸਾਮਾਨਯ ਵਿਸ਼ੇਸ਼ ਚੈਤੰਨਯ ਨਾਮਿਕਾ=ਨਾਮ ਦੀ ਪ੍ਰਕਿਰਿਆ ਦਾ ਵਿਸਥਾਰ ਨਾਲ ਵਰਣਨ=ਕਥਨ ਕਰਕੇ ਸਮਾਪਤਾ=ਸੰਪੂਰਨ ਕੀਤਾ ਗਿਆ ਹੈ।

☆☆☆

(ਗਿਆਰ੍ਹਵੀਂ ਕਲਾ)

॥ अथ एकादश कला प्रारंभः ॥ ११॥

॥ਅਥ ਇਕਾਦਸ਼ ਕਲਾ ਪ੍ਰਾਰੰਭ: ॥੧੧॥

ਅਥ= ਹੁਣ ਇਸ ਗ੍ਰੰਥ ਦੇ ਇਕਾਦਸ਼ = (ਇੱਕ+ਦਸ਼) ਗਿਆਰਵੇਂ ਕਲਾ=ਭਾਗ ਨੂੰ ਪ੍ਰਾਰੰਭ:=ਪਰ ਕਹੀਏ ਵਿਸ਼ੇਸ਼ ਕਰਕੇ ਆਰੰਭ:= ਸ਼ੁਰੂ ਕਰਦੇ ਹਨ॥

॥''तत्त्वं'' पदार्थैक्य निरूपण॥

॥ ''ਤਤ੍ਵੰ'' ਪਦਾਰਥਈਕਿਯ ਨਿਰੂਪਣ॥

ਇਸ ਕਲਾ ਵਿੱਚ ਤਤ੍ਵੰ=(ਤੱਤ+ਤ੍ਵੰ) ਤੱਤ ਕਹੀਏ ਈਸ਼ਵਰ ਅਤੇ ਤ੍ਵੰ=ਜੀਵ ਰੂਪ ਦੋ ਪਦਾਰਥ=ਵਸਤੂਆਂ ਦਾ ਈਕਿਯ=ਇੱਕ ਬ੍ਰਹਮ ਰੂਪ ਕਰਕੇ ਨਿਰੂਪਣ=ਕਥਨ ਕਰਦੇ ਹਨ॥

॥ इंद्रविजय छंदः॥

॥ ਇੰਦ੍ਰਵਿਜਯ ਛੰਦ: ॥

ਅਨੇਕਾਂ ਪ੍ਰਕਾਰ ਦੀ ਛੰਦਾਬੰਦੀ ਵਿੱਚੋਂ ਇੰਦ੍ਰਵਿਜਯ ਨਾਮਕ ਛੰਦ ਦੇ ਅੰਦਰ ਪੀਤਾਂਬਰ ਜੀ ਸੁੰਦਰ ਕਾਵਿ-ਰਚਨਾ ਦੁਆਰਾ ਮੂਲ ਪਾਠ ਦੀ ਰਚਨਾ ਕਰਦੇ ਹਨ। ਜੋ ਠੁਮਰੀ ਵਾ ਲਾਵਨੀ ਵਿੱਚ ਗਾਇਆ ਜਾਵੇ ਸੋ ਕਹੀਏ ਇੰਦ੍ਰਵਿਜਯ ਛੰਦ॥

वाच्य रु लक्ष्य लखी तत् त्वंपद।

ਵਾਚਯ ਰੂ ਲਕਛਯ ਲਖ ਤਤ ਤ੍ਵੰਪਦ।

'ਤਤ' ਪਦ=ਸ਼ਬਦ ਦਾ ਵਾਚਯ=ਸ਼ਕਯ ਅਰਥ ਭਾਵ ਈਸ਼ਵਰ ਰੂ=ਔਰ ਲਕਛਯ ਅਰਥ ਜੋ ਬ੍ਰਹਮ ਚੇਤਨ ਅਤੇ 'ਤ੍ਵੰ' ਪਦ=ਸ਼ਬਦ ਦਾ ਵਾਚਯ ਅਰਥ=ਜੀਵ ਅਤੇ ਲਕਛਯ ਅਰਥ=ਆਤਮਾ (ਕੂਟਸਥ ਚੇਤਨ) ਲਖੀ=ਜਾਨਣਾ ਕਰੋ।

ਦੋ ਪ੍ਰਕਾਰ ਦੇ ਅਰਥ :-

(੧) **ਵਾਚਯ ਅਰਥ** = ਜਿਸ ਪਦ ਵਿੱਚ ਜਿਸ ਅਰਥ ਦਾ ਬੋਧ ਕਰਾਉਣ ਦੀ ਸਮਰੱਥਾ ਵਾ ਸ਼ਕਤੀ ਹੋਵੇ ਸੋ ਵਾਚਯ ਅਰਥ ਹੈ। ਇਸ ਨੂੰ ਸ਼ੱਕਯ ਅਰਥ ਵੀ ਆਖਦੇ ਹਨ। ਜਿਵੇਂ ਅਗਨੀ ਪਦ ਵਿੱਚ ਅੰਗਾਰ ਰੂਪ ਅਰਥ ਦੀ ਸ਼ਕਤੀ ਹੈ। ਇਸ ਲਈ ਅਗਨੀ ਪਦ ਦਾ ਅੰਗਾਰ ਵਾਚਯ ਵਾ ਸ਼ਕਯ ਅਰਥ ਹੈ॥

(੨) **ਲਕਛਯ ਅਰਥ**=ਜਿਸ ਅਰਥ ਦਾ ਪਦ ਦੀ ਸ਼ਕਤੀ ਦੁਆਰਾ ਗਿਆਨ ਨ ਹੋਵੇ ਪਰੰਤੂ ਲਕਛਣਾ ਕਹੀਏ ਵਾਚਯ ਅਰਥ ਦੇ ਸੰਬੰਧੀ ਦੁਆਰਾ ਬੋਧ ਹੋਵੇ ਸੋ ਲਕਛਯ ਅਰਥ ਕਹੀਏ ਹੈ। ਜਿਵੇਂ 'ਗੰਗਾ ਮੇਂ ਗ੍ਰਾਮ' ਦਾ ਵਾਚਯ ਅਰਥ ਜੋ ਗੰਗਾ ਨਦੀ ਵਿੱਚ ਘਰ, ਸੋ ਸੰਭਵ ਨਹੀਂ ਕਿੰਤੂ ਪਰਵਾਹ ਰੂਪ

ਨਦੀ ਦਾ ਸੰਬੰਧੀ ਜੋ ਕਿਨਾਰਾ ਤਿਸ ਤੇ ਘਰ ਸੰਭਵ ਹੈ ਸੋ ਤੀਰ ਕਹੀਏ ਕਿਨਾਰਾ ਦਾ ਗ੍ਰਹਿਣ ਲਕਛਯ ਅਰਥ ਹੈ॥

लक्ष्य दहूंकर एक हढावै॥

लकछय दुहूं कर एक द्रिड़ावै॥

ਤੱਤ ਅਤੇ ਤ੍ਵੰ ਪਦ ਦੁਹੂੰ=ਦੋਵਾਂ ਦਾ ਲਕਛਯ ਅਰਥ ਭਾਵ ਬ੍ਰਹਮ ਚੇਤਨ ਅਤੇ ਕੂਟਸਥ ਚੇਤਨ ਏਕ=ਇੱਕ ਮਾਤ੍ਰ ਚੇਤਨ ਸਰੂਪ ਨੂੰ ਦਰਸਾ ਕਰ=ਕਰਕੇ ਕੇਵਲ ਜੋਤ ਸਰੂਪ ਬ੍ਰਹਮ ਨੂੰ ਦ੍ਰਿੜ=ਪੱਕਾ ਕਰਵਾਉਣ ਰੂਪ ਨਿਸ਼ਚਾ ਕਰਾਉਂਦੇ ਹਨ॥

भिन्न जु देशहि काल सु वस्तु रु।

भिंन जु देसहि कास सु वसतू रू।

ਜੁ=ਜਿਹੜੇ ਜੀਵ ਤੇ ਈਸ਼ਵਰ ਦੇ ਦੇਸ਼ਹਿ=ਦੇਸ਼ ਕਹੀਏ ਸਥਾਨ ਕਾਲ=ਸਮਾ ਰੂ=ਔਰ ਵਸਤੂ=ਪਦਾਰਥ ਭਿੰਨ=ਵੱਖਰੇ ਭਾਸਦੇ ਹਨ।

धर्म समेत उपाधि उडावै॥

धरम समेत उपाधी उडावै॥

ਧਰਮ=ਗੁਣ ਜੋ ਸਰਬੱਗਤਾ, ਅਲਪੱਗਤਾ, ਵਿਆਪਕ, ਪਰਛਿੰਨ ਕਹੀਏ ਛੋਟਾ ਆਦਿ ਸਮੇਤ=ਸਹਿਤ ਜੋ ਮਾਯਾ ਤੇ ਅਵਿਦਿਆ ਦੀ ਮਿਥਿਆ ਉਪਾਧੀ=ਪਦਵੀ ਨੂੰ ਲਕਛਯ ਅਰਥ ਉਡਾਵੈ=ਖਤਮ ਵਾ ਨਿਵਿਰਤ ਕਰਨ ਰੂਪ ਭਜਾ ਦਿੰਦਾ ਹੈ॥

जन्म थिती लय कारक मायिक।

जनम थिती लय कारक माखिक।

ਜਨਮ=ਉਤਪਤੀ, ਥਿਤੀ=ਇਸਥਿਤੀ (ਟਿਕਣਾ),ਲਯ=ਸੰਘਾਤ ਵਾ ਨਾਸ ਕਾਰਕ=ਕਰਨ ਵਾਲਾ ਕਰਤਾ ਜੋ ਮਾਯਿਕ=ਮਾਇਆ ਉਪਾਧੀ ਵਾਲਾ ਈਸ਼ਵਰ ਹੈ।

ਹਰਨ ਭਰਨ ਜਾ ਕਾ ਨੇਤ੍ਰ ਫੋਰ॥ (ਗਉੜੀ ਸੁਖਮਨੀ ਮ:੫, ਅੰਗ ੨੮੫)

ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣ॥
ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀ ਬਾਣ॥ (ਜਪੁ ਮ: ੧ ਅੰਗ ੭)

जाननहार सबी जग भावै॥

जाननहार सभी जग भावै॥

ਸਭੀ=ਸਾਰਿਆ ਜੀਵਾਂ ਦੇ ਚੰਗੇ ਮੰਦੇ ਕਰਮਾਂ ਦਾ ਜਾਨਨਹਾਰ=ਗਿਆਤਾ ਵਾ ਜਾਨਣ ਵਾਲਾ ਅੰਤਰਜਾਮੀ ਈਸ਼ਵਰ ਜਗ=ਸੰਸਾਰ ਦੇ ਅਗਿਆਨ ਜੀਵਾਂ ਨੂੰ ਭਾਵੈ=ਚੰਗਾ ਲੱਗਦਾ ਹੈ॥

ਘਟ ਘਟ ਕੇ ਅੰਤਰ ਕੀ ਜਾਨਤ॥ ਭਲੇ ਬੁਰੇ ਕੀ ਪੀਰ ਪਛਾਨਤ॥

(ਸ੍ਰੀ ਦਸਮ ਗ੍ਰੰਥ)

ईश्वर वाच्य सु है ततपादहि।

ईशवर वाचय सु है तत पादहि।

ਸੁ=ਉਹ ਈਸ਼ਵਰ=ਵਰ ਜੋ ਸ੍ਰੇਸ਼ਟ ਈਸ ਕਹੀਏ ਮਾਯਾ ਰੂਪ ਸ਼ਕਤੀ ਦਾ ਮਾਲਕ ਭਾਵ ਮਾਇਆ ਵਿਸ਼ਿਸ਼ਟ ਚੇਤਨ 'ਤਤ' ਪਾਦਹਿ=ਪਦ ਵਾ ਸ਼ਬਦ ਦਾ ਵਾਚਸ=ਸ਼ੱਕਯ ਅਰਥ ਹੈ।

(ਵਾਚਯ ਅਰਥ ਪੰਨਾ ੧੬੯ ਤੇ ਪੜ੍ਹੋ।)

ब्रह्म सु लक्ष्य उपाधि अभावै॥ २२॥

ब्रहम सु लकछय उपाधी अभावै॥ २२॥

'ਤਤ' ਪਦ ਦਾ ਲਕਛਯ=ਲਖਯ ਅਰਥ ਸੁ=ਉਹ ਬ੍ਰਹਮ=ਵਿਆਪਕ ਚੇਤਨ ਹੈ ਜਿਸ ਵਿੱਚ ਮਾਇਆ,ਅਵਿਦਿਆ ਆਦਿ ਉਪਾਧੀ=ਪਦਵੀਆਂ ਦਾ ਅਭਾਵੈ=ਅਭਾਵ ਕਹੀਏ ਗੈਰ-ਮੌਜ਼ੂਦਗੀ ਹੈ।

संसृति मानत आपहि मैं।

संसरती मानत आपहि मैं।

ਸੰਸਾਰ ਵਿੱਚ ਚੌਰਾਸੀ ਲਖ ਜੂਨਾਂ ਦੇ ਸੰਸ੍ਰਿਤੀ=ਆਵਾ ਗਵਣ (ਆਉਣ ਜਾਣ) ਨੂੰ ਆਪਹਿ=ਆਪਣੇ ਸਰੂਪ (ਪ੍ਰਤਯਕ ਕਹੀਏ ਅੰਤਰ ਆਤਮਾ) ਮੈਂ = ਵਿੱਚ ਮਾਨਤ= ਮੰਨਦਾ ਹੈ। ਅਤੇ:-

परतंत्र अविद्यक अल्प जनावै॥

परतंत्र अविदिअक अलप जनावै॥

ਈਸ਼ਵਰ ਦੇ ਪਰਤੰਤ੍ਰ=ਅਧੀਨ, ਅਵਿਦਿਅਕ=ਸਰੂਪ ਗਿਆਨ ਤੋਂ ਰਹਿਤ ਵਾ ਅਵਿੱਦਿਆ ਉਪਾਧੀਵਾਨ ਅਤੇ ਅਲਪ=ਛੋਟਾ ਵਾ ਪਰਛਿੰਨ ਜੋ ਆਪਣੇ ਆਪ ਨੂੰ ਜਨਾਵੈ=ਜਣਾਉਂਦਾ ਵਾ ਦੱਸਦਾ ਹੈ॥

त्वं पद वाच्य सु जीव विवेचित।

तुं पद वाचय सु जीव विवेचित।

ਸੁ=ਉਹ ਜੀਵ ਹੀ ਵਿਵੇਚਿਤ=ਵਿਚਾਰ ਕਰਨ ਤੋਂ 'ਤੂੰ' ਪਦ=ਸ਼ਬਦ ਦਾ ਵਾਚਯ=ਸ਼ੱਕਯ ਅਰਥ (ਪੰਨਾ ੧੬੯ ਤੇ ਪੜ੍ਹੋ) ਹੈ।

लक्ष्य सु साक्षि उपाधि ढहावै॥

लकछय सु साकशी उपाधी ढहावै॥

ਜੇਕਰ ਸਾਕਸ਼ੀ=ਗਵਾਹ ਰੂਪ ਅੰਤਹਕਰਣ ਦੀ ਉਪਾਧੀ ਵਾਲੇ ਚੇਤਨ ਦੀ ਉਪਾਧੀ=ਪਦਵੀ ਜੋ ਅੰਤਹਕਰਣ ਵਾ ਅਵਿਦਿਆ ਨੂੰ ਤਿਆਗ ਕਰਨ ਰੂਪ ਢਹਾਵੈ=ਨਾਸ਼ ਕਰ ਦਈਏ ਤਾਂ ਸੁ=ਉਹ ਅਵਸ਼ੇਸ਼ (ਬਾਕੀ) ਜੋ ਮਾਤ੍ਰ ਚੇਤਨ ਸੋ ਤੂੰ ਪਦ ਦਾ ਲਕਛਯ=ਲੱਖਯ ਅਰਥ (ਪੰਨਾ ੧੬੯ ਤੇ ਪੜ੍ਹੋ) ਹੈ॥

वाच्य दुअर्थ हि भेद वि है पुनि।

वाचय दु अरथ ही भेद वि है पुनि।

ਤੱਤ ਅਤੇ ਤ੍ਵੰ ਦੁ=ਦੋ ਪਦਾ ਦੇ ਵਾਚਯ ਅਰਥ ਭਾਵ ਈਸ਼ ਤੇ ਜੀਵ ਤੋਂ ਹੀ=ਨਿਸ਼ਚੇ ਕਰਕੇ ਭੇਦ=ਫਰਕ ਅਤੇ ਪੁਨਿ=ਫਿਰ ਵਿ=ਦ੍ਵੈਸ਼ ਵਾ ਵਿਰੋਧ ਦੀ ਪ੍ਰਤੀਤੀ ਹੁੰਦੀ ਹੈ।

ਲਕ੍ਸ਼੍ਯ ਕ੍ਵਿਭੇਦ ਨ ਰੰਚਕ ਗਾਵੈ॥

ਲਕਛਯ ਵਿਭੇਦ ਨ ਰੰਚਕ ਗਾਵੈ॥

ਪਰੰਤੂ ਦੋਵਾਂ ਪਦਾ ਦੇ ਲਕਛਯ=ਲੱਖਯ ਅਰਥ ਸੋ ਕਹੀਏ ਮਾਤ੍ਰ ਚੇਤਨ ਸਰੂਪ ਰੰਚਕ=ਕਿਨਕਾ ਮਾਤ੍ਰ ਵੀ ਜੀਵ ਈਸ਼ ਦਾ ਵਿਭੇਦ (ਵਿ+ਭੇਦ) ਵਿ=ਵਿਰੋਧ ਵਾ ਦ੍ਵੈਸ਼ ਅਤੇ ਭੇਦ=ਫਰਕ ਨ=ਨਹੀਂ ਗਾਵੈ=ਉਚਾਰਨ ਕਰਦੇ।

ਬ੍ਰਹ੍ਮ ਅਹਂ ਇਸ ਭਾਂਤਿ ਜੁ ਜਾਨਤ।

ਬ੍ਰਹਮ ਅਹੰ ਇਸ ਭਾਂਤਿ ਜੁ ਜਾਨਤ।

ਅਹੰ=ਮੈਂ (ਪ੍ਰਤਯਕ ਕਹੀਏ ਅੰਤਰ ਆਤਮਾ) ਹੀ ਬ੍ਰਹਮ=ਵਿਆਪਕ ਚੇਤਨ ਹਾਂ ਭਾਵ ਅਹੰਬ੍ਰਹਮਅੱਸਮੀ ਦੇ ਮਹਾਂਵਾਕ (ਜੀਵ ਈਸ਼ ਦੀ ਏਕਤਾ ਦੇ ਬੋਧਕ ਵਾਕ) ਦੁਆਰਾ ਬ੍ਰਹਮ ਨੇਸ਼ਠੀ ਬ੍ਰਹਮ ਸ਼੍ਰੋਤੀ ਸਤਿਗੁਰਾਂ ਤੋਂ ਇਸ ਭਾਂਤਿ=ਤਰ੍ਹਾਂ ਦ੍ਰਿੜ ਅਪਰੋਕਸ਼ ਬ੍ਰਹਮ ਗਿਆਨ (ਪੰਨਾ ੩੧ ਤੇ ਪ੍ਰਸ਼ਨ ੧੮ ਪੜ੍ਹੋ) ਨੂੰ ਜੁ=ਜਿਹੜਾ ਉੱਤਮ ਜਿਗਿਆਸੂ ਜਾਨਤ=ਜਾਨਣ ਰੂਪ ਅਨੁਭਵ ਕਰਦਾ ਹੈ।

ਸੋਇ ਪੀਤਾਂਬਰ ਬ੍ਰਹ੍ਮਹਿ ਧਾਵੈ॥ ੨੩॥

ਸੋਈ ਪੀਤਾਂਬਰ ਬ੍ਰਹਮਹਿ ਪਾਵੈ॥ ੨੩॥

ਪੀਤਾਂਬਰ ਜੀ ਕਥਨ ਕਰਦੇ ਹਨ ਕਿ ਸੋਈ=ਉਹ ਉੱਤਮ ਜਿਗਿਆਸੂ ਹੀ ਬ੍ਰਹਮਹਿ=ਬ੍ਰਹਮ ਤੋਂ ਅਭਿੰਨ ਆਤਮਾ ਨੂੰ ਪਾਵੈ=ਪ੍ਰਾਪਤ ਕਰਦਾ ਹੈ। (ਪ੍ਰਾਪਤ ਤੋਂ ਭਾਵ ਨਿੱਤਯ ਪ੍ਰਾਪਤ ਦੀ ਪ੍ਰਾਪਤੀ ਜਾਨਣਾ ਸੋ ਪੰਨਾ ੨੧ ਤੇ ਟੂਕ (੬) ਪੜ੍ਹੋ)।

ਹੁਣ ਇਸ ਮੂਲ ਪਾਠ ਦੀ ਵਿਚਾਰ ਨੂੰ ਪ੍ਰਸ਼ਨ-ਉੱਤਰਾਂ ਦੇ ਰਾਹੀਂ ਸਮਝਾਉਂਦੇ ਹਨ :-

ਪ੍ਰਸ਼ਨ ੨੦੦. ''ਤਤ'' ਪਦ ਸੋ ਕੀ ਹੈ?

ਉੱਤਰ : ਸਾਮਵੇਦ ਦੀ ਛਾਂਦੋਗਯ ਉਪਨਿਸ਼ਦ ਦੇ ਛੇਵੇਂ ਪ੍ਰਪਾਠਕ (ਅਧਿਆਏ) ਵਿੱਚ ਸ਼੍ਵੇਤਕੇਤੂ ਨਾਮ ਪੁੱਤ੍ਰ ਦੇ ਪ੍ਰਤੀ ਤਿਸਦੇ ਪਿਤਾ ਉਦਾਲਕ ਮੁਨੀ ਨੇ ਦਿੱਤੇ ਉਪਦੇਸ਼ ''ਤਤ੍ਤ੍ਵਮਸੀ''(੧) ਮਹਾਂਵਾਕਯ(੨) ਦਾ ਜੋ ਪਹਿਲਾ ਪਦ ਸੋ ''ਤਤ'' ਹੈ॥

(੧) (੧) ਇਸ ''ਤਤ੍ਤ੍ਵਮਸੀ'' ਦੀ ਨਿਆਈ

(੨) ''ਪ੍ਰਗਜਾਨਮਾਨੰਦ ਬ੍ਰਹਮ'' ਰਿਗਵੇਦ ਦਾ ਮਹਾਵਾਕਯ ਹੈ।

(੩) ''ਅਹੰਬ੍ਰਹਮਅਸਮੀ'' ਯਜੁਰਵੇਦ ਦਾ ਮਹਾਵਾਕਯ ਹੈ। ਅਤੇ

(੪) ''ਅਯੰਆਤਮਾ ਬ੍ਰਹਮ'' ਅਥਰਬਣਵੇਦ ਦਾ ਮਹਾਵਾਕ ਹੈ॥

(੧) ਜੋ ਤੱਤ ਪਦ ਦਾ ਵਾਚਯ ਅਰਥ ਈਸ਼ਵਰ ਅਤੇ ਲਕਛਯ ਅਰਥ ਸ਼ੁੱਧ ਬ੍ਰਹਮ ਸੋਈ ਉਪਰ ਲਿਖੇ ਤਿੰਨ ਮਹਾਂਵਾਕਾ ਵਿੱਚ ''ਬ੍ਰਹਮ'' ਸ਼ਬਦ ਦਾ ਵਾਚਯ ਅਰਥ ਅਤੇ ਲਕਛਯ ਅਰਥ ਹੈ। (ਵਾਚਯ ਤੇ ਲਕਛਯ ਅਰਖ ਪ੍ਰਸ਼ਨ ੨੦੨ ਤੋਂ ਪੜ੍ਹੋ) ਅਤੇ

(੨) ਜੋ ਤ੍ਵੰ ਪਦ ਦਾ ਵਾਚਯ ਅਰਥ ਜੀਵ ਹੈ ਅਤੇ ਲਕਛਯ ਅਰਥ ਕੂਟਸਥ ਸਾਕਸ਼ੀ ਹੈ ਉਹ ਉਕਤ ਤਿੰਨ ਮਹਾਂਵਾਕਾ ਵਿੱਚ ''ਪ੍ਰਗਜਾਨਮ'' ''ਅਹੰ'' ''ਅਯੰ'' ਪਦ ਸਹਿਤ ''ਆਤਮਾ'' ਇਨ੍ਹਾਂ ਤਿੰਨ ਪਦਾਂ ਦਾ ਵਾਚਯ ਅਤੇ ਲਕਛਯ ਅਰਥ ਹੈ। ਅਤੇ

(੩) ਸਾਰੇ ''ਤੱਤ੍ਵਮਸੀ'' ਵਾਕਯ ਜੋ ਜੀਵ ਬ੍ਰਹਮ ਦੀ ਏਕਤਾ ਰੂਪ ਅਰਥ ਹੈ। ਉਹੀ ਉਕਤ ਤਿੰਨ ਮਹਾਂਵਾਕਾਂ ਦਾ ਅਰਥ ਹੈ॥

(੨) ਪੰਨਾ ੨੮ ਤੇ ਟੂਕ (੨੪) ਪੜ੍ਹੋ।

ਪ੍ਰਸ਼ਨ ੨੦੧. ''ਤ੍ਵੰ'' ਪਦ ਸੋ ਕੀ ਹੈ?

ਉੱਤਰ : ਪਿਛਲੇ ਪ੍ਰਸ਼ਨ ਵਿੱਚ ਕਥਨ ਕੀਤੇ ''ਤਤ੍ਵਮਸੀ'' ਮਹਾਵਾਕਯ[੩] ਦਾ ਦੂਸਰਾ ਪਦ ਸੋ ''ਤ੍ਵੰ'' ਪਦ ਹੈ॥

ਤਤਪਦ ਈਸ਼ ਜੀਵ ਤ੍ਵੰ ਪਦ ਹੈ ਅਸਿ ਪਦ ਬ੍ਰਹਮ ਕਹਾਵੈ॥
ਮਾਯਾ ਕੇ ਯਹ ਭੇਦ ਤੀਨ ਹ੍ਵੈ ਏਕੈ ਬੇਦ ਬਤਾਵੈ॥

(ਅਧਜਾਤਮ ਪ੍ਰਕਾਸ਼)

(੩) ਪੰਨਾ ੨੮ ਤੇ ਟੂਕ (੨੪) ਪੜ੍ਹੋ।

ਪ੍ਰਸ਼ਨ ੨੦੨. ਵਾਚਯ ਅਰਥ ਅਤੇ ਲਕਛਯ ਅਰਥ ਸੋ ਕੀ ਹੈ?

ਉੱਤਰ : ਸ਼ਬਦਾਂ ਦਾ ਅਰਥਾਂ ਦੇ ਨਾਲ ਜੋ ਸੰਬੰਧ ਸੋ ਸ਼ਬਦ ਦੀ ਵ੍ਰਿਤੀ ਕਹੀਏ ਹੈ। ਸੋ ਵ੍ਰਿਤੀ ਦੋ ਪ੍ਰਕਾਰ ਦੀ ਹੈ :-

(੧) ਸ਼ਕਤੀ ਵ੍ਰਿਤੀ ਅਤੇ (੨) ਲਕਛਣਾ ਵ੍ਰਿਤੀ

(੧) ਸ਼ਬਦ ਵਿੱਚ ਅਰਥ ਦੇ ਗਿਆਨ ਕਰਾਉਣ ਦੀ ਸਮਰੱਥਾ ਰੂਪ ਜੋ ਸ਼ਬਦ ਦਾ ਅਰਥ ਦੇ ਨਾਲ ਸਾਕਸ਼ਾਤ (ਪ੍ਰਤੱਖ) ਸੰਬੰਧ ਸੋ ਸ਼ਬਦ ਦੀ ਸ਼ਕਤੀ ਵ੍ਰਿਤੀ ਹੈ। ਅਤੇ

(੨) ਸ਼ਕਤੀ ਵ੍ਰਿਤੀ ਨਾਲ ਜਾਣ ਹੋਏ ਅਰਥ ਦੁਆਰਾ ਜੋ ਸ਼ਬਦ ਦਾ ਅਰਥ ਦੇ ਨਾਲ ਪਰੰਪਰਾ ਰੂਪ ਸੰਬੰਧ ਕਹੀਏ ਪਿੱਛੋਂ ਚਲੇ ਆ ਰਹੇ ਸੰਬੰਧੀ ਦਾ ਗ੍ਰਹਿਣ ਅਥਵਾ ਤਿਆਗ ਹੈ ਸੋ ਸ਼ਬਦ ਦੀ ਲਕਛਣਾ ਵ੍ਰਿਤੀ ਹੈ।

ਇਨ੍ਹਾਂ ਵਿੱਚੋਂ :-

(੧) ਸ਼ਕਤੀ ਵ੍ਰਿਤੀ ਕਰਕੇ ਜੋ ਅਰਥ ਜਾਣਿਆ ਜਾਵੇ ਸੋ ਸ਼ਬਦ ਦਾ ਵਾਚਯ[੪] ਅਰਥ ਹੈ। ਇਸ ਨੂੰ ਸ਼ਕਯ ਅਰਥ ਅਤੇ ਮੁੱਖ ਅਰਥ ਵੀ ਆਖਦੇ ਹਨ। ਅਤੇ

(੨) ਲਕਛਣਾ ਵ੍ਰਿਤੀ ਕਰਕੇ ਜੋ ਅਰਥ ਜਾਣਿਆ ਜਾਵੇ ਸੋ ਸ਼ਬਦ ਦਾ ਲਕਛਯ[੫] ਅਰਥ ਹੀਏ ਹੈ॥

(੪), (੫) ਪੰਨਾ ੧੮੯ ਤੇ ਵਿਸਥਾਰ ਨਾਲ ਪੜ੍ਹੋ।

ਪ੍ਰਸ਼ਨ ੨੦੩. ਲਕਛਣਾ ਵ੍ਰਿਤੀ ਕਿੰਨੇ ਪ੍ਰਕਾਰ ਦੀ ਹੈ?

ਉੱਤਰ : (੧) ਜਹਤ (੨) ਅਜਹਤ ਅਤੇ (੩) ਭਾਗ-ਤਿਆਗ ਦੇ ਭੇਦ ਤੋਂ ਲਕਛਣਾ ਵ੍ਰਿਤੀ ਤਿੰਨ ਪ੍ਰਕਾਰ ਦੀ ਹੈ॥

ਪ੍ਰਸ਼ਨ ੨੦੪. ਤਿੰਨ ਪ੍ਰਕਾਰ ਦੀ ਲਕਛਣਾ ਦੇ ਲਕਛਣ ਅਤੇ ਉਦਾਰਣ ਕਿਹੜੇ ਹਨ?

ਉੱਤਰ : (੧) ਜਿੱਥੇ ਸੰਪੂਰਣ ਵਾਚਯ[੬] ਅਰਥ ਦਾ ਤਿਆਗ ਕਰਕੇ ਵਾਚਯ ਅਰਥ ਦੇ ਸੰਬੰਧੀ ਦਾ ਗ੍ਰਹਿਣ ਹੋਵੇ ਸੋ ਜਹਤ ਲਕਛਣਾ ਹੈ।

ਜਿਵੇਂ :- ਕਿਸੇ ਪੁਰਸ਼ ਨੇ ਕਿਸੇ ਨੂੰ ਪੁੱਛਿਆ ਹੋਵੇ ਕਿ :- ''ਗਾਈਂ ਦਾ ਵਾੜਾ ਕਿੱਥੇ ਹੈ?'' ਤਾਂ ਉਹ ਜਵਾਬ ਦਵੇ ਕਿ ''ਗੰਗਾ ਵਿੱਚ ਗਾਈਂ ਦਾ ਵਾੜਾ ਹੈ'' ਇੱਥੇ ''ਗੰਗਾ'' ਪਦ ਦਾ ਵਾਚਯ ਅਰਥ ਦੇਵ ਨਦੀ (ਗੰਗਾ) ਦਾ ਪ੍ਰਵਾਹ ਹੈ। ਉਸ ਵਿੱਚ ਗਾਈਂ ਦਾ ਵਾੜਾ ਸੰਭਵ ਨਹੀਂ। ਇਸ ਲਈ ਸੰਪੂਰਣ ਵਾਚਯ ਅਰਥ ਜੋ ਦੇਵ ਨਦੀ ਦਾ ਪ੍ਰਵਾਹ ਤਿਸਦਾ ਤਿਆਗ ਕਰਕੇ ਤਿਸਦੇ ਸੰਬੰਧੀ ਤੀਰ[੭] ਦਾ ਗ੍ਰਹਿਣ ਹੈ।

(੨) ਜਿਥੇ ਵਾਚਯ ਅਰਥ ਦਾ ਤਿਆਗ ਨਾ ਕਰਕੇ ਤਿਸਦੇ ਸੰਬੰਧੀ ਦਾ ਗ੍ਰਹਿਣ ਹੋਵੇ ਸੋ ਅਜਹਤ ਲਕਛਣਾ ਹੈ।

ਜਿਵੇਂ :- ਕਿਸੇ ਨੇ ਕਿਹਾ ਕਿ ''ਸ਼ੋਣ ਦੌੜਦਾ ਹੈ'' ਇੱਥੇ ਸ਼ੋਣ ਪਦ ਦਾ ਵਾਚਯ ਅਰਥ ਜੋ ਲਾਲ ਰੰਗ ਤਿਸ ਵਿੱਚ ਦੌੜਨਾ ਸੰਭਵ ਨਹੀਂ ਕਿਉਂਕਿ ਰੰਗ ਜੜ[੮] ਹੈ। ਇਸ ਲਈ ਲਾਲ ਰੰਗ ਵਾਲਾ ਘੋੜਾ ਦੌੜਦਾ ਹੈ। ਇਸ ਤਰ੍ਹਾਂ ਵਾਚਯ ਅਰਥ ਦਾ ਤਿਆਗ ਨਾ ਕਰਕੇ ਤਿਸਦੇ ਸੰਬੰਧੀ ਘੋੜੇ ਰੂਪ ਅਧਿਕ ਅਰਥ ਦਾ ਗ੍ਰਹਿਣ ਹੁੰਦਾ ਹੈ॥

(੩) ਜਿਥੇ ਵਿਰੋਧੀ ਕੁਝਕੁ ਵਾਚਯ ਕਹੀਏ ਮੁੱਖ ਭਾਗ ਦਾ ਤਿਆਗ ਕਰਕੇ ਤਿਸਦੇ ਸੰਬੰਧੀ ਅਵਿਰੋਧੀ ਕੁਝਕੁ ਵਾਚਯ (ਮੁੱਖ) ਭਾਗ ਦਾ ਗ੍ਰਹਿਣ ਹੋਵੇ ਸੋ ਭਾਗ ਤਿਆਗ ਲਕਛਣਾ ਹੈ।

ਜਿਵੇਂ :- ਪਹਿਲਾ ਕੁਝ ਸਾਲ ਕਿਸੇ ਦੇਸ਼ ਕਾਲ ਵਿੱਚ ਵੇਖਿਆ ਪੁਰਸ਼ ਕਿਸੇ ਹੋਰ ਦੇਸ਼ ਕਾਲ ਵਿੱਚ ਦੇਖਣ ਨੂੰ ਮਿਲੇ ਤਾਂ ਵੇਖਣਵਾਲਾ ਪੁਰਸ਼ ਆਖਦਾ ਹੈ ਕਿ ''ਤਿਸ (ਦੂਰ) ਦੇਸ਼ ਅਤੇ ਤਿਸ (ਭੂਤ) ਕਾਲ ਵਿੱਚ ਜੋ ਪੁਰਸ਼ ਵੇਖਿਆ ਸੀ ਸੋ ਪੁਰਸ਼ ਇਸ (ਸਮੀਪ ਵਾ ਨੇੜੇ) ਦੇਸ਼ ਅਤੇ ਇਸ (ਵਰਤਮਾਨ) ਕਾਲ ਵਿੱਚ ਆਇਆ ਹੈ''। ਇੱਥੇ 'ਉਸ' ਦੇਸ਼ ਕਾਲ ਅਤੇ 'ਇਸ' ਦੇਸ਼ ਕਾਲ ਰੂਪ ਵਾਚਯ ਭਾਗ ਦੀ ਏਕਤਾ ਦਾ ਵਿਰੋਧ ਹੈ। ਇਸ ਲਈ ਇਹ ਦ੍ਰਿਸ਼ਟੀ ਤਿਆਗ ਕੇ ''ਪੁਰਸ਼ ਉਹੀ ਹੈ'' ਅਜਿਹਾ ਅਵਿਰੋਧੀ ਵਾਚਯ ਭਾਗ ਦਾ ਗ੍ਰਹਿਣ ਹੁੰਦਾ ਹੈ।

(੬) ਪੰਨਾ ੧੬੯ ਤੇ ਪੜ੍ਹੋ।

(੭) ਕਿਨਾਰਾ

(੮) ਬੇਹਰਕਤ ਵਾ ਚੇਤਨ ਸੱਤਾ ਰਹਿਤ

ਪ੍ਰਸ਼ਨ ੨੦੫. ਤਿੰਨ ਪ੍ਰਕਾਰ ਦੀ ਲਕਛਣਾ ਵਿੱਚੋਂ ਮਹਾਵਾਕਯ ਵਿੱਚ ਕਿਹੜੀ ਲਕਛਣਾ ਸੰਭਵ ਹੈ?

ਉੱਤਰ :

(੧) ਜਿੱਥੇ ਜਹਤ ਲਕਛਣਾ ਹੋਵੇ ਉਥੇ ਸੰਪੂਰਣ ਵਾਚਯ ਕਹੀਏ ਮੁੱਖ ਅਰਥ ਦਾ ਤਿਆਗ ਹੁੰਦਾ ਹੈ ਅਤੇ ਜੇਕਰ ਮਹਾਵਾਕਾਂ ਵਿੱਚ ਜਹਤ ਲਕਛਣਾ ਮੰਨੀਏ ਤਾਂ :-

੧. ''ਤਤ'' ''ਤ੍ਵੰ'' ਪਦ ਦੇ ਵਾਚਯ ਅਰਥ ਵਿੱਚ ਪ੍ਰਵੇਸ਼ ਹੋਏ ਬ੍ਰਹਮ ਚੇਤਨ ਅਤੇ ਸਾਕਸ਼ੀ ਚੇਤਨ ਦਾ ਤਿਆਗ ਹੋਵੇਗਾ। ਅਤੇ

੨. ਤਿਸ ਤੋਂ ਭਿੰਨ ਅਸਤ,ਜੜ,ਦੁਖ ਰੂਪ ਪ੍ਰਪੰਚ ਦਾ ਗ੍ਰਹਿਣ ਕਰਨਾ ਪਵੇਗਾ ਅਥਵਾ ਸਮਸਟੀ[੯]–ਵਿਅਸਟੀ ਪ੍ਰਪੰਚ ਰੂਪ ਉਪਾਧੀ[੧੦] (ਵਿਸ਼ੇਸ਼ਣ ਰੂਪ ਵਾਚਯ ਭਾਗ) ਦਾ ਵੀ ਚੇਤਨ ਦੇ ਨਾਲ ਤਿਆਗ ਕਰਨ ਤੋਂ ਅਵਸ਼ੇਸ਼[੧੧] ਜੋ ਸ਼ੂਨਯ[੧੨] ਤਿਸਦਾ ਗ੍ਰਹਿਣ ਹੋਵੇਗਾ।

ਤਿਸ ਨਾਲ ਮਹਾਂ ਅਨਰਥ[੧੩] ਦੀ ਪ੍ਰਾਪਤੀ ਹੋਵੇਗੀ। ਤਿਸ ਨਾਲ ਪੁਰਸ਼ਾਰਥ[੧੪] ਸਿੱਧ ਨਹੀਂ ਹੁੰਦਾ। ਇਸ ਲਈ ਮਹਾਂਵਾਕਾਂ ਵਿੱਚ ਜਹਤ ਲਕਛਣਾ ਸੰਭਵ ਨਹੀਂ॥

(੨) ਜਿੱਥੇ ਅਜਹਤ ਲਕਛਣਾ ਹੋਵੇ ਉਥੇ ਵਾਚਯ ਅਰਥ ਦਾ ਕੁਛ ਵੀ ਤਿਆਗ ਨਹੀਂ ਹੁੰਦਾ ਅਤੇ ਅਧਿਕ ਅਰਥ ਦਾ ਗ੍ਰਹਿਣ ਹੁੰਦਾ ਹੈ। ਜੇਕਰ ਮਹਾਂਵਾਕਾਂ ਵਿੱਚ ਅਜਹਤ ਲਕਛਣਾ ਮੰਨੀਏ ਤਾਂ :-

ਤੱਤ ਅਤੇ ਤ੍ਵੰ ਪਦ ਦਾ ਵਾਚਯ ਅਰਥ ਜਿਉਂ ਦਾ ਤਿਉ ਬਣਿਆ ਰਹੇਗਾ ਅਤੇ ਤਿਸਦੇ ਨਾਲ ਸ਼ੂਨਯ[੧੫] ਰੂਪ ਅਧਿਕ ਅਰਥ ਦਾ ਗ੍ਰਹਿਣ ਕਰਨਾ ਪਵੇਗਾ। ਇਸ ਨਾਲ ਏਕਤਾ ਦਾ ਵਿਰੋਧ ਦੂਰ ਨਹੀਂ ਹੁੰਦਾ। ਇਸ ਲਈ ਲਕਛਣਾ ਕਰਨ ਦਾ ਕੋਈ ਪ੍ਰਯੋਜਨ[੧੬] ਵੀ ਸਿੱਧ ਨਹੀਂ ਹੁੰਦਾ। ਇਸ ਲਈ ਮਹਾਵਾਕਾਂ ਵਿੱਚ ਅਜਹਤ ਲਕਛਣਾ ਸੰਭਵ ਨਹੀਂ॥

(੩) ਜਿੱਥੇ ਭਾਗ ਤਿਆਗ ਲਕਛਣਾ ਹੋਵੇ ਉਥੇ ਵਿਰੋਧੀ ਭਾਗ ਦਾ ਤਿਆਗ ਕਰਕੇ ਅਵਿਰੋਧੀ ਭਾਗ ਦਾ ਗ੍ਰਹਿਣ ਹੁੰਦਾ ਹੈ। ਜੇਕਰ ਮਹਾਂਵਾਕਾਂ ਵਿੱਚ ਭਾਗ ਤਿਆਗ ਲਕਛਣਾ ਮੰਨੀਏ ਤਾਂ :-

੧. ''ਤਤ'' ''ਤ੍ਵੰ'' ਪਦ ਦੇ ਵਾਚਯ ਅਰਥ ਵਿੱਚੋਂ ਧਰਮ[੧੭] ਸਹਿਤ ਮਾਯਾ ਅਵਿਦਿਆ ਰੂਪ ਵਿਰੋਧੀ ਭਾਗ ਦਾ ਤਿਆਗ ਹੁੰਦਾ ਹੈ। ਅਤੇ

੨. ਅਵਿਰੋਧੀ ਅਸੰਗ[੧੮] ਸ਼ੁੱਧ[੧੯] ਚੇਤਨ[੨੦] ਭਾਗ ਦਾ ਗ੍ਰਹਿਣ ਹੁੰਦਾ ਹੈ।

ਇਸ ਕਰਕੇ :-

੧. ਏਕਤਾ ਵੀ ਬਣਦੀ ਹੈ।

੨. ਪਰਮ ਪੁਰਸ਼ਾਰਥ ਕਹੀਏ ਮੁਕਤੀ ਦੀ ਪ੍ਰਾਪਤੀ ਵੀ ਹੁੰਦੀ ਹੈ।

ਇਸ ਲਈ ਮਹਾਂਵਾਕਾਂ ਵਿੱਚ ਭਾਗ-ਤਿਆਗ ਲਕਛਣਾ ਸੰਭਵ ਹੈ॥

(੯) ਸਮਸਟੀ ਭਾਵ ਸਮੂਹ ਰੂਪ ਵਿੱਚ ਈਸ਼ਵਰ ਦਾ ਅਤੇ ਵਿਅਸਟੀ ਕਹੀਏ ਵਿਸ਼ੇਸ਼ ਰੂਪ ਵਿੱਚ ਜੀਵ ਦਾ। ਵਿਸਥਾਰ ਨਾਲ ਪੰਨਾ ੩੫ ਤੇ ਟੂਕ (੫੦) ਪੜ੍ਹੋ।

(੧੦) ਪਦਵੀ

(੧੧) ਬਾਕੀ

(੧੨) ਅਫੁਰ ਰੂਪ ਬ੍ਰਹਮ

(੧੩) ਉਪਦ੍ਰਵ ਕਹੀਏ ਕਲੇਸ਼ ਰੂਪ ਵਿਘਨ

(੧੪) ਪੁਰਸ਼ ਦੀ ਇੱਛਾ ਦਾ ਵਿਸ਼ੇ ਸੋ ਕਹੀਏ ਪੁਰਸ਼ਾਰਥ। ਇੱਥੇ ਪੁਰਸ਼ਾਰਥ ਤੋਂ ਮੁਕਤੀ ਜੋ ਪਰਮ ਪੁਰਸ਼ਾਰਥ ਤਿਸਦਾ ਗ੍ਰਹਿਣ ਕਰਨਾ।

(੧੫) ਅਫੁਰ ਬ੍ਰਹਮ

(੧੬) ਮਕਸਦ

(੧੭) ਗੁਣ

(੧੮) ਸੰਗ ਕਹੀਏ ਸੰਬੰਧ ਰਹਿਤ ਸੋ ਅਸੰਗ ਹੈ।

(੧੯) ਮਾਯਾ ਵਾ ਅਵਿਦਿਆ ਦੀ ਕਾਲਖ ਤੋਂ ਰਹਿਤ ਸੋ ਕਹੀਏ ਸ਼ੁੱਧ

(੨੦) ਗਿਆਨ ਸਰੂਪ

ਪ੍ਰਸ਼ਨ ੨੦੬. ''ਤਤ'' ਪਦ ਦਾ ਵਾਚਯ ਅਰਥ ਅਤੇ ਲਕਛਯ ਅਰਥ ਕੀ ਹੈ?

ਉੱਤਰ : (੧) ਅਭਿਆਕ੍ਰਿਤ ਜੋ ਮਾਯਾ ਸੋ ਈਸ਼ਵਰ ਦਾ ਦੇਸ਼ ਹੈ।

(੨) ਉਤਪਤੀ[੨੨], ਇਸਥਿਤੀ[੨੩] ਅਤੇ ਪ੍ਰਲਯ[੨੪] ਇਹ ਤਿੰਨ ਈਸ਼ਵਰ ਦੇ ਕਾਲ ਹਨ।

(੩) ਸਤੋਗੁਣ[੨੫], ਰਜੋਗੁਣ ਅਤੇ ਤਮੋਗੁਣ ਇਹ ਤਿੰਨ ਈਸ਼ਵਰ ਦੇ ਵਸਤੂ ਹਨ ਕਹੀਏ ਸ੍ਰਿਸ਼ਟੀ ਦੀ ਸਾਮਗਰੀ ਹੈ।

(੪) ਵਿਰਾਟ, ਹਿਰਨਗ੍ਰਭ ਅਤੇ ਅਭਿਆਕ੍ਰਿਤ ਇਹ ਤਿੰਨ ਈਸ਼ਵਰ ਦੇ ਸਰੀਰ[੨੬] ਹਨ।

(੫) ਵੈਸ਼੍ਵਾਨਰ, ਸੂਤ੍ਰਆਤਮਾ ਅਤੇ ਅੰਤਰਜਾਮੀ ਇਹ ਤਿੰਨ ਈਸ਼ਵਰਪਨੇ ਦੇ ਅਭਿਮਾਨੀ[੨੭] ਹਨ।

(੬) ''ਮੈਂ ਇੱਕ ਹਾਂ ਸੋ ਬਹੁ ਰੂਪ ਹੋਵਾਂ'' ਐਸੀ ਜੋ ਈਕਸ਼ਣਾ[੨੮] ਤਿਸਨੂੰ ਮੁੱਢ ਲੈ ਕੇ ''ਜੀਵ ਰੂਪ ਕਰਕੇ ਪ੍ਰਵੇਸ਼ ਹੋਇਆ'' ਇਥੋਂ ਪ੍ਰਯੰਤ[੨੯] ਜੋ ਸ੍ਰਿਸ਼ਟੀ ਸੋ ਈਸ਼ਵਰ ਦਾ ਕਾਰਯ[੩੦] ਹੈ।

(੭) (੧) ਸਰਵ ਸ਼ਕਤੀਪਨਾ (੨) ਸਰਵੱਗਜਪਨਾ[੩੧] (੩) ਵਿਆਪਕਪਨਾ[੩੨] (੪) ਇੱਕਪਨਾ (੫) ਸ੍ਵਾਧੀਨਪਨਾ[੩੩] (੬) ਸਮਰੱਥਪਨਾ (੭) ਪਰੋਕਸ਼ਪਨਾ[੩੪] (੮) ਮਾਯਾ ਉਪਾਧੀਵਾਨਪਨਾ। ਇਹ ਅੱਠ ਈਸ਼ਵਰ ਦੇ ਧਰਮ ਹਨ।

(੧) ੧. ਇਨ੍ਹਾਂ ਉਪਰੋਕਤ (੧-੭) ਸਹਿਤ ਮਾਯਾ[੩੫]। ਅਤੇ

੨. ਇਨ੍ਹਾਂ ਵਿੱਚ ਪ੍ਰਤੀਬਿੰਬ[੩੬] ਰੂਪ ਚਿਦਾਭਾਸ[੩੭]। ਅਤੇ

੩. ਇਨ੍ਹਾਂ ਦਾ ਅਧਿਸ਼ਠਾਨ[੩੮] ਬ੍ਰਹਮ

ਇਹ ਸਾਰੇ ਮਿਲਕੇ ਈਸ਼ਵਰ ਕਹੀਏ ਹੈ। ਸੋ ''ਤਤ'' ਪਦ ਦਾ ਵਾਚਯ ਅਰਥ ਹੈ॥

(੨) ਇਨ੍ਹਾਂ ਸਾਰਿਆਂ ਸਹਿਤ ਮਾਯਾ ਅਤੇ ਚਿਦਾਭਾਸ ਭਾਗ ਦਾ ਤਿਆਗ ਕਰਕੇ ਬਾਕੀ ਰਿਹਾ ਜੋ ਵਿਰਾਟ, ਹਿਰਨਗ੍ਰਭ ਅਤੇ ਅਭਿਆਕ੍ਰਿਤ ਦਾ ਅਧਿਸ਼ਠਾਨ (ਮੂਲ ਆਸਰਾ) ਈਸ਼ਵਰ ਸਾਕਸ਼ੀ ਸ਼ੁਧ ਬ੍ਰਹਮ ਸੋ ''ਤਤ'' ਪਦ ਦਾ ਲਕਛਯ[੩੯] ਅਰਥ ਹੈ॥

(੨੧) ਸਾਰੇ ਜੀਵਾਂ ਦੀ ਸੁਖੋਪਤ ਅਵਸਥਾ ਦਾ ਸਮਸਟੀ ਰੂਪ (ਸਮੂਹ) ਅਭਿਮਾਨੀ ਸੋ ਅਭਿਆਕ੍ਰਿਤ ਕਹੀਏ ਹੈ।

ਸੁਖੋਪਤ ਅਵਸਥਾ ਵਿੱਚ ਸਭ ਕੁਝ ਅਵਿਦਿਆ ਵਿੱਚ ਲੀਨ ਹੁੰਦਾ ਹੈ ਸੋ ਇੱਥੇ ਅਭਿਆਕ੍ਰਿਤ ਤੋਂ ਸਮਸਟੀ ਅਵਿਦਿਆ ਅਰਥ ਗ੍ਰਹਿਣ ਕਰਨਾ ਭਾਵ ਸਮਸਟੀ ਅਵਿਦਿਆ ਜੋ ਮਾਯਾ ਈਸ਼ਵਰ ਦਾ ਦੇਸ਼ ਹੈ।

(੨੨) ਜਨਮ

(੨੩) ਜਨਮ ਤੋਂ ਮਰਣ ਵਿਚਕਾਰ ਜੋ ਇਸਥਤੀ ਕਹੀਏ ਟਿਕਣਾ।

(੨੪) ਨਾਸ਼ ਵਾ ਸੰਘਾਤ

(੨੫) ਤਿੰਨ ਗੁਣ ਵਿਸਤਾਰ ਨਾਲ ਪੰਨਾ ੧੦੮ ਤੇ ਟੂਕ (੨੩) ਪੜ੍ਹੋ।

(੨੬) ਈਸ਼ਵਰ ਦੇ ਤਿੰਨ ਸਰੀਰ :-

(੧) ਵਿਰਾਟ = ਸਥੂਲ ਸਰੀਰ (੨) ਹਿਰਨਗ੍ਰਭ=ਸੂਖਮ ਸਰੀਰ ਅਤੇ (੩) ਅਭਿਆਕ੍ਰਿਤ=ਕਾਰਣ ਸਰੀਰ

(੨੭) (੧) ਜਾਗ੍ਰਤ ਅਵਸਥਾ ਦਾ ਅਭਿਮਾਨੀ (ਮਾਲਕ) = ਵੈਸ਼੍ਵਾਨਰ ਵਾ ਵੈਰਾਟ

(੨) ਸੁਪਨ ਅਵਸਥਾ ਦਾ ਅਭਿਮਾਨੀ = ਹਿਰਨਗ੍ਰਭ

(੩) ਸੁਖੋਪਤਿ ਅਵਸਥਾ ਦਾ ਅਭਿਮਾਨੀ = ਅਭਿਆਕ੍ਰਿਤ

(੨੮) ਇੱਛਾ

(੨੯) ਤੱਕ

(੩੦) ਕਾਰਜ ਕਹੀਏ ਕਿਸੇ ਕਾਰਣ ਦਾ ਪ੍ਰਣਾਮ (ਨਤੀਜਾ)

(੩੧) ਸਰਵੱਗਜ ਕਹੀਏ ਸਰਵ=ਸਭ ਦਾ ਗਿਆਨ ਹੋਣਾ ਭਾਵ ਚੇਤਨ ਸਰੂਪ

(੩੨) ਅਧਿਕ ਦੇਸ਼ਵਰਤੀ

(੩੩) ਸ੍ਵੈ=ਆਪਣੇ ਹੀ ਅਧੀਨ ਹੋਣਾ ਭਾਵ ਪਰਤੰਤਰ (ਪਰਾਏ ਅਧੀਨ) ਨਾ ਹੋਣਾ ਕਿੰਤੂ ਸੁਤੰਤਰ ਹੋਣਾ।

(੩੪) ਓਲ੍ਹੇ ਹੋਣਾ ਵਾ ਸਾਮਣੇ ਨਾ ਹੋਣਾ।

(੩੫) ਮਾਯਾ ਕਹੀਏ ਸ਼ੁੱਧ ਸਤੋ ਗੁਣ ਯੁਕਤ।

(੩੬) ਬਿੰਬ ਜੋ ਮੂਲ ਤਿਸਤੋ ਪ੍ਰਤੀ=ਉਲਟ ਭਾਵ ਪਰਛਾਂਵਾ।

(੩੭) ਚੇਤਨ ਦਾ ਆਭਾਸ ਕਹੀਏ ਅਕਸ਼ ਵਾ ਪਰਛਾਵਾ।

(੩੮) ਪੰਨਾ ੧੩੨ ਤੇ ਟੂਕ (੮੭) ਪੜ੍ਹੋ।

(੩੯) ਪੰਨਾ ੧੮੬ ਤੇ ਪੜ੍ਹੋ।

ਪ੍ਰਸ਼ਨ ੨੦੭. ਬ੍ਰਹਮ ਅਤੇ ਮਾਯਾ ਵਿੱਚ ਪ੍ਰਤੀਬਿੰਬ ਰੂਪ ਈਸ਼ਵਰ ਦਾ ਪਰਸਪਰ ਅਧਿਆਸ (ਅਨਯੋਅਨਯਾ ਅਧਿਆਸ) ਕਿਵੇਂ ਹੈ?

ਉੱਤਰ : (੧) ਬ੍ਰਹਮ ਦੀ ਸੱਤਤਾ[੪੦] ਦਾ ਈਸ਼ਵਰ ਵਿੱਚ ਸੰਸਰਗ[੪੧] (ਤਦਾਦਮਯ[੪੨] ਸੰਬੰਧ) ਅਧਿਅਸਤ[੪੩] ਹੈ। ਇਸ ਲਈ ਈਸ਼ਵਰ ਸੱਤ ਪ੍ਰਤੀਤ ਹੁੰਦਾ ਹੈ।

(੨) ਈਸ਼ਵਰ ਅਤੇ ਤਿਸਦੀ ਕਾਰਣਤਾ[੪੪] ਦਾ ਸ੍ਵਰੂਪ ਬ੍ਰਹਮ ਵਿੱਚ ਅਧਿਅਸਤ ਹੈ। ਇਸ ਲਈ ਬ੍ਰਹਮ ਜਗਤ ਦਾ ਕਾਰਣ ਪ੍ਰਤੀਤ ਹੁੰਦਾ ਹੈ। ਇਸੇ ਦਾ ਅਨੁਵਾਦ ਤਟੱਸਥ[੪੫] ਲਕਛਣ ਦੇ ਬੋਧਕ ਸ਼ ਤੀ, ਪੁਰਾਣ ਅਤੇ ਅਚਾਰੀਯਾਂ ਨੇ ਬਚਨ ਕੀਤੇ ਹਨ। ਇਸ ਰੀਤ ਨਾਲ ਬ੍ਰਹਮ ਅਤੇ ਈਸ਼ਵਰ ਦਾ ਪਰਸਪਰ[੪੬]-ਅਧਿਆਸ ਹੈ॥

(੪੦) ਤਿੰਨ ਕਾਲਾਂ ਵਿੱਚ ਅਬਾਧਿਤ (ਨਾਸ਼ ਨਾ ਹੋਣ ਵਾਲੀ) ਹੋਂਦ।

(੪੧) ਸਮੀਪਤਾ ਕਰਕੇ ਉਤਪੰਨ ਜੋ ਲਗਾਵ ਜਾ ਸੰਬੰਧ ਸੋ ਸੰਸਰਗ ਕਹੀਏ ਹੈ।

(੪੨) ਵਾਸਤਵ ਅਭੇਦ ਸਹਿਤ ਭੇਦ ਤਦਾਤਮਯ ਸੰਬੰਧ ਕਹੀਏ ਹੈ।

(੪੩) ਕਲਪਿਤ

(੪੪) ਕਾਰਣਤਾ ਕਹੀਏ ਕਰਤਾ ਰੂਪ ਹੋਦ ਕਰਕੇ ਕਿਸੇ ਕਾਰਜ ਨੂੰ ਉਤਪੰਨ ਕਰਨ ਦੀ ਪ੍ਰਕਿਰਿਆ।

(੪੫) ਜਿਹੜੇ ਲੱਖਣ ਕਦੇ ਰਹਿਣ ਤੇ ਕਦੇ ਨਾ ਰਹਿਣ ਪਰ ਸਾਰਿਆਂ ਤੋਂ ਵੱਖਰਾ ਜਣਾ ਦੇਣ ਅਤੇ ਸਰੂਪ ਤੋਂ ਵੱਖਰੇ ਹੋਣ ਉਹ ਤਟੱਸਥੀ ਲਖਣ ਹੁੰਦੇ ਹਨ।

ਜਿਵੇਂ ਕਿਸੇ ਨੇ ਬਜ਼ਾਰ ਵਿੱਚ ਖੜੇ ਹੋ ਕੇ ਪੁੱਛਿਆ ਕਿ ਮੈਂ ਰਾਮਾਦੇਵ ਦੇ ਘਰ ਜਾਣਾ ਹੈ ਤਾਂ ਦੱਸਣ ਵਾਲੇ ਨੇ ਕਿਹਾ ਕਿ ਸਾਹਮਣੇ ਗਲੀ ਵਿੱਚ ਚੂਨੇ ਗਚ ਤੇ ਸਫੈਦ ਕਲੀ ਕੀਤਾ ਹੋਇਆ ਉਸ ਦਾ ਮਕਾਨ ਹੈ। ਜਦੋਂ ਜਾ ਕੇ ਵੇਖਿਆ ਤਾਂ ਸਾਰੇ ਮਕਾਨ ਹੀ ਇਸੇ ਤਰ੍ਹਾਂ ਦੇ ਦਿੱਸੇ। ਦੁਬਾਰਾ ਪੁੱਛਣ ਤੋਂ ਕਿਸੇ ਸਿਆਣੇ ਨੇ ਕਿਹਾ ਕਿ ਸਾਹਮਣੇ ਜਿਸ ਮਕਾਨ 'ਤੇ ਕਾਂ ਬੈਠਾ ਹੈ ਉਹ ਰਾਮਾਦੇਵ ਦਾ ਘਰ ਹੈ। ਉਹ ਪੰਛੀ ਮਕਾਨ ਨੂੰ ਵੱਖਰਾ ਜਣਾ ਕੇ ਉੱਡ ਗਿਆ ਸਦਾ ਲਈ ਬੈਠਾ ਨਹੀਂ ਰਿਹਾ। ਇਸੇ ਤਰ੍ਹਾਂ ਸਰੂਪ ਤੋਂ ਵੱਖਰੇ ਜੋ ਵਿਸ਼ੇਸ਼ ਗੁਣ ਹੋਣ ਪਰ ਸਦਾ ਨਾ ਰਹਿਣ ਸੋ ਤਟੱਸਥੀ ਲਖ੍ਣ ਕਹੀਏ ਹੈ। ਜੈਸਾ ਕਿ :-

''ਕਦਾਚਿਤ ਕਤ੍ਵੈਸਤੀ, ਅਨ-ਵਿਜਾਵਰਤ ਕਤਿਯੰ, ਤਟੱਸਥ ਲਖਸ਼ਣੱਤ੍ਵੰ''

ਇਸੇ ਪ੍ਰਕਾਰ ਜਦੋਂ ਪਰਮੇਸ਼ਰ ਜਗਤ ਰਚਦਾ ਹੈ ਤਾਂ ਕਰਤਾ ਹੁੰਦਾ ਹੈ ਤੇ ਉਸ ਵਿੱਚ ਵਿਆਪਕ ਹੋ ਕੇ ਪੁਰਖ ਹੈ। ਪਰ ਜਦੋਂ ਪਰਲੋ ਕਰਦਾ ਹੈ ਤਾਂ ਕਰਤਾਪੁਰਣਾ ਨਹੀਂ ਰਹਿੰਦਾ। ਇਸ ਲਈ 'ਕਰਤਾ ਪੁਰਖ' ਤਟੱਸਥੀ ਲਕਛਣ ਹੈ।

(੪੬) ਪਰਸਪਰ ਅਧਿਆਸ (ਭਰਮ) ਕਹੀਏ ਅਨਯੋਅਨਯਾ ਅਧਿਆਸ ਪੰਨਾ ੧੩੫ ਤੇ ਟੂਕ (੧੦੫) ਤੋਂ ਪੜ੍ਹੋ।

ਪ੍ਰਸ਼ਨ ੨੦੮. ਉਕਤ ਅਧਿਆਸ ਦੀ ਨਿਵਿਰਤੀ ਕਿਸ ਨਾਲ ਹੁੰਦੀ ਹੈ?

ਉੱਤਰ : ਉਕਤ ਅਧਿਆਸ ਦੀ ਨਿਵਿਰਤੀ ਵਿਵੇਕ(੪੭)-ਗਿਆਨ ਨਾਲ ਹੁੰਦੀ ਹੈ॥

(੪੭) **ਅਵਿਨਾਸੀ ਆਤਮ ਅਚਲ ਜਗ ਜਾਤੈਂ ਪ੍ਰਤਿਕੂਲ।**
ਐਸੋ ਗਜਾਨ ਵਿਵੇਕ ਹੈ ਸਭ ਸਾਧਨ ਕੋ ਮੂਲ॥ ੩॥ (ਵਿਚਾਰ ਸਾਗਰ)

ਆਤਮਾ ਅਬਿਨਾਸੀ ਕਹੀਏ ਨਾਸ਼ ਰਹਿਤ ਅਤੇ ਅਚਲ ਕਹੀਏ ਕ੍ਰਿਯਾ ਰਹਿਤ ਹੈ ਕਿੰਤੂ ਜਗਤ ਆਤਮਾ ਤੋਂ ਪ੍ਰਤਿਕੂਲ ਕਹੀਏ ਵਿਪਰੀਤ ਸ੍ਵਭਾਵ ਵਾਲਾ ਵਿਨਾਸੀ ਅਤੇ ਚਲਾਏਮਾਨ ਹੈ। ਇਸ ਗਿਆਨ ਦਾ ਨਾਮ ਵਿਵੇਕ ਹੈ। ਬਿਬ+ਏਕ=ਬਿਬ ਕਹੀਏ ਦੋ ਭਾਵ ਦੁਈ ਰੂਪ ਮਾਯਾ ਤੇ ਉਸਦਾ ਕਾਰਜ ਪ੍ਰਪੰਚ ਵਾ ਜੀਵ ਤੇ ਈਸ਼ ਦਾ ਬਾਧ (ਨਾਸ ਕਰਕੇ) ਏਕ ਕਹੀਏ ਇੱਕ ਬ੍ਰਹਮ ਜੋ ਆਤਮਾ ਤੋਂ ਅਭਿੰਨ ਤਿਸਦਾ ਨਿਸ਼ਚਾ ਕਰਨਾ ਹੀ ਬਿਬੇਕ ਹੈ, ਜੋ ਸਭ ਸਾਧਨਾ ਦਾ ਮੂਲ ਹੈ।

ਸਤ ਸਤ ਹੈ ਸਤ ਹੀ ਨਾਮ ਰੂਪ ਸਭ ਹਾਨ।
ਐਸੋ ਜੋ ਵੀਚਾਰ ਹੈ ਤਾਹਿ ਵਿਵੇਕ ਪਹਿਚਾਨ॥

ਗੁਰ ਮਿਲਿ ਦੋਊ ਏਕ ਸਮ ਧਰੈ॥

ਗਉੜੀ ਵਾਰ ਸਤ ਭਗਤ ਕਬੀਰ ਜੀ, ਅੰਗ ੩੪੪)

ਪ੍ਰਸ਼ਨ ੨੦੬. ''ਤ੍ਵੰ'' ਪਦ ਦਾ ਵਾਚਯ ਅਰਥ ਅਤੇ ਲਕਛਯ ਅਰਥ ਕੀ ਹੈ?

ਉੱਤਰ : (੧) ਚਕਸ਼ੁ[੪੮] ਕੰਠ[੪੯] ਅਤੇ ਹਿਰਦਾ[੫੦]। ਇਹ ਤਿੰਨ ਜੀਵ ਦੇ ਦੇਸ਼ ਹਨ।

(੨) ਜਾਗ੍ਰਤ[੫੧], ਸੁਪਨ[੫੨] ਅਤੇ ਸੁਖੋਪਤਿ[੫੩] ਤਿੰਨ ਜੀਵ ਦੇ ਕਾਲ ਹਨ।

(੩) ਸਥੂਲ, ਸੂਖਮ ਅਤੇ ਕਾਰਣ। ਇਹ ਤਿੰਨ ਦੇ ਵਸਤੂ (ਭੋਗ ਸਾਮਗ੍ਰੀ) ਹੈ। ਅਤੇ

(੪) ਇਹ ਹੀ ਤਿੰਨ ਸਰੀਰ[੫੪] ਹਨ।

(੫) ਵਿਸ਼ਵ, ਤੈਜਸ ਅਤੇ ਪ੍ਰਾਗਯ। ਇਹ ਤਿੰਨ[੫੫] ਜੀਵਪਨੇ ਦੇ ਅਭਿਮਾਨੀ ਹਨ।

(੬) ਜਾਗ੍ਰਤ ਤੋਂ ਆਦਿ ਲੈ ਕੇ ਮੋਕਸ਼ ਤੱਕ ਜੋ ਭੋਗ ਰੂਪ ਸੰਸਾਰ ਸੋ ਜੀਵ ਦਾ ਕਾਰਯ[੫੬] ਹੈ।

(੭) ੧. ਅਲਪ[੫੭] ਸ਼ਕਤੀਪਨਾ ੨. ਅਲਪਜਪਨਾ[੫੮] ੩. ਪਰਛਿੰਨਪਨਾ[੫੯] ੪. ਨਾਨਾਪਨਾ ੫. ਪਰਾਧੀਨਪਨਾ ੬. ਅਸਮਰੱਥਪਨਾ ੭. ਅਪਰੋਕਸ਼ਪਨਾ ਅਤੇ ੮. ਅਵਿਦਿਆ ਉਪਾਧੀਵਾਨਪਨਾ। ਇਹ ਅੱਠ ਜੀਵ ਦੇ ਧਰਮ ਹਨ।

(੮) ੧. ਇਨ੍ਹਾਂ ਸਾਰਿਆਂ ਸਹਿਤ ਜੋ ਅਵਿਦਿਆ[੬੪]। ਅਤੇ

੨. ਤਿਸ ਵਿੱਚ ਪ੍ਰਤੀਬਿੰਬ[੬੫] ਰੂਪ ਚਿਦਾਭਾਸ[੬੬]। ਅਤੇ

੩. ਇਨ੍ਹਾਂ ਦਾ ਅਧਿਸ਼ਠਾਨ[੬੭] ਕੂਟਸਥ[੬੮]

ਇਹ ਸਾਰੇ ਮਿਲਕੇ ਜੀਵ ਕਹੀਏ ਹੈ। ਸੋ ਜੀਵ''ਤ੍ਵੰ'' ਪਦ ਦਾ ਵਾਚਯ[੬੯] ਅਰਥ ਹੈ॥

੨. ਇਨਾ ਸਾਰਿਆਂ ਸਹਿਤ ਚਿਦਾਭਾਸ ਭਾਗ ਦਾ ਤਿਆਗ ਕਰਕੇ ਅਵਸ਼ੇਸ਼[੭੦] ਜੋ ਸਥੂਲ ਸੂਖਮ ਕਾਰਣ ਸਰੀਰ ਦਾ ਅਧਿਸ਼ਠਾਨ ਜੀਵ ਸਾਕਸ਼ੀ[੭੧] ਕੂਟਸਥ ਆਤਮਾ ਸੋ ''ਤ੍ਵੰ'' ਪਦ ਦਾ ਲਕਛਯ[੭੨] ਅਰਥ ਹੈ॥

(੪੮) ਅੱਖਾਂ

(੪੯) ਗਲਾ

(੫੦) ਅੰਤਹਕਰਣ (ਮਨ, ਬੁਧਿ, ਚਿਤ, ਅਹੰਕਾਰ)

(੫੧), (੫੨), (੫੩) ਪੰਨਾ ੧੦੩ ਤੇ ਟੂਕ (੧), (੨), (੩) ਪੜ੍ਹੋ।

(੫੪) ਤਿੰਨ ਸਰੀਰ :-

(੧) ਸਥੂਲ :- ਪੰਨਾ ੫੨ ਤੇ ਪ੍ਰਸ਼ਨ ੪੦ ਪੜ੍ਹੋ।

(੨) ਸੂਖਮ :- ਪੰਨਾ ੭੬ ਤੇ ਪ੍ਰਸ਼ਨ ੫੯ ਪੜ੍ਹੋ।

(੩) ਕਾਰਣ :-ਪੰਨਾ ੮੮ ਤੇ ਪ੍ਰਸ਼ਨ ੮੦ ਪੜ੍ਹੋ।

(੫੫) ਜੀਵ ਦੀ :- (੧) ਜਾਗ੍ਰਤ ਅਵਸਥਾ ਦਾ ਅਭਿਮਾਨੀ (ਮਾਲਕ) = ਵਿਸ੍ਵ

(੨) ਸੁਪਨ ਅਵਸਥਾ ਦਾ ਅਭਿਮਾਨੀ = ਤੈਜਸ

(੩) ਸੁਖੋਪਤਿ ਅਵਸਥਾ ਦਾ ਅਭਿਮਾਨੀ = ਪ੍ਰਾਗਜ

(੫੬) ਕਾਰਜ ਕਹੀਏ ਕਿਸੇ ਕਾਰਣ ਦਾ ਪ੍ਰਣਾਮ (ਨਤੀਜਾ)

(੫੭) ਅਲਪ ਕਹੀਏ ਥੋੜ੍ਹੀ ਸ਼ਕਤੀ

(੫੮) ਥੋੜ੍ਹਾ ਗਿਆਨ ਹੋਣਾ

(੫੯) ਸੀਮਾ ਵਾ ਹੱਦ ਬੰਦੀ ਯੁਕਤ ਹੋਣ ਕਰਕੇ ਛੋਟਾ ਹੋਣਾ

(੬੦) ਅਨੇਕਪਨਾ

(੬੧) ਪਰਾਏ ਦੀ ਅਧੀਨ ਭਾਵ ਪਰਤੰਤਰ

(੬੨) ਸਮਰੱਥ ਕਹੀਏ ਬਲ ਰਹਿਤ

(੬੩) ਪਰਤੱਖ ਵਾ ਗੁਪਤ ਨਾ ਹੋਣਾ ਸਾਮ੍ਹਣੇ ਹੋਣਾ

(੬੪) ਮਲੀਨ ਸਤੋ ਗੁਣ ਯੁਕਤ ਸੋ ਅਵਿਦਿਆ ਹੈ। ਵਿਸਤਾਰ ਨਾਲ ਪੰਨਾ ੪੩ ਤੇ ਪ੍ਰਸ਼ਨ ੩੩ ਵਿਚੋਂ ਪੜ੍ਹੋ।

(੬੫) ਬਿੰਬ ਕਹੀਏ ਮੂਲ ਸਰੂਪ ਤੋਂ ਪ੍ਰਤੀ=ਉਲਟ ਸਰੂਪ ਵਾਲਾ ਭਾਵ ਪਰਛਾਵਾਂ

(੬੬) ਚੇਤਨ ਦਾ ਅਭਾਸ ਕਹੀਏ ਅਕਸ਼ (ਪਰਛਾਵਾਂ)

(੬੭) ਪੰਨਾ ੪੫ ਤੇ ਟੂਕ (੫) ਪੜ੍ਹੋ।

(੬੮) ਕੂਟ ਕਹੀਏ ਲੁਹਾਰ ਦੀ ਅਹਿਰਣ ਵਾ ਪਹਾੜ ਦੇ ਸੁਦਰਸ਼ ਇਸਥਿਤ=ਟਿਕੇ ਹੋਣਾ ਭਾਵ ਨਿਰਵਿਕਾਰ ਵਾ ਅਚੱਲ।

(੬੯) ਪੰਨਾ ੧੮੯ ਤੇ ਪੜ੍ਹੋ।

(੭੦) ਬਾਕੀ

(੭੧) ਗਵਾਹ

(੭੨) ਪੰਨਾ ੧੮੯ ਤੇ ਪੜ੍ਹੋ।

ਪ੍ਰਸ਼ਨ ੨੧੦. ਕੂਟਸਥ ਦਾ ਅਤੇ ਬੁਧੀ ਵਿੱਚ ਪ੍ਰਤੀਬਿੰਬ ਰੂਪ ਜੀਵ ਦਾ ਪਰਸਪਰ ਅਧਿਆਸ ਕਿਵੇਂ ਹੈ?

ਉੱਤਰ : ਅਵਿਚਾਰ ਦ੍ਰਿਸ਼ਟੀ ਨਾਲ :-

(੧) ਕੂਟਸਥ ਦੀ ਸੱਤਯਤਾ(੭੩) ਦਾ ਸੰਸਰਗ(੭੪) (ਤਦਾਤਮਯ(੭੫) ਸੰਬੰਧ) ਜੀਵ ਵਿੱਚ ਅਧਿਅਸਤ(੭੬) ਹੈ। ਇਸ ਲਈ ਜੀਵ ਮਿਥਿਆ(੭੭) ਪ੍ਰਤੀਤ ਨਹੀਂ ਹੁੰਦਾ। ਕਿੰਤੂ ਸੱਤਯ ਪ੍ਰਤੀਤ ਹੁੰਦਾ ਹੈ। ਅਤੇ

(੨) ਜੀਵ ਅਤੇ ਤਿਸਦੇ ਕਰਤਾਪਨਾ ਆਦਿਕ ਧਰਮਾਂ ਦਾ ਸਰੂਪ ਕੂਟਸਥ ਵਿੱਚ ਅਧਿਅਸਤ ਹੈ। ਇਸ ਲਈ ਕੂਟਸਥ ਅਕਰਤਾ, ਅਭੋਗਤਾ, ਅਸੰਸਾਰੀ, ਨਿਤਯ ਮੁਕਤ, ਅਸੰਗ, ਬ੍ਰਹਮ ਰੂਪ ਪ੍ਰਤੀਤ ਹੁੰਦਾ ਨਹੀਂ। ਕਿੰਤੂ ਇਨ੍ਹਾਂ ਤੋਂ ਵਿਪਰੀਤ ਪ੍ਰਤੀਤ ਹੁੰਦਾ ਹੈ॥

ਇਸ ਰੀਤ ਨਾਲ ਕੂਟਸਥ ਦਾ ਅਤੇ ਜੀਵ ਦਾ ਪਰਸਪਰ(੭੫)-ਅਧਿਆਸ ਹੈ॥

(੭੩) ਪੰਨਾ ੧੯੭ ਤੇ ਟੂਕ (੪੦) ਪੜ੍ਹੋ।

(੭੪) ਪੰਨਾ ੧੯੮ ਤੇ ਟੂਕ (੪੧) ਪੜ੍ਹੋ।

(੭੫) ਪੰਨਾ ੧੯੮ ਤੇ ਟੂਕ (੪੨) ਪੜ੍ਹੋ।

(੭੬) ਕਲਪਿਤ

(੭੭) ਨਾਸ਼ਵਾਨ

(੭੮) ਪਰਸਪਰ ਅਧਿਆਸ ਕਹੀਏ ਭਰਮ (ਅਨਯੋਅਨਯਾ ਅਧਿਆਸ)

ਪੰਨਾ ੧੩੬ ਤੇ ਪ੍ਰਸ਼ਨ ੧੩੯ ਪੜ੍ਹੋ।

ਪ੍ਰਸ਼ਨ ੨੧੧. ਉਕਤ ਅਧਿਆਸ ਦੀ ਨਿਵਿਰਤੀ ਕਿਸ ਨਾਲ ਹੁੰਦੀ ਹੈ?

ਉੱਤਰ : ਉਕਤ ਅਧਿਆਸ(੭੯) ਦੀ ਨਿਵਿਰਤੀ(੮੦) ਵਿਵੇਕ(੮੧) ਗਿਆਨ ਨਾਲ ਹੁੰਦੀ ਹੈ॥

(੭੯) ਭਰਮ

(੮੦) ਪੰਨਾ ੧੯ ਤੇ ਟੂਕ (੪) ਪੜ੍ਹੋ।

(੮੧) ਪੰਨਾ ੧੯੮ ਤੇ ਟੂਕ (੪੭) ਪੜ੍ਹੋ।

ਪ੍ਰਸ਼ਨ ੨੧੨. ''ਤਤ'' ਪਦ ਅਤੇ ''ਤ੍ਵੰ'' ਪਦ ਦੇ ਅਰਥ ਦੀ ਮਹਾਕਾਵਯ ਵਿੱਚ ਕਥਨ ਕੀਤੀ ਏਕਤਾ ਕਿਵੇਂ ਸੰਭਵ ਹੈ?

ਉੱਤਰ : (੧) ਭਾਵੇਂ ਕਿ ''ਤਤ'' ਪਦ ਅਤੇ ''ਤ੍ਵੰ'' ਪਦ ਦੇ ਵਾਚਯ(੮੨) ਅਰਥ ਜੋ ਉਪਾਧੀ(੮੩) ਸਹਿਤ ਚੇਤਨ (ਈਸ਼ਵਰ ਅਤੇ ਜੀਵ) ਹਨ। ਇਨ੍ਹਾਂ ਦੀ ਏਕਤਾ ਦਾ ਵਿਰੋਧ ਹੈ।

(੨) ਤਾਂ ਵੀ ''ਤਤ'' ਪਦ ਦਾ ਲਕਛਯ-ਅਰਥ(੮੪) ਬ੍ਰਹਮ ਅਤੇ ''ਤ੍ਵੰ'' ਪਦ ਦਾ ਲਕਛਯ ਅਰਥ ਆਤਮਾ ਇਨ੍ਹਾਂ ਦੀ ਏਕਤਾ ਦਾ ਵਿਰੋਧ ਬਿਲਕੁਲ ਵੀ ਨਹੀਂ ਹੈ।

ਇਸ ਤਰ੍ਹਾਂ ''ਤਤ'' ਪਦ ਅਤੇ ''ਤ੍ਵੰ'' ਪਦ ਦੇ ਅਰਥ ਦੀ ਮਹਾਵਾਕ(੮੫) ਵਿੱਚ ਕਥਨ ਕੀਤੀ ਏਕਤਾ ਸੰਭਵ ਹੈ॥

(੮੨) ਪੰਨਾ ੧੮੯ ਤੇ ਪੜ੍ਹੋ।

(੮੩) ਪਦਵੀ

(੮੪) ਪੰਨਾ ੧੮੯ ਤੇ ਪੜ੍ਹੋ।

(੮੫) ਪੰਨਾ ੨੮ ਤੇ ਟੂਕ (੨੪) ਪੜ੍ਹੋ।

ਪ੍ਰਸ਼ਨ ੨੧੩. ''ਮੈਂ ਬ੍ਰਹਮ ਹਾਂ'' ਐਸਾ ਬ੍ਰਹਮ ਆਤਮਾ ਦੀ ਏਕਤਾ ਦਾ ਗਿਆਨ ਕਿਸਨੂੰ ਹੁੰਦਾ ਹੈ?

ਉੱਤਰ : ਇਹ ਗਿਆਨ ਚਿਦਾਭਾਸ(੮੬) ਨੂੰ ਹੁੰਦਾ ਹੈ॥

(੮੬) ਚਿਦ=ਚੇਤਨ ਦਾ ਅਭਾਸ=ਪਰਛਾਵਾਂ। ਚਿਦਾਭਾਸ ਨੂੰ ਹੀ ਵਿਸ਼ੇਸ਼ ਚੇਤਨ ਆਖਦੇ ਹਨ। (ਵਿਸਤਾਰ ਨਾਲ ਪੰਨਾ ੧੭੮ ਤੇ ਪ੍ਰਸ਼ਨ ੧੮੯ ਪੜ੍ਹੋ।)

ਪ੍ਰਸ਼ਨ ੨੧੪. ਬ੍ਰਹਮ ਤੋਂ ਭਿੰਨ ਜੋ ਚਿਦਾਭਾਸ ਸੋ ਆਪਣੇ ਆਪ ਨੂੰ ਬ੍ਰਹਮ ਰੂਪ ਕਰਕੇ ਕਿਵੇਂ ਜਾਣਦਾ ਹੈ?

ਉੱਤਰ : (੧) ਜੀਵ-ਭਾਵ(੮੭) ਦੇ ਅਧਿਸ਼ਠਾਨ(੮੮) ਕੂਟਸਥ(੮੯) ਦਾ ਬ੍ਰਹਮ ਦੇ ਨਾਲ ਮੁੱਖਯ ਅਭੇਦ ਹੈ। ਅਤੇ

(੨) ਬੁਧੀ ਸਹਿਤ ਚਿਦਾਭਾਸ[੯੦] ਦਾ ਬ੍ਰਹਮ ਦੇ ਨਾਲ ਆਪਣੇ ਸ੍ਵਰੂਪ ਨੂੰ ਬਾਧ[੯੧] ਕਰਕੇ ਅਭੇਦ ਹੁੰਦਾ ਹੈ।

ਇਸ ਲਈ :-

(੧) ਚਿਦਾਭਾਸ ਆਪਣੇ ਸਰੂਪ ਦਾ ਬਾਧ ਕਰਕੇ ਆਪਣੇ ਆਪ ਨੂੰ ਅਹੰ ਸ਼ਬਦ ਦੇ ਲਕਛਯ[੯੨] ਅਰਥ ਕੂਟਸਥ ਰੂਪ ਜਾਣਦਾ ਹੈ। ਅਤੇ

(੨) ਆਪਣੇ ਨਿਜ ਰੂਪ ਕੂਟਸਥ ਦਾ ''ਮੈਂ ਕੂਟਸਥ ਹਾਂ'' ਐਸੇ ਅਭਿਮਾਨ[੯੩] ਕਰਕੇ ''ਮੈਂ ਬ੍ਰਹਮ ਹਾਂ'' ਇਸ ਤਰ੍ਹਾਂ ਜਾਣਦਾ ਹੈ।

ਇਸ ਰੀਤ ਨਾਲ ਚਿਦਾਭਾਸ ਆਪਣੇ ਆਪ ਨੂੰ ਬ੍ਰਹਮ ਰੂਪ ਕਰਕੇ ਜਾਣਦਾ ਹੈ॥

(੮੭) ਕਰਤਾ ਭੋਗਤਾਪਨ ਆਦਿ ਅੰਤਹਕਰਣ ਦੇ ਧਰਮ।

(੮੮) ਪੰਨਾ ੪੫ ਤੇ ਟੂਕ (੫) ਪੜ੍ਹੋ।

(੮੯) ਕੂਟ ਕਹੀਏ ਅਹਿਰਣ ਵਾ ਪਹਾੜ ਦੀ ਨਿਆਈ ਨਿਰਹੱਲ ਵਾ ਅਚਲ ਰੂਪ ਹੋ ਕੇ ਇਸਥਿਤ ਹੋਵੇ ਸੋ ਕਹੀਏ ਕੂਟਸਥ।

ਇਥੇ ਕੂਟਸਥ ਆਤਮਾ ਦਾ ਵਿਸ਼ੇਸ਼ਣ ਕਰਕੇ ਅਰਥ ਗ੍ਰਹਿਣ ਕਰਨਾ।

(੯੦) ਪੰਨਾ ੨੦੧ ਤੇ ਟੂਕ (੮੬) ਪੜ੍ਹੋ।

(੯੧) ਖੰਡਨ ਵਾ ਬਾਧ ਰੂਪ ਨਿਵਿਰਤੀ (ਪੰਨਾ ੧੯ ਤੇ ਟੂਕ (੪) 'ਚੋਂ ਪੜ੍ਹੋ।

(੯੨) ਪੰਨਾ ੧੮੯ ਤੇ ਪੜ੍ਹੋ।

(੯੩) (੧) ਜੋ ਚੇਤਨ ਦੇ ਆਸਰੇ ਅਤੇ ਜਨਮ ਮਰਣ ਨੂੰ ਮੇਟਣ ਵਾਲੀ ਹੰਗਤਾ ਸੋ ਸ਼ੁੱਧ ਹੰਗਤਾ ਹੈ।

(੨) ਜੋ ਜੜ੍ਹ ਪਦਾਰਥਾਂ ਦੇ ਆਸਰੇ ਅਤੇ ਜਨਮ ਮਰਣ ਦੇਣ ਵਾਲੀ ਹੰਗਤਾ ਸੋ ਮਲਿਨ ਹੰਗਤਾ ਹੈ।

ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ॥

(ਆਸਾ ਵਾਰ ਮ:੧, ਅੰਗ ੪੬੭)

ਇੱਥੇ ਅਭਿਮਾਨ ਪਦ ਤੋਂ ਸ਼ੁੱਧ ਹੰਗਤਾ ਅਰਥ ਗ੍ਰਹਿਣ ਕਰਨਾ ਹੈ।

ਮਾਨੁ ਕਰਉ ਤੁਧੁ ਊਪਰੇ ਮੇਰੇ ਪ੍ਰੀਤਮ ਪਿਆਰੇ॥

(ਬਿਲਾਵਲ ਮ:੫, ਅੰਗ ੮੦੬)

ਪ੍ਰਸ਼ਨ ੨੧੫. ਇਨ੍ਹਾਂ ''ਤਤ'' ਤੇ ''ਤ੍ਵੰ'' ਪਦ ਦੇ ਲਕਛਯ ਅਰਥ ਦੀ ਏਕਤਾ ਵਿਸ਼ੇ ਦ੍ਰਿਸ਼ਟਾਂਤ ਕੀ ਹੈ?
ਉੱਤਰ :

(੧) ਜਿਵੇਂ :-

੧. ਘਟ ਮਠ ਉਪਾਧੀ[੯੩] ਸਹਿਤ ਘਟਾਕਾਸ਼[੯੪] ਅਤੇ ਮਠਾਕਾਸ਼[੯੫] ਦੀ ਏਕਤਾ ਦਾ ਵਿਰੋਧ ਹੈ।

੨. ਤਾਂ ਵੀ ਘਟ[੯੬] ਮਠ[੯੭] ਰੂਪ ਉਪਾਧੀ ਦੀ ਦ੍ਰਿਸ਼ਟੀ ਨੂੰ ਛੱਡ ਕੇ ਕੇਵਲ ਅਕਾਸ਼ ਦੀ

ਏਕਤਾ ਦਾ ਵਿਰੋਧ ਨਹੀ॥

(੨) ਜਿਵੇਂ :-

੧. ਕੱਚ ਦੀ ਹਾਂਡੀ ਅਤੇ ਮਿੱਟੀ ਦੀ ਹਾਂਡੀ ਵਿੱਚ ਦੀਵਾ ਜਗਦਾ ਹੋਵੇ ਤਾਂ ਇਨ੍ਹਾਂ ਦੀ ਉਪਾਧੀ ਦੋ ਹਾਂਡੀਆਂ ਦੀ ਏਕਤਾ ਦਾ ਵਿਰੋਧ ਹੈ।

੨. ਤਾਂ ਵੀ ਅੱਗ ਰੂਪ ਕਰਕੇ ਦੀਵਿਆਂ ਦੀ ਏਕਤਾ ਦਾ ਵਿਰੋਧ ਨਹੀਂ॥

(੩) ਜਿਵੇਂ :-

੧. ਰਾਜਾ ਅਤੇ ਰਬਾਰੀ[੯੮] ਹੋਵੇ ਤਾਂ ਇਨ੍ਹਾਂ ਦੀ ਉਪਾਧੀ ਸੈਨਾ ਅਤੇ ਅਜਾ-ਵਰਗ[੯੯] ਦੀ ਏਕਤਾ ਦਾ ਵਿਰੋਧ ਹੈ।

੨. ਤਾਂ ਵੀ ਮਨੁੱਖ ਮਾਤ੍ਰ ਕਰਕੇ ਏਕਤਾ ਦਾ ਵਿਰੋਧ ਨਹੀਂ॥

(੪) ਜਿਵੇਂ :-

੧. ਗੰਗਾ ਜਲ ਅਤੇ ਗੰਗਾ ਜਲ ਦਾ ਕਲਸ਼ ਹੋਵੇ ਤਾਂ ਇਨ੍ਹਾਂ ਦੀ ਉਪਾਧੀ ਨਦੀ ਅਤੇ ਕਲਸ਼ ਦੀ ਏਕਤਾ ਦਾ ਵਿਰੋਧ ਹੈ।

੨. ਤਾਂ ਵੀ ਕੇਵਲ ਗੰਗਾ ਜਲ ਦੀ ਏਕਤਾ ਦਾ ਵਿਰੋਧ ਨਹੀਂ॥

(੫) ਜਿਵੇਂ :-

੧. ਸਾਗਰ ਅਤੇ ਜਲ ਦੀ ਬੂੰਦ ਇਨ੍ਹਾਂ ਦੀ ਉਪਾਧੀ ਸਾਗਰ ਤੇ ਬੂੰਦ ਦੀ ਏਕਤਾ ਦਾ ਵਿਰੋਧ ਹੈ।

੨. ਕੇਵਲ ਜਲ ਦੀ ਏਕਤਾ ਦਾ ਵਿਰੋਧ ਨਹੀਂ।

(੬) ਜਿਵੇਂ :-

੧. ਕੋਈ ਇੱਕ ਪੁਰਸ਼ ਪਿਤਾ ਦੀ ਅਪੇਕਸ਼ਾ[੧੦੦] ਨਾਲ ਪੁੱਤ੍ਰ ਕਹੀਦਾ ਹੈ ਅਤੇ ਪਿਤਾਮਹ[੧੦੧] ਦੀ ਅਪੇਕਸ਼ਾ ਨਾਲ ਪੌਤ੍ਰ[੧੦੨] ਕਹੀਦਾ ਹੈ। ਇਨ੍ਹਾਂ ਦੀ ਉਪਾਧੀ ਪਿਤਾ ਤੇ ਪਿਤਾਮਹ ਦੀ ਏਕਤਾ ਦਾ ਵਿਰੋਧ ਹੈ।

(੨) ਕੇਵਲ ਪੁਰਸ਼ ਦੀ ਏਕਤਾ ਦਾ ਵਿਰੋਧ ਨਹੀਂ।

(੭) ਜਿਵੇਂ :-

ਕੋਈ ਕਾਂਸ਼ੀ ਦਾ ਰਾਜਾ ਸੀ। ਉਹ ਹਾਥੀ 'ਤੇ ਬੈਠ ਕੇ ਸਵਾਰੀ ਲਈ ਨਿਕਲਿਆ। ਤਿਸ ਰਾਜੇ ਨੂੰ ਕਿਸੇ ਯਾਤ੍ਰੀ ਪੁਰਸ਼ ਨੇ ਚੰਗੀ ਤਰ੍ਹਾਂ ਵੇਖਿਆ ਸੀ। ਪਿੱਛੋਂ ਉਹ ਯਾਤ੍ਰੀ ਆਪਣੇ ਦੇਸ਼ ਚਲੇ ਗਿਆ ਅਤੇ ਕਾਂਸ਼ੀ ਦੇ ਰਾਜੇ ਕੋਲੋਂ ਕਿਸੇ ਹੋਰ ਰਾਜੇ ਨੇ ਰਾਜ ਖੋਹ ਕੇ ਕੱਢ ਦਿੱਤਾ, ਤਾਂ ਉਹ ਰਾਜਾ ਲੰਗੋਟੀ ਪਹਿਨਕੇ,ਅੰਗਾਂ ਨੂੰ ਸੁਆਹ ਮਲ ਕੇ, ਹੱਥ ਵਿੱਚ ਤੂੰਬੀ ਫੜ ਕੇ ਅਤੇ ਡੰਡਾ ਲੈ ਕੇ,ਨੰਗੇ ਪੈਰ ਤੀਰਥ ਯਾਤ੍ਰਾ ਕਰਨ ਗਿਆ। ਫਿਰਦੇ-ਫਿਰਦੇ ਉਸ ਯਾਤ੍ਰੀ ਪੁਰਸ਼ ਦੇ ਨਗਰ ਵਿੱਚ ਗਿਆ। ਤਿਸਨੂੰ ਵੇਖ ਕੇ ਉਹ ਯਾਤ੍ਰੀ ਹੋਰ ਲੋਕਾਂ ਨੂੰ ਦੱਸਦਾ ਹੈ ਕਿ :- ਮੈਂ ਕਾਂਸ਼ੀ ਵਿੱਚ ਜੋ ਰਾਜਾ ਵੇਖਿਆ ਸੀ ''ਉਹ ਇਹ ਹੈ'' ॥

ਤਾਂ ਬਾਕੀ ਲੋਕ ਯਾਤ੍ਰੀ ਪੁਰਸ਼ ਨੂੰ ਆਖਦੇ ਹਨ ਕਿ :-

੧. ਉਹ ਦੇਸ਼ ਹੋਰ ਸੀ। ਇਹ ਦੇਸ਼ ਹੋਰ ਹੈ।

੨. ਤਿਸਦਾ ਕਾਲ (ਅਵਸਥਾ) ਹੋਰ। ਇਸਦਾ ਕਾਲ ਹੋਰ।

੩. ਤਿਸਦੀ ਵਸਤੂ (ਸਮਗਰੀ) ਹੋਰ। ਇਸਦੀ ਵਸਤੂ ਹੋਰ।

੪. ਤਿਸਦਾ ਅਭਿਮਾਨ ਹੋਰ। ਇਸਦਾ ਅਭਿਮਾਨ ਹੋਰ।

੫. ਤਿਸਦਾ ਕਾਰਜ ਹੋਰ। ਇਸਦਾ ਕਾਰਜ ਹੋਰ।

੬. ਤਿਸਦੇ ਧਰਮ ਹੋਰ। ਇਸਦੇ ਧਰਮ ਹੋਰ।

ਇਸ ਲਈ ਕਾਂਸੀ ਦੇ ਰਾਜੇ ਦੀ ਅਤੇ ਇਸ ਭਿਖਾਰੀ ਦੀ ਏਕਤਾ ਕਿਵੇਂ ਬਣ ਸਕਦੀ ਭਾਵ ਨਹੀਂ ਬਣਦੀ।

ਤਾਂ ਫਿਰ ਉਹ ਯਾਤ੍ਰੀ ਪੁਰਸ਼ ਆਖਦਾ ਹੈ ਕਿ:-

''ਤਿਸਦੇ ਅਤੇ ਇਸਦੇ (੧) ਦੇਸ਼ (੨) ਕਾਲ (੩) ਵਸਤੂ (੪) ਅਭਿਮਾਨ (੫) ਕਾਰਜ ਅਤੇ (੬) ਧਰਮ ਦਾ ਤਿਆਗ ਕਰਕੇ ਦੋਵਾਂ ਵਿੱਚ ਅਨੁਗਤ[੧੦੩] (ਅਨੁਸਯੂਤ) ਜੋ ਪੁਰਸ਼ ਭਾਵ ਸੋ ਇੱਕ ਹੀ ਹੈ'' ॥

ਸਿਧਾਂਤ :- ਤਿਵੇਂ ਹੀ ਜੀਵ ਈਸ਼ਵਰ ਦੇ ਵੀ ਦੇਸ਼ ਕਾਲ, ਵਸਤੂ ਆਦਿਕ ਦਾ ਤਿਆਗ ਕਰਕੇ ਦੋਵਾਂ ਵਿੱਚ ਅਨੁਗਤ[੧੦੪] ਜੋ ਚੇਤਨ ਮਾਤ੍ਰ ਬ੍ਰਹਮ ਅਤੇ ਆਤਮਾ ਸੋ ਇੱਕ ਹੀ ਹੈ। ਇਸ ਲਈ ''ਬ੍ਰਹਮ ਸੋ ਮੈਂ ਹਾਂ'' ਅਤੇ ''ਮੈਂ ਸੋ ਬ੍ਰਹਮ ਹਾਂ'' ਐਸਾ ਦ੍ਰਿੜ ਨਿਸ਼ਚਾ ਕਰਨਾ। ਸੋਈ ਤੱਤ੍ਵ ਗਿਆਨ ਹੈ। ਇਸ ਨਾਲ ਹੀ ਸਾਰੇ ਦੁੱਖਾਂ ਦੀ ਨਿਵਿਰਤੀ ਅਤੇ ਪਰਮਾਨੰਦ ਦੀ ਪ੍ਰਾਪਤੀ[੧੦੫] ਰੂਪ ਮੋਕਸ਼ ਹੁੰਦੀ ਹੈ ॥

(੯੩) ਪਦਵੀ

(੯੪) ਘਟ ਕਹੀਏ ਘੜੇ ਦਾ ਅੰਦਰਲਾ ਭਾਗ ਜਿੰਨਾ ਅਕਾਸ਼ ਅਵਕਾਸ਼ ਕਹੀਏ ਖਾਲੀ ਜਗ੍ਹਾ ਦੇਵੇ ਸੋ ਘਟਾਕਾਸ਼ ਕਹੀਏ ਹੈ।

(੯੫) ਮਠ ਕਹੀਏ ਮੰਦਰ ਰੂਪ ਕੋਠਾ ਤਿਸ ਵਿੱਚ ਅਕਾਸ਼ ਜਿੰਨਾ ਅਵਕਾਸ਼ ਕਹੀਏ ਖਾਲੀ ਜਗ੍ਹਾ ਦੇਵੇ ਸੋ ਮਠਾਕਾਸ਼ ਕਹੀਏ ਹੈ।

(੯੬) ਘੜਾ

(੯੭) ਮੰਦਿਰ, ਭਵਨ

(੯੮) ਭੇਡਾਂ, ਬੱਕਰੀਆਂ ਚਾਰਨ ਵਾਲਾ

(੯੯) ਬੱਕਰੀਆਂ ਦਾ ਝੁੰਡ

(੧੦੦) ਤੁਲਨਾ

(੧੦੧) ਦਾਦਾ

(੧੦੨) ਪੋਤਰਾ

(੧੦੩), (੧੦੪) ਸਮਾਇਆ ਵਾ ਮਿਲਿਆ ਹੋਇਆ

(**੧੦੫**) ਪੰਨਾ ੨੧ ਤੇ ਟੂਕ (੬) ਪੜ੍ਹੋ।

इति श्रीविचारचंद्रोदये ''तत्त्वमसि'' महावाक्यगत ''तत्त्वं'' पदार्थक्य निरूपण नामिका एकादश कला समाप्ता॥ ११॥

ਇਤਿ ਸ਼੍ਰੀ ਵਿਚਾਰਚੰਦ੍ਰੋਦਯ ''ਤਤ੍ਵੰਅਸੀ'' ਮਹਾਵਾਕਯ ਗਤ ''ਤਤ੍ਵੰ'' ਪਦਾਰਥਈਕਿਯ ਨਿਰੂਪਣ ਨਾਮਿਕਾ ਇਕਾਦਸ਼ ਕਲਾ ਸਮਾਪਤਾ॥ ੧੧॥

ਸ਼੍ਰੀ=ਸੁਭਾਇਮਾਨ ਵਿਚਾਰਚੰਦ੍ਰੋਦਯ ਗ੍ਰੰਥ ਦਾ ਇਕਾਦਸ਼=ਗਿਆਰਵਾਂ ਕਲਾ=ਭਾਗ ਇੱਥੇ ਇਤਿ=ਸਮਾਪਤ ਹੁੰਦਾ ਹੈ। ਜਿਸਨੂੰ ''ਤਤ੍ਵੰਅਸੀ'' ਮਹਾਵਾਕਯ ਗਤ=ਵਿੱਚ ਆਏ ਤਤ੍ਵੰ=ਤਤ ਅਤੇ ਤ੍ਵੰ ਕਹੀਏ ਈਸ਼ ਤੇ ਜੀਵ ਰੂਪ ਪਦਾਰਥਈਕਿਯ=ਪਦਾਰਥ ਕਹੀਏ ਵਸਤੂਆਂ ਦਾ ਈਕਿਯ=ਇਕ ਮਾਤ੍ਰ ਬ੍ਰਹਮ ਰੂਪ ਨਾਮਿਕਾ=ਨਾਮ ਦੀ ਪ੍ਰਕਿਰਿਆ ਦਾ ਨਿਰੂਪਣ=ਕਥਨ ਕਰਕੇ ਸਮਾਪਤਾ=ਸੰਪੂਰਣ ਕੀਤਾ ਗਿਆ ਹੈ॥

☆☆☆

(ਬਾਰਵੀਂ ਕਲਾ)

॥ अथ द्वादश कला प्रारंभः ॥ १२॥

॥ਅਥ ਦ੍ਵਾਦਸ਼ ਕਲਾ ਪ੍ਰਾਰੰਭਃ॥੧੨॥

ਅਥ=ਹੁਣ ਇਸ ਗ੍ਰੰਥ ਦੇ ਦ੍ਵਾਦਸ਼=ਬਾਰਵੇਂ ਕਲਾ=ਭਾਗ ਨੂੰ ਪ੍ਰਾਰੰਭਃ=ਪਰ ਕਹੀਏ ਵਿਸ਼ੇਸ਼ ਕਰਕੇ ਆਰੰਭਃ=ਸ਼ੁਰੂ ਕਰਦੇ ਹਨ॥

॥ ज्ञानी के कर्मनिवृत्तिका प्रकार वर्णन॥

॥ ਗਯਾਨੀ ਕੇ ਕਰਮ ਨਿਵ੍ਰਿਤੀ ਕਾ ਪ੍ਰਕਾਰ ਵਰਣਨ॥

ਇਸ ਕਲਾ ਵਿੱਚ ਬ੍ਰਹਮ ਤੋਂ ਅਭਿੰਨ ਆਤਮਾ ਦਾ ਗਯਾਨੀ=ਗਜਾਤਾ ਜੋ ਆਤਮ ਗਿਆਨੀ ਵਾ ਬ੍ਰਹਮ ਗਿਆਨੀ ਕੇ=ਦੇ ਜੋ ਕਰਮ=ਕਿਰਿਆ ਵਾ ਸੰਚਿਤ, ਪਰਾਲਬਧ, ਕਿਰੇਮਾਨ ਕਰਮਾਂ ਦੀ ਨਿਵ੍ਰਿਤੀ=ਅਭਾਵ ਰੂਪ ਛੁਟਕਾਰੇ ਕਾ=ਦਾ ਪ੍ਰਕਾਰ=ਤਰੀਕਾ ਵਰਣਨ=ਕਥਨ ਕਰਦੇ ਹਨ॥

॥ तोटक छंद॥

॥ ਤੋਟਕ ਛੰਦ॥

ਅਨੇਕਾਂ ਪ੍ਰਕਾਰ ਦੀ ਛੰਦਾਬੰਦੀ ਦੇ ਵਿਚੋਂ ਪੀਤਾਂਬਰ ਜੀ ਤੋਟਕ ਨਾਮਕ ਛੰਦ ਦੇ ਅੰਦਰ ਮੂਲ ਪਾਠ ਦੀ ਰਚਨਾ ਕਰਦੇ ਹਨ। ਜੋ ਠੁਮਰੀ ਵਿੱਚ ਗਾਇਆ ਜਾਵੇ ਸੋ ਕਹੀਏ ਤੋਟਕ ਛੰਦ॥

जिन आतम रूप पयो जु भले।

ਜਿਨ ਆਤਮ ਰੂਪ ਪਯੋ ਜੁ ਭਲੇ।

ਜਿਨ=ਜਿੰਨ੍ਹਾਂ ਉੱਤਮ ਜਿਗਿਆਸੂਆਂ ਨੇ ਜੁ=ਜਿਹੜੇ ਭਲੇ=ਚੰਗੇ ਵਾ ਉੱਤਮ ਬ੍ਰਹਮ ਨੇਸ਼ਠੀ ਬ੍ਰਹਮ ਸ਼੍ਰੋਤੀ ਸਤਿਗੁਰਾਂ ਦੀ ਕਿਰਪਾ ਦੁਆਰਾ ਬ੍ਰਹਮ ਤੋਂ ਅਭਿੰਨ ਆਤਮ=ਪ੍ਰਤਯਕ ਆਤਮਾ ਨੂੰ ਪ੍ਰੋਖ ਅਪ੍ਰੋਖ ਗਿਆਨ ਦੇ ਨੇਤ੍ਰਾਂ ਨਾਲ ਪਯੋ=ਪ੍ਰਾਪਤ ਕਰਨ ਰੂਪ ਦੇਖਣਾ ਕੀਤਾ ਹੈ।

तिस त्रैविधकर्म मिटें सकले॥

ਤਿਸ ਤ੍ਰੈਵਿਧਕਰ੍ਮ ਮਿਟੇਂ ਸਕਲੇ॥

ਤਿਸ=ਉਨ੍ਹਾਂ ਆਤਮ ਗਿਆਨੀ ਪੁਰਸ਼ਾ ਦੇ ਤ੍ਰੈਵਿਧਿ=ਤਿੰਨ ਤਰ੍ਹਾਂ ਦੇ ਕਰਮ (੧) ਪਰਾਲਬਧ=ਇਸ ਸਰੀਰ ਦੇ ਆਰੰਭਕ ਕਰਮ (੨) ਸੰਚਿਤ = ਜਨਮਾ ਜਨਮਾਂਤਰਾਂ ਦੇ ਵਿੱਚ ਕੀਤੇ ਕਰਮਾ ਦਾ ਸਮੂਹ ਵਾ ਇਕੱਠ ਜੋ ਸੂਖਮ ਰੂਪ ਵਿੱਚ ਅੰਤਹਕਰਣ ਵਿੱਚ ਸਥਿਤ ਹਨ ਅਤੇ (੩) ਕਿਰੇਮਾਨ=ਵਰਤਮਾਨ ਦੇਹ ਵਿੱਚ ਹੰਗਤਾ ਸਹਿਤ ਨਿੱਤ ਦੀ ਕਿਰਿਆ ਨਾਲ ਕੀਤੇ ਸ਼ੁਭ-ਅਸ਼ੁਭ ਕਰਮ ਸਕਲ=ਸਾਰੇ ਹੀ ਮਿਟੇ=ਨਾਸ਼ ਹੋ ਜਾਂਦੇ ਹਨ॥

तम आवृति आश्रित संचित ले।

तम आव्रिती आश्रित संचित ले।

ਤਮ=ਅੰਧਕਾਰ ਰੂਪ ਅਗਿਆਨ ਦੀ ਆਵਰਣ ਸ਼ਕਤੀ ਨਾਲ ਆਵ੍ਰਿਤੀ=ਢੱਕੇ ਹੋਏ ਸੰਚਿਤ ਕਰਮ ਸੂਖਮ ਰੂਪ ਨਾਲ ਅੰਤਹਕਰਣ ਵਿੱਚ ਅਗਿਆਨ ਦੇ ਆਸ਼੍ਰਿਤ=ਆਸਰੇ ਨੂੰ ਲੇ=ਲੈ ਕੇ ਜਨਮਾਂ ਜਨਮਾਂਤਰਾਂ ਤੋਂ ਅੰਤਹਕਰਣ ਵਿੱਚ ਵਿਦਿਆਮਾਨ ਹਨ।

निज बोध सु पावक सर्व जले॥ २४॥

निज बोध सु पावक सरव जले॥ २४॥

ਸੁ=ਉਹ ਸਰਵ=ਸਾਰੇ ਸੰਚਿਤ ਕਰਮ ਬ੍ਰਹਮ ਤੋਂ ਅਭਿੰਨ ਨਿਜ=ਆਪਣੇ ਪ੍ਰਤਯਕ (ਅੰਤਰ) ਆਤਮਾ ਦੇ ਸਰੂਪ ਦਾ ਯਥਾਰਥ ਬੋਧ=ਗਿਆਨ ਪਾਵਕ=ਪ੍ਰਾਪਤ ਕਰਕੇ ਵਾ ਬ੍ਰਹਮ ਗਿਆਨ ਦੀ ਪਾਵਕ=ਅਗਨੀ ਦੁਆਰਾ ਜਲੇ=ਸੜ ਜਾਂਦੇ ਹਨ॥

ਬਾਹਰਿ ਭੀਤਰਿ ਭਇਆ ਪ੍ਰਗਾਸੁ॥
ਤਬ ਹੂਆ ਸਗਲ ਕਰਮ ਕਾ ਨਾਸੁ॥ ੭॥

(ਗਉੜੀ ਸਤ ਵਾਰ ਭਗਤ ਕਬੀਰ ਜੀ, ਅੰਗ ੩੪੪)

जड चेतन गांठ विभेद बले।

जड़ चेतन गांठ विभेद बले।

ਜੋ ਜੜ=ਅਚੇਤਨ ਕਹੀਏ ਹਰਕਤ ਬਿਨਾ ਅਤੇ ਚੇਤਨ=ਗਿਆਨ ਸਰੂਪ ਬ੍ਰਹਮ ਦੇ ਵਿਚਕਾਰ ਵਿਭੇਦ=ਵਿਸ਼ੇਸ਼ ਕਰਕੇ ਪੰਜ ਪ੍ਰਕਾਰ ਦੀ ਭੇਦ ਕ੍ਰਾਂਤੀ (ਜੜ-ਜੜ ਜੜ-ਚੇਤਨ, ਜੀਵ-ਜੜ, ਜੀਵ-ਜੀਵ,ਜੀਵ-ਚੇਤਨ ਦਾ ਭੇਦ) ਦੀ ਗਾਂਠ=ਗੰਢ ਸੋ ਬ੍ਰਹਮ ਗਿਆਨ ਦੀ ਅਗਨੀ ਨਾਲ ਬਲੇ=ਸੜ ਜਾਂਦੀ ਹੈ।

दृढ राग दवेष कषाय गले॥

दृिड़ राग द्वैश़ कश़ाय गले॥

ਦ੍ਰਿੜ=ਪੱਕੇ ਜੋ ਰਾਗ=ਮੋਹ ਤੇ ਦ੍ਵੈਸ਼=ਈਰਖਾ ਦੇ ਸੰਸਕਾਰ ਜਿੰਨ੍ਹਾਂ ਦੁਆਰਾ ਕਸ਼ਾਯ (ਕਸ਼+ਆਯ)=ਕਸ਼ ਕਹੀਏ ਕਲੇਸ਼ ਰੂਪ ਸੰਸਾਰ ਦੀ ਆਯ=ਪ੍ਰਾਪਤੀ ਹੁੰਦੀ ਹੈ, ਸੋ ਸਭ ਮੰਦ ਸੰਸਕਾਰ ਬ੍ਰਹਮ ਗਿਆਨ ਦੀ ਅਗਨੀ ਨਾਲ ਗਲੇ=ਗਲ ਜਾਂਦੇ ਭਾਵ ਨਾਸ਼ ਹੋ ਜਾਂਦੇ ਹਨ॥

जलमैं जिम लिप्त न कंज दले।

जल मैं जिम लिपत न कंज दले।

ਜਿਮ=ਜਿਵੇਂ ਜਲ=ਪਾਣੀ ਮੈਂ=ਵਿੱਚ ਕੰਜ=ਕਮਲ ਦੇ ਦਲੇ=ਪੱਤੇ ਲਿਪਤ=ਲਿਪਾਏਮਾਨ ਨ=ਨਹੀਂ ਹੁੰਦੇ।

परसे न अगामि जु कर्म मले॥ २५॥

परसे न अगामी जु करम मले॥ २५॥

ਤਿਵੇਂ ਹੀ ਆਤਮ ਗਿਆਨੀ ਪੁਰਸ਼ ਨੂੰ ਸੰਸਾਰ ਰੂਪੀ ਜਲ ਵਿੱਚ ਜੁ=ਜਿਹੜੇ (ਅਗਾਮੀ=ਆਉਣ

ਵਾਲੇ ਭਾਵ ਗਿਆਨ ਉਤਪਤੀ ਤੋਂ ਬਾਦ ਕੀਤੇ ਪੁੰਨ=ਪਾਪ ਕਰਮਾਂ ਸਹਿਤ) ਤਿੰਨ ਪ੍ਰਕਾਰ ਦੇ ਕਰਮਾਂ ਦੀ ਅਤੇ ਅਵਿਦਿਆ ਰੂਪ ਮਲੇ=ਮੈਲ ਵਾ:ਮਲ, ਵਿਕਸ਼ੇਪ, ਆਵਰਣ ਆਦਿ ਦੋਸ਼ਾਂ ਦੀ ਮੈਲ ਪਰਸੇ=ਸਪਰਸ਼ ਨ=ਨਹੀਂ ਕਰਦੀ ॥

ਬ੍ਰਹਮ ਗਿਆਨੀ ਸਦਾ ਨਿਰਲੇਪ ॥ ਜੈਸੇ ਜਲ ਮਹਿ ਕਮਲ ਅਲੇਪ ॥

(ਗਉੜੀ ਸੁਖਮਨੀ ਮ:੫, ਅੰਗ ੨੭੪)

ਇਸ ਜਨ੍ਮ ਅਰੰਭਕ ਕਰ੍ਮ ਫਲੇ।

ਇਸ ਜਨਮ ਅਰੰਭਕ ਕਰਮ ਫਲੇ।

ਅਨੇਕਾਂ ਅਤੀਤ ਜਨਮਾਂ ਦੇ ਸੰਚਿਤ ਕਰਮਾਂ ਵਿੱਚੋਂ ਕੋਈ ਇੱਕ ਕਰਮ ਜੋ ਇਸ=ਵਰਤਮਾਨ ਜਨਮ ਦਾ ਅਰੰਭਕ=ਸ਼ੁਰੂ ਕਰਨ ਲਈ ਫਲੇ=ਫਲੀਭੂਤ ਹੁੰਦਾ ਹੈ ਸੋ ਪਰਾਲਬਧ ਕਰਮ ਹੈ।

ਜਿਨ ਕਰਮਨਿ ਕੋ ਦਿਯੋ ਸਰੀਰ। ਪਰਾਰਲਬਧ ਸੋ ਜਾਨਹੁ ਧੀਰ।

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੧)

ਸੁਖ ਦੁ:ਖਹਿ ਭੋਗਤ ਹ੍ਵੋਤ ਪ੍ਰਲੇ॥

ਸੁਖ ਦੁਖ ਹੀ ਭੋਗਤ ਹੋਤ ਪ੍ਰਲੇ ॥

ਗਿਆਨਵਾਨ ਅਤੇ ਅਗਿਆਨੀ ਦੋਵਾਂ ਦੇ ਪਰਾਲਬਧ ਕਰਮ ਸੁਖ=ਖੁਸ਼ੀ ਅਤੇ ਦੁਖ=ਗਮੀ ਨੂੰ ਭੋਗਤ=ਅਨੁਭਵ ਕਰਕੇ ਹੀ = ਨਿਸ਼ਚੇ ਨਾਲ ਪ੍ਰਲੇ=ਨਾਸ਼ ਹੁੰਦੇ ਹਨ। ਭਾਵ ਬ੍ਰਹਮ ਗਿਆਨ ਹੋਣ ਨਾਲ ਪਰਾਲਬਧ ਨਸ਼ਟ ਨਹੀਂ ਹੁੰਦੀ ਕਿੰਤੂ ਭੋਗ ਕੇ ਹੀ ਨਿਵਿਰਤ ਹੁੰਦੀ ਹੈ।

ਪਰਾਰਬਧ ਜੋ ਛੁਟਯੋ ਸੁ ਬਾਨ। ਤਿਸ ਕੋ ਕਰ ਨ ਸਕੈ ਕੋ ਹਾਨਿ।
ਅੱਗਜ ਤੱਗਜ ਕੈ ਇਕ ਸਮ ਹੋਇ। ਪਰਾਰਬਧ ਫਲ ਦੇ ਸਮ ਦੋਇ॥ ੨੮ ॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੧)

ਇਸ ਭਾਂਤਿ ਜੁ ਹ੍ਵੋਵਤ ਜਨ੍ਮ ਵਿਲੇ।

ਇਸ ਭਾਂਤਿ ਜੁ ਹੋਵਤ ਜਨਮ ਵਿਲੇ।

ਇਸ ਭਾਂਤਿ=ਤਰ੍ਹਾਂ ਜੁ=ਜਿਹੜੇ ਤਿੰਨ ਪ੍ਰਕਾਰ ਦੇ ਕਰਮਾਂ ਦੇ ਜਨਮ=ਉਤਪਤੀ ਅਤੇ ਵਿਲੇ=ਨਾਸ਼ ਰੂਪ ਦ੍ਰਿਸ਼ ਦਾ ਦ੍ਰਸ਼ਟਾ ਪ੍ਰਤਯਕ (ਅੰਤਰ) ਆਤਮਾ ਹੈ।

ਧਿਖ ਰੂਧ ਧੀਤਾਂਬਰ ਸ੍ਵਂ ਵਿਮਲੇ॥ ੨੬॥

ਪਿਖ ਰੂਪ ਪੀਤਾਂਬਰ ਸ੍ਵਯੰ ਵਿਮਲੇ॥ ੨੬ ॥

ਪੀਤਾਂਬਰ ਜੀ ਕਥਨ ਕਰਦੇ ਹਨ ਕਿ ਦ੍ਰਿੜ ਅਪਰੋਕਸ਼ ਗਿਆਨ ਦੁਆਰਾ ਸ੍ਵਯੰ=ਆਪਣੇ ਪ੍ਰਤਯਕ ਆਤਮਾ ਨੂੰ ਹੀ ਵਿਮਲੇ=ਮਾਇਆ ਰੂਪ ਮਲ ਤੋਂ ਰਹਿਤ ਸ਼ੁਧ ਬ੍ਰਹਮ ਦਾ ਰੂਪ=ਸਰੂਪ ਪਿਖ=ਦੇਖਣਾ ਕਰੋ ॥

ਹੁਣ ਇਸ ਮੂਲ ਪਾਠ ਦੀ ਵਿਚਾਰ ਨੂੰ ਪ੍ਰਸ਼ਨ=ਉੱਤਰਾਂ ਦੇ ਰਾਹੀਂ ਸਮਝਾਉਂਦੇ ਹਨ :-

ਪ੍ਰਸ਼ਨ ੨੧੬. ਕਰਮ ਸੋ ਕੀ ਹੈ?

ਉੱਤਰ : ਸਰੀਰ, ਬਾਣੀ ਅਤੇ ਮਨ ਦੀ ਜੋ ਕਿਰਿਆ ਸੋ ਕਰਮ ਹੈ।

ਪ੍ਰਸ਼ਨ ੨੧੭. ਕਰਮ ਕਿੰਨੇ ਪ੍ਰਕਾਰ ਦਾ ਹੈ?

ਉੱਤਰ : (੧) ਸੰਚਿਤ (੨) ਪਰਾਲਬਧ ਅਤੇ (੩) ਕਿਰੇਮਾਨ (ਆਗਾਮੀ)[੧] ਭੇਦ ਤੋਂ ਕਰਮ ਤਿੰਨ ਪ੍ਰਕਾਰ ਦੇ ਹਨ॥

ਤੀਨ ਬਿਧਿਨ ਕੇ ਕਰਮ ਪਛਾਨ। ਸੰਚਿਤ ਪਰਾਲਬਧ ਕਿਰੇਮਾਨ।
ਤਰਕਸ਼ ਅੰਤਹਕਰਨ ਮਝਾਰ। ਤ੍ਰੈ ਬਿਧਿ ਬਾਣ ਸਿ ਬਸਿਬੇਹਾਰ॥ ੭॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫ ਅੰਸੂ ੪੧)

(੧) ਤੱਤ-ਗਿਆਨ ਦੀ ਉਤਪਤੀ ਤੋਂ ਬਾਦ ਆਤਮ ਗਿਆਨੀ ਵਾ ਬ੍ਰਹਮ ਗਿਆਨੀ ਦੇ ਸਰੀਰ ਆਦਿ ਨਾਲ ਕੀਤੇ ਪੁੰਨ-ਪਾਪ ਕਰਮਾਂ ਨੂੰ ਆਗਾਮੀ ਕਰਮ ਆਖਦੇ ਹਨ।

''ਗਿਆਨੋਤ੍ਪਤ੍ਤਯਨਨ੍ਤਰੰ ਗਿਆਨੀਦੇਹਕ੍ਰਿਤੰ ਪੁੰਨਯਪਾਪਰੂਪੰ
ਕਰਮ ਯਦਸਤੀ ਤਦਾਗਾਮੀ ਕਰਮੇਤ੍ਯਭਿਧੀਯਤੇ''

(ਤੱਤ੍ਵ-ਬੋਧ, ੩੯)

ਪ੍ਰਸ਼ਨ ੨੧੮. ਸੰਚਿਤ ਕਰਮ ਸੋ ਕੀ ਹਨ?

ਉੱਤਰ : (੧) ਅਨੇਕਾਂ ਅਤੀਤ(੨) ਜਨਮਾਂ ਵਿੱਚ ਸੰਚਯ(੩) ਕੀਤੇ ਜੋ ਕਰਮ ਸੋ ਸੰਚਿਤ ਕਰਮ ਹਨ॥

ਅਨਿਕ ਜਨਮ ਕੇ ਕਰੇ ਇਕੱਤ੍ਰ। ਸੋ ਸੰਚਿਤ ਹੈਂ ਨਾਮ ਬਚਿੱਤ੍ਰ ॥ ੨੦॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰੱਤਿ ੫, ਅੰਸੂ ੪੧)

(੨) ਪਿਛਲੇ

(੩) ਇਕੱਠੇ ਵਾ ਇਕੱਤ੍ਰ

ਪ੍ਰਸ਼ਨ ੨੧੯. ਪਰਾਰਬਧ ਕਰਮ ਸੋ ਕੀ ਹਨ?

ਉੱਤਰ : (੨) ਅਨੇਕਾਂ ਸੰਚਿਤ ਕਰਮਾਂ ਦੇ ਵਿੱਚੋਂ ਪਰਪੱਕ[੪] ਹੋਇਆ ਅਤੇ ਈਸ਼ਵਰ ਦੀ ਇੱਛਾ ਨਾਲ ਇਸ ਵਰਤਮਾਨ ਦੇਹ ਦਾ ਆਰੰਭਕ ਜੋ ਕੋਈ ਇੱਕ ਸੰਚਿਤ ਕਰਮ ਸੋ ਪਰਾਰਬਧ ਕਰਮ ਹੈ॥

ਜਿਨ ਕਰਮਨਿ ਕੋ ਦਿਯੋ ਸਰੀਰ। ਪਰਾਰਬਧ ਸੋ ਜਾਨਹੁ ਧੀਰ।

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਤਿ ੫, ਅੰਸੂ ੪੧)

(੪) ਪਰ=ਵਿਸ਼ੇਸ਼ ਕਰਕੇ ਪੱਕ=ਪੱਕਿਆ ਕਹੀਏ ਫਲ ਦੇਣ ਲਈ ਸਮਰੱਥ।

ਪ੍ਰਸ਼ਨ ੨੨੦. ਕਿਰੇਮਾਨ ਕਰਮ ਸੋ ਕੀ ਹਨ?

ਉੱਤਰ : (੩) ਬ੍ਰਹਮ ਗਿਆਨ ਤੋਂ ਪਹਿਲਾ[੫] ਅਥਵਾ ਪਿੱਛੋ[੬] ਇਸ ਵਰਤਮਾਨ ਦੇਹ ਵਿੱਚ ਮਰਣ ਪ੍ਰਯੰਤ[੭] ਕੀਤੇ ਜੋ ਕਰਮ ਸੋ ਕਿਰੇਮਾਨ ਕਰਮ ਹਨ॥

ਕ੍ਯਿਆ ਹੋਤਿ ਨਿਤ ਜੁਤਿ ਅਭਿਮਾਨ। ਕਿਰੇਮਾਨ ਸੋ ਜਾਨ ਸੁਜਾਨ।

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤਿ ੫,ਅੰਸੂ ੪੧)

(੫) ਤੱਤ੍ਵ ਗਿਆਨ ਤੋਂ ਪਹਿਲਾ ਜੋ ਕੀਤੇ ਮਨ, ਬਾਣੀ, ਸਰੀਰ ਦੁਆਰਾ ਕਰਮ ਸੋ ਹੰਗਤਾ ਸਹਿਤ ਜਾਨਣਾ।

(੬) ਆਤਮ ਗਿਆਨੀ ਦੁਆਰਾ ਗਿਆਨ ਪ੍ਰਾਪਤੀ ਤੋਂ ਬਾਦ ਕੀਤੀ ਨਿੱਤ ਦੀ ਕਿਰਿਆ ਵਿੱਚ ਪੁੰਨ-ਪਾਪ ਕਰਮ ਹੰਗਤਾ ਰਹਿਤ ਹੁੰਦੇ ਹਨ। ਸੋ ਆਗਾਮੀ ਕਰਮ ਕਹੀਏ ਹੈ।

(ਆਗਾਮੀ ਕਰਮ ਪੰਨਾ ੨੦੯ ਤੇ ਟੂਕ (੧) ਤੋਂ ਪੜ੍ਹੋ)

(੭) ਤੱਕ

ਪ੍ਰਸ਼ਨ ੨੨੧. ਗਿਆਨੀ ਦੇ ਕਰਮਾਂ ਦੀ ਨਿਵਿਰਤੀ ਕਿਸ ਰੀਤ ਨਾਲ ਹੁੰਦੀ ਹੈ?

ਉੱਤਰ : (੧) ਗਿਆਨ[੮] ਨਾਲ ਅਗਿਆਨ ਦੇ ਆਵਰਣ[੯] ਅੰਸ਼ ਦੀ ਨਿਵਿਰਤੀ[੧੦] ਹੁੰਦੀ ਹੈ। ਆਵਰਣ ਦੀ ਨਿਵਿਰਤੀ ਹੋਣ ਕਰਕੇ ਆਵਰਣ ਨੂੰ ਆਸ਼੍ਰਯ[੧੧] ਕਰਕੇ ਸਥਿਤ ਸੰਚਿਤ ਕਹੀਏ ਪੂਰਬਲੇ ਅਨੇਕ ਜਨਮਾਂ ਵਿੱਚ ਇਕੱਤ੍ਰ ਕੀਤੇ ਕਰਮਾਂ ਦੀ ਨਿਵਿਰਤੀ (ਨਾਸ) ਹੁੰਦੀ ਹੈ।

(੨) ਗਿਆਨ ਤੋਂ ਪਹਿਲਾ ਅਤੇ ਪਿੱਛੋਂ ਇਸ ਜਨਮ ਵਿੱਚ ਕੀਤੇ ਕਿਰੇਮਾਨ ਕਰਮਾਂ ਦਾ ''ਮੈਂ ਅਕਰਤਾ ਅਭੋਗਤਾ ਅਸੰਗ ਬ੍ਰਹਮ ਹਾਂ'' ਇਸ ਨਿਸ਼ਚੇ ਦੇ ਬਲ ਨਾਲ ਆਪਣੇ ਆਸ਼੍ਰਯ ਭ੍ਰਮਜ-ਤਾਦਾਤਮਯ ਦੇ ਨਾਸ਼ ਕਰਕੇ ਅਤੇ ਰਾਗ ਦ੍ਵੈਸ਼ ਦੇ ਅਭਾਵ ਨਾਲ ਜਲ ਵਿੱਚ ਸਥਿਤ ਕਮਲ ਦੇ ਪੱਤਿਆ ਦੀ ਨਿਆਈ ਗਿਆਨੀ ਨੂੰ ਕਿਰੇਮਾਨ ਕਰਮ ਸਪਰਸ਼ ਕਰਦੇ ਨਹੀਂ। ਕਿੰਤੂ ਗਿਆਨੀ ਦੇ ਕਿਰੇਮਾਨ ਕਹੀਏ ਇਸ ਜਨਮ ਵਿੱਚ ਕੀਤੇ ਸ਼ੁਭ ਅਤੇ ਅਸ਼ੁਭ ਕਰਮਾਂ ਨੂੰ ਕ੍ਰਮ[੧੨] ਨਾਲ ਸੁਹਿਰਦ ਕਹੀਏ ਸਕਾਮੀ ਭਗਤ ਅਤੇ ਦ੍ਵੈਸ਼ੀ ਕਹੀਏ ਨਿੰਦਕ ਜਨ ਗ੍ਰਹਿਣ ਕਰਦੇ ਹਨ। ਅਤੇ

(੩) ਅਗਿਆਨ ਦੀ ਵਿਕਛੇਪ[੧੩] ਸ਼ਕਤੀ ਦੇ ਆਸ਼੍ਰਿਤ[੧੪] ਗਿਆਨੀ ਦੇ ਪਰਾਰਬਧ ਕਹੀਏ ਪੂਰਬਲੇ ਦੇ ਕਿਸੇ ਜਨਮ ਵਿੱਚੋਂ ਕੀਤੇ ਸੰਚਿਤ ਕਰਮਾਂ ਵਿੱਚੋਂ ਕੋਈ ਇੱਕ ਕਰਮ ਜੋ ਇਸ ਜਨਮ ਦਾ ਆਰੰਭਕ ਸੋ ਭੋਗ[੧੫] ਨਾਲ ਹੀ ਨਿਵਿਰਤ ਹੁੰਦੇ ਹਨ ਗਿਆਨ ਨਾਲ ਨਹੀਂ॥

ਇਸ ਲਈ ਗਿਆਨੀ ਸਾਰੇ ਕਰਮਾਂ ਤੋਂ ਮੁਕਤ ਹੈ। ਇਸੇ ਕਰਕੇ ਹੀ ਕਰਮ ਰਚਿਤ ਜਨਮ ਆਦਿਕ ਸੰਸਾਰ ਤੋਂ ਵੀ ਮੁਕਤ ਹੈ॥ ਇਸ ਰਤੀ ਨਾਲ ਗਿਆਨੀ ਦੇ ਕਰਮਾਂ ਦੀ ਨਿਵਿਰਤੀ ਹੁੰਦੀ ਹੈ।

(੮) ਦ੍ਰਿੜ ਅਪਰੋਕਸ਼ ਬ੍ਰਹਮ ਗਿਆਨ (ਪੰਨਾ ੩੧ ਤੇ ਪ੍ਰਸ਼ਨ ੧੮ ਪੜ੍ਹੋ)

(੯) ਅਸੱਤ੍ਵਾਪਾਦਕ ਆਵਰਣ ਤੇ ਆਭਾਨਾਪਾਦਕ ਆਵਰਣ ਵਿਸਥਾਰ ਨਾਲ ਪੰਨਾ ੨੫ ਤੇ ਟੂਕ (੧੫) ਪੜ੍ਹੋ।

(੧੦) ਪੰਨਾ ੧੯ ਤੇ ਟੂਕ (੪) ਪੜ੍ਹੋ।

(੧੧) ਆਸਰਾ

(੧੨) ਕ੍ਰਮ ਨਾਲ ਕਹੀਏ ਤਰਤੀਬ ਨਾਲ ਭਾਵ ਸ਼ੁਭ ਕਰਮਾਂ ਨੂੰ ਸਕਾਮੀ ਭਗਤ ਅਤੇ ਅਸ਼ੁਭ ਕਰਮਾਂ ਨੂੰ ਨਿੰਦਕ ਦ੍ਵੈਸ਼ੀ ਜਨ ਗ੍ਰਹਿਣ ਕਰਦੇ ਹਨ।

(੧੩) ਪੰਨਾ ੩੨ ਤੇ ਟੂਕ (੪੩) ਪੜ੍ਹੋ।

(੧੪) ਆਸਰੇ

(੧੫) **ਦੁਖ ਸੁਖ ਕੋ ਜੋ ਅਨੁਭਵ ਰੂਪ। ਬ੍ਰਿੱਧ ਕਿਧੋਂ ਲਘੁ ਕਰਨ ਅਨੂਪ।**

ਇਸ ਕੋ ਨਾਮ ਭੋਗ ਬੁਧਿ ਕਹੈ। ਚੌਦਹਿ ਲੋਕ ਬਿਖੈ ਜਨ ਲਹੈ॥ ੨੬॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰਤਿ ੫, ਅੰਸੂ ੪੧)

ਸੁਖ ਦੁਖ ਦਾ ਸਰੂਪ ਅਨੁਭਵ ਕਰਨਾ ਭੋਗ ਕਹੀਏ ਹੈ॥

इति श्रीविचारचंद्रोदय ज्ञानीकर्मनिवृत्ति
प्रकार वर्णन नामिका द्वादश कला समाप्ता॥१२॥

ਇਤਿ ਸ਼੍ਰੀ ਵਿਚਾਰਚੰਦ੍ਰੋਦਯ ਗਿਆਨੀ ਕਰਮ ਨਿਵਿਰਤੀ ਪ੍ਰਕਾਰ ਵਰਣਨ ਨਾਮਿਕਾ ਦ੍ਵਾਦਸ਼ ਕਲਾ ਸਮਾਪਤਾ॥ ੧੨ ॥

ਸ਼੍ਰੀ=ਸੁਭਾਇਮਾਨ ਵਿਚਾਰਚੰਦ੍ਰੋਦਯ ਗ੍ਰੰਥ ਦਾ ਦ੍ਵਾਦਸ਼=ਬਾਰਵਾਂ ਕਲਾ=ਭਾਗ ਇਥੇ ਇਤਿ=ਸਮਾਪਤ ਹੁੰਦਾ ਹੈ। ਜਿਸਨੂੰ ਆਤਮ ਗਿਆਨੀ ਪੁਰਸ਼ ਦੇ ਕਰਮਾਂ ਦੀ ਨਿਵਿਰਤੀ ਕਹੀਏ ਨਾਸ਼ ਦੇ ਪ੍ਰਕਾਰ=ਤਰੀਕੇ ਨਾਮਿਕਾ=ਨਾਮ ਦੀ ਪ੍ਰਕਿਰਿਆ ਦਾ ਵਿਸਤਾਰ ਨਾਲ ਵਰਣਨ=ਕਥਨ ਕਰਕੇ ਸਮਾਪਤਾ=ਸੰਪੂਰਨ ਕੀਤਾ ਗਿਆ ਹੈ॥ ੧੨ ॥

❐

(ਤੇਰ੍ਹਵੀਂ ਕਲਾ)

॥ अथ त्रयोदश कला प्रारंभ॥१३॥

॥ਅਥ ਤ੍ਰਯੋਦਸ਼ ਕਲਾ ਪ੍ਰਾਰੰਭ॥ ੧੩ ॥

ਅਥ= ਹੁਣ ਇਸ ਗ੍ਰੰਥ ਦੇ ਤ੍ਰਯੋਦਸ਼ਾ =ਤ੍ਰਯੋ ਕਹੀਏ ਤਿੰਨ ਅਤੇ ਦਸ਼ ਕਹੀਏ ਦੱਸ ਭਾਵ ਤੇਰਵੇਂ ਕਲਾ=ਭਾਗ ਨੂੰ ਪ੍ਰਾਰੰਭ:=ਪਰ ਕਹੀਏ ਵਿਸ਼ੇਸ਼ ਕਰਕੇ ਆਰੰਭ:=ਸ਼ੁਰੂ ਕਰਦੇ ਹਨ॥

॥ सप्त ज्ञान भूमिका वर्णन॥

॥ ਸਪਤ ਗਯਾਨ ਭੂਮਿਕਾ ਵਰਣਨ॥

ਤੱਤ-ਗਿਆਨ ਦੀ ਪ੍ਰਾਪਤੀ ਵਾਲੀਆਂ ਸਪਤ=ਸੱਤ ਭੂਮਿਕਾ=ਪੌੜੀਆਂ, ਮੰਜ਼ਲਾਂ ਵਾ ਅਵਸਥਾ ਦਾ ਵਰਣਨ=ਕਥਨ ਕਰਦੇ ਹਨ।

॥ तोटक छंद॥

॥ ਤੋਟਕ ਛੰਦ॥

ਪੀਤਾਂਬਰ ਜੀ ਸੁੰਦਰ ਕਾਵਿ-ਰਚਨਾ ਦੁਆਰਾ ਤੋਟਕ ਨਾਮਕ ਛੰਦ ਦੇ ਅੰਦਰ ਮੂਲ ਪਾਠ ਦੀ ਰਚਨਾ ਕਰਦੇ ਹਨ। ਜੋ ਠੁਮਰੀ ਵਿੱਚ ਗਾਇਆ ਜਾਵੇ ਸੋ ਕਹੀਏ ਤੋਟਕ ਛੰਦ॥

निज बोधकि भूमि सु सप्त अहैं।

ਨਿਜ ਬੋਧ ਕੀ ਭੂਮੀ ਸੁ ਸਪਤ ਅਹੈਂ।

ਬ੍ਰਹਮ ਤੋਂ ਅਭਿੰਨ ਨਿਜ=ਸ੍ਵੈ ਸਰੂਪ ਪ੍ਰਤਯਕ ਆਤਮਾ ਦੀਆ ਬੋਧ = ਗਿਆਨ ਕੀ=ਦੀ ਪ੍ਰਾਪਤੀ ਕਰਾਉਣ ਵਾਲੀਆਂ ਭੂਮੀ=ਭੂਮਿਕਾ ਕਹੀਏ ਪੌੜੀਆਂ ਵਾ ਮੰਜ਼ਲਾ ਰੂਪ ਅਵਸਥਾ ਸੁ=ਉਹ ਸਪਤ=ਸੱਤ ਅਹੈਂ=ਹਨ।

इस भांति वसिष्ठ मुनीश कहैं॥

ਇਸ ਭਾਂਤੀ ਵਸਿਸ਼ਠ ਮੁਨੀਸ਼ ਕਹੈਂ॥

ਇਸ ਭਾਂਤੀ = ਤਰ੍ਹਾਂ ਮੁਨੀਸ਼=ਮੁਨੀਆਂ ਦੇ ਈਸ਼ ਕਹੀਏ ਸੁਆਮੀ ਵਾ ਈਸ਼ਵਰ ਵਾਲਮਿਕੀ ਜੀ ਵੇਦਾਂਤ ਦੇ ਸ਼੍ਰੇਮਣ ਗ੍ਰੰਥ ਵਸਿਸ਼ਠ=ਯੋਗ ਵਸਿਸ਼ਠ ਵਿੱਚ ਕਹੈਂ=ਆਖਦੇ ਹਨ॥

शुभ साधन संपति आदि लहै।

ਸ਼ੁਭ ਸਾਧਨ ਸੰਪਤੀ ਆਦੀ ਲਹੈ।

ਗਿਆਨ ਪ੍ਰਾਪਤੀ ਦੇ ਸ਼ੁਭ=ਸ਼੍ਰੇਸਟ ਚੰਗੇ ਸਾਧਨ=ਜ਼ਰੀਏ ਜਿਵੇਂ ਵਿਵੇਕ,ਵੈਰਾਗ,ਖੱਟ ਸੰਪਤੀ ਆਦਿਕ ਸੰਪਤੀ=ਬਿਭੂਤੀ ਆਦੀ=ਪਹਿਲੀ ਭੂਮਿਕਾ ''ਸੁਭ ਇੱਛਾ'' ਵਿੱਚ ਲਹੈ=ਪ੍ਰਾਪਤ ਕੀਤੇ ਜਾਂਦੇ ਹਨ।

श्रवणादि विचार द्वितीय बहै॥ २७॥

स्रूवणादी विचार द्वीतीज बहै॥ २७॥

ਗਿਆਨ ਦੀ ਦ੍ਵੀਤੀਯ=ਦੂਸਰੀ ਭੂਮਿਕਾ ਵਿਚਾਰ=''ਸੁਵਿਚਾਰਨਾ'' ਵਿਚਾਰ ਭਾਵ ਸੱਤ-ਅਸੱਤ ਦਾ ਨਿਰਣਾ ਰੂਪ ਸੁ=ਸ੍ਰੇਸ਼ਟ ਖਿਆਲ ਵਿੱਚ ਸ਼੍ਰਵਣਾਦੀ=ਸ੍ਰਵਣ ਅਤੇ ਮੰਨਣ ਸਾਧਨ (ਪੰਨਾ ੨੯ ਤੇ ਟੂਕ (੨੬) ਪੜ੍ਹੋ) ਦਾ ਅੰਤਹਕਰਣ ਦੀ ਬਿਰਤੀ ਵਿੱਚ ਪ੍ਰਵਾਹ ਬਹੈ=ਵਗਦਾ, ਚਲਦਾ ਹੈ ਅਥਵਾ ਸ੍ਰਵਣ ਮੰਨਣ ਸਾਧਨ ਬਿਰਤੀ ਵਿੱਚ ਬਹੈ=ਬੈਠਣ ਰੂਪ ਇਸਥਿਤ ਹੁੰਦੇ ਹਨ।

निदिध्यासन तीसरभूमि गहै।

निदीधयासन तीसर भूमी गहै।

''ਤਨੁਮਾਨਸਾ'' ਕਹੀਏ ਮਨ ਦੀਆਂ ਬਿਰਤੀਆਂ ਦਾ ਸੂਖਮ ਹੋਣਾ ਗਿਆਨ ਦੀ ਤੀਸਰ=ਤੀਸਰੀ ਭੂਮੀ=ਭੂਮਿਕਾ, ਅਵਸਥਾ ਵਿੱਚ ਉੱਤਮ ਜਿਗਿਆਸੂ ਨਿਦੀਧਯਾਸਨ=ਸਜਾਤੀ ਬਿਰਤੀ ਦਾ ਗ੍ਰਹਿਣ ਤੇ ਵਿਜਾਤੀ ਬਿਰਤੀ ਦਾ ਤਿਆਗ ਗਹੈ=ਗ੍ਰਹਿਣ ਕਰਦਾ ਹੈ।

(ਸਜਾਤੀ ਤੇ ਵਿਜਾਤੀ ਬਿਰਤੀ ਪੰਨਾ ੨੯ ਤੇ ਨਿਧਿਆਸਨ ਟੂਕ (੨੬) ਵਿਚੋਂ ਪੜ੍ਹੋ)

अपरोक्ष निजातम चौथि चहै॥

अपरोकश़ निजात्म चौथी चहै॥

''ਸਤ੍ਵਾਪਤਿ'' ਕਹੀਏ ਸੱਤ ਵਸਤੂ ਬ੍ਰਹਮ ਤੋਂ ਅਭਿੰਨ ਨਿਜਾਤਮ=ਸ੍ਵੈ ਸਰੂਪ ਪ੍ਰਤਯਕ ਆਤਮਾ ਦੀ ਤੀਬਰ ਚਹੈ=ਚਾਹਨਾ, ਇੱਛਾ ਨਾਲ ਚੌਥੀ ਭੂਮਿਕਾ ਵਿੱਚ ਦ੍ਰਿੜ ਅਪਰੋਕਸ਼=ਪ੍ਰਤੱਖ, ਸਾਕਸ਼ਾਤ ਗਿਆਨ ਪ੍ਰਗਟ ਹੁੰਦਾ ਹੈ।

हमता ममता बिन पंचम है।

हंमता ममता बिन पंचम है।

ਪੰਚਮ=ਪੰਜਵੀ ''ਅਸੰਸਕਤਿ'' ਕਹੀਏ ਮਾਇਕੀ ਪਦਾਰਥਾਂ ਦੀ ਆਸਕਤੀ ਭਾਵ ਪਕੜ ਵਾ ਮੋਹ, ਦੇਹ ਅਭਿਮਾਨ ਰੂਪ ਹੰਮਤਾ=ਹਉਮੈ ਅਤੇ ਗ੍ਰਹਾਦਿ ਵਿੱਚ ਮਮਤਾ=ਮੋਹ ਤੋਂ ਬਿਨਾ=ਰਹਿਤ ਭੂਮਿਕਾ ਹੈ।

छटवी सब वस्तु अकार दहै॥ २८॥

छटवी सब वसतू अकार दहै॥ २८॥

ਦ੍ਰਿਸ਼ਟਮਾਨ ਸਬ=ਸਾਰੇ ਵਸਤੂ=ਪਦਾਰਥਾਂ ਦੇ ਅਕਾਰ=ਰੂਪ (ਮਾਇਆ ਦੀ ਅੰਸ) ਛਟਵੀ=ਛੇਂਵੀ ਭੂਮਿਕਾ ''ਪਦਾਰਥਾਭਾਵਨੀ'' (ਪਦਾਰਥਾਂ ਦਾ ਅਭਾਵ ਕਹੀਏ ਗੈਰ ਮੌਜੂਦਗੀ ਭਾਵ ਬਾਧ ਰੂਪ ਨਿਵਿਰਤੀ ਪੰਨਾ ੧੯ ਤੇ ਪੜ੍ਹੋ) ਵਿੱਚ ਦਹੈ=ਨਾਸ ਹੋ ਜਾਂਦੇ ਹਨ।

सतमी तुरिया जु करिष्ठित है।

सपतमी तुरीआ जु वरिशठित है।

ਜੁ=ਜਿਹੜੀ ਸਭ ਤੋਂ ਵਰਿਸ਼ਠਿਤ=ਸ੍ਰੇਸ਼ਠ ਗਿਆਨ ਦੀ ਸਪਤਮੀ=ਸਤਵੀਂ ਭੂਮਿਕਾ ''ਤੁਰੀਆ'' ਹੈ:-

ਸ਼ਬਕ੍ਰਿਤਿ ਵਿਲੀਨ ਚਿਦਾਤ੍ਮ ਰਹੈ॥

ਸਬ ਵ੍ਰਿਤੀ ਵਿਲੀਨ ਚਿਦਾਤਮ ਰਹੈ॥

ਇਸ ਵਿੱਚ ਅੰਤਹਕਰਣ ਦਾ ਪ੍ਰਣਾਮ (ਨਤੀਜਾ) ਜੋ ਸਬ=ਸਾਰੀਆਂ ਅਗਿਆਨ ਰੂਪ ਵ੍ਰਿਤੀ=ਬਿਰਤੀਆਂ* ਸੋ ਗਿਆਨ ਵਿੱਚ ਲੀਨ ਕਹੀਏ ਸਮਾ ਜਾਂਦੀਆਂ ਹਨ ਅਤੇ ਕੇਵਲ ਚਿਦਾਤਮ (ਚਿਦ+ਆਤਮ) ਚੇਤਨ ਬ੍ਰਹਮ ਤੋਂ ਅਭਿੰਨ ਆਤਮਾ ਹੀ ਅਵਸ਼ੇਸ਼ ਕਹੀਏ ਬਾਕੀ ਰਹੈ=ਰਹਿ ਜਾਂਦੀ ਹੈ।

*ਮਨ ਦੀਆਂ ਪੰਜ ਬਿਰਤੀਆਂ :- ਅੰਤਹਕਰਣ ਦਾ ਪ੍ਰਣਾਮ (ਨਤੀਜਾ) ਬਿਰਤੀ ਕਹੀਏ ਹੈ। ਵ੍ਰਿਤੀ ਦਾ ਅਰਥ ਹੈ ਵਰਤਣਾ ਭਾਵ ਵਿਵਹਾਰ ਕਰਨਾ।

(੧) ਪ੍ਰਮਾਣ :- ਦਿਸਣ ਵਾਲੀਆਂ ਵਸਤੂਆਂ ਵਿੱਚ ਮਨ ਦਾ ਪਰਚੇ ਰਹਿਣਾ।

ਨਿਵਿਰਤੀ = ਦ੍ਰਿਸਟਉ ਕਛੁ ਸੰਗਿ ਨ ਜਾਇ ਮਾਨੁ ਤਿਆਗ ਮੋਹਾ॥

(ਅੰਗ ੧੨੩੦)

(੨) ਵਿਪਰਜੈ :- ਵੇਦ ਸ਼ਾਸਤ੍ਰ ਅਤੇ ਗੁਰੂ ਦੀ ਆਗਿਆ ਤੋਂ ਉਲਟ ਬ੍ਰਹਮ ਨੂੰ ਸਤ ਨਾ ਮੰਨਣਾ ਭਾਵ ਅਸੱਤ ਮੰਨਣਾ ਅਤੇ ਜਗਤ ਨੂੰ ਸਤਿ ਜਾਨਣਾ।

ਨਿਵਿਰਤੀ = ਇਹੁ ਜਗ ਧੂਏ ਕਾ ਪਹਾਰ॥
ਤੈ ਸਾਚਾ ਮਾਨਿਆ ਕਿਹ ਬਿਚਾਰਿ॥

(ਅੰਗ ੧੧੮੬)

(੩) ਨਿੰਦ੍ਰਾ :- ਜਾਗ੍ਰਤ ਸੁਪਨ ਦਾ ਅਭਾਵ, ਮਨ ਤੇ ਬੁਧੀ ਦਾ ਅਵਿੱਦਿਆ ਵਿਚ ਲੀਨ ਹੋਣਾ ਵਾ: ਪ੍ਰਤੱਖ ਨੀਦ ਵਾਲੀ ਸੁਖੋਪਤਿ ਅਵਸਥਾ।

ਨਿਵਿਰਤੀ = ਰਾਮ ਪਿਆਰੇ ਸਦਾ ਜਾਗਹਿ ਨਾਮ ਸਿਮਰਹਿ ਅਨਦਿਨੋ॥

(ਅੰਗ ੪੫੬)

(੪) ਵਿਕਲਪ :- ਬ੍ਰਿਤੀ ਦਾ ਇਕਾਗਰ ਨਾ ਹੋਣਾ ਕਿੰਤੂ ਫਲ ਦੀ ਇੱਛਾ ਬਹੁਤੀ ਕਰਨੀ।

ਨਿਵਿਰਤੀ = ਸੇਵਾ ਕਰਤ ਹੋਇ ਨਿਹਕਾਮੀ॥

(ਅੰਗ ੨੮੬)

ਇਹੁ ਜਗ ਧੂਏ ਕਾ ਪਹਾਰ॥ ਤੈ ਸਾਚਾ ਮਾਨਿਆ ਕਿਹ ਬਿਚਾਰਿ॥

(ਅੰਗ ੧੧੮੬)

(੫) ਸਿੰਮ੍ਰਿਤੀ :- ਭਜਨ ਵੇਲੇ ਪਿਛਲੇ ਕੀਤੇ ਕੰਮਾਂ ਨੂੰ ਯਾਦ ਕਰਨਾ।

ਨਿਵਿਰਤੀ = ਮਨ ਕੀ ਮਤਿ ਤਿਆਗਹੁ ਹਰਿ ਜਨ ਏਹਾ ਬਾਤ ਕਠੈਨੀ॥

(ਅੰਗ ੮੦੦)

ਏਕ ਗਾਢ ਸੁਖੁਪ੍ਤਿ ਨ ਜਾਗਤ ਹੈ।
ਇਵ ਗਾਢ ਸੁਸ਼ੁਪਤੀ ਨ ਜਾਗਤ ਹੈ।

ਇਵ = ਇਸ ਤਰ੍ਹਾਂ ਤੁਰੀਆ ਅਵਸਥਾ ਵਿੱਚ ਜਾਗਤ=ਜਾਗ੍ਰਤ, ਸੁਪਨ ਅਤੇ ਗਾਢ=ਗੂੜ੍ਹੀ ਨੀਂਦ ਵਾਲੀ ਸੁਸ਼ੁਪਤੀ=ਸੁਖੋਪਤਿ ਇਨ੍ਹਾਂ ਤਿੰਨਾਂ ਅਵਸਥਾ ਦੀ ਪ੍ਰਤੀਤੀ ਨ=ਨਹੀਂ ਹੁੰਦੀ ਵਾ:

ਸੁਸ਼ੁਪਤੀ = ਸੁਖੋਪਤਿ ਗਾਢ=ਗੂੜ੍ਹੀ ਨੀਂਦ ਵਾਲੀ ਅਵਸਥਾ ਦੇ ਇਵ=ਵਤ, ਸੁਦਰਸ਼ ਤੁਰੀਆ ਅਵਸਥਾ ਵਿੱਚ ਜਾਗਤ=ਜਾਗ੍ਰਤ ਦੀ ਪ੍ਰਤੀਤੀ ਨ=ਨਹੀਂ ਹੁੰਦੀ ਭਾਵ ਜਿਵੇਂ ਸੁਖੋਪਤ ਵਿੱਚ ਸਭ ਵਸਤੂ ਅਤੇ ਸੰਸਕਾਰਾਂ ਦਾ ਅਗਿਆਨ ਵਿੱਚ ਲੀਨ ਹੋਣ ਕਰਕੇ ਅਭਾਵ ਹੁੰਦਾ ਹੈ। ਤਿਵੇਂ ਹੀ ਤੁਰੀਆ ਅਵਸਥਾ ਵਿੱਚ ਸੰਸਾਰ ਦੀ ਜਾਗ੍ਰਤ ਅਵਸਥਾ ਵਿੱਚ ਹੁੰਦਿਆ ਵੀ ਆਤਮ ਗਿਆਨੀ ਦੀ ਰੰਚਕ ਵੀ ਆਸਕਤੀ (ਪਕੜ) ਨਾ ਹੋਣ ਕਰਕੇ ਜਾਗ੍ਰਤ ਦਾ ਅਭਾਵ ਹੈ।

ਧਰਮਾਨੰਦ ਸ਼ਤ ਧੀਤਾਂਬਰ ਹੈ॥ ੨੧॥

ਪਰਮਾਨੰਦ ਸੱਤ ਪੀਤਾਂਬਰ ਹੈ॥ ੨੬॥

ਪੀਤਾਂਬਰ ਜੀ ਕਥਨ ਕਰਦੇ ਹਨ ਕਿ ਪਰਮਾਨੰਦ (ਪਰਮ + ਆਨੰਦ) ਪਰਮ=ਸ੍ਰੇਸ਼ਟ ਅਨੰਦ=ਖੁਸ਼ੀ ਵਾ ਪ੍ਰਸੰਨਤਾ ਦੀ ਅਵਸਥਾ ਹੀ ਸੱਤ=ਨਾਸ਼ ਤੋਂ ਰਹਿਤ ਅਬਿਨਾਸੀ ਸੁਖ ਦਾ ਹੇਤ ਹੈ॥

ਆਨੰਦ ਅਨਦਿਨੁ ਵਜਹਿ ਵਾਜੇ ਦਿਨਸੁ ਰੈਣਿ ਉਮਾਹਾ॥
ਤਹ ਰੋਗ ਸੋਗ ਨ ਦੂਖ ਬਿਆਪੈ ਜਨਮ ਮਰਣ ਨ ਤਾਹਾ॥

(ਬਿਲਾਵਲ ਮ:੫, ਅੰਗ ੮੪੬)

ਹੁਣ ਇਸ ਮੂਲ ਪਾਠ ਦੀ ਵਿਚਾਰ ਨੂੰ ਪ੍ਰਸ਼ਨ-ਉੱਤਰਾਂ ਦੇ ਰਾਹੀਂ ਸਮਝਾਉਂਦੇ ਹਨ :-

ਪ੍ਰਸ਼ਨ ੨੨੨. ਸਰਵ ਗਿਆਨੀਆਂ ਦਾ ਨਿਸ਼ਚਾ ਤਾਂ ਇੱਕ ਹੀ ਹੈ ਪਰੰਤੂ ਸਥਿਤੀ ਦਾ ਭੇਦ ਕਿਉਂ ਹੈ ?

ਉੱਤਰ : ਸਰਵ ਕਹੀਏ ਸਭ ਗਿਆਨੀਆਂ ਦੀ ਸਥਿਤੀ(੧) ਦਾ ਭੇਦ ਗਿਆਨ ਦੀ ਭੂਮਿਕਾ(੨) ਦੇ ਭੇਦ ਕਰਕੇ ਹੈ।

(੧) ਅੰਤਹਕਰਣ ਦੀ ਬਿਰਤੀ ਦੀ ਵੱਖਰੀ-ਵੱਖਰੀ ਇਸਥਤੀ (ਟਿਕਾਅ) ਸੋ ਕਹੀਏ ਅਵਸਥਾ ਵਾ ਸਥਿਤੀ।

(੨) ਪੌੜੀਆਂ ਵਾ ਮੰਜ਼ਲਾ ਰੂਪ ਅਵਸਥਾ

ਪ੍ਰਸ਼ਨ ੨੨੩. ਸੋ ਗਿਆਨ ਭੂਮਿਕਾ ਕਿੰਨੀਆਂ ਹਨ ?

ਉੱਤਰ : (੧) ਸੁਭ-ਇੱਛਾ(੩) (੨) ਸੁਵਿਚਾਰਨਾ(੪) (੩) ਤਨੁਮਾਨਸਾ(੫) (੪) ਸਤ੍ਵਾਪਤਿ(੬) (੫) ਅਸੰਸਕਤਿ(੭) (੬) ਪਦਾਰਥਾਭਾਵਨੀ(੮) (੭) ਤੁਰੀਆ(੯) ਇਹ ਸੱਤ ਗਿਆਨ ਭੂਮਿਕਾ ਹਨ॥

ਸੁਭ ਇਛਾ ਸੁਵਿਚਾਰਨਾ ਤਨੂ ਮਾਨਸਾ ਸੁ ਹੋਇ॥
ਸਤ੍ਵਾਪਤਿ ਅਸੰਸਕਤ ਪਦਾਰਥਾਭਾਵਨੀ ਸੋਇ॥ ੬॥
ਤੁਰੀਆ ਸਪਤਮ ਭੂਮਿਕਾ ਹੇ ਸਿਖ ਇਹ ਨਿਰਧਾਰ॥
ਜੋ ਕਛੁ ਅਬ ਸੰਸਜ ਕਰੋਂ ਬਰਨੋਂ ਸੋ ਪਰਕਾਰ॥ ੭॥ **(ਵਿਚਾਰ ਮਾਲਾ)**

(੩) ਸੁਭ ਕਹੀਏ ਚੰਗੀ ਇੱਛਾ ਕਹੀਏ ਆਸਾ॥

ਆਸਾ ਸਭੇ ਲਾਹਿਕੈ ਇਕਾ ਆਸ ਕਮਾਉ॥ (ਸਿਰੀਰਾਗ : ੫, ਅੰਗ ੪੪)

(੪) ਸੁ ਕਹੀਏ ਸ੍ਰੇਸ਼ਟ ਵਿਚਾਰ=ਸੱਤ-ਅਸੱਤ ਦਾ ਨਿਰਣਾ ਰੂਪ ਖਿਆਲ॥

ਰਾਮ ਪੜਹੁ ਮਨਿ ਕਰਹੁ ਬੀਚਾਰੁ॥ ਗੁਰ ਪਰਸਾਦੀ ਮੈਲੁ ਉਤਾਰ॥ ੧॥

(ਗਉੜੀ ਮ:੩, ਅੰਗ ੨੩੦)

(੫) ਮਾਨਸਾ ਕਹੀਏ ਮਨ ਦੀ ਬਿਰਤੀ ਦਾ ਤਨੂ=ਸੂਖਮ ਹੋਣਾ।

ਮੂੰਦਿ ਲੀਏ ਦਰਵਾਜੇ॥ ਬਾਜੀਅਲੇ ਅਨਹਦੇ ਬਾਜੇ॥ ੧॥
ਕੁੰਭ ਕਮਲ ਜਲਿ ਭਰਿਆ॥ ਜਲ ਮੇਟਿਆ ਊਭਾ ਕਰਿਆ॥

(ਸੋਰਠਿ ਭਗਤ ਕਬੀਰ ਜੀ, ਅੰਗ ੬੫੬)

(੬) ਸਤ ਵਸਤੂ ਜੋ ਬ੍ਰਹਮ ਤਿਸ ਦੀ ਪ੍ਰਾਪਤੀ ਸੋ ਕਹੀਏ ਸਤ੍ਵਾਪਤਿ।

ਕਬੀਰ ਮਨ ਸੀਤਲੁ ਭਇਆ ਪਾਇਆ ਬ੍ਰਹਮ ਗਿਆਨ॥

(ਸਲੋਕ ਕਬੀਰ ਜੀ, ਅੰਗ ੧੩੭੩)

(੭) ਅਸੰਸਕਤਿ (ਅ+ਸੰ+ਸਕਤਿ) ਸੰ=ਭਲੀ ਪ੍ਰਕਾਰ ਮਾਇਕੀ ਪਦਾਰਥਾਂ ਦੀ ਸਕਤਿ=ਅਸਕਤੀ (ਪਕੜ ਵਾ ਮੋਹ) ਦਾ ਅ=ਅਭਾਵ ਹੋ ਜਾਣਾ। ਵਾ: ਅ=ਆਪਣੇ ਸਰੀਰ ਸੰ=ਨਾਲ ਜੋ ਸਕਤਿ=ਆਸਕਤੀ (ਪਕੜ, ਮੋਹ) ਰੂਪ ਦੇਹ ਅਧਿਆਸ ਦਾ ਤਿਆਗ ਹੋ ਜਾਣਾ।

ਨਿਰਮਲ ਅੰਮ੍ਰਿਤ ਗੁਰ ਤੇ ਪਾਇਆ॥ ਵਿਚਹੁ ਆਪ ਮੁਆ ਤਿਥੈ ਮੋਹੁ ਨ ਮਾਇਆ॥

(ਮਾਝ ਮ:੩, ਅੰਗ ੧੨੧)

(੮) ਪਦਾਰਥਾਭਾਵਨੀ (ਪਦਾਰਥ+ਅਭਾਵਨੀ) ਧਰਮ, ਅਰਥ, ਕਾਮਨਾ, ਮੋਖ ਚਾਰ ਪਦਾਰਥਾਂ ਦੀ ਇੱਛਾ ਦਾ ਮਨ ਦੀ ਬਿਰਤੀ ਵਿਚੋਂ ਅਭਾਵ=ਨਿਵਿਰਤ ਹੋਣਾ।

ਰਾਜ ਨਾ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ॥

(ਦੇਵਗੰਧਾਰੀ ਮ: ੫, ਅੰਗ ੫੩੪)

ਬ੍ਰਹਮ ਇੰਦ੍ਰ ਆਦਿ ਲੌ ਹੋਤ ਦੇਹ ਧਰ ਭੋਗ॥
ਕਾਕ ਬਿਸਟ ਸਮ ਜੇ ਗਨੇ ਬੀਤ ਰਾਗ ਤੇ ਲੋਗ॥੧੪॥ (ਅਧਿਆਤਮ ਪ੍ਰਕਾਸ਼)

(੯) ਸੰਸਕ੍ਰਿਤ ਵਿੱਚ ਚਤੁਰ ਪਦ ਤੋਂ ਤਰ੍ਯਾ ਪਦ ਬਣਦਾ ਹੈ।

ਚਉਥਾ ਅਰਥਾਤ ਜਾਗ੍ਰਤ, ਸੁਪਨ, ਸੁਖੋਪਤ ਰੂਪ ਮਾਇਆ ਦੇ ਤਿੰਨ ਥਾਵਾਂ ਤੋਂ ਪਰੇ ਵਾ: ਰਜੋ, ਸਤੋ, ਤਮੋ ਤਿੰਨ ਗੁਣਾ ਤੋਂ ਅਤੀਤ, ਬ੍ਰਹਮ ਸ੍ਵਰੂਪ ਚਉਥਾ ਸਥਾਨ ਸੋ ਚਉਥਾ ਪਦ ਵਾ ਤੁਰੀਆ ਪਦ ਕਹੀਏ ਹੈ॥

ਰਜ ਗੁਣ ਤਮ ਸੁਣ ਸਤ ਗੁਣ ਕਹੀਐ ਇਹ ਤੇਰੀ ਸਭ ਮਾਇਆ॥
ਚਉਥੇ ਪਦ ਕਉ ਜੋ ਨਰ ਚੀਨ੍ਹੈ ਤਿਨ੍ ਹੀ ਪਰਮ ਪਦੁ ਪਾਇਆ॥ ੨॥

(ਕੇਦਾਰਾ ਭਗਤ ਕਬੀਰ ਜੀ, ਅੰਗ ੧੧੨੩)

ਤੀਨ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ॥ (ਗਉੜੀ ਥਿਤੀ ਮ: ੫, ਅੰਗ ੨੯੭)

ਪ੍ਰਸ਼ਨ ੨੨੪. "ਸੁਭ ਇਛਾ" ਸੋ ਕੀ ਹੈ?

ਉੱਤਰ : (੧) ਪੂਰਬਲੇ ਜਨਮਾਂ ਵਿੱਚ ਅਥਵਾ ਇਸ ਜਨਮ ਵਿੱਚ ਕੀਤੇ ਨਿਸ਼ਕਾਮ(੧੦) ਕਰਮ ਅਤੇ ਉਪਾਸਨਾ(੧੧) ਨਾਲ ਸ਼ੁੱਧ ਤੇ ਇਕਾਗਰ ਚਿੱਤ ਵਾਲੇ ਪੁਰਸ਼ ਨੂੰ ਵਿਵੇਕ(੧੨) ਵੈਰਾਗ(੧੩) ਖਟ(੧੪) ਸੰਪਤੀ ਅਤੇ ਮੋਕਸ਼(੧੫) ਇੱਛਾ। ਇਹ ਚਾਰ ਸਾਧਨ ਪ੍ਰਾਪਤ ਹੋ ਕੇ ਜੋ ਆਤਮਾ ਦੇ ਜਾਨਣ ਦੀ ਤੀਬਰ(੧੬) ਇੱਛਾ ਹੁੰਦੀ ਹੈ। ਸੋ ਸ਼ੁਭ ਇੱਛਾ ਨਾਮਕ ਗਿਆਨ ਦੀ ਪਹਿਲੀ ਭੂਮਿਕਾ ਹੈ॥

ਬਿਖਿਆ ਬਿਖੈ ਭਈ ਦ੍ਵੈਖਤਾ ਗੁਰ ਤੀਰਥ ਅਨੁਰਾਗ॥
ਤਾਂ ਤੇ ਸੁਭ ਇਛਾ ਕਹੀ ਕਥਾ ਸ੍ਰਵਨ ਮਨ ਲਾਗ॥ ੯॥
ਭਗਵਤ ਰਤਿ ਗਤਿ ਆਨ ਮਤਿ ਪ੍ਰੇਮ ਜੁਗਤਿ ਨਿਤ ਚਿਤ॥
ਗੁਣ ਗਾਵਤ ਪੁਲਕਤ ਹ੍ਰਿਦਯ ਦਿਨ ਦਿਨ ਸਰਸ ਸੁ ਹਿਤ॥ ੧੦॥

(ਵਿਚਾਰ ਮਾਲਾ, ਤੀਜਾ ਬ੍ਰਿਸਾਮ)

(੧੦) ਕਾਮ ਕਹੀਏ ਕਾਮਨਾ, ਇੱਛਾ ਤੋਂ ਨਿਸ਼=ਰਹਿਤ ਜੋ ਕਰਮ=ਕਿਰਿਆ ਮਨ, ਬਾਣੀ, ਸਰੀਰ ਦੁਆਰਾ ਕੀਤੀ ਜਾਵੇ ਸੋ ਕਹੀਏ ਨਿਸ਼ਕਾਮ ਕਰਮ॥

(੧੧) ਉਪ ਕਹੀਏ ਸਮੀਪ, ਨੇੜੇ ਆਸਨਾ=ਨਿਵਾਸ ਕਰਨ ਰੂਪ ਬੈਠਣਾ ਸੋ ਕਹੀਏ ਉਪਾਸਨਾ। ਪ੍ਰੇਮਾ ਭਗਤੀ ਦੁਆਰਾ ਅੰਤਹਕਰਣ ਦੀ ਬਿਰਤੀ ਵਾ ਸੁਰਤੀ ਦਾ ਸ਼ਬਦ ਅਭਿਆਸ ਨਾਲ ਸ੍ਵੈ-ਸਰੂਪ ਵਿੱਚ ਇਸਥਿਤ ਹੋਣਾ ਹੀ ਉਪਾਸਨਾ ਹੈ॥

(੧੨) ਪੰਨਾ ੧੯੮ ਤੇ ਟੂਕ (੪੭) ਪੜ੍ਹੋ।

(੧੩) ਵੈਰਾਗ (ਵੈ+ਰਾਗ) ਰਾਗ ਕਹੀਏ ਮੋਹ (ਅਸਕਤੀ, ਪਕੜ, ਖਿੱਚ) ਦਾ ਵੈ ਕਹੀਏ ਤਿਆਗ ਸੋ ਵੈਰਾਗ।

ਬ੍ਰਹਮ ਲੋਕ ਲੌਂ ਭੋਗ ਜੋ ਚਹੈ ਸਬਨ ਕੋ ਤਜਾਗ।
ਵੇਦ ਅਰਥ ਗਜਾਤਾ ਮੁਨਿ ਕਹਤ ਤਾਹਿ ਵੈਰਾਗ॥ ੧੪॥

(ਵਿਚਾਰ ਸਾਗਰ)

ਬ੍ਰਹਮਾ ਇੰਦ੍ਰ ਆਦਿ ਲੌ ਹੋਤ ਜੋ ਦੇਹ ਧਰ ਭੋਗ॥
ਕਾਕ ਬਿਸ੍ਟ ਸਮ ਜੇ ਗਿਨੈ ਬੀਤਰਾਗ ਤੇ ਲੋਗ॥ ੧੪॥

(ਅਧਜਾਤਮ ਪ੍ਰਕਾਸ਼)

ਨਾ ਮੈ ਜੋਗ ਧਿਆਨ ਚਿਤੁ ਲਾਇਆ॥ ਬਿਨ ਬੈਰਾਗ ਨ ਛੂਟਸਿ ਮਾਇਆ॥ ੧॥

(ਗਉੜ ਭਗਤ ਕਬੀਰ ਜੀ, ਅੰਗ ੩੩੦)

(ਨੌਂ ਪ੍ਰਕਾਰ ਦਾ ਵੈਰਾਗ ਗੁਰਬਾਣੀ ਅਰਥ ਭੰਡਾਰ ਪੋਥੀ ਪਹਿਲੀ ''ਜਤ ਪਾਹਾਰਾ ਧੀਰਜ ਸੁਨਿਆਰ॥ ''ਵਾਲੀ ਪਉੜੀ ਤੋਂ ਵਿਸਥਾਰ ਨਾਲ ਪੜ੍ਹੋ।)

(੧੪) ਸਮ, ਦਮ, ਸ਼ਰਧਾ, ਸਮਾਧਾਨ, ਉਪਰਾਮ ਅਤੇ ਤਿਤਿਕਸ਼ਾ ਇਹ ਛੇ ਸਾਧਨਾਂ ਨੂੰ ਖੱਟ ਸੰਪਤੀ ਆਖਦੇ ਹਨ।

ਬਾਸਨ ਤਿਆਗ ਸਦਾ ਸਮ ਹੈ ਦਮ ਬਾਹਰ ਬ੍ਰਿਤਿ ਕੋ ਨਿਗ੍ਰਹ ਠਾਨੋ॥
ਦੇਖਨ ਦੋਖ ਵਿਖੈ ਉਪਰਾਮ ਤਿਤਿਛਾ ਯਹੈਂ ਸੁਖ ਜੋ ਦੁਖ ਮਾਨੋ॥

ਸਾਸਨ ਬੇਦ ਅਚਾਰਯ ਕੀ ਯੋ ਪ੍ਰਮਾਨ ਹਿਯੇ ਸ਼ਰਧਾ ਸੋ ਬਖਾਨੋ॥
ਏਕ ਹ੍ਵੈ ਚਿੱਤ ਸਮਾਧਿ ਵਸੈ ਇਹ ਭਾਂਤ ਸਮਾਧਾਨ ਸਾਧਨ ਜਾਨੋ॥ ੧੬॥

(ਅਧਜਾਤਮ ਪ੍ਰਕਾਸ਼)

(੧੫) **ਬ੍ਰਹਮ ਪ੍ਰਾਪਤਿ ਅਰੁ ਬੰਧ ਕੀ ਹਾਨਿ ਮੋਛ ਕੋ ਰੂਪ।**
ਤਾਂਕੀ ਚਾਹਿ ਮੁਮੁਛਤਾ ਭਾਖਤ ਮੁਨਿਵਰ ਭੂਪ॥ ੨੧॥

(ਵਿਚਾਰ ਸਾਗਰ)

ਮੁਕਤੀ ਕਹੀਏ ਪਰਮਾਨੰਦ ਦੀ ਪ੍ਰਾਪਤੀ ਤੇ ਅਗਿਆਨ ਸਹਿਤ ਪ੍ਰਪੰਚ ਦੀ ਨਿਵਿਰਤੀ ਤਿਸਦੀ ਤੀਬਰ ਇੱਛਾ ਦਾ ਨਾਮ ਮੋਕਸ਼ ਇੱਛਾ ਵਾ ਮੁਮੁਛਤਾ ਕਹੀਏ ਹੈ॥

(੧੬) ਤੀਬਰ ਕਹੀਏ ਬਹੁਤ ਜ਼ਿਆਦਾ ਤੀਕਛਣ ਇੱਛਾ=ਆਸਾ।

ਮਨਿ ਬੈਰਾਗ ਭਇਆ ਦਰਸਨੁ ਦੇਖਣੈ ਕਾ ਚਾਉ॥ ਧੰਨ ਸੁ ਤੇਰਾ ਥਾਨ॥ ੧॥ ਰਹਾਉ॥

(ਸਿਰੀਗਾਗੁ ਮ:੫, ਅੰਗ ੫੧)

ਪ੍ਰਸ਼ਨ ੨੨੫. "ਸੁਵਿਚਾਰਨਾ" ਸੋ ਕੀ ਹੈ?

ਉੱਤਰ : ਆਤਮਾ ਨੂੰ ਜਾਨਣ ਦੀ ਤੀਬਰ[੧੭] ਇੱਛਾ ਨਾਲ ਬ੍ਰਹਮਨਿਸ਼ਠ[੧੮] ਗੁਰੂ ਦੇ ਵਿਧੀਪੂਰਵਕ[੧੯] ਸ਼ਰਣ ਜਾ ਕੇ ਗੁਰੂ ਮੁੱਖ ਤੋਂ ਜੀਵ ਬ੍ਰਹਮ ਦੀ ਏਕਤਾ ਦੇ ਬੋਧਕ ਵੇਦਾਂਤ ਮਹਾਵਾਕਯ[੨੦] ਨੂੰ ਸਰਵਣ[੨੧] ਕਰਕੇ, ਤਿਸ ਸਰਵਣ ਕੀਤੇ ਅਰਥਾਂ ਨੂੰ ਆਪਣੇ ਮਨ ਵਿੱਚ ਘਟਾਉਣ ਕਹੀਏ ਸਾਕਸ਼ਾਤ (ਪ੍ਰਤੱਖ) ਕਰਨ ਵਾਸਤੇ ਅਨੇਕਾਂ ਜੁਗਤੀਆਂ ਨਾਲ ਮੰਨਨ[੨੨] (ਵਿਚਾਰ) ਕਰਨਾ। ਸੋ ਸੁਵਿਚਾਰਨਾ ਨਾਮਕ ਗਿਆਨ ਦੀ ਦੂਸਰੀ ਭੂਮਿਕਾ ਹੈ॥

ਦੂਜੀ ਕਹੀ ਬਿਚਾਰਨਾ ਉਪਜਜੋ ਤਤ੍ਵ ਬਿਚਾਰ॥
ਏਕੰਤ ਹ੍ਵੈ ਸੋਧਨ ਲਾਗਜੋ ਕੋ ਹੰ ਕੋ ਸੰਸਾਰ॥ ੧੧॥

(ਵਿਚਾਰ ਮਾਲਾ)

ਬ੍ਰਹਮ ਮਹੂਰਤ ਉਠੇ ਨਰ ਚਿਤਵੇ ਏਤੀ ਬਾਤ॥
ਕੋ ਪ੍ਰਭੁ ਕੋ ਮੈ ਕੋਇ ਹਿਤੁ ਕੌਣ ਸਕਤ ਕੋ ਜਾਤਿ॥ ੧॥

(ਚਾਣਕਜ ਨੀਤੀ)

(੧੭) ਪੰਨਾ ੨੧੮ ਤੇ ਟੂਕ (੧੬) ਪੜ੍ਹੋ।

(੧੮) ਪੰਨਾ ੪੩ ਤੇ ਪੜ੍ਹੋ।

(੧੯) ਪੰਨਾ ੭੫ ਤੇ ਟੂਕ (੮੮) ਪੜ੍ਹੋ।

(੨੦) ਪੰਨਾ ੨੮ ਤੇ ਟੂਕ (੨੪) ਪੜ੍ਹੋ।

(੨੧) ਪੰਨਾ ੨੯ ਤੇ ਟੂਕ (੨੬) ਪੜ੍ਹੋ।

(੨੨) ਪੰਨਾ ੨੯ ਤੇ ਟੂਕ (੨੬) ਪੜ੍ਹੋ।

ਪ੍ਰਸ਼ਨ ੨੨੬. "ਤਨੁਮਾਨਸਾ" ਸੋ ਕੀ ਹੈ?

ਉੱਤਰ : (੩) ਸ੍ਵਰੂਪ ਦੇ ਸਾਕਸ਼ਾਤਕਾਰ ਕਹੀਏ ਅਪਰੋਕਸ਼[੨੩] ਅਨੁਭਵ ਵਾਸਤੇ ਸਰਵਣ[੨੪], ਮੰਨਣ[੨੫]

ਦੁਆਰਾ ਨਿਰਣਾ ਕਰਕੇ ਬ੍ਰਹਮ ਆਤਮਾ ਦੀ ਏਕਤਾ ਵਾਸਤੇ ਨਿਰੰਤਰ ਚਿੰਤਨ ਰੂਪ ਨਿਧਿਆਸਣ[੨੬] ਨਾਲ ਜੋ ਸਥੂਲ ਮਨ ਕਹੀਏ ਬਾਹਰਮੁਖ ਬਿਰਤੀ ਦੀ ਸੂਖਮਤਾ ਕਹੀਏ ਅੰਤਰਮੁਖਤਾ ਹੋਣੀ ਸੋ ਤਨੁਮਾਨਸਾ ਨਾਮਕ ਗਿਆਨ ਦੀ ਤੀਸਰੀ ਭੂਮਿਕਾ ਹੈ॥

ਤਨੂ ਮਾਨਸਾ ਸੁ ਤੀਸਰੀ ਮਨ ਕੋ ਪ੍ਰਤਜਹਾਰ॥
ਥਿਰ ਹ੍ਵੈ ਸੁਧ ਸਰੂਪ ਕੀ ਰਾਖੈ ਨਿਤ ਸੰਭਾਰੁ॥ ੧੨॥

(ਵਿਚਾਰ ਮਾਲਾ)

(੨੩) ਪਰਤੱਖ

(੨੪), (੨੫), (੨੬) ਪੰਨਾ ੨੯ ਤੇ ਟੂਕ (੨੬) ਪੜ੍ਹੋ।

ਪ੍ਰਸ਼ਨ ੨੨੭. "ਸਤ੍ਵਾਪਤਿ" ਸੋ ਕੀ ਹੈ?

ਉੱਤਰ : (੪) ਸਰਵਣ ਮੰਨਣ ਤੇ ਨਿਧਿਆਸਣ ਨਾਲ ਸੰਸ਼ੇ[੨੭] ਅਤੇ ਵਿਪਰਯ[੨੮] ਤੋਂ ਰਹਿਤ ਸ੍ਵਰੂਪ ਸਾਕਸ਼ਾਤਕਾਰ[੨੯] ਰੂਪ ਨਿਰਵਿਕਲਪ[੩੦] ਸਥਿਤੀ ਦੇ ਹੋਣ ਨਾਲ ਤਤ੍ਵ ਗਿਆਨ ਯੁਕਤ ਮਨ ਰੂਪ ਸਤ੍ਵ ਕਹੀਏ ਸ਼ੁਧ ਅੰਤਹਕਰਣ ਦੀ ਜੋ ਪ੍ਰਾਪਤੀ ਹੋਣੀ ਹੈ ਸੋ ਸਤ੍ਵਾਪਤਿ ਨਾਮਕ ਗਿਆਨ ਦੀ ਚਉਥੀ ਭੂਮਿਕਾ ਹੈ॥

ਚਤੁਰਥੀ ਸਤ੍ਵਾਪਤਿ ਯਹਿ ਅਨੁਭਵ ਉਦੈ ਅਭੰਗ॥
ਆਤਮ ਜਗ ਦਰਸਯੋ ਭਲੇ ਜਯੋਂ ਮਧ ਸਿੰਧੁ ਤਰੰਗ॥ ੧੩॥

(ਵਿਚਾਰ ਮਾਲਾ)

(੨੭) ਪੰਨਾ ੨੯ ਤੇ ਟੂਕ (੨੫) ਪੜ੍ਹੋ।

(੨੮) ਪੰਨਾ ੨੯ ਤੇ ਟੂਕ (੨੬) ਪੜ੍ਹੋ।

(੨੯) ਅਪਰੋਕਸ਼ (ਪਰਤੱਖ) ਅਨੁਭਵ

(੩੦) ਤ੍ਰਿਪੁਟੀ ਜਿਵੇਂ ਦ੍ਰਿਸ਼, ਦ੍ਰਸ਼ਟਾ, ਦਰਸ਼ਨ ਆਦਿਕ ਦੀ ਪ੍ਰਤੀਤੀ ਤੋਂ ਰਹਿਤ ਜੋ ਅਫੁਰ ਅਵਸਥਾ ਸੋ ਨਿਰਵਿਕਲਪ ਸਥਿਤੀ ਹੈ।

ਪ੍ਰਸ਼ਨ ੨੨੮. "ਅਸੰਸਕਤਿ" ਸੋ ਕੀ ਹੈ?

ਉੱਤਰ : (੪) ਨਿਰਵਿਕਲਪ-ਸਮਾਧੀ[੩੧] ਦੇ ਅਭਿਆਸ ਦੀ ਪਰਪੱਕਤਾ ਨਾਲ ਦੇਹ ਵਿੱਚ ਹੰਗਤਾ ਮਮਤਾ ਦੇ ਗਲਿਤ[੩੨] ਹੋਣ ਕਰਕੇ ਦੇਹਆਦਿ ਵਿੱਚ ਜੋ ਸਭ ਤਰ੍ਹਾਂ ਦੀ ਆਸਕਤੀ ਕਹੀਏ ਪਕੜ ਵਾ ਮੋਹ ਦਾ ਅਭਾਵ[੩੩] ਹੋਣਾ ਸੋ ਅਸੰਸਕਤਿ ਨਾਮ ਗਿਆਨ ਦੀ ਪੰਜਵੀਂ ਭੂਮਿਕਾ ਹੈ॥

ਛੂਟਯੋ ਤਨ ਅਭਿਮਾਨ ਜਬ ਨਿਸਚੈ ਕੀਯੋ ਸਰੂਪ॥
ਅਸੰਸਕਤਿ ਯਹਿ ਭੂਮਿਕਾ ਪੰਚਮ ਮਹਾਂ ਅਨੂਪ॥ ੧੪॥

(ਵਿਚਾਰ ਮਾਲਾ)

(੩੧) ਦ੍ਰਿਸ਼ਯ, ਦ੍ਰਸ਼ਟਾਂ, ਦਰਸ਼ਨ ਆਦਿਕ ਤ੍ਰਿਪੁਟੀਆਂ (ਤ੍ਰਿ=ਤਿੰਨ ਪੁਟ=ਅਕਾਰ) ਦੀ ਪ੍ਰਤੀਤੀ ਤੋਂ ਰਹਿਤ ਜੋ ਅਫੁਰ ਅਵਸਥਾ ਸੋ ਨਿਰਵਿਕਲਪ ਕਹੀਏ ਹੈ। ਨਿਧਿਆਸਣ ਦੀ ਪਰਪੱਕ ਅਵਸਥਾ ਦਾ ਨਾਮ ਸਮਾਧੀ ਹੈ ਵਾ ਧੀ ਕਹੀਏ ਬੁਧੀ ਦਾ ਗਿਆਨ ਸਰੂਪ ਵਿੱਚ ਸਮ=ਲੀਨ ਹੋਣਾ ਸੋ

ਕਹੀਏ ਸਮਾਧੀ॥

(੩੨) ਨਾਸ

(੩੩) ਗੈਰ-ਮੌਜੂਦਗੀ ਵਾ ਅਪ੍ਰਤੀਤੀ

ਪ੍ਰਸ਼ਨ ੨੨੯. "ਪਦਾਰਥਾਭਾਵਨੀ" ਸੋ ਕੀ ਹੈ?

ਉੱਤਰ : (੬) ਅਤਿਸ਼ਯ ਕਹੀਏ ਬਹੁਤ ਜ਼ਿਆਦਾ ਨਿਰਵਿਕਲਪ[੩੪] ਸਮਾਧੀ ਦੇ ਅਭਿਆਸ ਨਾਲ ਦੇਹਾਦਿਕ ਸਾਰੇ ਪਦਾਰਥਾਂ ਦਾ ਅਧਿਸ਼ਠਾਨ[੩੫] ਬ੍ਰਹਮ ਕਰਕੇ ਪ੍ਰਤੀਤ ਹੋਣ ਦੇ ਕਾਰਨ ਜੋ ਪਦਾਰਥਾਂ ਦੇ ਨਾਮ ਰੂਪ ਦਾ ਅਭਾਵ ਕਹੀਏ ਅਪ੍ਰਤੀਤੀ ਹੋਣੀ ਸੋ ਪਦਾਰਥਾਭਾਵਨੀ ਨਾਮਕ ਗਿਆਨ ਦੀ ਛੇਵੀਂ ਭੂਮਿਕਾ ਹੈ॥

ਕਹੇ ਪਦਾਰਥ ਬਿਧਿ ਲੌ ਸਭ ਕੋ ਹੋਇ ਅਭਾਵ॥
ਯਹ ਪਦਾਰਥਾਭਾਵਨੀ ਖਸਟੀ ਭੂਮਿ ਲਖਾਵ॥ ੧੫॥

(ਵਿਚਾਰ ਮਾਲਾ)

(੩੪) ਪੰਨਾ ੨੧੬ ਤੇ ਟੂਕ (੩੧) ਪੜ੍ਹੋ।

(੩੫) ਪੰਨਾ ੪੫ ਤੇ ਟੂਕ (੫) ਪੜ੍ਹੋ।

ਪ੍ਰਸ਼ਨ ੨੩੦. "ਤੁਰੀਯਾ" ਸੋ ਕੀ ਹੈ?

ਉੱਤਰ : (੭) ਗਿਆਤਾ-ਗਿਆਨ-ਗੇਯ[੩੬] ਰੂਪ ਤ੍ਰਿਪੁਟੀ[੩੭] ਦੀ ਚੌਥੀ,ਪੰਜਵੀਂ ਭੂਮਿਕਾ ਦੀ ਨਿਆਈ ਭਾਵ[੩੮] ਰੂਪ ਕਰਕੇ ਅਤੇ ਛੇਵੀਂ ਭੂਮਿਕਾ ਦੀ ਨਿਆਈ ਅਭਾਵ[੩੯] ਰੂਪ ਕਰਕੇ ਪ੍ਰਤੀਤੀ ਵੀ ਜਿੱਥੇ ਨਾ ਹੋਵੇ, ਐਸੀ ਜੋ ਸ੍ਵੈ-ਪਰ[੪੦] ਤੋਂ ਉਥਾਨ[੪੧] ਰਹਿਤ ਤੁਰੀਆ ਪਦ ਵਿੱਚ ਮਨ ਦੀ ਸਥਿਤੀ ਸੋ ਤੁਰੀਯਾ ਨਾਮਕ ਗਿਆਨ ਦੀ ਸਤਵੀਂ ਭੂਮਿਕਾ ਹੈ॥

ਭਾਵਾਭਾਵ ਨ ਤਹਾਂ ਕਛੁ ਸਪਤਮ ਤੁਰੀਆ ਮਾਹਿ॥
ਮੈਂ ਤੂੰ ਤਹਾਂ ਨ ਸੰਭਵੈ ਕਹਾਂ ਆਹਿ ਕਹਾਂ ਨਾਹਿ॥ ੧੬॥

(ਵਿਚਾਰ ਮਾਲਾ)

(੩੬) ੧. ਗਿਆਤਾ = ਜਾਨਣਵਾਲਾ

੨. ਗਿਆਨ = ਬਿਰਤੀ ਵਿੱਚ ਜਾਨਣ ਦੀ ਜੋ ਘਟਨਾ ਘਟਦੀ

੩. ਗੇਯ = ਜਾਨਣਯੋਗ ਵਸਤੂ

(੩੭) ਤ੍ਰਿ=ਤਿੰਨ ਵਸਤੂਆਂ ਦੇ ਪੁਟ ਕਹੀਏ ਅਕਾਰ ਦਾ ਸਮੂਹ

(੩੮) ਮੌਜੂਦਗੀ

(੩੯) ਗੈਰ ਮੌਜੂਦਗੀ ਵਾ ਅਪ੍ਰਤੀਤੀ

(੪੦) ਸ੍ਵੈ=ਆਪਣਾ ਪਰ=ਪਰਾਇਆ

(੪੧) ਉੱਪਰ ਉੱਠਣਾ

ਪ੍ਰਸ਼ਨ ੨੩੧. ਇਹ ਸੱਤ ਭੂਮਿਕਾ ਕਿਸਦੇ ਸਾਧਨ ਹਨ?

ਉੱਤਰ : (੧-੩) ਪਹਿਲੀ, ਦੂਸਰੀ ਤੇ ਤੀਸਰੀ ਭੂਮਿਕਾ ਤੱਤ੍ਵ(੪੨) ਗਿਆਨ ਦੇ ਸਾਧਨ ਹਨ। ਅਤੇ

(੪) ਚੌਥੀ(੪੩) ਭੂਮਿਕਾ ਤੱਤ੍ਵ ਗਿਆਨ ਰੂਪ ਹੋਣ ਕਰਕੇ ਜੀਵਨ(੪੪) ਮੁਕਤੀ ਅਤੇ ਵਿਦੇਹ(੪੫) ਮੁਕਤੀ ਦੀ ਸਾਧਨ ਹੈ।

(੫-੭) ਪੰਜਵੀਂ ਛੇਵੀਂ ਅਤੇ ਸੱਤਵੀਂ ਭੂਮਿਕਾ ਜੀਵਨ ਮੁਕਤੀ ਦੇ ਵਿਲਕਛਣ(੪੬) ਆਨੰਦ ਦੀਆਂ ਸਾਧਨ ਹਨ।

(੪੨) ਤੱਤ ਕਹੀਏ ਸਿਧਾਂਤ ਵਾ ਸਾਰ ਸਰੂਪ ਸਚਿਦਾਨੰਦ ਦਾ ਗਿਆਨ

ਜਾ ਕੈ ਰਿਦੈ ਬਿਸ੍ਵਾਸ ਪ੍ਰਭ ਆਇਆ॥ ਤਤੁ ਗਿਆਨ ਤਿਸੁ ਮਨਿ ਪ੍ਰਗਟਾਇਆ॥

(ਗਉੜੀ ਸੁਖਮਨੀ ਮ:੫, ਅੰਗ ੨੮੬)

(੪੩) (੧) ਕ੍ਰਿਤੋਪਾਸਨ ਕਹੀਏ ਗਿਆਨ ਤੋਂ ਪਹਿਲਾ ਕੀਤੀ ਜੋ ਪੂਰਨ ਉਪਾਸਨਾ ਜਿਸਨੇ ਸੋ ਅਧਿਕਾਰੀ ਅਤੇ

(੨) ਅਕ੍ਰਿਤੋਪਾਸਨ ਕਹੀਏ ਗਿਆਨ ਤੋਂ ਪਹਿਲਾ ਜਿਸਨੇ ਕੋਈ ਉਪਾਸਨਾ ਨਹੀਂ ਕੀਤੀ।

ਇਸ ਭੇਦ ਤੋਂ ਚੌਥੀ ਭੂਮਿਕਾ ਰੂਪ ਗਿਆਨ ਦਾ ਅਧਿਕਾਰੀ ਦੋ ਪ੍ਰਕਾਰ ਦਾ ਹੈ॥ ਇਨ੍ਹਾਂ ਵਿਚੋਂ:-

(੧) ਕ੍ਰਿਤੋਪਾਸਨ ਜੋ ਹੈ ਸੋ ਸਮਯਕ ਕਹੀਏ ਪੂਰੀ ਤਰ੍ਹਾਂ ਵੈਰਾਗ ਆਦਿਕ ਸਾਧਨਾ ਨਾਲ ਸੰਪੰਨ ਹੁੰਦਾ ਹੈ ਅਤੇ ਗਿਆਨ ਦੇ ਅਨੰਤਰ (ਤੁਰੰਤ ਪਿਛੋਂ) ਅਲਪ ਕਹੀਏ ਥੋੜ੍ਹੇ ਅਭਿਆਸ ਨਾਲ ਜਲਦੀ ਹੀ ਪੰਚਮ ਆਦਿਕ ਭੂਮਿਕਾ ਵਿੱਚ ਆਰੂੜ (ਬਿਰਤੀ ਦਾ ਇਸਥਿਤ ਹੋਣ ਰੂਪ ਅਸਵਾਰ) ਹੁੰਦਾ ਹੈ॥ ਅਤੇ

(੨) ਅਕ੍ਰਿਤੋਪਾਸਨ ਵਿੱਚ ਸਾਰੇ ਸਾਧਨ (ਵਿਵੇਕ, ਵੈਰਾਗ ਆਦਿਕ) ਸਪਸ਼ਟ ਪ੍ਰਤੀਤ ਨਹੀਂ ਹੁੰਦੇ ਕਿੰਤੂ ਇੱਕ ਦੋ ਸਾਧਨ ਪ੍ਰਗਟ ਹੁੰਦੇ ਹਨ ਅਤੇ ਬਾਕੀ ਸਾਧਨ ਦੀ ਅਪ੍ਰਤੀਤੀ ਹੋਣ ਕਰਕੇ ਗੁਪਤ ਰਹਿੰਦੇ ਹਨ। ਇਸ ਲਈ ਉਹ ਬੁਧੀਮਾਨ ਹੁੰਦਾ ਹੈ ਅਤੇ ਚਤੁਰਥ ਭੂਮਿਕਾ ਰੂਪ ਤੱਤ੍ਵ ਗਿਆਨ ਨੂੰ ਪ੍ਰਾਪਤ ਕਰਦਾ ਹੈ। ਪਰੰਤੂ ਬਹੁਤ ਸਮਾਂ ਅਭਿਆਸ ਕਰਕੇ ਹੀ ਕਦੇ-ਕਦੇ ਕੋਈ ਪੰਚਮ ਆਦਿਕ ਭੂਮਿਕਾ ਵਿੱਚ ਆਰੂੜ (ਇਸਥਿਤ ਹੋਣ ਰੂਪ ਸਵਾਰ ਹੋਣਾ) ਹੁੰਦਾ ਹੈ। ਝਟਪਟ ਕਹੀਏ ਜਲਦੀ ਨਹੀਂ॥

(੪੪) ਦੇਹ ਆਦਿਕ ਪ੍ਰਪੰਚ ਦੀ ਪ੍ਰਤੀਤੀ ਦੇ ਹੁੰਦਿਆ ਜੋ ਬ੍ਰਹਮ ਰੂਪ ਵਿਚ ਇਸਥਤੀ ਸੋ ਜੀਵਨ ਮੁਕਤੀ ਹੈ।

ਅਨਦਿਨੁ ਜਾਗਿ ਰਹੇ ਲਿਵ ਲਾਈ॥ ਜੀਵਨ ਮੁਕਤਿ ਗਤਿ ਅੰਤਰਿ ਪਾਈ॥ ੪॥

(ਰਾਮਕਲੀ ਮ:੧, ਅੰਗ ੯੦੪)

ਮਾਨ ਮੋਹ ਦੋਨੋ ਕਉ ਪਰਹਰਿ ਗੋਬਿੰਦ ਕੇ ਗੁਨ ਗਾਵੈ॥
ਕਹੁ ਨਾਨਕ ਇਹਿ ਬਿਧਿ ਕੋ ਪ੍ਰਾਨੀ ਜੀਵਨ ਮੁਕਤਿ ਕਹਾਵੈ॥ ੨॥ ੨॥

(ਬਿਲਾਵਲ ਮ:੯, ਅੰਗ ੮੩੧)

(੪੫) ਪ੍ਰਪੰਚ ਦੀ ਪ੍ਰਤੀਤੀ ਰਹਿਤ ਬ੍ਰਹਮ ਸ੍ਵਰੂਪ ਵਿੱਚ ਸਥਿਤੀ ਜਾਂ ਪ੍ਰਾਲਬਧ ਕਰਮ ਦੇ ਭੋਗ ਨਾਲ ਨਾਸ ਹੋਏ ਪਿੱਛੇ ਸਥੂਲ-ਸੁਕਸ਼ਮ ਸਰੀਰ ਦੇ ਅਕਾਰ ਨਾਲ ਪਰਿਣਾਮ (ਵਿਕਾਰ) ਨੂੰ ਪ੍ਰਾਪਤ ਹੋਏ ਅਗਿਆਨ ਦੀ ਚੇਤਨ ਵਿੱਚ ਲੀਨਤਾ ਸੋ ਵਿਦੇਹ ਮੁਕਤੀ ਹੈ॥

(੪੬) ਵੱਖਰੇ

इति श्री विचारचंद्रोदय सप्तज्ञानभूमिका
वर्णन नामिका त्रयोदशकला समाप्ता॥ १३॥

ਇਤਿ ਸ਼੍ਰੀ ਵਿਚਾਰਚੰਦ੍ਰੋਦਯ ਸਪਤ ਗਿਆਨ ਭੂਮਿਕਾ ਵਰਣਨ ਨਾਮਿਕਾ ਤ੍ਰਯੋਦਸ਼ ਕਲਾ ਸਮਾਪਤਾ॥ ੧੩ ॥

ਸ਼੍ਰੀ=ਸੁਭਾਇਮਾਨ ਵਿਚਾਰਚੰਦ੍ਰੋਦਯ ਗ੍ਰੰਥ ਦਾ ਤ੍ਰਯੋਦਸ਼=ਤੇਰਵਾਂ ਕਲਾ=ਭਾਗ ਇੱਥੇ ਇਤਿ=ਸਮਾਪਤ ਹੁੰਦਾ ਹੈ। ਜਿਸਨੂੰ ''ਸਪਤ ਗਿਆਨ ਭੂਮਿਕਾ'' ਨਾਮਿਕਾ=ਨਾਮ ਦੀ ਪ੍ਰਕਿਰਿਆ ਦਾ ਵਰਣਨ=ਕਥਨ ਕਰਕੇ ਸਮਾਪਤਾ=ਸੰਪੂਰਨ ਕੀਤਾ ਗਿਆ ਹੈ।

☆☆☆

(ਚੌਧਵੀਂ ਕਲਾ)

॥ अथ चतुर्दश कला प्रारंभः ॥१४॥

॥ अथ चतुरदश़ कला प्रारंभः ॥ १४ ॥

ਅਥ= ਹੁਣ ਇਸ ਗ੍ਰੰਥ ਦੇ ਚਤੁਰਦਸ਼=ਚੌਧਵੇਂ ਕਲਾ=ਭਾਗ ਨੂੰ ਪ੍ਰਾਰੰਭਃ=ਪਰ ਕਹੀਏ ਵਿਸ਼ੇਸ਼ ਕਰਕੇ ਆਰੰਭਃ = ਸ਼ੁਰੂ ਕਰਦੇ ਹਨ॥

॥ जीवनमुक्ति विदेहमुकती वर्णन॥

॥ जीवनमुकती विदेहमुकती वरणन॥

ਜੀਵਨ ਮੁਕਤੀ=ਦੇਹਾਦਿਕ ਪ੍ਰਪੰਚ ਦੀ ਪ੍ਰਤੀਤੀ ਦੇ ਹੁੰਦਿਆ ਜੋ ਬ੍ਰਹਮ ਰੂਪ ਵਿੱਚ ਸਥਿਤੀ ਅਤੇ ਵਿਦੇਹਮੁਕਤੀ=ਪ੍ਰਪੰਚ ਦੀ ਪ੍ਰਤੀਤੀ ਰਹਿਤ ਜੋ ਬ੍ਰਹਮ ਸ੍ਵਰੂਪ ਵਿੱਚ ਸਥਿਤੀ, ਇਨ੍ਹਾਂ ਦੋਵਾਂ ਦਾ ਵਰਣਨ=ਕਥਨ ਕਰਦੇ ਹਨ॥

॥ तोटक छंद॥

॥ ਤੋਟਕ ਛੰਦ॥

ਪੀਤਾਂਬਰ ਜੀ ਤੋਟਕ ਨਾਮਕ ਛੰਦ ਦੇ ਅੰਦਰ ਸੁੰਦਰ ਕਾਵਿ-ਰਚਨਾ ਦੁਆਰਾ ਮੂਲ ਪਾਠ ਦੀ ਰਚਨਾ ਕਰਦੇ ਹਨ। ਜੋ ਠੁਮਰੀ ਵਿੱਚ ਗਾਇਆ ਜਾਵੇ ਸੋ ਕਹੀਏ ਤੋਟਕ ਛੰਦ॥

जब जानत है निज रूपहि दकूं।

जब जानत है निज रूपहि कूँ।

ਜਬ=ਜਦੋਂ ਜੀਵ ਬ੍ਰਹਮ ਤੋਂ ਅਭਿੰਨ ਨਿਜ=ਸ੍ਵੈ ਰੂਪਹਿ=ਸਰੂਪ ਭਾਵ ਸਚਿਦਾਨੰਦ ਆਤਮਾ ਕੂੰ=ਨੂੰ ਦ੍ਰਿੜ ਅਪਰੋਕਸ਼ ਬ੍ਰਹਮ ਗਿਆਨ ਦੁਆਰਾ ਜਾਨਤ=ਜਾਨਣਾ ਕਰਦਾ ਹੈ।

कहि कबीर मनि भइआ प्रगासा उदै भानु जब चीना॥ २ ॥ ४३ ॥

(गउड़ी भगत कबीर जी, अंग ३३२)

तब जीवन मुक्ति समीपहि कूं॥

तब जीवन मुकती समीपहि कूँ॥

ਤਬ=ਤਦੋਂ ਸਰੀਰ ਸਹਿਤ ਪੁਰਸ਼ ਕੂੰ=ਨੂੰ ਭਰਮ ਰੂਪ ਬੰਧਨ ਦੀ ਕਹੀਏ ਪ੍ਰਪੰਚ ਦੀ ਬਾਧ ਰੂਪ ਨਿਵਿਰਤੀ (ਪੰਨਾ ੧੯ ਤੇ ਪੜ੍ਹੋ) ਹੋਣ ਕਰਕੇ ਜੀਵਨ ਮੁਕਤੀ=ਪ੍ਰਪੰਚ ਦੀ ਪ੍ਰਤੀਤੀ ਹੁੰਦਿਆ ਜੋ ਬ੍ਰਹਮ ਰੂਪ ਵਿੱਚ ਸਥਿਤੀ ਦੀ ਅਵਸਥਾ ਸਮੀਪਹਿ=ਤੱਤਕਾਲ ਵਾ ਨੇੜੇ ਪ੍ਰਾਪਤ ਹੁੰਦੀ ਹੈ॥

भ्रम बंध निवृत्ति संदेहहिं कूं।

ਭ੍ਰਮ ਬੰਧ ਨਿਵਿਰਤੀ ਸੰਦੇਹਹਿਂ ਕੂੰ।

ਪੰਜ ਪ੍ਰਕਾਰ ਦਾ ਭ੍ਰਮ=ਭਰਮ (ਭੇਦ ਭਰਮ, ਕਰਤੱਤ੍ਰ ਭਰਮ, ਸੰਗ ਭਰਮ, ਵਿਕਾਰ ਭਰਮ ਅਤੇ ਬ੍ਰਹਮ ਤੋਂ ਭਿੰਨ ਜਗਤ ਦੀ ਸੱਤਤਾ ਦਾ ਭਰਮ), ਸੰਦੇਹਹਿ=ਸੰਛੇ (ਪ੍ਰਮਾਣਗਤ ਸੰਛਯ, ਪ੍ਰਮੇਯਗਤ ਸੰਛਯ) ਅਤੇ ਅਗਿਆਨ ਸਹਿਤ ਜਨਮ ਮਰਣ ਆਦਿ ਬੰਧ=ਬੰਧਨਾਂ ਕੂੰ=ਨੂੰ ਨਿਵਿਰਤੀ=ਦੂਰ ਕਰਕੇ।

सुख संपति होवत गेहहि कूं॥ ३०॥

ਸੁਖ ਸੰਪਤੀ ਹੋਵਤ ਗੇਹਹਿ ਕੂੰ॥ ੩੦॥

ਨਿਜ ਗੇਹਹਿ=ਘਰ ਭਾਵ ਸ੍ਵੈ-ਸਰੂਪ ਆਤਮਾ ਕੂੰ=ਨੂੰ ਦ੍ਰਿੜ ਅਪਰੋਕਸ਼ ਬ੍ਰਹਮ ਗਿਆਨ ਦੁਆਰਾ ਅਨੁਭਵ ਕਰਕੇ ਜੀਵਨ ਮੁਕਤ ਪੁਰਸ਼ ਕੂੰ=ਨੂੰ ਅਬਿਨਾਸੀ ਸੁਖ=ਪਰਮਾਨੰਦ ਦੀ ਸੰਪਤੀ=ਬਿਭੂਤੀ ਪ੍ਰਾਪਤ ਹੋਵਤ=ਹੁੰਦੀ ਹੈ॥

अब मोरे मनि भइआ अनंद॥ भउ चूका टूटे सभि फंद॥

(ਆਸਾ ਮਃ ੫, ਅੰਗ ੩੯੨)

विदवान तजै इस देहहि कूं।

ਵਿਦਵਾਨ ਤਜੈ ਇਸ ਦੇਹਹਿ ਕੂੰ।

ਆਤਮਾ ਵਾ ਬ੍ਰਹਮ ਨੂੰ ਵਿਦ=ਜਾਨਣ ਵਾਨ=ਵਾਲਾ ਸੋ ਕਹੀਏ ਵਿਦਵਾਨ ਭਾਵ ਆਤਮ ਗਿਆਨੀ ਵਾ ਬ੍ਰਹਮਗਿਆਨੀ ਇਸ=ਵਰਤਮਾਨ ਦੇਹਹਿ=ਸਥੂਲ ਸਰੀਰ ਕੂੰ=ਨੂੰ ਜਦੋਂ ਪਰਾਲਬਧ ਭੋਗ ਕੇ ਤਜੈ=ਛਡਣਾ ਕਰਦਾ ਹੈ।

तब पावत मुक्ति विदेहहि कूं॥

ਤਬ ਪਾਵਤ ਮੁਕਤੀ ਵਿਦੇਹਹਿ ਕੂੰ॥

ਤਬ=ਤਦੋ ਉਹ ਆਤਮ ਗਿਆਨੀ ਵਿਦੇਹਹਿ=ਦੇਹ ਕਹੀਏ ਸਰੀਰ ਤੋਂ ਵਿ=ਪਰੇ ਵਾ ਰਹਿਤ ਜੋ ਮੁਕਤੀ=ਕੈਵਲਯ ਮੋਕਸ਼ (ਉਪਾਸਯ ਵਿੱਚ ਪੂਰਨ ਅਭੇਦਤਾ) ਕੂੰ=ਨੂੰ ਪਾਵਤ=ਪਾਉਣਾ ਕਰਦਾ ਹੈ।

नानक तत्तु तत सिउ मिलिआ पुनरपि जनमि न आही॥ ४॥ १॥ १५॥

(ਗਉੜੀ ਮਃ ੩, ਅੰਗ ੧੬੨)

तम लेश भजे सद नाशहि कूं।

ਤਮ ਲੇਸ਼ ਭਜੇ ਸਦ ਨਾਸ਼ਹਿ ਕੂੰ।

ਤਮ=ਅਗਿਆਨ ਰੂਪ ਹਨੇਰੇ ਦੀ ਲੇਸ਼=ਕਿਨਕਾ ਮਾਤ੍ਰ ਅੰਸ ਜਿਸਦਾ ਪਰਾਲਬਧ ਕਰਮ ਪ੍ਰਤੀਬੰਧਕ (ਰੁਕਾਵਟ) ਹੈ (ਭਾਵ ਕਿ ਜੀਵਨ ਮੁਕਤ ਪੁਰਸ਼ ਨੂੰ ਅਪਰਕੋਸ਼ ਗਿਆਨ ਨਾਲ ਆਵਰਣ ਸ਼ਕਤੀ ਸਹਿਤ ਅਗਿਆਨ ਅੰਸ ਨਾਸ਼ ਹੋਣ ਤੋਂ ਬਾਦ ਵੀ ਵਿਕਸ਼ੇਪ ਸ਼ਕਤੀ ਸਹਿਤ ਅਗਿਆਸ ਅੰਸ ਪਰਾਲਬਧ ਕਰਮਾਂ ਕਰਕੇ ਨਾਸ਼ ਨਹੀਂ ਹੁੰਦੀ) ਤਿਸ ਅਵਿਦਿਆ-ਲੇਸ਼* ਨੂੰ ਸਦ=ਹਮੇਸ਼ਾ ਲਈ ਨਾਸ਼ਹਿ ਕਰਨ ਲਈ ਜੀਵਨ ਮੁਕਤ ਪੁਰਸ਼ ਮਨ ਬਾਣੀ ਸਰੀਰ ਦੁਆਰਾ ਬ੍ਰਹਮ ਕੂੰ=ਨੂੰ ਭਜੇ=ਚਿੰਤਨ ਕਰੇ।

✲ ਮੂਲਾਵਿਦਿਆ ਭਾਖੇ ਜਾਹੀ। ਆਵਰਣ ਵਿਕਸ਼ੇਪ ਸ਼ਕਤੀ ਦ੍ਵਯ ਤਾਂਹੀ।
ਤਾ ਮੋ ਦ੍ਵੀਤੀਯ ਸ਼ਕਤੀ ਹੈ ਜੋਈ। 'ਲੇਸ਼ਾਵਿਦਿਆ' ਭਾਖੀ ਸੋਈ॥ ੪੭੭॥

(ਮੋਕਸ਼ ਪੰਥ)

ਅਵਿਦਿਆ ਦੀ ਵਿਕਸ਼ੇਪ ਸ਼ਕਤੀ ਵਾਲੀ ਅੰਸ ਦਾ ਨਾਮ ਲੇਸ਼ ਅਵਿਦਿਆ ਕਹੀਏ ਹੈ। (ਵਿਕਸ਼ੇਪ ਸ਼ਕਤੀ ਪੰਨਾ ੩੨ ਤੇ ਟੂਕ (੪੩) ਪੜ੍ਹੋ।),(ਮੂਲਾ ਅਵਿਦਿਆ ਪੰਨਾ ੧੩੦ ਤੇ ਟੂਕ (੭੯) ਪੜ੍ਹੋ।)

तज देत प्रपंच अभासहिं कू॥ ३१॥

ਤਜ ਦੇਤ ਪ੍ਰਪੰਚ ਅਭਾਸਹਿ ਕੂੰ॥ ੩੧॥

ਨਿਰੰਤਰ ਅਭਿਆਸ ਵਾ ਚਿੰਤਨ ਦੁਆਰਾ ਅੰਤਹਕਰਣ ਦੀ ਉਪਾਧੀ ਨੂੰ ਤਿਆਗ ਕੇ ਜੀਵਨ ਮੁਕਤ ਪੁਰਸ਼ ਵਿਸ਼ੇਸ਼ ਚੇਤਨ ਵਾ ਚੇਤਨ ਦੇ ਅਭਾਸਹਿ=ਪ੍ਰਤੀਬਿੰਬ ਭਾਵ ਚਿਦਾਭਾਸ ਜਿਸ ਕਰਕੇ ਪ੍ਰਪੰਚ=ਸੰਸਾਰ ਦੀ ਪ੍ਰਤੀਤੀ ਬਣੀ ਰਹਿੰਦੀ ਹੈ,ਤਿਸ ਚਿਦਾਭਾਸ ਨੂੰ ਤਜ=ਛੱਡ ਦੇਤ=ਦੇਣਾ ਕਰਦਾ ਹੈ।

(ਵਿਸ਼ੇਸ਼ ਚੇਤਨ ਪੰਨਾ ੧੭੫ ਤੇ ਪੜ੍ਹੋ।

सरिता इव सागर देशहि कूं।

ਸਰਿਤਾ ਇਵ ਸਾਗਰ ਦੇਸ਼ਹਿ ਕੂੰ।

ਜਿਵੇਂ ਸਰਿਤਾ=ਨਦੀ ਦਾ ਜਲ ਸਾਗਰ=ਸਮੁੰਦਰ ਦੇ ਦੇਸ਼ਹਿ=ਸਥਾਨ ਕੂੰ=ਨੂੰ ਪ੍ਰਾਪਤ ਕਰਕੇ ਉਪਾਧੀ ਨਦੀ ਨੂੰ ਤਿਆਗ ਕੇ ਸਮੁੰਦਰ ਰੂਪ ਦੇ ਇਵ=ਸੁਦਰਸ਼, ਬਰਾਬਰ ਹੀ ਜਾਣਿਆ ਜਾਂਦਾ ਹੈ।

चिनमात्र मिलाय विशेषहि कूं॥

ਚਿਨਮਾਤ੍ਰ ਮਿਲਾਯ ਵਿਸ਼ੇਸ਼ਹਿ ਕੂੰ॥

ਤਿਵੇਂ ਹੀ ਅੰਤਹਕਰਣ ਦੀ ਬਿਰਤੀ ਵਿੱਚ ਸਥਿਤ ਜੋ ਚੇਤਨ ਸੋ ਕਹੀਏ ਵਿਸ਼ੇਸ਼ਹਿ=ਵਿਸ਼ੇਸ਼ ਚੇਤਨ ਵਾ ਚਿਦਾਭਾਸ (ਜਿਸਦੇ ਦੁਆਰਾ ਜੀਵਨ ਮੁਕਤ ਪੁਰਸ਼ ਨੂੰ ਸੰਸਾਰ ਦੀ ਪ੍ਰਤੀਤੀ ਬਣੀ ਰਹਿੰਦੀ) ਕੂੰ=ਨੂੰ ਅੰਤਹਕਰਣ ਦੀ ਉਪਾਧੀ ਦਾ ਤਿਆਗ ਕਰਕੇ ਚਿਨਮਾਤ੍ਰ=ਮਾਤ੍ਰ ਕਹੀਏ ਕੇਵਲ ਚਿਨ=ਚੇਤਨ ਜੋ ਸ਼ੁੱਧ ਬ੍ਰਹਮ ਵਾ ਸਮਾਨ ਚੇਤਨ ਵਿੱਚ ਮਿਲਾਯ=ਮਿਲਾ ਕੇ ਪ੍ਰਪੰਚ ਦੀ ਪ੍ਰਤੀਤੀ ਤੋਂ ਰਹਿਤ ਨਿਰਵਿਸ਼ੇਸ਼ ਬ੍ਰਹਮ ਵਿੱਚ ਇਸਥਤੀ ਰੂਪ ਵਿਦੇਹ ਮੁਕਤੀ ਪ੍ਰਾਪਤ ਹੁੰਦੀ ਹੈ॥

(ਵਿਸ਼ੇਸ਼ ਚੇਤਨ ਤੇ ਸਮਾਨ ਚੇਤਨ ਪੰਨਾ ੧੭੫ ਤੇ ਪੜ੍ਹੋ)

चिद होय भजे अवशेषहि कूं।

ਚਿਦ ਹੋਯ ਭਜੇ ਅਵਸ਼ੇਸ਼ਹਿ ਕੂੰ।

ਅੰਤਹਕਰਣ ਦੀ ਉਪਾਧੀ ਦਾ ਤਿਆਗ ਕਰਕੇ ਅਵਸ਼ੇਸ਼ਹਿ=ਬਾਕੀ ਜੋ ਮਾਤ੍ਰ ਸ਼ੁਧ ਬ੍ਰਹਮ ਚੇਤਨ ਸਰੂਪ ਕੂੰ=ਨੂੰ ਨਿਰੰਤਰ ਭਜੇ=ਚਿੰਤਨ ਕਰਨ ਨਾਲ ਜੀਵਨ ਮੁਕਤ ਪੁਰਸ਼ ਚਿਦ=ਚੇਤਨ ਕਹੀਏ ਗਿਆਨ ਸਰੂਪ ਬ੍ਰਹਮ ਦਾ ਰੂਪ ਹੋਯ=ਹੋ ਜਾਂਦਾ ਹੈ।

नहि जन्म पीतांबर शेशहि कूं॥ ३२॥

ਨਹੀ ਜਨਮ ਪੀਤਾਂਬਰ ਸ਼ੇਸ਼ਹਿ ਕੂੰ॥ ੩੨॥

ਪੀਤਾਂਬਰ ਜੀ ਕਥਨ ਕਰਦੇ ਹਨ ਕਿ ਸ਼ੇਸ਼ਹਿ=ਅਵਸ਼ੇਸ਼, ਬਾਕੀ ਜੋ ਚੇਤਨ ਅੰਸ ਤਿਸ ਕੂੰ=ਨੂੰ ਜਨਮ ਮਰਣ ਦਾ ਬੰਧਨ ਨਹੀਂ ਹੁੰਦਾ ਅਤੇ ਜੀਵ ਦਾ ਉਸ ਵਿੱਚ ਅਭੇਦ ਹੋਣ ਕਰਕੇ ਜੀਵ ਨਿਤਯ ਮੁਕਤ ਹੋ ਜਾਂਦਾ ਹੈ॥

ਬਹੁਰਿ ਹਮ ਕਾਹੇ ਆਵਹਿਗੇ॥
ਆਵਨ ਜਾਨਾ ਹੁਕਮ ਤਿਸੈ ਕਾ ਹੁਕਮੈ ਬੁਝਿ ਸਮਾਵਹਿਗੇ॥ ੧॥ ਰਹਾਉ॥

(ਮਾਰੂ ਭਗਤ ਕਬੀਰ ਜੀ, ਅੰਗ ੧੧੦੪)

ਹੁਣ ਇਸ ਮੂਲ ਪਾਠ ਦੀ ਵਿਚਾਰ ਨੂੰ ਪ੍ਰਸ਼ਨ-ਉੱਤਰਾਂ ਦੇ ਰਾਹੀਂ ਵਿਸਤਾਰ ਨਾਲ ਸਮਝਾਉਂਦੇ ਹਨ:-

ਪ੍ਰਸ਼ਨ ੨੩੨. ਜੀਵਨ ਮੁਕਤੀ ਸੋ ਕੀ ਹੈ?

ਉੱਤਰ : ਦੇਹ ਆਦਿਕ ਪ੍ਰਪੰਚ ਦੀ ਪ੍ਰਤੀਤੀ ਦੇ ਹੁੰਦਿਆਂ ਜੋ ਬ੍ਰਹਮ ਰੂਪ ਵਿੱਚ ਇਸਥਤੀ ਸੋ ਜੀਵਨ ਮੁਕਤੀ ਹੈ॥

ਪ੍ਰਸ਼ਨ ੨੩੩. ਜੀਵਨ ਮੁਕਤੀ ਵਿੱਚ ਪ੍ਰਪੰਚ ਦੀ ਪ੍ਰਤੀਤੀ ਕਿਉਂ ਹੁੰਦੀ ਹੈ?

ਉੱਤਰ : ਆਵਰਣ[੧] ਅਤੇ ਵਿਕਸ਼ੇਪ[੨] ਇਹ ਦੋ ਅਵਿਦਿਆ ਦੀਆਂ ਸ਼ਕਤੀਆਂ ਹਨ। ਇਨ੍ਹਾਂ ਵਿਚੋਂ :-

(੧) ਆਵਰਣ ਸ਼ਕਤੀ ਦਾ ਗਿਆਨ ਨਾਲ ਨਾਸ਼ ਹੁੰਦਾ ਹੈ। ਇਸ ਲਈ ਆਤਮ ਗਿਆਨੀ ਦਾ ਹੋਰ ਜਨਮ ਨਹੀਂ ਹੁੰਦਾ।

(੨) ਪਰੰਤੂ ਪਰਾਲਬਧ ਦੇ ਬਲ ਨਾਲ ਦਗਧ ਕਹੀਏ ਸੜੇ ਵਾ ਭੁੱਜੇ ਹੋਏ ਅਨਾਜ ਦੇ ਦਾਣੇ ਦੀ ਨਿਆਈ ਵਿਕਸ਼ੇਪ ਸ਼ਕਤੀ (ਅਵਿਦਿਆ-ਲੇਸ[੩]) ਰਹਿੰਦੀ ਹੈ।

ਇਸ ਲਈ ਜੀਵਨ ਮੁਕਤੀ ਵਿੱਚ ਪਪ੍ਰੰਚ ਦੀ ਪ੍ਰਤੀਤੀ ਹੁੰਦੀ ਹੈ॥

(੧) ਆਵਰਣ ਕਹੀਏ ਪੜਦਾ (ਅਸੱਤ੍ਵਾਪਾਦਕ, ਅਭਾਨਾਪਾਦਕ ਆਵਰਣ ਪੰਨਾ ੨੬ ਤੇ ਟੂਕ (੧੫) ਪੜ੍ਹੋ)।

(੨) ਵਿਕਸ਼ੇਪ ਸ਼ਕਤੀ ਪੰਨਾ ੩੨ ਤੇ ਟੂਕ (੪੩) ਪੜ੍ਹੋ।

(੩) ਲੇਸ਼ ਅਵਿਦਿਆ ਹੈ ਜੋ ਅਪਰੋਕਸ਼ ਗਿਆਨ ਹੋਣ ਤੋਂ ਬਾਦ ਵੀ ਪਰਾਲਬਧ ਰੂਪ ਪ੍ਰਤੀਬੰਧਕ (ਰੁਕਾਵਟ) ਕਰਕੇ ਨਾਸ ਨਹੀਂ ਹੁੰਦੀ ਅਤੇ ਜੀਵਨ ਮੁਕਤ ਪੁਰਸ਼ ਵਿੱਚ ਪ੍ਰਪੰਚ ਦੀ ਪ੍ਰਤੀਤੀ ਦਾ ਹੇਤ (ਕਾਰਣ) ਵੀ ਲੇਸ਼ ਅਵਿਦਿਆ ਹੈ।

ਮੂਲਾਵਿਦਿਆ ਭਾਖੇ ਜਾਹੀ। ਆਵਰਣ ਵਿਕਸ਼ੇਪ ਸ਼ਕਤੀ ਦ੍ਵਯ ਤਾਹੀਂ।
ਤਾ ਮੋ ਦ੍ਵੀਤੀਯ ਸ਼ਕਤੀ ਹੈ ਜੋਈ। 'ਲੇਸ਼ਾਵਿਦਿਆ' ਭਾਖੀ ਸੋਈ॥ ੪੭੭॥

(ਮੋਕਸ਼ ਪੰਥ)

ਪਰਾਲਬਧ ਕਰਮ ਦੇ ਸੰਪੂਰਨ ਭੋਗ ਦੁਆਰਾ ਜਦੋਂ ਆਤਮ ਗਿਆਨੀ ਪੁਰਸ਼ ਦਾ ਸਥੂਲ ਸਰੀਰ ਪਤਨ (ਨਾਸ਼) ਹੁੰਦਾ ਹੈ ਤਾਂ ਇੱਕ ਅੰਤਿਮ ਗਿਆਨ ਵ੍ਰਿਤੀ ਉਤਪੰਨ ਹੁੰਦੀ ਹੈ, ਜਿਸਦੇ ਉਤਪੰਨ ਹੋਣ ਨਾਲ ਵਿਕਸ਼ੇਪ ਸ਼ਕਤੀ ਵਾਲੀ ਅਵਿਦਿਆ ਅੰਸ ਅਤੇ ਉਸਦਾ ਕਾਰਜ ਜੋ ਦ੍ਰਿਸ਼ਯ ਪ੍ਰਪੰਚ ਦੋਵਾਂ ਦੀ ਨਿਵਿਰਤੀ ਹੁੰਦੀ ਹੈ।

ਅਸੱਤ੍ਵਾਪਾਦਕ ਆਵਰਣ,ਆਭਾਨਾਪਾਦਕ ਆਵਰਣ ਅਤੇ ਵਿਕਸ਼ੇਪ ਕਹੀਏ ਅਵਿਦਿਆ ਲੇਸ਼ ਦੀ

ਨਿਵਿਰਤੀ ਮੋਕਸ਼ ਪੰਥ ਦੇ ਕਰਤਾ ਪੰਡਿਤ ਗੁਲਾਬ ਸਿੰਘ ਇਸ ਤਰ੍ਹਾਂ ਦੱਸਦੇ ਹਨ :-

ਬ੍ਰਹਮ ਅਸੱਤ੍ਰੂਪਾਦਕ ਜੋਈ। ਬ੍ਰਹਮ ਸ਼੍ਰਵਣ ਤੇ ਨਾਸ਼ੇ ਸੋਈ।
ਬ੍ਰਹਮ ਅਭਾਨਾਪਾਦਕ ਜੋਈ। ਸਾਕਸ਼ਾਤਕਾਰ ਤੇ ਨਾਸ਼ੇ ਸੋਈ॥ ੪੮੪॥
ਦੇਹ ਸਥਿਤੀ ਕੋ ਕਾਰਣ ਜੋ ਹੈ। ਨਾਮ ਵਿਕਸ਼ੇਪ ਜਗਤ ਮੋਂ ਸੋ ਹੈ।
ਗਿਆਨੀ ਦੇਹ ਪਤਨ ਕੇ ਕਾਲ। ਉਪਜੇ ਗਯਾਨ ਸੋ ਅਵਧੀ ਵਿਸ਼ਾਲ॥ ੪੮੫॥
ਤਾ ਕਰ ਨਾਸ਼ ਤਾਹਿ ਕੋ ਹੋਈ। ਯਾ ਵਿਧੀ ਨਾਸ਼ ਤ੍ਰਿਧਾ ਤਿਹ ਜੋਈ।

(ਮੋਕਸ਼ ਪੰਥ, ਤ੍ਰੀਤੀਜ ਨਿਵਾਸ)

ਪ੍ਰਸ਼ਨ ੨੩੪. ਜੀਵਨ ਮੁਕਤੀ ਵਿੱਚ ਪ੍ਰਪੰਚ ਦੀ ਪ੍ਰਤੀਤੀ ਕਿਸ ਤਰ੍ਹਾਂ ਹੁੰਦੀ ਹੈ?

ਉੱਤਰ : (੧) ਜਿਵੇਂ ਰੱਸੀ ਦੇ ਗਿਆਨ ਨਾਲ ਸੱਪ ਦੀ ਭ੍ਰਾਂਤੀ (ਭਰਮ) ਦੇ ਨਿਵਿਰਤ (ਦੂਰ) ਹੋਣ ਨਾਲ ਪਿਛੋਂ ਕੰਬਣੀ ਆਦਿਕ ਮਹਿਸੂਸ ਹੁੰਦੀ ਹੈ। ਅਤੇ

(੨) ਜਿਵੇਂ ਦਰਪਣ(੪) ਦੇ ਗਿਆਨੀ(੫) ਨੂੰ ਪ੍ਰਤੀਬਿੰਬ(੬) ਭਾਸਦਾ ਹੈ। ਅਤੇ

(੩) ਜਿਵੇਂ ਮਾਰੂਥਲ(੭) ਦੇ ਗਿਆਨੀ ਨੂੰ ਮ੍ਰਿਗਜਲ(੮) ਭਾਸਦਾ ਹੈ।

ਤਿਵੇਂ ਹੀ ਤੱਤ੍ਵ ਗਿਆਨੀ ਨੂੰ ਜੀਵਨ ਮੁਕਤੀ ਦਸ਼ਾ(੯) ਵਿੱਚ ਬਾਧਿਤ(੧੦) ਹੋਏ ਪ੍ਰਪੰਚ ਦੀ ਪ੍ਰਤੀਤੀ ਹੁੰਦੀ ਹੈ॥

(੪) ਸ਼ੀਸ਼ਾ

(੫) ਜਾਨਣ ਵਾਲਾ

(੬) ਪਰਛਾਵਾਂ ਅਕਸ਼ ਵਾ ਬਿੰਬ ਜੋ ਮੂਲ ਸਰੂਪ ਤਿਸ ਦਾ ਪ੍ਰਤੀ=ਉਲਟਾ ਸਰੂਪ

(੭) ਖੁਸ਼ਕ ਰੇਤਲੀ ਧਰਤੀ ਵਾਲੇ ਇਲਾਕੇ

(੮) ਸੂਰਜ ਦੀਆਂ ਕਿਰਣਾਂ ਰੇਤ ਦੇ ਕਣਾਂ ਤੇ ਪੈ ਕੇ ਜਦੋਂ ਚਮਕਦੀਆਂ ਹਨ ਤਾਂ ਮ੍ਰਿਗ ਕਹੀਏ ਹਿਰਨਾਂ ਨੂੰ ਦੂਰੋਂ ਉਸ ਵਿੱਚ ਜਲ=ਪਾਣੀ ਦੀ ਪ੍ਰਤੀਤੀ ਹੁੰਦੀ ਹੈ, ਸੋ ਮਿਥਿਆ ਪ੍ਰਤੀਤੀ ਵਾਲਾ ਜਲ ਜਿਸਨੂੰ ਵੇਖ ਕੇ ਹਿਰਨ ਪਿਆਸ ਬੁਝਾਉਣ ਲਈ ਦੌੜਦਾ ਹੈ ਸੋ ਕਹੀਏ ਮ੍ਰਿਗ ਜਲ।

(੯) ਅਵਸਥਾ

(੧੦) ਨਾਸ਼ (ਬਾਧਿਤ ਪ੍ਰਪੰਚ ਦੀ ਪ੍ਰਤੀਤੀ ਵਿਸਥਾਰ ਨਾਲ ਬਾਧ ਰੂਪ ਨਿਵਿਰਤੀ ਪੰਨਾ ੧੯ ਤੇ ਪੜ੍ਹੋ।)

ਪ੍ਰਸ਼ਨ ੨੩੫. ਬਾਧਿਤ ਹੋਏ ਪ੍ਰਪੰਚ ਦੀ ਪ੍ਰਤੀਤੀ ਵਿੱਚ ਹੋਰ ਦ੍ਰਿਸ਼ਟਾਂਤ ਕੀ ਹੈ?

ਉੱਤਰ : ਦ੍ਰਿਸ਼ਟਾਂਤ :- ਜਿਵੇਂ ਮਹਾਂਭਾਰਤ ਦੇ ਯੁੱਧ ਵਿੱਚ ਦ੍ਰੋਣਾਚਾਰਯ ਦੇ ਮਰਣ ਪਿਛੋਂ ਅਸ਼ਵਥਾਮਾ ਆਦਿਕ ਦੇ ਨਾਲ ਯੁੱਧ ਹੋਇਆ। ਉਸ ਸਮੇਂ ਸ਼੍ਰੀ ਕ੍ਰਿਸ਼ਣ ਸੱਤ ਸੰਕਲਪ ਰੂਪ ਪਰਮਾਤਮਾ ਨੇ ਇਹ ਸੰਕਲਪ ਕੀਤਾ ਕਿ :- ''ਇਸ ਯੁੱਧ ਦੀ ਸਮਾਪਤੀ ਪ੍ਰਯੰਤ (ਤੱਕ) ਇਹ ਰਥ ਅਤੇ ਘੋੜੇ ਜਿਉਂ ਦੇ ਤਿਉਂ ਹੀ ਬਣੇ ਰਹਿਣ'' ਇਹ ਚਿੰਤਨ ਕਰਕੇ ਯੁੱਧ ਭੂਮੀ ਵਿੱਚ ਕ੍ਰਿਸ਼ਨ ਜੀ ਆਏ॥ ਉਥੇ ਅਸਵਤਥਾਮਾ ਆਦਿਕਾਂ ਨੇ ਬ੍ਰਹਮਾਸਤ੍ਰ (ਅਗਨੀ ਅਸਤ੍ਰ) ਆਦਿਕ ਸਮੂਹ ਛੱਡੇ ਜਿੰਨ੍ਹਾਂ ਨਾਲ ਉਸੇ ਛਣ ਹੀ ਅਰਜੁਨ ਦੇ ਰਥ ਅਤੇ ਘੋੜੇ ਭਸਮੀਭੂਤ ਹੋ ਗਏ। ਤਾਂ ਵੀ ਸ੍ਰੀ ਕ੍ਰਿਸ਼ਨ ਜੋ ਪਰਮਾਤਮਾ ਰੂਪ ਸਾਰਥੀ ਦੇ ਬਲ ਨਾਲ ਰਥ ਤੇ ਘੋੜੇ ਜਿਉਂ ਦੇ ਤਿਉਂ ਹੀ ਬਣੇ ਰਹੇ। ਜਦੋਂ ਯੁੱਧ ਸਮਾਪਤ

ਹੋਇਆ ਤਾਂ ਭਸਮ ਦਾ ਢੇਰ ਹੋ ਗਏ॥

ਸਿਧਾਂਤ :- ਤਿਵੇਂ ਹੀ :-

(੧) ਸਥੂਲ ਦੇਹ ਰੂਪ ਰਥ ਹੈ।

(੨) ਤਿਸਦੇ ਪੁੰਨ-ਪਾਪ ਰੂਪ ਦੋ ਚੱਕਰ[੧੧] ਹਨ।

(੩) ਤਿੰਨ[੧੨] ਗੁਣ ਰੂਪ ਧਵੱਜ ਹੈ।

(੪) ਪੰਜ[੧੩] ਪ੍ਰਾਣ ਰੂਪ ਬੰਧਨ ਹਨ।

(੫) ਦਸ[੧੪] ਇੰਦ੍ਰਿਯ ਘੋੜੇ ਹਨ।

(੬) ਸ਼ੁਭ ਅਸ਼ੁਭ ਸ਼ਬਦ, ਸਪਰਸ਼ ਆਦਿ ਪੰਜ ਵਿਸ਼ੇ ਰੂਪ ਮਾਰਗ ਹੈ।

(੭) ਮਨ ਰੂਪ ਲਗਾਮ ਹੈ।

(੮) ਬੁਧੀ ਰੂਪ ਸਾਰਥੀ[੧੫] (ਸ੍ਰੀ ਕ੍ਰਿਸ਼ਨ) ਹੈ।

(੯) ਪਰਾਲਬਧ ਕਰਮ ਰੂਪ ਤਿਸਦਾ ਸੰਕਲਪ ਹੈ।

(੧੦) ਅਹੰਕਾਰ ਰੂਪ ਬੈਠਣ ਦਾ ਸਥਾਨ ਹੈ।

(੧੧) ਆਤਮਾ ਰੂਪ ਰਥੀ (ਅਰਜੁਨ) ਹੈ।

(੧੨) ਤਿਸਦੇ ਵੈਰਾਗ, ਵਿਵੇਕ ਆਦਿ ਸਾਧਨ ਰੂਪ ਸ਼ਸਤ੍ਰ ਹਨ।

ਸੋ ਰਥ ਉਪਰ ਆਰੂਢ[੧੬] ਹੋ ਕੇ ਸਤਸੰਗ ਰੂਪ ਰਣ ਭੂਮੀ ਵਿੱਚ ਗਿਆ। ਤਿਸਨੂੰ ਗੁਰੂ ਰੂਪ ਅਸ਼ਵਤਥਾਮਾ ਆਦਿਕਾਂ ਨੇ ਮਹਾਵਾਕਯ[੧੭] ਦਾ ਉਪਦੇਸ਼ ਰੂਪ ਬ੍ਰਹਮ ਅਸਤ੍ਰ ਆਦਿਕ ਮਾਰੇ। ਜਿਸ ਨਾਲ ਗਿਆਨ ਰੂਪ ਅਗਨੀ ਪਰਗਟ ਹੋ ਕੇ ਉਸੇ ਛਣ (ਸਮੇ) ਦੇਹਾਦਿਕ ਪ੍ਰਪੰਚ ਰੂਪ ਰਥਾਦਿਕ ਸਭ ਦਾ ਬਾਧ ਹੋ ਗਿਆ। ਤਾਂ ਵੀ ਸ਼੍ਰੀ ਕ੍ਰਿਸ਼ਨ ਰੂਪ ਸਾਰਥੀ ਦੇ ਸੁਦਰਸ਼ ਜੋ ਬੁਧੀ ਰੂਪ ਸਾਰਥੀ ਦੇ ਪਰਾਲਬਧ[੧੮] ਕਰਮ ਰੂਪ ਸੰਕਲਪ ਦੇ ਬਲ ਨਾਲ ਦੇਹਾਦਿਕ ਦਾ ਨਾਸ਼[੧੯] ਹੁੰਦਾ ਨਹੀਂ। ਕਿੰਤੂ ਪਿੱਛੋਂ[੨੦] ਵੀ ਦੇਹਾਦਿਕ ਦੀ ਪ੍ਰਤੀਤੀ ਹੁੰਦੀ ਹੈ॥ ਇਸੇ ਨੂੰ ਬਾਧਿਤ[੨੧] ਨਿਵਿਰਤੀ ਆਖਦੇ ਹਨ॥

ਇਸ ਰੀਤ ਨਾਲ ਇਹ ਬਾਧਿਤ ਹੋਏ ਪ੍ਰਪੰਚ ਦੀ ਪ੍ਰਤੀਤੀ ਵਿੱਚ ਹੋਰ ਦ੍ਰਿਸ਼ਟਾਂਤ ਸਮਝਣਾ॥

(੧੧) ਪਹੀਏ

(੧੨) ਤਿੰਨ ਗੁਣ :- ਰਜੋ, ਸਤੋ, ਤਮੋ ਪੰਨਾ ੧੦੮ ਤੇ ਟੂਕ (੨੩) ਪੜ੍ਹੋ।

(੧੩) ਪੰਨਾ ੭੭ ਤੇ ਪ੍ਰਸ਼ਨ ੬੩ ਪੜ੍ਹੋ।

(੧੪) ਪੰਜ ਕਰਮ ਤੇ ਪੰਜ ਗਿਆਨ ਇੰਦ੍ਰੇ ਪੰਨਾ ੭੬, ੭੭ ਤੇ ਪ੍ਰਸ਼ਨ ੬੧, ੬੨ ਪੜ੍ਹੋ।

(੧੫) ਰਥ ਨੂੰ ਚਲਾਉਣ ਵਾਲਾ

(੧੬) ਅਸਵਾਰ

(੧੭) ਪੰਨਾ ੨੮ ਤੇ ਟੂਕ (੨੪) ਪੜ੍ਹੋ।

(੧੮) ਪੰਨਾ ੨੦੯ ਤੇ ਪ੍ਰਸ਼ਨ ੨੧੯ ਪੜ੍ਹੋ।

(੧੯) ਜਿਸਦਾ ਨਾਸ਼ ਹੋਵੇ ਸੋ ਨਾਸ਼ ਦਾ ਪ੍ਰਤੀਯੋਗੀ ਕਹੀਏ ਵਿਰੋਧੀ ਹੈ।

੧. ਤਿਸ ਪ੍ਰਤੀਯੋਗੀ ਦੀ ਨਾਸ਼ ਵਿੱਚ ਪ੍ਰਤੀਤੀ ਹੁੰਦੀ ਹੈ। ਕਿੰਤੂ ਤਿੰਨ ਕਾਲਾਂ ਵਿੱਚ ਅਭਾਵ ਪ੍ਰਤੀਤ ਹੁੰਦਾ ਹੈ।

੨. ਬਾਧ ਵਿੱਚ ਪ੍ਰਤੀਯੋਗੀ ਦੀ ਪ੍ਰਤੀਤੀ ਨਹੀਂ ਹੁੰਦੀ। ਕਿੰਤੂ ਤਿੰਨ ਕਾਲਾਂ ਵਿੱਚ ਅਭਾਵ ਪ੍ਰਤੀਤ ਹੁੰਦਾ ਹੈ।

ਇਹ ਨਾਸ਼ ਅਤੇ ਬਾਧ ਦਾ ਸੂਖਮ ਭੇਦ ਹੈ।

(੨੦) ਜਿਵੇਂ ਘੁਮਿਆਰ ਦਾ ਚੱਕ ਡੰਡੇ ਨਾਲ ਘੁਮਾਉਣ ਦੇ ਪ੍ਰਯਤਨ ਨਾ ਕੀਤਿਆਂ ਵੀ ਪਿੱਛੋਂ ਪਹਿਲੀ ਵੇਗ (ਰਫਤਾਰ) ਦੇ ਬਲ ਨਾਲ ਘੁੰਮਦਾ ਹੈ। ਤਿਵੇਂ ਬਾਧ ਹੋਏ ਤੋਂ ਪਿੱਛੋਂ ਵੀ ਪਰਾਲਬਧ ਕਰਮ ਨਾਲ ਦੇਹਾਦਿਕ ਪ੍ਰਪੰਚ ਦੀ ਪ੍ਰਤੀਤੀ ਹੁੰਦੀ ਹੈ। ਸੋ ਬਾਧ ਨਿਵਿਰਤੀ ਹੈ।

(੨੧) ਬਾਧ ਨਿਵਿਰਤੀ ਪੰਨਾ ੧੯ ਤੇ ਪੜ੍ਹੋ।

ਪ੍ਰਸ਼ਨ ੨੩੬. ਵਿਦੇਹ ਮੁਕਤੀ ਸੋ ਕੀ ਹੈ?

ਉੱਤਰ : (੧) ਪ੍ਰਪੰਚ ਦੀ ਪ੍ਰਤੀਤੀ ਰਹਿਤ ਬ੍ਰਹਮ ਸ੍ਵਰੂਪ ਵਿੱਚ ਇਸਥਤੀ। ਵਾ:

(੨) ਪਰਾਲਬਧ ਕਰਮ ਦੇ ਭੋਗ ਨਾਲ ਨਾਸ਼ ਹੋਣ ਉਪਰੰਤ ਸਥੂਲ ਸੂਕਸ਼ਮ ਸਰੀਰ ਦੇ ਅਕਾਰ ਨਾਲ ਪ੍ਰਾਪਤ ਪਰਿਣਾਮ ਕਹੀਏ ਵਿਕਾਰ (ਬਦਲਾਵ) ਨੂੰ ਪ੍ਰਾਪਤ ਹੋਏ ਅਗਿਆਨ ਦਾ ਚੇਤਨ (ਗਿਆਨ) ਵਿੱਚ ਵਿਲਯ ਕਹੀਏ ਵਿਸ਼ੇਸ਼ ਕਰਕੇ ਲੀਨ ਹੋਣਾ।

ਸੋ ਵਿਦੇਹ ਮੁਕਤੀ ਹੈ॥

ਪ੍ਰਸ਼ਨ ੨੩੭. ਪਰਾਲਬਧ ਦੇ ਅੰਤ ਹੋਣ ਨਾਲ ਕਾਰਯ ਸਹਿਤ ਅਗਿਆਨ ਲੇਸ਼ ਦਾ ਵਿਲਯ ਕਿਸ ਸਾਧਨ ਨਾਲ ਹੁੰਦਾ ਹੈ?

ਉੱਤਰ : ਪਰਾਲਬਧ ਦੇ ਅੰਤ ਹੋਣ ਨਾਲ ਅਧਿਕ ਜਾਂ ਨਿਊਨ[੨੨] ਮੂਰਛਾ[੨੩] ਕਾਲ ਵਿੱਚ ਭਾਵੇਂ ਕਿ ਬ੍ਰਹਮਾਕਾਰ ਬ੍ਰਿਤੀ ਅਸੰਭਵ ਹੈ ਅਤੇ ਵਿਦਵਾਨ[੨੪] ਨੂੰ ਵਿਧੀ ਵੀ ਨਹੀਂ ਹੈ। ਤਾਂ ਵੀ ਸੁਖੋਪਤ ਦੀ ਨਿਆਈ ਉਸ ਮੂਰਛਾ ਕਾਲ ਵਿੱਚ ਵੀ ਬ੍ਰਹਮ ਵਿਦਿਆ ਦਾ ਸੰਸਕਾਰ[੨੫] ਹੈ। ਤਿਸ ਵਿੱਚ ਆਰੂਢ[੨੬] ਚੇਤਨ ਨਾਲ ਕਾਰਜ ਸਹਿਤ ਅਗਿਆਨ-ਲੇਸ਼[੨੭] ਦਾ ਵਿਲਯ (ਨਾਸ਼) ਹੁੰਦਾ ਹੈ। ਅਤੇ ਕਾਸ਼ਠ[੨੮] ਆਰੂਢ ਅਗਨੀ ਨਾਲ ਤ੍ਰਿਣ[੨੯] ਆਦਿਕ ਦਾ ਦਾਹ ਹੋ ਕੇ ਆਪਣੇ ਆਪ ਦੇ ਵੀ ਦਾਹ ਦੀ ਨਿਆਈ ਭਾਵ ਸੰਸਕਾਰ ਆਰੂਢ ਚੇਤਨ ਨਾਲ ਪ੍ਰਪੰਚ ਦਾ ਨਾਸ਼ ਹੋ ਕੇ ਆਪਣੇ ਆਪ ਦਾ ਕਹੀਏ ਤਿਸ ਗਿਆਨ ਸੰਸਕਾਰ ਦਾ ਵੀ ਵਿਨਾਸ਼ ਹੁੰਦਾ ਹੈ। ਪਿੱਛੇ ਅਸੰਗ ਸ਼ੁਧ ਸਚਿਦਾਨੰਦ ਸ੍ਵੈ-ਪ੍ਰਕਾਸ਼ ਆਪਣਾ ਆਪ ਬ੍ਰਹਮ ਅਵਸ਼ੇਸ਼[੩੦] ਰਹਿ ਜਾਂਦਾ ਹੈ॥

(੨੨) ਘੱਟ

(੨੩) ਬੇਹੋਸ਼ੀ ਦੀ ਹਾਲਤ

(੨੪) ਬ੍ਰਹਮ ਤੋਂ ਅਭਿੰਨ ਆਤਮਾ ਨੂੰ ਵਿਦ ਕਹੀਏ ਜਾਨਣ ਵਾਨ=ਵਾਲਾ

(੨੫) ਗਿਆਨ ਦੇ ਸੂਖਮ ਬੀਜ ਰੂਪ ਅੰਸ

(੨੬) ਅਸਵਾਰ

(੨੭) ਪੰਨਾ ੨੨੬ ਤੇ ਟੂਕ (੩) ਪੜ੍ਹੋ।

(੨੮) ਲੱਕੜ

(੨੯) ਘਾਹ

(੩੦) ਬਾਕੀ

इति श्रीविचारचंद्रोदये जीवन्मुक्तिविदेहमुक्ति
वर्णन नामिका चतुर्दशकला समाप्ता॥१४॥

ਇਤਿ ਸ਼੍ਰੀ ਵਿਚਾਰਚੰਦ੍ਰੋਦਯ ਜੀਵਨ ਮੁਕਤੀ ਵਿਦੇਹ ਮੁਕਤੀ ਵਰਣਨ ਨਾਮਿਕਾ ਚਤੁਰਦਸ਼ ਕਲਾ ਸਮਾਪਤਾ॥ ੧੪ ॥

ਸ਼੍ਰੀ=ਸੁਭਾਇਮਾਨ ਵਿਚਾਰਚੰਦ੍ਰੋਦਯ ਗ੍ਰੰਥ ਦਾ ਚਤੁਰਦਸ਼=ਚੌਧਵਾਂ ਕਲਾ=ਭਾਗ ਇੱਥੇ ਇਤਿ=ਸਮਾਪਤ ਹੁੰਦਾ ਹੈ। ਜਿਸ ਨੂੰ ''ਜੀਵਨ ਮੁਕਤੀ ਵਿਦੇਹ ਮੁਕਤੀ'' ਨਾਮਿਕਾ = ਨਾਮ ਦੀ ਪ੍ਰਕਿਰਿਆ ਦਾ ਵਿਸਤਾਰ ਨਾਲ ਵਰਣਨ=ਕਥਨ ਕਰਕੇ ਸਮਾਪਤਾ=ਸੰਪੂਰਨ ਕੀਤਾ ਗਿਆ ਹੈ॥

☆☆☆

(ਪੰਦਰਵੀਂ ਕਲਾ)

॥ अथ पंचदश कला प्रारंभः ॥१५॥

॥ ਅਥ ਪੰਚਦਸ਼ ਕਲਾ ਪ੍ਰਾਰੰਭਃ ॥ ੧੪ ॥

ਅਥ= ਹੁਣ ਇਸ ਗ੍ਰੰਥ ਦੇ ਪੰਚਦਸ਼=ਪੰਚ ਕਹੀਏ ਪੰਜ ਦਸ਼=ਦੱਸ ਭਾਵ ਪੰਦਰਵੇਂ ਕਲਾ=ਭਾਗ ਨੂੰ ਪ੍ਰਾਰੰਭਃ=ਪਰ ਕਹੀਏ ਵਿਸ਼ੇਸ਼ ਕਰਕੇ ਆਰੰਭਃ = ਸ਼ੁਰੂ ਕਰਦੇ ਹਨ॥

॥ वेदांतप्रमेय (पदार्थ) वर्णन॥

॥ ਵੇਦਾਂਤ ਪ੍ਰਮੇਯ (ਪਦਾਰਥ) ਵਰਣਨ॥

ਵੇਦਾਂਤ (ਵੇਦ+ਅੰਤ) ਵੇਦਾ ਦਾ ਅੰਤਿਮ ਭਾਗ ਸੋ ਕਹੀਏ ਵੇਦਾਂਤ ਸ਼ਾਸਤ੍ਰ। ਵੇਦਾਂਤ ਸ਼ਾਸਤ੍ਰ ਰੂਪ ਪ੍ਰਮਾਣ ਨਾਲ ਜਨਯ (ਪੈਦਾ ਹੋਇਆ) ਜੋ ਯਥਾਰਥ ਤੱਤ੍ਵ ਗਿਆਨ ਸੋ ਪ੍ਰਮਾ ਹੈ। ਤਿਸ ਪ੍ਰਮਾ ਦੁਆਰਾ ਜਾਨਣਯੋਗ ਜੋ ਪਦਾਰਥ ਸੋ ਪ੍ਰਮੇਯ ਦਾ ਵਰਣਨ=ਕਥਨ ਕਰਦੇ ਹਨ। ਇਸ ਪੰਦਰਵੀਂ ਕਲਾ ਦੇ ਵਿਚਾਰ ਨਾਲ ਪ੍ਰਮੇਯਗਤ ਸੰਸ਼ਯ (ਪੰਨਾ ੨੯ ਤੇ ਟੂਕ (੨੫) ਪੜ੍ਹੋ) ਦੀ ਨਿਵਿਰਤੀ ਹੁੰਦੀ ਹੈ॥

॥ ललित छंद॥ (गोपिका गीत वत्)

॥ ਲਲਿਤ ਛੰਦ॥ (ਗੋਪਿਕਾ ਗੀਤ ਵਤ੍)

ਅਨੇਕਾਂ ਪ੍ਰਕਾਰ ਦੀ ਛੰਦਾਬੰਦੀ ਵਿਚੋਂ ਪੀਤਾਂਬਰ ਜੀ ਲਲਿਤ ਨਾਮਕ ਛੰਦ ਦੇ ਅੰਦਰ ਸੁੰਦਰ ਕਾਵਿ ਰਚਨਾ ਦੁਆਰਾ ਮੂਲ ਪਾਠ ਦੀ ਰਚਨਾ ਕਰਦੇ ਹਨ। ਸ਼੍ਰੀ ਮਦ ਭਾਗਵਤ ਦੇ ਦਸਵੇਂ ਸਕੰਧ ਦੇ ਇਕੱਤੀਵੇਂ ਅਧਿਆਏ ਅੰਦਰ ਗੋਪਿਕਾ ਗੀਤ ਦੀ ਨਿਆਈ ਇਹ ਛੰਦ ਹੈ॥

जन तु जानिले ज्ञेय अर्थकूं।

ਜਨ ਤੂ ਜਾਨਿਲੇ ਗੇਯ ਅਰਥ ਕੂੰ।

ਹੇ ਉੱਤਮ ਜਿਗਿਆਸੂ ਜਨ=ਪੁਰਸ਼ ਤੂ=ਤੂੰ ਗੇਯ=ਜਾਨਣਯੋਗ ਜੋ ਪਦਾਰਥ (ਪ੍ਰਮੇਯ*, ਧੇਯਯ ਆਦਿ) ਤਿਸ ਕੂੰ=ਨੂੰ ਜਾਨਿਲੇ=ਸਮਝਣ ਵਾ ਜਾਨਣ ਦੇ ਅਰਥ=ਵਾਸਤੇ।

*ਤਿੰਨ ਵਸਤੂਆਂ ਦੇ ਪੁਟ=ਅਕਾਰ ਦਾ ਸਮੂਹ ਸੋ ਕਹੀਏ ਤ੍ਰਿਪੁਟੀ। ਜਿਵੇਂ :

(੧) ਪ੍ਰਮਾਤਾ, ਪ੍ਰਮਾਣ, ਪ੍ਰਮੇਯ

(੨) ਧਿਆਤਾ, ਧਿਆਨ, ਧੇਯਯ

(੩) ਗਿਆਤਾ, ਗਿਆਨ, ਗੇਯਯ ਆਦਿ

अंतहकरण अवछिंन सु जोती। चित 'प्रमाता' भाखे सोती।

गयाता धिआता वही कहीजै। याहि विशे संशय नहि कीजै॥ १४॥

ਵ੍ਰਿਤੀਯਵਛਿੰਨ ਅਹੇ ਚਿਦ ਜੋਈ। ਨਾਮ 'ਪ੍ਰਮਾਣ' ਕਹੀ ਸੋਈ।
ਘਟ ਅਵਛਿੰਨ ਅਹੇ ਚਿਦ ਜੋਈ। 'ਪ੍ਰਮੇਯ' ਬਖਾਨੇ ਕੋਵਿਦ ਸੋਈ॥ ੧੫॥

(ਮੋਕਸ਼ ਪੰਥ, ਚਤੁਰਥ ਨਿਵਾਸ)

(੧) ਅੰਤਹਕਰਣ ਦੇ ਵਿੱਚ ਅਵਛਿੰਨ ਕਹੀਏ ਮਿਲਿਆ ਵਾ ਸਮਾਇਆ ਜੋ ਚੇਤਨ ਸੋ ਪ੍ਰਮਾਤਾ ਕਹੀਏ ਹੈ। ਗਯਾਤਾ ਤੇ ਧਿਯਾਤਾ ਵੀ ਇਸੇ ਨੂੰ ਹੀ ਆਖਦੇ ਹਨ॥

(੨) ਵ੍ਰਿਤੀ ਵਿੱਚ ਅਵਛਿੰਨ=ਮਿਲਿਆ ਜੋ ਚੇਤਨ ਸੋ ਪ੍ਰਮਾਣ ਕਹੀਏ ਹੈ। ਗਿਆਨ ਤੇ ਧਿਆਨ ਇਸੇ ਦੇ ਨਾਮ ਜਾਨਣਾ॥

(੩) ਘਟ (ਘੜਾ) ਪਟ (ਬਸਤਰ) ਆਦਿਕ ਵਸਤੂਆਂ ਵਿੱਚ ਸਮਾਇਆ ਜੋ ਚੇਤਨ ਸੋ ਪ੍ਰਮੇਯ ਕਹੀਏ ਹੈ। ਗੇਯਯ, ਧੇਯਯ ਵੀ ਇਸ ਨੂੰ ਆਖਦੇ ਹਨ॥

सकल छेद सं-दे अनर्थ कूं॥
सकल छेद सं-दे अनरथ कुं॥

ਸਕਲ=ਸਾਰੇ ਪ੍ਰਪੰਚ ਰੂਪ ਅਨਰਥ=ਉਪੱਦ੍ਰਵ ਦਾ ਮੂਲ ਜੋ ਅਗਿਆਨ ਅਤੇ ਸੰ-ਦੇ =ਸੰਦੇਹ ਕਹੀਏ ਸ਼ੰਛਯ (ਪ੍ਰਮਾਣਗਤ, ਪ੍ਰਮੇਯਗਤ) ਕੂੰ=ਨੂੰ ਯਥਾਰਥ ਗਿਆਨ ਦੁਆਰਾ ਛੇਦ=ਕੱਟਣ ਰੂਪ ਨਿਵਿਰਤ ਕਰੋ। ਵਾ: ਸੰ=ਭਲੀ ਪ੍ਰਕਾਰ ਕੱਟ ਦੇ=ਦੇਣਾ ਕਰੋ॥

सुगति कौन है हेतु ताहिको।
मुगती कौन है हेतु ताहिको।

ਮੁਗਤੀ=ਮੁਕਤੀ ਕੌਨ=ਕੀ ਹੈ? ਅਤੇ ਤਾਹਿਕੋ=ਤਿਸ ਮੁਕਤੀ ਦਾ ਹੇਤੂ=ਕਾਰਣ ਕੌਨ=ਕੀ ਹੈ? ਪਰਮਾਨੰਦ ਦੀ ਪ੍ਰਾਪਤੀ ਅਤੇ ਅਗਿਆਨ ਸਹਿਤ ਜਨਮ ਮਰਣ ਦੀ ਨਿਵਿਰਤੀ ਮੋਕਸ਼ ਹੈ। ਤਿਸਦਾ ਹੇਤ ਦ੍ਰਿੜ ਅਪਰੋਕਸ਼ ਬ੍ਰਹਮ ਗਿਆਨ ਹੈ।

जनक बीचको कौन वाहिको॥ ३३॥
जनक बीचको कौन वाहिको॥ ३३॥

ਵਾਹਿਕੋ=ਤਿਸ ਮੋਕਸ਼ ਹੇਤੂ ਗਯਾਨ ਦਾ ਜਨਕ=ਪੈਦਾ ਕਰਨ ਵਾਲਾ ਬੀਚਕੋ=ਵਿੱਚਕਾਰ ਅਵਾਂਤਰ* ਸਾਧਨ ਕੌਨ=ਕਿਹੜਾ ਹੈ?

*ਜੋ ਮੁੱਖ ਸਾਧਨ (ਭਾਵ ਮੁਕਤੀ) ਨੂੰ ਪੈਦਾ ਕਰਨ ਵਿੱਚ ਸਹਾਇਕ ਹੋਵੇ ਸੋ ਕਹੀਏ ਅਵਾਂਤਰ ਸਾਧਨ।

ਪਰਮਾਨੰਦ ਦੀ ਪ੍ਰਾਪਤੀ ਦਾ ਅਵਾਂਤਰ ਸਾਧਨ ਗਿਆਨ ਹੈ।

विषय बोध को कौन जानिले।
विशय बोध कों कौन जानिले।

ਪੰਜ ਵਿਸ਼ਯ=ਵਿਸ਼ੇ :- ਸ਼ਬਦ, ਸਪਰਸ਼, ਰੂਪ, ਰਸ ਤੇ ਗੰਧ ਦੇ ਬੋਧ=ਗਿਆਨ ਕੋ=ਨੂੰ ਕੌਨ=ਕੌਣ ਜਾਨਲੇ=ਅਨੁਭਵ ਕਰਨ ਰੂਪ ਜਾਨਣਾ ਕਰਦਾ ਹੈ?

प्रतक ईश को तत्त्व मानिले॥

प्रतक ईश कौ तत्त्व मानिले॥

ਵਿਸ਼ਿਆ ਦਾ ਬੋਧ ਪ੍ਰਤਕ=ਅੰਤਰ ਆਤਮਾ ਕੋ=ਨੂੰ ਹੈ ਅਤੇ ਸੋ ਕੂਟਸਥ ਆਤਮਾ ਅਤੇ ਈਸ਼ਵਰ ਦੇ ਲਕਛਯ ਅਰਥ=ਸ਼ੁਧ ਬ੍ਰਹਮ ਜੋ ਆਤਮਾ ਤੋਂ ਅਭਿੰਨ ਹੈ ਤਿਸਨੂੰ ਤੱਤ੍ਵ=ਮੂਲ ਸਿਧਾਂਤ ਮਾਨਲੇ=ਮੰਨ ਲੈਣਾ ਕਰੋ॥

अहम अर्थ कूं खूब सोजिले।

अहम अरथ कूँ खूब सोजिले।

ਅਹਮ=ਤੂੰ ਪਦ ਭਾਵ ਜੀਵ ਦੇ ਅਰਥ=ਤਾਤਪਰਯ ਕੂੰ=ਨੂੰ ਜਹਤ-ਅਜਹਤ ਲਕਛਣਾ ਦੁਆਰਾ ਖੂਬ=ਚੰਗੀ ਤਰ੍ਹਾਂ ਸੋਜਿਲੇ=ਸੋਚ ਵਾ ਵਿਚਾਰ ਲੈਣਾ ਕਰੋ।

''तत्'' पदार्थ कूं शुद्ध खोजिले॥ ३४॥

''तत'' पदारथ कूँ शुध खोजिले॥ ३४॥

''ਤਤ''=ਈਸ਼ਵਰ ਰੂਪੀ ਪਦਾਰਥ = ਵਸਤੂ ਦੇ ਲਕਛਯ ਅਰਥ ਜੋ ਸ਼ੁਧ=ਮਾਇਆ ਮਲ ਰਹਿਤ ਬ੍ਰਹਮ ਕੂੰ=ਨੂੰ ਦ੍ਰਿੜ ਅਪਰੋਕਸ਼ ਬ੍ਰਹਮ ਗਿਆਨ ਦੁਆਰਾ ਖੋਜਿਲੇ=ਲੱਭ ਲੈਣਾ ਕਰੋ॥

परमआतमा एक मानिले।

परमआतमा एक मानिले।

ਪਰਮ=ਸ਼੍ਰੇਸ਼ਟ ਵਾ ਵਡਾ ਆਤਮਾ=ਨਿਜ, ਸੈ੍-ਸਰੂਪ ਜੋ ਸ਼ੁੱਧ ਬ੍ਰਹਮ ਤਿਸਨੂੰ ਦੁਈ ਤੋਂ ਰਹਿਤ ਏਕ=ਇੱਕ ਅਦ੍ਵੈਤ ਸਰੂਪ ਮਾਨਿਲੇ=ਮੰਨ ਲੈਣਾ ਕਰੋ।

अलाह पाकं पाक है सक करउ जे दूसर होइ॥

(ਤਿਲੰਗ ਭਗਤ ਕਬੀਰ ਜੀ, ਅੰਗ ੭੨੭)

तहँ सदादि ऐश्वर्य आनिले॥

तहिं सदादि ऐशवरज आनिले॥

ਤਹਿਂ =ਤਿਸ ਬ੍ਰਹਮ ਦੇ ਸਦਾਦਿ=ਸਤ, ਚਿਤ, ਅਨੰਦ, ਅਦ੍ਵੈ, ਅਜਨਮ ਆਦਿਕ ਵਿਸ਼ੇਸ਼ਣ ਰੂਪ ਐਸ਼ਵਰਯ=ਬਿਭੂਤੀ, ਸੰਪਤੀ ਦੁਆਰਾ ਮਨ ਦੀ ਚਿੰਤਨ ਰੂਪ ਬਿਰਤੀ ਸੈ੍-ਸਰੂਪ ਵਿੱਚ ਆਨਿਲੇ=ਲੈ ਕੇ ਆਉਣਾ ਕਰੋ॥

सत चिदात्म सो सर्वदा अहै।

सत चिदातम सो सरवदा अहै।

ਸਤ=ਤ੍ਰੈ ਕਾਲ ਅਬਾਧ ਚਿਦਾਤਮ (ਚਿ+ਆਤਮ) ਚਿਦ=ਚੇਤਨ ਕਹੀਏ ਗਿਆਨ ਸਰੂਪ ਬ੍ਰਹਮ ਤੋਂ ਅਭਿੰਨ ਆਤਮ=ਸੈ੍-ਸਰੂਪ ਪ੍ਰਤਯਕ (ਅੰਤਰ) ਆਤਮਾ ਦੀ ਏਕਤਾ ਸੋ=ਉਹ ਸਰਵਦਾ=ਤਿੰਨਾਂ ਕਾਲਾਂ ਵਿੱਚ ਅਹੈ=ਹੈ।

इस पीतांबरो ज्ञान कूँ गहै॥३५॥

इस पीतांबरो गयान कूँ गहै॥ ३५॥

ਪੀਤਾਂਬਰੋ=ਪੀਤਾਂਬਰ ਜੀ ਕਥਨ ਕਰਦੇ ਹਨ ਕਿ ਇਸ=ਇਹ ਜੋ ਬ੍ਰਹਮ ਆਤਮਾ ਦੀ ਏਕਤਾ ਦਾ ਪਰੋਕਸ਼ ਗਯਾਨ=ਇਲਮ ਅਤੇ ਦ੍ਰਿੜ ਅਪਰੋਕਸ਼ ਗਿਆਨ ਦੁਆਰਾ ਸਾਕਸ਼ਾਤਕਾਰ ਕੂੰ=ਨੂੰ ਗਹੈ=ਗ੍ਰਹਿਣ ਕਰੋ॥

ਹੁਣ ਇਸ ਮੂਲ ਪਾਠ ਦੀ ਵਿਚਾਰ ਨੂੰ ਪ੍ਰਸ਼ਨ-ਉੱਤਰਾਂ ਦੇ ਰਾਹੀਂ ਸਮਝਾਉਂਦੇ ਹਨ :-

ਪ੍ਰਸ਼ਨ ੨੩੮. ਮੋਕਸ਼ ਦਾ ਸ੍ਵਰੂਪ ਕੀ ਹੈ?

ਉੱਤਰ : (੧) ਕਾਰਜ[੧] ਸਹਿਤ ਅਗਿਆਨ ਰੂਪ ਅਨਰਥ ਦੀ ਕਹੀਏ ਬੰਧਨ ਦੀ ਨਿਵਿਰਤੀ[੨]। ਅਤੇ
(੨) ਪਰਮਾਨੰਦ ਰੂਪ ਬ੍ਰਹਮ ਦੀ ਪ੍ਰਾਪਤੀ[੩]।
ਇਹ ਮੋਕਸ਼ ਦਾ ਸ੍ਵਰੂਪ ਹੈ॥

(੧) ਕਾਰਣ ਜੋ ਅਗਿਆਨ ਤਿਸਦਾ ਪ੍ਰਣਾਮ (ਨਤੀਜਾ) ਸੋ ਕਹੀਏ ਕਾਰਜ। ਭਾਵ ਕਾਰਣ ਅਗਿਆਨ ਅਤੇ ਤਿਸਦਾ ਕਾਰਜ ਪ੍ਰਪੰਚ।

(੨) ਪੰਨਾ ੧੯ ਤੇ ਟੂਕ (੪) ਪੜ੍ਹੋ।

(੩) ਪੰਨਾ ੨੧ ਤੇ ਟੂਕ (੬) ਪੜ੍ਹੋ।

ਪ੍ਰਸ਼ਨ ੨੩੯. ਤਿਸ ਮੋਕਸ਼ ਦਾ ਸਾਕਸ਼ਾਤ ਸਾਧਨ ਕੀ ਹੈ?

ਉੱਤਰ : ਬ੍ਰਹਮ ਦਾ ਅਤੇ ਆਤਮਾ ਦੀ ਏਕਤਾ ਦਾ ਦ੍ਰਿੜ-ਅਪਰੋਕਸ਼[੪] ਗਿਆਨ ਮੋਕਸ਼ ਦਾ ਸਾਕਸ਼ਾਤ[੫] ਸਾਧਨ ਹੈ॥

(੪) ਪੰਨਾ ੩੧ ਤੇ ਪ੍ਰਸ਼ਨ ੧੮ ਪੜ੍ਹੋ।

(੫) ਪਰਤੱਖ

ਪ੍ਰਸ਼ਨ ੨੪੦. ਮੋਕਸ਼ ਦਾ ਅਵਾਂਤਰ (ਗਿਆਨ ਦੁਆਰਾ) ਸਾਧਨ ਕੀ ਹੈ?

ਉੱਤਰ : ਨਿਸ਼ਕਾਮ[੬] ਕਰਮ ਅਤੇ ਉਪਾਸਨਾ[੭] ਆਦਿਕ ਅਨੇਕ ਮੋਕਸ਼ ਦੇ ਅਵਾਂਤਰ ਸਾਧਨ ਹਨ॥

(੬) ਜੋ ਕਾਮ ਕਹੀਏ ਫਲ ਪ੍ਰਾਪਤੀ ਦੀ ਕਾਮਨਾ ਵਾ ਇੱਛਾ ਤੋਂ ਮਨ, ਬਾਣੀ, ਸਰੀਰ ਦੁਆਰਾ ਕਰਮ=ਕਿਰਿਆ ਹੋਵੇ ਸੋ ਕਹੀਏ ਨਿਸ਼ਕਾਮ ਕਰਮ।

ਸੋ ਨਿਹਕਰਮੀ ਜੋ ਸਬਦੁ ਬੀਚਾਰੇ॥ ਅੰਤਰ ਤਤੁ ਗਿਆਨਿ ਹਉਮੈ ਮਾਰੇ॥

(ਮਾਝ ਮ:੩, ਅੰਗ ੧੨੬)

ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥

(ਗਉੜੀ ਸੁਖਮਨੀ ਮ:੫, ਅੰਗ ੨੮੮)

(੭) ਪੰਨਾ ੨੧੭ ਤੇ ਟੂਕ (੧੧) ਪੜ੍ਹੋ।

(੮) ਜਿਸ ਸਹਾਇਕ ਸਾਧਨ ਦੁਆਰਾ ਪਰਮ ਪ੍ਰਯੋਜਨ ਸੋ ਕਹੀਏ ਮੋਕਸ਼ ਦੀ ਪ੍ਰਾਪਤੀ ਹੋਵੇ ਸੋ ਕਹੀਏ ਅਵਾਂਤਰ ਸਾਧਨ।

ਨਿਸ਼ਕਾਮ ਕਰਮ ਤੇ ਉਪਾਸਨਾ ਰੂਪ ਅਵਾਂਤਰ ਸਾਧਨ ਅੰਤਹਕਰਣ ਦੀ ਸ਼ੁੱਧੀ ਤੇ ਏਕਾਗ੍ਰਤਾ ਦੁਆਰਾ ਗਿਆਨ ਦੇ ਹੇਤੂ (ਕਾਰਣ) ਹਨ।

ਪ੍ਰਸ਼ਨ ੨੪੧. ਤਿਸ ਗਿਆਨ ਦਾ ਵਿਸ਼ਯ ਕੀ ਹੈ?

ਉੱਤਰ : ਆਤਮਾ ਤੇ ਬ੍ਰਹਮ ਦੀ ਏਕਤਾ ਗਿਆਨ ਦਾ ਵਿਸ਼ਯ (ਵਿਸ਼ਾ) ਹੈ॥

ਅਚਰਜ ਕਥਾ ਮਹਾ ਅਨੂਪ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪ॥ ਰਹਾਉ॥

(ਗੌਂਡ ਮ:੫, ਅੰਗ ੮੬੮)

ਪ੍ਰਸ਼ਨ ੨੪੨. ਆਤਮਾ ਦਾ ਸ੍ਵਰੂਪ ਕੀ ਹੈ?

ਉੱਤਰ : (੧) ਦੇਹ-ਇੰਦ੍ਰਿਯ-ਪ੍ਰਾਣ-ਮਾਨ-ਬੁਧੀ-ਅਗਿਆਨ ਅਤੇ ਸ਼ੂਨਯ[੯] ਤੋਂ ਭਿੰਨ।

(੨) ਅਕਰਤਾ[੧੦]

(੩) ਅਭੋਗਤਾ[੧੧]

(੪) ਅਸੰਗ[੧੨]

(੫) ਵਿਆਪਕ[੧੩]

(੬) ਚੇਤਨ[੧੪]

ਇਹ ਆਤਮਾ ਦਾ ਸ੍ਵਰੂਪ ਹੈ॥

(੯) ਨਿਰਵਿਕਲਪ, ਅਫੁਰ ਅਵਸਥਾ ਦਾ ਦ੍ਰਸ਼ਟਾ ਹੋਣ ਕਰਕੇ ਸ਼ੂਨਯ ਤੋਂ ਭਿੰਨ।

(੧੦) ਸ਼ੁਭ-ਅਸ਼ੁਭ ਕਰਮ ਕਰਣ ਤੋਂ ਰਹਿਤ।

(੧੧) ਪਾਪ-ਪੁੰਨ ਰੂਪ ਫਲ ਭੋਗਣ ਤੋਂ ਰਹਿਤ।

(੧੨) ਸੰਗ-ਸੰਬੰਧ ਤੋਂ ਅ=ਰਹਿਤ।

(੧੩) ਅਧਿਕ ਦੇਸ਼ਵਰਤੀ।

(੧੪) ਗਿਆਨ ਸਰੂਪ।

ਪ੍ਰਸ਼ਨ ੨੪੩. ਬ੍ਰਹਮ ਦਾ ਸ੍ਵਰੂਪ ਕੀ ਹੈ?

ਉੱਤਰ : (੧) ਨਿਸ਼ਪ੍ਰਪੰਚ[੧੫] (੨) ਅਸੰਗ[੧੬] (੩) ਪਰੀਪੂਰਨ[੧੭] (੪) ਚੇਤਨ[੧੮] ਬ੍ਰਹਮ ਦਾ ਸ੍ਵਰੂਪ ਹੈ।

(੧੫) ਪ੍ਰਪੰਚ ਜੋ ਪਰ=ਵਿਸ਼ੇਸ਼ ਕਰਕੇ ਪੰਚ=ਛਲ ਰੂਪ ਸੰਸਾਰ ਵਾ: ਪਰ = ਵਿਸ਼ੇਸ਼ ਕਰਕੇ ਪੰਚ=ਪੰਜ ਅੰਸਾ (ਅਸਤੀ, ਭਾਤੀ, ਪ੍ਰਿਯ, ਨਾਮ, ਰੂਪ) ਦਾ ਬਣਿਆ ਹੋਵੇ ਤਿਸ ਤੋਂ ਨਿਸ਼=ਰਹਿਤ।

(੧੬) ਸੰਗ=ਸੰਬੰਧ ਤੋਂ ਅ=ਰਹਿਤ ਵਾ ਨਿਰਲੇਪ

(੧੭) ਲਬਾ-ਲਬ ਭਰਿਆ ਹੋਇਆ ਵਾ ਜਿਸ ਵਿੱਚ ਕੋਈ ਊਣਤਾਈ ਨਾ ਹੋਵੇ।

(੧੮) ਗਿਆਨ ਸਰੂਪ ਵਾ ਸੱਤਾ ਸਫੁਰਤੀ ਸਹਿਤ।

ਪ੍ਰਸ਼ਨ ੨੪੪. ਬ੍ਰਹਮ ਆਤਮਾ ਦੀ ਏਕਤਾ ਕਿਹੋ ਜਿਹੀ ਹੈ?

ਉੱਤਰ : (੧) ਸਚਿਦਾਨੰਦ[੧੯] (੨) ਐਸ਼ਵਰਯ ਸ੍ਵਰੂਪ[੨੦] ਸਦਾਵਿਦਯਾਮਾਨ[੨੧] ਬ੍ਰਹਮ-ਆਤਮਾ ਦੀ ਏਕਤਾ ਹੈ॥

(੧੯) ਸਤਿ, ਚਿਤ, ਅਨੰਦ (ਪੰਨਾ ੨੪ ਤੇ ਟੂਕ (੧੧) ਪੜ੍ਹੋ)

(੨੦) ਵਿਸ਼ੇਸ਼ਣਾ ਰੂਪ ਐਸ਼ਵਰਯ=ਬਿਭੂਤੀ, ਸੰਪਤੀ ਸਹਿਤ।

(੨੧) ਤਿੰਨ ਕਾਲਾਂ ਵਿੱਚ ਨਿੱਤ ਰਹਿਣ ਵਾਲਾ।

ਪ੍ਰਸ਼ਨ ੨੪੫. ਗਿਆਨ ਦਾ ਸ੍ਵਰੂਪ ਕੀ ਹੈ?

ਉੱਤਰ : ਜੀਵ ਬ੍ਰਹਮ ਦੇ ਅਭੇਦ ਦਾ ਨਿਸ਼ਚਯ ਗਿਆਨ ਦਾ ਸ੍ਵਰੂਪ ਹੈ।

ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰ ਹੈ॥

(ਆਸਾ ਮ:੧, ਅੰਗ ੩੫੪)

ਪ੍ਰਸ਼ਨ ੨੪੬. ਗਿਆਨ ਦਾ ਸਾਕਸ਼ਾਤ ਅੰਤਰੰਗ (ਸਮੀਪ ਦਾ) ਸਾਧਨ ਕੀ ਹੈ?

ਉੱਤਰ : ਬ੍ਰਹਮਨਿਸ਼ਠ[੨੨] ਗੁਰੂ ਦੇ ਮੁੱਖ ਤੋਂ ਮਹਾਵਾਕਯ[੨੩] ਦੇ ਅਰਥਾਂ ਦਾ ਸ੍ਰਵਣ[੨੪] ਗਿਆਨ ਦਾ ਸਾਕਸ਼ਾਤ[੨੫] ਅੰਤਰੰਗ[੨੬] ਸਾਧਨ ਹੈ।

(੨੨) ਪੰਨਾ ੪੩ ਤੇ ਪੜ੍ਹੋ।

(੨੩) ਪੰਨਾ ੨੮ ਤੇ ਟੂਕ (੨੪) ਪੜ੍ਹੋ।

(੨੪) ਪੰਨਾ ੨੯ ਤੇ ਟੂਕ (੨੬) ਵਿਚੋਂ ਪੜ੍ਹੋ।

(੨੫) ਪਰਤੱਖ

(੨੬) ਜਿੰਨਾਂ ਸਾਧਨਾ ਦਾ ਸਰਵਣ ਅਥਵਾ ਬ੍ਰਹਮ ਤੋਂ ਅਭਿੰਨ ਆਤਮਾ ਦੇ ਗਿਆਨ ਵਿੱਚ ਪ੍ਰਤੱਖ ਫਲ ਹੋਵੇ ਸੋ ਅੰਤਰੰਗ ਸਾਧਨ ਕਹੀਏ ਹੈ। ਜਿਵੇਂ ਵਿਵੇਕ, ਵੈਰਾਗ, ਖਟਸੰਪਤੀ ਆਦਿ।

ਪ੍ਰਸ਼ਨ ੨੪੭. ਗਿਆਨ ਦੇ ਪਰੰਪਰਾ ਅੰਤਰੰਗ ਸਾਧਨ ਕਿਹੜੇ ਹਨ?

ਉੱਤਰ : (੧) ਵਿਵੇਕ[੨੭] (੨) ਵੈਰਾਗ[੨੮] (੩) ਖਟ ਸੰਪਤੀ[੨੯] (ਸਮ, ਦਮ, ਸਰਧਾ, ਸਮਾਧਾਨ, ਉਪਰਾਮ, ਤਿਤਿਕਛਾ) (੪) ਮੁਮੁਕਸ਼ਤਾ[੩੦] (ਮੋਕਸ਼ ਇੱਛਾ) (੫) ''ਤਤ'' ਪਦ ਅਤੇ ''ਤੂੰ'' ਪਦ ਦੇ ਅਰਥ ਦਾ ਸ਼ੋਧਨ[੩੧] (੬) ਸਰਵਣ[੩੨] (੭) ਮੰਨਨ[੩੩] ਅਤੇ (੮) ਨਿਧਿਆਸਣ[੩੪]। ਇਹ ਅੱਠ ਗਿਆਨ ਦੇ ਪਰੰਪਰਾ ਨਾਲ ਅੰਤਰੰਗ ਸਾਧਨ ਹਨ॥

(੨੭) ਪੰਨਾ ੧੬੮ ਤੇ ਟੂਕ (੪੭) ਪੜ੍ਹੋ।

(੨੮) ਪੰਨਾ ੨੧੭ ਤੇ ਟੂਕ (੧੩) ਪੜ੍ਹੋ।

(੨੯) ਸਮ, ਦਮ, ਸ਼ਰਧਾ, ਉਪਰਾਮਤਾ, ਸਮਾਧਾਨ ਤੇ ਤਤਿਖਜਾ ਇਨ੍ਹਾਂ ਛੇ ਸਾਧਨਾਂ ਨੂੰ ਖਟ ਸੰਪਤੀ ਆਖਦੇ ਹਨ।

(੧) ਸਮ:- ਮਨ ਨੂੰ ਬਾਹਰਮੁਖ ਬਿਰਤੀ, ਵਿਸ਼ਿਆ ਵੱਲੋਂ ਰੋਕ ਕੇ ਰੱਖਣ ਨੂੰ 'ਸਮ' ਆਖਦੇ ਹਨ।

ਮਨ ਵਿਸ਼ਿਯਨ ਤੇ ਰੋਕਨੋਂ ਸਮ ਤਿਹਿ ਕਹਤ ਸੁ ਧੀਰ।

(ਵਿਚਾਰ ਸਾਗਰ)

ਬਾਸਨ ਤਜਾਗ ਸਦਾ ਸਮ ਹੈ.... ॥

(ਅਧਜਾਤਮ ਪ੍ਰਕਾਸ਼)

(੨) ਦਮ:- ਸਾਰੇ ਇੰਦ੍ਰਿਆਂ ਨੂੰ ਆਪਣੇ ਅਧੀਨ ਕਰ ਲੈਣ ਨੂੰ 'ਦਮ' ਆਖਦੇ ਹਨ।

ਇੰਦ੍ਰਯ ਗਨ ਕੋ ਰੋਕਨੋ ਦਮ ਭਾਖਤ ਬੁੱਧ ਵੀਰ॥ ੧੬॥

(ਵਿਚਾਰ ਸਾਗਰ)

ਦਮ ਬਾਹਰ ਬ੍ਰਿਤਿ ਕੋ ਨਿਗ੍ਰਹ ਠਾਨੋ॥

(ਅਧਜਾਤਮ ਪ੍ਰਕਾਸ਼)

(੩) ਸ਼ਰਧਾ :- ਵੇਦ ਆਦਿ ਧਾਰਮਿਕ ਗ੍ਰੰਥਾਂ ਦੇ ਬਚਨਾ ਉੱਪਰ ਵਿਸ਼ਵਾਸ, ਭਰੋਸਾ ਕਰਨ ਨੂੰ 'ਸ਼ਰਧਾ' ਆਖਦੇ ਹਨ।

ਸਤਜ ਵੇਦ ਗੁਰ ਵਾਕਜ ਹੈ ਸਰਧਾ ਅਸ ਵਿਸ੍ਵਾਸ।

(ਵਿਚਾਰ ਸਾਗਰ)

(੪) ਸਮਾਧਾਨ :- ਮਨ ਦੇ ਵਿਚੋਂ ਚੰਚਲਤਾਈ ਖ਼ਤਮ ਹੋ ਜਾਣ ਨੂੰ 'ਸਮਾਧਾਨ' ਆਖਦੇ ਹਨ।

ਸਮਾਧਾਨ ਤਾ ਕੂੰ ਕਹਤ ਮਨ ਵਿਛੇਪ ਕੋ ਨਾਸ॥ ੧੭॥

(ਵਿਚਾਰ ਸਾਗਰ)

ਏਕ ਹ੍ਵੈ ਚਿਤ ਸਮਾਧਿ ਵਸੈ ਇਹ ਭਾਂਤ ਸਮਾਧਾਨ ਸਾਧਨ ਜਾਨੋ॥ ੧੬॥

(ਅਧਜਾਤਮ ਪ੍ਰਕਾਸ਼)

(੫) ਉਪਰਾਮ :- ਸਾਰੇ ਪਖੰਡ ਆਦਿਕ ਕਰਮਾਂ ਦਾ ਤਿਆਗ ਕਰ ਦੇਣਾ, ਵਿਸ਼ਿਆ ਨੂੰ ਵਿਹੁ ਰੂਪ ਜਾਣ ਕੇ ਛੱਡ ਦੇਣਾ, ਪਰ-ਇਸਤ੍ਰੀ ਵਾ ਪਰ-ਪੁਰਸ਼ ਨੂੰ ਵੇਖ ਕੇ ਚਿਤ ਵਿੱਚ ਵਿਸ਼ਿਆ ਵੱਲੋਂ ਗਿਲਾਨੀ ਪੈਦਾ ਹੋਣੀ ਇਸ ਦਾ ਨਾਮ 'ਉਪਰਾਮਤਾ' ਹੈ। ਇਸ ਨੂੰ ਉਪਰਤੀ ਵੀ ਆਖਦੇ ਹਨ।

ਸਾਧਨ ਸਹਿਤ ਕਰਮ ਸਭ ਤਜਾਗੇ। ਲਖਿ ਵਿਖ ਸਮ ਵਿਸ਼ਯਨ ਤੇ ਭਾਗੇ।
ਦ੍ਰਿਗ ਨਾਰੀ ਪ੍ਰੇਖਿ ਹ੍ਵੈ ਜਿਯ ਗਿਲਾਨਾ। ਯਹ ਲਕਸ਼ਣ ਉਪਰਾਮ ਬਖਾਨਾ॥ ੧੮॥

(ਵਿਚਾਰ ਸਾਗਰ)

ਦੇਖਨ ਦੋਖ ਵਿਖੈ ਉਪਰਾਮ....॥

(ਅਧਜਾਤਮ ਪ੍ਰਕਾਸ਼)

(੬) ਤਤਿਖਜਾ :- ਸਰਦੀ-ਗਰਮੀ, ਭੁੱਖ-ਪਿਆਸ, ਸੁਖ-ਦੁਖ, ਖੁਸ਼ੀ-ਗਮੀ ਆਦਿ ਵਿੱਚ ਇਕ ਸਮਾਨ ਬਿਰਤੀ ਰੱਖਣੀ, ਇਸ ਨੂੰ 'ਤਤਿਖਜਾ' ਆਖਦੇ ਹਨ।

ਆਤਪ ਸੀਤ ਛੁਧਾ ਤ੍ਰਿਖਾ ਇਨ ਕੋ ਸਹਨ ਸੁਭਾਵ।
ਤਾਹਿ ਤਿਤਿਕਛਾ ਕਹਤ ਹੈ ਕੋਵਿਤ ਮੁਨਿਵਰ ਰਾਵ॥ ੧੯॥

(ਵਿਚਾਰ ਸਾਗਰ)

ਤਿਤਿਛਾ ਯਹ ਸੁਖ ਜੋ ਦੁਖ ਮਾਨੋ॥

(ਅਧਜਾਤਮ ਪ੍ਰਕਾਸ਼)

(੩੦) ਬ੍ਰਹਮ ਦੀ ਪ੍ਰਾਪਤੀ ਅਤੇ ਅਨਰਥ ਕਹੀਏ ਬੰਧਨ ਰੂਪ ਪ੍ਰਪੰਚ ਦੀ ਨਿਵਿਰਤੀ ਮੋਕਸ਼ ਦਾ ਸ੍ਵਰੂਪ ਹੈ ਅਤੇ ਇਸਦੀ ਤੀਬਰ ਇੱਛਾ ਦਾ ਨਾਮ 'ਮੁਮੁਕਸ਼ੁਤਾ' ਹੈ।

ਬ੍ਰਹਮ ਪ੍ਰਾਪਤੀ ਅਰੁ ਬੰਧ ਕੀ ਹਾਨੀ ਮੋਕਸ਼ ਕੋ ਰੂਪ।
ਤਾਕੀ ਚਾਹ ਮੁਮੁਕਸ਼ੁਤਾ ਭਾਖਤ ਮੁਨਿਵਰ ਭੂਪ॥ ੨੧॥

(ਵਿਚਾਰ ਸਾਗਰ)

(੩੧) ਚੇਤਨ ਦਾ ਅਤੇ ਜੜ ਦਾ ਕ੍ਰਮ ਨਾਲ ਕਾਰਯ-ਕਾਰਣਪਨਾ ਅਤੇ ਅਧਿਸ਼ਠਾਨ-ਅਧਿਅਸਤਪਨਾ

ਅਤੇ ਦ੍ਰਸ਼ਟਾ-ਦ੍ਰਿਸ਼ਯਪਨਾ ਅਤੇ ਸਾਕਸ਼ੀ-ਸਾਕਸ਼ਯਪਨਾ, ਤਿਸਦਾ ਸ਼ਾਸਤ੍ਰ ਉਕਤ ਅਨੇਕਾਂ ਪ੍ਰਕਿਰਿਆ ਕਰਕੇ ਜੋ ਵਿਚਾਰ ਕਰਨਾ ਕਹੀਏ ਹੰਸ ਦੀ ਨਿਆਈ ਦੁੱਧ-ਪਾਣੀ ਦਾ ਵਿਭਾਗ ਕਰਨਾ ਭਾਵ ਵਿਵੇਕ ਰੂਪ ਚੁੰਝ ਦੁਆਰਾ ਦੁੱਧ ਦੀ ਨਿਆਈ ਬ੍ਰਹਮ ਦੀਆਂ ਤਿੰਨ ਅੰਸਾ:- ਅਸਤੀ, ਭਾਂਤੀ, ਪ੍ਰਿਯ ਅਤੇ ਪਾਣੀ ਦੀ ਨਿਆਈ ਮਾਇਆ ਦੀਆਂ ਦੋ ਅੰਸਾ:- ਨਾਮ ਤੇ ਰੂਪ ਦਾ ਵਿਭਾਗ ਕਰਨਾ, ਸੋ ਪਦਾਰਥ ਸ਼ੋਧਨ ਕਹੀਏ ਹੈ॥

(੩੨), (੩੩), (੩੪) ਪੰਨਾ ੨੯ ਤੇ ਟੂਕ ੨੬ ਵਿਚੋਂ ਪੜ੍ਹੋ।

ਪ੍ਰਸ਼ਨ ੨੪੮. ਗਿਆਨ ਦੇ ਬਹਿਰੰਗ (ਦੂਰ ਦੇ) ਸਾਧਨ ਕਿਹੜੇ ਹਨ?

ਉੱਤਰ : ਨਿਸ਼ਕਾਮ-ਕਰਮ(੩੫) ਅਤੇ ਨਿਸ਼ਕਾਮ-ਉਪਾਸ਼ਨਾ(੩੬) ਆਦਿਕ ਗਿਆਨ ਦੇ ਬਹਿਰੰਗ(੩੭) ਸਾਧਨ ਹਨ॥

(੩੫) ਪੰਨਾ ੨੩੪ ਤੇ ਟੂਕ (੬) ਪੜ੍ਹੋ।

(੩੬) ਪੰਨਾ ੨੧੭ ਤੇ ਟੂਕ (੧੧) ਪੜ੍ਹੋ।

(੩੭) ਜਿੰਨਾ ਸਾਧਨਾ ਦਾ ਬ੍ਰਹਮ-ਆਤਮਾ ਦੀ ਏਕਤਾ ਦੇ ਗਿਆਨ ਅਥਵਾ ਸਰਵਣ ਵਿੱਚ ਪ੍ਰਤੱਖ ਫਲ ਨਾ ਹੋਵੇ ਕਿੰਤੂ ਅੰਤਹਕਰਣ ਦੀ ਸ਼ੁਧੀ ਤੇ ਇਕਾਗ੍ਰਤਾ ਜਿੰਨਾ ਦਾ ਫਲ ਹੋਵੇ ਸੋ ਗਿਆਨ ਦੇ ਬਹਿਰੰਗ ਸਾਧਨ ਕਹੀਏ ਹੈ।

ਪ੍ਰਸ਼ਨ ੨੪੯. ਗਿਆਨ ਦੇ ਸਾਰੇ ਮਿਲ ਕੇ ਕਿੰਨੇ ਸਾਧਨ ਹਨ?

ਉੱਤਰ : ਗਿਆਨ ਦੇ ਸਾਰੇ ਮਿਲ ਕੇ ਇਕਾਦਸ਼ ਕਹੀਏ ਗਿਆਰਾਂ(੩੮) ਵਾ ਕੁਝ ਅਧਿਕ ਸਾਧਨ ਹਨ।

(੩੮) (੧) ਵਿਵੇਕ (੨) ਵੈਰਾਗ (੩) ਖਟ ਸੰਪਤੀ (੪) ਮੋਕਸ਼ ਇਛਾ) ਮੁਮੁਕਸ਼ੁਤਾ (੫) ''ਤਤ'' ਅਤੇ ''ਤੂੰ'' ਪਦ ਦਾ ਸ਼ੋਧਨ (੬) ਸਰਵਣ (੭) ਮੰਨਣ (੮) ਨਿਧਿਆਸਣ (੯) ਨਿਸ਼ਕਾਮ ਕਰਮ (੧੦) ਨਿਸ਼ਕਾਮ ਉਪਾਸ਼ਨਾ (੧੧) ਮਹਾਵਾਕਜ ਆਦਿ।

(੧-੮) ਵਿਸਤਾਰ ਨਾਲ ਪੰਨਾ ੨੩੬ ਤੇ ਪ੍ਰਸ਼ਨ ੨੪੭ ਪੜ੍ਹੋ।

(੯-੧੦) ਪੰਨਾ ੨੩੮ ਤੇ ਪ੍ਰਸ਼ਨ ੨੪੮ ਪੜ੍ਹੋ।

(੧੧) ਪੰਨਾ ੨੮ ਤੇ ਟੂਕ (੨੪) ਪੜ੍ਹੋ।

इति श्रीविचारचंद्रोदये वेदांतप्रमेयनिरूपण नामिका पंचदशकला समाप्ता॥१५॥

ਇਤਿ ਸ਼੍ਰੀ ਸੁਭਾਇਮਾਨ ਵਿਚਾਰਚੰਦ੍ਰੋਦਯ ਵੇਦਾਂਤ ਪ੍ਰਮੇਯ ਨਿਰੂਪਣ ਨਾਮਿਕਾ ਪੰਚਦਸ਼ ਕਲਾ ਸਮਾਪਤਾ॥੧੫॥

ਸ਼੍ਰੀ = ਸੁਭਾਇਮਾਨ ਵਿਚਾਰਚੰਦ੍ਰੋਦਯ ਗ੍ਰੰਥ ਦਾ ਪੰਚਦਸ਼=ਪੰਦਰਵਾ ਕਲਾ=ਭਾਗ ਇਥੇ ਇਤਿ= ਸਮਾਪਤ ਹੁੰਦਾ ਹੈ। ਜਿਸਨੂੰ ''ਵੇਦਾਂਤ ਪ੍ਰਮੇਯ'' ਨਾਮਿਕਾ = ਨਾਮ ਦੀ ਪ੍ਰਕਿਰਿਆ ਦਾ ਨਿਰੂਪਣ=ਕਥਨ ਕਰਕੇ ਸਮਾਪਤਾ=ਸੰਪੂਰਨ ਕੀਤਾ ਗਿਆ ਹੈ॥

☆☆☆

मंगलाचरणम्

चैतन्यं शाश्वतं शांतं व्योमातीतं निरंजनम्॥

नादबिंदुकलातीतं तस्मै श्रीगुरवे नमः॥ १॥

सर्वश्रुतिशिरोरत्नविराजितमपदांबुजम्॥

वेदांतांबुजमा तंर्ड तस्मै श्रीगुरवै नमः॥ २॥

अज्ञानतिमिरांध्स्य ज्ञानांजनशलानया॥

चक्षुरुन्मीलितं येन तस्मै श्रीगुरवे नमः॥ ३॥

गुरुर्ब्रह्मा गुरुर्विष्णुर्गुरुर्देवो महेश्वरः॥

गुरुदेव परं ब्रह्म तस्मै श्रीगुरवे नमः॥ ४॥

अखंडमंडलाकारं व्याप्तं येन चराचरम्॥

तत्पदं दर्शितं येन तस्मै श्रीगुरवे नमः॥ ५॥

अखंडानंदबोधाय शिष्यसंतापहारिणे॥

सच्चिदानंदरूपाय रामाय गुरवे नमः॥ ६॥

इति मंगलाचरणम्

अथ श्रीश्रुतिषड्लिंगसंग्रहः

॥ਅਥ ਛੋੜਸ ਕਲਾ ਪ੍ਰਾਰੰਭ: ॥੧੬॥

ਅਥ=ਹੁਣ ਇਸ ਗ੍ਰੰਥ ਦੇ ਛੋੜਸ =ਛੋਲਵੇਂ ਕਲਾ=ਭਾਗ ਨੂੰ ਪ੍ਰਾਰੰਭ:=ਪਰ ਕਹੀਏ ਵਿਸ਼ੇਸ਼ ਕਰਕੇ ਆਰੰਭ: = ਸ਼ੁਰੂ ਕਰਦੇ ਹਨ। ਇਹ ਸਾਮਾਨਯ ਅਰੰਭ ਕੀਤਾ ਗਿਆ ਹੈ।

अथ षोडशकलाप्रारंभः॥१६॥

॥ ਅਥ ਸ਼੍ਰੀ ਸ਼੍ਰੁਤੀਛੜਲਿੰਗ ਸੰਗ੍ਰਹ: ॥

ਅਥ=ਹੁਣ ਸ਼੍ਰੀ = ਸੁਭਾਇਮਾਨ ਉਪਨਿਸ਼ਦਾ ਦੇ ਸੰਗ੍ਰਹ = ਇਕੱਠ ਵਿਚੋਂ ਸ਼੍ਰੁਤੀ =ਵੇਦਾ ਦੀਆਂ ਪੰਕਤੀਆਂ ਦੁਆਰਾ ਸਰਵਣ ਦੇ ਛੜ=ਛੇ ਲਿੰਗ=ਚਿੰਨ੍, ਹੇਤੂ (੧) ਉਪਕ੍ਰਮ-ਉਪਸੰਹਾਰ (੨) ਅਭਿਆਸ (੩) ਅਪੂਰਵਤਾ (੪) ਫਲ (੫) ਅਰਥਵਾਦ ਅਤੇ (੬) ਉਪਪਤੀ ਦਾ ਇਕੱਤ੍ਰਿਤ ਗਿਆਨ ਕਥਨ ਕਰਦੇ ਹਨ। ਇਹ ਵਿਸ਼ੇਸ਼ ਅਰੰਭ ਕੀਤਾ ਗਿਆ ਹੈ।

उपोदघातकीर्त्तनम्

॥ ਉਪੋਦਘਾਤ ਕੀਰਤਨਮ॥

ਉਪੋਦਘਾਤ* ਨਾਮਕ ਪ੍ਰਕਿਰਿਆ ਦੁਆਰਾ ਕੀਰਤਨਮ=ਵਖਿਆਨ ਕਰਦੇ ਹਨ। ਕਿਸੇ ਅਨਅਭੀਵਯਕਤ (ਅਪ੍ਰਗਟ) ਵਸਤੂ ਨੂੰ ਕਥਨ ਦੁਆਰਾ ਅਭੀਵਯਕਤ (ਪ੍ਰਗਟ) ਕਰਨਾ ਸੋ ਕੀਰਤਨ ਕਹੀਏ ਹੈ।

*ਪੰਨਾ ੧੩ ਤੇ ਪੜ੍ਹੋ।

स्मृत्वाऽद्वैतपरात्मानं शंकरं परमं गुरूम्।
तात्पर्यसंविदे वक्ष्ये श्रुतिषड्लिंगसंग्रहः॥१॥

(ਸਮ੍ਰਿਤਵਾ+ਅਦ੍ਵੈਤ+ਪ੍ਰਮਾਤਮਾਨਮ੍) ਸ਼ੰਕਰਮ੍ ਪਰਮਮ੍ ਗੁਰੂਮ੍।
(ਤਾਤਪਰਯ+ਸੰਵਿਦੇ) ਵਕਛੇ (ਸ਼੍ਰੁਤੀਛੜਲਿੰਗ+ਸੰਗ੍ਰਹ:)॥ ੧॥

ਅਦ੍ਵੈਤ=ਦੁਈ ਵਾ ਦੂਜਾਪਨ ਤੋਂ ਰਹਿਤ ਪ੍ਰਮਾਤਮਾਨਮ੍=ਪਰਮੇਸ਼ਰ ਵਾ (ਪਰਮ+ਆਤਮਾਨਮ੍) ਪਰਮ=ਵੱਡਾ ਆਤਮਾਨਮ੍=ਨਿਜ ਸਚਿਦਾਨੰਦ ਸਰੂਪ ਬ੍ਰਹਮ ਅਤੇ ਪਰਮਮ੍=ਸ੍ਰੇਸ਼ਟ ਬ੍ਰਹਮ ਨੇਸ਼ਠੀ ਬ੍ਰਹਮ ਸ਼੍ਰੋਤ੍ਰੀ ਗੁਰੂਮ੍=ਉਪਦੇਸ਼ਟਾ ਗੁਰੂ ਸ਼ੰਕਰਮ੍=ਸ਼ਿਵਜੀ ਦਾ ਅਵਤਾਰ ਸ਼ੰਕਰਾਚਾਰਯ ਜੀ ਦੋਵਾਂ ਨੂੰ ਸਮ੍ਰਿਤਵਾ=ਯਾਦ ਕਰਕੇ ਸ਼੍ਰੁਤੀਆਂ ਦੇ ਤਾਤਪਰਯ = ਸਿਧਾਂਤ ਨੂੰ ਸੰਵਿਦੇ (ਸੰ+ਵਿਦੇ) ਸੰ=ਭਲੀ ਪ੍ਰਕਾਰ ਵਿਦ=ਜਾਨਣ ਦੇ ਵਾਸਤੇ 'ਸ਼੍ਰੁਤੀਛੜਲਿੰਗ ਸੰਗ੍ਰਹ' ਨਾਮਕ ਲਘੂ (ਛੋਟੇ) ਗ੍ਰੰਥ ਨੂੰ ਵਕਛੇ=ਉਚਾਰਨ ਕਰਦੇ ਹਨ। ਕਾਰਜ ਦੇ ਅਵਿਰੋਧਕ (ਅ=ਵਿਸ਼ੇਸ ਕਰਕੇ+ਵਿਰੋਧਕ=ਵਿਰੋਧੀ) ਸਮਸਤ ਪ੍ਰਤੀਬੰਧਕ ਜੋ ਅੰਤਹਕਰਣ ਦੇ ਮਲ ਦੋਸ਼ ਦੇ ਉਤਪਾਦਕ (ਪੈਦਾ ਕਰਨ ਵਾਲੇ) ਹਨ, ਤਿਨ੍ਹਾ ਦੀ ਨਿਵਰਤੀ ਵਾਸਤੇ ਈਸ਼ਵਰ ਸਮਰਣ ਕੀਤਾ ਗਿਆ ਹੈ ਅਤੇ ਗਿਆਨ ਰੂਪ ਕਾਰਯ ਦੇ ਉਤਪਾਦਕ ਸਾਧਨਾ ਦੀ ਉਤਪਤੀ ਵਾਸਤੇ ਗੁਰੂ ਨਮਨ ਕੀਤਾ ਗਿਆ ਹੈ।

विषयासक्ति मानस्थ मेयस्थ संशय भ्रमाः।
चत्वारः प्रतिबंधाः स्युर्ज्ञानादार्द्यस्य हेतवः॥ २॥

ਵਿਸ਼ਯਾਸਕਤੀ ਮਾਨਸਥ ਮੇਯਸਥ ਸੰਛਯ ਭ੍ਰਮਾਃ।
ਚਤਵਾਰਃ ਪ੍ਰਤੀਬੰਧਾਃ (ਸਯੁਰ+ਗਯਾਨ+ਆਦਿਢਯਸਯ) ਹੇਤਵਃ॥ ੨॥

(੧) ਵਿਸ਼ਯਾਸਕਤੀ (ਵਿਸ਼ਯ+ਆਸਕਤੀ) ਪੰਜ ਵਿਸ਼ੇ ੧. ਸ਼ਬਦ ੨. ਸਪਰਸ਼ ੩. ਰੂਪ ੪. ਰਸ ਅਤੇ ੫. ਗੰਧ ਦੀ ਆਸਕਤੀ = ਪਕੜ, ਖਿੱਚ।

(੨) ਮਾਨਸਥ = ਪ੍ਰਮਾਣਗਤ ਸੰਛਯ (ਪੰਨਾ ੨੯ ਤੇ ਟੂਕ (੨੫) ਪੜ੍ਹੋ)

(੩) ਮੇਯਸਥ = ਪ੍ਰਮੇਯਗਤ ਸੰਛਯ (ਪੰਨਾ ੨੯ ਤੇ ਟੂਕ (੨੫) ਪੜ੍ਹੋ)

(੪) ਭ੍ਰਮਾਃ = ਵਿਪਰਯ (ਵਿਪਰੀਤ ਭਾਵਨਾ ਪੰਨਾ ੨੯ ਤੇ ਟੂਕ (੨੬) ਪੜ੍ਹੋ)

ਇਹ ਚਤਵਾਰਃ= ਚਾਰ ਜੀਵ-ਈਸ਼ ਦੀ ਏਕਤਾ ਦੇ ਅਭੇਦ ਗਯਾਨ=ਬੋਧ ਦੀ ਆਦਿਢਯਸਯ=ਅਦ੍ਰਿੜਤਾ ਵਾ ਦੁਰਬਲਤਾ, ਸਿਥਲਤਾ (ਕਮਜ਼ੋਰੀ) ਦੇ ਹੇਤਵਃ=ਕਾਰਣ ਹੋਣ ਕਰਕੇ ਗਿਆਨ ਦੇ ਪ੍ਰਤੀਬੰਧਾਃ=ਰੁਕਾਵਟ, ਵਿਘਨ ਸਯੁਰ = ਹੁੰਦੇ ਹਨ।

ਆਦ੍ਯਸ੍ਯ ਵਿਨਿਵ੍ਰੁਤ੍ਤਿਃਸ੍ਯਾਦ੍ਵੈਰਾਗ੍ਯਾਦਿਚਤੁਸ੍ਟਯਾਤ੍
ਸ਼੍ਰਵਣੇਨ ਦ੍ਵਿਤੀਯਸ੍ਯ ਮਨਨਾਤ੍ਤਾਰ੍ਤੀਯਸ੍ਯ ਚ॥ ੩॥

ਆਦ੍ਯਸਯ ਵਿਨਿਵ੍ਰੁਤੀਃ (ਸ੍ਯਾਦ+ਵੈਰਾਗ੍ਯ+ਆਦੀ+ਚਤੁਸ਼ਟਯਾਤ੍)।
ਸ਼੍ਰਵਣੇਨ ਦ੍ਵਿਤੀਯਸਯ (ਮਨਨਾਤ੍+ਤਾਰਤੀਯਸਯ) ਚ॥ ੩॥

ਆਦ੍ਯਸਯ=ਪ੍ਰਥਮ ਜੋ ਵਿਸ਼ਯਾਸਕਤੀ ਤਿਸਦੀ ਵਿਨਿਵ੍ਰੁਤੀ=ਵਿਸ਼ੇਸ਼ ਕਰਕੇ ਨਿਵਿਰਤੀ=ਨਾਸ ਵਈਰਾਗਯ=ਵੈਰਾਗ, ਆਦੀ=ਵਿਵੇਕ,ਖਟਸੰਪਤੀ ਤੇ ਮੁਮੁਕਸ਼ੁਤਾ (ਮੋਕਸ਼ ਇਛਾ) ਇਹ ਚਤੁਸ਼ਟਯਾਤ੍=ਚਾਰ ਗਿਆਨ ਸਾਧਨਾ ਦੁਆਰਾ ਸਯਾਦ=ਹੁੰਦੀ ਹੈ ਅਤੇ ਦ੍ਵਿਤੀਯਸ=ਦੂਸਰਾ ਜੋ ਪ੍ਰਮਾਣਗਤ ਸੰਛਯ ਤਿਸਦੀ ਨਿਵਿਰਤੀ ਸ਼੍ਰਵਣੇਨ=ਸਰਵਣ ਨਾਲ ਚ=ਔਰ ਤਾਰਤੀਯਸਯ=ਤੀਸਰਾ ਜੋ ਪ੍ਰਮੇਯਗਤ ਸੰਛਯ ਤਿਸਦੀ ਨਿਵਿਰਤੀ ਮਨਨਾਤ੍=ਮੰਨਨ ਸਾਧਨ ਨਾਲ ਹੁੰਦੀ ਹੈ।

(ਵਿਵੇਕ,ਵੈਰਾਗ,ਖਟ ਸੰਪਤੀ,ਮੁਮੁਕਸ਼ੁਤਾ, ਸ੍ਰਵਣ, ਮੰਨਨ ਸਾਧਨ ਵਿਸਤਾਰ ਨਾਲ ਪੰਨਾ ੨੩੬ ਤੇ ਪ੍ਰਸ਼ਨ ੨੪੭ ਪੜ੍ਹੋ)

ਧ੍ਯਾਨੇਨ ਤੁ ਚਤੁਰ੍ਥਸ੍ਯ ਵਿਨਿਵ੍ਰੁਤ੍ਤਿਰ੍ਭਵੇਦ੍ ਧ੍ਰੁਵਮ੍।
ਪੂਰ੍ਵਪੂਰ੍ਵਾਨਿਵ੍ਰੁਤ੍ਤ੍ਯਾ ਨੈਵੋਤ੍ਤਰੋਤ੍ਤਰਨਾਸ਼ਨਮ੍॥ ੪॥

ਧਿਆਨੇਨ ਤੁ ਚਤੁਰਥਸਯ (ਵਿਨਿਵ੍ਰੁਤਿਃ + ਭਵੇਦ੍+ ਧ੍ਰੁਵਮ)।
(ਪੂਰਵਪੂਰਵਾ+ਅਨੀਵ੍ਰੁਤਯਾ) (ਨ+ਏਵ+ਉਤਰ+ਉਤਰ+ਅਨਾਸ਼ਨਮ੍) ॥੪॥

ਤੱਤ੍ਵ ਗਿਆਨ ਦੀ ਅਦ੍ਰਿੜਤਾ ਦਾ ਹੇਤੂ ਚਤੁਰਥਸਯ=ਚੌਥਾ ਪ੍ਰਤੀਬੰਧਕ ਜੋ ਭਰਮ ਵਾ ਵਿਪਰੀਯੇ (ਵਿਪਰੀਤ ਭਾਵਨਾ) ਤਿਸਦੀ ਵਿਨਿਵ੍ਰੁਤਿਃ=ਵਿਸ਼ੇਸ਼ ਕਰਕੇ ਨਿਵਿਰਤੀ ਤੁ=ਤਾਂ ਧ੍ਰੁਵਮ੍=ਨਿਸ਼ਚੇ ਕਰਕੇ ਕੇਵਲ ਧਿਆਨੇਨ=ਧਿਆਨ ਕਹੀਏ ਨਿਰੰਤਰ ਚਿੰਤਨ ਵਾ ਨਿਧਿਆਸਣ ਸਾਧਨ ਦੁਆਰਾ ਭਵੇਦ=ਹੁੰਦੀ ਹੈ। ਪੂਰਵ ਪੂਰਵ=ਪਹਿਲੇ ਪਹਿਲੇ ਪ੍ਰਤੀਬੰਧ ਦੀ ਅਨੀਵ੍ਰੁਤਯਾ=ਨਿਵਿਰਤੀ (ਨਾਸ) ਤੋਂ ਅ=ਬਿਨਾ ਉਤਰ ਉਤਰ=ਬਾਦ ਬਾਦ ਵਾਲੇ ਕਥਿਤ ਪ੍ਰਤੀਬੰਧਾ ਦਾ ਅਨਾਸ਼ਨਮ੍=ਅ ਕਹੀਏ ਵਿਸ਼ੇਸ਼ ਕਰਕੇ ਨਾਸ਼ਨਮ੍=ਨਾਸ, ਅੰਤ ਏਵ=ਹੀ ਨ=ਨਹੀਂ ਹੁੰਦਾ। ਇਸ ਵਿਚਾਰ ਨੂੰ ਅਗਲੇ ਸਲੋਕ ਵਿੱਚ ਸਰਲਤਾ ਨਾਲ ਸਮਝਾਉਂਦੇ ਹਨ :-

विषयासक्तिनाशेन विना नो श्रवणं भवेत्।
ताभ्यामृते न मननं न ध्यानं तैर्विनाभवेत्॥ ५॥

(ਵਿਸ਼ਯਾਸਕਤੀ+ਨਾਸ਼ੇਨ) ਵਿਨਾ ਨੋ ਸ਼੍ਰਵਣਮ੍ ਭਵੇਤ੍।
(ਤਾਭਯਾਮ੍+ਰਿਤੇ) ਨ ਮਨਨਮ੍ ਨ ਧਿਆਨਮ੍ (ਤਈਃ+ਵਿਨਾ+ਭਵੇਤ੍)॥ ੫॥

ਗਿਆਨ ਦੀ ਅਦ੍ਰਿੜਤਾ ਦਾ ਪਹਿਲਾ ਹੇਤੂ ਵਿਸ਼ਯਾਸਕਤੀ (ਵਿਸ਼ਯ+ਆਸਕਤੀ) ਜੋ ਵਿਵਿਧ ਪ੍ਰਕਾਰ ਨਾਲ ਬੁੱਧੀ ਨੂੰ ਅਨਾਤਮਾਕਾਰ ਵਸਤੂਆਂ ਵਿੱਚ ਬੰਨੇ ਸੋ ਕਹੀਏ ਵਿਸ਼ਯ॥ ਐਸੇ ਸ਼ਬਦ, ਸਪਰਸ਼, ਰੂਪ,ਰਸ ਤੇ ਗੰਧ ਪੰਜ ਵਿਸ਼ਿਆ ਦੀ ਆਸਕਤੀ=ਪਕੜ, ਖਿੱਚ ਦੇ ਨਾਸ਼ੇਨ=ਨਾਸ ਵਾ ਖਤਮ ਹੋਣ ਤੋਂ ਵਿਨਾ=ਬਿਨਾ ਅਲਪੱਗ ਜੀਵ ਕੋਲੋਂ ਸ੍ਰਵਣਮ=ਵੇਦ (ਗਿਆਨ) ਦੇ ਪ੍ਰਤੀਪਾਦਯ ਅਰਥਾਂ ਵਿਚ ਨਿਸ਼ਚੇਆਤਮਕ ਬੁੱਧੀ ਭਾਵ ਤਾਤਪਰਯ ਵਿਸ਼ੇ ਜੋ ਬ੍ਰਹਮ ਤਿਸਦਾ ਨਿਸ਼ਚਾ ਨੋ=ਨਹੀਂ ਭਵੇਤ੍=ਹੁੰਦਾ। ਜਦੋਂ ਸਰਵਣ ਸਾਧਨ ਪਰੀਪੱਕ ਨਹੀਂ ਹੁੰਦਾ ਤਾਂ ਫਿਰ ਪ੍ਰਮਾਣਗਤ ਸੰਛੇ ਦੀ ਨਿਵਿਰਤੀ ਵੀ ਨਹੀਂ ਹੁੰਦੀ। ਵਿਸ਼ਯਾਸਕਤੀ ਅਤੇ ਪ੍ਰਮਾਣਗਤ ਸੰਛਯ ਤਾਭਯਾਮ੍=ਇਨ੍ਹਾਂ ਦੋਵਾਂ ਦੀ ਨਿਵਿਰਤੀ ਰਿਤੇ=ਬਿਨਾ ਮਨਨਮ੍=ਮੰਨਨ ਸਾਧਨ ਕਹੀਏ ਜੀਵ ਬ੍ਰਹਮ ਦੇ ਅਭੇਦ ਦੀਆਂ ਸਾਧਕ ਤੇ ਭੇਦ ਦੀਆਂ ਬਾਧਕ ਯੁਕਤੀਆਂ ਦੁਆਰਾ ਅਦੁੱਤੀ ਬ੍ਰਹਮ ਦਾ ਚਿੰਤਨ ਨ=ਨਹੀਂ ਭਵੇਤ=ਹੁੰਦਾ ਅਤੇ ਮੰਨਨ ਸਾਧਨ ਦੇ ਅਭਾਵ ਕਰਕੇ ਪ੍ਰਮੇਯਗਤ ਸੰਛਯ ਦੀ ਨਿਵਿਰਤੀ ਨਹੀਂ ਹੋ ਸਕਦੀ। ਤਈਃ = ਤਿੰਨ ਜੋ ਵਿਸ਼ਯਾਸਕਤੀ, ਪ੍ਰਮਾਣਗਤ ਸੰਛਯ ਅਤੇ ਪ੍ਰਮੇਯਗਤ ਸੰਛਯ ਦੀ ਨਿਵਿਰਤੀ ਵਿਨਾ=ਬਿਨਾ ਧਿਆਨਮ੍=ਨਿਰੰਤਰ ਚਿੰਤਨ ਰੂਪ ਨਿਧਿਆਸਣ ਕਹੀਏ ਸਜਾਤੀ ਬਿਰਤੀ ਦਾ ਗ੍ਰਹਿਣ ਅਤੇ ਵਿਜਾਤੀ ਬਿਰਤੀ ਦਾ ਤਿਆਗ ਨ=ਨਹੀਂ ਭਵੇਤ੍=ਹੁੰਦਾ। ਸੋ ਪਿਛਲੇ ਦੋਹਰੇ ਵਿੱਚ ਕਥਿਤ ਪੂਰਵ-ਪੂਰਵ ਦੀ ਨਿਵਿਰਤੀ ਤੋਂ ਭਾਵ ਚਾਰ ਪ੍ਰਤੀਬੰਧਕਃ- ਵਿਸ਼ਯਾਸਕਤੀ, ਪ੍ਰਮਾਣਗਤ ਸੰਛਯ, ਪ੍ਰਮੇਯਗਤ ਸੰਛਯ ਅਤੇ ਭਰਮ ਕਹੀਏ ਵਿਪਰੀਏ (ਵਿਪਰੀਤ ਭਾਵਨਾ) ਇਨ੍ਹਾਂ ਵਿਚੋਂ ਪੂਰਵ=ਪ੍ਰਥਮ ਕਹੀ ਵੈਰਾਗ ਦੁਆਰਾ ਵਿਸ਼ਯਾਸਕਤੀ ਦੀ ਨਿਵਿਰਤੀ ਤੋਂ ਬਿਨਾ ਉੱਤਰ=ਅਨੰਤਰ (ਬਾਦ) ਕਥਿਤ ਸ੍ਰਵਣ ਦੁਆਰਾ ਪ੍ਰਮਾਣਗਤ ਸੰਛਯ ਨਿਵਿਰਤ ਨਹੀਂ ਹੁੰਦਾ। ਤਿਵੇਂ ਹੀ ਪ੍ਰਮੇਯਗਤ ਸੰਛਯ ਤੋਂ ਪੂਰਵ ਕਥਿਤ ਸਰਵਣ ਦੁਆਰਾ ਪ੍ਰਮਾਣਗਤ ਸੰਛਯ ਦੀ ਨਿਵਿਰਤੀ ਬਿਨਾ, ਉੱਤਰ ਦੀ ਨਿਵਿਰਤੀ ਕਹੀਏ ਮਨਨ ਦੁਆਰਾ ਪ੍ਰਮੇਯਗਤ ਸੰਛਯ ਨਾਸ ਨਹੀਂ ਹੁੰਦਾ। ਇਸੇ ਤਰ੍ਹਾਂ ਹੀ ਭਰਮ ਤੋਂ ਪੂਰਵ ਕਹਿਆ ਜੋ ਪ੍ਰਮੇਯਗਤ ਸੰਛਯ ਤਿਸਦੀ ਨਿਵਿਰਤੀ ਬਿਨਾ, ਨਿਧਿਆਸਣ ਵਾ ਧਿਆਨ ਦੁਆਰਾ ਵਿਪਰੀਏ ਨਿਵਿਰਤ ਨਹੀਂ ਹੁੰਦਾ। ਪੂਰਵ-ਪੂਰਵ ਦੀ ਨਿਵਿਰਤੀ ਤੋਂ ਉੱਤਰ-ਉੱਤਰ ਦੀ ਨਿਵਿਰਤੀ ਇਸ ਤਰ੍ਹਾਂ ਜਾਨਣੀ।

स्ववर्णाश्रमधर्मेण तपसा हरितोषणात्।
साधनं प्रभवेत्पुंसां वैराग्यादिचतुष्टयम्॥ ६॥

(ਸ੍ਵ+ਵਰਣ+ਆਸ਼੍ਰਮ+ਧਰਮੇਣ) ਤਪਸਾ (ਹਰੀ+ਤੋਸ਼ਣਾਤ੍)।
ਸਾਧਨਮ੍ (ਪ੍ਰਭਵੇਤ੍+ਪੁੰਸਾਮ੍) (ਵਈਰਾਗਯ+ਆਦਿ+ਚਤੁਸ਼ਟਯਮ੍)॥ ੬॥

ਇਸ ਦੋਹਰੇ ਵਿੱਚ ਸਾਧਨ ਚਤੁਸ਼ਟੇਃ- ਵਿਵੇਕ,ਵੈਰਾਗ, ਖਟ-ਸੰਪਤੀ ਤੇ ਮੋਕਸ਼ ਇਛਾ ਦੀ ਉਤਪਤੀ ਦੇ ੩ ਕਾਰਣ ਦੱਸਦੇ ਹਨ :-

(੧) ਸ੍ਵ=ਮਿਥਿਆ ਸਰੀਰ ਤਿਸਦੇ ਕਲਪਿਤ ਵਰਣ=ਬ੍ਰਹਮਣ, ਖੱਤ੍ਰੀ, ਸ਼ੂਦ ਤੇ ਵੈਸ਼ ਅਤੇ ਆਸ਼ਰਮ=ਬ੍ਰਹਮਚਾਰੀ, ਗ੍ਰਿਹਸਤ, ਬਾਨਪ੍ਰਸਤ ਤੇ ਸੰਨਿਆਸ ਇਨ੍ਹਾਂ ਵਰਣਾ ਤੇ ਆਸ਼੍ਰਮਾ ਦੇ ਵਿਵਿਧ

ਧਰਮੇਣ=ਧਰਮ ਭਾਵ ਸ਼ਾਸਤ੍ਰ ਅਨੁਕੂਲ ਧਾਰਣ ਵਾ ਗ੍ਰਹਿਣ ਕਰਨ ਯੋਗ ਮਰਿਆਦਾ ਦਾ ਆਚਰਣ ਕਰਨ ਨਾਲ ਅਤੇ

(੨) ਮਨ, ਬਾਣੀ, ਸਰੀਰ ਦੁਆਰਾ ਤਪਸਾ=ਤਪੱਸਿਆ ਭਾਵ ''ਤਪ ਨਾਮ ਚਿਤ ਕੀ ਇਕਾਗ੍ਰਤਾ ਕੋ ਜਾਨੀਏ'' ਚਿਤ ਨੂੰ ਇਕਾਗਰ ਕਰਨ ਦੇ ਪ੍ਰਯੋਜਨ ਨਾਲ ਕੀਤਾ ਗਿਆ ਕਰਮ ਜਿਸਦੇ ਦੁਆਰਾ ਸਰੀਰ, ਇੰਦੇ, ਮਨ ਆਦਿ ਉੱਪਰ ਕਲੇਸ਼ (ਤਕਲੀਫ) ਦਾ ਭਾਰ ਪਵੇ ਸੋ ਕਹੀਏ ਤਪ, ਤਿਸਦੇ ਦੁਆਰਾ ਮਲ, ਵਿਕਸ਼ੇਪ ਦੋਸ਼ਾ ਦਾ ਸੋਧਨ ਕਰਕੇ ਅਤੇ

(੩) ਹਰੀ=ਸਮਸਤ ਪਾਪਾ ਨੂੰ ਹਰਣ (ਨਾਸ ਕਰਨ) ਵਾਲੇ ਪਰਮੇਸਰ ਨੂੰ ਤੋਸ਼ਣਾਤ੍=ਪ੍ਰਸੰਨ ਕਰਨ ਵਾਸਤੇ ਦਇਆ ਆਦਿ ਕਲਿਆਣਕਾਰੀ ਕਰਮਾਂ ਨਾਲ ਪੁੰਸਾਮ੍=ਦੇਹਧਾਰੀ ਪੁਰਸ਼ਾ ਨੂੰ ਵਈਰਾਗਯ=ਵੈਰਾਗ ਭਾਵ ਰਾਗ=ਮੋਹ ਦਾ ਵੈ=ਤਿਆਗ ਅਤੇ ਆਦਿ=ਵਿਵੇਕ, ਖਟਸੰਪਤੀ, ਮੋਕਸ਼ ਇਛਾ ਰੂਪ ਚਤੁਸ਼ਟਯਮ=ਚਾਰ ਗਿਆਨ ਪ੍ਰਾਪਤੀ ਦੇ ਸਾਧਨਮ੍=ਸਾਧਨ ਅੰਤਹਕਰਣ ਵਿੱਚ ਪ੍ਰਭਵੇਤ੍=ਵਿਸ਼ੇਸ਼ ਕਰਕੇ ਉਤਪੰਨ ਹੁੰਦੇ ਹਨ।

तत्सिद्धावुपसन्नः सन् गुरूं ब्रह्मविदुत्तमम्।
ज्ञानोत्पत्यैमहावाक्यनतिं कुर्याद्धितन्मुखात्॥ ७॥

(तत्+सिधऊ+उपसंनः) सन् गुरुम् (ब्रहम+विद्+उतमम्)।
(गयान+उतपतयई+महावाकयम्+नतिम्) (कुरयाद्+तन्+मुखात्)॥ ७॥

ਤਤ੍=ਉਹ ਵੈਰਾਗ ਆਦਿ ਚਤੁਸ਼ਟੇ ਸਾਧਨ ਦੀ ਉੱਤਮ ਅਧਿਕਾਰੀ ਦੁਆਰਾ ਸਿਧਊ=ਸਿੱਧੀ, ਉਪਲਬਧੀ ਹੋਣ ਉਪਰੰਤ ਬ੍ਰਹਮ=ਕਾਰਣ ਸਰੂਪ ਵਿਆਪਕ ਪਰਮੇਸ਼ਰ ਨੂੰ ਵਿਦ=ਜਾਨਣ ਵਾਲੇ ਬ੍ਰਹਮ ਵੇਤਿਆ ਵਿੱਚ ਉਤਮਮ੍=ਸਰਵ ਸ਼੍ਰੇਸ਼ਟ ਬ੍ਰਹਮ ਸ਼੍ਰੋਤੀ ਬ੍ਰਹਮ ਨੇਸ਼ਟੀ ਗੁਰੂਮ=ਗੁਰੂ ਦੇ ਉਪਸੰਨਃ=ਸ਼ਰਣਾਗਤ ਸਨ੍=ਹੁੰਦੇ ਹੋਏ ਜੀਵ-ਬ੍ਰਹਮ ਦੇ ਅਭੇਦ ਗਯਾਨ=ਬੋਧ ਦੀ ਉਤਪਤਯਈ=ਉਤਪਤੀ ਵਾਸਤੇ ਤਨ੍=ਤਿਸ ਬ੍ਰਹਮ ਸ਼੍ਰੋਤੀ ਬ੍ਰਹਮ ਨੇਸ਼ਟੀ ਸਤਿਗੁਰੂ ਨੂੰ ਨਤਿਮ=ਨਮਨ ਕਰਕੇ ਫਿਰ ਮੁਖਾਤ੍=ਮੁੱਖ ਤੋਂ ਮਹਾਵਾਕਯਮ੍=ਜੀਵ-ਬ੍ਰਹਮ ਦੀ ਏਕਤਾ ਦੇ ਬੋਧਕ ਵਾਕਾਂ ਨੂੰ ਸ਼ਰਧਾ ਵਿਸ਼ਵਾਸ ਦੇ ਕੰਨਾਂ ਦੁਆਰਾ ਸ੍ਰਵਣ ਕੁਰਯਾਦ੍ = ਕਰੇ॥

ਕਹੁ ਨਾਨਕ ਤਿਸੁ ਘੋਲਿ ਘੁਮਾਈ ਜਿਨਿ ਪ੍ਰਭੁ ਸ੍ਰਵਣੀ ਸੁਣਿਆ॥ ੧॥

(ਵਡਹੰਸ ਮਃ ੫, ਅੰਗ ੫੭੭)

तत्सिद्धौ द्वापरभ्रांतिप्रहणाय मुमुश्रुभिः।
श्रवणं मननं ध्यानमनुष्ठेयं फलावधि॥ ८॥

(तत्+सिधऊ) (द्व+अपर+ब्रांती+प्रहणाय) मुमुकछुभिः।
श्रवणम् मननम् (धिआनम् +अनुशठेयम्) (फल+अवधी)॥ ८॥

ਤਤ=ਤਿਸ ਪਰੋਕਸ਼ ਗਿਆਨ ਵਾ ਅਦ੍ਰਿੜ ਅਪਰੋਕਸ਼ ਗਿਆਨ ਦੀ ਸਿਧਊ=ਸਿਧੀ, ਉਤਪਤੀ ਹੋਣ ਤੋਂ ਅਨੰਤਰ ਵਿਸ਼ਯਾਸਕਤੀ ਤੋਂ ਅਪਰ=ਹੋਰ ਜੋ ਦ੍ਵ=ਦੋ ਸੰਛਯਃ- ਪ੍ਰਮਾਣਗਤ ਅਤੇ ਪ੍ਰਮੇਯਗਤ ਅਤੇ ਭ੍ਰਾਂਤੀ=ਭਰਮ ਵਾ ਵਿਪਰੀਤਭਾਵਨਾ ਰੂਪ ਪ੍ਰਤੀਬੰਧਾ ਨੂੰ ਪ੍ਰਹਣਾਯ=ਵਿਸ਼ੇਸ਼ ਕਰਕੇ ਨਾਸ ਵਾ ਨਿਵਿਰਤ

ਕਰਨ ਲਈ ਮੁਮੁਕਛੂਭਿਃ= ਕੈਵਲਯ ਮੁਕਤੀ ਦੇ ਇੱਛੁਕਾ ਨੂੰ ਸ਼੍ਰਵਣਮ੍=ਸਰਵਣ, ਮਨਨਮ=ਮੰਨਨ ਤੇ ਧਿਆਨ੍ਮ=ਨਿਧਿਆਸਣ ਰੂਪ ਨਿਰੰਤਰ ਚਿੰਤਨ, ਇਨ੍ਹਾਂ ਤਿੰਨ ਸਾਧਨਾ ਦਾ ਅਨੁਸ਼ਠੇਯਮ=ਅਨੁਸ਼ਠਾਨ ਕਹੀਏ ਨਿਯਮਪੂਰਵਕ ਚਿੰਤਨ ਰੂਪ ਅਭਿਆਸ ਚਾਰੇ ਪ੍ਰਤੀਬੰਧਾ ਦੇ ਨਾਸ਼ ਰੂਪ ਫਲ ਦ੍ਰਿੜ ਅਪਰੋਕਸ਼ ਬ੍ਰਹਮ ਗਿਆਨ ਦੀ ਅਵਧੀ=ਚਰਣ ਸੀਮਾ ਪ੍ਰਯੰਤ ਕਰਦੇ ਰਹਿਣਾ ਚਾਹੀਦਾ ਹੈ॥

श्रवणस्य प्रसिद्धयैव भवतोंऽत्ये तथा सति।
द्वयोर्मूलं तु श्रवणं कर्त्तव्यं तद्विधीधनैः॥ ९॥

श्रवणसय (प्रसिधिः+एव) (भवतः+अंतये) तथा सती।
(द्वयोर्+मूलम्) तु श्रवणम् करतवयम् (तद्+धी+धनईः)॥ ९॥

ਤਥਾ=ਇਸ ਪ੍ਰਕਾਰ ਨਿਰੰਤਰ ਅਭਿਆਸ ਕਰਕੇ ਸ੍ਰਵਣ, ਮੰਨਨ ਤੇ ਨਿਧਿਆਸਣ ਸਾਧਨ ਦੀ ਸਤੀ=ਸਿੱਧੀ, ਪ੍ਰਾਪਤੀ, ਦੁਆਰਾ ਹੀ ਸ਼੍ਰਵਣਸਯ=ਸ੍ਰਵਣ ਕਹੀਏ ਸ਼ਰਧਾ ਵਿਸ਼ਵਾਸ ਦੇ ਕੰਨਾ ਦੁਆਰਾ ਤਾਤਪਰਯ ਦੇ ਨਿਸ਼ਚੇ ਵਾਲੀ ਪਰੀਪੱਕ ਸਰਵਣ ਅਵਸਥਾ ਦੀ ਪ੍ਰਸਿਧਿਃ=ਪ੍ਰ=ਪ੍ਰਕਰਸ਼ ਕਹੀਏ ਚੰਗੀ ਤਰ੍ਹਾਂ ਵਾ ਵਿਸ਼ੇਸ਼ ਕਰਕੇ ਸਿਧਿਃ=ਉਤਪਤੀ ਹੁੰਦੀ ਹੈ। ਏਵ=ਇਸ ਪ੍ਰਕਾਰ ਪਰੀਪੱਕ ਸਰਵਣ ਤੋਂ ਅਨੰਤਰ ਹੀ ਅੰਤਯੇ=ਅੰਤ ਵਾਲੇ ਦੋ ਸਾਧਨਃ- ਮਨਨ ਤੇ ਨਿਆਸਣ ਸਿੱਧ, ਪ੍ਰਾਪਤ ਭਵਤਃ=ਹੁੰਦੇ ਹਨ। ਇਸ ਲਈ ਦ੍ਵਯੋਰ=ਦੋਵਾਂ (ਮੰਨਨ ਤੇ ਨਿਧਿਆਸਣ) ਦਾ ਮੂਲਮ੍=ਮੁੱਢ ਤੂ=ਤਾਂ ਸ੍ਰਵਣਮ੍=ਸਰਵਣ ਹੀ ਹੈ। ਇਸ ਕਰਕੇ ਸਾਤਵਿਕ ਨਿਸ਼ਚੇਆਤਮਕ ਧੀ=ਬੁਧੀ ਦੇ ਧਨਈਃ=ਧੰਨਵਾਨ ਜਨਾ ਦਾ ਪ੍ਰਥਮ ਕਰਤਵਯਮ੍=ਕਰਤੱਬ ਕਹੀਏ ਕਰਨਯੋਗ ਕਰਮ ਤਤ੍=ਉਹ ਸਰਵਣ ਹੀ ਹੈ॥

वेदांतानामशेषाणामादिमध्यावसानतः।
ब्रह्मात्मन्येव तात्पर्यामिति धीः श्रवणं भवेत्॥ १०॥

वेदांतानाम्+अशेशाणाम्+आदी+मयज+अवसानतः।
(बृहम+आतमनी+एव) (तातपरयम्+इती) धीः श्रवणम् भवेत्॥ १०॥

ਅਸ਼ੇਸ਼ਾਣਾਮ=ਸੰਪੂਰਣ ਵੇਦਾਂਤਾਨਾਮ੍=ਵੇਦਾਂਤ ਜੋ ਉਪਨਿਸ਼ਦਾ ਦੇ ਪ੍ਰਕਰਣ ਉਨ੍ਹਾਂ ਦਾ ਆਦੀ = ਸ਼ੁਰੂ, ਅਰੰਭ ਮਧਯ=ਵਿਚਕਾਰ ਅਤੇ ਅਵਸਾਨਤਃ=ਅੰਤ ਵਿੱਚ ਬ੍ਰਹਮ=ਕਾਰਣ ਸਰੂਪ ਵਿਆਪਕ ਪਰਮੇਸ਼ਰ ਤੋਂ ਅਭਿੰਨ ਆਤਮਨੀ=ਸਚਿਦਾਨੰਦ ਰੂਪ ਪ੍ਰਤਯਕ ਆਤਮਾ ਵਿੱਚ ਏਵ=ਹੀ ਤਾਤਪਰਯਮ੍=ਅਰਥ ਵਾ ਨਿਸ਼ਚੇ ਹੈ। ਇਤੀ=ਐਸੀ ਅਭੇਦਆਤਮਕ ਗਿਆਨ ਦਾ ਨਿਸ਼ਚੇ ਕਰਨ ਵਾਲੀ ਧੀਃ=ਬੁੱਧੀ ਵਿੱਚ ਹੀ ਸ੍ਰਵਣਮ੍=ਸਰਵਣ ਭਵੇਤ=ਹੁੰਦਾ ਹੈ। ਅਥਵਾ ਨਿਸ਼ਚੇਆਤਮਕ ਆਤਮਾਕਾਰ ਬੁੱਧੀ ਹੀ ਸ੍ਰਵਣਮ੍=ਸਰਵਣ ਸਾਧਨ ਦਾ ਸਰੂਪ ਭਵੇਤ=ਹੁੰਦੀ ਹੈ। ਇਹ ਸਰਵਣ ਦਾ ਸ਼ਾਸਤ੍ਰ ਉਕਤ ਲਕਛਣ ਦੱਸਿਆ ਹੈ।

उपक्रमोपसंहारावभ्यासोऽपूर्वता फलम्।
अर्थवादोपपत्ती च लिंगं तात्पर्यनिर्णये॥ ११॥

(उपक्रम+उपसंहारउ+अभिआसः+अपूरवता) फलम्।
(अरथवाद+उपपती) च लिंगम् (तातपरय+निरणये)॥ ११॥

ਤੀਸਰੇ ਦੋਹਰੇ ਵਿੱਚ ਜੋ ਪ੍ਰਮਾਣਗਤ ਸੰਛਯੇ ਤਿਸਦੀ ਨਿਵਿਰਤੀ ਸਰਵਣ ਸਾਧਨ ਦੁਆਰਾ ਕਹੀ

ਗਈ ਹੈ। ਹੁਣ ਇਸ ਦੋਹਰੇ ਵਿੱਚ ਸਰਵਣ ਦੇ ਛੇ ਅੰਗ ਸਾਮਾਨਯ ਰੂਪ ਵਿੱਚ ਕਥਨ ਕਰਦੇ ਹਨ :-

(੧) ਉਪਕ੍ਰਮ-ਉਪਸੰਹਾਰ (੨) ਅਭਿਆਸ (੩) ਅਪੂਰਵਤਾ (੪) ਫਲ (੫) ਅਰਥਵਾਦ ਚ=ਔਰ (੬) ਉਪਪਤੀ। ਸਰਵਣ ਦੇ ਇਹ ਛੇ ਅੰਗ,ਚਿੰਨ੍ ਵਕਤਾ ਦੀ ਈਕਸ਼ਾ ਦੇ ਤਾਤਪਰਯ=ਅਰਥ ਦਾ ਵਿਸ਼ਾ ਜੋ ਬ੍ਰਹਮ-ਆਤਮਾ ਤਿਸਦੀ ਅਭੇਦਤਾ ਦੇ ਨਿਰਣਯੇ=ਨਿਸ਼ਚੇਆਤਮਕ ਗਿਆਨ ਦੇ ਲਿੰਗਮ੍ ਹੇਤੂ, ਕਾਰਣ ਹਨ।

ਇਹ ਖਟ ਲਿੰਗ ਸ੍ਰਵਣ ਦੇ ਹੇਤੂ ਹਨ ਅਤੇ ਸ੍ਰਵਣ ਪ੍ਰਮਾਣਗਤ ਸੰਛਯੇ ਦੀ ਨਿਵਿਰਤੀ ਦਾ ਹੇਤੂ ਹੈ ਐਸਾ ਜਾਨਣਾ॥

ਹੁਣ ਇਨ੍ਹਾਂ ਖਟ ਲਿੰਗਾ ਦਾ ਵਿਸ਼ੇਸ਼ ਕਥਨ ਕਰਦੇ ਹਨ:-

॥ ੧॥ उपक्रम औ उपसंहार॥

वस्तुनः प्रतिपाद्यस्यादावंते प्रतिपादनम्।
उपक्रमोपसंहारौ तदैक्यं कथितं बुधैः॥ १२॥

ਵਸਤੂਨਃ (ਪ੍ਰਤੀਪਾਦਯਸਯ+ਆਦਊ+ਅੰਤੇ) ਪ੍ਰਤੀਪਾਦਨਮ੍।
(ਉਪਕ੍ਰਮ+ਉਪਸੰਹਾਰਊ) (ਤਦ੍+ਏਕਯਮ੍) ਕਥਿਤਮ੍ ਬੁਧਈਃ॥ ੧੨॥

ਪ੍ਰਤੀਪਾਦਯਸਯ=ਪ੍ਰਤੀਪਾਦਨ ਕਹੀਏ ਕਥਨ ਕਰਨ ਯੋਗ ਜੋ ਅਦੁਤੀ ਬ੍ਰਹਮ ਰੂਪ ਵਸਤੂਨਃ=ਆਤਮ ਵਸਤੂ ਦਾ ਪ੍ਰਕਰਣ, ਤਿਸਦੇ ਆਦਊ=ਅਰੰਭ ਵਿੱਚ ਮੁੱਖ ਸਿਧਾਂਤ ਦਾ ਬਾਰ-ਬਾਰ ਵਰਣਨ ਕਰਨਾ ਇਹ ਉਪਕ੍ਰਮ ਹੈ ਅਤੇ ਉਸੇ ਸਿਧਾਂਤ ਦਾ ਪ੍ਰਕਰਣ ਦੇ ਅੰਤੇ=ਅੰਤ ਵਾ ਸਮਾਪਤੀ ਵਿੱਚ ਪ੍ਰਤੀਪਾਦਨਮ੍=ਕਥਨ ਕਰਨਾ ਸੋ ਉਪਸੰਹਾਰਊ=ਉਪਸੰਹਾਰ ਜਾਨਣਾ। ਇਨ੍ਹਾਂ ਤਦ=ਦੋਵਾਂ (ਉਪਕ੍ਰਮ ਤੇ ਉਪਸੰਹਾਰ) ਦੀ ਏਕਯਮ੍=ਏਕਤਾ ਅਭਿੰਨਤਾ ਇੱਕ ਲਿੰਗ ਕਹੀਏ ਚਿੰਨ੍ ਰੂਪਤਾ ਬੁਧਈਃ=ਬੁਧੀਵਾਨ ਵਿਦਵਾਨਾਂ ਨੇ ਕਥਿਤਮ=ਕਥਨ ਕੀਤੀ ਹੈ। ਭਾਵ ਉਪਕ੍ਰਮ ਤੇ ਉਪਸੰਹਾਰ ਵੱਖਰੇ-ਵੱਖਰੇ ਚਿੰਨ ਨਹੀਂ ਕਿੰਤੂ ਸਰਵਣ ਦੇ ਖਟ ਲਿੰਗਾ ਵਿੱਚੋਂ ਪਹਿਲਾ ਹੇਤੂ,ਅੰਗ ਹਨ।

ਅਰਥ ਜੁ ਆਦਿ ਗ੍ਰੰਥ ਮਹਿ ਧਰਨਾ।
ਤਿਸਕੋ ਪ੍ਰਤਿ ਪਾਦਨ ਬਹੁ ਕਰਨਾ॥ ੫॥
ਤਿਸੀ ਅਰਥ ਮਹਿ ਹੋਹਿ ਸਮਾਪਤਿ।
ਉਪਕ੍ਰਮ ਉਪਸੰਹਾਰ ਜਾਨ ਚਿਤ।

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਰੁਤਿ ੫, ਅੰਸੂ ੪੭)

ਆਦਿ ਅੰਤ ਮਹਿਂ ਬਰਨਜੋ ਏਕ।
ਉਪਕ੍ਰਮ ਉਪਸੰਹਾਰ ਬਿਬੇਕ॥ ੭॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ ਰੁਤਿ ੫ ਅੰਸੂ ੪੭)

॥ ੨॥ अभ्यास॥

वस्तुनः प्रतिपाद्यस्य पठनं च पुनः पुनः।
अभ्यासः प्रोच्यते प्राज्ञैः स एवावृतिशब्दभाक्॥ १३॥

ਵਸਤੂਨਃ ਪ੍ਰਤੀਪਾਦਯਸਯ ਪਠਨਮ੍ ਚ ਪੁਨਃ ਪੁਨਃ।

ਅਭਯਾਸਃ (ਪ੍ਰ+ਉਚਯਤੇ) ਪ੍ਰਾਗਯਈਃ ਸ (ਏਵ+ਆਵ੍ਰਿਤੀ)+ਸ਼ਬਦ+ਭਾਕੂ) ॥ ੧੩॥

ਪ੍ਰਤੀਪਾਦਯਸਯ=ਪ੍ਰਤੀਪਾਦਨ ਕੀਤੀ ਭਾਵ ਕਥਨ ਕੀਤੀ ਆਤਮਾ ਤੋਂ ਅਭਿੰਨ ਅਦੁਤੀ ਬ੍ਰਹਮ ਰੂਪ ਵਸਤੂਨਃ=ਵਸਤੂ ਦਾ ਪ੍ਰਕਰਣ ਵਿੱਚ ਪੁਨਃਪੁਨਃ= ਬਾਰ ਬਾਰ ਪਠਨਮ੍=ਪੜਨਾ, ਵਿਚਾਰ ਦੁਆਰਾ ਚਿੰਤਨ ਕਰਨਾ ਇਸਨੂੰ ਪ੍ਰਾਗਯਈਃ=ਬੁਧੀਵਾਨ ਵਿਦਵਾਨਾ ਨੇ ਅਭਯਾਸਃ=ਅਭਿਆਸ ਪ੍ਰਉਚਯਤੇ=ਵਿਸ਼ੇਸ਼ ਕਰਕੇ ਉਚਾਰਨ ਕੀਤਾ ਹੈ। ਚ=ਔਰ ਸ=ਓਹੀ ਅਭਿਆਸ ਨੂੰ ਏਵ=ਹੀ ਆਵ੍ਰਿਤੀ=ਬਾਰ-ਬਾਰ ਘਟਿਤ ਹੋਣਾ ਭਾਵ ਦੁਹਰਾਉਣਾ ਸ਼ਬਦ=ਪਦ ਦੁਆਰਾ ਵੀ ਭਾਕੂ=ਕਿਹਾ ਜਾਂਦਾ ਹੈ।

ਅਭਿਆਸ ਤੇ ਆਵ੍ਰਿਤੀ ਪ੍ਰਯਾਏ ਸ਼ਬਦ (ਇਕੋ ਅਰਥ ਵਾਲੇ) ਹਨ ਐਸਾ ਜਾਨਣਾ।

ਜੋਗ ਨਿਰੂਪਣ ਕੇ ਜੋ ਅਹੈ।
ਵਸਤੁ ਅਦੁਤੀ ਜੁ ਚੇਤਨ ਲਹੈ।
ਬਾਰ ਬਾਰ ਤਿਸ ਕਰਹਿ ਪ੍ਰਕਾਸ਼ਾ।
ਗ੍ਰੰਥ ਬਿਖੈ ਸੋ ਲਖਿ ਅੱਭਜਾਸਾ। ੮॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੭)

॥ ੩॥ ਅਪੂਰ੍ਵਤਾ॥

ਸ਼੍ਰੂਤਿਭਿਨ੍ਨਪ੍ਰਮਾਣੇਨਾਵਿਸ਼ਯਤ੍ਵਪੂਰ੍ਵਤਾ।
ਕ੍ਵਚਿਤ੍ਸ੍ਵਪ੍ਰਕਾਸ਼ਤ੍ਵਮਪ੍ਯਮੇਯਤਯੋਚ੍ਯਤੇ॥੧੪॥

(ਸ਼੍ਰੁਤੀ+ਭਿੰਨ+ਪ੍ਰਮਾਣੇਨ+ਅਵਿਸ਼ਯਤ੍ਵਮ੍+ਅਪੂਰਵਤਾ)।
ਕੁਤ੍ਰਚਿਤ੍+ਸ੍ਵਪ੍ਰਕਾਸ਼ਤ੍ਵਮ੍+ਅਪੀ+ਅਮੇਯਤਯ+ਉਚਯਤੇਵ॥ ੧੪॥

ਪ੍ਰਕਰਣ ਵਿਚ ਕਥਨ ਕੀਤੀ ਅਦੁਤੀ ਵਸਤੂ ਬ੍ਰਹਮ ਦੀ ਜੋ ਸ਼੍ਰੁਤੀ=''ਸ੍ਰੂਯਤੇ ਗੁਰੂ ਸ਼ਿਸ਼ਯ ਪਰੰਪਰਯਾ ਅਨਾਦੀ ਕਾਲਾਤ ਯਾ ਸਾ ਸ਼੍ਰੁਤੀ :'' ਜੋ ਅਨਾਦੀ ਕਾਲ ਤੋਂ ਗੁਰੂ ਸ਼ਿਸ਼ ਦੀ ਪਰੰਪਰਾ ਦੁਆਰਾ ਸੁਣੀ ਜਾਣ ਵਾਲੀਆਂ ਵੇਦਾਂ (ਗਿਆਨ) ਦੀਆਂ ਪੰਕਤੀਆਂ ਤੋਂ ਭਿੰਨ=ਵੱਖਰੇ ਜੋ ਪ੍ਰਮਾਣੇਨ=ਪਰਤੱਖ ਪ੍ਰਮਾਣ, ਅਰਥਾਪਤੀ ਪ੍ਰਮਾਣ ਆਦਿ ਲੌਕਿਕ ਪ੍ਰਮਾਣਾ ਕਰਕੇ ਅਵਿਸ਼ਯਤ੍ਵਮ੍=ਅਵਿਸ਼ਯਤਾ ਕਹੀਏ ਅਗਮਤਾ ਇਹ ਸ੍ਰਵਣ ਦਾ ਤੀਸਰਾ ਚਿੰਨ੍ ਅਪੂਰਵਤਾ ਹੈ ਭਾਵ ਆਗਮ ਪ੍ਰਮਾਣ ਦੀ ਲਕਛਣਾ ਵਾ ਤਾਤਪਰਯ ਸ਼ਕਤੀ ਤੋਂ ਇਲਾਵਾ ਖਟ ਪ੍ਰਮਾਣਾ ਦੁਆਰਾ ਜੋ ਪੂਰਵ=ਪਹਿਲਾ ਅ=ਨਾ ਜਾਣਿਆ ਜਾਵੇ ਸੋ ਕਹੀਏ ਅਪੂਰਵਤਾ। ਕੁਤ੍ਰਚਿਤ੍-ਕਿਤੇ-ਕਿਤੇ ਸ਼ਾਸਤ੍ਰਾ ਵਿਚ ਆਤਮਾ ਅਮੇਯਤਯ=ਮੇਯ ਭਾਵ ਸਾਰੇ ਪ੍ਰਮਾਣਾ ਤੋਂ ਅ=ਰਹਿਤ ਅਥਵਾ ਦੂਸਰੇ ਦੁਆਰਾ ਪ੍ਰਕਾਸ਼ਿਤ, ਪ੍ਰਮਾਣਿਤ ਨਾ ਹੋਣ ਕਰਕੇ ਸ੍ਵਪ੍ਰਕਾਸ਼ਤ੍ਵਮ੍=ਸੁਤੇ ਪ੍ਰਕਾਸ਼ ਸਾਕਸ਼ਾਤ ਖੁਦ ਪ੍ਰਮਾਣ ਰੂਪਤਾ ਅਪੀ=ਵੀ ਅਪੂਰਣਤਾ ਉਚਯਤੇ=ਕਥਨ ਕੀਤੀ ਗਈ ਹੈ।

ਇਸ ਦੋਹਰੇ ਵਿੱਚ ਪਹਿਲਾ ਸ਼੍ਰੁਤੀ ਪ੍ਰਮਾਣ ਤੋਂ ਇਲਾਵਾ ਬਾਕੀ ਸਾਰੇ ਪ੍ਰਮਾਣਾ ਕਰਕੇ ਅਵਿਸ਼ਯਤਾ ਅਪੂਰਵਤਾ ਕਹੀ ਹੈ ਅਤੇ ਫਿਰ ਸ਼੍ਰੁਤੀ ਪ੍ਰਮਾਣ ਸਹਿਤ ਸਾਰੇ ਪ੍ਰਮਾਣਾ ਦੀ ਅਗਮਤਾ ਕਰਕੇ ਬ੍ਰਹਮ ਆਤਮਾ ਦੀ ਅਪੂਰਵਤਾ ਕਥਨ ਕੀਤੀ ਹੈ। ਹੋਰ ਸੂਖਮ ਵਿਚਾਰ ਕਰੀਏ ਤਾਂ ਸ਼੍ਰੁਤੀ ਪ੍ਰਮਾਣ ਭਾਵ ਸ਼ਬਦ ਪ੍ਰਮਾਣ ਵਾ ਆਗਮ ਪ੍ਰਮਾਣ ਦੀ ਸ਼ਕਤੀ ਬਿਰਤੀ ਕਰਕੇ ਬ੍ਰਹਮ ਅਵਿਸ਼ੇ ਹੈ ਪਰੰਤੂ ਸ਼ਬਦ ਦੀ ਲਕਛਣਾ ਬ੍ਰਿਤੀ ਕਰਕੇ ਸ਼੍ਰੁਤੀ ਪ੍ਰਮਾਣ ਦਾ ਵਿਸ਼ਾ ਬਣ ਜਾਂਦਾ ਹੈ॥

ਸ਼ਕਤੀ ਬਿਰਤੀ ਵਾ ਅਵਿਧਾ ਬਿਰਤੀ ਦਾ ਅਵਿਸ਼ੇ :-

ਏ ਅਖਰ ਖਿਰਿ ਜਾਹਿਗੇ ਓਇ ਅਖਰ ਇਨ ਮਹਿ ਨਾਹਿ॥ ੧॥

(ਗਉੜੀ ਬਾਵਨ ਅਖਰੀ, ਅੰਗ ੩੪੦)

ਆਗਮ ਪ੍ਰਮਾਣ ਦੀ ਲਕਛਣਾ ਬਿਰਤੀ ਹੋਰ ਸੂਖਮ ਕਹੀਏ ਤਾਂ ਸ਼ਬਦ ਦੇ ਤਾਤਪਰਯ ਸਾਮਰਥ ਕਰਕੇ ਗਮਤਾ :-

ਅਦ੍ਰਿਸ਼ਟ ਅਗੋਚਰੁ ਪਕੜਿਆ ਗੁਰ ਸ਼ਬਦੀ ਹਉ ਸਤਿਗੁਰ ਕੈ ਬਲਿਹਾਰੀਐ॥

(ਤੁਖਾਰੀ ਮ:੧, ਅੰਗ ੧੧੧੪)

ਵਾਸਤਵਿਕ ਵਿੱਚ ਹੋਰ ਸੂਖਮ ਵਿਚਾਰੀਏ ਤਾਂ ਸ਼ਕਤੀ ਬਿਰਤੀ ਵਾ ਅਵਿਧਾ ਸ਼ਕਤੀ ਅਤੇ ਲਕਛਣਾ ਬਿਰਤੀ ਦੋਵਾਂ ਦੀ ਹੀ ਬ੍ਰਹਮਆਤਮਾ ਵਿੱਚ ਅਗਮਤਾ ਹੈ। ਮੀਮਾਂਸਾ ਮੱਤ ਵਿੱਚ ਤੀਸਰੀ ਬਿਰਤੀ ਕਥਨ ਕੀਤੀ ਹੈ ਜੋ ਸ਼ਬਦ ਦਾ ਤਾਤਪਰਯ ਸਾਮਰਥ ਹੁੰਦਾ ਹੈ ਤਿਸਦੇ ਦੁਆਰਾ ਹੀ ਯੋਗੀ ਪੁਰਸ਼ਾਂ ਨੇ ਆਗਮ ਪ੍ਰਮਾਣ ਦੀ ਬ੍ਰਹਮਆਤਮਾ ਵਿੱਚ ਗਮਤਾ ਕਥਨ ਕੀਤੀ ਹੈ। ਪਹਿਲਾ ਗੁਰੂ-ਸ਼ਿਸ਼ ਪਰੰਪਰਾ ਅਨੁਸਾਰ ਸ੍ਰਵਣ, ਮੰਨਨ, ਨਿਧਿਆਸਣ ਦੀ ਪਰਪੱਕਤਾ ਦੁਆਰਾ ਸਾਕਸ਼ਾਤ ਬ੍ਰਹਮ-ਆਤਮਾ ਦੀ ਅਭੇਦਤਾ ਦਾ ਅਨੁਭਵ ਕਰਕੇ ਫਿਰ ਬ੍ਰਹਮ ਬੇਤਿਆ ਦੇ ਅਨੁਭਵ ਜਨਯ ਸੰਸਕਾਰਾਂ ਤੋਂ ਉਪਦੇਸ਼ ਦੀ ਈਕਛਾ ਰੂਪ ਹੁੰਦੇ ਹੋਏ ਵੈਖਰੀ ਬਾਣੀ ਦੁਆਰਾ ਵੇਦਮਈ ਵਾਕਾਂ ਵਿੱਚ ਪਰੀਣਿਤ (ਬਦਲਕੇ) ਹੋ ਕੇ ਸ਼ਬਦ ਕਰਨ (ਕੰਨ) ਗੋਚਰ ਹੁੰਦਾ ਹੈ। ਇਸ ਪ੍ਰਕਾਰ ਸ਼ਰੁਤੀ ਪ੍ਰਮਾਣ ਦਾ ਵਿਸ਼ਾ ਬਣਦਾ ਹੈ, ਨਾ ਕਿ ਸ਼ਕਤੀ ਅਤੇ ਲਕਛਣਾ ਬਿਰਤੀ ਦੁਆਰਾ

ਪ੍ਰਤੱਛ ਪ੍ਰਮਾਣ ਆਦਿ ਸਭਿਹਿਨ ਤੇ। ਬਿਸ਼ੈ ਨ ਹੋਇ ਸਕਹਿ ਜਿਨ ਕਿਨ ਤੇ॥ ੧੧॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰੁਤਿ ੫, ਅੰਸੂ ੪੭)

॥ ੪॥ फल॥

श्रूयमाण तु तज्ज्ञानात्तत्प्राप्त्यादिप्रयोजनम्।
फलं प्रकीर्तितंप्राज्ञैर्मुख्यं मोक्षेकलक्षणम्॥ १५॥

श्रूयमाण तू (तत्+गयानात+तत्+प्रापतय+आदी+प्रयोजनम्)।
फलम् (प्रकीरतीतम्+प्रागयईः+मुखयम्) (मोकश+एक+लकछणम्)॥ १५॥

ਸ਼੍ਰੂਯਮਾਣ=ਸ੍ਰਵਣ ਵਿਸ਼ਯਭੂਤ ਵੇਦਾ ਦੇ ਗਿਆਨ ਦੁਆਰਾ ਤਤ੍=ਅਦ੍ਵੈਤ ਆਤਮਾ ਦੇ ਗਯਾਨਾਤ੍=ਬੋਧ ਨਾਲ ਤੂ=ਤਾਂ ਤਤ੍=ਅਦ੍ਵੈਤ ਆਤਮਾ ਦੀ ਪ੍ਰਾਪਤਯ=ਪ੍ਰਾਪਤੀ ਆਦਿ=ਸਕਾਰਯ ਅਵਿਦਿਆ ਦੀ ਨਿਵਿਰਤੀ ਤੇ ਪਰਮਾਨੰਦ ਦੀ ਪ੍ਰਾਪਤੀ ਰੂਪ ਪ੍ਰਯੋਜਨਮ੍=ਮਕਸਦ ਨੂੰ ਸ੍ਰਵਣ ਦਾ ਚੌਥਾ ਅੰਗ ਵਾ ਹੇਤੂ ਫਲਮ੍=ਫਲ ਕਥਨ ਕੀਤਾ ਹੈ। ਪ੍ਰਾਗਯਈਃ= ਪ੍ਰਕਿਸ਼ਟ (ਉਤਮ) ਬੁੱਧੀ ਵਾਲੇ ਵਿਦਵਾਨ ਪ੍ਰਕੀਰਤੀਤਮ੍=ਵਖਿਆਨ ਕਥਨ ਕਰਦੇ ਹਨ ਕਿ ਸੋ ਫਲ ਮੁਖਯਮ੍=ਪ੍ਰਧਾਨ ਰੂਪ ਵਿੱਚ ਕੇਵਲ ਏਕ=ਇੱਕ ਮੋਕਸ਼=ਕੈਵਲਯ ਮੁਕਤੀ ਦੇ ਲਕਛਣਮ੍=ਸਰੂਪ ਵਾਲਾ ਹੀ ਹੈ। ਫਲ ਨੂੰ ਹੀ ਪ੍ਰਯੋਜਨ ਕਿਹਾ ਜਾਂਦਾ ਹੈ।

ਪ੍ਰਤੀਪਾਦਨ ਕਰਿਬੇ ਕੋ ਜੋਗ।
ਆਤਮ ਗਜਾਨ ਕਹੈ ਪ੍ਰਭੁ ਲੋਗ।

ਤਿਸੀ ਗਜਾਨ ਕੋ ਜੋ ਅਨੁਸ਼ਠਾਨ।
ਸੇਵਨ ਕਰਨੋ ਮਹਿਦ ਮਹਾਨ॥ ੧੨॥
ਚੌਥੇ ਸ੍ਰਵਣ ਪ੍ਰਯੋਜਨ ਸੋਇ।
ਫਲ ਭੀ ਨਾਮ ਸੁਨਹੁ ਜਿਮ ਹੋਇ।

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੭)

॥ ੫॥ अर्थवाद॥

वस्तुनः प्रतिपाद्यस्य प्रशंसनमथापि वा॥
निंदा तद्विपरीतस्य ह्यर्थवादःस्मृतोबुधैः॥ १६॥

ਵਸਤੂਨਃ ਪ੍ਰਤੀਪਾਦਯਸਯ (ਪ੍ਰਸ਼ੰਸਨਮ੍+ਅਥਾਪੀ) ਵਾ॥
ਨਿੰਦਾ (ਤਤ੍+ਵਿਪਰੀਤਸਯ) (ਹੀ+ਅਰਥਵਾਦਃ+ਸਮ੍ਮਿਤੋ+ਬੁਧਈ :)॥ ੧੬॥

ਪ੍ਰਤੀਪਾਦਯਸਯ=ਕਥਨ ਕਰਨ ਯੋਗ ਅਦੁਤੀ ਵਸਤੂਨਃ=ਆਤਮਾ ਦੀ ਪ੍ਰਸ਼ੰਸਨਮ੍ ਕੀਰਤੀ, ਵਡਿਆਈ ਅਥਾਪੀ=ਅਥਵਾ ਵਾ=ਉਸ ਕੀਰਤੀ ਤੋਂ ਭਿੰਨ ਤਤ੍=ਅਦ੍ਵੈਤ ਆਤਮਾ ਤੋਂ ਵਿਪਰੀਤਸਯ=ਵਿਰੁੱਧ ਉਲਟ ਜੋ ਦ੍ਵੈਤ ਅਨਾਤਮਾ ਦੀ ਨਿੰਦਾ=ਅਪਜਸ,ਅਪਕੀਰਤੀ ਕਰਨਾ ਹੀ=ਨਿਸ਼ਚਿਤ ਰੂਪ ਨਾਲ ਬੁਧਈਃ=ਬੁਧੀਵਾਨ ਵਿਦਵਾਨਾ ਨੇ ਆਪਣੀ ਸਮ੍ਮਿਤੋ=ਸੁਰਤੀ ਦੁਆਰਾ ਅਰਥਵਾਦਃ=ਅਰਥਵਾਦ ਰੂਪ ਸ੍ਰਵਣ ਦਾ ਪੰਜਵਾਂ ਹੇਤੂ ਕਥਨ ਕੀਤਾ ਹੈ।

ਉਸਤਤਿ :- (੧) **ਮਨ ਧਨ ਤੇਰੋ ਪ੍ਰਾਨੰ ਏਕੈ ਸੂਤਿ ਹੈ ਜਹਾਨੰ ਕਵਨ ਉਪਮਾ ਦੇਉ ਬੜੇ ਤੇ ਬਡਾਨੰ॥**

(ਸਵਯੇ ਸ੍ਰੀ ਮੁਖ ਵਾਕ ਮਹਲਾ ੫, ਅੰਗ ੧੩੮੬)

(੨) **ਕੋਟਿ ਮਹਿਮਾ ਜਾ ਕੀ ਨਿਰਮਲ ਹੰਸ॥ ਕੋਟਿ ਉਸਤਤਿ ਜਾ ਕੀ ਕਰਤ ਬ੍ਰਹਮੰਸ॥**

(ਰਾਗ ਭੈਰਉ ਮਃ ੫, ਅੰਗ ੧੧੫੬)

ਨਿੰਦਾ :- (੧) **ਜਗ ਰਚਨਾ ਸਭ ਝੂਠ ਹੈ ਜਾਨਿ ਲੇਹੁ ਰੇ ਮੀਤ॥**
ਕਹਿ ਨਾਨਕ ਥਿਰ ਨਾ ਰਹੈ ਜਿਉ ਬਾਲੂ ਕੀ ਭੀਤ॥੪੯॥ (ਸਲੋਕ ਮਃ੯,ਅੰਗ ੧੪੨੯)

(੨) **ਸਭਿ ਜਗੁ ਕਾਲੈ ਵਸਿ ਹੈ ਬਾਧਾ ਦੂਜੇ ਭਾਇ॥**

ਪੰਚਮ ਅਰਥਵਾਦ ਸੁਨਿ ਲੱਛਨ
ਜੋ ਭਾਖਤਿ ਹੈਂ ਗਜਾਨ ਬਿਚੱਛਨ।
ਬਰਨਨ ਜੋਗ ਵਸਤੁ ਹੈ ਜੋਇ।
ਤਿਸ ਮਹਿ ਤਿਸਕੀ ਉਸਤਤ ਹੋਇ॥੧੫॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਰੁਤਿ ੫, ਅੰਸੂ ੪੭)

॥ ੬॥ उपपत्ति॥

वस्तुनः प्रतिपाद्यस्य युक्तिभिः प्रतिपादनम्।
उपपत्तिः प्रविज्ञेया दृष्छांताद्या ह्यनेकधा॥ १७॥

ਵਸਤੂਨ : ਪ੍ਰਤੀਪਾਦਯਸਯ ਯੁਕਤੀਭਿ: ਪ੍ਰਤੀਪਾਦਨਮ੍।
ਉਪਪਤੀ: ਪ੍ਰਵਿਗੇਯਾ (ਦ੍ਰਿਸ਼ਟਾਂਤ+ਆਦਯਾ) (ਹੀ+ਅਨੇਕਧਾ)॥ ੧੭॥

ਪ੍ਰਤੀਪਾਦਯਸਯ=ਕਥਨ ਕਰਨ ਯੋਗ ਅਦੁੱਤੀ ਬ੍ਰਹਮ ਤੋਂ ਅਭਿੰਨ ਆਤਮਾ ਵਸਤੂਨ:=ਵਸਤੂ ਦਾ ਯੁਕਤੀਭਿ:=ਜੁਗਤੀ, ਦਲੀਲ, ਪ੍ਰਮਾਣ ਦੇ ਦੁਆਰਾ ਪ੍ਰਤੀਪਾਦਨਮ੍=ਕਥਨ ਕਰਨਾ ਜਿਸਦੇ ਆਦਯਾ=ਅਰੰਭ ਵਿੱਚ ਅਨੇਕਧਾ=ਅਨੇਕਾ ਪ੍ਰਕਾਰ ਦੇ ਦ੍ਰਿਸ਼ਟਾਂਤ=ਪ੍ਰਮਾਣ ਰੂਪ ਯੁਕਤੀਆਂ ਹੋਣ ਉਹ ਹੀ=ਨਿਸ਼ਚੇ ਕਰਕੇ ਸ੍ਰਵਣ ਦਾ ਛੇਵਾਂ ਹੇਤੂ, ਚਿੰਨ੍ ਉਪਪਤੀ:=ਉਪਪਤੀ ਪ੍ਰਵਿਗੇਯਾ=ਪ੍=ਵਿਸ਼ੇਸ਼ ਕਰਕੇ ਜਿਗਿਆਸੂਆਂ ਦੇ ਵਿਗੇਯਾ=ਜਾਨਣ ਦੇ ਯੋਗ ਹੈ।

ਤਿਸੀ ਅਰਥ ਸਿਧ ਕਰਨ ਮੈਂ ਤਿਸੀ ਪ੍ਰਕਰਣ ਮਝਾਰ।
ਸ੍ਰਵਣ ਕਰੀ ਹੈ ਜੁਗਤਿ ਜੇ ਸੋ ਉਪਪੱਤਿ ਬਿਚਾਰ॥ ੧੯॥

(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੭)

एतालिलंगविचारेण भवेत्तात्पर्यनिर्णय:॥
तात्पर्यं यस्य शब्दस्य यत्र स: स्यात्तदर्थक:॥ ੧੮॥

(ਏਤਤ੍+ਲਿੰਗ+ਵਿਚਾਰੇਣ) (ਭਵੇਤ੍+ਤਾਤਪਰਯ+ਨਿਰਣਯ:)॥
ਤਾਤਪਰਯਮ੍ ਯਸਯ ਸ਼ਬਦਸਯ ਯਤ੍ਰ ਸ: (ਸਯਾਤ੍+ਤਦ੍+ਅਰਥਕ:)॥ ੧੮॥

ਏਤਤ=ਇਨ੍ਹਾਂ ਸ੍ਰਵਣ ਦੇ ਖਟ ਲਿੰਗ=ਹੇਤੂ ਅੰਗਾਂ ਦੇ ਦੁਆਰਾ ਉਪਨਿਸ਼ਦਾਂ ਵਿੱਚ ਵਿਚਾਰੇਣ=ਵਿਚਾਰ ਕਰਨ ਤੋਂ ਉਪਨਿਸ਼ਦਾਂ ਦੇ ਤਾਤਪਰਯ=ਸਿਧਾਂਤ ਵਾ ਈਕਸ਼ਾ ਦਾ ਵਿਸ਼ੇ ਬ੍ਰਹਮਆਤਮਾ ਦੀ ਅਭੇਦਤਾ ਦੇ ਅਰਥ ਦਾ ਨਿਰਣਯ:=ਨਿਸ਼ਚੇ ਭਵੇਤ੍=ਹੁੰਦਾ ਹੈ। ਯਸਯ=ਜਿਸ ਸ਼ਬਦਸਯ=ਸ਼ਬਦ ਦਾ ਯਤ੍ਰ=ਜਿਸ ਅਰਥ ਵਿੱਚ ਤਾਤਪਰਯਮ੍=ਅਭਿਪ੍ਰਾਯ, ਮਤਲਬ ਹੁੰਦਾ ਹੈ ਸ:=ਉਹ ਸ਼ਬਦ ਤਦ੍=ਉਸ ਤਾਤਪਰਯ ਅਰਥਕ:=ਅਰਥ ਵਾਲਾ ਸਿੱਧ ਸਯਾਤ=ਹੁੰਦਾ ਹੈ ਭਾਵ ਉਹੀ ਸ਼ਬਦ ਦਾ ਲਕਛਯ ਅਰਥ ਹੁੰਦਾ ਹੈ ਕੇਵਲ ਵਾਚਯ ਨਹੀਂ।

मंदानां श्रुतिसंसिद्धया मानसंशयनुत्तये।
करोम्यवनिनिक्षिप्तनिधिवल्लिंगकीर्त्तनम्॥ ੧੯॥

ਮੰਦਾਨਾਮ੍ (ਸ਼੍ਰੁਤੀ+ਸੰਸਿਦਧ੍ਯਾ) (ਮਾਨ+ਸੰਛਯ+ਅਨੁਤ੍ਤਯੇ)।
ਕਰੋਮਯ੍+ਅਵਨੀ+ਨਿਕਛਿਪਤ+ਨਿਧੀ+ਵਤ੍+ਲਿੰਗ+ਕੀਰਤਨਮ੍॥ ੧੯॥

ਮੰਦਾਨਾਮ=ਮੰਦ ਕਹੀਏ ਅਲਪ ਬੁਧੀ ਵਾਲੇ ਜਿਗਿਆਸੂਆਂ ਦੁਆਰਾ ਤਾਤਪਰਯ ਅਰਥ ਅਦੁਤੀ ਬ੍ਰਹਮ ਦੇ ਪ੍ਰਤੀਪਾਦਕ ਵੇਦਾਂਤ ਵਾਕਯ ਨੂੰ ਸ਼੍ਰੁਤੀ=ਸਰਵਣ ਕਰਕੇ ਜੋ ਸੰਸਿਦਧ੍ਯਾ=ਨਿਸ਼ਚੇ ਕੀਤਾ ਗਿਆ ਮਾਨ=ਪ੍ਰਮਾਣ ਗਤ ਸੰਛਯ ਕਹੀਏ ਵੇਦਾਂਤ ਵਾਕਯ ਅਦ੍ਵੈਤ ਬ੍ਰਹਮ ਦੇ ਪ੍ਰਤੀਪਾਦਕ ਹਨ ਜਾਂ ਕਿਸੇ ਹੋਰ ਅਰਥ ਦੇ ਪ੍ਰਤੀਪਾਦਕ ਹਨ ਐਸੇ ਸੰਛੇਆਤਮਕ ਗਿਆਨ ਦੀ ਅਨੁਤ੍ਤਯੇ=ਨਿਵਿਰਤੀ ਵਾਸਤੇ ਸਰਵਣ ਦੇ ਖਟ ਲਿੰਗ=ਹੇਤੂ, ਚਿੰਨ੍,ਅੰਗਾਂ ਨੂੰ ਕੀਰਤਨਮ=ਪ੍ਰਕਾਸ਼ਿਤ ਕਰਨ ਰੂਪ ਕਥਨ ਪੀਤਾਂਬਰ ਜੀ ਕਰੋਮਯ=ਕਰਦੇ ਹਨ। ਜਿਵੇਂ ਅਵਨੀ=ਧਰਤੀ ਵਿੱਚ ਕਿਸੇ ਨਿਕਛਿਪਤ=ਢੱਕੇ ਹੋਏ ਗੁਪਤ ਨਿਧੀ=ਖਜ਼ਾਨੇ ਨੂੰ ਮਿਹਨਤ ਕਰਕੇ ਧਰਤੀ ਨੂੰ ਖੋਦ ਕੇ ਪ੍ਰਕਾਸ਼ਿਆ ਜਾਂਦਾ ਹੈ ਇਸ ਦੇ ਵਤ=ਤੁਲ, ਬਰਾਬਰ ਹੀ ਹੁਣ ਖਟ ਅੰਗਾਂ ਦੀ ਗੁਪਤ ਨਿਧੀ ਨੂੰ ਉਪਨਿਸ਼ਦਾ ਰੂਪ ਧਰਤੀ ਵਿਚੋਂ ਪ੍ਰਕਾਸ਼ਿਤ ਵਾ ਪ੍ਰਗਟ ਕਰਦੇ ਹਨ॥

तत्त्वालोके विशेषोऽपि विचारस्तदद्दर्शनात्।
मयात्वेषा समासेन क्रियतेदिक्प्रदर्शनम्॥ २०॥

ਤਤ੍ਵਲੋਕੇ (ਵਿਸ਼ੇਸ਼ੋ+ਅਪੀ) (ਵਿਚਾਰਸ+ਤਦ੍+ਅਦਰਸ਼ਨਾਤ੍)।
(ਮਯਾ+ਤ੍ਵ+ਏਸ਼ਾਮ੍) ਸਮਾਸੇਨ (ਕ੍ਰਿਯਤੇ+ਦਿਕ੍+ਪ੍ਰਦਰਸ਼ਨਮ੍)॥ ੨੦॥

ਭਾਵੇਂ ਇਨ੍ਹਾਂ ਖਟ ਅੰਗਾਂ ਦਾ ਵਿਸ਼ੇਸ਼ੋ=ਵਿਸ਼ੇਸ਼, ਖਾਸ ਵਿਚਾਰਸ=ਨਿਰਣੇ ਅਨੰਦਗਿਰੀ ਸਵਾਮੀ ਕ੍ਰਿਤ ਤਤ੍ਵਲੋਕੇ=ਤੱਤ੍ਵਲੋਕ ਨਾਮਕ ਗ੍ਰੰਥ ਵਿੱਚ ਵਿਸਤਾਰ ਸਹਿਤ ਅਪੀ=ਵੀ ਕੀਤਾ ਗਿਆ ਹੈ ਪਰੰਤੂ ਤਦ=ਉਹ ਤੱਤ੍ਵਲੋਕ ਗ੍ਰੰਥ ਹੁਦ ਅਦਰਸ਼ਨਾਤ੍=ਅਨਉਪਲਬਧ ਹੈ। ਇਸ ਲਈ ਮਯਾ=ਮੇਰੇ (ਪੀਤਾਂਬਰ ਜੀ) ਦੁਆਰਾ ਤ੍ਵ=ਤਾਂ ਏਸ਼ਾਮ੍=ਇਨ੍ਹਾਂ ਸ੍ਰੁਵਣ ਦੇ ਖਟ ਹੇਤੂਆ ਦਾ ਸਮਾਸੇਨ=ਸੰਛੇਪ ਰੂਪ ਵਿੱਚ ਵਿਚਾਰ ਕੇਵਲ ਦਿਕ੍=ਦਿਸ਼ਾ ਮਾਤ੍ਰ ਕਹੀਏ ਸਾਮਾਨਯ ਵਰਣਨ ਪ੍ਰਦਰਸ਼ਨਮ=ਦਿਖਾਉਣ ਰੂਪ ਨਿਰਦੇਸ਼,ਕਥਨ ਕ੍ਰਿਯਤੇ=ਕੀਤਾ ਜਾ ਰਿਹਾ ਹੈ।

सर्वेषूपनिषद्ग्रंथेषूपासनमनेकधा।
ज्ञानशेषं तु तज्ज्ञेयं चित्तशुद्धिकरं यतः॥ २१॥

ਸਰਵੇਸ਼ੂ+ਉਪਨਿਸ਼ਦ੍+ਗ੍ਰੰਥੇਸ਼ੂ+ਉਪਾਸਨਮ+ਅਨੇਕਧਾ।
(ਗਯਾਨ+ਸ਼ੇਸ਼ਮ੍) ਤ੍ਵ (ਤਤ੍+ਗੇਯਮ੍) (ਚਿਤ+ਸ਼ੁਧੀ+ਕਰਮ੍) ਯਤਃ॥ ੨੧॥

ਸਰਵੇਸ਼ੂ=ਸਾਰੇ ਉਪਨਿਸ਼ਦ ਰੂਪ ਗ੍ਰੰਥੇਸ਼ੂ=ਗ੍ਰੰਥਾ ਵਿੱਚ ਅਨੇਕਧਾ=ਅਨੇਕ ਪ੍ਰਕਾਰ ਦੀ ਉਪਾਸਨਮ੍=ਧਿਆਨ ਵਿਧੀ ਕਥਨ ਕੀਤੀ ਹੈ ਤਤ੍=ਉਹ ਉਪਾਸਨਾ ਤ੍ਵ=ਤਾਂ ਅਭੇਦ ਗਯਾਨ=ਬੋਧ ਦੀ ਸ਼ੇਸ਼ਮ੍= ਉਪਕਾਰਕ, ਸਹਾਇਕ ਹੈ ਯਤਃ= ਜਿਸ ਕਰਕੇ ਅੰਤਹਕਰਣ ਦੇ ਵਿਕਛੇਪ ਦੋਸ਼ ਦੀ ਨਿਵਿਰਤੀ ਰੂਪ ਸ਼ੁਧੀ=ਸਫਾਈ ਕਰਮ੍=ਕਰਨ ਵਾਲੀ ਕਾਰਣੀਭੂਤ (ਕਾਰਣ ਸਰੂਪ) ਉਪਾਸ਼ਨਾ ਨੂੰ ਹੀ ਗੇਯਮ=ਜਾਨਣਾ ਚਾਹੀਦਾ ਹੈ॥ ਪਰੰਤੂ ਉਪਸ਼ਿਦਾ ਦੇ ਉਪਾਸਨਾ ਭਾਗ ਦੇ ਹੇਤੂਆਂ ਦੀ ਵਿਚਾਰ ਦਾ ਇਥੇ ਉਪਯੋਗ ਨਹੀਂ ਇਸ ਲਈ ਕੇਵਲ ਗਿਆਨ ਦੇ ਸਹਾਇਕ ਸਾਧਨਾਂ ਵਿਚੋਂ ਸ੍ਰੁਵਣ ਦੇ ਖਟ ਅੰਗਾਂ ਦਾ ਵਿਸਥਾਰ ਨਾਲ ਵਰਣਨ ਕੀਤਾ ਗਿਆ ਹੈ॥

इति श्रीश्रुतिषड्लिंग संग्रहे उपोद्घात कीर्तनं नाम प्रथमं प्रकरणं समाप्तम्॥१॥
ਇਤੀ ਸ਼੍ਰੀ ਸ਼੍ਰੁਤੀ ਛੜਲਿੰਗ ਸੰਗ੍ਰਹੇ ਉਪੋਦਘਾਤ ਕੀਰਤਨਮ੍ ਨਾਮ
ਪ੍ਰਥਮਮ੍ ਪ੍ਰਕਰਣਮ੍ ਸਮਾਪਤਮ॥ ੧॥

ਸ਼੍ਰੀ=ਸੁਭਾਇਮਾਨ 'ਸ਼੍ਰੁਤੀ' ਛੜਲਿੰਗ ਸੰਗ੍ਰਹੇ' ਨਾਮ=ਨਾਮਕ ਲਘੂ ਗ੍ਰੰਥ ਦਾ ਪ੍ਰਥਮ=ਪਹਿਲਾ ਪ੍ਰਕਰਣਮ੍=ਪ੍ਰਸੰਗ ਇਥੇ ਇਤੀ=ਸਮਾਪਤ ਹੁੰਦਾ ਹੈ। ਜਿਸਨੂੰ ਉਪੋਘਾਤ ਨਾਮ ਦੀ ਪ੍ਰਕਿਰਿਆ ਦਾ ਕੀਰਤਨਮ੍=ਕਥਨ ਕਰਕੇ ਸਮਾਪਤਮ੍=ਸੰਪੂਰਨ ਕੀਤਾ ਗਿਆ ਹੈ॥

☆☆☆

॥ अथेशावास्योपनिषल्लिंगकीर्त्तनम्॥ २॥

ਅਥ+ਈਸ਼ਾਵਾਸਯ+ਉਪਨਿਸ਼ਦ+ਲਿੰਗ+ਕੀਰਤਨਮ੍॥੨॥

ਅਥ=ਹੁਣ ਸ਼ੁਕਲ ਯਜੁਰਵੇਦ ਦੀ ਈਸ਼ਾਵਾਸਯ ਉਪਨਿਸ਼ਦ ਦੇ ਮੰਤ੍ਰ ਦੁਆਰਾ ਸਰਵਣ ਦੇ ਖਟ ਲਿੰਗ=ਚਿੰਨ, ਹੇਤੂਆਂ ਦਾ ਕੀਰਤਨਮ੍=ਕਥਨ ਕਰਦੇ ਹਨ।

ईशावास्यमुपक्रम्योपसंहारः स पर्यगात्।
अनेजदेकमित्याद्योऽभयासस्तस्याद्वयस्य च॥ १॥

ईशावासयम्+उपक्रम+उपसंहारः स परयागात।
अनेजद्+एकम्+इतयादयो+अभयासः+तसय+अद्वयसय च॥ १॥

(੧) ਉਪਕ੍ਰਮ-ਉਪਸੰਹਾਰ :-

ईशावासयम् = **''ईशावास्यमिद ꣳ सर्वं.....''** (**ਮੰਤ੍ਰ ੧**)

ईशा(अवासयम्+इदम्) सरवम्

ਭਾਵ ਇਦਮ੍=ਇਹ ਸਰਵ੍ਮ=ਸਾਰਾ (ਜੜ,ਚੇਤਨ) ਜਗਤ ਈਸ਼ਾ=ਈਸ਼ਵਰ ਦੁਆਰਾ ਅਵਾਸਯਮ=ਅਛਾਦਿਤ ਭਾਵ ਢੱਕਿਆ ਹੋਇਆ ਹੈ। ਈਸ਼ਵਰ ਸਭ ਦਾ ਕਾਰਣ ਰੂਪ ਹੋਣ ਕਰਕੇ ਗੁਪਤ, ਅਸੰਗ ਤੇ ਵਿਆਪਕ ਹੈ ਅਤੇ ਆਪਣੀ ਮਾਯਾ ਦੁਆਰਾ ਕਾਰਜ ਜਗਤ ਵਿਚ ਵਿਦਿਆਮਾਨ ਹੈ।

ਅਪਨੀ ਮਾਇਆ ਆਪਿ ਪਸਾਰੀ ਆਪਹਿ ਦੇਖਨਹਾਰਾ॥
ਨਾਨਾ ਰੂਪੁ ਧਰੇ ਬਹੁ ਰੰਗੀ ਸਭ ਤੇ ਰਹੈ ਨਿਆਰਾ॥ ੨॥

(ਬਿਹਾਗੜਾ ਮ:੯, ਅੰਗ ੫੩੭)

ਇਹੁ ਪਰਪੰਚੁ ਪਾਰਬ੍ਰਹਮ ਕੀ ਲੀਲਾ ਬਿਚਰਤ ਆਨ ਨ ਹੋਈ॥ ੨॥

(ਆਸਾ ਭ. ਨਾਮਦੇਵ, ਅੰਗ ੪੮੫)

ਇਸ ਉਪਰੋਕਤ ਪ੍ਰਥਮ ਮੰਤ੍ਰ ਨਾਲ ਉਪਕ੍ਰਮ=ਪ੍ਰਕਰਮ ਦਾ ਆਰੰਭ ਕਰਕੇ ਪਾਸ਼ਟਿਕ (ਪਿੱਛੇ ਨੂੰ) ਆਨਵੇ ਦੀ ਰੀਤ ਅਨੁਸਾਰ :-

ਸ ਪਰਯਗਾਤ ਉਪਸੰਹਾਰ :=

''ਸ ਪਰਯਗਾਚ੍ਛੁਕ੍ਰੇ.....'' =**(ਸ ਪਰਯਗਾਤ੍+ਸ਼ੁਕ੍ਰਮ੍)**

ਸ=ਉਹ ਆਤਮਾ ਤੋਂ ਅਭਿੰਨ=ਜੋਤ ਸਰੂਪ, ਸ਼ੁਧ ਹੈ। ਇਸ ਮੰਤ੍ਰ ਦੁਆਰਾ ਉਪਸੰਹਾਰ:= ਪ੍ਰਕਰਣ ਸਮਾਪਤ ਕੀਤਾ ਗਿਆ॥

(੨) ਅਭਿਆਸ :- ਆਨਵੇ ਰੀਤ ਅਨੁਸਾਰ :-

ਅਨੇਜਦ੍ ਏਕਮ੍ ਚ ਤਸਯ ਅਦ੍ਵਯਸਯ ਇਤਯਾਦਯੋ ਅਭਯਾਸ:

ਅਨੇਜਦ ਏਕਮ੍ = ''**अनेजदेकं मनसो जीवयो.....**'' **(ਮੰਤ੍ਰ ੪)**

''**(ਅਨੇਜਦ੍+ਏਕਮ੍) ਮਨਸੋ ਜੀਵਯੋ.....**''

ਅਨੇਜਦ੍=ਅਚੰਚਲ,ਕ੍ਰਿਆ ਰਹਿਤ,ਨਿਰਹੱਲ ਹੁੰਦੇ ਹੋਏ ਏਕਮ੍=ਇੱਕ ਅਦੁਤੀ ਬ੍ਰਹਮਾਤਮਾ ਮਨਸੋ=ਮਨ ਤੋਂ ਵੀ ਅਧਿਕ ਜਵੀਯੋ=ਰਫਤਾਰ, ਵੇਗਵਾਨ ਹੈ ਭਾਵ ਸਾਰੀਆਂ ਕਿਰਿਆ ਦਾ ਅਧਿਸ਼ਠਾਨ ਰੂਪ ਹੈ। ਚ=ਔਰ ਇਤਯਾਦਯੋ=''ਤਦੰਤਰਸਯ ਸਰਵਸਯ'' ਆਦਿਕ ਕਹੀਏ ਤਦ=ਆਤਮਾ ਤੋਂ ਅਭਿੰਨ ਬ੍ਰਹਮ ਸਰਵਸਯ=ਸਾਰੇ ਚਰਾਚਰ ਜਗਤ,ਖੰਡਾ,ਬ੍ਰਹਮੰਡਾਂ ਦੇ ਅੰਤਰਸਯ=ਅੰਦਰ ਵਿਦਿਆਮਾਨ ਹੈ।

ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥

(ਸੋਹਿਲਾ, ਧਨਾਸਰੀ ਮ:੧, ਅੰਗ ੧੩)

ਇਨ੍ਹਾਂ ਉਪਰੋਕਤ ਮੰਤ੍ਰਾ ਦੁਆਰਾ ਤਸਯ=ਤਿਸ ਅਦ੍ਵਯਸਯ=ਅਦ੍ਵੈਤ ਸਰੂਪ ਬ੍ਰਹਮ ਦਾ ਅਭਯਾਸ:=ਪੁਨ: ਪੁਨ: ਪਠਨ, ਚਿੰਤਨ ਰੂਪ ਸ੍ਰਵਣ ਦਾ ਦੂਸਰਾ ਅੰਗ, ਹੇਤੂ ਅਭਿਆਸ ਕਥਨ ਕੀਤਾ ਹੈ॥

नैनद्देवा अपूर्वत्वं फलं मोहाद्यभावकम्।
कुर्वन्नित्यनुवाद्यैवासूर्य्या भेदविनिंदनम्॥ २॥
(ਨ+ਏਨਦ+ਦੇਵਾ) ਅਪੂਰਵਤ੍ਵਮ ਫਲਮ੍ (ਮੋਹ+ਆਦਯ+ਅਭਾਵਕਮ)।
ਕੁਰਵਨ੍+ਇਤਯ੍+ਅਨੁਵਾਦਯ+ਏਵ+ਅਸੂਰਯਾ) ਭੇਦ ਵਿਨਿੰਦਨਮ੍॥ ੨॥

(੩) ਅਪੂਰਵਤਾ :-

''**नैनद्देवा आप्नुवन पूर्वमर्शत्**''.... **(ਮੰਤ੍ਰ ੪)**

''**(ਨ+ਏਨਦ੍+ਦੇਵਾ) ਆਪਨੂਵਨ (ਪੂਰਵਮ+ਅਰਸ਼ਤ੍)**''

ਆਗਮ ਪ੍ਰਮਾਣ ਤੋਂ ਇਲਾਵਾ ਉਸ ਅਦ੍ਵੈਤ ਏਨਦ੍=ਬ੍ਰਹਮ ਨੂੰ ਦੇਵਾ=ਸਮੂਹ ਇੰਦ੍ਰਿਆ ਦੇ ਅਭਿਮਾਨੀ ਦੇਵਤਾ ਵਾ ਇੰਦ੍ਰਯ ਆਸ੍ਰਿਤ ਪਰਤੱਖ ਪ੍ਰਮਾਣ ਆਦਿਕ (ਪੂਰਵਮ=ਸ਼ਾਸਤ੍ਰ ਪ੍ਰਮਾਣ ਤੋਂ ਪਹਿਲਾ ਅਰਸ਼ਤ=ਸਾਕਸ਼ਾਤ ਗਿਆਨ ਦੇ ਲਈ ਪ੍ਰਕਾਸ਼ ਨੂੰ) ਨ=ਨਹੀਂ ਆਪਨੂਵਨ=ਪ੍ਰਾਪਤ ਹੋਏ।

ਭਾਵ ਬ੍ਰਹਮਾਤਮਾ ਵਿੱਚ ਸਾਰੇ ਦੇਵਤੇ, ਇੰਦ੍ਰੇ,ਪ੍ਰਮਾਣ ਆਦਿਕਾ ਦੀ ਅਗਮਤਾ ਹੈ ਇਹੀ ਅਪੂਰਵਤਾ (ਪੂਰਨ ਸਤਗੁਰਾਂ ਦੇ ਉਪਦੇਸ਼ ਤੋਂ ਬਿਨਾ ਪੂਰਵ ਕਿਸੇ ਸਾਧਨ ਦੁਆਰਾ ਗਮਤਾ ਨਾ ਹੋਣੀ) ਸਰਵਣ ਦਾ ਤੀਸਰਾ ਹੇਤੂ ਹੈ।

ਓਹੁ ਵੇਖੈ ਓਨਾ ਨਦਰਿ ਨ ਆਵੈ ਬਹੁਤਾ ਏਹੁ ਵਿਡਾਣ॥ **(ਜਪੁ, ਅੰਗ ੭)**

ਜੋਤੀ ਹੂ ਪ੍ਰਭੁ ਜਾਪਦਾ ਬਿਨੁ ਸਤਗੁਰ ਬੂਝ ਨ ਪਾਇ॥
ਜਿਨ ਕਉ ਪੂਰਬਿ ਲਿਖਿਆ ਸਤਗੁਰ ਭੇਟਿਆ ਤਿਨ ਆਇ॥ ੨॥ **(ਸਿਰੀਰਾਗੁ ਮ:੩, ਅੰਗ ੩੬)**

(੪) ਫਲ :-

ਮੋਹ ਆਦਯ੍ ਅਭਾਵਕਮ੍ ਫਲਮ੍ :

''तत्र को मोहः कः शोक एकत्वमनुपश्यतः'' (ਮੰਤ੍ਰ ੭)

''ਤਤ੍ਰ ਕੋ ਮੋਹਃ ਕਃ ਸ਼ੋਕ (ਏਕਤ੍ਵਮ+ਅਨੁਪਸ਼ਯਤਃ'')

ਜਿਸ ਸਮੇਂ ਪਰਮਾਰਥ ਤੱਤ੍ਵ ਜਾਨਣ ਵਾਲੇ ਪੁਰਸ਼ ਦੀ ਦ੍ਰਿਸ਼ਟੀ ਵਿੱਚ ਸਭ ਭੂਤ=ਭੌਤਿਕ ਪਦਾਰਥ ਆਤਮਾ ਹੀ ਹੋ ਗਏ ਵਾ ਆਤਮਭਾਵ ਨੂੰ ਹੀ ਪ੍ਰਾਪਤ ਹੋ ਗਏ ਤਾਂ ਏਕਤ੍ਵਮ=ਇੱਕ ਅਦ੍ਵੈਤ ਆਤਮਾ ਤੋਂ ਅਭਿੰਨ ਬ੍ਰਹਮ ਵਾਲੀ ਸਮ ਦ੍ਰਿਸ਼ਟੀ ਨਾਲ ਅਨੁਪਸ਼ਯਤਃ=ਵੇਖਣ ਵਾਲੇ ਆਤਮ ਗਿਆਨੀ ਨੂੰ ਤਤ੍ਰ=ਉਸ ਆਤਮਾ ਵਿੱਚ ਕੋ=ਕੀ ਮੋਹਃ= ਰਾਗ, ਆਸਕਤੀ ਅਤੇ ਕਃ=ਕੀ ਸ਼ੋਕ=ਇਸ਼ਟ ਵਸਤੂ ਦੇ ਵਿਯੋਗ ਨਾਲ ਗਮੀ ਆਦਿਕ ਅਨਿੱਤ ਭਾਵਨਾ ਰਹਿ ਸਕਦੀ ਹੈ? ਭਾਵ ਸ਼ੋਕ ਤੇ ਮੋਹ ਤਾਂ ਕਾਮਨਾ ਅਤੇ ਕਰਮਾਂ ਦੇ ਬੀਜ ਨੂੰ ਨਾ ਜਾਨਣਵਾਲੇ ਨੂੰ ਹੀ ਹੁੰਦੇ ਹਨ ਕਿੰਤੂ ਆਕਾਸ਼ ਸਮਾਨ ਆਤਮਾ ਦਾ ਵਿਸ਼ੁੱਧ ਇਕੱਤ੍ਵ ਦੇਖਣਵਾਲੇ ਨੂੰ ਨਹੀਂ।

ਬ੍ਰਹਮ ਦੀਸੈ ਬ੍ਰਹਮ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀਂ ਜਾਣੀਐ॥

(ਬਿਲਾਵਲ ਮਃ੫, ਅੰਗ ੮੪੬)

ਕਬੀਰ ਗੁਰ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ॥
ਹਰਖ ਸੋਗ ਦਾਝੈ ਨਹੀ ਤਬ ਹਰਿ ਆਪਹਿ ਆਪ॥ ੧੮੯॥

(ਸਲੋਕ ਕਬੀਰ ਜੀ, ਅੰਗ ੧੩੭੪)

ਇਸ ਪ੍ਰਕਾਰ ਅਵਿਦਿਆ ਦੇ ਕਾਰਜ ਮੋਹ=ਰਾਗ ਆਦਯ=ਦ੍ਵੈਸ਼,ਸ਼ੋਕ ਆਦਿਕ ਦਾ ਅਭਾਵਕਮ੍=ਅਭਾਵ, ਨਿਵਿਰਤੀ ਅਦ੍ਵੈਤ ਸਰੂਪ ਆਤਮਾ ਦੇ ਗਿਆਨ ਦਾ ਫਲਮ੍=ਫਲ ਜੋ ਸਰਵਣ ਦਾ ਚੌਥਾ ਅੰਗ, ਹੇਤੂ ਕਥਨ ਕੀਤਾ ਹੈ।

(੫) ਅਰਥਵਾਦ :-

(ਕੁਰਵਨ+ਇਤਯ੍+ਅਨੁਵਾਦਯ+ਏਵ+ਅਸੁਰਯਾ) ਭੇਦ ਵਿਨਿੰਦਨਮ੍ :-

ਹੁਣ ਜੋ ਨਿਵਿਰਤੀ ਮਾਰਗ ਦੁਆਰਾ ਆਤਮ ਤਤ੍ਵ ਨੂੰ ਗ੍ਰਹਿਣ ਕਰਨ ਵਿੱਚ ਅਸਮਰਥ ਹੈ ਉਸਦੇ ਲਈ ਕਰਮ ਮਾਰਗ ਦੱਸਦੇ ਹਨ।

ਕੁਰਵਨ੍+ਇਤਯ+ਅਨੁਵਾਦਯ+ਏਵਃ-

''कुर्वन्नेवेह कर्माणि जिजीविषेच्छत ꣳ समाः'' (ਮੰਤ੍ਰ ੨)

(ਕਰਵਨ੍+ਏਵ+ਈਹ) ਕਰਮਾਣੀ (ਜੀਜੀਵਿਸ਼ੇਤ੍+ਸ਼ਤਗਮ੍) ਸਮਾਃ

ਈਹ=ਇਸ ਲੋਕ ਵਿੱਚ ਅਗਨੀ ਹੋਤ੍ਰ ਆਦਿਕ ਸ਼ਾਸਤ੍ਰ ਵਿਹਿਤ ਕਰਮਾਣੀ=ਕਰਮ ਕੁਰਵਨ=ਕਰਦੇ ਹੋਏ ਏਵ=ਹੀ ਸ਼ਤਗਮ੍=ਸੌ ਸਮਃ=ਸਾਲ ਤੱਕ ਪੁਰਸ਼ ਜੀਜੀਵਿਸ਼ੇਤ੍=ਜੀਣ ਦੀ ਇੱਛਾ ਕਰੇ। ਭਾਵ ਪੁਰਸ਼ ਦੀ ਵੱਡੀ ਤੋਂ ਵੱਡੀ ਉਮਰ ਸੌ ਸਾਲ ਮੰਨੀ ਗਈ ਹੈ ਅਤੇ ਇਸ ਪ੍ਰਾਪਤ ਉਮਰ ਦਾ ਅਨੁਵਾਦਯ=ਸਾਰਥਕ ਪ੍ਰਵਰਤਨ ਕਰਦੇ ਹੋਏ ਜੇਕਰ ਕੋਈ ਮਨੁੱਖ ਸੌ ਸਾਲ ਤੱਕ ਜਿਊਣ ਦੀ ਇੱਛਾ ਰੱਖਦਾ ਹੈ ਤਾਂ ਭਾਵੇਂ ਸਕਾਮ ਜਾਂ ਨਿਸ਼ਕਾਮ ਭਾਵਨਾ ਨਾਲ ਉਸਨੂੰ ਕਰਮ ਕਰਦੇ ਹੋਏ ਹੀ ਜੀਣਾ ਚਾਹੀਦਾ ਹੈ। ਇਸ ਪ੍ਰਕਾਰ ਕਿਸੇ ਅਸ਼ੁਭ ਕਰਮ ਦਾ ਜੀਵਨ ਤੇ ਲੇਪ ਨਹੀਂ ਲੱਗਦਾ। ਇਤਯ੍=ਇਤਿਆਦਿਕ ਕਹੀਏ ਅਸੁਰਯਾਃ-

''असुर्य्या नाम ते लोकाः (ਮੰਤ੍ਰ ੩)

''ਅਸੁਰਯਾ ਨਾਮ ਤੇ ਲੋਕਾ...''

ਹੁਣ ਇਸ ਮੰਤ੍ਰ ਵਿੱਚ ਅਗਿਆਨੀ ਪੁਰਸ਼ਾਂ ਦੀ ਨਿੰਦਾ ਕਰਦੇ ਹਨ ਕਿ ਤੇ=ਉਹ ਰਾਜਸੀ, ਤਾਮਸੀ ਭੋਗ ਬਿਲਾਸੀ ਜੀਵ ਜੋ ਅਵਿਦਿਆ ਰੂਪ ਦੋਸ਼ ਦੇ ਕਾਰਣ ਸਚਿਦਾਨੰਦ ਨਿਜ ਸਰੂਪ ਆਤਮਾ ਦਾ ਤਿਰਸਕਾਰ ਕਰਦੇ ਹਨ ਐਸੇ ਅਸੁਰ*=ਕੁਕਰਮੀ (ਕੁਕ੍ਰਿਤ ਕਰਮ ਜੇ ਜਗ ਮਹਿ ਕਰਹੀ। ਨਾਮ ਅਸੁਰ ਤਿਨ ਕੋ ਜਗ ਧਰਹੀ।) ਨਾਮ=ਸੰਗਿਆ ਵਾਲੇ ਜੀਵ ਇਸ ਸਰੀਰ ਨੂੰ ਤਿਆਗ ਕੇ ਆਪਣੇ ਕਰਮ ਅਤੇ ਗਿਆਨ ਅਨੁਸਾਰ ਬ੍ਰਹਮਾ ਆਦਿਕ ਲੋਕਾਂ ਤੋਂ ਲੈ ਕੇ ਸਥਾਵਰ ਪ੍ਰਯੰਤ ਜੂਨਾਂ ਵਿੱਚ ਭਟਕਦੇ ਹਨ।

*ਅਦ੍ਵੈਤ ਪਰਮਾਤਮਾ ਦੀ ਅਪੇਕਸ਼ਾ ਤੋਂ ਦੇਵਤੇ ਆਦਿ ਵੀ ਅਸੁਰ ਹੀ ਹਨ। ਉਨ੍ਹਾਂ ਦੀ ਸੰਪਤੀ ਸ੍ਵਰੂਪ ਲੋਕ ਵੀ 'ਅਸੁਰ' ਜਾਨਣਾ।

ਉਪਰੋਕਤ ਦੋ ਮੰਤ੍ਰਾਂ ਵਿੱਚ ਭੇਦ=ਅੰਤਰ, ਫਰਕ ਸਮਝਣ ਵਾਲੇ ਅਗਿਆਨੀ ਪੁਰਸ਼ਾਂ ਦੀ ਵਿਨਿੰਦਨਮ੍=ਵਿਸ਼ੇਸ਼ ਕਰਕੇ ਨਿੰਦਾ ਕੀਤੀ ਗਈ ਹੈ ਅਤੇ ਇਸ ਤੋਂ ਅਭੇਦ ਗਿਆਨ ਦੀ ਸਤੂਤੀ (ਪ੍ਰਸ਼ੰਸਾ, ਵਡਿਆਈ) ਆਪਣੇ ਆਪ ਜਾਣ ਲੈਣੀ। ਇਹ ਉਸਤਤ-ਨਿੰਦਾ ਰੂਪ ਅਰਥਵਾਦ ਸਰਵਣ ਦਾ ਪੰਜਵਾਂ ਹੇਤੂ, ਅੰਗ ਕਥਨ ਕੀਤਾ ਗਿਆ ਹੈ॥

तस्मिन्नपो मातरिश्वेत्युपपत्तिः प्रदर्शिता।
एतैरीशोपनिषदोऽद्वैते तात्पर्यमिष्यते॥ ३॥

(तसमिंन+अपो) (मातरी+श्वा+इतयू+उपपतीः) प्रदरशिता।
(एतईीः+ईशोपनिशदः+अद्वैते) (तातपरयम्+इछयते)॥ ३॥

(६) ਉਪਪਤੀ :-

''.....तस्मिन्नपो मातरिश्वा दधाति'' (ਮੰਤ੍ਰ ੪)

(तसमिंन+अपो) (मातरी+श्वा) दधाती

ਤਸਮਿੰਨ=ਉਸ ਅਚੱਲ ਚੇਤਨ ਸ੍ਵਰੂਪ ਆਤਮ ਤੱਤ੍ਵ ਦੀ ਸੱਤਾ ਦੇ ਭੈ ਵਿੱਚ ਰਹਿੰਦੇ ਹੋਏ ਹੀ ਮਾਤਰੀ=ਅੰਤਰਿਕਸ਼ ਵਾ ਆਕਾਸ਼ ਵਿੱਚ ਸ਼ਵਾ=ਗਮਨ ਕਰਲ ਵਾਲੀ ਵਾਯੂ ਅਪੋ=ਜਲ ਨੂੰ ਦਧਾਤੀ=ਧਾਰਨ ਕਰਦੀ ਹੈ ਜਿਸ ਪ੍ਰਕਿਰਿਆ ਦੁਆਰਾ ਬੱਦਲਾਂ ਦੀ ਰਚਨਾ ਹੁੰਦੀ ਹੈ। ਇਸੇ ਤਰ੍ਹਾਂ ਪਰਮੇਸ਼ਰ ਦੀ ਸੱਤਾ ਵਿੱਚ ਹੀ ਵਾਯੂ ਸਮਸਤ ਪ੍ਰਾਣਾਂ ਦਾ ਪੋਸ਼ਣ ਕਰਨ ਵਾਲੀ ਕ੍ਰਿਆ ਰੂਪ ਹੈ ਅਤੇ ਅਗਨੀ, ਸੂਰਜ, ਮੇਘ ਆਦਿਕਾ ਦੇ ਪ੍ਰਕਾਸ਼ਨ ਵਾਲੀ, ਸਮੁੰਦਰ ਦੀਆਂ ਲਹਿਰਾਂ ਦੀ ਉਪਕਾਰਕ ਹੈ।

ਭੈ ਵਿਚਿ ਪਵਣ ਵਹੈ ਸਦ ਵਾਉ॥
ਭੈ ਵਿਚ ਚਲਹਿ ਲਖ ਦਰੀਆਉ॥
ਭੈ ਵਿਚ ਅਗਨਿ ਕਢੈ ਵੇਗਾਰਿ॥ (ਆਸਾ ਵਾਰ ਮਃ੧, ਅੰਗ ੪੬੫)

ਇਤਯੂ=ਐਸੇ ਉਪਰੋਕਤ ਮੰਤ੍ਰ ਦੁਆਰਾ ਉਪਪਤੀਃ=ਜੁਗਤੀ ਪ੍ਰਦਰ ਸ਼ਿਤਾ =ਦਿਖਾਈ ਗਈ ਹੈ ਕਿ ਅਕ੍ਰਿਅ ਅਧਿਸ਼ਠਾਨ ਦੀ ਸੱਤਾ ਦੇ ਭੈ ਵਿਚ ਵਾਯੂ ਸਮਸਤ ਕਿਰਿਆ ਰੂਪ ਪ੍ਰਵਿਰਤੀ ਕਰਦੀ ਹੈ। ਤਿਵੇਂ

ਹੀ ਸਰੀਰ, ਇੰਦ੍ਰੇਯ ਆਦਿ ਸਾਰੇ ਵਿਕਾਰ (ਬਦਲਾਵ) ਅਧਿਸ਼ਠਾਨ ਸ੍ਵਰੂਪ ਨਿੱਤਯ ਚੇਤਨ ਆਤਮ ਤੱਤ੍ਵ ਦੇ ਵਿਦਿਆਮਾਨ ਰਹਿੰਦੇ ਹੀ ਹੁੰਦੇ ਹਨ। ਇਹ ਸਰਵਣ ਦਾ ਛੇਵਾਂ ਅੰਗ, ਹੇਤੂ ਉਪਪਤੀ ਕਹੀਏ ਜੁਗਤੀ ਦੁਆਰਾ ਅਭੇਦ ਬੋਧ ਕਥਨ ਕੀਤਾ ਹੈ। ਏਤਈ:=ਇਨ੍ਹਾਂ ਮੰਤਾਂ ਵਿੱਚ ਸਰਵਣ ਦੇ ਖਟ ਲਿੰਗਾਂ ਦੁਆਰਾ ਈਸ਼ੋਪਨਿਸ਼ਦ=ਈਸ਼ਾਵਾਸਯ ਉਪਨਿਸ਼ਦ ਦਾ ਅਦ੍ਵੈਤੇ=ਅਦੁੱਤੀ ਬ੍ਰਹਮ ਤੋਂ ਅਭਿੰਨ ਆਤਮਾ ਵਿੱਚ ਤਾਤਪਰਯਮ੍=ਅਰਥ ਦਾ ਨਿਸ਼ਚੇ ਇਛਯਤੇ=ਪ੍ਰਕਾਸ਼ਿਤ ਕਰਨ ਰੂਪ ਇੱਛਾ ਦਾ ਵਿਸ਼ੇ ਅੰਗੀਕਾਰ ਕੀਤਾ ਗਿਆ ਹੈ।॥

ਇਤਿ ਸ਼੍ਰੀ ਈਂਸ਼ੋਪਨਿਸ਼ਲ੍ਲਿਂਗ ਕੀਰ੍ਤਨਮ੍ ਦ੍ਵਿਤੀਯ ਪ੍ਰਕਰਣਂ॥੨॥

ਇਤੀ ਸ਼੍ਰੀ ਈਸ਼ੋਪਨਿਸ਼ਦ੍ ਲਿੰਗ ਕੀਰਤਨਮ੍ ਦ੍ਵੀਤੀਯ ਪ੍ਰਕਰਣਮ੍॥ ੨ ॥

ਸ਼੍ਰੀ=ਸੁਭਾਇਮਾਨ ਈਸ਼ੋਪਨਿਸ਼ਦ=ਈਸ਼ਾਵਾਸਯ ਉਪਨਿਸ਼ਦ ਦੇ ਮੰਤ੍ਰਾਂ ਦੁਆਰਾ ਸਰਵਣ ਦੇ ਖਟ ਲਿੰਗ=ਚਿੰਨ੍, ਹੇਤੂ, ਅੰਗਾਂ ਦਾ ਕੀਰਤਨਮ੍=ਵਖਿਆਨ ਵਾਲੇ ਦ੍ਵੀਤੀਯ=ਦੂਸਰਾ ਪ੍ਰਕਰਣਮ੍=ਪ੍ਰਸੰਗ ਦੀ ਇਤੀ=ਸਮਾਪਤੀ ਹੁੰਦੀ ਹੈ॥

☆☆☆

॥ अथ केनोपनिषल्लिंगकीर्तनम्॥ ३॥

॥ ਅਥ (ਕੇਨ+ਉਪਨਿਸ਼ਦ੍+ਲਿੰਗ+ਕੀਰਤਨਮ੍) ॥ ੩ ॥

ਅਥ=ਹੁਣ ਸ਼ਾਮਵੇਦ ਦੀ ਕੇਨ ਉਪਨਿਸ਼ਦ ਦੇ ਮੰਤ੍ਰਾ ਦੁਆਰਾ ਸਰਵਣ ਦੇ ਖਟ ਲਿੰਗ=ਚਿੰਨ, ਹੇਤੂਆ ਦਾ ਕੀਰਤਨਮ=ਕਥਨ ਕਰਦੇ ਹਨ।

श्रोत्रस्योद्यपक्रम्य प्रतिबोधादिवाक्यतः
उपसंहार एवाऽक्तस्तदैक्यं ज्ञायते बुधैः॥१॥

(ਸ਼੍ਰੋਤ੍ਰਸਯੇ+ਇਤਆਦੀ+ਉਪਕ੍ਰਮਯ) (ਪ੍ਰਤੀਬੋਧ+ਆਦੀ+ਵਾਕਯਤਃ)।
ਉਪਸੰਹਾਰ (ਏਵ+ਉਕਤ+ਤਦਏਕਯਮ੍) ਗਯਾਯਤੇ ਬੁਧਏਃ ॥ ੧ ॥

(੧) ਉਪਕ੍ਰਮ-ਉਪਸੰਹਾਰਃ-

ਸ਼੍ਰੋਤਸਯੇ+ਇਤਆਦੀ+ਉਪਕ੍ਰਮਯ=

''श्रोत्रस्य श्रोत्रं मनसो मनो.....'' (खण्ड १, वाक्य २)

''ਸ਼੍ਰੋਤਸਯ ਸ਼੍ਰੋਤ੍ਰਮ੍ ਮਨਸੋ ਮਨੋ....''

ਜਿਸ ਨਾਲ ਸਰਵਣ ਕਰਦੇ ਉਹ ਸ਼੍ਰੋਤਸਯ=ਸ਼੍ਰੋਤ੍ਰ, ਕਰਨ ਇੰਦ੍ਰੇ ਭਾਵ ਸ਼ਬਦ ਦੇ ਸ੍ਰਵਣ ਵਿੱਚ ਸਾਧਨ ਕਹੀਏ ਸ਼ਬਦ ਦਾ ਅਭਿਵਿਯੰਜਕ (ਪ੍ਰਕਾਸ਼,ਪ੍ਰਗਟ ਕਰਨ ਵਾਲਾ) ਸ਼੍ਰੋਤ੍ਰ ਇੰਦ੍ਰੇ ਹੈ। ਕਿੰਤੂ ਸਮਸਤ ਕ੍ਰਿਆ ਤੋਂ ਰਹਿਤ ਨਿਰਵਿਕਛੇਪ ਆਤਮਾ ਸਮੂਹ ਇੰਦ੍ਰਿਆਂ ਦੀ ਪ੍ਰਵਿਰਤੀ ਦਾ ਕਾਰਣੀਭੂਤ (ਕਾਰਣ ਸਰੂਪ) ਹੋਣ ਕਰਕੇ ਸ਼੍ਰੋਤ੍ਰ ਦਾ ਵੀ ਸ਼੍ਰੋਤ੍ਰਮ੍=ਸ਼੍ਰੋਤ੍ਰ ਅਤੇ ਮਨਸੋ=ਮਨ ਦਾ ਵੀ ਮਨੋ=ਮਨ ਹੈ। ਭਾਵ ਸਮਸਤ ਕਾਰਣਾ ਦਾ ਕਾਰਣ ਰੂਪ ਹੈ ਇਤਆਦਿਕ ਮੰਤ੍ਰਾ ਦੁਆਰਾ ਸ੍ਰਵਣ ਦਾ ਪਹਿਲਾ ਹੇਤੂ, ਅੰਗ ਉਪਕ੍ਰਮ=ਪ੍ਰਕਰਣ ਦਾ ਅਰੰਭ ਕੀਤਾ ਹੈ।

ਪ੍ਰਤੀਬੋਧ ਆਦੀ ਵਾਕਯਤਃਉਪਸੰਹਾਰ=

''प्रतिबोधविदितं.....'' (खण्ड २, वाक्य ४)

''(ਪ੍ਰਤੀ+ਬੋਧ+ਵਿਦਿਤਮ੍)....''

ਖੰਡ ੨ ਦੇ ਵਾਕਯ ੩ ਵਿਚ ਕਥਨ ਕੀਤਾ ਕਿ ਜੇਕਰ ਕੋਈ ਕਹੇ ਕਿ ਮੈਂ ਬ੍ਰਹਮ ਨੂੰ ਜਾਣ ਲਿਆ ਐਸਾ ਗਯਾਤਾ ਅੱਗਯ (ਅਗਿਆਨੀ) ਹੈ ਭਾਵ ਕਿ ਉਹ ਬ੍ਰਹਮ ਨੂੰ ਨਹੀਂ ਜਾਣਦਾ।

ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ॥

(ਆਸਾ ਮਃ੫, ਅੰਗ ੩੮੨)

ਅਤੇ ਜੋ ਮੰਨੇ ਕਿ ਮੈਨੂੰ ਪੂਰਨ ਗਿਆਨ ਨਹੀਂ ਵਾਸਤਵਿਕ ਵਿੱਚ ਉਹੀ ਆਤਮ ਗਿਆਨੀ ਹੈ। ਬ੍ਰਹਮਆਤਮਾ ਸੰਸਾਰ ਦੀਆਂ ਸਮਸਤ ਵਸਤੂਆਂ ਦੇ ਸਮਾਨ ਦ੍ਰਿਸ਼ਯ ਨਾ ਹੋਣ ਕਰਕੇ ਵਿਸ਼ੇ ਰੂਪ ਨਾਲ ਨਹੀਂ ਜਾਣਿਆ ਜਾ ਸਕਦਾ। ਅਨਾਥ ਕਵੀ ਜੀ ਵਿਚਾਰ ਮਾਲਾ ਗ੍ਰੰਥ ਵਿਚ ਕਥਨ ਕਰਦੇ ਹਨ ਕਿ ਅਭੇਦ ਅਵਸਥਾ ਵਿੰਚ ਮੇਰ-ਤੇਰ ਦੀ ਨਿਵਿਰਤੀ ਹੋ ਜਾਂਦੀ ਹੈ।

ਚਲੀ ਪੂਤਰੀ ਲੌਨ ਕੀ ਥਾਹਿ ਸਿੰਧ ਕੀ ਲੈਨ॥
ਅਨਾਥ ਆਪ ਆਪੇ ਭਈ ਪਲਟ ਕਹੈ ਕੋ ਬੈਨ॥ ੩੫॥

ਉਪਰੋਕਤ ਵਿਚਾਰ ਤੋਂ ਸ਼ੰਕਾ ਹੋ ਸਕਦੀ ਹੈ ਕਿ ਬ੍ਰਹਮ ਵੇਤਿਆ ਨੂੰ ਵੀ ਜੇਕਰ ਪੂਰਨ ਰੂਪ ਵਿੱਚ ਬ੍ਰਹਮ ਦਾ ਗਯਾਤ ਨਹੀਂ ਤਾਂ ਫਿਰ ਸਾਧਾਰਨ ਅਗਿਆਨੀ ਪੁਰਸ਼ ਅਤੇ ਬ੍ਰਹਮਵੇਤਾ ਵਿੱਚ ਕੋਈ ਭੇਦ ਨਹੀਂ ਰਹਿੰਦਾ ਅਥਵਾ 'ਜਾਨਣਵਾਲੇ ਨੂੰ ਅਵਿਗਯਾਤ ਹੈ'' ਇਹ ਕਥਨ ਪਰਸਪਰ ਵਿਰੁੱਧ ਵੀ ਹੈ, ਤਾਂ ਇਸਦਾ ਉੱਤਰ ਦੱਸਦੇ ਹਨ :-

''ਪ੍ਰਤੀਬੋਧਵਿਦਿਤਮ੍''

ਪ੍ਰਤੀ=ਹਰੇਕ ਬੋਧ=ਬੁੱਧੀ ਦੁਆਰਾ ਹੋਣ ਵਾਲੀਆਂ ਗਿਆਨ ਰੂਪ ਪ੍ਰਤੀਤੀਆ ਦੀ ਚੇਸ਼ਟਾ ਦਾ ਕਾਰਣ ਬ੍ਰਹਮਆਤਮਾ ਸਾਕਸ਼ੀ ਹੁੰਦੇ ਹੋਏ ਸਮਸਤ ਕਿਰਿਆਵਾ ਨੂੰ ਵਿਦਿਤਮ੍ =ਜਾਨਣ ਵਾ ਪ੍ਰਕਾਸ਼ ਕਰਨ ਵਾਲਾ ਹੈ। ਐਸੀ ਸੂਖਮ ਬਿਰਤੀ ਬ੍ਰਹਮਵੇਤਾ ਦੀ ਦ੍ਰਿਸ਼ਟੀ ਨੂੰ ਸਾਧਾਰਨ ਅਲਪੱਗ ਜੀਵ ਤੋਂ ਵੱਖਰਾ ਸਿੱਧ ਕਰਦੀ ਹੈ।

ਐਸੇ ਉਪਰੋਕਤ ਮੰਤ੍ਰਾਂ ਦੇ ਵਾਕਯਤਃ=ਵਾਕਯ ਬਚਨਾ ਦੁਆਰਾ ਉਪਸੰਹਾਰ=ਪ੍ਰਕਰਣ ਦੀ ਸਮਾਪਤੀ ਕੀਤੀ ਗਈ ਹੈ। ਤਦਈਕਯਮ੍=ਉਪਕ੍ਰਮੋ ਤੇ ਉਪਸੰਹਾਰ ਦੋਵਾਂ ਦੀ ਇੱਕ ਹੇਤੂਤਾ ਰੂਪ ਏਕਤਾ ਏਵ=ਹੀ ਸ੍ਰਵਣ ਦਾ ਪਹਿਲਾ ਅੰਗ, ਚਿੰਨ੍ ਉਕਤਃ=ਕਹੀ ਗਈ ਹੈ। ਐਸਾ ਬੁਧਈਃ= ਬਿਬੇਕ ਬੁਧੀ ਵਾਲੇ ਵਿਦਵਾਨ ਵਾ ਉਤਕ੍ਰਿਸ਼ਟ ਬੁਧੀ ਵਾਲੇ ਬ੍ਰਹਮ ਬੇਤਿਆ ਦੁਆਰਾ ਗਯਾਯਤੇ=ਜਾਣਿਆ ਜਾਂਦਾ ਹੈ।

तदेव ब्रह्म त्वं विद्धीत्याद्यभ्यास उदीरितः।
न तत्रैत्याद्यपूर्वत्व प्रेत्यास्मादिति वै फलम्॥ २॥

(ਤਦ+ਏਵ) ਬ੍ਰਹਮ ਤ੍ਵਮ (ਵਿਦੀ+ਇਤਯਾਦੀ+ਅਭਯਾਸ) ਉਦੀਰੀਤਃ।
ਨ (ਤਤ੍ਰ+ਇਤਯਾਦੀ+ਅਪੂਰਵਤ੍ਵਮ) (ਪ੍ਰੇਤਯ੍+ਅਸਮਾਤ੍+ਇਤੀ) ਵਈ ਫਲਮ੍॥ ੨॥

(੨) ਅਭਯਾਸ :- ਆਨਵੇ ਰੀਤ ਅਨੁਸਾਰ :-

(ਤਦ+ਏਵ) ਤ੍ਵਮ੍ ਬ੍ਰਹਮ (ਵਿਦੀ+ਇਤਯਾਦੀ+ਅਭਯਾਸ) ਉਦੀਰੀਤਃ=

''ਤਦੇਵ ਬ੍ਰਹ੍ਮ ਤ੍ਵਂ ਵਿਦ੍ਧਿ....'' (ਖਾਣਡ ੧, ਵਾਕ੍ਯ ੪)

ਸਮੂਹ ਇੰਦ੍ਰੀਆ ਮਨ, ਬੁਧੀ ਆਦਿ ਨੂੰ ਪ੍ਰਕਾਸ਼ਣ ਵਾਲਾ ਤਦ੍ = ਉਹ ਆਤਮਾ ਤੋਂ ਅਭਿੰਨ ਚੇਤਨ ਸਰੂਪ ਹੈ। ਉਸ ਸੱਤਾ ਨੂੰ ਏਵ=ਹੀ ਤ੍ਵਮ=ਤੂੰ (ਜੀਵ) ਬ੍ਰਹਮ=ਕਾਰਣ ਵਾ ਵਿਆਪਕ ਸਰੂਪ ਵਿਦੀ=ਜਾਨਣਾ ਕਰ। ਇਤਯਾਦੀ=ਇਸ ਤੋਂ ਆਦਿਕ ਕੇਨ ਉਪਨਿਸ਼ਦ ਦੇ ਹੋਰ ਮੰਤ੍ਰਾਂ ਦੁਆਰਾ ਸ੍ਰਵਣ ਦਾ ਦੂਸਰਾ ਹੇਤੂ, ਅੰਗ ਅਭਯਾਸ=ਪੁਨਃ ਪੁਨਃ ਪਠਨ ਉਦੀਰੀਤਃ= ਕਥਨ ਕੀਤਾ ਗਿਆ ਹੈ॥

(੩) ਅਪੂਰਵਤਾ :-

ਨ ਤਤ੍ਰ ਇਤਯਾਦੀ ਅਪੂਰਵਤ੍ਵਮ=

''ਨ ਤਤ੍ਰ ਚਕ੍ਸ਼ੁਰ੍ਗਚ੍ਛਤਿ ਨ ਵਾਗ੍ਗਚ੍ਛਤਿ ਨੋ ਮਨਃ।'' (ਖਾਣਡ ੧, ਵਾਕ੍ਯ ੩)

''ਨ ਤਤ੍ਰ ਚਕਸ਼ੁਃ ਗਛਤੀ ਨ ਵਾਕ੍ ਗਛਤੀ ਨੋ ਮਨਃ''

ਜਿਸ ਪ੍ਰਕਾਰ ਅਗਨੀ ਦਾਹਕ ਅਤੇ ਪ੍ਰਕਾਸ਼ਕ ਸ਼ਕਤੀ ਦੇ ਹੁੰਦਿਆਂ ਵੀ ਆਪਣੇ ਆਪ ਨੂੰ ਨਾ

ਪ੍ਰਕਾਸ਼ਿਤ ਕਰਦੀ ਅਤੇ ਨਾ ਹੀ ਜਲਾਉਂਦੀ ਹੈ ਕਿਉਂਕਿ ਆਪਣੇ ਵਿਚ ਹੀ ਆਪਣੇ ਦੁਆਰਾ ਗਤੀ ਹੋਣੀ ਅਸੰਭਵ ਹੈ। ਤਿਵੇਂ ਹੀ ਤਤ੍ਰ=ਉਸ ਬ੍ਰਹਮਆਤਮਾ ਵਿੱਚ ਚਕਸ਼ੁ=ਨੇਤ੍ਰ ਇੰਦ੍ਰੇ ਨ=ਨਹੀ ਗਛਤੀ=ਜਾ ਸਕਦੇ ਭਾਵ ਅੱਖਾਂ ਦਾ ਅਵਿਸ਼ੇ ਹੋਣ ਕਰਕੇ ਅਗਮ ਹੈ ਅਤੇ ਨ=ਨਾ ਹੀ ਵਾਕ੍=ਵਾਕ ਇੰਦ੍ਰੇ, ਬਾਣੀ ਗਛਤੀ=ਗਮਨ ਕਰ ਸਕਦੇ ਨੋ=ਨਾ ਹੀ ਮਨ:-ਸੰਕਲਪ-ਵਿਕਲਪ ਰੂਪ ਬਿਰਤੀ। ਇਸ ਤੋਂ ਭਾਵ ਕਿ ਸਮਸਤ ਇੰਦ੍ਰਿਆ ਦਾ ਵਿਵਹਾਰ ਕਰਨ ਵਾਲਾ ਵਾ ਪ੍ਰਕਾਸ਼ਿਤ ਕਰਨ ਵਾਲਾ ਬ੍ਰਹਮ ਇੰਦ੍ਰਿਆ ਦੀ ਪਹੁੰਚ ਦਾ ਵਿਸ਼ਾ ਨਹੀਂ ਕਿਉਂਕਿ ਇੰਦ੍ਰੇ, ਮਨ, ਬੁਧੀ ਆਦਿ ਜੜ ਹਨ ਅਤੇ ਬ੍ਰਹਮ ਚੇਤਨ ਸਰੂਪ ਹੈ। ਆਗਮ ਪ੍ਰਮਾਣ ਕਹੀਏ ਬ੍ਰਹਮ ਨੇਸ਼ਟੀ ਬ੍ਰਹਮ ਸ਼੍ਰੋਤੀ ਸਤਿਗੁਰਾਂ ਦੁਆਰਾ ਸਤ-ਸ਼ਾਸਤ੍ਰ ਦੇ ਉਪਦੇਸ਼ ਦਾ ਸ੍ਰਵਣ,ਮੰਨਨ ਨਿਧਿਆਸਣ ਕੀਤੇ ਤੋਂ ਪਹਿਲਾ ਹੋਰ ਕਿਸੇ ਵੀ ਪ੍ਰਮਾਣ ਦਾ ਉਹ ਬ੍ਰਹਮ ਵਿਸ਼ਾ ਨਹੀਂ ਇਤਯਾਦੀ=ਇਸ ਮੰਤ੍ਰ ਤੋਂ ਆਦਿਕ ਹੋਰ ਮੰਤ੍ਰਾ ਦੁਆਰਾ ਸ੍ਰਵਣ ਦਾ ਤੀਸਰਾ ਅੰਗ ਅਪੂਰਵਤ੍ਵਮ= ਅਪੂਰਬਤਾ ਕਥਨ ਕੀਤੀ ਗਈ ਹੈ।

(੪) ਫਲ:-

(ਪ੍ਰੇਤਯ+ਅਸਮਾਤ੍+ਇਤੀ) ਵਈ ਫਲਮ੍=

''भूतेषु भूतेषु विचित्य धीराः प्रेत्यास्माल्लोकादमृता भवन्ति''

(खण्ड २ वाक्य ५)

''ਭੂਤੇਸ਼ੁ ਭੂਤੇਸ਼ੁ ਵਿਚਿਤਯ ਧੀਰਾ: (ਪ੍ਰੇਤਯ+ਅਸਮਾਤ੍+ਲੋਕਾਤ੍+ਅਮ੍ਰਿਤਾ) ਭਵੰਤੀ''

ਭੂਤੇਸ਼=ਭੂਤ ਭੂਤੇਸ਼ੁ=ਭੂਤ ਵਿੱਚ ਭਾਵ ਪ੍ਰਿਥਵੀ, ਜਲ ਆਦਿ ਭੂਤ ਅਤੇ ਇਨ੍ਹਾਂ ਦਾ ਕਾਰਯ ਚਰਾਚਰ ਜਗਤ ਵਿੱਚ ਜੋ ਪੁਰਸ਼ ਇੱਕਮਾਤ੍ਰ ਆਤਮ ਤਤ੍ਵ ਨੂੰ ਸਾਕਸ਼ਾਤ ਕਰਕੇ ਹੰਗਤਾ-ਮਮਤਾ ਰੂਪ ਅਵਿਦਿਆਤਮਕ ਅਨਾਤਮ ਲੋਕ ਤੋਂ ਉਪਰਾਮ ਹੋ ਕੇ ਅਦ੍ਵੈਤ ਭਾਵ ਨੂੰ ਪ੍ਰਾਪਤ ਕਰਦਾ ਹੈ। ਐਸਾ ਧੀਰਾ:= ਬੁਧੀਮਾਨ ਵਿਵੇਕੀ ਪੁਰਸ਼ ਇਸ ਲੋਕਾਤ੍=ਸਰੀਰਆਦਿਕ ਅਨਾਤਮ ਲੋਕ ਵਿਚ ਪਰਾਲਬਧ ਭੋਗ ਅਨੰਤਰ ਸਰੀਰ ਤੇ ਪ੍ਰਾਣਾ ਦੇ ਵਿਯੋਗ ਭਾਵ ਅਸਮਾਤ੍=ਸਰੀਰ ਤੋਂ ਪ੍ਰੇਤਯ=ਹਟਣ ਰੂਪ ਕ੍ਰਿਆ ਅਨੰਤਰ ਅਮ੍ਰਿਤਾ=ਅਮਰਣ ਧਰਮ ਕਹੀਏ ਨਿੱਤਯ ਵਿਗਿਆਨ ਅਮ੍ਰਿਤ ਤੱਤ੍ਵ ਨੂੰ ਪ੍ਰਾਪਤ ਭਵੰਤੀ=ਹੋ ਜਾਂਦਾ ਹੈ ਇਤੀ=ਇਤਿਆਦਿਕ ਕੇਨ ਉਪਨਿਸ਼ਦ ਦੇ ਮੰਤ੍ਰਾਂ ਦੁਆਰਾ ਵਈ=ਨਿਸ਼ਚਿਤ ਰੂਪ ਨਾਲ ਸਰੂਪ ਪ੍ਰਾਪਤੀ ਰੂਪ ਫਲਮ੍=ਫਲ, ਪ੍ਰਯੋਜਨ ਸ੍ਰਵਣ ਦਾ ਚੌਥਾ ਹੇਤੂ, ਅੰਗ ਕਥਨ ਕੀਤਾ ਹੈ।

(ਸੰਸਕ੍ਰਿਤ ਵਿਚ ਧਾਤੂਆਂ ਦੇ ਅਨੇਕ ਅਰਥ ਹੁੰਦੇ ਹਨ ਇਸ ਲਈ 'ਵਿਚਿਤਯ' ਦਾ ਅਰਥ ਚਯਨ ਕਰਕੇ ਭਾਵ ਚੁਣ ਕੇ ਅਲੱਗ ਕਰਨ ਦੀ ਕ੍ਰਿਆ ਜੇਕਰ ਕੀਤਾ ਜਾਏ ਤਾਂ ਆਤਮਾ ਦੇ ਸੰਬੰਧ ਵਿੱਚ ਐਸਾ ਅਰਥ ਵਿਰੋਧੀ ਹੈ ਕਿਉਂਕਿ ਅਦ੍ਵੈਤ ਆਤਮਾ ਦਾ ਕੋਈ ਸਜਾਤੀ, ਵਿਜਾਤੀ ਭੇਦ ਨਹੀਂ ਜਿੰਨਾ ਵਿਚੋਂ ਚੋਣ ਕੀਤੀ ਜਾਵੇ। ਸੋ ਉਪਰੋਕਤ ਕਥਨ ਵਿਚਿਤਯ ਕ੍ਰਿਆ ਦਾ ਸਹੀ ਅਰਥ ਇਯ ਤਰ੍ਹਾਂ ਜਾਨਣਾ ਕਿ ਭੂਤਾਂ-ਭੂਤਾਂ ਵਿੱਚ ਆਤਮਾ ਦਾ ਸੋਧਨ ਕਰਨ ਅਤੇ ਸੰਸਾਰਿਕ ਸੰਸਾਰ ਧਰਮਾਂ ਤੋਂ ਵੱਖਰਾ ਇੱਕ ਮਾਤ੍ਰ ਆਤਮ ਤਤ੍ਵ ਨੂੰ ਆਤਮ ਭਾਵ ਨਾਲ ਉਪਲਬਧ ਕਰਨਾ।)

ब्रह्महेत्याद्यर्थवादोऽविज्ञातमिति चांतिमम्।
एतैः केनोपनिषदोऽद्वैते तात्पर्यमिष्यते॥ ३॥

(ਬ੍ਰਹਮ+ਹ+ਇਤਯਾਦੀ+ਅਰਥਵਾਦੋ+ਅਵਿਗਯਾਤਮ੍+ਇਤੀ) (ਚ+ਅੰਤਿਮਮ੍)।

ਏਤਈਃ (ਕੇਨ+ਉਪਨਿਸ਼ਦਃ+ਅਦ੍ਵੈਤ) (ਤਾਤਪਰਯਮ੍+ਈਛਯਤੇ)॥ ੩॥

(੫) **ਅਰਥਵਾਦ :-** ਬ੍ਰਹਮ+ਹ+ਇਤਯਾਦੀ+ਅਰਥਵਾਦੌ=

''ਬ੍ਰਹ੍ਮ ਹ ਦੇਵੇਭ੍ਯੋ ਵਿਜਿਗ੍ਯੋ.....'' (ਖਣ੍ਡ ੩, ਵਾਕ੍ਯ ੧)

''ਬ੍ਰੂਹਮ ਹ ਦੇਵੇਭਯੋ ਵਿਜਿਗਯੇ.....''

ਇਹ ਹ=ਪ੍ਰਸਿੱਧ ਕਥਨ ਹੈ ਕਿ ਬ੍ਰਹਮ=ਕਾਰਣ ਰੂਪ ਵਿਆਪਕ ਪਰਮੇਸ਼ਰ ਨੇ ਦੇਵੇਭਯੋ=ਦੇਵਤਿਆਂ ਦੀ ਲਈ ਦੇਵ-ਅਸੁਰ ਸੰਗ੍ਰਾਮ ਵਿਚ ਜਗਤ ਸਥਿਤੀ (ਲੋਕ-ਮਰਿਆਦਾ) ਦੀ ਰੱਖਿਆ ਲਈ ਆਪਣੀ ਆਗਿਆ ਵਿੱਚ ਚੱਲਣ ਵਾਲੇ ਦੇਵਤਿਆਂ ਵਾਸਤੇ ਨਿਜ ਇੱਛਾ ਰੂਪ ਨਮਿਤ ਦੁਆਰਾ ਵਿਜਿਗਯੇ=ਵਿਜਯ ਕਹੀਏ ਜਿੱਤ ਪ੍ਰਾਪਤ ਕੀਤੀ।

ਬ੍ਰਹਮ ਦੀ ਉਸ ਜਿੱਤ ਵਿੱਚ ਦੇਵਤਿਆਂ ਨੂੰ ਗੌਰਵ ਪ੍ਰਾਪਤ ਹੋਇਆ। ਪਰੰਤੂ ਅਗਨੀ, ਵਾਯੂ, ਇੰਦ੍ਰ ਆਦਿ ਦੇਵਤਿਆਂ ਨੇ ਮਿਥਿਆ ਅਭਿਮਾਨ ਦੁਆਰਾ ਜਾਣਿਆ ਕਿ ਸਾਡੇ ਸਮਰਥ ਨਾਲ ਜਿੱਤ ਪ੍ਰਾਪਤ ਹੋਈ ਹੈ। ਕੇਨ ਉਪਨਿਸ਼ਦ ਦੇ ਖੰਡ ੩ ਦੇ ਵਾਕਯ ੧, ੨ ਇਤਯਾਦੀ=ਆਦਿਕ ਮੰਤ੍ਰਾਂ ਦੁਆਰਾ ਸ੍ਰਵਣ ਦਾ ਪੰਜਵਾਂ ਹੇਤੂ ਵਾ ਅੰਗ ਬ੍ਰਹਮ ਦੀ ਸਤੂਤੀ ਅਤੇ ਦੇਵਤਿਆਂ ਦੀ ਨਿੰਦਾ ਰੂਪ ਅਰਥਵਾਦ ਕਥਨ ਕੀਤਾ ਗਿਆ ਹੈ॥

(੬) **ਉਪਪਤੀ :-** ਅਵਿਗਯਾਤਮ੍ ਚ ਅੰਤਿਮਮ੍ ਇਤੀ =

''ਯਸ੍ਯਾਮਤਂ ਤਸ੍ਯ ਮਤਂ.....'' (ਖਣ੍ਡ ੨, ਵਾਕ੍ਯ ੩)

''ਯਸਯ+ਅਮਤਮ੍ ਤਸਯ ਮਤਮ੍.....''

ਬ੍ਰਹਮ ਯਸਯ=ਜਿਸਨੂੰ ਗਯਾਤ ਨਹੀਂ ਤਸਯ=ਉਸੇ ਨੂੰ ਹੀ ਮਤਮ੍=ਗਯਾਤ ਹੈ ਭਾਵ ਜੋ ਨਿਸ਼ਚਾ ਕਰੇ ਕਿ ਮੈਂ ਬ੍ਰਹਮ ਨੂੰ ਪੂਰਨ ਰੂਪ ਵਿਚ ਜਾਣ ਲਿਆ ਵਾਸਤਵਿਕ ਵਿੱਚ ਉਹ ਅਗਿਆਨੀ ਹੈ ਅਤੇ ਜੋ ਸਮਝੇ ਕਿ ਮੈਂ ਕਦੇ ਹੀ ਬ੍ਰਹਮ ਦਾ ਅੰਤ ਨਹੀਂ ਜਾਣ ਸਕਦਾ ਉਹੀ ਅਸਲੀ ਤਤ੍ਵ ਗਿਆਨੀ ਬ੍ਰਹਮ ਬੇਤਾ ਹੈ।

ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ॥ (ਆਸਾ ਮਃ੫, ਅੰਗ ੩੮੨)

ਐਸੀ ਅਵਿਗਯਾਤਮ=ਨਾ ਗਿਆਨ ਹੋਣ ਵਾ ਨਾ ਜਾਨਣ ਦੀ ਜੁਗਤੀ ਵਿਚ ਹੀ ਸੰਪੂਰਨ ਗਿਆਨ ਹੋਣਾ ਚ=ਔਰ ਇਸ ਮੰਤ੍ਰ ਤੋਂ ਇਤੀ=ਇਤਿਆਦਿਕ ਮੰਤ੍ਰਾਂ ਵਿੱਚ ਸਰਵਣ ਦਾ ਛੇਵਾਂ ਅੰਗ ਉਪਪਤੀ=ਜੁਗਤੀ, ਦਲੀਲ ਕਥਨ ਕੀਤਾ ਗਿਆ ਹੈ।

ਏਤਈ= ਇਨ੍ਹਾ ਸਰਵਣ ਦੇ ਖਟ-ਲਿੰਗਾ ਦਾ ਵਖਿਆਨ ਕਰਕੇ ਕੇਨ ਉਪਨਿਸ਼ਦ ਦੇ ਮੰਤ੍ਰਾ ਦਾ ਅਦ੍ਵੈਤ=ਅਦੁਤੀ ਬ੍ਰਹਮ ਵਿਚ ਤਾਤਪਰਯਮ੍=ਅਰਥ ਈਛਯਤੇ=ਨਿਰਧਾਰਿਤ, ਨਿਸ਼ਚੇ ਹੁੰਦਾ ਹੈ।

ਇਤਿ ਸ਼੍ਰੀ ਕੇਨੋਪਨਿਸ਼ਲ੍ਲਿਂਗਕੀਰ੍ਤਨ ਨਾਮ ਤ੍ਰੁਤੀਯ ਪ੍ਰਸਂਗ ਸਮਾਪ੍ਤਮ੍॥੩॥

ਇਤੀ ਸ਼੍ਰੀ ਕੇਨੋਪਨਿਸ਼ਦਲਿੰਗ ਕੀਰਤਨ ਨਾਮ ਤ੍ਰੀਤੀਯ ਪ੍ਰਸੰਗ ਸਮਾਪਤਮ੍॥ ੩॥

ਸ਼੍ਰੀ=ਸਭਾਇਮਾਨ ਕੇਨ ਉਪਨਿਸ਼ਦ ਦੇ ਮੰਤ੍ਰਾ ਦੁਆਰਾ ਸ੍ਰਵਣ ਦੇ ਖਟ ਲਿੰਗ=ਚਿੰਨ, ਅੰਗ, ਹੇਤੂਆਂ ਦੇ ਕੀਰਤਨ=ਕਥਨ ਵਾਲਾ ਤ੍ਰੀਤੀਯ=ਤੀਸਰਾ ਪ੍ਰਸੰਗ=ਪ੍ਰਕਰਣ ਇਤੀ=ਸਮਾਪਤ ਹੁੰਦਾ ਹੈ॥

☆☆☆

॥ अथ कठोपनिषल्लिंगकीर्तनम्॥ ४॥

॥ अथ कठ+उपनिषद्+लिंग+कीरतनम् ॥ ४ ॥

ਅਥ = ਹੁਣ ਕਠ ਰਿਸ਼ੀ ਦੁਆਰਾ ਕਹੀ ਗਈ ਕ੍ਰਿਸ਼ਨ ਯਜੁਰਵੇਦ ਦੇ ਅੰਤਰਗਤ ਕਠ ਉਪਨਿਸ਼ਦ {(ਉਪ+ਨਿ+ਸ਼ਦ)=ਐਸਾ ਆਤਮ ਵਿਦਿਆ ਰੂਪ ਯਥਾਰਥ ਗਿਆਨ ਜੋ ਨਿ=ਨਿਸ਼ਚਿਤ ਰੂਪ ਨਾਲ, ਪੂਰਣ ਰੂਪ ਵਿਚ ਅਗਿਆਨ ਵਾ ਅਵਿਦਿਆ ਅਤੇ ਉਸ ਦੇ ਕਾਰਯ ਵਾਸ਼ਨਾ ਆਦਿਕ ਨੂੰ ਸ਼ਦ=ਨਸ਼ਟ, ਨਿਵਿਰਤ ਕਰਕੇ ਬ੍ਰਹਮ ਦੇ ਉਪ=ਸਮੀਪਤਾ ਹੋਰ ਸੂਖਮ ਕਹੀਏ ਤਾ ਅਭੇਦਤਾ ਨੂੰ ਪ੍ਰਦਾਨ ਕਰੇ। } ਵਿਚੋਂ ਤਾਤਪਰਯ ਨਿਰਣਾਯਕ ਸਰਵਣ ਦੇ ਖਟ ਲਿੰਗ=ਚਿੰਨ, ਹੇਤੂਆਂ ਦਾ ਕੀਰਤਨਮ੍=ਕਥਨ ਕਰਦੇ ਹਨ ਵਾ ਅਭਿਵਯਕਤ (ਪ੍ਰਗਟ) ਕਰਦੇ ਹਨ।

ययं प्रेते मनुष्ये त्वित्यादिः सामान्यतस्तथा।
अन्यत्र धर्मतस्त्वित्यादिवाकयाच्च विशेषतः॥ १॥

ਯਯਮ੍ ਪ੍ਰੇਤੇ ਮਨੁਸ਼ਯੇ (ਤ੍ਵੀ=ਤੂ+ਇਤਯਾਦੀਃ) (ਸਾਮਾਨਯਤਃ+ਤਥਾ)।

ਅਨਯਤ੍ਰ (ਧਰਮਸ੍+ਤੁ+ਇਤਯਾਦੀ+ਵਾਕਯਾਤ੍+ਚ) ਵਿਸ਼ੇਸ਼ਤਃ ॥ ੧ ॥

(੧) ਉਪਕ੍ਰਮ :-

ਦੋ ਤਰ੍ਹਾਂ ਕਰਕੇ ਉਪਕ੍ਰਮ=ਪ੍ਰਕਰਣ ਦਾ ਅਰੰਭ ਕਰਦੇ ਹਨ :-

(੧) ਸਾਮਾਨਯ ਉਪਕ੍ਰਮ

(੨) ਵਿਸ਼ੇਸ਼ ਉਪਕ੍ਰਮ

''येयं प्रेते विचिकित्सा मनुष्ये.....''

''ਯੇਯਮ੍ ਪ੍ਰੇਤੇ ਵਿਚਿਕਿਤਸਾ ਮਨੁਸ਼ਯੇ.....'' (੧ ਅਧਿਆਏ, ੧ ਵੱਲੀ, ੨੦ ਵਾਕਯ)

ਧਰਮਰਾਜ ਨੇ ਬ੍ਰਹਮਣਕੁਮਾਰ ਨਚੀਕੇਤਾ ਨੂੰ ਜਦੋਂ ਕਿਹਾ ਕਿ ਮੇਰੇ ਘਰ ਵਿੱਚ ਬਿਨਾ ਭੋਜਨ ਕੀਤੇ ਜੋ ਤੂ ਤਿੰਨ ਰਾਤਾਂ ਤੋਂ ਰਹਿ ਰਿਹਾ ਹੈ ਉਸ ਪ੍ਰਤੇਕ ਦਿਨ ਦੇ ਬਦਲੇ ਇਕ ਇਕ ਕਰਕੇ ਤਿੰਨ ਵਰ ਮੰਗ ਲੈ। ਤਾਂ ਨਚੀਕੇਤਾ ਨੇ ਤੀਸਰੇ ਵਰ ਨੂੰ ਮੰਗਦਿਆ ਪੁੱਛਿਆ ਕਿ ਹੇ ਧਰਮਰਾਜ! ਯੇਯਮ੍= ਜੋ ਇਹ ਪ੍ਰੇਤੇ=ਮਰਨ ਤੋਂ ਬਾਦ ਮਨੁਸ਼ਯੇ=ਮਨੁਖਾ ਵਿੱਚ ਵਿਚੀਕਿਤਸਾ=ਸੰਦੇਹ, ਸ਼ੰਕਾ ਹੈ ਕਿ ਸਰੀਰ, ਇੰਦ੍ਰੇ,ਮਨ ਆਦਿ ਤੋਂ ਭਿੰਨ ਦੇਹ ਨਾਲ ਸੰਬੰਧ ਰੱਖਣਵਾਲਾ ਆਤਮਾ ਨਿਤਯ ਰਹਿੰਦਾ ਹੈ ਜਾ ਕੁਝਕੁ ਲੋਕ ਮੰਨਦੇ ਹਨ ਕਿ ਐਸੀ ਕੋਈ ਆਤਮਾ ਨਹੀਂ ਜੋ ਮਰਣ ਤੋਂ ਬਾਦ ਵੀ ਰਹੇ। ਜਿਸ ਪ੍ਰਕਾਰ ਇਸ ਆਤਮ ਵਿਦਿਆ ਦੇ ਯਥਾਰਥ ਗਿਆਨ ਨੂੰ ਮੈਂ (ਨਚੀਕੇਤਾ) ਜਾਣ ਸਕਾ ਮੈਨੂੰ ਉਹ ਉਪਦੇਸ਼ ਦੇਣਾ ਕਰੋ। ਇਤਯਾਦੀਃ = ਆਦਿਕ ਮੰਤ੍ਰਾਂ ਨਾਲ ਤੂ=ਤਾਂ ਸਾਮਾਨਯ ਉਪਕ੍ਰਮ=ਅਰੰਭ ਕੀਤਾ ਹੈ। ਚ=ਔਰ ਤਥਾ=ਤਿਵੇਂ ਹੀ, ਤਿਸ ਪ੍ਰਕਾਰ

ਅਨਯਤ੍ਰ ਧਰਮਸ੍ ਤੁ ਇਤਯਾਦੀ ਵਾਕਯਾਤ ਵਿਸ਼ੇਸ਼ਤਃ=

''अन्यत्र धर्मादन्यत्राधर्मादन्यत्रस्मात्कृताकृतात्।''

''ਅਨਯਤ੍ਰ (ਧਰਮਾਤ+ਅਨਯਤ੍+ਅਧਰਮਾਤ੍+ਅਨਯਤ੍+ਅਸਮਾਤ੍+ਕ੍ਰਿਤਾ+ਅਕ੍ਰਿਤਾਤ੍)''

(੧ ਅਧਿਆਏ, ੨ ਵੱਲੀ, ੧੪ ਮੰਤ੍ਰ)

ਨਚੀਕੇਤਾ ਨੇ ਯਮਰਾਜ ਨੂੰ ਕਿਹਾ ਹੇ ਭਗਵਨ! ਜੇਕਰ ਮੈਂ ਮੋਕਸ਼ ਦਾ ਅਧਿਕਾਰੀ ਹਾਂ ਅਤੇ ਤੁਹਾਡੀ ਪ੍ਰਸੰਨਤਾ ਦਾ ਪਾਤਰ ਹਾਂ ਤਾਂ ਜੋ ਆਤਮ ਵਸਤੂ ਧਰਮਾਤ=ਧਰਮ ਕਹੀਏ ਸ਼ਾਸਤ੍ਰੀ ਧਰਮਾਂ ਦੇ ਅਨੁਸ਼ਠਾਨ (ਨਿਯਮਪੂਰਵਕ ਵਿਧੀ ਦੁਆਰਾ ਅਰੰਭ ਕਰਨਾ) ਅਤੇ ਉਨ੍ਹਾਂ ਦੇ ਫਲਾਂ ਤੋਂ ਅਨਯਤ੍ਰ=ਪ੍ਰਿਥਕ, ਵੱਖਰੀ, ਭਿੰਨ ਹੈ ਅਤੇ ਅਧਰਮਾਤ੍=ਅਧਰਮ ਕਹੀਏ ਪਾਪ ਤੋਂ ਆਦਿ ਪੁੰਨ ਦੇ ਲੇਪਨ ਤੋਂ ਅਨਯਤ੍ਰ=ਅਨਯ ਕਹੀਏ ਹੋਰ ਵੱਖਰੀ ਹੈ ਅਤੇ ਕ੍ਰਿਤ=ਕਾਰਯ,ਕਾਰਜ ਅਕ੍ਰਿਤ=ਕਾਰਣ ਭਾਵ ਕਾਰਯ-ਕਾਰਣ ਭਾਵ ਤੋਂ ਵੀ ਪ੍ਰਿਥਕ ਅਸਮਾਤ੍=ਇਸੇ ਪ੍ਰਕਾਰ ਸਥੂਲ, ਸੂਖਮ ਪ੍ਰਪੰਚ ਤੋਂ ਭਿੰਨ ਅਤੇ ਭੂਤ,ਭਵਿੱਖ,ਵਰਤਮਾਨ ਕਾਲ ਤੋਂ ਵੀ ਅਨਯਤ੍ਰ=ਵੱਖਰੀ ਹੈ। ਐਸੀ ਸੰਪੂਰਣ ਵਿਵਹਾਰ ਤੋਂ ਅਤੀਤ ਵਸਤੂ ਜਿਸ ਨੂੰ ਤੁਸੀਂ (ਯਮਰਾਜ) ਜਾਣਦੇ ਹੋ ਉਹ ਮੈਨੂੰ ਕ੍ਰਿਪਾ ਕਰਕੇ ਦੱਸਣਾ ਕਰੋ। ਇਸ ਮੰਤ੍ਰ ਤੋਂ ਇਤਯਾਦੀ=ਆਦਿਕ ਕਠੋਪਨਿਸ਼ਦ ਦੇ ਹੋਰ ਮੰਤ੍ਰ ਰੂਪ ਵਾਕਯਾਤ੍=ਵਾਕਾਂ ਦੁਆਰਾ ਤੂ=ਤਾਂ ਵਿਸ਼ੇਸ਼ਤਃ= ਵਿਸ਼ੇਸ਼ ਉਪਕ੍ਰਮ=ਅਰੰਭ ਕੀਤਾ ਗਿਆ ਹੈ। (ਉਪਕ੍ਰਮ ਸ਼ਬਦ ਹੇਠਾਂ ਵਾਲੇ ਦੂਸਰੇ ਮੰਤ੍ਰ ਦੇ ਵਿਚੋਂ ਲੈ ਕੇ ਅਰਥ ਕੀਤਾ ਗਿਆ)।

उपक्रमोंऽगुष्ठमात्र इत्यारभ्योपसंहृतिः।
न जायतेऽशरीरं च नित्यानां नित्य एव सः॥ २॥

(ਉਪਕ੍ਰਮਃ+ਅੰਗੁਸ਼ਠਮਾਤ੍) ਇਤਯਾਰਭਯ+ਉਪਸੰਹ੍ਰਿਤੀਃ।
ਨ (ਜਾਯਤੇ+ਅਸ਼ਰੀਰਮ੍) ਚ ਨਿਤਯਾਨਾਮ੍ ਨਿਤਯ ਏਵ ਸਃ ॥ ੨॥

ਉਪਸੰਹਾਰ :- ਅੰਗੁਸ਼ਠਮਾਤ੍ ਇਤਯਾਰਭਯ ਉਪਸੰਹ੍ਰਿਤੀ =

''अंङ्गुष्ठमात्रः पुरुषोऽन्तरात्मा....''

(ਅਧਿਆਏ ੨, ਵੱਲੀ ੩, ਵਾਕਯ ੧੭)

''ਅੰਗੁਸ਼ਠਮਾਤ੍ਰਃ ਪੁਰੁਸ਼ੋ+ਅੰਤਰਾਤਮਾ...''

ਅੰਗੁਸ਼ਠਮਾਤ੍=ਮਾਤ੍ ਕਹੀਏ ਕੇਵਲ ਅੰਗੁਸ਼ਠ=ਅੰਗੂਠੇ ਦੇ ਪਰੀਮਾਣ (ਅਕਾਰ) ਵਾਲਾ ਅੰਤਰਾਤਮਾ=ਪ੍ਰਤਯਕ ਆਤਮਾ ਸਮਸਤ ਜੀਵ ਰੂਪ ਇਸਤਰੀਆਂ ਦਾ ਪੁਰੂਸ਼ੋ=ਪੁਰਖ ਹੈ।

ਇਸ ਜਗ ਮਹਿ ਪੁਰਖੁ ਏਕੁ ਹੈ ਹੋਰ ਸਗਲੀ ਨਾਰਿ ਸਬਾਈ॥
ਸਭਿ ਘਟ ਭੋਗਵੈ ਅਲਿਪਤੁ ਰਹੈ ਅਲਖੁ ਨ ਲਖਣਾ ਜਾਈ॥

(ਵਡਹੰਸ-ਵਾਰ ਮਃ੪, ਅੰਗ ੫੯੨)

ਇਤਯਾਰਭਯ=ਇਤਿਆਦਿਕ ਮੰਤ੍ਰਾ ਨਾਲ ਸ੍ਰਵਣ ਦਾ ਪਹਿਲਾ ਹੇਤੂ, ਅੰਗ ਉਪਸੰਹ੍ਰਿਤੀ=ਉਪਸੰਹਾਰ ਦੂਸਰੇ ਮੰਤ੍ਰ ਵਿੱਚ ਕਥਨ ਕੀਤਾ ਗਿਆ ਹੈ॥

(੨) ਅਭਯਾਸ :- ਨ (ਜਾਯਤੇ+ਅਸ਼ਰੀਰਮ) ਚ ਨਿਤਯਾਨਾਮ੍ ਨਿਤਯ ਏਵ ਸਃ ਨ ਜਾਯਤੇ=

''न जायते म्रियते वा.....''

''ਨ ਜਾਯਤੇ ਮ੍ਰਿਯਤੇ ਵਾ.....'' (ਅਧਿਆਏ ੧, ਵੱਲੀ ੨, ਵਾਕਯ ੧੮)

ਵਾ=ਉਹ ਆਤਮਾ ਨ=ਨਾ ਜਾਯਤੇ=ਉਤਪੰਨ ਹੁੰਦਾ ਹੈ ਅਤੇ ਨਾ ਹੀ ਮ੍ਰਿਯਤੇ=ਮ੍ਰਿਤੂ (ਮੌਤ) ਨੂੰ ਪ੍ਰਾਪਤ ਹੁੰਦਾ ਹੈ ਭਾਵ ਸਭ ਵਿਕਾਰਾਂ (ਬਦਲਾਵ) ਤੋਂ ਅਤੀਤ ਨਿਰਵਿਕਾਰ ਹੈ ਚ=ਔਰ ਅਸ਼ਰੀਰਮ=

''अशरीर ꣳ शरीरेष्वनवस्थेष्ववस्थितम्।''

''ਅਸ਼ਰੀਰਮ੍ (ਸ਼ਰੀਰੇਸ਼ੂ+ਅਨਅਵਸਥੀਤੇਸ਼ੂ+ਅਵਸਥੀਤਮ੍)''

(ਅਧਿਆਏ ੧, ਵੱਲੀ ੨, ਵਾਕਯ ੨੨)

ਮਨੁੱਖ,ਦੇਵ, ਪਿਤ੍ਰ ਆਦਿਕ ਅਨਅਵਸਥੀਤੇਸ਼ੂ=ਅਸਥਿਤ, ਅਨਿੱਤ ਸ਼ਰੀਰੇਸ਼ੂ=ਸਰੀਰਾ ਵਿੱਚ ਅਸ਼ਰੀਰਮ= ਸਰੀਰ ਤੋਂ ਰਹਿਤ ਉਹ ਆਤਮ ਤੱਤ੍ਵ ਅਵਸਥੀਤਮ੍ = ਨਿੱਤ ਵਿਦਿਆਮਾਨ ਅਵਿਕਾਰੀ ਹੈ। ਅਤੇ ਨਿਤਯਾਨਾਮ ਨਿਤਯ ਏਵ ਸ:=

''नित्योऽनित्यानां.....''''

''ਨਿਤਯ:+ਅਨਿਤਯਾਨਾਮ੍...''

(ਅਧਿਆਏ ੧, ਵੱਲੀ ੨, ਵਾਕਯ ੧੩)

ਸੋ ਆਤਮਾ ਅਨਿਤਯਾਨਾਮ੍=ਅਨਿੱਤ, ਖਿਨ-ਭੰਗਰ,(ਨਾਸ਼ਵੰਤ) ਪਦਾਰਥਾਂ ਵਿੱਚ ਅਧਿਸ਼ਠਾਨ ਰੂਪ ਨਿਤਯ=ਅਵਿਨਾਸ਼ੀ ਵਾ ਸਤ ਸਰੂਪ ਹੈ॥ ਅਤੇ :-

''चेतनो चेतनानां च बहूनामेक एव च।
अस्तीत्येवोपलब्धव्य इत्याद्यभ्यास ईरितः॥ ३॥''

''ਚੇਤਨੋ ਚੇਤਨਾਨਾਮ੍ ਚ (ਬਹੂਨਾਮ+ਏਕ) ਏਵ ਚ=

''चेतनश्चेतनामेको बहूनां यो विदधाति कामान''

''ਚੇਤਨ:+ਚੇਤਨਾਨਾਮ੍+ਏਕ: ਬਹੂਨਾਮ੍ ਯ: ਵਿਦਧਾਤੀ ਕਾਮਾਨ੍''

(ਅਧਿਆਏ ੨, ਵੱਲੀ ੨, ਵਾਕਯ ੧੩)

ਯ:=ਜੋ ਬ੍ਰਹਮਆਤਮਾ ਬ੍ਰਹਮਾ ਆਦਿਕ ਸਮਸਤ ਪ੍ਰਾਣੀਆਂ ਦੀ ਚੇਸ਼ਠਾ ਨੂੰ ਪ੍ਰਕਾਸ਼ਣ ਵਾਲਾ ਉਹ ਜੀਵ ਆਤਮਾ ਦੀ ਚੇਤਨ:= ਚੇਤਨਾ ਦਾ ਵੀ ਕਾਰਣ ਸਰੂਪ ਚੇਤਨਾਨਾਮ੍=ਚੇਤਨ ਹੈ ਵਾ ਚੇਤਨ:=ਗਿਆਨ ਦਾ ਵੀ ਚੇਤਨਾਨਾਮ=ਗਿਆਨ ਰੂਪ ਹੈ ਚ=ਔਰ ਬਹੂਨਾਮ=ਬਹੁਤੇ ਵਾ ਅਨੇਕਾਂ ਜੀਵਾਂ ਦੀਆਂ ਸਮੂਹ ਕਾਮਾਨ੍=ਕਾਮਨਾਵਾ (ਇੱਛਾਵਾਂ) ਨੂੰ ਏਕ:=ਇਕੱਲਾ ਏਵ=ਹੀ ਪੂਰਨ ਕਰਨ ਰੂਪ ਵਿਦਧਾਤੀ=ਵਿਧਾਨ, ਵਿਵਹਾਰ ਕਰਦਾ ਹੈ।

ਚ=ਔਰ (ਅਸਤੀ+ਇਤਯੇਵ+ਉਪਲਬਧਵ੍ਯ) (ਇਤਯਾਦਯ+ਅਭਯਾਸ) ਈਰੀਤ:=

''अस्तीत्येवोपलब्धव्य:....''

''(ਅਸਤੀ+ਇਤਯੇਵ+ਉਪਲਬਧਵ੍ਯ...)

(ਅਧਿਆਏ ੨, ਵੱਲੀ ੩, ਵਾਕਯ ੧੩)

ਉਹ ਆਤਮਾ ਅਸਤੀ='ਹੈ' ਭਾਵ ਤਿੰਨਾ ਕਾਲਾਂ ਵਿੱਚ ਵਿਦਿਆਮਾਨ ਅਕਾਲ ਸਰੂਪ ਵਾ ਸੱਤ ਸਰੂਪ ਇਤਯੇਵ=ਇਸ ਰੂਪ ਵਿੱਚ ਹੀ ਉਪਲਬਧਵ੍ਯ=ਪ੍ਰਾਪਤ,ਜਾਨਣਯੋਗ ਹੈ। ਇਤਯਾਦਯ= ਇਤਆਦਿਕ ਮੰਤ੍ਰਾਂ ਦੁਆਰਾ ਸਰਵਣ ਦਾ ਦੂਸਰਾ ਹੇਤੂ, ਅਭਯਾਸ ਈਰੀਤ:=ਕਥਨ ਕੀਤਾ ਹੈ॥

नैव वाचा न मनसेत्याद्यपूर्वत्वामिंगितम।
मृत्युप्रोक्तां त्वेवमाद्यात्फलं श्रुत्या समीरितम्॥ ४॥

(ਨ+ਏਵ) ਵਾਚਾ ਨ (ਮਨਸ:+ਇਤਯਾਦਯ+ਅਪੂਰਵਤ੍ਵਮ੍+ਇੰਗੀਤਮ੍)।
(ਮ੍ਰਿਤਯੂ+ਪ੍ਰੋਕਤਾਮ੍) (ਤੂ+ਏਵਮ+ਆਦਯਾਤ੍+ਫਲਮ੍) ਸ਼੍ਰੂਤਯਾ ਸਮੀਰੀਤਮ੍॥ ੪॥

(੩) ਅਪੂਰਵਤਾ:- (ਨ+ਏਵ) ਵਾਚਾ ਨ (ਮਨਸ:+ਇਤਯਾਦਯ+ਅਪੂਰਵਤ੍ਵਮ੍+ਇੰਗੀਤਮ੍)=

''ਨੈਵ ਵਾਚਾ ਨ ਮਨਸਾ ਪ੍ਰਾਪ੍ਤੁੰ ਸ਼ਕ੍ਯੋ ਨ ਚਕ੍ਸ਼ੁਸ਼ਾ''

''(ਨ+ਏਵ) ਵਾਚਾ ਨ ਮਨਸਾ ਪ੍ਰਾਪਤੁਮ੍ ਸ਼ਕਯੋ ਨ ਚਕਸ਼ੁਛਾ''

(ਅਧਿਆਏ ੨, ਵੱਲੀ ੩, ਵਾਕਯ ੧੨)

ਨ=ਨਾ ਏਵ=ਹੀ ਵਾਚਾ=ਵਾਣੀ ਵਾ ਵਾਕ ਇੰਦ੍ਰੇ ਨ=ਨਾ ਹੀ ਚਕਸ਼ੁਛਾ=ਨੇਤ੍ਰ ਆਦਿਕ, ਨ=ਨਾ ਮਨਸਾ=ਸੰਕਲਪ-ਵਿਕਲਪਾ ਦੀ ਬਿਰਤੀ ਵਾ ਅੰਤਹਕਰਣ ਵਿਚ ਉਸ ਬ੍ਰਹਮ ਤੋਂ ਅਭਿੰਨ ਆਤਮਾ ਨੂੰ ਪ੍ਰਾਪਤਮ੍= ਪ੍ਰਾਪਤ ਕਰਨ, ਜਾਨਣ ਲਈ ਸ਼ਕਯੋ=ਸਾਮਰਥ, ਸ਼ਕਤੀ, ਬਲ ਹੈ। ਇਤਯਾਦਯ=ਇਤਿਆਦਿਕ ਮੰਤ੍ਰਾ ਦੁਆਰਾ ਇੰਦ੍ਰੀਆ ਅਤੇ ਇੰਦ੍ਰੇ ਜਨਯ ਪ੍ਰਤੱਖ ਪ੍ਰਮਾਣ ਆਦਿਕ ਦੀ ਬ੍ਰਹਮ ਵਿਚ ਅਵਿਸ਼ਯਤਾ, ਅਗਮਤਾ ਰੂਪ ਸ੍ਵਣ ਦੇ ਤੀਸਰੇ ਹੇਤੂ ਅਪੂਰਵਤ੍ਵਮ੍=ਅਪੂਰਬਤਾ ਦਾ ਇੰਗੀਤਮ੍=ਸੰਕੇਤ, ਇਸ਼ਾਰਾ ਕੀਤਾ ਹੈ॥

(੪) ਫਲ :- ਆਨਵੇ ਰੀਤ ਅਨੁਸਾਰ :-

(ਮ੍ਰਿਤਯੂ+ਪ੍ਰੋਕਤਾਮ) ਏਵਮ+ਆਦਯਾਤ+ਤੂ ਸ਼੍ਰੁਤਯਾ ਫਲਮ੍ ਸਮੀਰੀਤਮ੍।

''ਮ੍ਰਿਤ੍ਯੁਪ੍ਰੋਕ੍ਤਾਂ ਨਚਿਕੇਤੋ਽ਥ ਲਬ੍ਧ੍ਵਾ ਵਿਦ੍ਯਾਮੇਤਾਂ ਯੋਗਵਿਧਿਂ ਚ ਕ੍ਰਿਤ੍ਸ੍ਨਮ੍।
ਬ੍ਰਹ੍ਮਪ੍ਰਾਪ੍ਤੋ ਵਿਰਜੋ਽ਭੂਦ੍ਵਿਮ੍ਰਿਤ੍ਯੁਰਨ੍ਯੋ਽ਪ੍ਯੇਵਂ....''

(ਅਧਿਆਏ ੨, ਵੱਲੀ ੩, ਵਾਕਯ ੧੮)

(ਮ੍ਰਿਤਯੂ+ਪ੍ਰੋਕਤਾਮ) (ਨਚੀਕੇਤ:+ਅਥ) ਲਬਧ੍ਵਾ (ਵਿਦਯਾਮ੍+ਏਤਾਮ੍) (ਯੋਗ+ਵਿਧੀਮ੍) ਚ ਕ੍ਰਿਤਸਨਮ੍।
(ਬ੍ਰਹਮ+ਪ੍ਰਾਪਤ:) (ਵਿਰਜ:+ਅਭੂਤ੍+ਵਿਮ੍ਰਿਤਯੂ:+ਅਨਯ:+ਅਪੀ+ਏਵਮ੍)

ਮ੍ਰਿਤਯੂ=ਮ੍ਰਿਤੂ ਦੇਵਤਾ ਧਰਮਰਾਜ ਦੁਆਰਾ ਪ੍ਰੋਕਤਾਮ=ਕਹੀ ਗਈ ਏਤਾਮ੍=ਇਸ ਆਤਮ ਵਿਦਾਮ੍=ਵਿਦਿਆ ਚ=ਔ ਵਿਦਿਆ ਦੇ ਅਨੁਕੂਲ ਕ੍ਰਿਤਸਨਮ੍=ਸੰਪੂਰਣ ਯੋਗ=ਸਹਿਜ ਯੋਗ ਦੀ ਵਿਧੀਮ੍=ਵਿਧੀ ਨੂੰ ਲਬਧ੍ਵਾ=ਪ੍ਰਾਪਤ ਕਰਨ ਤੋਂ ਅਥ=ਬਾਦ ਨਚੀਕੇਤ:=ਨਚੀਕੇਤਾ ਬ੍ਰਹਮ=ਕਾਰਣ ਵਾ: ਵਿਆਪਕ ਪਰਮੇਸ਼ਰ ਸਰੂਪ ਨੂੰ ਪ੍ਰਾਪਤ:=ਨਿੱਤਯ ਪ੍ਰਾਪਤ ਦੀ ਪ੍ਰਾਪਤੀ ਕਰਕੇ ਵਿਰਜ:= ਵਿਕਾਰਾਂ, ਅਵਿਦਿਆ ਆਦਿ ਦੀ ਮਲ ਤੋਂ ਰਿਹਤ ਵਿਮਲ ਅਭੂਤ=ਹੋ ਗਿਆ। ਏਵਮ੍=ਇਸੇ ਪ੍ਰਕਾਰ ਕੋਈ ਅਨਯ=ਹੋਰ ਉੱਤਮ ਅਧਿਕਾਰੀ ਅਪੀ=ਵੀ ਦ੍ਰਿੜ ਅਪਰੋਕਸ਼ ਬ੍ਰਹਮ ਗਿਆਨ ਦੁਆਰਾ ਧਰਮ-ਅਧਰਮ ਤੋਂ ਰਹਿਤ ਹੋ ਕੇ ਬ੍ਰਹਮ ਪ੍ਰਾਪਤੀ ਕਰਕੇ ਵਿਮ੍ਰਿਤਯੂ=ਮ੍ਰਿਤੂ ਤੋਂ ਰਹਿਤ ਹੋ ਜਾਂਦਾ ਹੈ। ਏਵਮ=ਇਸ ਪ੍ਰਕਾਰ ਉਪਰੋਕਤ ਕਥਨ ਅਤੇ ਇਸ ਤੋਂ ਆਦਯਾਤ=ਆਦਿਕ ਹੋਰ ਸ਼੍ਰੁਤਯਾ=ਵੇਦਾਂ ਦੀਆਂ ਮੰਤ੍ਰ ਰੂਪ ਪੰਕਤੀਆਂ ਦੁਆਰਾ ਸਰਵਣ ਦਾ ਚੌਥਾਂ ਹੇਤੂ ਵਾ ਅੰਗ ਫਲਮ=ਫਲ, ਪ੍ਰਯੋਜਨ ਸਮੀਰੀਤਮ੍=ਕਥਨ ਕੀਤਾ ਗਿਆ ਹੈ॥ ਅਗਲੇ ਸਲੋਕ ਵਿੱਚ ਫਲ ਨੂੰ ਹੋਰ ਸਪਸ਼ਟ ਕਰਦੇ ਹਨ :-

ਸ ਲਬ੍ਧ੍ਵਾਮੋਦਨੀਯਂ ਵੈ ਫਲਂ ਪ੍ਰੋਕ੍ਤਂ ਸ੍ਫੁਟਂ ਤਥਾ।
ਬ੍ਰਹ੍ਮ ਕ੍ਸ਼ਤ੍ਰਂ ਚ ਯੁਗਲਮੋਦਨਂ ਤ੍ਵੇਮਾਦਿਤ:॥ ੫॥

ਸ (ਲਬਧ੍ਵਾ+ਮੋਦਨੀਯਮ੍) ਵਈ ਫਲਮ ਪ੍ਰੋਕਤਮ੍ ਸਫੁਟਮ੍ ਤਥਾ।
ਬ੍ਰਹਮ ਕ੍ਛੱਤ੍ਰਮ੍ ਚ (ਯੁਗਲਮ੍+ਓਦਨਮ੍) (ਤੂ+ਏਵਮ੍+ਆਦੀਤ:)॥ ੫॥

''ਸ ਗੋਦ੍ਤੇ ਮੋਦ੍ਨੀਯੱ ਹਿ ਲਬ੍ਧ੍ਵਾ...''

(ਅਧਿਆਏ ੨, ਵੱਲੀ ੩, ਵਾਕਯ ੧੩)

''ਸ ਮੋਦ੍ਤੇ ਮੋਦ੍ਨੀਯਮ੍ ਹੀ ਲਬਧ੍ਵਾ''

ਮੋਦੀਨੀਯਮ੍=ਪਰਮਾਨੰਦ ਸਰੂਪ ਬ੍ਰਹਮ ਤੋਂ ਅਭਿੰਨ ਆਤਮਾ ਦੇ ਤਦਾਤਮਯ (ਸੰਬੰਧ) ਨੂੰ ਲਬਧ੍ਵਾ=ਪ੍ਰਾਪਤ ਕਰਕੇ ਸ=ਉਹ ਆਤਮ ਗਿਆਨੀ ਹੀ=ਨਿਸ਼ਚਿਤ ਰੂਪ ਨਾਲ ਮੋਦਤੇ=ਪਰਮ ਅਨੰਦਿਤ ਹੋ ਜਾਂਦਾ ਹੈ।

ਕਹੁ ਨਾਨਕ ਸੁਖ ਸਹਜ ਅਨੰਦਾ॥
ਖੋਲ੍ਹਿ ਭੀਤਿ ਮਿਲੇ ਪਰਮਾਨੰਦਾ॥ ੪ ॥ ੧੪ ॥ **(ਸਾਰੰਗ ਮ:੫, ਅੰਗ ੧੨੦੬)**

ਉਪਰੋਕਤ ਮੰਤ੍ਰ ਦੁਆਰਾ ਵਈ=ਨਿਸ਼ਚਿਤ ਰੂਪ ਨਾਲ ਸਰੂਪਾਨੰਦ ਦੀ ਪ੍ਰਾਪਤੀ ਰੂਪ ਫਲਮ੍=ਫਲ ਸਫੁਟਮ੍=ਸਪਸ਼ਟ ਪ੍ਰੋਕਤਮ=ਕਿਹਾ ਗਿਆ ਹੈ।

(੫) ਅਰਥਵਾਦ :-

ਬ੍ਰਹਮ ਕ੍ਛੱਤ੍ਰਮ੍ ਚ (ਯੁਗਲਮ੍+ਓਦਨਮ) (ਤੂ+ਏਵਮ+ਆਦੀਤ:)॥

''ਯਸ੍ਯ ਬ੍ਰਹ੍ਮ ਚ ਕ੍ਸ਼ਤ੍ਰਂ ਚ ਤਮੇ ਮਵਤ ਓਦਨ:''

(ਅਧਿਆਏ ੧, ਵੱਲੀ ੨, ਵਾਕਯ ੨੫)

''ਯਸਯ ਬ੍ਰਹਮ ਚ ਕ੍ਛੱਤ੍ਰਮ੍ ਚ ਉਭੇ ਭਵਤ ਓਦਨ:''

ਯਸਯ=ਜਿਸ ਬ੍ਰਹਮ (ਕਾਰਣ, ਵਿਆਪਕ ਪਰਮੇਸ਼ਰ) ਦੇ ਬ੍ਰਹਮ=ਬ੍ਰਾਹਮਣ ਚ=ਔਰ ਕਛਤ੍ਰਮ੍=ਛਤ੍ਰੀ ਉਭੇ=ਦੋਨੋ ਵਰਣ ਚ=ਔਰ ਸਮਸਤ ਚਰਾਚਰ ਜਗਤ ਓਦਨ:=ਭਾਤ ਕਹੀਏ ਚੌਲਾਂ ਦੀ ਨਿਆਈ ਭਕਛਣ ਯੋਗ (ਖਾਣਯੋਗ) ਭੋਜਨ ਹਨ। ਭਾਵ ਸੋ ਬ੍ਰਹਮ ਕਾਲ ਰੂਪ ਹੋ ਕੇ ਜਦੋਂ ਮਹਾ ਪਰਲੋ ਕਰਦਾ ਹੈ ਤਾਂ ਸਾਰੀ ਰਚਨਾ ਉਸੇ ਵਿਚ ਲੀਨ ਹੋਣ ਰੂਪ ਉਸ ਬ੍ਰਹਮ ਦਾ ਭੋਜਨ ਕਥਨ ਕੀਤਾ ਗਿਆ ਹੈ। ਕੇਵਲ ਚਰਾਚਰ ਜਗਤ ਹੀ ਨਹੀਂ ਮ੍ਰਿਤੂ ਵੀ ਉਸਦਾ ਭੋਜਨ ਹੈ ਕਿਉਂਕਿ ਉਹ ਕਾਲ ਦਾ ਵੀ ਮਹਾਕਾਲ ਹੈ।

ਕਾਲ ਹੂੰ ਕੇ ਕਾਲ ਹੈ॥ ਸਦੈਵ ਰਛਪਾਲ ਹੈ॥ ੩ ॥ ੧੧ ॥

(ਗਿਆਨ ਪ੍ਰਬੋਧ, ਦਸਮ ਗ੍ਰੰਥ)

ਉਪਰੋਕਤ ਕਥਨ ਕੀਤੇ ਕਠੋਪਨਿਸ਼ਦ ਵਿਚ ਏਵਮ=ਇਸ ਪ੍ਰਕਾਰ ਦੇ ਮੰਤ ਆਦਿਤ:=ਆਦਿਕ ਦੁਆਰਾ ਤੂ=ਤਾਂ

ਅਰ੍ਥਵਾਦਸ਼੍ਚ ਯੁਕ੍ਤਿ ਵੈ ਤ੍ਵਗ੍ਨਿਰਿਤ੍ਯਾਦਿਵਾਕ੍ਯਤ:।
ਏਮਿ: ਕਠੋਪਨਿਸ਼ਦੋऽਦ੍ਵੈਤੇ ਤਾਤ੍ਪਰ੍ਯਮਿਸ਼੍ਯਤੇ॥ ੬॥

(ਅਰਥਵਾਦਸ਼+ਚ) ਯੁਕਤੀ ਵਈ (ਤੂ+ਅਗਨੀ+ਇਤਯਾਦੀ+ਵਾਕਯਤ:)।
ਏਭਿ: (ਕਠੋ+ਉਪਨਿਸ਼ਦੋ+ਅਦ੍ਵੈਤੇ) (ਤਾਤਪਰਯਮ੍+ਈਸ਼ਯਤੇ)॥ ੬ ॥

ਅਦ੍ਵੈਤ ਬ੍ਰਹਮ ਦੀ ਸਤੁਤੀ (ਕੀਰਤੀ) ਰੂਪ ਸਰਵਣ ਦਾ ਪੰਜਵਾਂ ਹੈਤੂ ਅਰਥਵਾਦਸ਼=ਅਰਥਵਾਦ ਕਥਨ ਕੀਤਾ ਗਿਆ ਹੈ ਚ=ਔਰ

''ਮ੍ਰਤ੍ਯੋ: ਸ ਮ੍ਰਤ੍ਯੁਮਾਪ੍ਨੋਤਿ ਯ ਇਹ ਨਾਨੇਵ ਪਸ਼੍ਯਤਿ''

(ਅਧਿਆਏ ੨, ਵੱਲੀ ੧, ਵਾਕਯ ੧੦)

''ਮ੍ਰਿਤਯੋਃ ਸ (ਮ੍ਰਿਤਯੁਮ੍+ਆਪਨੋਤੀ) ਯ ਇਹ ਨਾਨੇਵ ਪਸ਼ਯਤੀ''

ਯ=ਜੋ ਅਗਿਆਨੀ ਪੁਰਸ਼ ਇਹ=ਇਸ ਸੰਸਾਰ ਵਿਚ ਦੇਹ ਇੰਦ੍ਰੇ ਰੂਪ ਉਪਾਧੀ ਯੁਕਤ ਹੋ ਕੇ ਭੇਦ ਦ੍ਰਿਸ਼ਟੀ ਰੂਪ ਅਵਿਦਿਆ ਨਾਲ ਮੋਹਿਤ ਹੋ ਕਰਕੇ ਆਤਮਾ ਤੋਂ ਅਭਿੰਨ ਬ੍ਰਹਮ ਵਿਚ :- ਮੈਂ ਪਰਮਾਤਮਾ ਤੋਂ ਭਿੰਨ ਹਾਂ ਅਤੇ ਪਰਮਾਤਮਾ ਮੇਰੇ ਤੋਂ ਭਿੰਨ ਹੈ ਇਸ ਪ੍ਰਕਾਰ ਮਿਥਿਆ ਭੇਦ ਦ੍ਰਿਸ਼ਟੀ ਨਾਲ ਨਾਨੇਵ=ਅਨੇਕਤਾ ਦੀ ਤਰ੍ਹਾਂ ਪਸ਼ਯਤੀ=ਪ੍ਰਤੱਖ ਵੇਖਣ ਰੂਪ ਅਨੁਭਵ ਕਰਦਾ ਹੈ ਸੋ ਅੱਗਜ ਪੁਰਸ਼ ਇਕ ਵਾਰ ਮ੍ਰਿਤਯੋਃ=ਮੌਤ ਸ=ਤੋਂ ਦੁਬਾਰਾ ਜਨਮ ਲੈ ਕੇ ਫਿਰ ਮ੍ਰਿਤਯੁਮ੍=ਮੌਤ ਨੂੰ ਆਪਨੋਤੀ=ਪ੍ਰਾਪਤ ਕਰਦਾ ਹੈ ਭਾਵ ਜਨਮ ਮਰਣ ਰੂਪ ਦੁਖ ਨੂੰ ਪੁਨਃ ਪੁਨਃ ਪ੍ਰਾਪਤ ਕਰਦਾ ਹੈ। ਇਸ ਉਪਰਕੋਤ ਮੰਤ੍ਰ ਦੁਆਰਾ ਭੇਦ ਗਿਆਨ ਦੀ ਨਿੰਦਾ ਰੂਪ ਸਰਵਣ ਦਾ ਪੰਜਵਾਂ ਅੰਗ, ਹੇਤੂ ਅਰਥਵਾਦ ਸੂਚਿਤ ਕੀਤਾ ਗਿਆ ਹੈ॥

(੬) ਉਪਪਤੀਃ- ਯੁਕਤੀ ਵਈ (ਤੂ+ਅਗਨੀ+ਇਤਯਾਦੀ+ਵਾਕਯਤਃ)

ਏਭਿਃ (ਕਠ+ਉਪਨਿਸ਼ਦੋ)+ਅਦ੍ਵੈਤੇ (ਤਾਤਪਰਯਮ੍+ਈਸ਼ਯਤੇ)=

''ਅਗ੍ਨਿਰ੍ਯਥੈਕੋ ਭੁਵਨਂ ਪ੍ਰਤਿਸ਼੍ਟੋ ਰੂਪਂਰੂਪਂ ਪ੍ਰਤਿਰੂਪੋ ਬਭੂਵ।''

(ਅਧਿਆਏ ੨, ਵੱਲੀ ੨ ਵਾਕਯ ੯)

''(ਅਗਨੀ+ਯਥਾ+ਏਕਃ) ਭੁਵਨਮ੍ ਪ੍ਰਵਿਸ਼ਟਃ (ਰੂਪਮ੍+ਰੂਪਮ੍) (ਪ੍ਰਤੀ+ਰੂਪਃ) ਬਭੂਵ''

ਯਥਾ=ਜਿਸ ਪ੍ਰਕਾਰ ਏਕਃ= ਇਕ ਹੀ ਅਗਨੀ=ਅੱਗ ਨੇ ਪ੍ਰਕਾਸ਼ ਸ੍ਵਰੂਪ ਹੋ ਕੇ ਪੂਰੇ ਭੁਵਨਮ੍=ਬ੍ਰਹਮੰਡ ਵਿਚ ਸਮਾਨ ਅਗਨੀ ਕਰਕੇ ਪ੍ਰਵਿਸ਼ਟਃ=ਪ੍ਰਵੇਸ਼ ਕੀਤਾ ਹੈ ਭਾਵ ਭਿੰਨ ਰੂਪਮ੍=ਅਕਾਰ ਵਾਲੇ ਪਦਾਰਥਾਂ ਵਿਚ ਤਬਦੀਲ ਹੋ ਕੇ ਭਿੰਨ-ਭਿੰਨ ਰੂਪਮ੍=ਅਕਾਰਾ ਦੁਆਰਾ (ਕਿਤੇ ਰੁੱਖ, ਕਿਤੇ ਸਰੀਰ ਆਦਿਕ) ਪ੍ਰਤੀਰੂਪੋ=ਪ੍ਰਤਯੇਕ ਅਕਾਰ ਵਾ ਰੂਪ ਦਾ ਸਰੂਪ ਬਭੂਵ=ਹੋ ਗਈ ਹੈ।

ਤਿਵੇਂ ਹੀ ਸੰਪੂਰਣ ਭੂਤਾਂ ਦਾ ਇੱਕ ਹੀ ਅੰਤਰਆਤਮਾ ਅਤਿਅੰਤ ਹੀ ਸੂਖਮ ਹੋਣ ਦੇ ਕਾਰਨ ਕਾਸ਼ਟ ਆਦਿ ਵਿਚ ਪ੍ਰਵਿਸ਼ਟ ਅਗਨੀ ਦੇ ਸਮਾਨ ਸਮਸਤ ਸਰੀਰਾਂ ਵਿੱਚ ਰਹਿਣ ਦੇ ਕਾਰਨ ਸਰੀਰ ਆਦਿਕ ਹੋਰ ਅਕਾਰਾਂ ਵਾ ਰੂਪਾ ਦੇ ਅਨੁਰੂਪ (ਅਨੁਸਾਰ) ਹੋ ਗਿਆ ਹੈ ਕਿੰਤੂ ਅਕਾਸ਼ ਦੇ ਸਮਾਨ ਆਪਣੇ ਅਵਿਕਾਰੀ ਰੂਪ ਦੁਆਰਾ ਸਭ ਤੋਂ ਬਾਹਰ ਵੀ ਹੈ।

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥ ੧॥

(ਸੋਰਠ ਮਃ੫, ਅੰਗ ੬੧੭)

ਇਸ ਪ੍ਰਕਾਰ ਅਗਨੀ ਦੇ ਦ੍ਰਿਸ਼ਟਾਂਤ ਵਾਲੇ ਅਤੇ

''ਯੇਨ ਰੂਪਂ ਰਸਂ ਗਂਧਂ....''

(ਅਧਿਆਏ ੨, ਵੱਲੀ ੧, ਵਾਕਯ ੩)

''ਯੇਨ ਰੂਪਮ੍ ਰਸਮ੍ ਗੰਧਮ੍...''

ਯੇਨ=ਜਿਸ ਵਿਗਯਾਨ ਸਰੂਪ ਆਤਮਾ ਦੀ ਸੱਤਾ ਦੁਆਰਾ ਹੀ ਪ੍ਰਾਣੀ ਰੂਪਮ੍=ਰੂਪ ਰਸਮ੍=ਰਸ ਅਤੇ ਗੰਧਮ੍=ਗੰਧ, ਸ਼ਬਦ, ਸਪਰਸ਼ ਪੰਜ ਵਿਸ਼ਿਆਂ ਦੇ ਸੁੱਖਾਂ ਨੂੰ ਜਾਣਦਾ ਹੈ ਇਤਯਾਦੀ=ਆਦਿਕ ਮੰਤ੍ਰ ਰੂਪ ਵਾਕਯਤਃ=ਵਾਕਾ ਦੁਆਰਾ ਤੂ=ਤਾਂ ਯੁਕਤੀ=ਜੁਗਤੀ ਸ਼ਬਦ ਦਾ ਵਾਚਯ ਉਪਪਤੀ ਸ੍ਰਵਣ ਦਾ ਛੇਵਾਂ ਹੇਤੂ, ਅੰਗ ਵਈ=ਨਿਸ਼ਚਿਤ ਰੂਪ ਨਾਲ ਕਥਨ ਕੀਤਾ ਗਿਆ ਹੈ। ਏਭੀਃ=ਇਨ੍ਹਾਂ ਸ੍ਰਵਣ ਦੇ

ਖਟ ਲਿੰਗਾ ਨਾਲ ਕਠ ਉਪਨਿਸ਼ਦ ਦੇ ਮੰਤ੍ਰਾਂ ਦਾ ਅਦ੍ਵੈਤ=ਅਦੁਤੀ ਬ੍ਰਹਮ ਵਿਚ ਤਾਤਪਰਯਮ੍=ਅਰਥ ਈਸ਼ਯਤੇ=ਵਯਕਤ ਭਾਵ ਪ੍ਰਗਟ ਹੁੰਦਾ ਹੈ॥

ਇਤਿ ਸ਼੍ਰੀ ਕਠੋਪਨਿਸ਼ਲ੍ਲਿੰਗ ਕੀਰ੍ਤਨਮ੍ ਨਾਮ ਚਤੁਰ੍ਥ ਪ੍ਰਸੰਗ ਸਮਾਪ੍ਤਮ੍॥ ੪॥

ਇਤੀ ਸ਼੍ਰੀ ਕਠੋਪਨਿਸ਼ਦ੍ ਲਿੰਗ ਕੀਰਤਨਮ੍ ਨਾਮ ਚੁਤਰਥ ਪ੍ਰਸੰਗ ਸਮਾਪਤਮ੍॥ ੪ ॥

ਸ਼੍ਰੀ=ਸਭਾਇਮਾਨ ਕਠ ਉਪਨਿਸ਼ਦ ਦੇ ਮੰਤ੍ਰਾਂ ਦੁਆਰਾ ਸਰਵਣ ਦੇ ਖਟ ਲਿੰਗ=ਹੇਤੂ, ਅੰਗਾਂ ਦਾ ਕੀਰਤਨਮ੍=ਕਥਨ, ਵਖਿਆਣ ਵਾਲਾ ਚਤੁਰਥ=ਚੌਥਾ ਪ੍ਰਸੰਗ=ਪ੍ਰਕਰਣ ਇਤੀ=ਸੰਪੂਰਨ ਹੁੰਦਾ ਹੈ॥

☆☆☆

॥ अथ पक्षोपनिषलिल्गकीर्तनम्॥ ५॥

॥ ਅਥ+ਪ੍ਰਸ਼ਨ+ਉਪਨਿਸ਼ਦ੍+ਲਿੰਗ+ਕੀਰਤਨਮ੍॥ ੫॥

ਅਥ=ਹੁਣ ਅਥਰਵ ਵੇਦ ਦੇ ਬ੍ਰਾਹਮਣ ਭਾਗ ਦੇ ਅੰਤਰਗਤ ਪ੍ਰਸ਼ਨ ਉਪਨਿਸ਼ਦ ਵਿਚ ਪਿਪਲਾਦ ਮਹਾਰਿਸ਼ੀ ਦੇ ਕੋਲ ਆਏ ਛੇ ਰਿਸ਼ੀਆਂ ਦੇ ਸਵਾਲ-ਜਵਾਬ ਰੂਪ ਮੰਤ੍ਰਾਂ ਦੁਆਰਾ ਤਾਤਪਰਯ ਨਿਰਣਾਯਕ ਸਰਵਣ ਸਾਧਨ ਦੇ ਖਟ ਲਿੰਗ=ਹੇਤੂ, ਅੰਗ, ਚਿੰਨਾਂ ਦਾ ਕੀਰਤਨਮ=ਅਭਿਵਯਕਤ ਕਹੀਏ ਪ੍ਰਗਟ ਕਰਨ ਰੂਪ ਕਥਨ ਕਰਦੇ ਹਨ।

ब्रह्मपरा हि वै ब्रह्मनिष्ठा इत्युपक्रम्य तत्।
तान्होवाचैतावदेवोपसंहारस्तदेकता॥ १॥

ਬ੍ਰਹਮਪਰਾ ਹੀ ਵਈ ਬ੍ਰਹਮਨਿਸ਼ਠਾ (ਇਤੀ+ਉਪਕ੍ਰਮਯ) ਤਤ।
ਤਾਨ+ਹ+ਉਵਾਚ+ਏਤਾਵਤ੍+ਏਵ+ਉਪਸੰਹਾਰਸ+ਤਦ੍+ਏਕਤਾ॥ ੧॥

(੧) ਉਪਕ੍ਰਮ-ਉਪਸੰਹਾਰ :-

''ब्रह्मपरा ब्रह्मनिष्ठा परं ब्रह्मान्वेषमाणा....''

(ਪ੍ਰਸ਼ਨ ੧, ਵਾਕਯ ੧)

''ਬ੍ਰਹਮਪਰਾ ਬ੍ਰਹਮਨਿਸ਼ਠਾ ਪਰਮ੍ (ਬ੍ਰਹਮ੍+ਅਨਵੇਸ਼ਮਾਣਾ)''

ਭਰਦਵਾਜ-ਨੰਦਨ ਸੁਕੇਸ਼ਾ, ਸਿਵੀ ਦਾ ਪੁੱਤਰ ਸੱਤਯਕਾਮ, ਗਰਗ ਗੋਤ੍ਰ ਵਿਚ ਉਤਪੰਨ ਸੂਰਜ ਦਾ ਪੋਤਰਾ ਸੌਰਯਾਯਣੀ,ਅਸ਼ਵਾਲਾ ਦਾ ਪੁੱਤਰ ਕੌਸਲਯ, ਵਿਦਰਭ ਦੇਸ਼ ਵਿਚ ਉਤਪੰਨ ਹੋਇਆ ਭ੍ਰਿਗੂ ਗੋਤ੍ਰ ਵਾਲਾ ਵੈਦਰਭੀ ਅਤੇ ਕਤਯ ਦੇ ਪੋਤੇ ਦਾ ਪੁਤ੍ਰ ਕਬੰਧੀ ਇਹ ਛੇ ਰਿਸ਼ੀ ਗਣ ਬ੍ਰਹਮਨਿਸ਼ਠਾ=ਅਪਰ ਬ੍ਰਹਮ (ਕਾਰਣ ਨਿਰਉਪਾਧਿਕ ਨਿਰਗੁਣ ਬ੍ਰਹਮ) ਦੀ ਉਪਾਸਨਾ ਵਾ ਧਿਆਨ ਵਿਚ ਨਿਰੰਤਰ ਨਿਸ਼ਠਾ=ਸਥਿਤ ਰਹਿਣ ਵਾਲੇ ਅਤੇ ਪਰਮ੍=ਸਰਵ ਸ੍ਰੇਸ਼ਟ ਬ੍ਰਹਮਾਨ=ਬ੍ਰਹਮ ਦੇ ਅਨਵੇਸ਼ਮਾਣਾ=ਅਨਵੇਸ਼ਣ ਕਹੀਏ ਖੋਜ ਵਿਚ ਉਦਮਸ਼ੀਲ ਬ੍ਰਹਮਪਰਾ=ਬ੍ਰਹਮ ਪ੍ਰਾਪਤੀ ਵਾ ਸਾਕਸ਼ਾਤਕਾਰ ਦੀ ਪ੍ਰਬਲ ਇੱਛਾ ਵਾਲੇ ਜਿਗਿਆਸੂ ਹੋ ਕੇ ਪੂਜਯ ਆਚਾਰਯ ਭਗਵਾਨ੍ ਪਿਪਲਾਦ ਦੀ ਸ਼ਰਣਾਗਤ ਨੂੰ ਪ੍ਰਾਪਤ ਹੋਏ। ਇਤੀ=ਇਤਿਆਦਿਕ ਮੰਤ੍ਰਾਂ ਦੁਆਰਾ ਵਈ=ਨਿਸ਼ਚਿਤ ਰੂਪ ਨਾਲ ਤਤ੍=ਅਦ੍ਵੈਤ ਬ੍ਰਹਮ ਦੇ ਵਿਸ਼ੇ ਵਿਚ ਸਰਵਣ ਦਾ ਪਹਿਲਾ ਹੇਤੂ, ਅੰਗ ਉਪਕ੍ਰਮ=ਪ੍ਰਕਰਣ ਦਾ ਆਰੰਭ ਦਰਸਾਇਆ ਗਿਆ ਹੈ।

''तान् होवाचैतावदेवाहमेतत्परं ब्रह्म वेद नातः परमस्ति''

(ਪ੍ਰਸ਼ਨ ੬, ਵਾਕਯ ੭)

''(ਤਾਨ+ਹ+ਉਵਾਚ+ਏਤਾਵਤ੍+ਏਵ+ਅਹਮ+ਏਤਤ+ਪਰਮ੍)
ਬ੍ਰਹਮ ਵੇਦ (ਨ+ਅਤਃ) (ਪਰਮ+ਅਸਤੀ)

ਇਹ ਹ=ਪ੍ਰਸਿੱਧ ਕਥਾ ਹੈ ਕਿ ਤਾਨ੍=ਉਨ੍ਹਾਂ ਛੇ ਰਿਸ਼ੀਆਂ ਨੂੰ ਸਾਰੀ ਸਿੱਖਿਆ ਦੇਣ ਤੋਂ ਬਾਦ ਪਿਪਲਾਦ ਮੁਨੀ ਨੇ ਉਵਾਚ=ਕਿਹਾ ਕਿ ਅਹਮ=ਮੈਂ ਏਤਤ੍=ਬੁਧੀ ਵਿਸ਼ਯੀ ਸ੍ਵਰੂਪ ਭਾਵ ਬੁਧੀ ਦੁਆਰਾ ਗਿਆਨ ਦਾ ਵਿਸ਼ੇ ਬਣਿਆ ਪਰਮ੍=ਸ੍ਰੇਸ਼ਟ ਬ੍ਰਹਮ=ਕਾਰਣ, ਵਿਆਪਕ ਨਿਰਗੁਣ ਪਰਮੇਸਰ ਨੂੰ

ਏਤਾਵਤ੍=ਏਨਾ ਏਵ=ਹੀ ਵੇਦ= ਜਾਣਦਾ ਹਾਂ। ਅਤ:=ਇਸ ਬ੍ਰਹਮ ਤੋਂ ਪਰਮ=ਸ੍ਰੇਸ਼ਟ ਭਿੰਨ ਹੋਰ ਕੋਈ ਸੱਤਾ ਨ=ਨਹੀਂ ਅਸਤੀ=ਹੈ ਜੋ ਉਤਪਤੀ,ਲੈਯਤਾ ਅਤੇ ਸੰਘਾਰ ਦਾ ਕਾਰਣ ਹੋਵੇ। ਇਸ ਲਈ ਗਯਾਤ੍ਰਯ ਕਹੀਏ ਜਾਨਣਯੋਗ ਅਨਯ (ਹੋਰ) ਕੁਛ ਵੀ ਨਹੀਂ ਹੈ। ਇਤਿਆਦਿਕ ਮੰਤ੍ਰਾਂ ਨਾਲ ਉਪਸੰਹਾਰ:=ਉਪਸੰਹਾਰ ਕਹੀਏ ਪ੍ਰਕਰਣ ਨੂੰ ਸੰਪੂਰਨ ਕਰਕੇ ਤਦ੍=ਉਪਕ੍ਰਮ-ਉਪਸੰਹਾਰ ਦੋਵਾਂ ਦੀ ਏਕਤਾ=ਅਭਿੰਨਤਾ ਰੂਪ ਇਕ ਹੇਤੂਤਾ ਸਰਵਣ ਦਾ ਪਹਿਲਾ ਅੰਗ ਕਥਨ ਕੀਤਾ ਗਿਆ ਹੈ।

एतद्वै सत्यकामेति यत्तदभ्यास उच्यते।
इहैवांतः शरीरे तु सोम्य ! चेत्याद्यपूर्वता॥ २॥

(ਏਤਦ੍+ਵਈ) (ਸਤਯਕਾਮ+ਇਤੀ) ਯਤ+ਤਤ੍+ਅਭਯਾਸ ਉਚਯਤੇ।
(ਈਹ+ਏਵ+ਅੰਤ:) ਸ਼ਰੀਰੇ ਤੁ ਸੋਮਯ (ਚ+ਇਤਯਾਦੀ+ਅਪੂਰਵਤਾ) ॥ ੨॥

(੨) ਅਭਯਾਸ :-

''एतद्वै सत्यकाम परं चापरं च ब्रह्म यदोङ्कारः''

(ਪ੍ਰਸ਼ਨ ੫, ਵਾਕਯ ੨)

''(ਏਤਦ+ਵਈ) ਸਤਯਕਾਮ ਪਰਮ (ਚ+ਅਪਰਮ੍) ਚ ਬ੍ਰਹਮ (ਯਦ+ਓਂਕਾਰ:)''

ਹੇ ਸਤਯਕਾਮ='ਸਤ' ਸਰੂਪ ਦੀ ਕਾਮਨਾ, ਜਿਗਿਆਸਾ ਵਾਲੇ ਸ਼ਿਸ਼ਯ ਯਦ=ਜੋ ਓਂਕਾਰ:=ਓਅੰਕਾਰ ਦਾ ਵਾਚਯ ਅਤੇ ਲਕਛਯ ਅਰਥ ਹੈ ਸੋ ਵਈ=ਨਿਸ਼ਚਿਤ ਰੂਪ ਨਾਲ ਪਰਮ=ਪਰ ਬ੍ਰਹਮ ਭਾਵ ਨਿਰਗੁਣ ਕਾਰਣ ਬ੍ਰਹਮ ਚ=ਔਰ ਅਪਰਮ੍=ਅਪਰ ਬ੍ਰਹਮ ਭਾਵ ਸਰਗੁਣ ਸਉਪਾਧਿਕ ਬ੍ਰਹਮ ਹੈ। ਭਾਵ ਪਰ ਅਤੇ ਅਪਰ ਬ੍ਰਹਮ ਓਅੰਕਾਰ ਹੀ ਹੈ। ਇਸ ਓਅੰਕਾਰ ਚਿੰਤਨ ਰੂਪ ਸਾਧਨ ਨਾਲ ਹੀ ਉਪਾਸ਼ਕ ਪਰ ਜਾ ਅਪਰ ਕਿਸੇ ਇੱਕ ਬ੍ਰਹਮ ਨੂੰ ਪ੍ਰਾਪਤ ਹੋ ਜਾਂਦਾ ਹੈ।

ਪਰ ਬ੍ਰਹਮ ਅਤੇ ਅਪਰ ਬ੍ਰਹਮ :-

(੧) ਪਰ ਬ੍ਰਹਮ:-ਪਰ ਭਾਵ ਸਭ ਤੋਂ ਉਤਕ੍ਰਿਸ਼ਟ (ਸ੍ਰੇਸ਼ਟ) ਕਾਰਣ ਨਿਰਉਪਾਧਿਕ ਨਿਰਗੁਣ ਸਰੂਪ ਜੋ ਸ਼ਬਦ ਆਦਿ ਪ੍ਰਮਾਣਾ ਨਾਲ ਉਪਲਕਛਿਤ ਹੋਣ ਦੇ ਅਯੋਗ ਹੈ ਅਤੇ ਸਭ ਪ੍ਰਕਾਰ ਦੇ ਵਿਕਛੇਪ ਧਰਮਾਂ ਤੋਂ ਰਹਿਤ ਹੈ। ਪਰ ਬ੍ਰਹਮ ਇੰਦ੍ਰਿਆ ਦੀ ਗੋਚਰਤਾ ਤੋਂ ਅਤੀਤ ਹੋਣ ਕਰਕੇ ਮਨ ਨਾਲ ਉਸਦਾ ਅਵਗਾਹਨ (ਖੋਜ) ਨਹੀਂ ਕੀਤਾ ਜਾ ਸਕਦਾ। ਇਹ ਓਅੰਕਾਰ ਦਾ ਲਕਛਯ* ਹੈ।

(੨) ਅਪਰ ਬ੍ਰਹਮ :- ਅਪਰ ਕਹੀਏ ਪਰ ਬ੍ਰਹਮ ਤੋਂ ਭਿੰਨ ਜੋ ਮਾਇਆ ਉਪਾਧੀ ਸਹਿਤ (ਸਉਪਾਧਿਕ) ਸਰਗੁਣ ਸਰੂਪ। ਇਹ ਓਅੰਕਾਰ ਸ਼ਬਦ ਦਾ ਵਾਚਯ* ਹੈ।

*(*ਲਕਛਯ ਅਤੇ ਵਾਚਯ ਅਰਥ ਪੰਨਾ ੧੯੩ ਤੇ ਪ੍ਰਸ਼ਨ ੨੦੨ ਤੋਂ ਪੜ੍ਹੋ।)*

''यत्तच्छान्तमजरममृतमभयं परं चेति''

(ਪ੍ਰਸ਼ਨ ੫, ਵਾਕਯ ੭)

''(ਯਤ੍+ਤਤ੍+ਸ਼ਾਂਤਮ੍+ਅਜਰਮ੍+ਅਮ੍ਰਿਤਮ੍+ਅਭਯਮ੍) ਪਰਮ੍ (ਚ+ਇਤੀ)''

ਯਤ=ਜੋ ਬੁਧੀ ਦਾ ਵਿਸ਼ਾ ਬਣ ਰਿਹਾ ਪਰਮ੍=ਸਰੇਵ ਸ੍ਰੇਸ਼ਟ ਸਰਗੁਣ ਬ੍ਰਹਮ ਇਸ ਤੋਂ ਭਿੰਨ ਤਤ੍=ਓਹ ਪਰੋਕਸ਼ (ਅੱਖਾਂ ਤੋਂ ਓਲ੍ਹੇ) ਨਿਰਗੁਣ ਬ੍ਰਹਮ ਇੱਛਾ ਰੂਪ ਕ੍ਰਿਆ ਰਹਿਤ ਹੋਣ ਕਰਕੇ ਅਤਿਅੰਤ

ਸ਼ਾਂਤਮ=ਸ਼ਾਂਤ, ਅਜਰਮ੍=ਵ੍ਰਿਧੀ (ਵੱਧਣਾ),ਹ੍ਰਾਸ=(ਹਾਨੀ,ਨਯੂਨਤਾ),ਪਰੀਣਾਮ (ਵਿਕਾਰ=ਬਦਲਾਵ) ਤੋਂ ਰਹਿਤ ਵਾ ਜਰ=ਬੁਢੇਪੇ ਤੋਂ ਅ=ਰਹਿਤ,ਅਮ੍ਰਿਤਮ੍=ਮ੍ਰਿਤੂ ਤੋਂ ਰਹਿਤ ਅਬਿਨਾਸੀ ਚ=ਔਰ ਅਭਯਮ੍=ਡਰ ਤੋਂ ਰਹਿਤ,ਨਿਰਭਉ ਰੂਪ ਹੈ। ਇਤੀ ਸ਼ਬਦ ਵਾਕਯ ਦੀ ਸਮਾਪਤੀ ਦੇ ਲਈ ਵਰਤਿਆ ਗਿਆ ਹੈ॥

ਪ੍ਰਸ਼ਨੋਪਨਿਸ਼ਦ ਦੇ ਇਨ੍ਹਾਂ ਉਪਰੋਕਤ ਦੋ ਮੰਤ੍ਰਾਂ ਦੁਆਰਾ ਸਰਵਣ ਦਾ ਦੂਸਰਾ ਹੇਤੂ ਅੰਗ ਅਭਯਾਸ=ਪੁਨ: ਪਨ:ਪਠਨ ਵਾ ਚਿੰਤਨ ਉਚਯਤੇ=ਉਚਾਰਨ ਵਾ ਕਥਨ ਕੀਤਾ ਗਿਆ ਹੈ॥

(੩) ਅਪੂਰਵਤਾ :-

(ਈਹ+ਏਵ+ਅੰਤ:) ਸ਼ਰੀਰੇ ਤੂ ਸੋਮਯ (ਚ+ਇਤਯਾਦੀ+ਅਪੂਰਵਤਾ) =

''ਇਹੈਵਾਂਨ੍ਤ:ਸ਼ਰੀਰੇ ਸੋਮ੍ਯ ਸ ਪੁਰੂਸ਼ੋ...''

(ਪ੍ਰਸ਼ਨ ੬, ਵਾਕਯ ੨)

''(ਈਹ+ਏਵ+ਅੰਤ:+ਸ਼ਰੀਰੇ) ਸੋਮਯ ਸ ਪੁਰਸ਼ੋ''

ਹੇ ਸੋਮਯ=ਸੁੰਦਰ ਪ੍ਰਕ੍ਰਿਤੀ ਵਾ ਸੁਭਾਅ ਵਾਲੇ ਉੱਤਮ ਜਿਗਿਆਸੂ ਸ=ਉਹ ਪੁਰਸ਼ੋ=ਵਿਆਪਕ ਸਰੂਪ ਸਮੂਹ ਜੀਵ ਰੂਪ ਇਸਤਰੀਆਂ ਦੇ ਪੁਰਸ਼ ਕਹੀਏ ਪਤੀ ਪਰਮੇਸ਼ਰ ਰੂਪ ਬ੍ਰਹਮਆਤਮਾ ਈਹ=ਇਸ ਸਰੀਰੇ=ਦੇਹ ਦੇ ਅੰਤ:=ਅੰਤਰਗਤ ਭਾਵ ਮਧਯ, ਭੀਤਰ ਤੇ ਬਾਹਰ ਤਿੰਨੇ ਅੰਸ਼ਾਂ ਵਿੱਚ ਏਵ=ਹੀ ਤੂ=ਤਾਂ ਵਿਦਿਅਮਾਨ ਹੈ। ਇਸ ਮੰਤ੍ਰ ਤੋਂ ਇਤਯਾਦੀ=ਆਦਿਕ ਪ੍ਰਸ਼ਨੋਪਨਿਸ਼ਦ ਦੇ ਚ=ਔਰ ਭਾਵ ਹੋਰ ਮੰਤ੍ਰਾਂ ਦੁਆਰਾ ਸਰਵਣ ਭਾਵ ਤਾਤਪਰਯ ਨਿਰਣਾਯਕ ਵਿਚ ਸਹਾਇਕ ਤੀਸਰਾ ਹੇਤੂ, ਅੰਗ ਅਪੂਰਵਤਾ=ਆਗਮ ਪ੍ਰਮਾਣ ਦੇ ਉਪਦੇਸ਼ ਤੋਂ ਪੂਰਵਤਾ ਕਹੀਏ ਪਹਿਲਾ ਜੋ ਸਰੀਰ ਵਿਚ ਸਥਿਤ ਬ੍ਰਹਮ ਤੋਂ ਅਭਿੰਨ ਆਤਮਾ ਦੀ ਅਪ੍ਰਤੀਤੀ ਰੂਪ ਅਪੂਰਵਤਾ ਦਾ ਕਥਨ ਕੀਤਾ ਗਿਆ ਹੈ॥

ਮਨੁ ਮੰਦਰੁ ਤਨੁ ਸਾਜੀ ਬਾਰਿ॥ ਇਸ ਹੀ ਮਧੇ ਬਸਤੁ ਅਪਾਰ॥
ਇਸ ਹੀ ਭੀਤਰਿ ਸੁਨੀਅਤ ਸਾਹੁ॥ ਕਵਨ ਬਾਪਾਰੀ ਜਾ ਕਾ ਊਹਾ ਵਿਸਾਹੁ॥

(ਗਉੜੀ ਮ:੫, ਅੰਗ ੧੮੧)

ਤਂ ਵੇਦ੍ਯਂ ਪੁਰੂਸ਼ਂ ਵੇਦੇਤ੍ਯਾਦਿਤ: ਫਲਮੁਚ੍ਯਤੇ।
ਤਦਚ੍ਛਾਯਮਦੇਹਂ ਚੇਤ੍ਯਾਦਿਭਿ: ਕਥਿਤਾ ਸ੍ਤੁਤਿ: ॥ ੩॥

ਤਮ੍ ਵੇਦਯਮ੍ ਪੁਰੂਸ਼ਮ੍ (ਵੇਦ+ਇਤਯਾਦਿਤ:) (ਫਲਮ੍+ਉਚਯਤੇ)।
(ਤਦ੍ਅਚ੍ਛਾਯੇਮ੍+ਅਦੇਹਮ੍) (ਚ+ਇਤਯਾਦੀਭਿ:) ਕਥਿਤਾ ਸਤੂਤੀ: ॥ ੩ ॥

(੪) ਫਲ:-

''ਤਂ ਵੇਦ੍ਯਂ ਪੁਰੂਸ਼ਂ ਵੇਦ ਯਥਾ ਮਾ ਵੋ ਮ੍ਰੁਤ੍ਯੁ: ਪਰਿਵ੍ਯਥਾ ਇ੍ਤਿ''

(ਪ੍ਰਸ਼ਨ ੬, ਵਾਕਯ ੬)

''ਤਮ੍ ਵੇਦਯਮ ਪੁਰੂਸ਼ਮ੍ ਵੇਦ ਯਥਾ ਮਾ ਵੋ ਮ੍ਰਿਤਯੁ: (ਪਰੀ+ਵਯਥਾ) ਇਤੀ''

ਮਰਣ ਰੂਪ ਦੁਖ ਦੀ ਨਿਵਿਰਤੀ ਲਈ ਪਰਮਾਤਮ ਗਿਆਨ ਦਾ ਉਪਯੋਗ ਕਥਨ ਕਰਦੇ ਹਨ ਕਿ ਯਥਾ=ਜਿਸ ਪ੍ਰਕਾਰ ਪ੍ਰਸਿੱਧ ਸ਼ਾਸਤ੍ਰਾਂ ਵਿਚ ਸ੍ਵੈ ਸਰੂਪ ਦਾ ਵਰਣਨ ਹੈ ਐਸੇ ਵੇਦਯਮ੍=ਜਾਨਣਯੋਗ ਬ੍ਰਹਮ ਤੋਂ ਅਭਿੰਨ ਆਤਮਾ ਰੂਪ ਪੁਰੂਸ਼ਮ੍=ਪੁਰਖ ਕਹੀਏ ਵਿਆਪਕ ਚੇਤਨ ਜੋ ਗਿਆਨ ਦਾ ਤਮ=ਚਰਮ

ਲਕਛਯ ਹੈ ਤਿਸਨੂੰ ਬ੍ਰਹਮ ਨੇਸ਼ਟੀ ਬ੍ਰਹਮ ਸ਼੍ਰੋਤੀ ਸਤਿਗੁਰਾਂ ਦੇ ਉਪਦੇਸ਼ ਦੁਆਰਾ ਯਥਾਰਥ ਰੂਪ ਵਿਚ ਵੇਦ=ਜਾਨਣਾ ਕਰੋ। ਜਿਸਦਾ ਫਲ ਸਰੂਪ ਵੋ=ਤੁਹਾਨੂੰ ਅਗਿਆਨੀ ਜੀਵਾਂ ਨੂੰ ਜਨਮ ਅਤੇ ਮ੍ਰਿਤਯੂ=ਮੌਤ ਰੂਪ ਭਿਆਨਕ ਸੰਸਾਰ ਦੇ ਵਯਥਾ=ਦੁੱਖ ਦਾ ਅਨੁਭਵ ਮਾ=ਨਹੀਂ ਹੋਵੇਗਾ ਕਿਉਂਕਿ ਸੱਤ-ਸਰੂਪ ਦੀ ਪ੍ਰਾਪਤੀ ਕਰਕੇ ਤੁਸੀਂ ਜੀਵ ਮ੍ਰਿਤਯੂ=ਮੌਤ, ਕਾਲ ਤੋਂ ਪਰੀ=ਪਰੇ ਵਾ ਪਾਰ ਸ਼ੋਕ, ਵਿਕਾਰ ਆਦਿ ਤੋਂ ਵਿਮੁਕਤ ਪਰਮਾਨੰਦ ਦਾ ਸਰੂਪ ਹੋ ਜਾਓਗੇ। ਇਸ ਮੰਤ੍ਰ ਤੋਂ ਇਤਿਯਾਦਿਤਃ=ਆਦਿਕ ਪ੍ਰਸ਼ਨੋਪਨਿਸ਼ਦ ਦੇ ਮੰਤ੍ਰਾਂ ਦੁਆਰਾ ਤਾਤਪਰਯ ਨਿਰਣਾਯਕ ਸਰਵਣ ਸਾਧਨ ਦਾ ਚੌਥਾ ਹੇਤੂ, ਅੰਗ ਫਲਮ੍=ਪ੍ਰਯੋਜਨ ਉਚਯਤੇ=ਉਚਾਰਨ ਵਾ ਕਥਨ ਕੀਤਾ ਗਿਆ ਹੈ॥

ਜਨਮ ਮਰਣ ਦੋਵੈ ਦੁਖ ਮੇਟੈ ਹਰਿ ਰਾਮੈ ਨਾਮਿ ਸਮਾਇਆ॥
ਹਰਿ ਜਨ ਪ੍ਰਭ ਰਲਿ ਏਕੋ ਹੋਏ ਹਰਿ ਜਨ ਪ੍ਰਭ ਏਕ ਸਮਾਨਿ ਜੀਉ॥

(ਆਸਾ ਮਃ ੪ ਛੰਤ, ਅੰਗ ੪੪੭)

ਆਨੰਦ ਅਨਦਿਨੁ ਵਜਹਿ ਵਾਜੇ ਦਿਨਸੁ ਰੈਣਿ ਉਮਾਹਾ॥
ਤਹ ਰੋਗ ਸੋਗ ਨ ਦੂਖ ਬਿਆਪੈ ਜਨਮ ਮਰਣੁ ਨ ਤਾਹਾ॥

(ਬਿਲਾਵਲ ਮਃ ੫, ਅੰਗ ੮੪੬)

(੫) ਅਰਥਵਾਦ :-

(ਤਦ+ਅਚ੍ਛਾਯਮ੍+ਅਦੇਹਮ੍) (ਚ+ਇਤਯਾਦੀਭਿਃ) ਕਥਿਤਾ ਸਤੁਤੀਃ=

''तदच्छायमशरीरमलोहितं शुभ्रमक्षरं वेदयते यस्तु सोम्य स सर्वज्ञः सर्वो भवती''

(ਪ੍ਰਸ਼ਨ ੪, ਵਾਕਯ ੧੦)

''(ਤਦ+ਅਚ੍ਛਾਯਮ੍+ਅਦੇਹਮ੍+ਅਲੋਹਿਤਮ੍) (ਸ਼ਭ੍ਰਮ੍+ਅਕਛਰਮ੍)
ਵੇਦਯਤੇ ਯਸਤੂ ਸੋਮਯ ਸ ਸਰਵਗਯਃ ਸਰਵੋ ਭਵਤੀ''

ਹੇ ਸੋਮਯ=ਸੁੰਦਰ ਪ੍ਰਕ੍ਰਿਤੀ, ਸੁਭਾਅ ਵਾਲੇ ਉਤਮ ਜਿਗਿਆਸੂ ਯਸਤੂ=ਜੋ ਵਿਲਕਛਣ ਯੋਗੀ ਪੁਰਸ਼ ਤਮੋ ਗੁਣ ਰੂਪ ਮਾਯਾ ਦੀ ਅਚ੍ਛਾਯਮ=ਛਾਯਾ ਤੋਂ ਰਹਿਤ ਭਾਵ ਤ੍ਰਿਗੁਣ ਅਤੀਤ ਸਰੂਪ ਨਾਮ-ਰੂਪ ਸੰਪੂਰਣ ਉਪਾਧਿਕ ਅਦੇਹਮ=ਸਰੀਰਾਂ ਤੋਂ ਰਹਿਤ ਅਲੋਹਿਤਮ=ਲਾਲ ਆਦਿ ਸਭ ਵਰਣਾਂ ਤੋਂ ਅਤੇ ਗੁਣਾਂ ਤੋਂ ਅ=ਰਹਿਤ ਸ਼ੁਭ੍ਰਮ੍=ਸੰਪੂਰਣ ਵਿਸ਼ੇਸ਼ਣਾ ਵਾ ਵਿਕਾਰਾਂ ਤੋਂ ਅਤੀਤ ਹੋਣ ਕਰਕੇ ਸ਼ੁੱਧ ਅਕਛਰਮ=ਨਾਸ਼ ਤੋਂ ਰਹਿਤ ਸੱਤ ਸਰੂਪ ਤਦ੍=ਬ੍ਰਹਮ ਨੂੰ ਬ੍ਰਹਮ ਨੇਸ਼ਟੀ ਬ੍ਰਹਮ ਸ਼੍ਰੋਤੀ ਸਤਿਗੁਰਾਂ ਦੇ ਉਪਦੇਸ਼ ਦੁਆਰਾ ਵੇਦਯਤੇ=ਜਾਣ ਲੈਂਦਾ ਹੈ। ਸ=ਉਹ ਉਤਮ ਜਿਗਿਆਸੂ ਜੋ ਅਵਿਦਿਆ ਕਰਕੇ ਅਲਪੱਗ ਸੀ ਫਿਰ ਵਿਦਿਆ ਦੁਆਰਾ ਅਵਿਦਿਆ ਦਾ ਨਾਸ਼ ਕਰਕੇ ਸਰਵਗਯਃ=ਸਰਬ ਗਿਆਤਾ ਅਤੇ ਸਰਵੋ=ਸਰਵ ਰੂਪ ਭਵਤੀ=ਹੋ ਜਾਂਦਾ ਹੈ। ਭਾਵ ਸਾਮਾਨਯ-ਚੇਤਨ* ਰੂਪ ਹੋ ਜਾਂਦਾ ਹੈ॥

*(ਸਾਮਾਨਯ ਚੇਤਨ ਪੰਨਾ ੧੮੦ ਤੇ ਪ੍ਰਸ਼ਨ ੧੯੪ ਪੜ੍ਹੋ)

ਇਤਿਆਦੀਭਿਃ=ਇਸ ਤੋਂ ਆਦਿਕ ਪ੍ਰਸ਼ਨੋਪਨਿਸ਼ਦ ਦੇ ਚ=ਔਰ ਭਾਵ ਹੋਰ ਮੰਤ੍ਰਾਂ ਦੁਆਰਾ ਨਿਰਗੁਣ ਨਿਰਉਪਾਧਿਕ ਬ੍ਰਹਮ ਦੀ ਸਤੁਤੀਃ= ਕੀਰਤੀ ਵਾ ਵਡਿਆਈ ਰੂਪ ਸਰਵਣ ਸਾਧਨ ਦਾ ਪੰਜਵਾਂ ਹੇਤੂ, ਅੰਗ ਅਰਥਵਾਦ ਕਥਿਤਾ=ਕਥਨ ਵਾ ਵਰਣਨ ਕੀਤਾ ਗਿਆ ਹੈ॥

नदीसमुद्र दृष्टांतादुपपत्तिः प्रदर्शिता।
एतैः षक्षोपनिषदोऽद्वैते तात्पर्यमिष्यते॥ ४॥

(नदी+समुद्र) दृिश्टांतात्+उपपतीः प्रदरशिता।
एतईः (प्रश्नोपनिशदो+अद्वैते) (तातपरयम्+ईशयते)॥ ४॥

(੬) ਉਪਪਤੀ :-

''स यथामे नद्यः स्यन्दमानः समुद्रायणाः समुद्रं''

''स यथामे नद्यः सयंदमानः समुद्रायणाः समुद्रम्.....'' **(ਪ੍ਰਸ਼ਨ ੬, ਵਾਕਯ ੫)**

ਸ=ਉਹ ਨਦਯਃ=ਨਦੀਆਂ ਯਥਾਮੇ=ਜਿਸ ਪ੍ਰਕਾਰ ਸਮੁਦ੍ਰਾਯਣਾਃ= ਸਮੁੰਦਰ ਰੂਪ ਘਰ ਦੀ ਦਿਸ਼ਾ ਵੱਲ ਨਿਰੰਤਰ ਪ੍ਰਵਾਹ ਰੂਪ ਵਿਚ ਸਯੰਦਮਾਨਃ= ਵਗਦੀਆਂ, ਬਹਿੰਦੀਆਂ ਹੋਈਆਂ ਸਮੁੰਦਰ ਨੂੰ ਪ੍ਰਾਪਤ ਹੋ ਕੇ ਆਪਣੇ ਨਾਮ-ਰੂਪ ਦੇ ਅਭਾਵ ਨੂੰ ਪ੍ਰਾਪਤ ਹੋ ਜਾਂਦੀਆਂ ਹਨ ਅਤੇ ਮਾਤ੍ਰ ਜਲ ਰੂਪ ਕਰਕੇ ਸਮੁੰਦ੍ਰ ਹੀ ਕਹੀਆਂ ਜਾਂਦੀਆਂ ਹਨ। ਇਸੇ ਤਰ੍ਹਾਂ ਅਵਿਦਿਆ ਰੂਪ ਦੋਸ਼ ਦੇ ਬੀਜ ਦੀ ਅਪੇਕਸ਼ਾ (ਤੁਲਨਾ) ਨਾਲ ਸਮਸਤ ਜੀਵਾਂ ਵਿੱਚ ਰਚੀਆਂ ਸੋਲਾਂ ਕਲਾਃ- (੧) ਪ੍ਰਾਣ (੨) ਸ਼ਰਧਾ (੩) ਅਕਾਸ਼ (੪) ਵਾਯੂ (੫) ਤੇਜ (੬) ਜਲ (੭) ਪ੍ਰਿਥਵੀ (੮) ਇੰਦ੍ਰੇ (੯) ਮਨ (੧੦) ਅੰਨ (੧੧) ਅੰਨ ਤੇ ਉਤਪਤ ਹੋਇਆ ਵੀਰਜ, ਰਜ (੧੨) ਤਪ (੧੩) ਨਾਮ (ਪਰਮੇਸ਼ਰ ਦਾ) (੧੪) ਕਰਮ (੧੫) ਲੋਕ ਅਤੇ (੧੬) ਨਾਮ ਵਾ ਮੰਤ੍ਰ ਦਾ ਜਪ ਇਹ ਸਭ ਆਪਣੇ ਨਾਮ-ਰੂਪ ਆਦਿ ਵਿਭਾਗ ਨੂੰ ਤਿਆਗਕੇ ਆਪਣੇ ਅਧਿਸ਼ਠਾਨ ਪੁਰਸ਼ (ਦੀ ਅਭੇਦਤਾ) ਨੂੰ ਪ੍ਰਾਪਤ ਹੋ ਕੇ (ਆਤਮ ਗਿਆਨੀ ਕਲਾਹੀਨ (ਤੱਤ੍ਵ) ਮਾਤ੍ਰ 'ਪੁਰਸ਼' ਹੀ ਕਹਿ ਕੇ ਪੁਕਾਰਿਆ ਜਾਂਦਾ ਹੈ।

ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥

(ਜਪ ਮਃ੧, ਅੰਗ ੫)

ਇਸ ਪ੍ਰਕਾਰ ਨਦੀ ਦੀ ਸਮੁੰਦ੍ਰ ਵਿਚ ਅਭੇਦਤਾ ਦੇ ਦ੍ਰਿਸ਼ਟਾਂਤਾਤ੍=ਦ੍ਰਿਸ਼ਟਾਂਤ ਦੁਆਰਾ ਸਰਵਣ ਸਾਧਨ ਦਾ ਛੇਵਾਂ ਹੇਤੂ, ਅੰਗ ਉਪਪਤੀਃ= ਯੁਗਤੀ ਪ੍ਰਸ਼ਨੋਪਨਿਸ਼ਦ ਦੇ ਇਸ ਮੰਤ੍ਰ ਦੁਆਰਾ ਪ੍ਰਦਰਸ਼ਿਤਾ=ਵਿਸ਼ੇਸ਼ ਕਰਕੇ ਦਰਸਾਇਆ ਗਿਆ ਹੈ। ਏਤਈਃ= ਇਨ੍ਹਾਂ ਸਰਵਣ ਦੇ ਖਟ ਹੇਤੂਆਂ ਦੁਆਰਾ ਪ੍ਰਸ਼ਨ ਉਪਨਿਸ਼ਦ ਦੇ ਸਮੂਹ ਮੰਤ੍ਰਾਂ ਦਾ ਅਦ੍ਵੈਤ=ਅਦੁਤੀ ਬ੍ਰਹਮਆਤਮਾ ਵਿਚ ਤਾਤਪਰਯਮ੍=ਸਿਧਾਂਤ, ਅਰਥ ਈਸ਼ਯਤੇ=ਵਯਕਤ (ਪ੍ਰਗਟ) ਹੁੰਦਾ ਹੈ॥

इति श्री प्रश्नोपनिषल्लिंग कीर्तनम् नाम पंचम प्रसंग समाप्तम्॥ ५॥
ਇਤੀ ਸ਼੍ਰੀ ਪ੍ਰਸ਼ਨੋਪਨਿਸ਼ਦ ਲਿੰਗ ਕੀਰਤਨਮ੍ ਨਾਮ ਪੰਚਮ ਪ੍ਰਸੰਗ ਸਮਾਪਤਮ੍॥ ੫॥

ਸ਼੍ਰੀ=ਸੁਭਾਇਮਾਨ ਪ੍ਰਸ਼ਨ ਉਪਨਿਸ਼ਦ ਦੇ ਮੰਤ੍ਰਾਂ ਦੁਆਰਾ ਸਰਵਣ ਕਹੀਏ ਤਾਤਪਰਯ ਨਿਰਣਾਯਕ ਸਾਧਨ ਦੇ ਖਟ ਲਿੰਗ=ਹੇਤੂ,ਅੰਗਾਂ ਦਾ ਕੀਰਤਨਮ੍=ਕਥਨ,ਵਖਿਆਣ ਵਾਲਾ ਪੰਚਮ=ਪੰਜਵਾਂ ਪ੍ਰਸੰਗ=ਪ੍ਰਕਰਣ ਇਤੀ=ਸੰਪੂਰਨ ਹੁੰਦਾ ਹੈ॥

☆☆☆

॥ अथ मुंडकोपनिषल्लिंगकीर्त्तनम्॥ ६॥

॥ ਅਥ ਮੁੰਡਕ+ਉਪਨਿਸ਼ਦ+ਲਿੰਗ+ਕੀਰਤਨਮ੍॥ ੬॥

ਅਥ=ਹੁਣ ਅਥਰਵ ਵੇਦ ਦੀ ਮੁੰਡਕ ਉਪਨਿਸ਼ਦ ਦੇ ਮੰਤ੍ਰਾਂ ਦੁਆਰਾ ਤਾਤਪਰਯ ਨਿਰਣਾਯਕ ਸਰਵਣ ਸਾਧਨ ਦੇ ਖਟ ਲਿੰਗ=ਚਿੰਨ, ਹੇਤੂਆਂ ਦਾ ਕੀਰਤਨਮ੍=ਕਥਨ ਕਰਦੇ ਹਨ।

अथ परेत्युपक्रम्य यो ह वै परमं च तत्।
ब्रह्म वेदेत्यादिवाक्यदुपसंहार ईरितः॥ १॥

ਅਥ (ਪਰਾ+ਇਤੀ+ਉਪਕ੍ਰਮਯ) ਯੋ ਹ ਵਈ ਪਰਮਮ੍ ਚ ਤਤ੍।
ਬ੍ਰਹਮ (ਵੇਦ+ਇਤਯਾਦੀ+ਵਾਕਯਾਤ+ਉਪਸੰਹਾਰ) ਈਰੀਤਃ॥ ੧॥

(੧) ਉਪਕ੍ਰਮ :-

'ਅਥ ਪਰਾ' ਸ਼ਬਦਾਂ ਤੋਂ ਸੰਪੂਰਨ ਮੰਤ੍ਰ ਦਾ ਗ੍ਰਹਿਣ ਕਰਨਾ ਹੈ:-

''अथ परा यया तदक्षरमधिगम्यते'' (ਮੁੰਡਕ ੧, ਖੰਡ ੧, ਵਾਕਯ ੫)

''ਅਥ ਪਰਾ ਯਯਾ (ਤਦ੍+ਅਕਛਰਮ੍+ਅਧੀਗਮਯਤੇ)''

''यत्तदद्रेश्यं.....''

''ਯਤ+ਤਤ੍+ਅਦ੍ਰਿਸ਼ਯਮ੍'' (ਮੁੰਡਕ ੧, ਖੰਡ ੧, ਵਾਕਯ ੬)

ਪਰਾ ਤੋਂ ਭਾਵ ਪਰਾ ਵਿਦਿਆ ਹੈ। ਵਿਦਿਆ ਦੋ ਪ੍ਰਕਾਰ ਦੀ ਹੈ :-

(੧) ਪਰਾ ਵਿਦਿਆ=ਜੋ ਵਿਦਿਆ ਆਤਮ ਸਰੂਪ ਵਿਚ ਸਥਿਤੀ ਕਹੀਏ ਅਵਿਨਾਸੀ ਪਰਮਾਨੰਦ ਦੀ ਉਪਲਬਧੀ ਦਾ ਸਾਧਨ ਹੋਵੇ। ਪਰਾ ਤੋਂ ਭਾਵ ਸਭ ਤੋਂ ਉਤਕ੍ਰਿਸ਼ਟ (ਸਰਵ ਸ੍ਰੇਸ਼ਟ) ਆਤਮ ਤੱਤ੍ਵ ਨੂੰ ਵਿਦਿਆ=ਜਾਨਣ ਦੀ ਕਿਰਿਆ।

ਪਾਧਾ ਪੜਿਆ ਆਖੀਐ ਬਿਦਿਆ ਬਿਚਰੈ ਸਹਜਿ ਸੁਭਾਇ॥
ਬਿਦਿਆ ਸੋਧੈ ਤਤੁ ਲਹੈ ਰਾਮ ਨਾਮ ਲਿਵ ਲਾਇ॥

(ਰਾਮਕਲੀ ਓਅੰਕਾਰ ਮ:੧, ਅੰਗ ੯੩੮)

(੨) ਅਪਰਾ ਵਿਦਿਆ=ਜੋ ਵਿਦਿਆ=ਬੋਧ, ਗਿਆਨ ਸਰੀਰ ਸਹਿਤ ਅਨਿੱਤ ਦਿਬਯ-ਅਦਿਬਯ* ਸੁਖਾ ਦੀ ਪ੍ਰਾਪਤੀ ਦਾ ਸਾਧਨ ਹੋਵੇ। ਇਸ ਵਿਚ ਸੁਖ ਖਿੰਨ ਭੰਗਰ (ਨਾਸ਼ਵੰਤ) ਅਤੇ ਸਦਾ ਰਹਿਣ ਵਾਲੇ ਨਹੀਂ ਹੁੰਦੇ। ਜਦੋਂ ਪੁੰਨ ਕਰਮ ਨਸ਼ਟ ਹੋ ਜਾਂਦੇ ਤਾਂ ਸੁਖ ਵੀ ਨਸ਼ਟ ਹੋ ਜਾਣ ਕਰਕੇ ਸਰੀਰ ਜਨਮ-ਮਰਣ ਨੂੰ ਪ੍ਰਾਪਤ ਕਰਦਾ ਰਹਿੰਦਾ ਹੈ॥

(i) ਦਿਬਯ=ਜੋ ਚਿਰੰਕਾਲ ਸਥਿਤ ਰਹੇ।

(ii) ਅਦਿਬਯ=ਜੋ ਖਿਨ-ਖਿਨ ਨਸ਼ਟ ਹੋਵੇ।

ਸੁਖ ਮਾਂਗਤ ਦੁਖ ਆਗੈ ਆਵੈ॥ ਸੋ ਸੁਖ ਹਮਹੁ ਨ ਮਾਂਗਿਆ ਭਾਵੈ॥
ਇਸ ਸੁਖ ਤੇ ਸਿਵ ਬ੍ਰਹਮ ਡਰਾਨਾ॥ ਸੋ ਸੁਖ ਹਮਹੁ ਸਾਚ ਕਰਿ ਜਾਨਾ॥

(ਗਉੜੀ ਭਗਤ ਕਬੀਰ ਜੀ, ਅੰਗ ੩੩੦)

ਅਥ=ਹੁਣ ਉਹ ਜੋ ਪਰਾ=ਉਤਕ੍ਰਿਸ਼ਟ (ਸ੍ਰੇਸ਼ਟ) ਪਰਾ ਵਿਦਿਆ ਯਯਾ=ਜਿਸ ਵਿਦਿਆ ਦੁਆਰਾ ਤਦੁ=ਉਹ ਅਕਛਰ=ਛਰ ਕਹੀਏ ਨਾਸ਼ ਤੋਂ ਰਹਿਤ ਭਾਵ ਅਵਿਨਾਸ਼ੀ ਬ੍ਰਹਮ ਅਧੀਗਮਯਤੇ= ਪ੍ਰਾਪਤ ਹੁੰਦਾ ਹੈ ਇਹੀ ਮਾਤ੍ਰ ਸਰੂਪ ਪ੍ਰਾਪਤੀ ਦਾ ਸਾਧਨ ਹੈ। ਯਤ=ਜਿਸ ਵੇਦ ਪੁਰਾਣ ਆਦਿ ਸ਼ਾਸਤ੍ਰਾਂ ਰੂਪ ਕਾਰਨਾਂ ਤੋਂ ਪ੍ਰਾਪਤ ਪਰਾ ਵਿਦਿਆ ਨਾਲ ਸਉਪਾਧਿਕ ਬ੍ਰਹਮ ਪ੍ਰਾਪਤ ਹੁੰਦਾ ਹੈ ਤਤ੍=ਉਹ ਨਿਰਉਪਾਦਿਕ ਬ੍ਰਹਮ ਵਾਸਤਵ ਵਿਚ ਪ੍ਰਤੱਖ ਪ੍ਰਮਾਣ ਆਦਿ ਤੋਂ ਅਦ੍ਰਿਸ਼ਯਮ੍=ਅਦ੍ਰਿਸ਼,ਪਰੋਖ (ਓਲ੍ਹੇ) ਹੈ। ਭਾਵ ਸ਼ਬਦ ਪ੍ਰਮਾਣ ਦੁਆਰਾ ਸ਼੍ਰੁਤੀ ਦੇ ਲਕਛਯ ਅਰਥ ਨਿਰਉਪਾਧਿਕ ਬ੍ਰਹਮ ਦਾ ਪਰੋਖ ਗਿਆਨ ਹੁੰਦਾ ਹੈ। ਤਿਸ ਤੋਂ ਅਨੰਤਰ ਮਨਨ, ਨਿਧਿਆਸਣ ਸਾਧਨਾਂ ਦੀ ਪਰਪੱਕਤਾ ਦੁਆਰਾ ਸਾਕਸ਼ਾਤਕਾਰ ਹੁੰਦਾ ਹੈ। ਇਸ ਲਈ ਪਰੋਖ ਗਿਆਨ ਦੁਆਰਾ ਅਦ੍ਰਿਸ਼ ਕਿਹਾ ਗਿਆ ਹੈ॥ ਮੰਡਕ ਉਪਸ਼ਿਦ ਦੇ ਉਪਰੋਕਤ ਮੰਤ੍ਰ ਨਾਲ ਉਪਕ੍ਰਮਯ=ਪ੍ਰਕਰਣ ਆਰੰਭ ਕਰਕੇ ਇਤੀ=ਇਤਿਆਦਿਕ ਚ=ਔਰ,ਹੋਰ ਮੰਤ੍ਰ:-

ਉਪਸੰਹਾਰ :-

''ਸ ਯੋ ਹ ਵੈ ਤਤ੍ਪਰਮਂ ਬ੍ਰਹ੍ਮ ਵੇਦ...''
''ਸ ਯੋ ਹ ਵਈ (ਤਤ੍+ਪਰਮਮ੍) ਬ੍ਰਹਮ ਵੇਦ...''

(ਮੁੰਡਕ ੩, ਖੰਡ ੨, ਵਾਕਯ ੮)

ਸ=ਉਹ ਯੋ=ਜੋ ਗੁਰੂ ਪਰੰਪਰਾ ਦੁਆਰਾ ਪ੍ਰਾਪਤ ਪਰਾ ਵਿਦਿਆ ਦੀ ਰੀਤ ਅਨੁਸਾਰ ਪਰੋਕਸ਼ ਬ੍ਰਹਮ ਨੂੰ ਜਾਨਣ ਵਾਲਾ ਪੁਰਸ਼ ਉਹ ਹ=ਨਿਸ਼ਿਚਿਤ ਰੂਪ ਨਾਲ ਤਤ੍=ਉਸ ਪਰਮਮ੍=ਸ੍ਰੇਸ਼ਟ ਨਿਰਉਪਾਧਿਕ ਸਰੂਪ ਜੋ ਚਰਾਚਰ ਜਗਤ ਦੇ ਵਿਕਾਸ ਦਾ ਕਾਰਣ ਸੋ ਬ੍ਰਹਮ=ਅਭਿਵਿਅੰਜਕ ਕਹੀਏ ਪ੍ਰਕਾਸ਼ਕ ਸੱਤਾ ਨੂੰ ਵੇਦ=ਪ੍ਰਾਪਤ ਕਰਨ ਰੂਪ ਜਾਣ ਲੈਂਦਾ ਹੈ। ਇਸ ਉਪਰੋਕਤ ਮੰਤ੍ਰ ਤੋਂ ਇਤਯਾਦੀ=ਆਦਿਕ ਮੁੰਡਕ ਉਪਨਿਸ਼ਦ ਦੇ ਹੋਰ ਮੰਤ੍ਰ ਰੂਪ ਵਾਕਯਾਤ੍=ਵਾਕਾਂ ਦੁਆਰਾ ਸ਼੍ਰੁਤੀ ਤਾਤਪਰਯ ਅਰਥ ਜੋ ਬ੍ਰਹਮ ਤਿਸ ਦੇ ਪ੍ਰਕਰਣ ਦਾ ਉਪਸੰਹਾਰ=ਅੰਤ ਵਿਚ ਪ੍ਰਤੀਪਾਦਨ (ਕਥਨ) ਈਰੀਤ:=ਵਯਕਤ ਕਹੀਏ ਪ੍ਰਗਟ ਕੀਤਾ ਗਿਆ ਹੈ॥

ਆਵਿ: ਸਨ੍ਨਿਹਿਤਂ ਚੇਤਿ ਤਦੇਤਦਕ੍ਸ਼ਰ ਤ੍ਵਿਤਿ।
ਅਭ੍ਯਾਸੋ ਗ੍ਰੁਹਤੇ ਨੈਵ ਚਕ੍ਸ਼ੁਸ਼ੇਤ੍ਯਾਦ੍ਯਪੂਰ੍ਵਤਾ॥ ੨॥

ਆਵਿ: ਸਨ੍ਨੀਹੀਤਮ੍ (ਚ+ਇਤੀ) (ਤਦ੍+ਏਤਦ੍+ਅਕਛਰਮ੍) (ਤ੍ਵ+ਇਤੀ)
ਅਭਯਾਸੋ ਗ੍ਰੀਹਤੇ (ਨ+ਏਵ) (ਚਕਸ਼੍ਰੁਛ:+ਇਤਯਾਦੀ+ਅਪੂਰਵਤਾ)॥ ੨॥

(੨) **ਅਭਯਾਸ :-** ਆਵਿ: ਸਨ੍ਨੀਹੀਤਮ੍ (ਚ+ਇਤੀ) (ਤਦ੍+ਏਤਦ੍+ਅਕਛਰਮ) (ਤ੍ਵ+ਇਤੀ) ਅਭਯਾਸੋ=

''ਆਵਿ: ਸਨ੍ਨਿਹਿਤਂ...''

(ਮੁੰਡਕ ੨, ਖੰਡ ੨, ਵਾਕਯ ੧)

''ਆਵੀ : ਸੰਨ੍ਨੀਹੀਤਮ੍...''

ਸੋ ਆਵੀ: =ਪ੍ਰਕਾਸ਼ ਸ੍ਵਰੂਪ ਬ੍ਰਹਮ ਸਮਸਤ ਪ੍ਰਾਣੀਆਂ ਦੇ ਹਿਰਦੇ ਵਿੱਚ ਦਰਸ਼ਨ, ਸਰਵਣ, ਮੰਨਨ, ਵਿਗਯਾਨ ਆਦਿ ਉਪਾਧੀਆਂ ਦੇ ਧਰਮਾਂ ਨਾਲ ਆਵਿਰਭੂਤ ਕਹੀਏ ਪ੍ਰਗਟ ਵਾ ਪ੍ਰਕਾਸ਼ਿਤ ਹੁੰਦਾ ਸੰਨਨੀਹੀਤਮ੍=ਅਤਿਅੰਤ ਸਨਿਕਟ ਵਾ ਸਮੀਪਤਾ ਨੂੰ ਪ੍ਰਾਪਤ ਹੈ।

ਤੂ ਹਿਰਦੇ ਗੁਪਤੁ ਵਸਹਿ ਦਿਨੁ ਰਾਤੀ ਤੇਰਾ ਭਾਉ ਨ ਬੁਝਹਿ ਗਵਾਰੀ॥
ਸਤਿਗੁਰ ਪੁਰਖੁ ਮਿਲਿਆ ਪ੍ਰਭੁ ਪ੍ਰਗਟਿਆ ਗੁਣ ਗਾਵੈ ਗੁਣ ਵੀਚਾਰੀ॥ ੨॥

(ਸੋਗਠਿ ਮ:੪, ਅੰਗ ੬੦੭)

''तदेतदक्षरं ब्रह्म....''

(ਮੁੰਡਕ ੨, ਖੰਡ ੨, ਵਾਕਯ ੨)

''ਤਦ+ਏਤਦ੍+ਅਕਛਰਮ੍) ਬ੍ਰਹਮ''

ਤਦ੍=ਉਹ ਪਰੋਖ (ਅੱਖਾਂ ਤੋਂ ਓਲ੍ਹੇ) ਬ੍ਰਹਮ ਏਤਦ੍=ਬੁਧੀ ਦਾ ਵਿਸ਼ੇ ਬਣਦਾ ਹੋਇਆ ਅਕਛਰਮ੍=ਨਾਸ਼ ਤੋਂ ਰਹਿਤ ਵਾ ਅਬਿਨਾਸੀ ਬ੍ਰਹਮ=ਕਾਰਣ, ਵਿਆਪਕ ਸਰੂਪ ਤੂ=ਤਾਂ ਪਰਾ ਵਿਦਿਆ ਦੁਆਰਾ ਪ੍ਰਾਪਤ ਹੁੰਦਾ ਹੈ। ਉਪਰੋਕਤ ਕਥਿਤ ਅਤੇ ਇਤੀ=ਇਤਿਆਦਿਕ ਮੁੰਡਕ ਉਪਨਿਸ਼ਦ ਦੇ ਹੋਰ ਮੰਤ੍ਰਾ ਦੁਆਰਾ ਸਰਵਣ ਸਾਧਨ ਦਾ ਦੂਸਰਾ ਹੇਤੂ ਅਭਯਾਸੋ=ਪੁਨ: ਪੁਨ:ਚਿੰਤਨ ਵਾ ਵਿਚਾਰ ਰੂਪ ਅਭਿਆਸ ਕਥਨ ਕੀਤਾ ਗਿਆ ਹੈ॥

(੩) ਅਪੂਰਵਤਾ :- (ਨ+ਏਵ) (ਚਕਸ਼ੂਛ:+ਇਤਯਾਦੀ+ਅਪੂਰਵਤਾ)=

''न चक्षुषा गृह्यते नापि वाचा....''

(ਮੁੰਡਕ ੩, ਖੰਡ ੧, ਵਾਕਯ ੮)

''ਨ ਚਕਸ਼ੂਛਾ ਗ੍ਰਿਹਯਤੇ ਨਾਪੀ ਵਾਚਾ----''

ਰੂਪਹੀਣ ਹੋਣ ਕਰਕੇ ਬ੍ਰਹਮਆਤਮਾ ਨ=ਨਾ ਏਵ=ਹੀ ਚਕਸ਼ੂਛਾ=ਨੇਤ੍ਰਾ ਦੁਆਰਾ ਗ੍ਰਿਹਯਤ=ਗ੍ਰਹਿਣ ਕੀਤਾ ਜਾ ਸਕਦਾ ਹੈ ਅਤੇ ਅਵਾਚਯ ਹੋਣ ਕਰਕੇ ਨਾਪੀ=ਨਾ ਹੀ ਵਾਚਾ=ਵਾਣੀ, ਵਾਕ ਇੰਦ੍ਰੇ ਆਦਿਕ ਹੋਰ ਇੰਦ੍ਰਿਆਂ ਦਾ ਵਿਸ਼ਾ ਹੈ। ਇਤਯਾਦੀ=ਇਸ ਤੋਂ ਆਦਿਕ ਮੁੰਡਕ ਉਪਨਿਸ਼ਦ ਦੇ ਸਜਾਤੀ ਮੰਤ੍ਰਾਂ ਦੁਆਰਾ ਸਰਵਣ ਸਾਧਨ ਦਾ ਤੀਸਰਾ ਹੇਤੂ,ਅੰਗ ਅਪੂਰਵਤਾ (ਅ+ਪੂਰਵਤਾ)=ਆਗਮ-ਪ੍ਰਮਾਣ* ਦੇ ਉਪਦੇਸ਼ ਤੋਂ ਪੂਰਵਤਾ=ਪਹਿਲਾ ਬ੍ਰਹਮਆਤਮਾ ਕਿਸੇ ਵੀ ਪ੍ਰਮਾਣ ਦੀ ਗਮਤਾ ਤੋਂ ਅ=ਰਹਿਤ ਹੈ, ਇਸ ਪ੍ਰਕਾਰ ਅਪੂਰਵਤਾ ਦਰਸਾਈ ਗਈ ਹੈ॥

*ਆਗਮ ਕਹੀਏ ਸ਼ਾਸਤ੍ਰ ਭਾਵ ਉਹ ਧਾਰਮਿਕ ਗ੍ਰੰਥ ਜਿਸ ਵਿਚ ਸ਼ਾਸਨ ਕਹੀਏ ਅਨੁਸ਼ਾਸਨ ਵਾ ਹੁਕਮ, ਆਗਿਆ ਦਾ ਕਥਨ ਹੋਵੇ। ਸ਼ਾਸਤ੍ਰ ਛੇ ਮੰਨੇ ਹਨ:-

(੧) ਸਾਂਖ (੨) ਯੋਗ (੩) ਨਯਾਯ (੪) ਮੀਮਾਸਾ (੫) ਵੈਸ਼ੇਸ਼ਿਕ ਅਤੇ (੬) ਵੇਦਾਂਤ।

ਸਮੂਹ ਸ਼ਾਸਤ੍ਰਾਂ ਦਾ ਕਥਨ ਸ਼ਬਦ ਰੂਪ ਵਿਚ ਹੈ ਅਤੇ ਸ਼ਬਦ ਵਿੱਚ ਨਿਸ਼ਟ ਕਹੀਏ ਸਥਿਤ ਸ਼ਕਤੀ ਵਾ ਸਾਮਰਥ ਦੋ ਤਰ੍ਹਾਂ ਦਾ ਹੈ :-

(੧) ਸ਼ਬਦ ਦੀ ਅਭਿਧਾ ਸ਼ਕਤੀ ਜਿਸ ਵਿਚ ਸ਼ਬਦ ਦਾ ਸਿੱਧਾ ਸੰਬੰਧ ਵਸਤੂ ਨਾਲ। ਇਸ ਨਾਲ ਅਪਰੋਕਸ਼ ਗਿਆਨ ਹੁੰਦਾ ਹੈ ਭਾਵ ਨਿਰਉਪਾਧਿਕ ਬ੍ਰਹਮ ਨੂੰ ਜਾਣਿਆ ਜਾਂਦਾ ਹੈ॥ ਜਿਵੇਂ ਬਾਬਾ ਮੋਹਰੀ ਜੀ ਘਰ ਜਨਮੇ ਪੁੱਤਰ (ਜੋ ਪਿਛਲੇ ਜਨਮ ਵਿਚ ਜੋਗੀ ਸੀ) ਨੂੰ ਸ੍ਰੀ ਗੁਰੂ ਅਮਰਦਾਸ ਜੀ ਨੇ ਅਨੰਦ ਸਾਹਿਬ ਬਾਣੀ ਉਚਾਰ ਕੇ ਬ੍ਰਹਮ ਗਿਆਨ ਬਖ਼ਸ਼ਿਆ। ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ

ਜੀ ਦੇ ਸਮੇਂ ਇਕ ਸਿੱਖ ਨੇ ਸੰਥਿਆ ਕਰਦਿਆਂ "**ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥**" ਇਹ ਤੁਕ ਪੜ੍ਹੀ ਤਾਂ ਪਰਮਾਨੰਦ ਪ੍ਰਾਪਤ ਕੀਤਾ।

(੨) ਸ਼ਬਦ ਦੀ ਲਕਛਣਾ ਸ਼ਕਤੀ ਜਿਸ ਵਿਚ ਸ਼ਬਦ ਦੇ ਟੇਢੇ ਸੰਬੰਧ ਨਾਲ ਵਸਤੂ ਦੀ ਦਿਸ਼ਾ ਨਿਰਦੇਸ਼ ਕੀਤੀ ਜਾਂਦੀ ਹੈ। ਇਸ ਨਾਲ ਪਰੋਕਸ਼ ਗਿਆਨ ਹੁੰਦਾ ਹੈ ਭਾਵ ਸਉਪਾਧਿਕ ਕਹੀਏ ਅਕਾਰ ਵਿਸ਼ਿਸ਼ਟ ਬ੍ਰਹਮ ਦਾ ਬੋਧ ਹੁੰਦਾ ਹੈ॥

ਇਸ ਤਰ੍ਹਾਂ ਆਗਮ ਪ੍ਰਮਾਣ ਦੀ ਗਮਤਾ ਬ੍ਰਹਮ ਵਿਚ ਸਿੱਧ ਹੁੰਦੀ ਹੈ।

भिद्यते हृदयग्रंथिरित्याद्यात्फलमीरितम्।
यं यं लोकं च हेत्याद्यैरैर्थवादः प्रघोषितः॥ ३॥

भिद्यते (हृदय+ग्रंथीः+इती+आदयात+फलम्+ईरीतम्)।
यम् यम् लोकम् च (ह+इतयाद्यती :+अरथवादः) प्रघोशितः॥ ३॥

(੪) ਫਲ :-

"भिद्यते हृदयग्रन्थिश्छिद्यन्ते सर्वसंशयाः।"

(ਮੁੰਡਕ ੨, ਖੰਡ ੨, ਵਾਕਯ ੮)

"**भिद्यते (हृदय+ग्रंथी+छिदयंते)+(सरव+सम्शया)**"

ਕਾਰਯ-ਕਾਰਣ ਰੂਪ ਬ੍ਰਹਮ ਦੇ ਸ਼ਾਕਸ਼ਾਤਕਾਰ ਹੋਣ ਨਾਲ ਜੀਵ ਦੇ ਹ੍ਰਿਦਯ=ਅੰਤਹਕਰਣ ਦੇ ਆਸ਼੍ਰਿਤ ਸਥਿਤ ਅਵਿਦਿਆ ਵਾਸਾਨਾਮਈ ਕਾਮਨਾਵਾ ਦੀ ਗ੍ਰੰਥੀ*=ਗੰਢ ਵਾ ਜੜ-ਚੇਤਨ ਮਾਯਾ ਦੀ ਗੰਢ ਭਿਦ੍ਯਤੇ=ਟੁੱਟ ਜਾਂਦੀ ਹੈ ਅਤੇ ਸਰਵ=ਸਮਸਤ ਸਮ੍ਸ਼ਯਾ=ਸ਼ੰਕੇ (ਪ੍ਰਮਾਣਗਤ, ਪ੍ਰਮੇਯਗਤ) ਛਿਯੰਤੇ=ਨਸ਼ਟ ਹੋ ਜਾਂਦੇ ਹਨ। ਇਤੀ=ਇਹ ਆਦ੍ਯਾਤ੍=ਅਰੰਭ ਵਿਚ ਮੰਤ੍ਰ ਕਥਨ ਕਰਕੇ ਸਰਵਣ ਦਾ ਚੌਥਾ ਹੇਤੂ ਅੰਗ ਬ੍ਰਹਮ ਪ੍ਰਾਪਤੀ ਦਾ ਫਲ=ਪ੍ਰਯੋਜਨ ਈਰੀਤਮ=ਵਯਕਤ ਕਹੀਏ ਪ੍ਰਗਟ ਕੀਤਾ ਗਿਆ ਹੈ।

ਭੈ ਭਰਮ ਨਾਠੇ ਛੁਟੀ ਗਾਠੇ ਜਮ ਪੰਥਿ ਮੂਲਿ ਨ ਆਵੀਐ॥

(ਧਨਾਸਰੀ ਮ:੪, ਅੰਗ ੬੯੧)

ਅਲਹੁ ਅਲਖ ਨ ਜਾਈ ਲਖਿਆ ਗੁਰਿ ਗੁੜੁ ਦੀਨਾ ਮੀਠਾ॥
ਕਹਿ ਕਬੀਰ ਮੇਰੀ ਸੰਕਾ ਨਾਸੀ ਸਰਬ ਨਿਰੰਜਨੁ ਡੀਠਾ॥ ੪॥ ੩॥

(ਪ੍ਰਭਾਤੀ ਭ. ਕਬੀਰ, ਅੰਗ ੧੩੫੦)

ਤਿੰਨ ਪ੍ਰਕਾਰ ਦੀਆਂ ਗੰਢਾਂ ਭਾਵ ਗ੍ਰੰਥੀਆਂ ਦਾ ਵੇਰਵਾ ਇਸ ਪ੍ਰਕਾਰ ਹੈ:-

(੧) **ਚਿਦ-ਜੜ ਗ੍ਰੰਥੀ :**-ਸਤ ਚਿਤ ਅਨੰਦ ਰੂਪ ਚੇਤਨ ਬ੍ਰਹਮ ਨੂੰ ਅਸੱਤ, ਜੜ ਤੇ ਦੁਖ ਰੂਪ ਸਮਝਣਾ ਅਤੇ ਅਸੱਤ ਜੜ ਦੁਖ ਰੂਪ ਮਾਯਾ ਵਾ: ਦੇਹ ਨੂੰ ਸਤ ਚਿਤ ਅਨੰਦ ਰੂਪ ਸਮਝਣਾ ਭਾਵ ਜੋ ਅਹੰ ਮਮ ਅਧਿਆਸ (ਭਰਮ) ਹੈ ਇਹ ਚਿਦ-ਜੜ ਗ੍ਰੰਥੀ ਜਾਨਣੀ।

ਜਿਵੇਂ :- ਹਉ ਹਉ ਕਰਤ ਬੰਧਨ ਮਹਿ ਪਰਿਆ ਨਹੀ ਮਿਲੀਐ ਇਹ ਜੁਗਤਾ॥

(ਸੋਰਠਿ ਮ:੫, ਅੰਗ ੬੪੨)

ਹਉ ਹਉ ਭੀਤਿ ਭਇਓ ਹੈ ਬੀਚੋ ਸੁਨਠ ਦੇਸਿ ਨਿਕਟਾਇਓ॥
ਭਾਂਭੀਰੀ ਕੇ ਪਾਤ ਪਰਦੋ ਬਿਨ ਪੇਖੇ ਦੂਰਾਇਓ॥

(ਸੋਰਠਿ ਮ: ੫, ਅੰਗ ੬੨੪)

ਨਵਿਰਤੀ :-

ਹਉ ਹਉ ਕਰਦੀ ਸਭ ਫਿਰੈ ਬਿਨ ਸਬਦੈ ਹਉ ਨਾ ਜਾਇ॥
ਨਾਨਕ ਨਾਮਿ ਰਤੇ ਤਿਨ ਹਉਮੈ ਗਈ ਸਚੈ ਰਹੇ ਸਮਾਇ॥ (ਆਸਾ ਮਃ ੩, ਅੰਗ ੪੨੬)

(੨) **ਸੰਸੇ-ਗ੍ਰੰਥੀ :-**ਪ੍ਰਮਾਣਗਤ,ਪ੍ਰਮੇਯਗਤ, ਵਿਪਰਜੇ ਸੰਸਿਆਂ ਦੀ ਗੰਢ ਪਈ ਰਹਿਣੀ।

(ੳ) ਪ੍ਰਮਾਣਗਤ ਸੰਸਾ:- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਜੀਵ ਤੇ ਬ੍ਰਹਮ ਦੀ ਏਕਤਾ ਦਾ ਕਥਨ ਕੀਤਾ ਜਾਂ ਇਸ ਤੋਂ ਉਲਟ ਅਨੇਕਤਾ ਦਾ?

ਨਵਿਰਤੀ :- ਜਦੋਂ ਸਤਿਗੁਰਾਂ ਦੀ ਬਾਣੀ ਪੜੀ ਤਾਂ ਵਿਸ਼ਵਾਸ਼ ਆਇਆ:-

ਏਕੋ ਹੈ ਭਾਈ ਏਕੋ ਹੈ॥ ੧॥ ਰਹਾਉ॥ (ਆਸਾ ਮਃ ੧, ਅੰਗ ੩੫੦)

(ਅ) ਪ੍ਰਮੇਯਗਤ ਸੰਸਾ :- ਜੀਵ ਤੇ ਬ੍ਰਹਮ ਇਕ ਸਰੂਪ ਹਨ ਇਹ ਸਤ ਹੈ ਜਾਂ ਜੀਵ ਤੇ ਬ੍ਰਹਮ ਵੱਖਰੇ ਵੱਖਰੇ ਹਨ?

ਨਵਿਰਤੀ :-

ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰਹੈ॥ (ਆਸਾ ਮਃ ੧, ਅੰਗ ੩੫੪)

ਸਗਲ ਬਨਸਪਤਿ ਮਹਿ ਬੈਸੰਤਰੁ ਸਗਲ ਦੂਧ ਮਹਿ ਘੀਆ॥
ਊਚ ਨੀਚ ਮਹਿ ਜੋਤਿ ਸਮਾਣੀ ਘਟਿ ਘਟਿ ਮਾਧਉ ਜੀਆ॥ (ਸੋਰਠਿ ਮਃ ੫, ਅੰਗ ੬੧੭)

(ਏ) ਵਿਪਰਜੇ ਸੰਸਾ :- ਜੀਵ ਤੇ ਬ੍ਰਹਮ ਦਾ ਭੇਦ ਸੱਤ ਹੈ ਜਾਂ ਦੇਹ ਆਦਿਕ ਪਸਾਰਾ ਸੱਤ ਹੈ? ਇਸ ਸ਼ੰਕੇ ਵਿਚੋਂ ਉਲਟਾ ਵਾ ਵਿਪਰੀਤ ਸਿਧਾਂਤ ਨਿਸ਼ਚਾ ਕਰ ਲੈਣਾ ਕਿ ਜੀਵ ਤੇ ਬ੍ਰਹਮ ਦਾ ਭੇਦ ਅਤੇ ਦੇਹ ਆਦਿਕ ਪਸਾਰਾ ਸੱਤ ਹੀ ਹੈ।

ਨਿਵਿਰਤੀ :-

ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ॥
ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨੰ॥ ੧॥
(ਆਸਾ ਭ. ਕਬੀਰ, ਅੰਗ ੪੮੨)

ਦ੍ਰਿਸਟੰਤ ਏਕੋ ਸੁਨੀਅੰਤ ਏਕੋ ਵਰਤੰਤ ਏਕੋ ਨਰਹਰਹ॥
(ਜੈਤਸਰੀ ਵਾਰ ਮਃ ੫, ਅੰਗ ੭੧੦)

ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
(ਬਿਲਾਵਲ ੫, ਅੰਗ ੮੪੬)

(੩) **ਕਰਮ ਗ੍ਰੰਥੀ :-** ਕਰਤਾ ਅਤੇ ਭੋਗਤਾ ਦੀ ਗੰਢ ਪਈ ਰਹਿਣੀ ਭਾਵ ਕਿ ਮੈਂ ਕਰਤਾ ਹਾਂ, ਮੈਂ ਹੀ ਭੋਗ ਰਿਹਾ ਹਾਂ, ਜੋ ਪਿੱਛੇ ਕਰਮ ਕੀਤੇ ਹੋਏ ਸਨ, ਉਨ੍ਹਾਂ ਦਾ ਫਲ ਅੱਗੇ ਮੈਂ ਭੋਗਾਂਗਾ।

ਨਿਵਿਰਤੀ :-

ਆਪ ਕਰਤਾ ਆਪਿ ਭੁਗਤਾ ਆਪਿ ਕਾਰਣ ਕੀਆ।
ਬਿਨਵੰਤਿ ਨਾਨਕ ਸੇਈ ਜਾਣਹਿ ਜਿਨੀ ਹਰਿ ਰਸੁ ਪੀਆ॥ ੪॥ ੨॥
(ਬਿਲਾਵਲ ਮਃ੫, ਅੰਗ ੮੪੬)

ਆਪੇ ਰਸੀਆ ਆਪਿ ਰਸੁ ਆਪੇ ਰਾਵਣਹਾਰੁ॥
ਆਪੇ ਹੋਵੈ ਚੋਲੜਾ ਆਪੇ ਸੇਜੁ ਭਤਾਰੁ॥
ਰੰਗਿ ਰਤਾ ਮੇਰਾ ਸਾਹਿਬ ਰਵਿ ਰਹਿਆ ਭਰਪੂਰਿ॥ ੧॥ ਰਹਾਉ॥

(ਸਿਰੀਰਾਗ ਮ:੧, ਅੰਗ ੨੩)

ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ॥
ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ॥ ੬੨॥

(ਸਲੋਕ ਕਬੀਰ ਜੀ, ਅੰਗ ੧੩੬੭)

(੫) ਅਰਥਵਾਦ :-

ਯਮ੍ ਯਮ੍ ਲੋਕਮ੍ ਚ (ਹ+ਇਤਯਾਦ੍ਯਈ:+ਅਰਥਵਾਦ:) ਪ੍ਰਘੋਸ਼ਿਤ:

''यं यं लोकं मनसा संविभाति विशुद्धसत्वः कामयते यांश्र कामान।
तं तं लोकं जायते तांश्र कामांस्तस्मादात्मज्ञं ह्यर्चयेद्भूतिकामः॥ १०॥''

(ਮੁੰਡਕ ੩, ਖੰਡ ੧, ਵਾਕਯ ੧੦)

''ਯਮ੍ ਯਮ੍ ਲੋਕਮ੍ ਮਨਸਾ ਸਮ੍ਵਿਭਾਤੀ ਵਿਸ਼ੁਧਸਤ੍ਵ: ਕਾਮਯਤੇ (ਯਾਨ੍+ਚ) ਕਾਮਾਨ।
ਤਮ੍ ਤਮ੍ ਲੋਕਮ ਜਾਯਤੇ (ਤਾਮ੍+ਚ) (ਕਾਮਾਂਸ੍+ਤਸਮਾਦ੍+ਆਤਮਗਯਮ੍) (ਹੀ+ਅਰਚਯੇਤ੍+ਭੂਤੀਕਾਮ:)॥ ੧੦॥ ''

ਆਤਮ ਗਿਆਨੀ ਪੁਰਸ਼ ਦਾ ਸਰਵ ਆਤਮਾ ਰੂਪ ਹੋਣ ਕਰਕੇ ਜੋ ਉਸਨੂੰ ਸਰਵ ਪ੍ਰਾਪਤੀ ਰੂਪ ਫਲ ਸੋ ਕਥਨ ਕਰਕੇ ਤਿਸਦੀ ਸਤੂਤੀ (ਕੀਰਤੀ) ਦੁਆਰਾ ਅਰਥਵਾਦ ਦੱਸਦੇ ਹਨ:-

ਆਤਮ ਵੇਤਾ ਦਾ ਅੰਤਹਕਰਣ ਰਜੋ, ਤਮੋ ਅਤੇ ਸਤੋ ਗੁਣ ਦੇ ਹੰਕਾਰ ਤੋਂ ਅਤੀਤ ਹੋਣ ਕਾਰਣ ਵਿਸ਼ੁਧਸਤ੍ਵ=ਵਿਸ਼ੇਸ਼ ਕਰਕੇ ਮਾਤ੍ਰ ਨਿਰਮਲ ਸਤੋ ਅੰਸ਼ ਸਹਿਤ (ਜਿਸਦੇ ਚਿਤ ਵਿਚੋਂ (੧) ਅਵਿਦਿਆ (੨) ਅਸਮਿਤਾ (੩) ਰਾਗ (੪) ਦ੍ਵੈਸ਼ ਅਭੀਨਿਵੇਸ਼ ਪੰਜ-ਕਲੇਸ਼* ਛੀਣ ਕਹੀਏ ਨਸ਼ਟ ਹੋ ਜਾਣ ਸੋ ਅੰਤਹਕਰਣ ਵਿਸ਼ੁੱਧ ਜਾਣੀਦਾ ਹੈ) ਹੋਣ ਨਾਲ ਯਮ੍ = ਜਿਸ ਯਮ੍ = ਜਿਸ ਲੋਕਮ੍ = ਸਰੀਰ ਅਤੇ ਸਰੀਰ ਦੇ ਅਨੁਕੂਲ ਸੁਖ ਦੇ ਸਾਧਨਾ ਦੀ ਬ੍ਰਹਮਵੇਤਾ ਆਪਣੇ ਮਨਸਾ=ਮਨ, ਅੰਤਹਕਰਣ ਨਾਲ ਸਮ੍ਵਿਭਾਤੀ=ਇੱਛਾ ਕਰਨ ਰੂਪ ਚਿਤਵਨੀ ਚਿੰਤਨ ਕਰਦਾ ਹੈ ਚ=ਔਰ ਯਾਨ੍=ਜਿਸ ਕਾਮਾਨ=ਇਸ਼ਟ ਵਸਤੂਆਂ ਦੀ ਕਾਮਯਤੇ=ਕਾਮਨਾ ਕਹੀਏ ਇੱਛਾ, ਚਾਹਨਾ ਹੁੰਦੀ ਹੈ ਤਮ੍=ਉਹ ਤਮ੍=ਉਹ ਲੋਕਮ=ਸਰੀਰ ਬ੍ਰਹਮ ਗਿਆਨੀ ਦੇ ਸੰਕਲਪ ਮਾਤ੍ਰ ਨਾਲ ਜਾਯਤੇ=ਉਤਪੰਨ, ਪੈਦਾ ਹੋ ਜਾਂਦੇ ਹਨ ਚ=ਔਰ ਤਾਮ੍=ਉਨ੍ਹਾਂ ਕਾਮਾਂਸ੍=ਕਾਮਨਾ ਵਿਸ਼ਯਭੂਤ ਪਦਾਰਥ ਦੀ ਉਤਪਤੀ ਵੀ ਖਿਨ ਵਿਚ ਹੋ ਜਾਂਦੀ ਹੈ। ਤਸਮਾਤ੍=ਇਸ ਕਾਰਣ ਕਰਕੇ ਭੂਤੀਕਾਮ:=ਸੰਸਾਰ ਵਾ ਸੰਪੂਰਨ ਬ੍ਰਹਮੰਡ ਦੀ ਬਿਭੂਤੀ ਵਾ ਐਸਵਰਯ ਦੀ ਕਾਮਨਾ ਵਾਲੇ ਆਤਗਯਮ੍=ਆਤਮ ਗਿਆਨੀ ਪੁਰਸ਼ ਦਾ ਹੀ=ਨਿਸ਼ਚਿਤ ਰੂਪ ਨਾਲ ਅਰਚਯੇਤ੍=ਸੇਵਾ ਵਾ ਪੂਜਨ ਕਰਨਾ ਚਾਹੀਦਾ ਹੈ। ਇਤੀਯਾਦਈ:=ਇਤਿਆਦਿਕ ਮੰਤ੍ਰ ਜਿਸ ਮੁੰਡਕ ਉਪਨਿਸ਼ਦ ਦੇ ਹੋਰ ਮੰਤ੍ਰਾਂ ਦੇ ਆਦਿ, ਅਰੰਭ ਵਿਚ ਹਨ, ਇਨ੍ਹਾਂ ਸਾਰਿਆਂ ਦੁਆਰਾ ਬ੍ਰਹਮ ਗਿਆਨੀ ਦੀ ਸਮਰੱਥਾ ਦਾ ਕਥਨ ਕਰਕੇ ਸਤੂਤੀ ਰੂਪ ਸਰਵਣ ਦਾ ਪੰਜਵਾਂ ਹੇਤੂ, ਅੰਗ ਅਰਥਵਾਦ:=ਅਰਥਵਾਦ ਪ੍ਰਘੋਸ਼ਿਤ:=ਕਿਹਾ ਗਿਆ ਹੈ॥

*(ਪੰਜ ਕਲੇਸ਼ ਵਿਸਥਾਰ ਨਾਲ ਪੰਨਾ ੩੭੨ ਤੇ ਪੜ੍ਹੋ।)

सुदीप्ताग्नेर्यथैत्यादिनोपपत्तिः प्रकाशिता।
एतैर्मुंडकतात्पयमद्वैतेऽगीकृतं बुधैः॥ ४॥

(ਸੁਦੀਪਤ+ਆਗਨੇਰ+ਯਥਾ+ਇਤਯਾਦੀ+ਉਪਪਤੀਃ) ਪ੍ਰਕਾਸ਼ਿਤਾ।
(ਏਤਈਃ+ਮੁੰਡਕ+ਤਾਤਪਰਯਮ੍+ਅਦ੍ਵੈਤੇ+ਅੰਗੀਕ੍ਰਿਤਮ੍) ਬੁਧਈਃ॥ ੪॥

(੬) ਉਪਪਤੀ :-

''यथा सुदीप्तात् पावकाद्विस्फुलिङ्गा सहस्रशः प्रभवन्ते सरूपाः।
तथाऽक्षराद्विविधाः सोम्य भावाः स्र प्रजायन्ते तत्र चैवापि यन्ति''

(ਮੁੰਡਕ ੨, ਖੰਡ ੧, ਵਾਕਯ ੧)

''ਯਥਾ ਸੁਦੀਪਤਾਤ੍ (ਪਾਵਕਾਦ੍+ਵਿਸ੍ਫੁਲਿੰਗਾਃ) ਸਹਸ੍ਰਸ਼ : ਪ੍ਰਭਵੰਤੇ ਸਰੂਪਾਃ
(ਤਥਾ+ਅਕਛਰਾਦ੍+ਵਿਵਿਧਾਃ) ਸੋਮਯ ਭਾਵਾਃ ਪ੍ਰਜਾਯੰਤੇ ਤਤ੍ਰ (ਚ+ਏਵ+ਅਪੀ) ਯੰਤੀ''

ਯਥਾ=ਜਿਸ ਪ੍ਰਕਾਰ ਸੁਦੀਪਤਾਤ੍=ਪ੍ਰਜ੍ਵੱਲਤ, ਤੇਜ ਬਦਲੀ ਹੋਈ ਪਾਵਕਾਦ੍=ਅਗਨੀ ਤੋਂ ਉਸਦੇ ਸਰੂਪਾਃ= ਸਮਾਨ ਰੂਪ ਵਾਲੀਆ ਸਹਸ੍ਰਸ਼ਃ- ਹਜਾਰਾ ਹੀ ਵਿਸ੍ਫੁਲਿੰਗਾਃ= ਚਿੰਗਾਰੀਆ ਦੀ ਉਤਪਤੀ ਪ੍ਰਭਵੰਤੇ=ਹੋ ਜਾਂਦੀ ਹੈ। ਹੇ ਸੋਮਯ=ਸੁੰਦਰ ਪ੍ਰਕਿਰਤੀ, ਸੁਭਾਵ ਵਾਲੇ ਉਤਮ ਜਿਗਿਆਸੂ ਤਥਾ=ਤਿਵੇ ਂਹੀ ਅਕਛਰਾਦ੍=ਛਰ ਕਹੀਏ ਨਾਸ਼ ਤੋਂ ਰਹਿਤ, ਅਬਿਨਾਸੀ, ਸੱਤ ਸਰੂਪ ਪਰਮੇਸ਼ਰ ਤੋਂ ਵਿਵਿਧ=ਅਨੇਕਾਂ ਦੇਹ ਰੂਪ ਉਪਾਧੀ ਦੇ ਭੇਦ ਕਰਕੇ ਅਨੇਕਾਂ ਪ੍ਰਕਾਰ ਦੇ ਭਾਵਾਃ=ਜੀਵ ਨਾਮ-ਰੂਪ ਕ੍ਰਿਤ ਦੇਹ ਉਪਾਧੀ ਦੇ ਜਨਮ ਨਾਲ ਹੀ ਪ੍ਰਜਾਯੰਤੇ=ਉਤਪੰਨ ਹੋ ਜਾਂਦੇ ਹਨ ਚ=ਔਰ ਦੇਹ ਰੂਪ ਉਪਾਧੀ ਦੇ ਲੀਨ ਹੋਣ ਤੇ ਅਪੀ=ਨਿਸ਼ਚਿਤ ਰੂਪ ਨਾਲ ਸਭ ਜੀਵ ਉਸ ਅਕਛਰ ਬ੍ਰਹਮ ਵਿਚ ਏਵ=ਹੀ ਸਮਾ ਜਾਂਦੇ ਹਨ।

ਜੈਸੇ ਏਕ ਆਗ ਤੇ ਕਨੂਕਾ ਕੋਟਿ ਆਗਿ ਉਠੈ ਨਿਆਰੇ ਨਿਆਰੇ ਹੁਇ ਕੈ ਫੇਰਿ ਆਗ ਮੈ ਮਿਲਾਹਿਗੇ॥
ਜੈਸੇ ਏਕ ਧੂਰਿ ਤੇ ਅਨੇਕ ਧੂਰਿ ਪੂਰਤ ਹੈ ਧੂਰਿ ਕੇ ਕਨੂਕਾ ਫੇਰ ਧੂਰ ਹੀ ਸਮਾਹਿਗੇ॥
ਜੈਸੇ ਏਕ ਨਦ ਤੇ ਤਰੰਗ ਕੋਟਿ ਉਪਜਤ ਹੈ ਪਾਨਿ ਕੇ ਤਰੰਗ ਸਬੈ ਪਾਨਿ ਹੀ ਕਹਾਹਿਂਗੇ॥
ਤੈਸੇ ਬਿਸ੍ਵ ਰੂਪ ਤੇ ਅਭੂਤ ਭੂਤ ਪ੍ਰਗਟ ਹੋਇ ਤਾਹੀ ਤੇ ਉਪਜਿ ਸਬੈ ਤਾਹੀ ਮੈ ਸਮਾਹਿਗੇ॥ ੧੭॥ ੮੭॥

(ਅਕਾਲ ਉਸਤਤਿ, ਸ੍ਰੀ ਦਸਮ ਗ੍ਰੰਥ)

ਉਪਰੋਕਤ ਕਥਨ ਅਤੇ ਇਸ ਤੋਂ ਇਤਯਾਦੀ=ਆਦਿਕ ਹੋਰ ਮੁੰਡਕ ਉਪਨਿਸ਼ਦ ਦੇ ਮੰਤ੍ਰਾਂ ਵਿਚ ਤਾਤਪਰਯ ਨਿਰਣਾਯਕ ਸਰਵਣ ਸਾਧਨ ਦਾ ਛੇਵਾਂ ਹੇਤੂ,ਅੰਗ ਉਪਪਤੀ=ਜੁਗਤੀ ਦੁਆਰਾ ਸਿਧਾਂਤ ਦਾ ਵਰਣਨ ਪ੍ਰਕਾਸ਼ਿਤਾ=ਪ੍ਰਗਟ ਕੀਤਾ ਗਿਆ ਹੈ। ਏਤਈਃ=ਇਨ੍ਹਾਂ ਸਰਵਣ ਦੇ ਖਟ ਹੇਤੂਆਂ ਵਾ ਅੰਗਾਂ ਦੁਆਰਾ ਬੁਧਈਃ=ਬੁਧੀਵਾਨ, ਵਿਵੇਕੀ ਵਿਦਵਾਨਾਂ ਨੇ ਮੁੰਡਕ ਉਪਨਿਸ਼ਦ ਦੇ ਮੰਤ੍ਰਾਂ ਦਾ ਤਾਤਪਰਯ=ਅਰਥ, ਅਭਿਪ੍ਰਾਯ ਅਦ੍ਵੈਤ=ਅਦੁੱਤੀ ਬ੍ਰਹਮ ਵਿਚ ਅੰਗੀਕ੍ਰਿਤਮ੍=ਅੰਗੀਕਾਰ ਕਹੀਏ ਪ੍ਰਵਾਨ ਵਾ ਸਵੀਕਾਰ ਕੀਤਾ ਹੈ॥

इति श्री मुण्डकोपनिषल्लिंग कीर्तनम् नाम षष्ठं प्रसंग समाप्तम्॥६॥
ਇਤੀ ਸ਼੍ਰੀ ਮੁੰਡਕੋਪਨਿਸ਼ਦ ਲਿੰਗ ਕੀਰਤਨਮ੍ ਨਾਮ ਛਛਠਮ੍ ਪ੍ਰਸੰਗ ਸਮਾਪਤਮ੍॥ ੬॥

ਸ਼੍ਰੀ=ਸੁਭਾਇਮਾਨ ਮੁੰਡਕ ਉਪਨਿਸ਼ਦ ਦੇ ਮੰਤ੍ਰਾਂ ਦੁਆਰਾ ਤਾਤਪਰਯ ਨਿਰਣਾਯਕ ਸਰਵਣ ਸਾਧਨ ਦੇ ਖਟ ਲਿੰਗ=ਚਿੰਨ ਵਾ ਹੇਤੂਆਂ ਦਾ ਕੀਰਤਨਮ੍=ਵਖਿਆਣ,ਕਥਨ ਵਾਲਾ ਛਛਠਮ੍=ਛੇਵਾਂ ਪ੍ਰਸੰਗ=ਪ੍ਰਕਰਣ ਇਤੀ=ਸੰਪੂਰਨ ਹੁੰਦਾ ਹੈ॥

अथ मांडूक्योपनिषल्लिंगकीर्त्तनम्॥ ७॥

॥ अथ मांडूक्य+उपनिशद्+लिंग+कीर्तनम्॥

ਅਥ=ਹੁਣ ਅਥਰਵ ਵੇਦ ਦੇ ਬ੍ਰਾਹਮਣ ਭਾਗ ਦੇ ਅੰਤਰਗਤ ਮਾਂਡੂਕਯ ਉਪਨਿਸ਼ਦ ਦੇ ਮੰਤ੍ਰਾਂ ਦੁਆਰਾ ਸਰਵਣ ਦੇ ਖਟ ਲਿੰਗ=ਚਿੰਨ੍ ਵਾ ਹੇਤੂਆ ਨੂੰ ਕੀਰਤਨਮ੍=ਅਭੀਵਯਕਤ ਕਹੀਏ ਪ੍ਰਗਟ ਕਰਦੇ ਹਨ।

ॐ मित्येतदुपक्रम्यामात्र इत्युपसंहृतिः।
प्रपंचोपशमं शांतमित्याद्यभ्यास ईरितः॥ १॥

(ओम+इती+एतद्+अमात्र) (इती+उपसंहृतीः)।
(प्रपंच+उपशमम्) (शांतम्+इती+आद्यभ्यास+अभयास) ईरीतः॥ १॥

(१.) उपक्रम - उपसंहार ः-

ओम+इती+एतद+उपक्रमय =

ॐ मित्येतदक्षरमिदꣳसर्वं.....'' (ਵਾਕਯ ੧)

''(ओम+इती+एतद्+अकछरम्+इदम्) सरवम्''

ओम=(ओ+अ+म) १. ओकार (ओ) सतो गुण दी प्रधानता करके विशनूं रूप

२. आकार (अ) रजो गुण दी प्रधानता करके ब्रहमा रूप अते

३. मकार (म) तमो गुण दी प्रधानता करके शिव रूप

अकछरम्=नाश तों रहित निरगुण ब्रहम इती=सरूप

सरवम्=समसत चराचर जगत अते इद्म=प्रतॅख इंद्रे, मन, बुधी दा विशे बण रिहा सउपाधिक ब्रहम ही ओम शबद दा लकछय अरथ है॥ इस उपरोकत मंत्र दुआरा उपक्रमय=प्रकरण दा आरंभ करके अमात्र इती उपसंहृती=

''अमात्रश्चतुर्थो'' (ਵਾਕਯ ੧੨)

''(अमात्र : + चतुरथो)''

त्रिधा रूप ओअं भाव अकार, ओकार, मकार रूप ओअंकार दे वॅखरीआं-वॅखरीआं मॅतां विच वॅखरे-वॅखरे रूप मंने हन। सथूल रूप विच कई ओअंकार नूं तिंन मात्रा मंनदे हन। सूखम रूप विच कई दो मात्रा रूप मंनदे हन, वैशनो मत वाले ढाई मात्रा अते यगयवलक जी ने अमात्रा रूप कथन कीता है। इस तरां सूखम-तम विच अमात्रा, सूखम-तर विच इक मात्रा, सूखम विच दो मात्रा अते सूथल विच तिंन मात्रा करके मंनिआ जांदा है। जो चतुरथो=चौथी अंश

ਭਾਵ ਸੂਖਮ-ਤਮ ਜਿਸ ਵਿਚ ਓਅੰਕਾਰ ਅਮਾਤ੍ਰ ਰੂਪ ਹੈ। ਸੋ ਓਮ ਪਦ ਦਾ ਲਕਸ਼ਯ ਨਿਰਉਪਾਧਿਕ ਬ੍ਰਹਮ ਹੈ। ਇਤੀ=ਇਤਿਆਦਿਕ ਮੰਤ੍ਰਾਂ ਦੁਆਰਾ ਸਰਵਣ ਦਾ ਪਹਿਲਾ ਹੇਤੂ ਉਪਸੰਹ੍ਰਿਤੀ=ਉਪਸੰਹਾਰ ਕਹੀਏ ਅਦ੍ਵੈਤ ਬ੍ਰਹਮ ਦਾ ਪ੍ਰਕਰਣ ਸਮਾਪਤ ਕੀਤਾ ਗਿਆ। ਇਸ ਉਪਕ੍ਰਮ-ਉਪਸੰਹਾਰ ਦੀ ਏਕਤਾ ਵਾ ਇਕ ਹੇਤੂਤਾ ਰੂਪ ਸਰਵਣ ਦਾ ਪਹਿਲਾ ਅੰਗ ਮਾਂਡੂਕਯ ਉਪਨਿਸ਼ਦ ਵਿਚ ਦਰਸਾਇਆ ਗਿਆ ਹੈ।

(੨.) ਅਭਯਾਸ ਃ- (ਪ੍ਰਪੰਚ+ਉਪਸ਼ਮਮ) (ਸ਼ਾਤਮ੍+ਇਤੀ+ਆਦਯ੍+ਅਭਯਾਸ) ਈਰੀਤ ਃ =

''ਪ੍ਰਪੰਚੋਪਸ਼ਮਂ ਸ਼ਾਂਤ'' (ਵਾਕਯ ੧੨)

(ਪ੍ਰਪੰਚ+ਉਪਸ਼ਮਮ੍) ਸ਼ਾਤਮ੍

ਨਿਰਉਪਾਧਿਕ ਨਿਰਗੁਣ ਬ੍ਰਹਮ ਰਾਗ-ਦ੍ਵੈਸ਼ ਅਵਿਦਿਆ ਮੂਲਕ ਵਯਾਪਾਰ ਰੂਪ ਕ੍ਰਿਆ ਤੋਂ ਅਤੀਤ ਹੋਣ ਕਰਕੇ ਸ਼ਾਂਤਮ੍=ਸ਼ਾਂਤੀ ਵਾ ਅਨੰਦ ਸਰੂਪ ਹੈ ਅਤੇ ਅਸੰਗ ਹੋਣ ਕਰਕੇ ਪ੍ਰਪੰਚ=ਛਲ ਰੂਪ ਸੰਸਾਰ ਦਾ ਉਸ ਵਿਚ ਉਪਸ਼ਮਮ੍=ਅਭਾਵ ਹੈ।

ਸੁਖ ਸਹਜ ਆਨੰਦ ਸਗਲ ਸਿਉ ਵਾ ਕਉ ਬਿਆਧਿ ਨ ਕਾਈ ॥ ੧ ॥ ਰਹਾਉ ॥
ਦੀਸਹਿ ਸਭ ਸੰਗਿ ਰਹਹਿ ਅਲੇਪਾ ਨਹ ਵਿਆਪੈ ਉਨ ਮਾਈ ॥ (ਜੈਤਸਰੀ ਮਃ ੫, ਅੰਗ ੭੦੧)

ਇਤੀ=ਇਹ ਮੰਤ੍ਰ ਆਦਯ=ਆਦਿ ਕਹੀਏ ਸ਼ੁਰੂ ਵਿਚ ਹੈ ਜਿਸ ਮੰਤ੍ਰਾ ਦੇ ਸਮੁਦਾਏ ਵਿਚ ਸੋ ਸਭ ਮਾਂਡੂਕਯ ਉਪਨਿਸ਼ਦ ਦੇ ਮੰਤ੍ਰਾ ਦੁਆਰਾ ਸਰਵਣ ਦਾ ਦੂਸਰਾ ਹੇਤੂ ਵਾ ਅੰਗ ਅਭਯਾਸ=ਪੁਨ: ਪੁਨ: ਚਿੰਤਨ ਵਾ ਪਠਨ ਈਰੀਤ:=ਕਥਨ ਕੀਤਾ ਗਿਆ ਹੈ॥

ਅਦ੍ਰਿਸ਼ਟਮਾਦ੍ਯਪੂਰ੍ਵਤ੍ਵਂ ਸਂਵਿਸ਼ਤ੍ਯਾਤ੍ਮਨਾ ਫਲਮ੍।
ਅਵਾਂਤਰਫਲੋਕ੍ਤਿਸ੍ਤੁ ਹ੍ਯਰ੍ਥਵਾਦੋ ਵਿਦਾਂ ਸਤੇ॥ ੨॥
(ਅਦ੍ਰਿਸ਼ਟਮ੍+ਆਦੀ+ਅਪੂਰਵਤ੍ਵਮ੍) (ਸੰਵਿਸ਼ਤੀ+ਆਤ੍ਮਨਾ) ਫਲਮ੍।
(ਅਵਾਂਤਰ+ਫਲ+ਉਕਤਿਸਤੁ) (ਹੀ+ਅਰਥਵਾਦੋ) ਵਿਦਾਮ੍ ਮਤੇ॥ ੨॥

(੩.) ਅਪੂਰਵਤਾ ਃ- ਅਦ੍ਰਿਸ਼ਟਮ੍+ਆਦੀ+ਅਪੂਰਵਤ੍ਵਮ੍ =

''ਅਦ੍ਰਿਸ਼ਟਮਵ੍ਯਵਹਾਰ੍ਯੰ...''

''ਅਦ੍ਰਿਸ਼ਟਮ੍+ਅਵ੍ਯਵਹਾਰ੍ਯਮ੍'' (ਵਾਕਯ ੭)

ਅਵ੍ਯਵਹਾਰ੍ਯਮ੍=ਅਵਿਦਿਆ ਮੂਲਕ ਸੰਸਾਰ ਦੇ ਵਯਵਹਾਰ ਕਹੀਏ ਲੈਣ ਦੇਣ ਰੂਪ ਵਪਾਰ, ਵਿਹਾਰ ਤੋਂ ਅਤੀਤ ਅਤੇ ਇੰਦ੍ਰੇ ਤੇ ਇੰਦ੍ਰੇ ਜਨਯ ਪ੍ਰਤੱਖ ਪ੍ਰਮਾਣ ਆਦਿ ਦੀ ਗਮਤਾ ਤੋਂ ਪਰ੍ਹੇ ਅਦ੍ਰਿਸ਼ਟ=ਪਰੋਖ ਸਰੂਪ ਬ੍ਰਹਮ ਵਿੱਚ ਆਗਮ ਪ੍ਰਮਾਣ ਤੋਂ ਭਿੰਨ ਅਤੇ ਪੂਰਵਤਾ ਕਹੀਏ ਪਹਿਲਾਂ ਕਿਸੇ ਵੀ ਪ੍ਰਮਾਣ ਦੀ ਅਵਿਸ਼ਯਤਾ ਰੂਪ ਸਰਵਣ ਸਾਧਨ ਦਾ ਤੀਸਰਾ ਹੇਤੂ, ਅੰਗ ਅਪੂਰਵਤ੍ਵਮ=ਅਪੂਰਵਤਾ ਮਾਂਡੂਕਯ ਉਪਨਿਸ਼ਦ ਦੇ ਉਪਰੋਕਤ ਮੰਤ੍ਰ ਅਤੇ ਆਦੀ=ਇਤਯਾਦਿਕ ਹੋਰ ਮੰਤ੍ਰਾ ਵਿਚ ਦਰਸਾਈ ਗਈ ਹੈ॥

ਤੁਮ ਵਡ ਪੁਰਖ ਬਡ ਅਗਮ ਅਗੋਚਰ ਹਮ ਢੂਢਿ ਰਹੇ ਪਾਈ ਨਹੀ ਹਾਥ ॥
ਤੂ ਪਰੈ ਪਰੈ ਅਪਰੰਪਰੁ ਸੁਆਮੀ ਤੂ ਆਪਨ ਜਾਨਹਿ ਆਪਿ ਜਗੰਨਾਥ ॥ ੨ ॥

(ਕਾਨੜਾ ਮਃ ੪, ਅੰਗ ੧੨੯੬)

(੪.) ਫਲ ਃ- (ਸੰਵਿਸ਼ਤੀ+ਆਤਮਨਾ) ਫਲਮ੍ =

''ਸ਼ੰਵਿਸ਼ਤ੍ਯਾਤ੍ਮਨਾਤ੍ਮਾਨਂ ਯ ਏਵਂ ਵੇਦ'' (ਵਾਕਯ ੧੨)

''(ਸੰਵਿਸ਼ਤੀ+ਆਤਮਨਾ+ਆਤਮਾਨਮ੍) ਯ ਏਵਮ੍ ਵੇਦ''

ਯ=ਜੋ ਉਤਮ ਅਧਿਕਾਰੀ ਏਵਮ=ਇਸ ਪ੍ਰਕਾਰ ਬ੍ਰਹਮ ਨੇਸ਼ਟੀ ਬ੍ਰਹਮ ਸ਼੍ਰੋਤੀ ਸਤਿਗੁਰਾਂ ਤੋਂ ਸਾਕਸ਼ਾਤਕਾਰ ਦੁਆਰਾ ਬ੍ਰਹਮ ਤੋਂ ਅਭਿੰਨ ਆਤਮਨਾ=ਪ੍ਰਤਯਕ (ਅੰਤਰ) ਆਤਮਾ ਨੂੰ ਵੇਦ=ਜਾਣਦਾ ਹੈ ਵਾ ਅਨੁਭਵ ਕਰਦਾ ਹੈ। ਸੋ ਆਤਮ ਗਿਆਨੀ ਆਪਣੇ ਆਤਮਾਨਮ੍=ਨਿਜ ਸਰੂਪ ਸਚਿਦਾਨੰਦ ਬ੍ਰਹਮ ਵਿਚ ਆਪ ਹੀ ਅਭੇਦ ਹੋਣ ਰੂਪ ਸੰਵਿਸ਼ਤੀ=ਪ੍ਰਵੇਸ਼ਤਾ ਨੂੰ ਪ੍ਰਾਪਤ ਕਰਦਾ ਹੈ।

ਹਰਿ ਜਨ ਪ੍ਰਭੁ ਗਲਿ ਏਕੋ ਹੋਏ ਹਰਿ ਜਨ ਪ੍ਰਭੁ ਏਕ ਸਮਾਨਿ ਜੀਉ ॥

(ਆਸਾ ਮਃ ੪, ਅੰਗ ੪੪੭)

ਹਰਿ ਹਰਿਜਨ ਦੁਈ ਏਕ ਹੈ ਬਿਬ ਬਿਚਾਰ ਕਛੁ ਨਾਹਿ॥
ਜਲ ਤੇ ਉਪਜਿ ਤਰੰਗ ਜਿਉ ਜਲ ਹੀ ਬਿਖੈ ਸਮਾਹਿ॥ ੬੦॥

(ਸ੍ਰੀ ਦਸਮ ਗ੍ਰੰਥ, ਪੰਨਾ ੧੪੧)

ਭਾਵ ਆਤਮਾ ਦੇ ਸੰਬੰਧ ਦੁਆਰਾ ਸਰੀਰ ਰੂਪ ਬੰਧਨਾ ਵਿਚ ਪ੍ਰਵਿਰਤੀ ਤੋਂ ਨਿਵਿਰਤ ਹੋ ਕੇ ਆਪਣੇ ਸ੍ਵੈ-ਸਰੂਪ ਵਿਚ ਇਸਥਿਤ ਹੋਣਾ ਹੀ ਬ੍ਰਹਮ ਗਿਆਨ ਦਾ ਫਲ ਕਹੀਏ ਪ੍ਰਯੋਜਨ ਪ੍ਰਾਪਤੀ ਰੂਪ ਸਰਵਣ ਦਾ ਚੌਥਾ ਹੇਤੂ ਵਾ ਅੰਗ ਫਲਮ੍=ਫਲ ਕਥਨ ਕੀਤਾ ਗਿਆ ਹੈ॥

(੫.) ਅਰਥਵਾਦ ਃ- (ਅਵਾਂਤਰ+ਫਲ+ਉਕਤਿਸਤੁ) (ਹੀ+ਅਰਥਵਾਦੌ) ਵਿਦਾਮ੍ ਮਤੇ =

''ਆਪ੍ਨੋਤਿ ਹ ਵੈ ਸ੍ਰਵਾਨ੍ ਕਾਮਾਨ੍'' (ਵਾਕਯ ੬)

''ਆਪ੍ਨੌਤੀ ਹ ਵਈ ਸਰਵਾਨ੍ ਕਾਮਾਨ੍''

ਗੁਰੂ ਪਰੰਪਰਾ ਦੀ ਰੀਤ ਤੋਂ ਇਹ ਹ=ਪ੍ਰਸਿੱਧ ਕਥਨ ਹੈ ਕਿ ਮਾਤ੍ਰ ਆਤਮ ਤੱਤ੍ਵ ਦੀ ਪ੍ਰਾਪਤੀ ਕਰਕੇ ਆਤਮ ਗਿਆਨੀ ਸਰਵਾਨ੍=ਸਾਰੀਆਂ ਕਾਮਾਨ੍=ਕਾਮਨਾਵਾਂ ਕਹੀਏ ਇੱਛਾਵਾਂ ਅਤੇ ਕਾਮਨਾ ਵਿਸ਼ਯਭੂਤ ਸਾਰੇ ਪਦਾਰਥਾਂ ਨੂੰ ਵਈ=ਨਿਸ਼ਚਿਤ ਰੂਪ ਨਾਲ ਆਪਨੌਤੀ=ਪ੍ਰਾਪਤ ਕਰ ਲੈਂਦਾ ਹੈ।

ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ ॥
ਗੁਰੁ ਨਾਨਕੁ ਮਿਲਿਆ ਪਾਰਬ੍ਰਹਮੁ ਤੇਰਿਆ ਚਰਣਾ ਕਉ ਬਲਿਹਾਰਾ॥੪॥੧॥੪੭॥

(ਸੂਹੀ ਮਃ ੫, ਅੰਗ ੭੪੭)

ਸਭੇ ਥੋਕ ਪਰਾਪਤੇ ਜੇ ਆਵੈ ਇਕੁ ਹਥਿ ॥ (ਅੰਗ ਸਿਰੀਰਾਗੁ ਮਃ ੫, ਅੰਗ ੪੪)

ਬ੍ਰਹਮ ਗਿਆਨ ਰੂਪ ਫਲ=ਪ੍ਰਯੋਜਨ ਦੇ ਅੰਤਰਗਤ ਜੋ ਸਭ ਵਾਂਛਿਤ ਪਦਾਰਥਾਂ ਦੀ ਪ੍ਰਾਪਤੀ ਦਾ ਉਕਤਿਸਤੁ=ਕਥਨ ਕੀਤਾ ਗਿਆ ਹੈ ਵਿਦਾਮ=ਵਿਦਵਾਨਾਂ ਕਹੀਏ ਬ੍ਰਹਮ ਬੇਤਿਆਂ ਦੀ ਮਤੇ=ਮਤ ਕਹੀਏ ਸਿਧਾਂਤ ਵਿਚ ਇਹ ਸਤੁਤੀ (ਕੀਰਤੀ) ਹੀ=ਨਿਸ਼ਚਿਤ ਰੂਪ ਨਾਲ ਸਰਵਣ ਸਾਧਨ ਦਾ ਪੰਜਵਾਂ ਹੇਤੂ, ਅੰਗ ਅਰਥਵਾਦੌ=ਅਰਥਵਾਦ ਕਥਨ ਕੀਤਾ ਹੈ॥

ਅਦ੍ਵੈਤੇ ਚ ਪ੍ਰਵੇਸ਼ਾਯੋਪਪਤ੍ਤਿਃ ਪਾਦਕਲ੍ਪਨਾ।
ਮਾਂਡੂਕ੍ਯੋਪਨਿਸ਼ਦ੍ਭਾਵ ਏਵੇਮੈਰਿਸ਼੍ਯਤੇऽਦ੍ਰਯੇ॥੩॥
ਅਦ੍ਵੈਤੇ ਚ (ਪ੍ਰਵੇਸ਼ਾਯ+ਉਪਪਤੀਃ) ਪਾਦ ਕਲਪਨਾ।
(ਮਾਂਡੂਕ੍ਯ+ਉਪਨਿਸ਼ਦ੍+ਭਾਵ) (ਏਵ+ਈਮਈਃ ਈਸ਼ਯਤੇ+ਅਦ੍ਰਯੇ)॥ ੩ ॥

ਅਦ੍ਵੈਤੇ=ਅਦੁਤੀ ਬ੍ਰਹਮਆਤਮਾ ਵਿਚ ਪ੍ਰਵੇਸ਼ਾਯ ਕਹੀਏ ਪ੍ਰਵਿਸ਼ਟ ਵਾ ਇਸਥਿਤ ਹੋਣ ਰੂਪ ਅਨੁਭਵ ਲਈ ਓਅੰਕਾਰ ਦੀ ਚਾਰ ਪਾਦ=ਅੰਸ਼ ਸਥੂਲ, ਸੂਖਮ, ਸੂਖਮ ਤਰ ਅਤੇ ਸੂਖਮ ਤਮ (ਵਿਸਥਾਰ ਨਾਲ ਪੰਨਾ ੨੭੯ ਤੇ ਵਾਕਯ ੧੨ ਦਾ ਅਰਥ ਪੜ੍ਹੋ) ਦੀ ਕਲਪਨਾ=ਰਚਨਾ ਦੁਆਰਾ ਸਰਵਣ ਦਾ ਛੇ ਵਾਂ ਹੇਤੂ ਵਾ ਅੰਗ ਉਪਪਤੀਃ = ਜੁਗਤੀ ਦੁਆਰਾ ਸਿਧਾਂਤ ਦਾ ਵਰਣਨ ਰੂਪ ਉਪਪਤੀ ਕਥਨ ਕੀਤੀ ਗਈ ਹੈ। ਈਮਈਃ =ਇਨ੍ਹਾਂ ਸਰਵਣ ਦੇ ਖਟ ਹੇਤੂਆਂ ਦੇ ਵਰਣਨ ਦੁਆਰਾ ਮਾਂਡੂਕ੍ਯ ਉਪਨਿਸ਼ਦ ਦੇ ਮੰਤ੍ਰਾ ਦਾ ਭਾਵ=ਤਾਤਪਰਯ ਅਦ੍ਵਯੇ=ਅਦ੍ਵੈਤ ਬ੍ਰਹਮ ਵਿਚ ਏਵ=ਹੀ ਈਸ਼ਯਤੇ=ਨਿਰਣਿਤ ਵਾ ਨਿਰਧਾਰਿਤ ਹੁੰਦਾ ਹੈ॥

ਇਤਿ ਸ਼੍ਰੀ ਮਾਂਡੂਕ੍ਯੋਪਨਿਸ਼ਲ੍ਲਿਗ ਕੀਰ੍ਤਨਮ੍ ਨਾਮ ਸਪ੍ਤਮ੍ ਪ੍ਰਸੰਗ ਸਮਾਪ੍ਤਮ੍॥ ੭॥

ਇਤੀ ਸ਼੍ਰੀ ਮਾਂਡੂਕਯ ਉਪਨਿਸ਼ਦ੍ ਲਿੰਗ ਕੀਰਤਨਮ ਨਾਮ
ਸਪਤਮ੍ ਪ੍ਰਸੰਗ ਸਮਾਪਤਮ੍॥ ੭॥

ਸ਼੍ਰੀ=ਸੁਭਾਇਮਾਨ ਮਾਂਡੂਕ੍ਯ ਉਪਨਿਸ਼ਦ ਦੇ ਮੰਤ੍ਰਾ ਦੁਆਰਾ ਸਰਵਣ ਦੇ ਖਟ ਲਿੰਗ=ਚਿੰਨ੍ਹ, ਅੰਗ ਵਾ ਹੇਤੂਆਂ ਦੇ ਕੀਰਤਨਮ=ਕਥਨ,ਵਖਿਆਣ ਵਾਲਾ ਸਪਤਮ੍=ਸੱਤਵਾਂ ਪ੍ਰਸੰਗ=ਪ੍ਰਕਰਣ ਇਤੀ=ਸੰਪੂਰਨ ਹੁੰਦਾ ਹੈ॥

☆☆☆

॥ अथ तैत्तिरीरूोपनिषल्लिंगकीर्त्तनम॥ ८॥

॥ अथ (तैत्तिरीयो+उपनिशद+लिंग+कीरतनम्) ॥

ਅਥ=ਹੁਣ ਕ੍ਰਿਸ਼ਨ ਯਜੁਰਵੇਦ ਦੇ ਅੰਤਰਗਤ ਤੈਤਿਰੀ ਉਪਨਿਸ਼ਦ ਦੇ ਮੰਤ੍ਰਾ ਦੁਆਰਾ ਤਾਤਪਰਯ ਨਿਰਣਾਯਕ ਸਰਵਣ ਸਾਧਨ ਦੇ ਖਟ ਲਿੰਗ=ਚਿੰਨ੍ਹ, ਹੇਤੂਆਂ ਦਾ ਕੀਰਤਨਮ=ਕਥਨ ਕਰਦੇ ਹਨ :-

ब्रह्मविदित्युपक्रम्य यक्षायं तूपसंहृतिः।
तस्माद्वा इत्यथोवाक्यं यदा ह्येवेति चापरम्॥ १॥
भीषाऽस्मादित्यथोऽभ्यासोयतोवाचोत्वपूर्वता।
सोऽश्नुतेब्रह्मणाकामान् सहेत्यादिफलंश्रुतम्॥ २॥

(ब्रूहम+विद+इतीं+उपक्रमश)(यश्चुग्शम्=श+च+अशम्) (तू+उपसंहृ्तीं) ः।
(तसमाद+वा)(इतीं+अथो+वाकशम्) शदा(हशे्वेतीं=हीं+ऐत+इतीं)
(चापरम्=च+अपरम्) ॥ १ ॥
भीक्षा+अस्मात्+इतीं+अथो+अभशासो+शतो+वाचो+तू+अपूरवता।
(सो+अक्षनुते+ब्रूहमणा+कामान्) (सह+इतशादीं+फलम्+क्षुतम्) ॥२ ॥

(੧) **ਉਪਕ੍ਰਮ-ਉਪਸੰਹਾਰः-** (ਬ੍ਰੂਹਮ+ਵਿਦ+ਇਤੀਂ+ਉਪਕ੍ਰਮਸ਼) (ਯਸ਼੍ਚੁਗ੍ਯਮ=ਸ਼+ਚ+ਅਸ਼ਮ੍) ਤੂ+ਉਪਸੰਹ੍ਰਿਤੀ :=

''ब्रह्मविदाप्नोति परं...'' (ਵੱਲੀ ੨, ਵਾਕਸ਼ ੧)

''ब्रूहम+विद+आपनोतीं परम्''

ਸਭ ਤੋਂ ਪਰਮ੍=ਉਤਕ੍ਰਿਸ਼ਟ ਕਹੀਏ ਸਰਵ ਸ੍ਰੇਸ਼ਟ ਨਿਰਉਪਾਧਿਕ ਨਿਰਗੁਣ ਬ੍ਰਹਮ=ਕਾਰਣ, ਵਿਆਪਕ ਸਰੂਪ ਨੂੰ ਪਰੋਖ ਬ੍ਰਹਮ ਗਿਆਨ ਦੁਆਰਾ ਵਿਦ=ਜਾਣ ਕੇ ਫਿਰ ਸਰਵਣ, ਮੰਨਨ ਨਿਧਿਆਸਣ ਆਦਿ ਸਾਧਨਾ ਦੀ ਪ੍ਰਪੱਕਤਾ ਅਨੰਤਰ ਅਪਰੋਖ ਬ੍ਰਹਮ ਗਿਆਨ ਕਹੀਏ ਸਾਕਸ਼ਾਤਕਾਰ ਦੀ ਆਪਨੋਤੀ=ਪ੍ਰਾਪਤੀ ਕਰਨ ਵਾਲਾ ਉਤਮ ਅਧਿਕਾਰੀ ਆਪਣੀ ਆਤਮਾ ਦੁਆਰਾ ਆਪ ਹੀ ਪਾਰਬ੍ਰਹਮ=ਕਾਰਣ ਨਿਰਗੁਣ ਨਿਰਉਪਾਧਿਕ ਸਰੂਪ ਵਿਚ ਅਭੇਦਤਾ ਨੂੰ ਪ੍ਰਾਪਤ ਕਰਕੇ ਪਰਮਾਨੰਦ ਵਿਚ ਇਸਥਿਤ ਹੁੰਦਾ ਹੈ ਇਤੀ=ਇਤਿਆਦਿਕ ਮੰਤ੍ਰਾ ਨਾਲ ਉਪਕ੍ਰਮਸ਼=ਪ੍ਰਕਰਣ ਆਰੰਭ ਕੀਤਾ ਗਿਆ ਹੈ।

ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥ (ਬਿਲਾਵਲ ਮः ੫, ਅੰਗ ੮੪੬)
ਜਿਸ ਤੇ ਉਪਜੇ ਤਿਸੁ ਮਾਹਿ ਸਮਾਏ ॥ ਓਇ ਸੁਖ ਨਿਧਾਨ ਉਨਹੂ ਬਨਿ ਆਏ ॥
ਆਪਸ ਕਉ ਆਪਿ ਦੀਨੋ ਮਾਨੁ ॥ ਨਾਨਕ ਪ੍ਰਭ ਜਨੁ ਏਕੋ ਜਾਨੁ ॥ ੮ ॥ ੧੪ ॥
(ਗਉੜੀ ਸੁਖਮਨੀ ਮः ੫, ਅੰਗ ੨੮੨)

ਉਪਸੰਹਾਰ ਃ-

''स यश्चायं पुरूषे। यश्चासावादित्ये। स एकः''

(ਵੱਲੀ ੨, ਵਾਕਯ ੮, ਪੰਗਤੀ ੧੩)

''स (यः+च+अयम्) पुरूषे। (यः+च+असौ+आदित्ये)। स एकः''

ਸ=ਉਹ ਬ੍ਰਹਮਵੇਤਾ ਦਾ ਸਰੂਪ ਸਚਿਦਾਨੰਦ ਚ=ਔਰ ਯ=ਜੋ ਇਹ ਜੀਵ ਦੇ ਸੱਜੇ ਨੇਤ੍ਰ ਵਿਚ ਅਯਮ=ਅਤਿਅੰਤ ਸਮੀਪ ਪ੍ਰਕਾਸ਼ਕ ਪੁਰੂਸ਼ੇ=ਪੁਰਖ ਚ=ਔਰ ਯਃ=ਜੋ ਇਹ ਅਸਉ=ਦੂਰ ਸਥਿਤ ਆਦਿਤ੍ਯੇ=ਸੂਰਜ ਸਰੀਰ ਵਿਚ ਅਧਿਸ਼ਠਾਨ ਪ੍ਰਕਾਸ਼ਾਤਮਕ ਪੁਰਸ਼ ਸ=ਸੋ ਦੋਵੇਂ ਏਕਃ=ਏਕ ਸਰੂਪ ਹੀ ਹਨ ਵੱਖਰੇ ਨਹੀਂ। ਭਾਵ ਮਾਯਾ ਦੀਆਂ ਅੰਸਾ ਨਾਮ ਤੇ ਰੂਪ ਕਰਕੇ ਭੇਦ ਹੈ ਕਿੰਤੂ ਬ੍ਰਹਮ ਦੀਆਂ ਤਿੰਨ ਅੰਸਾ ਅਸਤੀ ਭਾਤੀ ਪ੍ਰਿਯ ਦੋਵਾਂ ਵਿਚ ਇਕ ਸਮਾਨ ਹੀ ਹਨ।

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥

(ਸੋਹਿਲਾ ਧਨਾਸਰੀ ਮਃ ੧, ਅੰਗ ੧੩)

ਸਰਬ ਜੋਤਿ ਰੂਪੁ ਤੇਰਾ ਦੇਖਿਆ ਸਗਲ ਭਵਨ ਤੇਰੀ ਮਾਇਆ ॥
ਰਾਰੈ ਰੂਪਿ ਨਿਰਾਲਮੁ ਬੈਠਾ ਨਦਰਿ ਕਰੇ ਵਿਚਿ ਛਾਇਆ ॥ ੩ ॥

(ਆਸਾ ਮਃ ੧, ਅੰਗ ੩੫੧)

ਤੈਤਿਰੀ ਉਪਨਿਸ਼ਦ ਦੇ ਉਪਰੋਕਤ ਕਥਿਤ ਮੰਤ੍ਰ ਦੁਆਰਾ ਤੂ=ਤਾਂ ਸਰਵਣ ਦਾ ਪਹਿਲਾ ਹੇਤੂ ਉਪਸੰਹ੍ਰਿਤੀਃ=ਉਪਸੰਹਾਰ ਦਰਸਾਇਆ ਗਿਆ ਹੈ।

(੨) ਅਭਯਾਸ :- (ਤਸਮਾਦ੍+ਵਾ) (ਇਤੀ+ਅਥੋ+ਵਾਕਯਮ) ਯਦਾ (ਹਯੇਵੇਤੀ=ਹੀ+ਏਤ+ਇਤੀ) (ਚਾਪਰਮ੍=ਚ+ਅਪਰਮ੍) ਭੀਸ਼ਾ+ਅਸਮਾਤ+ਇਤੀ+ਅਥੋ+ਅਭਯਾਸੋ=

ਅਥੋ=ਉਪਕ੍ਰਮ-ਉਪਸੰਹਾਰ ਤੋਂ ਬਾਅਦ ਜੋ ਵਾਕਯਮ੍=ਮੰਤ੍ਰ ਰੂਪ ਵਾਕ ਤਸਮਾਦ ਵਾ=

''तस्माद्वा एतस्मादात्मन आकाशः संभूतः''

(तसमाद्+वई) (एतसमाद्+आतमनः) आकाशः संभूतः''

(ਵੱਲੀ ੨, ਵਾਕਯ ੧, ਪੰਗਤੀ ੩)

ਨਿਰਉਪਾਧਿਕ ਆਤਮਨਃ=ਨਿਜ ਸਰੂਪ ਜੋ ਤਸਮਾਤ੍=ਪਰੋਕਸ਼ ਕਹੀਏ ਅਦ੍ਰਿਸ਼ਟ ਹੈ ਵਈ= ਨਿਸ਼ਚਿਤ ਰੂਪ ਨਾਲ ਓਹੀ ਏਤਸਮਾਤ=ਬੁਧੀ ਗਮਯ ਹੋ ਕੇ ਗਿਆਨ ਦੁਆਰਾ ਸਉਪਾਧਿਕ ਆਤਮਾ ਦਿਖਾਈ ਦਿੰਦਾ ਹੈ। ਐਸੇ ਚਿਦਾਕਾਸ਼ ਰੂਪ ਬ੍ਰਹਮਆਤਮਾ ਤੋਂ ਹੀ ਆਕਾਸ਼ :=ਭੂਤਾਕਾਸ਼ ਵਾ ਮਹਾਕਾਸ਼ ਸੰਭੂਤ :=ਪ੍ਰਗਟ ਹੋਇਆ ਹੈ। ਭਾਵ ਨਿਰਉਪਾਧਿਕ ਕਾਰਣ ਬ੍ਰਹਮ ਨੇ ਮਾਯਾ ਰੂਪ ਉਪਾਧੀ ਦੁਆਰਾ ਸਉਪਾਧਿਕ ਈਸ਼ਵਰ ਸਰੂਪ ਧਾਰਣ ਕਰਕੇ ਆਕਾਸ਼ ਆਦਿ ਭੂਤਾਂ ਵਾ ਤੱਤਾਂ ਦੀ ਰਚਨਾ ਕੀਤੀ ਹੈ॥

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥ **(ਸਿਰੀਰਾਗੁ ਮਃ ੧, ਅੰਗ ੧੯)**

(੧) ਮਾਇਆ ਵਿਚ ਚੇਤਨ ਬ੍ਰਹਮ ਦਾ ਅਭਾਸ ਪੈਣ ਨਾਲ ਸ਼ੁੱਧ ਈਸ਼ਵਰ ਰੂਪ ਸਤੋ ਅੰਸ਼ ਵਿਚ ਚੇਤਨ ਅਭਾਸ ਤੋਂ ਮਾਇਆ ਸਬਲ ਈਸ਼ਵਰ ਰੂਪ

(੨) ਮਲੀਨ ਸਤੋ ਅੰਸ਼ ਜਿਸ ਵਿਚ ਸਤੋ ਅੰਸ਼ ਤੇ ਰਜੋ ਤੇ ਤਮੋ ਦਾ ਪ੍ਰਭਾਵ ਪੈ ਗਿਆ ਉਸ ਤੋਂ ਅਵਿਦਿਆ ਕਰਕੇ ਜੀਵ ਰੂਪ

ਇਸ ਪ੍ਰਕਾਰ ਸਾਰੀ ਪ੍ਰਕ੍ਰਿਤੀ ਪੈਦਾ ਹੋਈ। ਪ੍ਰਕਿਰਤੀ ਵਿਚ ਜਿਹੜਾ ਭਾਗ ਤਮੋ ਉਸ ਤੋਂ ਅਕਾਸ਼, ਅਕਾਸ਼ ਵਿਚ ਫਿਰ ਪਉਣ (ਹਵਾ), ਪਵਨ ਵਿਚ ਅਗਨੀ, ਅਗਨੀ ਵਿਚ ਪਾਣੀ ਅਤੇ ਪਾਣੀ ਵਿਚ ਧਰਤੀ ਇਸ ਪ੍ਰਕਾਰ ਸਥੂਲ ਭੂਤਾ ਦੀ ਉਤਪਤੀ ਕਹੀ ਗਈ ਹੈ।।

ਇਤੀ=ਇਸ ਉਪਰੋਕਤ ਮੰਤ੍ਰ ਚ=ਔਰ ਅਪਰ=ਦੂਸਰਾ ਮੰਤ੍ਰ ਜੋ :-

''यदा ह्येवैष एतस्मिन्नदृश्येऽनात्म्येऽनिरूक्तेऽनिलयने''

(ਵੱਲੀ ੨, ਵਾਕਯ ੭, ਪੰਗਤੀ ੩, ੪)

''ਯਦਾ (ਹੀ+ਏਵ+ਏਸ਼) (ਏਤਸ੍ਮਿਨ੍+ਅਦ੍ਰਿਸ਼ਯੇ+ਅਨਾਤਮੇ+ਅਨੀਰੁਕਤੇ+ਅਨੀਲਯਨੇ)''

ਯਦਾ=ਜਿਸ ਸਮੇਂ ਉੱਤਮ ਅਧਿਕਾਰੀ (ਮਾਤ੍ਰ ਆਵਰਣ ਦੋਸ਼ ਵਾਲਾ) ਅਦ੍ਰਿਸ਼ਯੇ=ਪਰੋਖ ਵਾ ਜੋ ਦ੍ਰਿਸ਼ਟੀ ਦਾ ਵਿਸ਼ਾ ਨਾ ਬਣੇ, ਅਨਾਤਮੇ=ਅਸੰਗ ਹੋਣ ਕਰਕੇ ਜੋ ਕਿਸੇ ਦਾ ਉਪਾਦਾਨ ਕਾਰਣ ਨਾ ਬਣੇ, ਅਨੀਰੁਕਤੇ=ਜੋ ਸ਼ਬਦ ਵਿਵਹਾਰ ਦੁਆਰਾ ਵਾਕ ਇੰਦ੍ਰੇ ਦਾ ਵਿਸ਼ਾ ਨਾ ਬਣੇ,ਅਤੇ ਅਨੀਲਯਨੇ=ਅਨ-ਅਧਾਰ ਕਹੀਏ ਜਿਸ ਦਾ ਕੋਈ ਅਧਿਸ਼ਠਾਨ ਨਹੀਂ ਏਤਸ੍ਮਿਨ੍=ਇਸ ਬ੍ਰਹਮ ਸਰੂਪ ਦਾ ਬ੍ਰਹਮ ਨੇਸ਼ਟੀ ਬ੍ਰਹਮ ਸ਼੍ਰੋਤੀ ਸਤਿਗੁਰਾਂ ਦੀ ਕਿਰਪਾ ਦੁਆਰਾ ਸਾਕਸ਼ਾਤ ਅਨੁਭਵ ਕਰਦਾ ਹੈ ਫਿਰ ਏਵ=ਨਿਸ਼ਚਿਤ ਰੂਪ ਨਾਲ ਅਪਰੋਖ ਬ੍ਰਹਮ ਗਿਆਨ ਰੂਪ ਹੀ=ਮਾਤ੍ਰ ਸਾਧਨ ਨਾਲ ਆਪਣੇ ਆਤਮਾ ਦੁਆਰਾ ਬ੍ਰਹਮ ਵਿਚ ਅਭੇ ਦਤਾ ਨੂੰ ਪ੍ਰਾਪਤ ਕਰਕੇ ਨਿਜ ਸਰੂਪ ਵਿਚ ਏਸ਼=ਉਹ ਬ੍ਰਹਮ ਵੇਤਾ ਇਸਥਿਤ ਹੋ ਜਾਂਦਾ ਹੈ।।

ਅੰਤਰਿ ਜੋਤਿ ਪਰਗਟੁ ਪਾਸਾਰਾ ॥ ਗੁਰ ਸਾਖੀ ਮਿਟਿਆ ਅੰਧਿਆਰਾ ॥
ਕਮਲੁ ਬਿਗਾਸਿ ਸਦਾ ਸੁਖੁ ਪਾਇਆ ਜੋਤੀ ਜੋਤਿ ਮਿਲਾਵਣਿਆ ॥ ੬ ॥

(ਰਾਗ ਮਾਝ, ਅੰਗ ੧੨੬)

ਹਰਿ ਕੈ ਨਿਕਟਿ ਨਿਕਟਿ ਹਰਿ ਨਿਕਟ ਹੀ ਬਸਤੇ ਤੇ ਹਰਿ ਕੇ ਜਨ ਸਾਧੂ ਹਰਿ ਭਗਾਤ ॥
ਤੇ ਹਰਿ ਕੇ ਜਨ ਹਰਿ ਸਿਉ ਰਲਿ ਮਿਲੇ ਜੈਸੇ ਜਨ ਨਾਨਕ ਸਲਲੈ ਸਲਲ ਮਿਲਾਤਿ ॥ ੨ ॥ ੧ ॥ ੮॥

(ਸਾਰੰਗ ਮਃ ੪, ਅੰਗ ੧੨੦੧)

ਉਪਰੋਕਤ ਕਥਿਤ ਇਤੀ=ਇਸ ਮੰਤ੍ਰ ਤੋਂ ਅਥੋ=ਬਾਦ ਜੋ ਭੀਸ਼ਾ+ਅਸਮਾਤ =

''भीषास्माद्वातः पवते...''

(ਵੱਲੀ ੨, ਵਾਕਯ ੮, ਪੰਗਤੀ ੧)

''(ਭੀਸ਼ਾ+ਅਸਮਾਤ੍+ਵਾਤਃ) ਪਵਤੇ''

ਅਸਮਾਤ੍=ਇਸ ਬ੍ਰਹਮਆਤਮਾ ਦੇ ਭੀਸ਼ਾ=ਭੈ ਵਿਚ ਹੀ ਵਾਤਃ=ਵਾਯੂ ਆਦਿਕ ਤੱਤ ਪਵਤੇ= ਨਿਰੰਤਰ ਚਲਦੇ ਹਨ।

ਭੈ ਵਿਚਿ ਪਵਣੁ ਵਹੈ ਸਦ ਵਾਉ ॥ ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥ ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ ਫਿਰੈ ਸਿਰ ਭਾਰਿ ॥ ਭੈ ਵਿਚਿ ਰਾਜਾਧਰਮੁ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥ ਕੋਹ ਕਰੋੜੀ ਚਲਤ ਨ ਅੰਤੁ ॥

ਭੈ ਵਿਚਿ ਸਿਧ ਬੁਧ ਸੁਰ ਨਾਥ ॥ ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥ ਭੈ ਵਿਚਿ ਆਵਹਿ ਜਾਵਹਿ ਪੂਰ ॥
ਸਗਲਿਆ ਭਉ ਲਿਖਿਆ ਸਿਰਿ ਲੇਖੁ ॥ ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥ ੧ ॥

(ਆਸਾ ਵਾਰ ਮਃ ੧, ਅੰਗ ੪੬੪)

ਉਪਰੋਕਤ ਕਥਿਤ ਤੈਤਿਰੀ ਉਪਨਿਸ਼ਦ ਦੇ ਤਿੰਨ ਮੰਤ੍ਰਾਂ ਵਿਚ ਸਰਵਣ ਸਾਧਨ ਦਾ ਦੂਸਰਾ ਹੇਤੂ ਅਭਯਾਸ=ਪੁਨ: ਪੁਨ: ਅਦ੍ਵੈਤ ਬ੍ਰਹਮ ਦਾ ਪਠਨ ਵਾ ਚਿੰਤਨ ਕਥਨ ਕੀਤਾ ਗਿਆ ਹੈ॥

(੩) ਅਪੂਰਵਤਾ :- ਯਤੋ+ਵਾਚੋ+ਤੂ+ਅਪੂਰਵਤਾ =

''यतो वाचो निवर्त्तंते अप्राप्य मनसा सह''

(ਵੱਲੀ ੨, ਵਾਕਯ ੪, ਪੰਗਤੀ ੧)

''ਯਤੋ ਵਾਚੋ ਨਿਵਰਤੰਤੇ ਅਪ੍ਰਾਪਯ ਮਨਸਾ ਸਹ''

ਮਨਸਾ=ਮਨ ਕਹੀਏ ਸੰਕਲਪ-ਵਿਕਲਪ ਰੂਪ ਬਿਰਤੀ ਸਹ=ਸਹਿਤ ਵਾਚੋ=ਵਾਕ ਆਦਿ ਸਮਸਤ ਇੰਦ੍ਰੀਆਂ ਦੀ ਯਤੋ=ਜਿਸ ਬ੍ਰਹਮਆਤਮਾ ਨੂੰ ਵਿਸ਼ੇ ਕਰਨ ਰੂਪ ਅਪ੍ਰਾਪਯ=ਪ੍ਰਾਪਤ ਨਹੀਂ ਕਰ ਸਕਦੀਆਂ ਅਤੇ ਨਿਵਰਤੰਤੇ=ਆਪਣੇ ਵਯਪਾਰ ਨੂੰ ਛੱਡ ਦਿੰਦੀਆਂ ਭਾਵ ਬ੍ਰਹਮਆਤਮਾ ਅਤਿਅੰਤ ਸੂਖਮ ਹੈ ਇਸ ਲਈ ਇੰਦ੍ਰੇ, ਮਨ ਆਦਿ ਜੜ ਵਸਤੂਆਂ ਸਥੂਲ ਵਸਤੂ ਨੂੰ ਵਿਸ਼ੇ ਕਰ ਸਕਦੀਆਂ ਪਰੰਤੂ ਸੂਖਮ ਵਸਤੂ ਵਿਚ ਗਮਤਾ ਨਹੀਂ ਹੁੰਦੀ॥

ਮੇਰੇ ਮਨ ਅਗਮ ਅਗੋਚਰ ॥ ਕਤ ਪਾਈਐ ਪੂਰਨ ਪਰਮੇਸਰ ॥ ੧ ॥ ਰਹਾਉ ॥

(ਸੂਹੀ ਮਃ ੫, ਅੰਗ ੭੫੬)

ਸੰਸਾਰੈ ਮਹਿ ਸਹਸਾ ਬਿਆਪੈ ॥ ਅਕਥ ਕਥਾ ਅਗੋਚਰ ਨਹੀ ਜਾਪੈ ॥

(ਮਾਰੂ ਮਃ ੫, ਅੰਗ ੧੦੧੬)

ਇਸ ਉਪਰੋਕਤ ਤੈਤਿਰੀ ਉਪਨਿਸ਼ਦ ਦੇ ਮੰਤ੍ਰ ਦੁਆਰਾ ਅੰਤਰ ਤੇ ਬਾਹਯ ਇੰਦ੍ਰੇ ਅਤੇ ਇੰਦ੍ਰੇ ਜਨਯ ਪ੍ਰਤੱਖ ਪ੍ਰਮਾਣ ਆਦਿ ਦੀ ਬ੍ਰਹਮ ਆਤਮਾ ਵਿਚ ਆਗਮ ਪ੍ਰਮਾਣ ਰੂਪ ਬ੍ਰਹਮ ਨੇਸ਼ਟੀ ਬ੍ਰਹਮ ਸ਼੍ਰੋਤੀ ਸਤਿਗੁਰਾਂ ਦੇ ਉਪਦੇਸ਼ ਤੋਂ ਬਿਨਾਂ ਵਾ ਪੂਰਵਤਾ ਕਹੀਏ ਪਹਿਲਾਂ ਜੋ ਅ=ਅਵਿਸ਼ਯਤਾ, ਅਗਮਤਾ ਇਹ ਤੂ=ਤਾਂ ਤਾਤਪਰਯ ਨਿਰਣਾਯਕ ਸਰਵਣ ਸਾਧਨ ਦਾ ਤੀਸਰਾ ਹੇਤੂ ਵਾ ਅੰਗ ਅਪੂਰਵਤਾ ਕਥਨ ਕੀਤੀ ਗਈ ਹੈ॥

(੪) ਫਲ :- (ਸੋ+ਅਸ਼ਨੁਤੇ+ਬ੍ਰਹਮਣਾ+ਕਾਮਾਨ੍) (ਸਹ ਇਤਯਾਦੀ+ਫਲਮ੍+ਸ਼੍ਰੂਤਮ =

''सोऽश्नुते सर्वान कामान् सह ब्रह्मणा विपश्चिता''

(ਵੱਲੀ ੨, ਵਾਕਯ ੧, ਪੰਗਤੀ ੨)

''(ਸੋ+ਅਸ਼ਨੁਤੇ) ਸਰਵਾਨ ਕਾਮਾਨ੍ ਸਹ ਬ੍ਰਹਮਣਾ ਵਿਪਸ਼੍ਚਿਤਾ''

ਵਿਪਸ੍ਚਿਤਾ=ਵਿਗਿਆਨ ਸਰੂਪ ਚੇਤਨ ਬ੍ਰਹਮਣਾ=ਬ੍ਰਹਮ ਦੇ ਵਿਸ਼ੇਸ਼ ਰਹੱਸ ਨੂੰ ਜਾਨਣ ਦੇ ਸਹ=ਨਾਲ, ਸਹਿਤ ਅਭੇਦਤਾ ਨੂੰ ਅਸ਼ਨੁਤੇ=ਪ੍ਰਾਪਤ ਸੋ=ਉਹ ਬ੍ਰਹਮ ਵੇਤਾ ਸਰਵਾਨ=ਸਮਸਤ ਕਾਮਾਨ੍=ਕਾਮਨਾ ਕਹੀਏ ਇੱਛਿਤ, ਵਾਂਛਿਤ ਕਾਮਨਾ ਵਿਸ਼ਯਭੂਤ ਪਦਾਰਥਾਂ ਨੂੰ ਮਾਤ੍ਰ ਸੰਕਲਪ ਨਾਲ ਹੀ ਭੋਗ ਲੈਂਦਾ ਹੈ॥

ਸਗਲ ਇਛ ਮੇਰੀ ਪੁੰਨੀਆ ਮਿਲਿਆ ਨਿਰੰਜਨ ਰਾਇ ਜੀਉ ॥
ਅਨਦੁ ਭਇਆ ਵਡਭਾਗੀਹੋ ਗ੍ਰਿਹਿ ਪ੍ਰਗਟੇ ਪ੍ਰਭ ਆਇ ਜੀਉ ॥

(ਰਾਮਕਲੀ ਮਃ ੫, ਅੰਗ ੯੨੭)

ਪ੍ਰਭੁ ਅਬਿਨਾਸੀ ਹਉ ਤਿਸ ਕੀ ਦਾਸੀ ਮਰੈ ਨ ਆਵੈ ਜਾਏ ॥
ਧਰਮ ਅਰਥ ਕਾਮ ਸਭਿ ਪੂਰਨ ਮਨਿ ਚਿੰਦੀ ਇਛ ਪੁਜਾਏ ॥

(ਸੂਹੀ ਮਃ ੫, ਅੰਗ ੭੮੫)

ਇਤਯਾਦੀ=ਆਦਿਕ ਮੰਤ੍ਰਾ ਦੁਆਰਾ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਕੇ ਸਰਬ ਇੱਛਾਵਾਂ ਦੀ ਪੂਰਤੀ ਰੂਪ ਤਾਤਪਰਯ ਨਿਰਣਾਯਕ ਸਰਵਣ ਸਾਧਨ ਦਾ ਚੌਥਾ ਹੇਤੂ ਵਾ ਅੰਗ ਫਲ=ਪ੍ਰਯੋਜਨ ਕਥਨ ਕੀਤਾ ਗਿਆ ਹੈ॥

अर्थवादोंऽतरं कुर्यादुदरं भेदनिंदनम्।
गायन्नास्ते हि सामैतदित्यादिर्विदुषःस्तुतिः॥३॥

(ਅਰਥਵਾਦੋ+ਅੰਤਰਮ) (ਕੁਰਯਾਦ+ਉਦਰਮ) (ਭੇਦ+ਨਿੰਦਨਮ੍)।

(ਗਯਾਨ੍+ਨਾਸਤੇ) ਹੀ (ਸਾਮ+ਏਤਤ੍+ਇਤਯਾਦੀ+ਵਿਦੁਸ਼ :) ਸਤੁਤੀ : ॥ ੩ ॥

(੫) ਅਰਥਵਾਦ :-

''यदुदरमंतरं कुरूते। अथ तस्य भयं भवति।''

(ਵੱਲੀ ੨, ਵਾਕਯ ੭, ਪੰਗਤੀ ੪)

''ਯਦ+ਉਦਰਮ੍+ਅੰਤਰਮ੍ ਕੁਰੂਤੇ। ਅਥ ਤਸਯ ਭਯਮ੍ ਭਵਤੀ''

ਯਦ=ਜੋ ਸੰਸਾਰਿਕ ਪ੍ਰਾਣੀ ਅਖੰਡ ਬ੍ਰਹਮ ਰੂਪ ਉਦਰਮ੍=ਪੇਟ ਵਿਚ ਅੰਤਰਮ੍=ਭੇਦ ਦੀ ਕਲਪਨਾ ਕੁਰੂਤੇ=ਕਰਦਾ ਹੈ। ਭੇਦ ਕਲਪਨਾ ਰੂਪ ਸੰਸਕਾਰਾਂ ਦੇ ਦ੍ਰਿੜ ਹੋਣ ਤੋਂ ਅਥ=ਬਾਦ, ਅਨੰਤਰ ਤਸਯ=ਉਸ ਅਗਿਆਨੀ ਜੀਵ ਨੂੰ ਭਯਮ੍=ਡਰ ਉਪਸਥਿਤ ਭਵਤੀ=ਹੁੰਦਾ ਹੈ।

ਡਰਿ ਡਰਿ ਮਰਤੇ ਜਬ ਜਾਨੀਐ ਦੂਰਿ॥ ਡਰੁ ਚੂਕਾ ਦੇਖਿਆ ਭਰਪੂਰਿ॥ ੧॥

(ਗਉੜੀ ਮਃ ੫, ਅੰਗ ੧੮੬)

ਇੰਦ੍ ਇੰਦ੍ਰਾਸਣਿ ਬੈਠੇ ਜਮ ਕਾ ਭਉ ਪਾਵਹਿ ॥ ਜਮੁ ਨ ਛੋਡੈ ਬਹੁ ਕਰਮ ਕਮਾਵਹਿ ॥

(ਮਾਰੂ ਸੋਲਹੇ ਮਃ ੩, ਅੰਗ ੧੦੫੦)

ਇਸ ਉਪਰੋਕਤ ਤੈਤਿਰੀ ਉਪਨਿਸ਼ਦ ਦੇ ਮੰਤ੍ਰ ਦੁਆਰਾ ਭੇਦ ਗਿਆਨ ਦੀ ਨਿੰਦਾ ਅਤੇ ਅਭੇਦ ਦੀ ਕੀਰਤੀ ਕੀਤੀ ਗਈ ਹੈ ਅਤੇ :-

(ਗਾਯਨ+ਨਾਸਤੇ) ਹੀ (ਸਾਮ+ਏਤਤ੍+ਇਤਯਾਦੀ+ਵਿਦੁਸ਼ਃ) ਸਤੁਤੀ :-

''गायन्नासते हि तत्सामः अहमन्नमहमन्नहमन्नम।
अहमन्नादोऽहमन्नादोऽहमन्नादः'' (ਵੱਲੀ ੩, ਵਾਕਯ ੫, ੬)

''(ਗਾਯਨ + ਅਸਤੇ) ਹੀ (ਤਤ੍ + ਸਾਮਃ) (ਅਹਮ੍ + ਅੰਨ੍ਨਮ + ਅਹਮ + ਅੰਨ੍ਨਮ੍ + ਅਹਮ + ਅੰਨ੍ਨਮ੍)।

(ਅਹਮ + ਅੰਨ੍ਨਾਦਃ + ਅਹਮ + ਅੰਨ੍ਨਾਦਃ + ਅਹਮ + ਅੰਨ੍ਨਾਦਃ)'' ॥

ਅਦ੍ਵੈਤ ਬ੍ਰਹਮ ਵਿਸ਼ਯਕ ਸਾਮ := ਸਾਮਵੇਦ ਆਦਿ ਹੋਰ ਵੇਦਾਂ ਦੇ ਮੰਤ੍ਰਾਂ ਦਾ ਗਾਯਨ=ਮਧੁਰ ਸੰਗੀਤਾਮਕ ਕੀਰਤੀ ਵਿਚ ਅਸਤੇ=ਸਥਿਤ ਹੋਣ ਨਾਲ ਪ੍ਰੇਮਾ ਭਗਤੀ ਦੁਆਰਾ ਸਾਮਃ (ਸ+ਅਮਃ) = ਸ ਕਹੀਏ ਉਹ ਬ੍ਰਹਮ ਆਤਮਾ ਅਮਃ=ਪ੍ਰਾਪਤ ਹੁੰਦਾ ਹੈ।

ਗਾਵਤ ਗਾਵਤ ਪਰਮ ਗਤਿ ਪਾਈ ॥ ਗੁਰ ਪ੍ਰਸਾਦਿ ਨਾਨਕ ਲਿਵ ਲਾਈ ॥ ੪ ॥ ੨੦ ॥ ੩੧ ॥

(ਰਾਮਕਲੀ ਮਃ ੫, ਅੰਗ ੮੯੨)

ਗੁਣ ਗਾਵਤ ਹੋਵਤ ਪਰਗਾਸੁ ॥ ਚਰਨ ਕਮਲ ਮਹਿ ਹੋਇ ਨਿਵਾਸੁ ॥ ੧ ॥

(ਰਾਮਕਲੀ ਮਃ ੫, ਅੰਗ ੯੦੧)

ਹੰਕਾਰ ਤੋਂ ਰਹਿਤ ਹੋ ਕੇ ਆਤਮ ਗਿਆਨੀ ਪੁਰਸ਼ ਸਰਵਰੂਪ ਹੋਣ ਕਰਕੇ ਇਸ ਪ੍ਰਕਾਰ ਅਨੁਭਵ ਕਰਦਾ ਹੈ ਕਿ ਅਹਮ=ਮੈਂ (ਬ੍ਰਹਮ ਤੋਂ ਅਭਿੰਨ ਆਤਮਾ) ਅਨ੍ਨਮ੍=ਅੰਨ, ਭੋਜਨ ਰੂਪ ਹਾਂ। ਅਹਮ=ਮੈਂ ਅਨਨ੍ਮ=ਅੰਨ ਹਾਂ! ਅਹਮ=ਮੈਂ ਅੰਨ ਹਾਂ ਭਾਵ ਸਮਸਤ ਭੋਗਯ ਕਹੀਏ ਪਦਾਰਥ,ਵਸਤੂਆਂ ਜੋ ਸੰਤੁਸ਼ਟੀ ਵਾ ਤ੍ਰਿਪਤੀ ਦਾ ਸਾਧਨ ਹਨ ਸੋ ਮੈਂ ਹੀ ਹਾਂ। ਮੇਰੇ ਤੋਂ ਭਿੰਨ ਨਹੀਂ ਅਤੇ ਅਹਮ=ਮੈਂ ਹੀ ਅੰਨ੍ਨਾਦਃ= ਅੰਨ ਆਦਿ ਪਦਾਰਥਾਂ ਦਾ ਭੋਗਤਾ (ਭੋਗਣ ਵਾਲਾ ਹਾਂ) ! ਅਹਮ=ਮੈਂ ਹੀ ਅੰਨ੍ਨਾਦਃ=ਭੋਗਤਾ ਹਾਂ ! ਅਹਮ=ਮੈਂ ਹੀ ਅੰਨਨਾਦ=ਭੋਗਤਾ ਹਾਂ ਤਿੰਨ ਵਾਰ ਕਹਿ ਕੇ ਨਿਸ਼ਚਾ ਪ੍ਰਗਟ ਕੀਤਾ ਹੈ।

ਆਪੇ ਵਰਤੈ ਅਵਰੁ ਨ ਕੋਈ ॥ ਓਤਿ ਪੋਤਿ ਜਗੁ ਰਹਿਆ ਪਰੋਈ ॥

(ਬਿਲਾਵਲੁ ਸਤ ਵਾਰ ਮਃ ੩, ਅੰਗ ੮੪੧)

ਸਭੁ ਆਤਮ ਰਾਮੁ ਪਛਾਣਿਆ ਤਾਂ ਇਕੁ ਰਵਿਆ ਇਕੋ ਓਤਿ ਪੋਤਿ ॥
ਇਕੁ ਦੇਖਿਆ ਇਕੁ ਮੰਨਿਆ ਇਕੋ ਸੁਣਿਆ ਸ੍ਰਵਣ ਸਰੋਤਿ ॥

(ਗਉੜੀ ਵਾਰ ਮਃ ੪, ਅੰਗ ੩੧੦)

ਉਪਰੋਕਤ ਕਥਿਤ ਅਤੇ ਇਸ ਤੋਂ ਇਤਯਾਦੀ=ਆਦਿਕ ਹੋਰ ਮੰਤ੍ਰਾਂ ਦੁਆਰਾ ਤੈਤਿਰੀ ਉਪਨਿਸ਼ਦ ਵਿਚ ਵਿਦੁਸ਼ := ਵਿਦਵਾਨ ਕਹੀਏ ਆਤਮਾ ਬ੍ਰਹਮ ਦੀ ਅਭੇਦਤਾ ਨੂੰ ਵਿਦ=ਜਾਨਣ ਵਾਨ=ਵਾਲੇ ਸਤ ਪੁਰਸ਼ਾਂ ਦੀ ਸਤੂਤੀ := ਕੀਰਤੀ ਰੂਪ ਤਾਤਪਰਯ ਨਿਰਣਾਯਕ ਸਰਵਣ ਸਾਧਨ ਦਾ ਪੰਜਵਾਂ ਹੇਤੂ ਅਰਥਵਾਦ=ਸਤੁਤੀ-ਨਿੰਦਾ ਰੂਪ ਵਖਿਆਣ ਪਰਗਟ ਕੀਤਾ ਗਿਆ ਹੈ ॥

यतो भूतानि जायंते तत्सृष्टवेत्यादितोंऽतिमम्।
तैत्तिरीयश्रुतेर्भाव एवेमैरिष्यतेऽद्वये॥ ४॥
ਯਤੋ ਭੂਤਾਨੀ ਜਾਯੰਤੇ (ਤਤ੍+ਸ੍ਰਿਸਟ੍ਵਾ+ਇਤਯਾਦੀ+ਤੋ+ਅੰਤੀਮਮ੍)।
(ਤੈਤਿਰੀਯ+ਸ਼੍ਰੁਤੇਃ+ਭਾਵ) (ਏਵ+ਈਮਈਃ+ਈਸ਼ਯਤੇ+ਅਦ੍ਵਯੇ) ॥੪ ॥

(੬) :- ਉਪਪਤੀ :-

''यतो वा इमानि भूतानि जायंते''
''ਯਤੋ ਵਾ ਈਮਾਨੀ ਭੂਤਾਨੀ ਜਾਯੰਤੇ'' (ਵੱਲੀ ੩, ਅਨੁਵਾਕ ੧)

ਯਤੋ=ਜਿਸ ਬ੍ਰਹਮ ਆਤਮਾ ਤੋਂ ਵਾ=ਨਿਸ਼ਚਿਤ ਰੂਪ ਨਾਲ ਈਮਾਨੀ=ਇਹ ਭੂਤਾਨੀ=ਪੰਜ ਭੌਤਿਕ ਪ੍ਰਾਣੀ ਅਤੇ ਪੰਜ ਤੱਤ ਜਾਯੰਤੇ=ਪੈਦਾ ਵਾ ਉਤਪਤ ਹੁੰਦੇ ਹਨ।

''ततसृष्टवा तदेवानुप्राविशत्''

''(तत+सृिश्रट्वा) (तद्+एवा+अनुप्राविशत्)''

(ਵੱਲੀ ੨, ਅਨੁਵਾਕ ੬)

ਤਤ=ਉਨ੍ਹਾਂ ਭੂਤ ਅਤੇ ਭੂਤਾਂ (ਤੱਤਾਂ) ਦੇ ਕਾਰਯ ਸਰੀਰ ਆਦਿਕਾਂ ਨੂੰ ਸ੍ਰਿਸ਼ਟ੍ਵਾ=ਸਿਰਜ ਕੇ ਵਾ ਰਚ ਕੇ ਤਦ੍=ਉਨ੍ਹਾਂ ਦੇ ਵਿਚ ਏਵਾ=ਹੀ ਸੋ ਬ੍ਰਹਮ ਆਤਮਾ ਅਨੁਪ੍ਰਾਵਿਸ਼ਤ=ਪ੍ਰਵਿਸ਼ਟ ਕਹੀਏ ਪ੍ਰਵੇਸ਼ ਕਰਦਾ ਹੈ। ਇਤਯਾਦੀ=ਇਸ ਤੋਂ ਆਦਿਕ ਹੋਰ ਮੰਤ੍ਰਾਂ ਵਿਚ ਕਾਰਯ-ਕਰਣ ਦੇ ਅਭੇਦ ਬੋਧਕ ਵਾਕਾਂ ਦੁਆਰਾ ਤੋ=ਤਾਂ ਸਰਵਣ ਦਾ ਅੰਤਿਮਮ੍=ਅੰਤਿਮ ਕਹੀਏ ਅੰਤ ਵਾਲਾ ਅੰਗ ਉਪਪਤੀ=ਜੁਗਤੀ ਦੁਆਰਾ ਸਿਧਾਂਤ ਦਾ ਵਰਣਨ ਕੀਤਾ ਗਿਆ ਹੈ॥

ਵਾਸਤਵ ਵਿਚ ਅਨਾਦੀ ਸ਼ੁੱਧ ਬ੍ਰਹਮ ਵਿਚ ਅਨਾਦੀ ਕਲਪਿਤ ਪ੍ਰਕਿਰਤੀ ਹੈ ਅਤੇ ਤਿਸ ਪ੍ਰਕਿਰਤੀ ਦਾ ਬ੍ਰਹਮ ਨਾਲ ਅਨਾਦੀ ਕਲਪਿਤ ਤਦਾਤਮਯ ਸੰਬੰਧ ਕਹੀਏ ਕਲਪਿਤ ਭੇਦ ਸਹਿਤ ਵਾਸਤਵਿਕ ਅਭੇਦ ਰੂਪ ਸੰਬੰਧ ਹੈ। ਜਦੋਂ ਮਾਇਆ ਕਲਪਿਤ ਹੈ ਤਾਂ ਇਸ ਦੇ ਦੁਆਰਾ ਸਿਰਜੀ ਸ੍ਰਿਸ਼ਟੀ ਵੀ ਕਲਪਨਾ ਮਾਤ੍ਰ ਹੀ ਹੈ। ਪਰੰਤੂ ਸ਼ਾਸਤ੍ਰਾਂ ਵਿਚ ਅਗਿਆਨੀ ਜੀਵ ਨੂੰ ਉਪਦੇਸ਼ ਦੇਣ ਲਈ ਵਿਵਧ ਕਲਪਨਾ ਸਰੂਪ ਜੁਗਤੀਆਂ ਨਾਲ ਦ੍ਵੈਤ ਦੇ ਗਿਆਨ ਦੁਆਰਾ ਅਦ੍ਵੈਤ ਦਾ ਨਿਸ਼ਚਾ ਕਰਵਾਇਆ ਜਾਂਦਾ ਹੈ ਕਿੰਤੂ ਵਾਸਤਵ ਵਿਚ ਕੋਈ ਵੀ ਵਸਤੂ ਅਦ੍ਵੈਤ ਬ੍ਰਹਮ ਤੋਂ ਭਿੰਨ ਨਹੀਂ।

ਸਰਬ ਜੋਤਿ ਤੇਰੀ ਪਸਰਿ ਰਹੀ ॥ ਜਹ ਜਹ ਦੇਖਾ ਤਹ ਨਰਹਰੀ ॥ ੧ ॥

(ਰਾਮਕਲੀ ਮਃ ੧, ਅੰਗ ੮੭੭)

ਏਕ ਅਨੇਕ ਬਿਆਪਕ ਪੂਰਕ ਜਤ ਦੇਖਉ ਤਤ ਸੋਈ ॥
ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ ॥ ੧ ॥

(ਆਸਾ ਭ: ਨਾਮਦੇਵ, ਅੰਗ ੪੮੫)

ਕਹਤ ਨਾਮਦੇਉ ਹਰਿ ਕੀ ਰਚਨਾ ਦੇਖਹੁ ਰਿਦੈ ਬੀਚਾਰੀ ॥
ਘਟ ਘਟ ਅੰਤਰਿ ਸਰਬ ਨਿਰੰਤਰਿ ਕੇਵਲ ਏਕ ਮੁਰਾਰੀ ॥ ੪ ॥ ੧ ॥

(ਆਸਾ ਭ: ਨਾਮਦੇਵ, ਅੰਗ ੪੮੫)

ਈਮਈ:=ਇਨ੍ਹਾਂ ਸਰਵਣ ਸਾਧਨ ਦੇ ਖਟ ਲਿੰਗਾਂ ਵਾ ਹੇਤੂਆਂ ਦੁਆਰਾ ਤੈਤਿਰੀਯ=ਤੈਤਿਰੀ ਉਪਨਿਸ਼ਦ ਦੇ ਮੰਤ੍ਰਾਂ ਦਾ ਸ਼੍ਰੁਤੇ:=ਗੁਰੂ ਪਰੰਪਰਾ ਰੀਤ ਦੁਆਰਾ ਵੇਦਾਂ ਦੀਆਂ ਪੰਕਤੀਆਂ ਦਾ ਸ਼ੋ੍ਰਤ੍ਰ ਇੰਦ੍ਰੇ ਵਾ ਸ਼ਰਧਾ ਵਿਸ਼ਵਾਸ ਦੇ ਕੰਨਾਂ ਦੁਆਰਾ ਸਰਵਣ ਕਰਨ ਨਾਲ ਇਨ੍ਹਾਂ ਮੰਤ੍ਰਾਂ ਦਾ ਅਦ੍ਵਯੇ=ਅਦੁੱਤੀ ਬ੍ਰਹਮ ਵਿਚ ਭਾਵੇ=ਭਾਵਅਰਥ ਵਾ ਤਾਤਪਰਯ ਈਸ਼ਯਤੇ=ਨਿਰਧਾਰਿਤ, ਨਿਰਣਿਤ ਹੁੰਦਾ ਹੈ॥

इति श्री तैत्तिरीयोपनिल्लि कीर्तनम् नामाष्टमं प्रकरणं समाप्तम्॥ ८॥

ਇਤੀ ਸ਼੍ਰੀ ਤੈਤਿਰੀਯ ਉਪਨਿਸ਼ਦ੍ ਲਿੰਗ ਕੀਰਤਨਮ੍ ਨਾਮ
ਅਸ਼ਟਮਮ੍ ਪ੍ਰਕਰਣਮ੍ ਸਮਾਪਤਮ੍॥ ੮ ॥

ਸ਼੍ਰੀ=ਸੁਭਾਇਮਾਨ ਤੈਤਿਰੀਯ ਉਪਨਿਸ਼ਦ ਦੇ ਮੰਤ੍ਰਾਂ ਦੁਆਰਾ ਸਰਵਣ ਸਾਧਨ ਦੇ ਖਟ ਲਿੰਗ=ਚਿੰਨ੍ਹ, ਅੰਗ ਵਾ ਹੇਤੂਆਂ ਦੇ ਕੀਰਤਨਮ੍=ਵਖਿਆਣ, ਕਥਨ ਵਾਲਾ ਅਸ਼ਟਮਮ੍=ਅੱਠਵਾਂ ਪ੍ਰਕਰਣ=ਪ੍ਰਸੰਗ ਇਤੀ=ਸੰਪੂਰਨ ਹੁੰਦਾ ਹੈ॥

☆☆☆

॥ अथैतरेयोपनिषल्लिंगकीर्त्तनम्॥१॥

॥ ਅਥ+ਏਤਰੇਯੋ+ਉਪਨਿਸ਼ਦ੍+ਲਿੰਗ+ਕੀਰਤਨਮ੍ ॥੧॥

ਅਥ=ਹੁਣ ਰਿਗ ਵੇਦ ਦੀ ਏਤਰੇਯੋ ਉਪਨਿਸ਼ਦ ਦੇ ਮੰਤ੍ਰਾਂ ਦੁਆਰਾ ਤਾਤਪਰਯ ਨਿਰਣਾਯਕ ਸਰਵਣ ਸਾਧਨ ਦੇ ਖਟ ਲਿੰਗ=ਚਿੰਨ੍ਹ, ਅੰਗ ਵਾ ਹੇਤੂਆਂ ਨੂੰ ਕੀਰਤਨਮ=ਅਭੀਵਯਕਤ ਕਹੀਏ ਪ੍ਰਗਟ ਕਰਕੇ ਕਥਨ ਕਰਦੇ ਹਨ।

आत्मा वा इत्युपक्रम्योपसंहारस्तु चांतिमे।
प्रज्ञानं ब्रह्म वाक्येन महतोक्तो हि धीधनैः॥१॥
ਆਤਮਾ ਵਾ (ਇਤੀ+ਉਪਕ੍ਰਮਯ+ਉਪਸੰਹਾਰ+ਤੂ) (ਚ+ਅੰਤੀਮੇ)।
ਪ੍ਰਗਯਾਨਮ੍ ਬ੍ਰਹਮ ਵਾਕਯੇਨ (ਮਹਤ+ਉਕਤੋ) ਹੀ (ਧੀ+ਧਨਈਃ)॥ ੧॥

(੧) ਉਪਕ੍ਰਮ-ਉਪਸੰਹਾਰ :-

''आत्मा वा इदमेक एवाग्र आसीत्''

(ਅਧਿਆਏ ੧, ਖੰਡ ੧, ਵਾਕਯ ੧)

''ਆਤਮਾ ਵਾ (ਇਦਮ੍+ਏਕ) (ਏਵ+ਅਗ੍ਰ) ਆਸੀਤ''

ਨਾਮ-ਰੂਪ ਅਤੇ ਕਰਮ ਦੇ ਭੇਦ ਨਾਲ ਵਿਵਿਧ ਰੂਪ ਪ੍ਰਤੀਤ ਹੋਣ ਵਾਲਾ ਜਗਤ ਵਾ ਸੰਸਾਰ ਦੀ ਸ੍ਰਿਸ਼ਟੀ ਕਹੀਏ ਰਚਨਾ ਤੋਂ ਅਗ੍ਰ=ਪੂਰਵ ਇਦਮ੍=ਇਹ ਸਰਵ ਸ੍ਰੇਸ਼ਟ, ਸਰਵੱਗਯ, ਸਰਵ ਸ਼ਕਤੀਮਾਨ ਆਤਮਾ=ਨਿਜ ਸਰੂਪ ਵਾ=ਨਿਸ਼ਚਿਤ ਰੂਪ ਨਾਲ ਸੰਸਾਰਿਕ ਧਰਮਾਂ ਤੋਂ ਰਹਿਤ, ਨਿੱਤਯ ਸ਼ੁੱਧ ਏਕ=ਇੱਕ ਮਾਤ੍ਰ ਸਚਿਦਾਨੰਦ ਰੂਪ ਆਤਮਾ ਏਵ=ਹੀ ਆਸੀਤ=ਸੀ। ਭਾਵ ਜਗਤ ਇਕ ਮਾਤ੍ਰ ਅਦ੍ਵੈਤ ਸਰੂਪ ਸੀ ਅਤੇ ਇਸ ਤੋਂ ਭਿੰਨ ਕੋਈ ਸਕ੍ਰਿਅ ਵਸਤੂ ਨਹੀਂ ਸੀ।

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ ॥ ੧ ॥

(ਮਾਰੂ ਸੋਲਹੇ ਮਃ ੧, ਅੰਗ ੧੦੩੬)

ਇਸ ਉਪਰੋਕਤ ਮੰਤ੍ਰ ਅਤੇ ਏਤਰਯੋ ਉਪਨਿਸ਼ਦ ਦੇ ਹੋਰ ਸਜਾਤੀ ਇਤੀ=ਇਤਿਆਦਿਕ ਮੰਤ੍ਰਾਂ ਦੁਆਰਾ ਸਰਵਣ ਦਾ ਪਹਿਲਾ ਹੇਤੂ ਵਾ ਅੰਗ ਅਦ੍ਵੈਤ ਬ੍ਰਹਮ ਦੇ ਪ੍ਰਕਰਣ ਦਾ ਉਪਕ੍ਰਮਯ=ਆਰੰਭ ਰੂਪ ਉਪਕ੍ਰਮ ਦਰਸਾਇਆ ਗਿਆ ਹੈ। ਚ=ਔਰ

ਉਪਸੰਹਾਰ :-

''प्रज्ञानं ब्रह्म'' **(ਅਧਿਆਏ ੩, ਖੰਡ ੫, ਵਾਕਯ ੩)**

''ਪ੍ਰਗਯਾਨਮ੍ ਬ੍ਰਹਮ''

ਪ੍ਰਗਯਾਨਾਮ੍=ਪ੍ਰਕ੍ਰਿਸ਼ਟ ਕਹੀਏ ਸ੍ਰੇਸ਼ਟ ਗਿਆਨ ਵਾਲਾ ਚੇਤਨ ਸਰੂਪ ਜੀਵ-ਆਤਮਾ ਵਾ ਪ੍ਰਤਯਕ (ਅੰਤਰ) ਆਤਮਾ ਹੀ ਬ੍ਰਹਮ=ਕਾਰਣ, ਵਿਆਪਕ ਪਰਮੇਸ਼ਰ ਹੈ॥

ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰਹੈ॥ **(ਆਸਾ ਮਃ ੧, ਅੰਗ ੩੫੪)**

ਕਹੁ ਕਬੀਰ ਇਹੁ ਰਾਮ ਕੀ ਅੰਸੁ ॥

ਜਸ ਕਾਗਦ ਪਰ ਮਿਟੈ ਨ ਮੰਸੁ ॥ ੪ ॥ ੨ ॥ ੫ ॥ (ਗੌਂਡ ਭ: ਕਬੀਰ, ਅੰਗ ੮੭੧)

ਰਿਗਵੇਦ ਦੀ ਏਤਰੇਯੋ ਉਪਨਿਸ਼ਦ ਦੇ ਅੰਤੀਮੇ=ਅੰਤਿਮ ਅਧਿਆਏ ਵਿਚ ਇਸ ਉਪਰੋਕਤ ਮਹਤ=ਮਹਾ ਵਾਕਯੇਨ=ਵਾਕ (ਜੀਵ-ਈਸ਼ ਦੀ ਏਕਤਾ ਬੋਧਕ ਵਾਕਯ ਮਹਾ ਵਾਕਯ ਕਹੀਏ ਹੈ।) ਦੁਆਰਾ ਹੀ=ਨਿਸ਼ਚਿਤ ਰੂਪ ਨਾਲ ਧੀ=ਬਿਬੇਕ ਬੁਧੀ ਦੇ ਧਨਈ := ਧੰਨਵਾਨ ਵਿਦਵਾਨਾਂ ਨੇ ਤੂ=ਤਾਂ ਸਰਵਣ ਦਾ ਪਹਿਲਾ ਹੇਤੂ ਉਪਸੰਹਾਰ=ਅਦ੍ਵੈਤ ਬ੍ਰਹਮ ਦੇ ਪ੍ਰਕਰਣ ਦੀ ਸਮਾਪਤੀ ਉਕਤੋ=ਉਚਾਰਨ ਵਾ ਕਥਨ ਕੀਤੀ ਹੈ।

स इमानसृजल्लोकान्स ईक्षते सृजा इति।
तस्मादिदंद्र इल्यादिवाक्यैरभ्यास ईरितः॥ २॥
स (ईमान+असृिजत्+लोकान्+स) ईकछते सृिजा इती।
तसमाद्र+इदंद्र : (इती+आदी+वाकयइी :+अभयास) ईरीतः॥२॥

(੨) ਅਭਯਾਸ :-

''स इमाँल्लोकानसृजत्''

(ਅਧਿਆਏ ੧, ਖੰਡ ੧, ਵਾਕਯ ੨)

''स (ईमान्+लोकान्+असृिजत्)''

ਸ=ਉਸ ਨਿਰਗੁਣ ਨਿਰਉਪਾਧਿਕ ਬ੍ਰਹਮ ਨੇ ਮਾਯਾ ਦੁਆਰਾ ਸਉਪਾਧਿਕ ਈਸ਼ਵਰ ਰੂਪ ਹੋ ਕੇ ਈਮਾਨ੍=ਪ੍ਰਤਯਕਸ਼ ਕਹੀਏ ਪ੍ਰਤੱਖ ਸਰੂਪ ਇਨ੍ਹਾਂ ਚੌਦਾਂ ਲੋਕਾਨ੍=ਲੋਕ ਵਾ ਭੁਵਨ ਨੂੰ ਅਸ੍ਰਿਜਤ੍=ਵਿਸ਼ੇਸ਼ ਕਰਕੇ ਰਚਨਾ ਵਾ ਬਣਾਉਣਾ ਕੀਤਾ।

ਅੰਭ, ਮਰੀਚੀ, ਮਰ ਅਤੇ ਆਪ ਦੇ ਅੰਤਰਗਤ ਚੌਦਾਂ ਲੋਕ ਮੰਨੇ ਹਨ :-

(੧) ਅੰਭ :- ਤਾਰੇ, ਸੂਰਜ,ਦਯੂ ਲੋਕ ਦਯੁਤ ਕਹੀਏ ਪ੍ਰਕਾਸ਼ਮਾਨ ਲੋਕ ਤੋਂ ਪਰੇ ਜਿਸ ਨੂੰ ਅੰਭ ਸ਼ਬਦ ਦੁਆਰਾ ਕਿਹਾ ਜਾਂਦਾ ਹੈ,ਕਿਉਂਕਿ ਅੰਭ=ਜਲ ਸਰੂਪ ਬੱਦਲਾਂ ਨੂੰ ਧਾਰਣ ਕਰਦਾ ਹੈ। ਇਸ ਅੰਭ ਲੋਕ ਦਾ ਦਯੂਲੋਕ ਆਸ਼੍ਰਯ ਹੈ।

ਅੰਭ ਵਿਚ ਪੰਜ ਅਕਾਸ਼ ਮੰਨੇ ਹਨ :-

(੧) ਸ੍ਵਹ (੨) ਮਹ: (੩) ਜਨ: (੪) ਤਪ: (੫) ਸਤਯ

(੨) ਮਰੀਚੀ :- ਦਯੂ ਲੋਕ ਤੋਂ ਹੇਠਾਂ ਜੋ ਅੰਤਰਿਕਸ਼ ਸੋ ਮਰੀਚੀ ਲੋਕ ਹੈ। ਕਿਰਣਾਂ ਨਾਲ ਸੰਬੰਧਿਤ ਹੋਣ ਕਾਰਣ ਇਸ ਦਾ ਨਾਮ ਮਰੀਚੀ ਹੈ। ਇਸ ਵਿਚ (੬) ਭੁਵਰ ਅਕਾਸ਼ ਹੈ।

(੩.) ਮਰ :- ਪ੍ਰਿਥਵੀ ਵਿਚ ਕਿਉਂਕਿ ਪ੍ਰਾਣੀ ਮਰਦੇ ਹਨ ਇਸ ਲਈ ਪ੍ਰਿਥਵੀ ਨੂੰ ਮਰ ਕਿਹਾ ਹੈ। ਇਸ ਨੂੰ (੭) ਭੂਃ ਲੋਕ ਕਿਹਾ ਹੈ।

(੧) ਸ੍ਵਹ (੨) ਮਹ: (੩) ਜਨ: (੪) ਤਪ: (੫) ਸਤਯ (੬) ਭੁਵਰ (੭) ਭੂ: ਇਨ੍ਹਾਂ ਨੂੰ ਸੱਤ ਅਕਾਸ਼ ਕਿਹਾ ਹੈ।

ਸਾਤੋ ਅਕਾਸ ਸਾਤੋ ਪਤਾਰ॥ ਬਿਖਰਿਓ ਅਦ੍ਰਿਸਟ ਜਿਹ ਕਰਮ ਜਾਰਿ॥

(ਸ੍ਰੀ ਦਸਮ ਗ੍ਰੰਥ, ਪੰਨਾ ੩੮)

(੪) ਆਪ :- ਜੋ ਲੋਕ ਪ੍ਰਿਥਵੀ ਤੋਂ ਹੇਠਾਂ ਵੱਲ ਹਨ ਉਨ੍ਹਾਂ ਨੂੰ ਆਪ ਕਿਹਾ ਜਾਂਦਾ ਹੈ। ਭਾਵੇਂ ਕਿ ਸਾਰੇ ਲੋਕ ਪੰਚ ਭੂਤਮਈ ਹਨ ਤਾਂ ਵੀ ਅੰਭ, ਮਰੀਚੀ, ਮਰ ਤੇ ਆਪ - ਇਹ ਸਭ ਆਪ (ਜਲ) ਦੀ ਅਧਿਕਤਾ ਹੋਣ ਕਰਕੇ ਆਪ ਹੀ ਕਹੇ ਜਾਂਦੇ ਹਨ॥ ੨ ॥

ਆਪ ਵਿਚ ਸੱਤ ਪਾਤਾਲ ਮੰਨੇ ਹਨ :-

(੮) ਅਤਲ (੯) ਵਿਤਲ (੧੦) ਸੁਤਲ (੧੧) ਰਸਾਤਲ (੧੨) ਪਾਤਾਲ (੧੩) ਮਹਾਤਲ (੧੪) ਤਲਾਤਲ

ਦੋਹਰਾ : ਅਤਲ ਵਿਤਲ ਔ ਸੁਤਲ ਚਉਥ ਰਸਾਤਲ ਜਾਨ।

ਪਾਤਾਲ ਮਹਾਤਲ ਤਲਾਤਲ ਸਾਤ ਪਤਾਲ ਪਛਾਨ। **(ਛੱਤੀਸ ਗਿਆਨ)**

ਸ ਈਕਸ਼ਤੇ ਸ੍ਰਿਜਾ ਇਤੀ =

''स ईक्षते नु लोका लोकान्नु सृजा इति''

(ਅਧਿਆਏ ੧, ਖੰਡ ੧, ਵਾਕਯ ੩)

''ਸ ਈਕਸ਼ਤੇ ਨੂ ਲੋਕਾ ਲੋਕਾਨ੍ਨੂ ਸ੍ਰਿਜਾ ਇਤੀ''

ਸ=ਉਸ ਪਰਮੇਸ਼ਰ ਨੇ ਆਪਣੀ ਈਕਸ਼ਤੇ=ਇੱਛਾ ਸ਼ਕਤੀ ਕਹੀਏ ਮਾਯਾ ਵਿਚ ਪ੍ਰਤੀਬਿੰਬਿਤ ਹੋ ਕੇ ਨੂ=ਨਿਸ਼ਚਿਤ ਰੂਪ ਨਾਲ ਸਮਸਤ ਲੋਕ=ਸਰੀਰ ਦਾ ਚੌਦਾਂ ਲੋਕ ਵਾ ਕਰਮ ਫਲ ਭੋਗਤਾ ਲੋਕਾਨ੍=ਮਨੁੱਖ ਆਦਿ ਪ੍ਰਾਣੀਆਂ ਦੇ ਨਿਯੰਤਰਕ ਦੇਵਤਿਆਂ ਦੇ ਸਰੀਰ ਵਾ ਸਤੋਮਈ ਵਿਸ਼ਨੂ ਸਰੀਰ, ਰਜੋਮਈ ਬ੍ਰਹਮਾ ਸਰੀਰ ਅਤੇ ਤਮੋਗੁਣੀ ਸ਼ਿਵ ਸਰੂਪ ਦੀ ਸ੍ਰਿਜਾ=ਸਿਰਜਣਾ ਵਾ ਰਚਨਾ ਕਰਾ ਇਤੀ=ਐਸਾ ਸੰਕਲਪ ਕੀਤਾ।

ਆਦਿ ਪੁਰਖੁ ਆਪੇ ਸ੍ਰਿਸਟਿ ਸਾਜੇ॥ ਜੀਅ ਜੰਤ ਮਾਇਆ ਮੋਹਿ ਪਾਜੇ॥

(ਬਿਲਾਵਲੁ ਮਃ ੩, ਅੰਗ ੮੪੩)

ਦੁਯੀ ਕੁਦਰਤਿ ਸਾਜੀਐ ਕਰਿ ਆਸਣ ਡਿਠੋ ਚਾਉ॥

(ਆਸਾ ਵਾਰ ਮਃ ੨, ਅੰਗ ੪੬੩)

ਤਸਮਾਤ੍+ਇਦੰਦ੍ਰ : (ਇਤੀ+ਆਦੀ+ਵਾਕਯਈ:+ਅਭਯਾਸ) ਈਰੀਤ:=

''तस्मादिदंद्रो नाम''

(ਅਧਿਆਏ ੧, ਖੰਡ ੩, ਵਾਕਯ ੧੪)

''ਤਸਮਾਤ੍+ਇਦੰਦ੍ਰ:+ਨਾਮ''

ਤਸਮਾਤ੍=ਜਿਸ ਸ੍ਵੈ-ਇੱਛਾ ਰੂਪ ਕਾਰਣ ਨਾਲ ਦੇਵਤਿਆਂ ਸਹਿਤ ਮਨੁੱਖਾਂ ਨੂੰ ਸਿਰਜਣਾ ਕੀਤਾ ਉਸ ਕਾਰਣ ਕਰਕੇ ਪਰਮੇਸ਼ਰ ਦਾ ਨਾਮ=ਸੰਗਿਆ ਇਦੰਦ੍ਰ:=(ਇਦੰ+ਦ੍ਰ) ਇਦੰ=ਪ੍ਰਤੱਖ ਇਸ ਦ੍ਰ=ਟੇਢੀ ਸ੍ਰਿਸ਼ਟੀ ਨੂੰ ਰਚਨ ਵਾਲਾ ਹੋ ਗਈ। ਇਦੰਦ੍ਰ ਸ਼ਬਦ ਤੋਂ ਹੀ ਇੰਦ੍ਰ ਨਾਮ ਕਰਕੇ ਕਿਹਾ ਜਾਂਦਾ ਹੈ। ਇਤੀ=ਇਤਆਦਿਕ ਏਤਰੇਯੋ ਉਪਨਿਸ਼ਦ ਦੇ ਮੰਤ੍ਰਾਂ ਦੇ ਸਮੁਦਾਯ ਵਿਚ ਇਨ੍ਹਾਂ ਉਪਰੋਕਤ ਤਿੰਨ ਆਦੀ=ਪ੍ਰਥਮ ਵਿਚ ਆਏ ਮੰਤ੍ਰ ਰੂਪ ਵਾਕਯਈ := ਵਾਕਾਂ ਦੁਆਰਾ ਤਾਤਪਰਯ ਨਿਰਣਾਯਕ ਸਰਵਣ ਸਾਧਨ ਦਾ ਦੂਸਰਾ ਹੇਤੂ ਵਾ ਅੰਗ ਅਭਯਾਸ=ਪੁਨ: ਪੁਨ: ਸਿਧਾਂਤ ਦਾ ਚਿੰਤਨ ਵਾ ਪਠਨ ਈਰੀਤ := ਕਥਨ ਕੀਤਾ ਗਿਆ ਹੈ।

स जात इत्यपूर्वत्वं प्रज्ञानेत्रं तदित्यपि।
स एतेनेतिवाक्येन फलं स्पष्टमुदीरितम्॥ ३॥
स जात (इती+अपूरवत्वम्) (प्रगया+नेत्रम्) (तद+इती इतयपी)।
स (एतेन+इती+वाकयेन) फलम् (सपशटम्+उदीरीतम्)॥ ३॥

(੩) ਅਪੂਰਵਤਾ :-

''स जातो भूतान्य भिव्यैख्यत्''

(ਅਧਿਆਏ ੧, ਖੰਡ ੩, ਵਾਕਯ ੧੩)

''स जातो भूतान्य भीवईखयत्''

ਸਰੀਰ ਵਿਚ ਪ੍ਰਵਿਸ਼ਟ ਕਹੀਏ ਪ੍ਰਵੇਸ਼ ਕਰਕੇ ਜੀਵ ਰੂਪ ਨਾਲ ਸ=ਉਸ ਪਰਮੇਸ਼ਰ ਨੇ ਭੂਤਾਨ੍ਸ=ਤੱਤਾਂ ਅਤੇ ਉਨ੍ਹਾਂ ਦੇ ਕਾਰਯ ਨੂੰ ਆਤਮ ਰੂਪ ਕਰਕੇ ਜਾਤੇ=ਜਾਣਿਆ ਅਤੇ ਭੀਵਈਖਯਤ੍=ਵਯਾਕ੍ਰਿਤੇ ਕਹੀਏ ਤਦਾਤਮਯ ਰੂਪ ਨਾਲ ਗ੍ਰਹਣ ਕੀਤਾ।

ਆਪੁ ਆਪ ਤੇ ਜਾਨਿਆ ਤੇਜ ਤੇਜੁ ਸਮਾਨਾ ॥
ਕਹੁ ਕਬੀਰ ਅਬ ਜਾਨਿਆ ਗੋਬਿਦ ਮਨੁ ਮਾਨਾ ॥ ੩ ॥ ੧੧ ॥

(ਬਿਲਾਵਲੁ ਭ: ਕਬੀਰ, ਅੰਗ ੮੫੭)

ਇਤੀ=ਇਸ ਉਪਰੋਕਤ ਮੰਤ੍ਰ ਅਤੇ ਪ੍ਰਗਯਾ ਨੇਤ੍ਰਮ=

''सर्वं तत्प्रज्ञानेत्रं''

(ਅਧਿਆਏ ੩, ਖੰਡ ੫, ਵਾਕਯ ੩)

''सरवम् तत्+प्रगया+नेत्रम्''

ਤਦ੍ (ਤਤ੍) = ਉਹ ਪ੍ਰਗਯਾ=ਪ੍ਰਕ੍ਰਿਸ਼ਟ ਗਿਆਨ ਵਾਲਾ ਬ੍ਰਹਮਆਤਮਾ ਸਰਵਮ੍=ਸਮਸਤ ਚਰਾਚਰ ਵਸਤੂਆਂ ਦਾ ਨੇਤ੍ਰ=ਪ੍ਰਕਾਸ਼ਕ ਹੈ ਭਾਵ ਜੜ-ਚੇਤਨ ਵਸਤੂਆਂ ਪ੍ਰਗਯਾਨ ਕਹੀਏ ਚੇਤਨ ਸਰੂਪ ਦੀ ਸੱਤਾ ਦੁਆਰਾ ਹੀ ਗਿਆਨ ਸ਼ਕਤੀ ਯੁਕਤ ਹਨ ਇਤਯਪੀ=ਇਹ ਮੰਤ੍ਰ ਵੀ ਅਤੇ ਇਤੀ=ਇਤਿਆਦਿਕ ਏਤਰੇਯੋ ਉਪਨਿਸ਼ਦ ਦੇ ਹੋਰ ਮੰਤ੍ਰਾਂ ਵਿਚ ਸਰਵਣ ਸਾਧਨ ਦਾ ਤੀਜਾ ਅੰਗ ਅਪੂਰਵਤ੍ਵਮ=ਅਪੂਰਵਤਾ (ਸਮਸਤ ਭੂਤਾਂ ਦਾ ਪ੍ਰਕਾਸ਼ਕ ਹੋਣ ਕਰਕੇ ਤੱਤਾਂ ਦੀ ਉਸ ਪ੍ਰਕਾਸ਼ਕ ਸੱਤਾ ਵਿਚ ਅਗਮਤਾ ਅਤੇ ਸਾਰੇ ਜਗਤ ਦਾ ਪ੍ਰਕਾਸ਼ਕ ਹੋਣ ਕਰਕੇ ਸ੍ਵੈ-ਪ੍ਰਕਾਸ਼ਤਾ ਰੂਪ ਅਪੂਰਵਤਾ) ਕਥਨ ਕੀਤੀ ਗਈ ਹੈ॥

(੪) ਫਲ :-

ਸ (ਏਤੇਨ+ਇਤੀ+ਵਾਕਯੇਨ) ਫਲਮ੍ (ਸਪਸ਼ਟਮ੍+ਉਦੀਰੀਤਮ੍) =

''स एतेन प्रज्ञेनात्मनाऽस्माल्लोकादुत्क्रम्यामुष्मिन् स्वर्गे
लोके सर्वान्कामानाप्त्वाऽमृतः समभवत् समभवत् इत्योम्।''

(ਅਧਿਆਏ ੩, ਖੰਡ ੫, ਵਾਕਯ ੪)

''स एतेन (प्रगयान्+आतमना+असमात्+लोकात्+उतक्रमय+अमुशमिन्) सवरगे

ਲੋਕੇ (ਸਰਵਾਨ੍+ਕਾਮਾਨ੍+ਆਪਤ੍ਵਾ+ਅਮ੍ਰਿਤਃ) ਸੰਭਵਤ੍ ਸੰਭਵਤ੍ (ਇਤੀ+ਓਮ)।''

ਸ=ਉਹ ਆਤਮ ਗਿਆਨੀ ਪੁਰਸ਼ ਏਤੇਨ=ਅਨੁਭਵ ਵਿਸ਼ਯਭੂਤ ਪ੍ਰਗਯਾਨ=ਵਿਸ਼ੁਧ ਵਿਗਿਆਨ ਸਰੂਪ ਬ੍ਰਹਮ ਤੋਂ ਅਭਿੰਨ ਆਤਮਨਾ=ਆਤਮਾ ਦੇ ਦੁਆਰਾ ਅਸਮਾਤ੍=ਪ੍ਰਤੱਖ ਅਨੁਭਵ ਵਿਸ਼ਯਭੂਤ ਲੋਕਾਤ੍=ਇਸ ਸਰੀਰ ਕਹੀਏ ਭੋਗ ਰੂਪ ਭੂਮੀ ਵਾਲੇ ਲੋਕ ਤੋਂ ਉਪਕ੍ਰਮ=ਛੁੱਟ ਕੇ ਭਾਵ ਸਰੀਰ ਰੂਪ ਬੰਧਨਾਂ ਨੂੰ ਤਿਆਗ ਕੇ ਅਮੁਸ਼ਮਿਨ=ਅਦ੍ਰਿਸ਼ਟ ਸ੍ਵਰਗੇ=ਦਿਬਯ ਸੁੱਖ (ਚਿਰੰਕਾਲ ਪ੍ਰਯੰਤ ਜਿੱਥੇ ਸੁਖ ਦੀ ਅਨੁਭੂਤੀ ਹੋਵੇ) ਦੇ ਅਧਾਰਭੂਤ ਸਵਰਗਲੋਕ ਵਿਚ ਸਰਵਾਨ=ਸਮਸਤ ਕਾਮਾਨ੍=ਕਾਮਨਾ ਵਿਸ਼ਯਭੂਤ (ਇੱਛਾ ਵਿਸ਼ੇ ਦਾ ਸਰੂਪ) ਪਦਾਰਥਾਂ ਦੀ ਆਪਤ੍ਵਾ=ਅਨੁਭਵ ਰੂਪ ਪ੍ਰਾਪਤੀ ਕਰਕੇ ਅਮ੍ਰਿਤਃ=ਮ੍ਰਿਤਯੂ ਲੋਕ ਸੰਸਾਰ ਤੋਂ ਮੁਕਤ ਵਾ ਮ੍ਰਿਤੂ ਰਹਿਤ ਆਤਮਾ ਤੋਂ ਅਭਿੰਨ ਬ੍ਰਹਮ ਸਰੂਪ ਸੰਭਵਤ=ਸੰ ਕਹੀਏ ਭਲੀ ਪ੍ਰਕਾਰ ਅਭੇਦ ਭਵਤ=ਹੋ ਜਾਂਦਾ ਹੈ ਅਥਵਾ ਮੋਕਛ ਦਾ ਸਰੂਪ ਪਰਮਾਨੰਦ ਸੰਭਵਤ=ਭਲੀ ਪ੍ਰਕਾਰ ਹੋ ਜਾਂਦਾ ਹੈ। ਜਿਸ ਅਮ੍ਰਿਤ ਤੱਤ੍ਵ ਦੇ ਦ੍ਰਿੜ ਅਪਰੋਖ ਗਿਆਨ ਦੁਆਰਾ ਅਬਿਨਾਸੀ ਪਦ ਦੀ ਪ੍ਰਾਪਤੀ ਕਰਦਾ ਹੈ ਇਤੀ=ਉਹ ਬ੍ਰਹਮਆਤਮਾ ਓਮ=ਓਮ ਪਦ ਵਾਚਯ ਪਰਮੇਸ਼ਰ ਹੀ ਹੈ।

ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥ ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ॥

(ਗਉੜੀ ਸੁਖਮਨੀ ਮਃ ੫, ਅੰਗ ੨੭੪)

ਇਤੀ=ਇਤਿਆਦਿਕ ਏਤਰੇਯੋ ਉਪਨਿਸ਼ਦ ਦੇ ਮੰਤ੍ਰਾਂ ਰੂਪ ਵਾਕਯੇਨ=ਵਾਕਾਂ ਦੁਆਰਾ ਸਪਸ਼ਟਮ੍=ਪ੍ਰਤੱਖ ਪ੍ਰਗਟ ਕਰਕੇ ਸਰਵਣ ਸਾਧਨ ਦਾ ਚੌਥਾ ਹੇਤੂ ਅਦ੍ਵੈਤ ਬ੍ਰਹਮ ਪ੍ਰਾਪਤੀ ਦਾ ਫਲਮ੍=ਫਲ ਵਾ ਪ੍ਰਯੋਜਨ ਉਦੀਰੀਤਮ੍=ਕਥਨ ਕੀਤਾ ਗਿਆ ਹੈ॥

ता एता देवताः सृष्टास्तथा गर्भे नु सन्निति।
स्तुतिर्युक्तिस्तु स इमानित्यारभ्य विदार्यःसः॥४॥
एतं सीमानमित्यादि श्रुतिवाक्यात्प्रकीर्तिता।
इमैरुक्तैस्तु षडलिंगैरैतरेयश्रुतौ गतम्॥५॥
तात्पर्य ज्ञानयतेऽद्वैते तन्निष्ठैर्वेदपारगैः।
तथा मुमुक्षुभिः सवैरपि विज्ञेयमादरात्॥ ६॥

ता ऐता देवताः (सृष्टाः+तथा) गर्भे नु (सन्+इती)
(सतूतीः+युकतीः+तु) स (ईमान्+इती+आरभय) विदार्यः सः॥
ऐतम् (सीमानम्+इतयादी+श्रूती+वाकयात्+प्रकीरतीता।
(ईमईीर्ः +ऊकतईीस्तू) (छत्र+लिंगईीः+ऐतरेय+श्रूतऊू) गतम्॥ ५॥
तातपरयम् (गयाजते+अद्वैते) तन्+निश्ठईीः+वेद+पारगईीः।
तथा मुमुकछूभीः (सर्वईीर्+अपी) (विग्जेयम्+आदरात्)॥ ६॥

(५) ਅਰਥਵਾਦ :- ता ऐता देवताः सृष्टाः=

''ता एता देवताः सृष्टाः''

(ਅਧਿਆਏ ੧, ਖੰਡ ੨, ਵਾਕਯ ੧)

''ता ऐता देवताः सृष्टाः ''

ਏਤਾ = ਇਨਾ ਤਾ = ਪ੍ਰਸਿਧ ਸ੍ਰਿਸ਼ਟਾ: = ਸਿਰਜਣ ਕੀਤੇ ਹੋਏ ਵਾ ਰਚਿਤ ਦੇਵਤਾ: = ਸਰਵਗ ਨਿਵਾਸੀ ਸੰਸਾਰਦਾਯਕ ਸ਼ਕਤੀ ਦੇ ਕੇਂਦਰ ਜੋ ਸੁਰ ਵਾ ਦੇਵਤਿਆਂ ਨੂੰ

''गर्भे नु सन्नन्वेषनामदेवमहं देवानां जानिमानि विश्वा''

(ਅਧਿਆਏ ੨, ਖੰਡ ੪, ਵਾਕਯ ੫)

''ਗਰਭੇ ਨੂ (ਸਨ੍+ਏਸ਼ਾਮ੍+ਦੇਵਾਨਾਮ੍+ਅਹੰ) ਦੇਵਾਨਾਮ੍ ਜਨਮਾਨੀ ਵਿਸ਼ਵਾ''

ਮਾਤਾ ਦੇ ਗਰਭ=ਉਦਰ ਸਨ੍=ਵਿਚ ਹੁੰਦੇ ਹੋਏ ਨੂ=ਵੀ ਅਹੰ=ਮੈਂ ਵਾਮਦੇਵ ਰਿਸ਼ੀ ਏਸ਼ਾਮ੍=ਇਨ੍ਹਾਂ ਦੇਵਾਨਾਮ੍=ਦੇਵਤਿਆਂ ਦੇ ਵਿਸ਼ਵਾ=ਸਮਸਤ ਜਨਮਾਨੀ=ਜਨਮ ਅਤੇ ਇਨ੍ਹਾਂ ਜਨਮਾਂ ਦੇ ਕਾਰਣਾਂ ਨੂੰ ਜਾਣ ਗਿਆ ਸੀ। ਇਸ ਪ੍ਰਕਾਰ ਉਪਰੋਕਤ ਦੋ ਮੰਤ੍ਰਾਂ ਅਤੇ ਇਤੀ=ਇਤਆਦਿਕ ਹੋਰ ਮੰਤ੍ਰਾਂ ਵਿਚ ਬ੍ਰਹਮ ਗਿਆਨੀ ਦੀ ਸਮਰੱਥਾ ਨੂੰ ਪ੍ਰਗਟ ਕਰਕੇ ਉਸ ਦੀ ਸਤੂਤੀ := ਕੀਰਤੀ, ਵਡਿਆਈ ਰੂਪ ਸਰਵਣ ਸਾਧਨ ਦਾ ਪੰਜਵਾਂ ਅੰਗ ਅਰਥਵਾਦ ਕਥਨ ਕੀਤਾ ਗਿਆ ਹੈ॥

(੬.) ਉਪਪਤੀ :- (ਯੁਕਤੀ:+ਤੂ) (ਸ+ਈਮਾਨ੍+ਇਤੀ+ਆਰਭਯ) ਵਿਦਾਰ੍ਯ: ਸ:

ਏਤਮ੍ (ਸੀਮਾਨਮ੍+ਇਤਯਾਦੀ+ਸ਼੍ਰੁਤੀ+ਵਾਕਯਾਤ੍ ਪ੍ਰਕੀਰਤੀਤਾ)

''स इमॉल्लोकानसृजत''

(ਅਧਿਆਏ ੧, ਖੰਡ ੧, ਵਾਕਯ ੨)

ਸ (ਈਮਾਨ੍+ਲੋਕਾਨ੍+ਅਸ੍ਰਿਜਤ)

ਇਸ ਉਪਰੋਕਤ ਮੰਤ੍ਰ ਦੇ ਅਰਥ ਵਿਸਥਾਰ ਨਾਲ ਪੰਨਾ ੨੯੧ ਤੇ ਪੜ੍ਹੋ।

ਇਸ ਏਤਰੇਯੋ ਉਪਨਿਸ਼ਦ ਦੇ ਮੰਤ੍ਰ ਨਾਲ ਆਰਭਯ=ਅਰੰਭ ਕਰਕੇ ਫਿਰ

''स एतमेव सीमानं विदारयैंतया द्वारा प्रापद्यत''

(ਅਧਿਆਏ ੧, ਖੰਡ ੩, ਵਾਕਯ ੧੨)

''ਸ (ਏਤਮ੍+ਏਵ) ਸੀਮਾਨਮ੍ (ਵਿਦਾਰ੍ਯ+ਏਤਯਾ) ਦ੍ਵਾਰਾ ਪ੍ਰਾਪਦ੍ਯਤ''

ਸ=ਉਹ ਬ੍ਰਹਮ ਏਵ=ਹੀ ਇਸ ਸਰੀਰ ਦੀ ਅੰਤਿਮ ਸੀਮਾਨਮ੍=ਸੀਮਾ ਭਾਵ ਉੱਤਮ ਅੰਗ ਮਸਤਕ ਨੂੰ ਵਿਦਾਰ੍ਯ=ਚੀਰ ਕੇ ਵਾ ਖੋਲ੍ਹ ਕੇ ਇਸ ਮਸਤਕ ਰੂਪ ਦ੍ਵਾਰਾ=ਦਰਵਾਜ਼ੇ ਵਾ ਪ੍ਰਵੇਸ਼ ਦੁਆਰਾ ਤੋਂ ਹੁੰਦੇ ਹੋਏ ਜੀਵ ਦੇ ਸਰੀਰ ਵਿਚ ਏਤਯਾ=ਚੇਤਨ ਆਤਮਾ ਰੂਪ ਵਿਚ ਪ੍ਰਾਪਦ੍ਯਤ=ਪ੍ਰਵਿਸ਼ਟ ਕਹੀਏ ਪ੍ਰਵੇਸ਼ ਹੋਇਆ। ਇਤਯਾਦੀ=ਇਸ ਤੋਂ ਆਦਿਕ ਹੋਰ ਸ਼੍ਰੁਤੀ=ਵੇਦਾਤਮਕ ਵਾਕਯਾਤ=ਵਾਕਾਂ ਨਾਲ ਸਰਵਣ ਦਾ ਛੇਵਾਂ ਹੇਤੂ ਵਾ ਅੰਗ ਯੁਕਤੀ=ਦਲੀਲ ਦੁਆਰਾ ਸਿਧਾਂਤ ਦਾ ਵਰਣਨ ਰੂਪ ਉਪਪਤੀ ਤੂ=ਹੀ ਪ੍ਰਕੀਰਤੀਤਾ=ਕਥਨ ਕੀਤੀ ਗਈ ਹੈ॥

(ਈਮਈਰ੍:+ਉਕਤਈਸ੍ਤੂ) (ਛੜ+ਲਿੰਗਈ:+ਏਤਰੇਯ+ਸ਼੍ਰੁਤਊ) ਗਤਮ्॥ ੫॥

ਤਾਤਪਰਯਮ੍ (ਗਯਾਯਤੇ+ਅਦ੍ਵੈਤ) ਤਨ੍+ਨਿਸ਼ਠਈ:+ਵੇਦ+ਪਾਰਗਈ:।

ਈਮਈਰ੍=ਇਨ੍ਹਾਂ ਤਾਤਪਰਯ ਨਿਰਣਾਯਕ ਸਰਵਣ ਸਾਧਨ ਦੇ ਛੜ=ਛੇ ਲਿੰਗਈ:=ਅੰਗ, ਚਿੰਨ੍ਹ ਵਾ ਹੇਤੂਆਂ ਬੋਧਕ ਮੰਤ੍ਰਾਂ ਦੁਆਰਾ ਸ਼੍ਰੁਤਊ=ਵੇਦਾਤਮਕ ਏਤਰੇਯ ਉਪਨਿਸ਼ਦ ਵਿਚ ਗਤਮ੍=ਪ੍ਰਾਪਤ ਅਦ੍ਵੈਤੇ=ਅਦੁੱਤੀ ਬ੍ਰਹਮ ਨੂੰ ਉਕਤਈਸਤੂ=ਕਿਹਾ ਵਾ ਕਥਨ ਕੀਤਾ ਹੈ ਜਿਸਦੇ ਤਾਤਪਰਯਮ੍=ਭਾਵਅਰਥ ਵਾ ਅਭਿਪ੍ਰਾਯ ਨੂੰ ਵੇਦ=ਤੱਤ੍ਵ ਗਿਆਨ ਦੇ ਪਾਰਗਈ:=ਰਹੱਸ ਨੂੰ ਜਾਨਣ ਵਾਲੇ ਅਤੇ ਤਨ੍=ਉਸ

ਅਦ੍ਵੈਤ ਬ੍ਰਹਮ ਵਿਚ ਨਿਰੰਤਰ ਧਿਆਨ ਦੁਆਰਾ ਨਿਸ਼ਠਈਃ=ਸਥਿਤ ਰਹਿਣ ਵਾਲੇ ਬ੍ਰਹਮ ਨੇਸ਼ਟੀ ਬ੍ਰਹਮ ਸ਼੍ਰੋਤੀ ਸਤਿਗੁਰਾਂ ਦੁਆਰਾ ਹੀ ਯਥਾਰਥ ਰੂਪ ਵਿਚ ਗਯਾਯਤੇ=ਜਾਣਿਆ ਜਾਂਦਾ ਹੈ।

ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥ ੭॥

(ਅੰਗ ੧੨੪)

ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥ ੩॥

(ਅੰਗ ੨੦੫)

ਤਥਾ ਮੁਮੁਕਛੂਭੀਃ (ਸਰ੍ਵਈਰ੍+ਅਪੀ) (ਵਿਗ੍ਯੇਯਮ੍+ਆਦਰਾਤ੍) :-

ਤਥਾ=ਤਿਵੇਂ ਹੀ ਭਾਵ ਜਿਵੇਂ ਬ੍ਰਹਮ ਪਾਰਗਈ (ਬ੍ਰਹਮ ਦਾ ਰਹੱਸ ਜਾਨਣ ਵਾਲਾ ਆਤਮ ਗਿਆਨੀ) ਦੁਆਰਾ ਸਿਧਾਂਤ ਜਾਣਿਆ ਜਾਂਦਾ ਹੈ ਤਿਵੇਂ ਹੀ ਸਰ੍ਵਈਰ੍ਃ=ਸਾਰੇ ਮੁਮੁਕਛੂਭੀਃ=ਮੋਕਸ਼ ਦੀ ਤੀਬਰ ਇੱਛਾ ਵਾਲੇ ਜਗਿਆਸੂਆਂ ਦੁਆਰਾ ਅਪੀ=ਵੀ ਏਤਰੇਯੇ ਉਪਨਿਸ਼ਦ ਗਤ ਅਦ੍ਵੈਤ ਵਿਸ਼ਯਕ ਤਾਤਪਰਯ ਨੂੰ ਆਦ੍ਰਾਤ੍=ਆਦਰ ਕਹੀਏ ਸ਼ਰਧਾ ਸਤਿਕਾਰ ਵਾਲੀ ਪ੍ਰੇਮਾ-ਭਗਤੀ ਦੁਆਰਾ ਵਿਗ੍ਯੇਯਮ੍=ਵਿਸ਼ੇਸ਼ ਕਰਕੇ ਜਾਨਣ ਦੇ ਯੋਗ ਹੈ॥

ਮੁਕਤਿ ਭੁਗਤਿ ਜੁਗਤਿ ਹਰਿ ਨਾਉ॥ ਪ੍ਰੇਮ ਭਗਤਿ ਨਾਨਕ ਗੁਣ ਗਾਉ॥

(ਅੰਗ ੨੦੦)

ਪ੍ਰੇਮ ਭਗਤਿ ਜਿਸ ਕੈ ਮਨਿ ਲਾਗੀ॥ ਗੁਣ ਗਾਵੈ ਅਨਦਿਨੁ ਨਿਤਿ ਜਾਗੀ॥
ਬਾਹ ਪਕੜਿ ਤਿਸੁ ਸੁਆਮੀ ਮੇਲੈ ਜਿਸ ਕੈ ਮਸਤਕਿ ਲਹਣਾ॥ ੨॥

(ਅੰਗ ੧੦੬)

ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ ਧਿਆਨੁ ਮਾਨੁ ਮਨ ਏਕ ਮਏ॥
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ ਤ੍ਰਿਪਤਿ ਅਘਾਨੇ ਮੁਕਤਿ ਭਏ॥ ੩॥

(ਅੰਗ ੪੮੭)

ਇਤਿ ਸ਼੍ਰੀ ਏਤਰੇਯੋਪਨਿਸ਼ਲ੍ਲਿਗ ਨਵਮਂ ਪ੍ਰਕਰਣਂ ਸਮਾਪ੍ਤਮ੍॥੯॥

ਇਤਿ ਸ਼੍ਰੀ ਏਤਰੇਯੋ ਉਪਨਿਸ਼ਦ੍ ਲਿੰਗ ਨਵਮਮ੍ ਪ੍ਰਕਰਣ ਸਮਾਪਤਮ੍॥ ੯॥

ਸ਼੍ਰੀ=ਸੁਭਾਇਮਾਨ ਏਤਰੇਯੋ ਉਪਨਿਸ਼ਦ ਦੇ ਮੰਤ੍ਰਾਂ ਦੁਆਰਾ ਸਰਵਣ ਸਾਧਨ ਦੇ ਖਟ ਲਿੰਗ=ਚਿੰਨ੍ਹ, ਅੰਗ ਵਾ ਹੇਤੂਆਂ ਦੇ ਕਥਨ ਵਾਲਾ ਨਵਮਮ੍=ਨੌਵਾਂ ਪ੍ਰਕਾਰਣ=ਪ੍ਰਸੰਗ ਇਤੀ=ਸੰਪੂਰਨ ਹੁੰਦਾ ਹੈ॥

☆☆☆

॥ अथ श्री छांदोग्योपनिषल्लिंगकीर्त्तनम्॥१०॥

॥ अथ श्री छांदोग्योपनिषद्+लिंग+कीरतनम्॥

ਅਥ=ਹੁਣ ਸ਼੍ਰੀ=ਸੁਭਾਇਮਾਨ ਸ਼ਾਮਵੇਦ ਦੀ ਛਾਂਦੋਗ੍ਯੋ ਉਪਨਿਸ਼ਦ ਦੇ ਮੰਤ੍ਰਾਂ ਦੁਆਰਾ ਅਦ੍ਵੈਤ ਤਾਤਪਰਯ ਨਿਰਣਾਯਕ ਸਰਵਣ ਸਾਧਨ ਦੇ ਖਟ ਲਿੰਗ=ਅੰਗ, ਚਿੰਨ੍ਹ ਵਾ ਹੇਤੂਆਂ ਦਾ ਕੀਰਤਨਮ੍= ਅਭੀਵਯਕਤ ਕਹੀਏ ਪ੍ਰਗਟ ਕਰਨ ਰੂਪ ਕਥਨ ਕਰਦੇ ਹਨ।

॥ तत्र षष्ठाध्याय लिंग कीर्त्तनम्॥ ६॥

॥ तत्र छश्ठाधयाय लिंग कीरतनम्॥ ६॥

ਤਤ੍ਰ=ਉਪਨਿਸ਼ਦਾਂ ਦੇ ਅੰਤਗਤ ਛਾਦੋਗਯ ਉਪਨਿਸ਼ਦ ਦੇ ਛਸ਼ਠਾਧਯਾਯ=ਛੇਵੇਂ ਅਧਿਆਏ ਦੇ ਮੰਤ੍ਰਾਂ ਦੁਆਰਾ ਸਰਵਣ ਦੇ ਖਟ ਲਿੰਗ=ਚਿੰਨ੍ਹ, ਅੰਗ ਵਾ ਹੇਤੂਆਂ ਦਾ ਕੀਰਤਨਮ੍=ਵਿਚਾਰਾਤਮਕ (ਨਿਰਣੇ ਜਨਕ ਵਯਾਪਾਰ) ਕਥਨ ਕਰਦੇ ਹਨ।

सदेवेत्युपक्रम्यैवैतदात्मयिदमित्यतः।
उपसंहृतिरभ्यासो नवकृत्व उदीरितः॥१॥
तत्त्वमसीतिवाक्यस्यावर्तनाद्बुद्धिमत्तमैः।
अत्रैव सोम्य! सन्नेत्यपूर्वतोक्ता हि पंडितैः॥ २॥

ਸਦੇਵ+ਇਤੀ+ਉਪੁਕ੍ਰਮਯ+ਏਵ+ਏਤਦਾਤਮਯ+ਮਿਦਮ੍+ਇਤਯਤਃ।

(ਉਪਸੰਹ੍ਰਿਤੀਃ+ਅਭਯਾਸੋ) ਨਵਕ੍ਰਿਤ੍ਵ ਉਦੀਰੀਤਃ ॥੧॥

ਤਤ੍ਵਮਸੀ+ਇਤੀ+ਵਾਕਯਸਯ+ਆਵਰਤਨਾਤ੍+ਬੁਧੀਮਤ੍+ਤਮਈਃ।

ਅਤ੍ਰਈਵ ਸੋਮਯ ! (ਸੰਨ੍+ਇਤੀ+ਅਪੂਰਵਤਾ+ਉਕਤਾ) ਹੀ ਪੰਡੀਤਈਃ ॥੨॥

(੧) ਉਪਕ੍ਰਮ-ਉਪਸੰਹਾਰ :-

''सदेव सोम्येदमग्र आसीदेकमेवाद्वितीयं''

(ਅਧਿਆਏ ੬, ਖੰਡ ੨, ਵਾਕਯ ੧)

''ਸਦੇਵ (ਸੋਮਯ+ਇਦਮ੍+ਅਗ੍) (ਆਸੀਤ੍+ਏਕਮ੍+ਏਵ+ਅਦ੍ਵੀਤੀਯਮ੍)''

ਹੇ ਸੋਮਯ=ਸੁੰਦਰ ਪ੍ਰਕਿਰਤੀ ਵਾ ਸੁਭਾਅ ਵਾਲੇ ਉੱਤਮ ਜਿਗਿਆਸੂ ਮਾਯਾ ਵਿਸ਼ਿਸ਼ਟ ਈਸ਼ਵਰ ਇਦਮ੍=ਪ੍ਰਤੱਖ ਦਿਸਣ ਵਾਲੇ ਚਰਾਚਰ ਜਗਤ ਦੀ ਰਚਨਾ ਤੋਂ ਅਗ੍=ਪਹਿਲਾਂ ਕੇਵਲ ਸਦੇਵ (ਸਤ+ਏਵ) ਸਤ ਕਹੀਏ ਅਬਿਨਾਸੀ ਏਵ=ਹੀ ਆਸੀਤ=ਸੀ ਭਾਵ ਕਾਰਯ-ਕਰਣ ਭਾਵ ਰੂਪ ਦ੍ਵੈਤ ਤੋਂ ਰਹਿਤ ਅਦ੍ਵੀਤੀਯ=ਅਦੁਤੀ ਬ੍ਰਹਮ ਏਕਮ੍=ਇਕ ਏਵ=ਹੀ ਸੀ॥

ਸਾਹਿਬ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥ ੧॥ ਰਹਾਉ॥

(ਆਸਾ ਮਃ ੧, ਅੰਗ ੩੫੦)

ਏਕੰਕਾਰੁ ਏਕੁ ਪਾਸਾਰਾ ਏਕੈ ਅਪਰ ਅਪਾਰਾ ॥
ਏਕੁ ਬਿਸਥੀਰਨੁ ਏਕੁ ਸੰਪੂਰਨੁ ਏਕੈ ਪ੍ਰਾਨ ਅਧਾਰਾ ॥ ੩ ॥

(ਬਿਲਾਵਲੁ ਮਃ ੫, ਅੰਗ ੮੨੧)

ਆਪਿ ਸਤਿ ਕੀਆ ਸਭੁ ਸਤਿ ॥ ਆਪੇ ਜਾਨੈ ਅਪਨੀ ਮਿਤਿ ਗਤਿ ॥

(ਗਉੜੀ ਸੁਖਮਨੀ ਮਃ ੫, ਅੰਗ ੨੮੫)

ਇਤੀ=ਇਤਿਆਦਿਕ ਛਾਂਦੋਗਯ ਉਪਨਿਸ਼ਦ ਦੇ ਮੰਤ੍ਰਾਂ ਨਾਲ ਅਦ੍ਵੈਤ ਬ੍ਰਹਮ ਦਾ ਪ੍ਰਕਰਣ ਏਵ=ਹੀ ਕਹੀਏ ਨਿਸ਼ਚਿਤ ਰੂਪ ਨਾਲ ਉਪਕ੍ਰਮਯ=ਅਰੰਭ ਕੀਤਾ ਗਿਆ ਹੈ।

ਏਤਦਾਤਮਯ+ਮਿਦਮ੍+ਇਤਯਤਃ+ਉਪਸੰਹ੍ਰਿਤੀਃ=

''ਏਤਾਦਾਤ੍ਮ੍ਯਮਿਦਂ ਸਰ੍ਵੰ''

(ਅਧਿਆਏ ੬, ਖੰਡ ੧੬, ਵਾਕਯ ੩)

''(ਏਤਦ+ਆਤ੍ਮ੍ਯਸ੍+ਇਦਮ੍) ਸਰ੍ਵਮ੍''

ਇਦਮ੍=ਅਤਿਅੰਤ ਸਨਿਕਟ (ਸਮੀਪ) ਜੋ ਸਰ੍ਵਮ੍=ਸਮਸਤ ਚਰਾਚਰ ਜਗਤ ਵਿਚ ਵਿਆਪਕ ਬ੍ਰਹਮ ਅਗਿਆਨ ਦੇ ਆਵਰਣ ਦੋਸ਼ ਕਰਕੇ ਪਰੋਖ ਗਿਆਨ ਨਾਲ ਏਤਦ੍=ਥੋੜਾ ਦੂਰ ਅਨੁਭਵ ਦਾ ਵਿਸ਼ੇ ਬਣ ਰਿਹਾ ਸੀ। ਸਾਕਸ਼ਾਸਤਕਾਰ ਤੋਂ ਅਨੰਤਰ ਅਨੁਭਵ ਹੁੰਦਾ ਹੈ ਕਿ ਉਹ ਬ੍ਰਹਮ ਆਤ੍ਮ੍ਯਸ੍= ਆਤਮਾ ਤੋਂ ਅਭਿੰਨ ਸਭ ਦਾ ਅਧਿਸ਼ਠਾਨ ਹੈ ਅਤੇ ਜੋ ਅਨਾਤਮ ਜਗਤ ਭਿੰਨ-ਭਿੰਨ ਰੂਪ ਵਿਚ ਨਾਨਾ ਭਾਸਦਾ ਸੀ ਉਹ ਵੀ ਅਗਿਆਨ ਕਾਲ ਵਿਚ ਵਾਸਤਵਿਕ ਵਿਚ ਆਤ੍ਮ੍ਯਸ੍=ਆਤਮਾ ਹੀ ਸੀ।

ਏਕਸੁ ਸਿਉ ਜਾ ਕਾ ਮਨੁ ਰਾਤਾ ॥ ਵਿਸਰੀ ਤਿਸੈ ਪਰਾਈ ਤਾਤਾ ॥ ੧ ॥
ਬਿਨੁ ਗੋਬਿੰਦ ਨ ਦੀਸੈ ਕੋਈ ॥ ਕਰਨ ਕਰਾਵਨ ਕਰਤਾ ਸੋਈ ॥ ੧ ॥ ਰਹਾਉ ॥

(ਅੰਗ ੧੮੯)

ਛਾਂਦੋਗਯ ਉਪਨਿਸ਼ਦ ਦੇ ਇਤਯਤਃ=ਇਸ ਮੰਤ੍ਰ ਤੱਕ ਤਾਤਪਰਯ ਨਿਰਣਾਯਕ ਸਰਵਣ ਸਾਧਨ ਦਾ ਪਹਿਲਾ ਅੰਗ ਵਾ ਹੇਤੂ ਉਪਸੰਹ੍ਰਿਤੀਃ=ਉਪਸੰਹਾਰ ਕਹੀਏ ਅੰਤਿਮ ਵਿਚ ਆਤਮ ਵਿਸ਼ਯਕ ਨਿਸ਼ਕਰਸ਼ (ਨਿਸ਼ਚੇਆਤਮਕ) ਰੂਪ ਕਥਨ ਕੀਤਾ ਗਿਆ ਹੈ। ਉਪਕ੍ਰਮ-ਉਪਸੰਹਾਰ ਦੀ ਏਕਤਾ ਰੂਪ ਇਕ ਹੇਤੂਤਾ ਹੀ ਸਰਵਣ ਦਾ ਪਹਿਲਾ ਅੰਗ ਹੈ॥

(੨) **ਅਭ੍ਯਾਸ :-** ਆਨਵੇ ਰੀਤ ਅਨੁਸਾਰ :-

ਨਵਕ੍ਰਿਤ੍ਵ ਤਤ੍ਤ੍ਵਮਸੀ ਇਤੀ ਵਾਕਯਸਯ ਅਵਰਤਨਾਤ੍ ਬੁਧੀਮਤ੍+ਤਮਏਃ ਅਭ੍ਯਾਸੋ ਉਦੀਰੀਤਃ=

ਉਦ੍ਦਾਲਕ ਆਰੂਣੀ ਰਿਸ਼ੀ ਨੇ ਆਪਣੇ ਪੱਤ੍ਰ ਸ਼੍ਵੇਤਕੇਤੂ ਨੂੰ ਨਵਕ੍ਰਿਤਵ=ਨੌਂ ਵਾਰ ਜੀਵ ਬ੍ਰਹਮ ਦੀ ਏਕਤਾ ਦਾ ਬੋਧਕ ਸ਼ਾਮਵੇਦ ਦਾ ਮਹਾਵਾਕਯ ਤਤ੍ਤ੍ਵਮਸੀ=(ਤਤ+ਤ੍ਵੰ+ਅਸਿ) ਤ੍ਵੰ ਕਹੀਏ ਤੂ ਜੀਵ ਤਤ=ਓਹੀ ਚੇਤਨ ਬ੍ਰਹਮ ਰੂਪ ਅਸਿ=ਹੈ ਅਥਵਾ ਤਤ=ਈਸ਼ਵਰ ਰੂਪ ਮਾਇਆ ਵਿਸ਼ਿਸ਼ਟ ਚੇਤਨ ਤ੍ਵੰ= ਜੀਵ ਰੂਪ ਕੂਟਸਥ ਚੇਤਨ ਮਾਇਆ ਤੇ ਅਵਿਦਿਆ ਉਪਾਧੀਆਂ ਨੂੰ ਤਿਆਗ ਕੇ ਮਾਤ੍ਰ ਅਸਿ=ਬ੍ਰਹਮ ਚੇਤਨ ਰੂਪ ਹਨ।

ਦੋਹਰਾ ॥ ਸ਼ਾਮ ਵੇਦ ਕੇ ਬਚਨ ਹੈਂ ਤਤ੍ਵੰ ਅਸਿ ਪਦ ਤੀਨ ॥
ਜਾਨਯੋ ਇਨ ਕੇ ਅਰਥ ਜਿਨ ਲਹਯੋ ਸਾਰ ਤਿਨ ਚੀਨ ॥ ੨੧ ॥

(ਅਧਿਯਾਤਮ ਪ੍ਰਕਾਸ਼)

ਤਤਪਦ ਈਸ਼ ਜੀਵ ਤ੍ਵੰ ਪਦ ਹੈ ਅਸਿ ਪਦ ਬ੍ਰਹਮ ਕਹਾਵੈ॥
ਮਾਯਾ ਤੇ ਯਹ ਭੇਦ ਤੀਨ ਹ੍ਵੈ ਏਕੈ ਬੇਦ ਬਤਾਵੈ॥ (ਅਧਯਾਤਮ ਪ੍ਰਕਾਸ਼)

ਇਤੀ=ਇਸ ਅਭੇਦ ਗਿਆਨ ਦੇ ਸਰੂਪ ਵਾਲੇ ਵਾਕਯਸਯ=ਮਹਾਵਾਕਯ ਦੀ ਅਵਰਤਨਾਤ੍= ਆਵ੍ਰਿਤੀ ਕਹੀਏ ਪੁਨਃ ਪੁਨਃ ਪਠਨ ਵਾ ਚਿੰਤਨ ਤਮਈਃ=ਉਤਕ੍ਰਿਸ਼ਟ ਕਹੀਏ ਸਰਵ ਸ੍ਰੇਸ਼ਟ ਬੁਧੀਮਤ =ਮਤ ਕਹੀਏ ਸ਼ਾਸਤ੍ਰ ਗਿਆਨ ਦੀ ਅਕਲ ਅਤੇ ਬੁਧੀ=ਪਰਮਾਰਥ ਬੋਧ ਵਾਲੀ ਬਿਬੇਕ ਬੁਧ ਦੇ ਧਨੀ ਵਿਦਵਾਨਾਂ ਨੇ ਸਰਵਣ ਸਾਧਨ ਦਾ ਦੂਸਰਾ ਹੇਤੂ ਵਾ ਅੰਗ ਅਭਯਾਸੋ=ਅਭਯਾਸ ਉਦੀਰੀਤਃ=ਕਥਨ ਕੀਤਾ ਹੈ॥

ਬਾਰ ਬਾਰ ਹਰਿ ਕੇ ਗੁਨ ਗਾਵਉ ॥
ਗੁਰ ਗਮਿ ਭੇਦੁ ਸੁ ਹਰਿ ਕਾ ਪਾਵਉ ॥ ੧ ॥ ਰਹਾਉ ॥

(ਗਉੜੀ ਸਤ ਵਾਰ, ਭਃ ਕਬੀਰ ਜੀ, ਅੰਗ ੩੪੪)

ਸਿਮਰਿ ਸਿਮਰਿ ਨਾਮ ਬਾਰੰ ਬਾਰ॥ ਨਾਨਕ ਜੀਅ ਕਾ ਇਹੈ ਅਧਾਰ॥

(ਗਉੜੀ ਸੁਖਮਨੀ ਮਃ ੫, ਅੰਗ ੨੯੬)

(੩) **ਅਪੂਰਵਤਾ :-** ਆਨਵੇ (ਅਕਾਂਕਸ਼ਿਤ ਪਦਾਂ ਦਾ ਦੂਸਰੇ ਅਕਾਂਕਸ਼ਿਤ ਪਦਾਂ ਦੇ ਨਾਲ ਮਿਲਾਪ ਰੂਪ ਸੰਬੰਧ ਸੋ ਕਹੀਏ ਆਨਵੇ) ਰੀਤ ਅਨੁਸਾਰ :-

ਸੋਮਯ ਅਤ੍ਰਈਵ ਸੰਨ੍ ਇਤੀ ਹੀ ਪੰਡੀਤਈ : ਅਪੂਰਵਤਾ ਉਕਤਾ =

''अत्र वाव किल सत्सोम्य न निभालयसेऽत्रैव किलेति''

(ਅਧਿਆਏ ੬, ਖੰਡ ੧੩, ਵਾਕਯ ੨)

''ਅਤ੍ਰ ਵਾਵ ਕਿਲ (ਸਤ੍+ਸੋਮਯ) ਨ (ਨੀਭਾਲਯਸੇ+ਅਤ੍ਰਈਵ) (ਕਿਲ+ਇਤੀ)''

ਹੇ ਸੋਮਯ=ਸੁੰਦਰ ਪ੍ਰਕਿਰਤੀ ਵਾ ਸੁਭਾਅ ਵਾਲੇ ਉੱਤਮ ਜਿਗਿਆਸੂ ਅਤ੍ਰ=ਇਸ ਕਾਰਯਾਤਮਕ ਸੰਸਾਰ ਵਿਚ ਵਾਵ=ਨਿਸ਼ਚਿਤ ਰੂਪ ਨਾਲ ਤਿੰਨ ਕਾਲਾਂ ਵਿਚ ਬ੍ਰਹਮ ਸਤ੍=ਨਾਸ਼ ਤੋਂ ਰਹਿਤ ਅਬਿਨਾਸੀ ਸਰੂਪ ਹੈ ਭਾਵ ਕਿਲ=ਨਿਸ਼ਚਿਤ ਰੂਪ ਨਾਲ ਅਥਵਾ 'ਕਿਲ' ਸ਼ਬਦ ਅਲੰਕਾਰ ਰੂਪ ਵਿਚ ਵਰਤਿਆ ਜਾਂਦਾ ਹੈ। ਦ੍ਰਿੜ ਨਿਸ਼ਚਾ ਕਰਨਾ ਚਾਹੀਦਾ ਹੈ ਕਿ ਚੇਤਨ ਬ੍ਰਹਮ ਤੋਂ ਅਭਿੰਨ ਆਤਮਾ ਸਤ ਹੀ ਹੈ, ਸਤ ਹੀ ਸੀ ਅਤੇ ਸਤ ਹੀ ਰਹੇਗਾ।

ਆਦਿ ਸਚੁ ਜੁਗਾਦਿ ਸਚੁ॥ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥ ੧॥ (ਜਪੁ, ਅੰਗ ੧)

ਕਿੰਤੂ ਅਤ੍ਰਈਵ=ਇਸ ਕਾਰਯਾਤਮਕ ਜਗਤ ਵਿਚ ਕਿਲ=ਨਿਸ਼ਚਿਤ ਰੂਪ ਨਾਲ ਉਸ ਚੇਤਨ ਤੱਤ੍ਵ ਬ੍ਰਹਮ ਨੂੰ ਪੂਰਨ ਬ੍ਰਹਮ ਨੇਸ਼ਟੀ ਬ੍ਰਹਮ ਸ਼੍ਰੋਤੀ ਸਤਿਗੁਰਾਂ ਦੇ ਆਗਮ ਕਹੀਏ ਸ਼ਾਸਤ੍ਰ ਪ੍ਰਮਾਣ ਦੀ ਵਾ ਸ਼ਬਦ ਪ੍ਰਮਾਣ ਦੀ ਲਕਛਣਾ (ਹੋਰ ਸੂਖਮ ਕਹੀਏ ਤਾਂ ਮੀਮਾਂਸਾ ਮੱਤ ਵਿਚ ਸ਼ਬਦ ਦੇ ਤਾਤਪਰਯ ਸਾਮਰਥ) ਤੋਂ ਭਿੰਨ ਹੋਰ ਕਿਸੇ ਵੀ ਪ੍ਰਮਾਣ ਦੁਆਰਾ ਨ=ਨਹੀਂ ਨੀਭਾਲਯਸੇ=ਜਾਣਿਆ ਜਾ ਸਕਦਾ।

ਅਦ੍ਰਿਸਟ ਅਗੋਚਰੁ ਪਕੜਿਆ ਗੁਰ ਸਬਦੀ ਹਉ ਸਤਿਗੁਰ ਕੈ ਬਲਿਹਾਰੀਐ॥

(ਤੁਖਾਰੀ ਮਃ ੧, ਅੰਗ ੧੧੧੪)

ਅਗਮ ਅਗੋਚਰ ਪ੍ਰਭ ਅਬਿਨਾਸੀ ਪੂਰੇ ਗੁਰ ਤੇ ਜਾਤੇ॥ ੨॥

(ਗਉੜੀ ਮਃ ੫, ਅੰਗ ੨੦੭)

ਇਤੀ=ਇਤਿਆਦਿਕ ਛਾਂਦੋਗਯ ਉਪਨਿਸ਼ਦ ਦੇ ਛੇਵੇਂ ਅਧਿਆਏ ਦੇ ਮੰਤ੍ਰਾਂ ਨਾਲ ਪੰਡੀਤਈਃ= ਵਿਦਵਾਨਾਂ ਦੁਆਰਾ ਹੀ=ਨਿਸ਼ਚਿਤ ਰੂਪ ਨਾਲ ਸਰਵਣ ਸਾਧਨ ਦਾ ਤੀਸਰਾ ਹੇਤੂ ਵਾ ਅੰਗ ਅਪੂਰਵਤਾ (ਕਹੀਏ ਗੁਰੂ ਉਪਦੇਸ਼ ਤੋਂ ਪੂਰਵ ਸਭ ਪ੍ਰਮਾਣਾਂ ਦੀ ਬ੍ਰਹਮ ਵਿਚ ਅਵਿਸ਼ਯਤਾ ਵਾ ਅਗਮਤਾ) ਉਕਤਾ=ਕਹੀ ਗਈ ਹੈ॥

तावदेवचिरं तस्येत्यादिवाक्यात्फलं स्मृतम्।
तमादेशमुताप्रक्ष्य इत्यादेः स्तुतिरीरिता॥ ३॥

(ਤਾਵਤ੍ + ਏਵ + ਚਿਰਮ੍) (ਤਮਯ + ਇਤਯਾਦੀ + ਵਾਕਯਾਤ੍ + ਫਲਮ੍) ਸਮ੍ਰਿਤਮ੍ (ਤਮ+ਆਦੇਸ਼ਮ੍+ਉਤ੍+ਆਪ੍ਰਕਛਯ) ਇਤਯਾਦੇਃ (ਸਤੁਤੀਃ+ਈਰੀਤਾ)

(੪) : ਫਲ :-

''आचार्यवान् पुरूषो वेद। तस्य तावदेव चिरं यावन्न विमोक्ष्येऽथ संपत्स्ये''

(ਅਧਿਆਏ ੬, ਖੰਡ ੧੪, ਵਾਕਯ ੨)

''ਆਚਾਰਯਵਾਨ੍ ਪੁਰੂਸ਼ੋ ਵੇਦ। ਤਸਯ (ਤਾਵਤ੍+ਏਵ) ਚਿਰਮ੍ (ਯਾਵਤ੍+ਨ੍) (ਵਿਮੋਕਸ਼ਯੇ+ਅਥ) ਸੰਪਤ੍ਸ੍ਯੇ''

ਆਚਾਰਯਵਾਨ=ਆਚਯਨ ਕਹੀਏ ਚੁਣ ਕੇ ਗ੍ਰਹਣ ਕਰਨ ਵਾਨ=ਵਾਲਾ ਭਾਵ ਅਨਾਤਮਾ ਤੇ ਆਤਮਾ ਵਿਚੋਂ ਬਿਬੇਕ ਬੁਧੀ ਦੁਆਰਾ ਅਸਤੀ ਭਾਤਿ ਪ੍ਰਿਯ ਨੂੰ ਗ੍ਰਹਣ ਕਰਨ ਵਾਲਾ ਅਤੇ ਅਵਿਦਿਆਮਈ ਮੋਹ ਰੂਪ ਬੰਧਨਾਂ ਤੋਂ ਮੁਕਤ ਪੁਰੂਸ਼ੋ=ਪੁਰਖ ਵੇਦ=ਜਾਣਦਾ ਹੈ ਕਿ ਤਮਯ=ਉਸ ਬ੍ਰਹਮ ਗਿਆਨੀ ਦਾ ਮੋਕਸ਼ (ਕੈਵਲਯ ਮੋਕਸ਼) ਵਿਚ ਚਿਰਮ੍=ਵਿਲੰਭ ਵਾ ਦੇਰੀ ਮਾਤ੍ਰ ਤਾਵਤ=ਓਨੇ ਸਮੇਂ ਤੱਕ ਏਵ=ਹੀ ਰਹਿੰਦੀ ਹੈ ਯਾਵਤ੍=ਜਿੰਨੇ ਸਮੇਂ ਪ੍ਰਯੰਤ ਪਰਾਲਬਧ ਕਰਮ ਭੋਗ ਦੁਆਰਾ ਨਸ਼ਟ ਹੋ ਕੇ ਆਤਮ ਗਿਆਨੀ ਦਾ ਸਰੀਰ ਵਿਮੋਕਛਯੇ=ਵਿਸ਼ੇਸ਼ ਕਰਕੇ ਮੁਕਤ ਨ=ਨਹੀਂ ਹੋ ਜਾਂਦਾ ਭਾਵ ਸਰੀਰ ਤਿਆਗਣ ਤੋਂ ਅਥ=ਅਨੰਤਰ, ਬਾਦ ਸਰੀਰ ਰੂਪ ਉਪਾਧੀ ਰਹਿਤ, ਸ੍ਵੈ-ਸਰੂਪ ਨਿਰਉਪਾਧਿਕ ਬ੍ਰਹਮ ਵਿਚ ਆਪਣੀ ਆਤਮਾ ਦੁਆਰਾ ਪ੍ਰਵਿਸ਼ਟ (ਪ੍ਰਵੇਸ਼) ਹੋ ਕੇ ਅਭੇਦਤਾ ਰੂਪ ਕੈਵਲਯ ਮੁਕਤੀ ਨੂੰ ਸੰਪਤ੍ਸਯੇ=ਪ੍ਰਾਪਤ ਕਰ ਲੈਂਦਾ ਹੈ॥

ਇਤਯਾਦੀ=ਇਸ ਤੋਂ ਆਦਿਕ ਛਾਂਦੋਗਯ ਉਪਨਿਸ਼ਦ ਦੇ ਹੋਰ ਸਜਾਤੀ ਮੰਤ੍ਰ ਰੂਪ ਵਾਕਯਾਤ੍=ਵਾਕਾਂ ਦੁਆਰਾ ਸਰਵਣ ਸਾਧਨ ਦਾ ਚੌਥਾ ਹੇਤੂ ਕੈਵਲਯ ਮੋਕਸ਼ ਦੀ ਪ੍ਰਾਪਤੀ ਰੂਪ ਫਲਮ੍=ਪ੍ਰਯੋਜਨ, ਫਲ ਜਿਗਿਆਸੂਆਂ ਦੀ ਸਮ੍ਰਿਤਮ੍=ਸਮ੍ਰਿਤੀ ਕਹੀਏ ਸੁਰਤੀ, ਯਾਦ ਦਾ ਵਿਸ਼ਾ ਬਣਾ ਕੇ ਕਥਨ ਕੀਤਾ ਗਿਆ ਹੈ॥

ਤੇ ਹਰਿ ਕੇ ਜਨ ਹਰਿ ਸਿਉ ਰਲਿ ਮਿਲੇ ਜੈਸੇ ਜਨ ਨਾਨਕ ਸਲਲੈ ਸਲਲ ਮਿਲਾਤਿ ॥ ੨ ॥ ੧ ॥ ੮ ॥

(ਸਾਰੰਗ ਮਃ ੪, ਅੰਗ ੧੨੦੧)

ਬਾਹਰਿ ਭੀਤਰਿ ਭਇਆ ਪ੍ਰਗਾਸ॥ ਤਬ ਹੂਆ ਸਗਲ ਕਰਮ ਕਾ ਨਾਸੁ॥

(ਗਉੜੀ ਸਤ ਵਾਰ, ਭਃ ਕਬੀਰ, ਅੰਗ ੩੪੪)

(੫) ਅਰਥਵਾਦ :- (ਤਮ੍+ਆਦੇਸ਼ਮ੍+ਉਤ੍+ਆਪ੍ਰਕਛਯ) ਇਤਯਾਦੇ : (ਸਤੁਤੀਃ+ਈਰੀਤਾ) =

''उत तमादेशमापक्ष्योयेनाश्रुत ꣳ श्रुतं भवत्यमतं मतमविज्ञातं विज्ञातं''

(ਅਧਿਆਏ ੬, ਖੰਡ ੧, ਵਾਕਯ ੩)

''ਉਤ (ਤਮ + ਆਦੇਸ਼ਮ੍ + ਆਪ੍ਰਕਛਯਃ + ਯੇਨ੍ + ਅਸ਼੍ਰੁਤਮ੍) ਸ਼੍ਰੁਤਮ੍ (ਭਵਤੀ + ਅਮਤਮ੍) (ਮਤਸ੍ +ਅਵਿਗਯਾਤਮ੍) ਵਿਗਯਾਤਮ੍''

ਉਦਯਾਲਕ ਰਿਸ਼ੀ ਨੇ ਆਪਣੇ ਪੁੱਤ੍ਰ ਸ਼੍ਵੇਤਕੇਤੂ ਨੂੰ ਬਾਰ੍ਹਾਂ ਸਾਲ ਦੀ ਉਮਰ ਵਿਚ ਗੁਰੂਕੁਲ ਬ੍ਰਹਮ ਵਿਦਿਆ ਅਧਿਐਨ ਕਰਨ ਲਈ ਭੇਜ ਦਿੱਤਾ। ਜਦੋਂ ਸਾਰੀ ਵਿੱਦਿਆ ਪੜ੍ਹ ਕੇ ਚੌਵੀ ਸਾਲ ਦੀ ਉਮਰ ਵਿਚ ਘਰ ਵਾਪਸ ਆਇਆ ਤਾਂ ਆਪਣੇ ਮਨ ਦੀ ਗੰਭੀਰ ਅਵਸਥਾ ਨੂੰ ਵੇਖ ਕੇ ਆਪਣੇ ਆਪ ਨੂੰ ਬਾਕੀ ਜੀਵਾਂ ਦੇ ਸਮਾਨ ਨਾ ਜਾਣਿਆ। ਵਿੱਦਿਆ ਦਾ ਅਭਿਮਾਨੀ ਵੇਖ ਕੇ ਆਪਣੇ ਪੁੱਤ੍ਰ ਸ਼੍ਵੇਤਕੇਤੂ ਨੂੰ ਪਿਤਾ ਉਦਯਾਲਕ ਰਿਸ਼ੀ ਨੇ ਕਿਹਾ, ਹੇ ਸ਼੍ਵੇਤਕੇਤੂ ! ਉਤ੍=ਕੀ ਤੂੰ ਆਪਣੇ ਆਚਾਰਯ ਕੋਲੋਂ ਤਮ=ਉਸ ਆਦੇਸ਼ਮ੍=ਉਪਦੇਸ਼ (ਉਪ+ਦੇਸ) ਭਾਵ ਆਤਮਾ ਦੀ ਉਪ-ਸਮੀਪਤਾ ਨੂੰ ਪ੍ਰਦਾਨ ਕਰਨ ਵਾਲਾ ਸਾਕਸ਼ਾਤਕਾਰ ਕਹੀਏ ਪ੍ਰਤੱਖ ਅਨੁਭਵ ਤੋਂ ਜਨਕ (ਪੈਦਾ ਹੋਇਆ) ਵਖਿਆਨਾਤਮਕ ਸ਼ਬਦਾਂ ਦਾ ਦੇਸ=ਉਚਾਰਨ ਸੋ ਕਹੀਏ ਉਪਦੇਸ਼) ਨੂੰ ਆਪ੍ਰਕਛਯ=ਪੁੱਛਿਆ ਸੀ? ਯੇਨ=ਜਿਸ ਦੇ ਦੁਆਰਾ ਅਸ਼੍ਰੁਤਮ=ਜੋ ਨਹੀਂ ਸੁਣਿਆ ਗਿਆ ਵਸਤੂ ਉਹ ਵੀ ਸ਼੍ਰੁਤਮ=ਸੁਣੇ ਵਰਗਾ ਹੀ ਹੋ ਜਾਂਦਾ ਹੈ ਜਿਸ ਦਾ ਪ੍ਰਣਾਮ ਅਮਤਮ੍=ਅਗਿਆਤ ਪਦਾਰਥ ਜਿਸ ਦਾ ਮਨ ਨੇ ਚਿੰਤਨ ਨਹੀਂ ਕੀਤਾ ਉਹ ਵੀ ਮਤਮ੍=ਗਿਆਤ ਹੋ ਜਾਂਦਾ ਹੈ ਅਥਵਾ ਅਮਤਮ੍=ਬਿਨਾਂ ਵਿਚਾਰ ਕੀਤਾ ਹੋਇਆ ਵਸਤੂ ਵੀ ਮਤਮ੍=ਵਿਚਾਰਿਆ ਹੋਇਆ ਲਗਣ ਲੱਗ ਪੈਂਦਾ ਅਤੇ ਅਵਿਗਯਾਤਮ੍=ਜੋ ਕਿਸੇ ਪ੍ਰਮਾਣ ਦੁਆਰਾ ਗਯਾਤ ਕਹੀਏ ਜਾਣਿਆ ਨਹੀਂ ਜਾਂਦਾ ਉਸ ਉਪਦੇਸ਼ ਦੇ ਸੁਣਨ ਨਾਲ ਵਿਗਯਾਤਮ੍=ਗਿਆਤ ਹੋ ਜਾਂਦਾ ਭਾਵ ਅਨਿਸ਼ਚਿਤ ਪਦਾਰਥ ਵੀ ਨਿਸ਼ਚਿਤ ਹੋ ਜਾਂਦਾ ਹੈ। ਹੇ ਸ਼੍ਵੇਕੇਤੂ ! ਕੀ ਤੂੰ ਐਸਾ ਉਪਦੇਸ਼ ਆਚਾਰਯ ਕੋਲੋਂ ਪੁੱਛਿਆ ਸੀ?

ਇਤਯਾਦੇ :=ਇਤਯਾਦੀ ਮੰਤ੍ਰਾਂ ਰੂਪ ਵਾਕਾਂ ਦੁਆਰਾ ਅਦ੍ਵੈਤ ਗਿਆਨ ਦੀ ਸਤੁਤੀ :=ਕੀਰਤੀ ਰੂਪ ਸਰਵਣ ਸਾਧਨ ਦਾ ਪੰਜਵਾਂ ਅੰਗ ਅਰਥਵਾਦ ਈਰੀਤਃ=ਕਥਨ ਕੀਤਾ ਗਿਆ ਹੈ॥

उपपत्तिर्यथा सोम्यैकेनेत्यादिनिदर्शनम्। एतैछांदोग्यतात्पंर्य षष्ठगं त्विष्यतेऽद्वेये॥ ४॥

(ਉਪਪਤੀਃ+ਯਥਾ) (ਸੌਮਯ+ਏਕੇਨ+ਇਤਯਾਦੀ+ਨਿਦਰਸ਼ਨਮ੍)।

(ਏਤਈਃ+ਛਾਦੋਗ੍ਯ+ਤਾਤਪਰਯਮ੍) ਸ਼ਸ਼੍ਠਗਮ੍ (ਤੁ+ਈਸ਼ਯਤੇ+ਅਦ੍ਵਯੇ)॥ ੪॥

ਉਪਪਤੀ :-

''यथा सौम्यैकेन मृत्पिंडेन सर्वं मृन्मयं विज्ञातꣳस्यात''

(ਅਧਿਆਏ ੬, ਖੰਡ ੧, ਵਾਕਯ ੪)

''ਯਥਾ (ਸੌਮ੍ਯ+ਏਕੇਨ) (ਮ੍ਰਿਤ੍+ਪਿੰਡੇਨ) ਸਰਵਮ੍ ਮ੍ਰਿਨ੍ਮਯਮ੍ (ਵਿਗਯਾਤਮ੍+ਸਯਾਤ)''

ਹੇ ਸੌਮ੍ਯ=ਸੁੰਦਰ ਵਾ ਸ਼ਾਂਤ ਪ੍ਰਕ੍ਰਿਤੀ ਵਾਲੇ ਯਥਾ=ਜਿਸ ਪ੍ਰਕਾਰ ਏਕੇਨ=ਇਕ ਮ੍ਰਿਤ=ਮਿੱਟੀ ਦੇ ਪਿੰਡੇਨ=ਗੋਲੇ ਤੋਂ ਮ੍ਰਿਨ੍ਮਯਮ੍=ਮਿੱਟੀ ਤੋਂ ਉਤਪੰਨ ਹੋਏ ਸਰਵਮ੍=ਸਮਸਤ ਕਾਰਯ ਘਟ, ਮਕਾਨ ਆਦਿ ਦਾ ਵਿਗਯਾਤਮ੍=ਵਿਸ਼ੇਸ਼ ਕਰਕੇ ਗਿਆਨ ਸਯਾਤ=ਹੋ ਜਾਂਦਾ ਹੈ ਭਾਵ ਮਿੱਟੀ ਦੇ ਗਿਆਨ ਤੋਂ ਮਿੱਟੀ ਦੇ ਬਣੇ ਸਾਰੇ ਪਦਾਰਥ ਜਾਣ ਲਈਦੇ ਹਨ ਤਿਵੇਂ ਹੀ ਕਾਰਣ ਨਿਰਉਪਾਧਿਕ ਬ੍ਰਹਮ ਦੇ ਬੋਧ ਤੋਂ ਆਤਮ ਗਿਆਨੀ ਸਮਸਤ ਕਾਰਯਾਤਮਕ ਜਗਤ ਨੂੰ ਅਸਤੀ ਭਾਂਤਿ ਪ੍ਰਿਯ ਅੰਸ ਦ੍ਰਿਸ਼ਟੀ ਦੁਆਰਾ ਹੀ ਅਨੁਭਵ ਕਰ ਲੈਂਦਾ ਹੈ :

ਸਭੁ ਜਗੁ ਸਾਚਾ ਜਾ ਸਚ ਮਹਿ ਰਾਤੇ ॥ ਸੀਤਲ ਸਾਤਿ ਗੁਰ ਤੇ ਪ੍ਰਭ ਜਾਤੇ ॥ ੧ ॥ ਰਹਾਉ ॥

(ਗਉੜੀ ਮਃ ੫, ਅੰਗ ੧੮੩)

ਇਤਯਾਦੀ=ਇਸ ਉਪਰੋਕਤ ਮੰਤ੍ਰ ਤੋਂ ਆਦਿਕ ਹੋਰ ਛਾਂਦੋਗਯ ਉਪਨਿਸ਼ਦ ਦੇ ਮੰਤ੍ਰਾਂ ਦੁਆਰਾ ਅਦ੍ਵੈਤ ਬ੍ਰਹਮ ਨੂੰ ਜਾਨਣ ਦੀ ਜੁਗਤੀ ਨਾਲ ਸਰਵਣ ਸਾਧਨ ਦਾ ਛੇਵਾਂ ਅੰਗ ਵਾ ਹੇਤੂ ਉਪਪਤੀ:=ਉਪਪਤੀ ਨਿਦਰਸ਼ਨਮ੍=ਕਥਨ ਕੀਤਾ ਗਿਆ ਹੈ। ਏਤਈ:=ਇਨ੍ਹਾਂ ਉਪਕ੍ਰਮ-ਉਪਸੰਹਾਰ, ਅਭਯਾਸ ਆਦਿ ਬੋਧਕ ਮੰਤ੍ਰਾਂ ਨਾਲ ਤੂ=ਤਾਂ ਸਾਮਵੇਦ ਦੀ ਛਾਂਦੋਗ੍ਯ ਉਪਨਿਸ਼ਦ ਦੇ ਸ਼ਸ਼ਠਗਮ੍=ਛੇਵੇਂ ਅਧਿਆਏ ਦਾ ਤਾਤਪਰਯ=ਭਾਵਅਰਥ, ਅਭਿਪ੍ਰਾਯ ਅਦ੍ਵਯੇ=ਅਦ੍ਵੈਤੀ ਬ੍ਰਹਮ ਵਿਚ ਈਸ਼ਯਤੇ=ਕਥਨ ਕੀਤਾ ਗਿਆ ਹੈ॥

☆☆☆

॥ अथ सप्तमाध्यायलिंगकीर्त्तनम्॥ ७॥

॥ ਅਥ ਸਪਤਮ+ਅਧਯਾਯ+ਲਿੰਗ+ਕੀਰਤਨਮ੍॥ ੭॥

ਅਥ=ਹੁਣ ਸ਼ਾਮਵੇਦ ਦੀ ਛਾਂਦੋਗਯ ਉਪਨਿਸ਼ਦ ਦੇ ਸਪਤਮ=ਸੱਤਵੇਂ ਅਧਯਾਯ=ਭਾਗ ਦੇ ਮੰਤ੍ਰਾਂ ਦੁਆਰਾ ਤਾਤਪਰਯ ਨਿਰਣਾਯਕ ਸਰਵਣ ਸਾਧਨ ਦੇ ਖਟ ਲਿੰਗ=ਚਿੰਨ੍ਹ, ਅੰਗ ਵਾ ਹੇਤੂਆਂ ਦਾ ਕੀਰਤਨਮ੍=ਵਿਚਾਰਾਤਮਕ ਕਹੀਏ ਨਿਰਣੇ ਜਨਕ ਕਥਨ ਕਰਦੇ ਹਨ।

शोकं तरति तद्वेत्तेत्युपक्रम्योपसंहृतिः।
तस्य ह वेति वाक्येन तदैक्यमनुभूयताम्॥ ५॥
ਸ਼ੋਕਮ ਤਰਤੀ ਤਦ੍+ਵੇਤਾ+ਇਤੀ+ਉਪਕ੍ਰਮਯ+ਉਪਸੰਹ੍ਰਿਤੀਃ।
ਤਸਯ ਹ (ਵਾ+ਇਤੀ) (ਵਾਕਯੇਨ ਤਦ+ਏਕਯਮ੍+ਅਨੁਭੂਯਤਾਮ੍)॥

(੧) ਉਪਕ੍ਰਮ-ਉਪਸੰਹਾਰ :-

''तरति शोकमात्मवित्''
''ਤਰਤੀ (ਸ਼ੋਕਮ੍+ਆਤ੍ਮਵਿਤ੍)'' (ਅਧਿਆਏ ੭, ਖੰਡ ੧, ਵਾਕਯ ੩)

ਆਤਮਵਿਤ੍=ਬ੍ਰਹਮਆਤਮਾ ਨੂੰ ਵਿਤ ਕਹੀਏ ਜਾਨਣ ਵਾਲਾ ਤਤਬੇਤਾ ਬ੍ਰਹਮ ਗਿਆਨ ਰੂਪ ਬੇੜੀ ਦੁਆਰਾ ਸੰਸਾਰ ਸਮੁੰਦ੍ਰ ਵਿਚ ਮਿਥਿਆ ਪਦਾਰਥਾਂ ਦੇ ਮੋਹ ਰੂਪ ਪਾਣੀ ਅਤੇ ਪਦਾਰਥਾਂ ਦੇ ਚਲੇ ਜਾਣ ਤੋਂ ਸ਼ੋਕਮ੍=ਗਮ ਵਾ ਪ੍ਰਿਯ ਵਸਤੂ ਦੇ ਵਿਯੋਗ ਤੋਂ ਉਤਪੰਨ ਮਨ ਦੀ ਵੇਦਨਾ (ਪੀੜਾ) ਆਦਿ ਮਨੋਵਿਕਾਰਾਂ ਤੋਂ ਤਰਤੀ=ਤਰ ਜਾਂਦਾ ਹੈ ਵਾ ਅਭੈ ਅਵਸਥਾ ਨੂੰ ਪ੍ਰਾਪਤ ਕਰਕੇ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦਾ ਹੈ॥

ਇਹੁ ਸੰਸਾਰੁ ਬਿਕਾਰੁ ਸੰਸੇ ਮਹਿ ਤਰਿਓ ਬ੍ਰਹਮ ਗਿਆਨੀ॥
(ਅੰਗ ੧੩)

ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ॥
ਹਰਖ ਸੋਗ ਦਾਝੈ ਨਹੀ ਤਬ ਹਰਿ ਆਪਹਿ ਆਪਿ॥ ੧੮੯॥
(ਅੰਗ ੧੩੭੪)

ਆਵਣ ਜਾਣਾ ਚੁਕੈ ਜਨਮਿ ਨ ਜਾਹਿ ਮਰਿ॥
ਸਚੁ ਨਾਮੁ ਆਧਾਰੁ ਸੋਗਿ ਨ ਮੋਹਿ ਜਰਿ॥ (ਅੰਗ ੧੦੯੩)

ਇਸ ਉਪਰੋਕਤ ਕਥਿਤ ਮੰਤ੍ਰ ਅਤੇ ਛਾਂਦੋਗਯ ਉਪਨਿਸ਼ਦ ਦੇ ਹੋਰ ਸਜਾਤੀ ਇਤੀ=ਇਤਯਾਦਿਕ ਮੰਤ੍ਰ ਦੁਆਰਾ ਅਦ੍ਵੈਤ ਬ੍ਰਹਮ ਦਾ ਪ੍ਰਕਰਣ ਉਪਕ੍ਰਮਯ=ਅਰੰਭ ਕਰਕੇ ਤਾਤਪਰਯ ਨਿਰਣਾਯਕ ਸਰਵਣ ਸਾਧਨ ਦਾ ਪਹਿਲਾ ਅੰਗ ਉਪਕ੍ਰਮ ਦਰਸਾਇਆ ਗਿਆ ਹੈ।

ਉਪਸੰਹਾਰ :-

''तस्य ह वा एतस्यैवं पश्यत एवं मन्वानस्यैवं विजानत आत्मतः प्राण आत्मत आशा''

(ਅਧਿਆਏ ੭, ਖੰਡ ੨੬, ਵਾਕਯ ੧)

''ਤਸਯ ਹ ਵਾ (ਏਤਸ੍+ਏਵਮ੍) ਪਸ਼ਯਤ ਏਵਮ੍ (ਮਨ੍ਵਾਨਸ੍+ਏਵਮ੍) ਵਿਜਾਨਤ ਆਤਮਤਃ ਪ੍ਰਾਣ ਆਤਮਤ ਆਸ਼ਾ''

ਇਹ ਹ=ਪ੍ਰਸਿੱਧ ਕਥਨ ਹੈ ਕਿ ਵਾ=ਉਸ ਗੁਰੂ ਪਰੰਪਰਾ ਦੇ ਉਪਦੇਸ਼ ਦੁਆਰਾ ਤਸਯ=ਪਰੋਕਸ਼ ਬ੍ਰਹਮ ਨੂੰ ਇਸ ਸਰੀਰ ਵਿਚ ਅਖੰਡਾਕਾਰ ਬਿਰਤੀ ਦੁਆਰਾ ਏਤਸਯ=ਅਪਰੋਕਸ਼ ਅਨੁਭਵ ਹੋ ਰਹੇ ਏਵਮ੍=ਓਹੀ ਰੂਪ (ਅੰਖਾਡਾਕਾਰ ਬਿਰਤੀ ਦੇ ਰੂਪ) ਵਿਚ ਪਸ਼ਯਤ=ਦੇਖਣ ਰੂਪ ਅਨੁਭਵ ਕਰਨ ਵਾਲਾ ਫਿਰ ਏਵਮ੍=ਓਸੇ ਰੂਪ ਨਾਲ ਜਿਸ ਰੂਪ ਨਾਲ ਨਿਸ਼ਚਿਤ ਕੀਤਾ ਉਸ ਦਾ ਮਨ੍ਵਾਨਸ੍=ਮਨਨ ਕਰਨ ਵਾਲਾ ਅਤੇ ਏਵਮ੍=ਓਹੀ ਰੂਪ ਜਿਸ ਨਾਲ ਮਨਨ ਕੀਤਾ ਉਸ ਨਾਲ ਵਿਜਾਨਤ=ਸਾਕਸ਼ਾਤਕਾਰ ਕਰਨ ਵਾਲੇ ਦੀ ਆਤਮਾ ਬ੍ਰਹਮ ਸਰੂਪ ਵਿਚ ਜੋ ਅਭੇਦ ਹੈ ਤਿਸਤੋਂ ਹੀ ਪ੍ਰਾਣਃ=ਸਮਸਤ ਪ੍ਰਾਣ ਵਾਯੂ ਪ੍ਰਗਟ ਹੁੰਦੀ ਹੈ ਅਤੇ ਉਸ ਤਤਵੇਤਾ ਦੀ ਆਤਮਤਃ=ਬ੍ਰਹਮ ਸਰੂਪ ਆਤਮਾ ਤੋਂ ਹੀ ਸਾਰੀਆਂ ਆਸ਼ਾ=ਦਿਸ਼ਾਵਾਂ ਨਿਕਲਦੀਆਂ ਹਨ ਭਾਵ ਉਸ ਦੀ ਚੇਤਨ ਸੱਤਾ ਤੋਂ ਹੀ ਜਗਤ ਰੂਪ ਸਾਰੀ ਮਾਯਾ ਨਿਕਲਦੀ ਉਸ ਤਤ ਬੇਤਾ ਨੂੰ ਅਨੁਭਵ ਹੁੰਦੀ ਹੈ॥

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥ ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥

(ਅੰਗ ੨੭੨)

ਬ੍ਰਹਮ ਗਿਆਨੀ ਕਾ ਸਗਲ ਅਕਾਰੁ॥ ਬ੍ਰਹਮ ਗਿਆਨੀ ਆਪਿ ਨਿਰੰਕਾਰੁ॥

(ਅੰਗ ੨੭੨)

ਇਨ੍ਹਾਂ ਉਪਰੋਕਤ ਮੰਤ੍ਰਾਂ ਦੁਆਰਾ ਤਦ੍=ਉਪਕ੍ਰਮ-ਉਪਸੰਹਾਰ ਦੀ ਬ੍ਰਹਮ ਵਿਸ਼ਯਕ ਨਿਸ਼ਚੇ ਵਿਚ ਏਕਯਮ੍=ਏਕਤਾ ਰੂਪ ਇਕ ਹੇਤੂਤਾ ਹੀ ਸਰਵਣ ਦਾ ਪਹਿਲਾ ਅੰਗ ਅਨੁਭੂਯਤਾਮ੍=ਅਨੁਭਵ ਕਰਨਾ ਚਾਹੀਦਾ ਹੈ॥

अधस्ताच्च स एव स्यात्तथाऽथातस्त्वहंक्रतैः।
आदेशश्च स्मृतोऽभ्यासोऽथात आत्मोपदेशयुक्॥ ६॥
(ਅਧਸਤਾਤ੍+ਚ) ਸ ਏਵ ਸਯਾਤ੍+ਤਥਾ+ਅਥਾਤਃ+ਤ੍ਵ+ਅਹੰਕ੍ਰਿਤਈਃ।
ਆਦੇਸ਼ਃ+ਚ (ਸਮ੍ਰਿਤਾਃ+ਅਭਯਾਸ+ਅਥਾਤਃ) ਆਤਮ+ਉਪਦੇਸ਼+ਯੁਕਤ॥ ੬॥

(੨) ਅਭਯਾਸ :-

''स एवाधस्तात्स उपरिष्टात्'' (ਅਧਿਆਇ ੭, ਖੰਡ ੨੫, ਵਾਕਯ ੧)

''ਸ (ਏਵ+ਅਧਸਤਾਤ੍+ਸ) ਉਪਰਿਸ਼੍ਟਾਤ''

ਸ=ਉਹ ਬ੍ਰਹਮ ਏਵ ਹੀ ਪ੍ਰਿਥਵੀ ਰੂਪ ਆਧਾਰ ਨਾਲ ਅਧਸ੍ਤਾਤ੍=ਹੇਠਾਂ ਸਮਾਇਆ ਹੋਇਆ ਹੈ ਅਤੇ ਸ=ਓਹੀ ਬ੍ਰਹਮ ਉਪਰਿਸ਼ਟਾਤ=ਉੱਪਰ ਅੰਤਰਿਕਸ਼ ਰੂਪ ਵਿਚ ਅਨਿਸ਼ਟ ਕਹੀਏ ਹਾਨੀ, ਵਿਰੋਧੀ ਤੱਤਾਂ ਨੂੰ ਨਿਵਿਰਤ ਕਰਨ ਵਾਲਾ ਸਯਾਤ=ਹੈ।

''अथातोऽहंकारादेश एवाहमध्यास्तादहमुपरिष्टात्'' (ਅਧਿਆਏ ੭, ਖੰਡ ੨੫, ਵਾਕਯ ੧)

(ਅਥ+ਅਤਃ+ਅਹੰਕਾਰ+ਆਦੇਸ਼) (ਏਵ+ਅਹਮ੍+ਅਧਯਸਤਾਤ੍+ਅਹਮ੍+ਉਪਰਿਸ਼ਟਾਤ੍)

ਜਿਸ ਪ੍ਰਕਾਰ ਪਹਿਲੇ ਮੰਤ੍ਰ ਵਿਚ ਸਾਮਾਨਯ ਚੇਤਨ ਬ੍ਰਹਮ ਦੀ ਵਿਆਪਕਤਾ ਦਰਸਾਈ ਹੈ ਤਥਾ= ਉਸੇ ਪ੍ਰਕਾਰ ਹੁਣ ਅਥ=ਅਨੰਤਰ ਕਹੀਏ ਬਾਅਦ ਵਿਚ ਅਤਃ=ਇਸ ਕਾਰਣ ਨਾਲ ਕਿ ਮੈਂ ਗੁਰੂ ਰੂਪ ਵਿਚ ਪ੍ਰਮਾਤਮਾ ਤੋਂ ਅਭਿੰਨ ਹਾਂ ਤੂ=ਤਾਂ ਆਦੇਸ਼ਃ=ਅਦ੍ਵੈਤ ਉਪਦੇਸ਼ ਨਾਲ ਅਹੰਕ੍ਰਿਤਈਃ=ਅਹੰਕਾਰ ਤੋਂ ਭਾਵ ਸ਼ੁਧ ਹੰਕਾਰ ਦੁਆਰਾ ਐਸਾ ਅਨੁਭਵ ਹੋਇਆ ਕਿ ਅਹਮ=ਮੈਂ ਏਵ=ਹੀ ਅਧਯਸਤਾਤ੍=ਹੇਠਾਂ ਹਾਂ ਚ=ਔਰ ਅਹਮ=ਮੈਂ ਹੀ ਉਪਰਿਸ਼੍ਟਾਤ੍=ਉੱਪਰ ਅੰਤਰਿਕਸ਼ ਵਿਚ ਵਿਆਪਕ ਹਾਂ।

ਗੁਰ ਪਰਮੇਸਰੁ ਏਕ ਹੈ ਸਭ ਮਹਿ ਰਹਿਆ ਸਮਾਇ॥ (ਸਿਰੀਰਾਗ ਮਃ ੫, ਅੰਗ ੫੩)

ਅਥਾਤਃ=(ਅਥ+ਅਤਃ) ਗੁਰੂ ਦੀ ਪਰਮੇਸ਼ਰ ਵਿਚ ਅਭੇਦਤਾ ਕਰਕੇ ਵਿਆਪਕਤਾ ਤੋਂ ਅਥ=ਅਨੰਤਰ, ਬਾਅਦ ਗੁਰੂ ਸਿੱਖ ਨੂੰ ਆਤਮ=ਸ੍ਵੈ-ਸਰੂਪ ਦੇ ਅਭੇਦਤਾ ਵਾਲੇ ਗਿਆਨ ਰੂਪ ਆਦੇਸ਼=ਉਪਦੇਸ਼ ਦੇ ਯੁਕਤ=ਸਹਿਤ ਕਰਦੇ ਹਨ ਕਿ ਅਤਃ=ਇਸੇ ਕਾਰਣ ਕਰਕੇ ਭਾਵ ਜਿਸ ਕਾਰਣ ਕਰਕੇ ਮੈਂ ਗੁਰੂ ਰੂਪ ਵਿਚ ਬ੍ਰਹਮ ਤੋਂ ਅਭਿੰਨ ਹਾਂ ਓਸੇ ਕਰਕੇ ਤੂੰ ਸਿੱਖ ਵੀ ਵਾਸਤਵਿਕ ਵਿਚ ਬ੍ਰਹਮ ਸਰੂਪ ਹੀ ਹੈਂ। ਗੁਰੂ ਤੇ ਸਿੱਖ ਦੀ ਉਪਾਧੀ ਨੂੰ ਤਿਆਗ ਕੇ ਦੋਵੇਂ ਇਕ ਸਰੂਪ ਸਚਿਦਾਨੰਦ ਬ੍ਰਹਮ ਹੀ ਹਾਂ॥

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥
ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥

(ਰਾਮਕਲੀ ਵਾਰ (ਬਲਵੰਡ ਸਤਾ) ਅੰਗ ੯੬੭)

ਉਪਰੋਕਤ ਛਾਂਦੋਗਯ ਉਪਨਿਸ਼ਦ ਦੇ ਮੰਤ੍ਰਾਂ ਦੁਆਰਾ ਸ਼ੁੱਧ ਹੰਕਾਰ ਨੂੰ ਲੈ ਕੇ ਅਦ੍ਵੈਤ ਗਿਆਨ ਨੂੰ ਸਮ੍ਰਿਤਃ=ਸਮਰਣ ਕਹੀਏ ਯਾਦ ਦਾ ਵਿਸ਼ਾ ਜੋ ਬ੍ਰਹਮ ਆਤਮਾ ਬਣਾਇਆ ਗਿਆ ਹੈ ਇਹੀ ਸਰਵਣ ਸਾਧਨ ਦਾ ਦੂਸਰਾ ਹੇਤੂ ਵਾ ਅੰਗ ਅਭਯਾਸਃ=ਪੁਨਃ ਪੁਨਃ ਪਠਨ ਵਾ ਚਿੰਤਨ ਰੂਪ ਅਭਿਆਸ ਕਥਨ ਕੀਤਾ ਗਿਆ ਹੈ॥

ਵਵਾ ਬਾਰ ਬਾਰ ਬਿਸਨ ਸਮ੍ਹਾਰਿ ॥ ਬਿਸਨ ਸੰਮ੍ਹਾਰਿ ਨ ਆਵੈ ਹਾਰਿ ॥

(ਗਉੜੀ ਬਾਵਨ ਅਖਰੀ, ਭਗਤ ਕਬੀਰ ਜੀ, ਅੰਗ ੩੪੨)

ऋगादिसर्वविद्यानामगोचरतयाऽऽत्मनः।
अपूर्वता फलं पश्यो नैव मृत्युं हि पश्यति॥७॥

(ਅਧਿਆਏ ੭, ਖੰਡ ੧, ਵਾਕਯ ੨)

(ਰਿਗ੍+ਆਦੀ+ਸਰਵ+ਵਿਦ੍ਯਾਨਾਮ੍+ਅਗੋਚਰ+ਤਯਾ+ਆਤਮਨਃ)।
ਅਪੂਰਵਤਾ ਫਲਮ੍ ਪਸ਼ਯੋ ਨਈਵ ਮ੍ਰਿਤਯੁਮ ਹੀ ਪਸ਼ਯਤੀ॥ ੭॥

(੩) ਅਪੂਰਵਤਾ :-

''ਸ ਹੋਵਾਚਾਧਰ੍ਵੇਦਂਮਗਵੋऽਧ੍ਯੇਸਿ''

''ਸ (ਹ+ਉਵਾਚ+ਰਿਗਵੇਦਮ੍+ਭਗਵੋ+ਅਧ੍ਯੇਮੀ)''

ਸ=ਉਸ ਹ=ਪ੍ਰਸਿੱਧ ਨਾਰਦ ਮੁਨੀ ਨੇ ਸਨਕਾਦਿ ਨੂੰ ਉਵਾਚ=ਕਿਹਾ ਹੇ ਭਗਵਃ=ਭਗਵਾਨ ! ਰਿਗਵੇਦਮ੍=ਰਿਗ ਵੇਦ ਆਦਿ ਚੌਂਠ ਵਿਦਿਆ ਦਾ ਮੈਂ ਅਧ੍ਯੇਮੀ=ਅਧਿਐਨ ਕੀਤਾ ਹੈ ਕਿੰਤੂ ਚੌਂਠ ਵਿਦਿਆ ਰੂਪ ਔਖਧੀਆਂ ਸ਼ੋਕ ਰੂਪ ਰੋਗ ਨੂੰ ਨਿਵਿਰਤ ਕਰਨ ਵਿਚ ਅਸਮਰੱਥ ਹਨ।

ਬੇਦ ਕਤੇਬ ਇਫਤਰਾ ਭਾਈ ਦਿਲ ਕਾ ਫਿਕਰੁ ਨ ਜਾਇ॥

(ਤਿਲੰਗ ਭ: ਕਬੀਰ, ਅੰਗ ੭੨੭)

ਪੜਿ ਪੜਿ ਪੋਥੀ ਸਿੰਮ੍ਰਿਤਿ ਪਾਠਾ ॥ ਬੇਦ ਪੁਰਾਣ ਪੜੈ ਸੁਣਿ ਥਾਟਾ ॥
ਬਿਨੁ ਰਸ ਰਾਤੇ ਮਨੁ ਬਹੁ ਨਾਟਾ ॥ ੭ ॥ (ਗਉੜੀ ਮ: ੧, ਅੰਗ ੨੨੬)

ਪੜੇ ਰੇ ਸਗਲ ਬੇਦ ਨਹੀਂ ਚੂਕੈ ਮਨ ਭੇਦ ਇਕੁ ਖਿਨੁ ਨ ਧੀਰਹਿ ਮੇਰੇ ਘਰ ਕੇ ਪੰਚਾ॥

(ਧਨਾਸਰੀ ਮ: ੫, ਅੰਗ ੬੮੭)

ਇਸ ਪ੍ਰਕਾਰ ਰਿਗ ਵੇਦ ਆਦਿਕ ਹੋਰ ਸਰਵ=ਸਾਰੀ ਚੌਂਠ ਵਿਦਯਾਨਾਮ੍=ਵਿਦਿਆ ਸਥਾਨਾਂ ਤੋਂ ਬ੍ਰਹਮ ਆਤਮਾ ਅਗੋਚਰ=ਅਪ੍ਰਕਾਸ਼ਿਤ, ਅਵਿਸ਼ੇ ਤਯਾ=ਹੋਣ ਕਰਕੇ ਮਾਤ੍ਰ ਬ੍ਰਹਮ ਨੇਸ਼ਟੀ ਬ੍ਰਹਮ ਸ਼੍ਰੋਤੀ ਸਤਿਗੁਰਾਂ ਦੇ ਆਗਮ ਰੂਪ ਪ੍ਰਮਾਣ ਤੋਂ ਵੇਦਯ ਹੋਣ ਦੇ ਕਾਰਣ ਆਤਮਨ:=ਆਤਮ ਪਦਾਰਥ ਅਪੂਰਵ (ਅ+ਪੂਰਵ) ਹੈ ਕਹੀਏ ਆਗਮ ਪ੍ਰਮਾਣ ਦੇ ਉਪਦੇਸ਼ ਤੋਂ ਪੂਰਵ=ਪਹਿਲਾਂ ਕਿਸੇ ਵੀ ਪ੍ਰਮਾਣ ਦਾ ਵਿਸ਼ਾ ਨਾ ਹੋਣ ਕਰਕੇ ਅ=ਅਵਿਸ਼ੇ ਹੈ। ਇਹ ਤਾਤਪਰਯ ਨਿਰਣਾਯਕ ਸਰਵਣ ਸਾਧਨ ਦਾ ਤੀਸਰਾ ਹੇਤੂ ਅਪੂਰਵਤਾ ਕਥਨ ਕੀਤੀ ਗਈ ਹੈ॥

ਅਗਮ ਅਗੋਚਰ ਨ ਜਾਈ ਹਰਿ ਲਖਿਆ ਗੁਰੁ ਪੂਰਾ ਮਿਲੈ ਲਖਾਵੀਐ ਰੇ॥ ਰਹਾਉ॥

(ਕੇਦਾਰਾ ਮ: ੪, ਅੰਗ ੧੧੧੮)

ਅੰਤਰਿ ਰਾਮ ਰਾਇ ਪ੍ਰਗਟੇ ਆਇ॥ ਗੁਰਿ ਪੂਰੈ ਦੀਓ ਰੰਗੁ ਲਾਇ॥ ੧॥ ਰਹਾਉ॥

(ਭੈਰਉ ਮ: ੫, ਅੰਗ ੧੧੪੧)

(੪) ਫਲ :- ਫਲਮ੍ ਪਸ਼ਯੋ ਨਈਵ ਮ੍ਰਿਤਯੁਮ ਹੀ ਪਸ਼ਯਤੀ =

''ਨ ਪਸ਼ਯੋ ਮ੍ਰਤ੍ਯੁਂ ਪਸ਼ਯਤਿ''

(ਅਧਿਆਏ ੭, ਖੰਡ ੨੬, ਵਾਕਯ ੨)

''ਨ ਪਸ਼ਯੋ ਮ੍ਰਿਤਯੁਮ ਪਸ਼ਯਤੀ''

ਆਤਮ ਤੱਤ੍ਵ ਨੂੰ ਸਾਕਸ਼ਾਤਕਾਰ ਕਰਨ ਰੂਪ ਪਸ਼ਯੋ=ਦੇਖਣ ਵਾਲਾ ਬ੍ਰਹਮ ਵੇਤਾ ਹੀ=ਨਿਸ਼ਚਿਤ ਰੂਪ ਨਾਲ ਮ੍ਰਿਤਯੁਮ੍=ਮ੍ਰਿਤਯੂ ਦੇ ਭੈ ਨੂੰ ਵਾ ਮ੍ਰਿਤਯੂ ਲੋਕ ਇਸ ਸੰਸਾਰ ਨੂੰ ਆਪਣੀ ਆਤਮਾ ਵਿਚ ਨ=ਨਹੀਂ ਪਸ਼ਯਤੀ=ਵੇਖਦਾ ਵਾ ਅਨੁਭਵ ਕਰਦਾ ਭਾਵ ਸਤ ਸਰੂਪ ਦੀ ਪ੍ਰਾਪਤੀ ਕਰਕੇ ਆਤਮ ਗਿਆਨੀ ਅਕਾਲ ਸਰੂਪ ਹੋ ਜਾਂਦਾ ਹੈ।

ਆਨੰਦ ਅਨਦਿਨੁ ਵਜਹਿ ਵਾਜੇ ਦਿਨਸੁ ਰੈਣਿ ਉਮਾਹਾ ॥
ਤਹ ਰੋਗ ਸੋਗ ਨ ਦੂਖੁ ਬਿਆਪੈ ਜਨਮ ਮਰਣੁ ਨ ਤਾਹਾ ॥ (ਬਿਲਾਵਲ ਮ: ੫, ਅੰਗ ੮੪੬)

ਇਸ ਪ੍ਰਕਾਰ ਬ੍ਰਹਮ ਤੋਂ ਅਭਿੰਨ ਸ੍ਵੈ ਸਰੂਪ ਆਤਮਾ ਨੂੰ ਦ੍ਰਿੜ ਅਪਰੋਕਸ਼ ਗਿਆਨ ਦੁਆਰਾ ਜਾਨਣ ਤੋਂ ਜਨਮ-ਮਰਣ ਬੰਧਨਾਂ ਤੋਂ ਮੁਕਤੀ ਰੂਪ ਫਲਮ੍=ਫਲ, ਪ੍ਰਯੋਜਨ ਸਰਵਣ ਦਾ ਚੌਥਾ ਅੰਗ, ਹੇਤੂ ਕਥਨ ਕੀਤਾ ਗਿਆ॥

ਮੇਰੇ ਰਾਜਨ ਮੈ ਬੈਰਾਗੀ ਜੋਗੀ॥ ਮਰਤ ਨ ਸੋਗ ਬਿਓਗੀ॥ ੧॥ ਰਹਾਉ॥

(ਗਉੜੀ ਭ: ਕਬੀਰ, ਅੰਗ ੩੩੫)

पश्यः पश्यति सर्वं हीत्यर्थवादः सुसूचितः।
जातावा आत्मतः प्राणादयो युक्तिः प्रदर्शिता॥ ८॥
ਪਸ਼ਯ : ਪਸ਼ਯਤੀ ਸਰਵਮ੍ (ਹੀ+ਇਤੀ+ਅਰਥਵਾਦਃ) ਸੁਸੂਚਿਤਃ।
(ਜਾਤਾਃ+ਵਾ) ਆਤਮਤਃ (ਪ੍ਰਾਣ+ਆਦਯੋ) ਯੁਕਤੀਃ ਪ੍ਰਦਰਸ਼ਿਤਾ॥ ੮॥

(੫) ਅਰਥਵਾਦ :-

''सर्वं ꣳ ह पश्य पश्यती। सर्वमाप्नोति सर्वः''

(ਅਧਿਆਏ ੭, ਖੰਡ ੨੬, ਵਾਕਯ ੨)

''ਸਰਵਮ੍ ਹ ਪਸ਼ਯ ਪਸ਼ਯਤੀ। (ਸਰਵਮ੍+ਆਪਨੋਤੀ) ਸਰਵਃ''

ਆਤਮ ਗਿਆਨੀ ਬ੍ਰਹਮ ਵਿਚ ਅਭੇਦਤਾ ਪ੍ਰਾਪਤ ਕਰਕੇ ਸਰਵਃ=ਸਰਵ ਰੂਪ ਹੋਇਆ ਸਰਵਮ=ਸਮਸਤ ਚਰਾਚਰ ਜਗਤ ਨੂੰ ਹ=ਨਿਸ਼ਚਿਤ ਰੂਪ ਨਾਲ ਆਪਣੀ ਆਤਮਾ ਰੂਪ ਵਿਚ ਹੀ ਪਸ਼ਯਤੀ=ਦੇਖਦ ਵਾ ਅਨੁਭਵ ਕਰਨ ਰੂਪ ਨਿਤਯ ਪ੍ਰਾਪਤ ਦੀ ਆਪਨੋਤੀ=ਪ੍ਰਾਪਤੀ ਕਰਦਾ ਹੈ॥

ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ ॥
ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥ ੧ ॥ ਰਹਾਉ ॥

(ਆਸਾ ਭ: ਨਾਮਦੇਵ, ਅੰਗ ੪੮੫)

ਬਿਨੁ ਗੋਬਿੰਦ ਨ ਦੀਸੈ ਕੋਈ॥ ਕਰਨ ਕਰਾਵਨ ਕਰਤਾ ਸੋਈ॥ ਰਹਾਉ॥

(ਗਉੜੀ ਮਃ ੫, ਅੰਗ ੧੮੬)

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥
ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ ॥
ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ੀ ਹਰਿ ਰਸੁ ਪੀਆ ॥ ੪ ॥ ੨ ॥

(ਬਿਲਾਵਲ ਮਃ ੫, ਅੰਗ ੮੪੬)

ਇਤੀ=ਇਤਆਦਿਕ ਛਾਂਦੋਗਯ ਉਪਨਿਸ਼ਦ ਦੇ ਮੰਤ੍ਰਾਂ ਦੁਆਰਾ ਅਦ੍ਵੈਤ ਗਿਆਨ ਨੂੰ ਪ੍ਰਾਪਤ ਤਤ ਬੇਤੇ ਦੀ ਸ਼ੁਭ ਦ੍ਰਿਸ਼ਟੀ ਦੀ ਸਤੁਤੀ ਕਹੀਏ ਕੀਰਤੀ, ਵਡਿਆਈ ਰੂਪ ਸਰਵਣ ਸਾਧਨ ਦਾ ਪੰਜਵਾਂ ਹੇਤੂ ਅਰਥਵਾਦ:=ਅਰਥਵਾਦ ਸਸੂਚੀਤ:=ਸੁੰਦਰ ਢੰਗ ਨਾਲ ਪ੍ਰਕਾਸ਼ਿਤ ਵਾ ਪ੍ਰਦਰਸ਼ਿਤ ਕੀਤਾ ਗਿਆ ਹੈ॥

(੬) ਉਤਪਤੀ :- (ਜਾਤਾ+ਵਾ (ਵਈ)) ਆਤਮਤ : (ਪ੍ਰਾਣ + ਆਦਯੋ) ਯੁਕਤੀ : ਪ੍ਰਦਰਸ਼ਿਤਾ=

''आत्मतः प्राण आत्मत आशा''

(ਅਧਿਆਏ ੭, ਖੰਡ ੨੬, ਵਾਕਯ ੧)

''ਆਤ੍ਮਤ : ਪ੍ਰਾਣ ਆਤ੍ਮਤ ਆਸ਼ਾ''

ਬ੍ਰਹਮ ਤੋਂ ਅਭਿੰਨ ਆਤ੍ਮਤ:=ਆਤਮਾ ਤੋਂ ਹੀ ਵਾ (ਵਈ) = ਨਿਸ਼ਚਿਤ ਰੂਪ ਨਾਲ ਪ੍ਰਾਣ=ਪ੍ਰਾਣ ਵਾਯੂ ਆਦਿ ਪੰਜ ਪ੍ਰਾਣ ਜਾਤਾ=ਉਤਪੰਨ ਹੋਏ ਹਨ ਅਤੇ ਆਤ੍ਮਤ=ਆਤਮਾ ਤੋਂ ਹੀ ਆਸ਼ਾ=ਇੱਛਾ ਸ਼ਕਤੀ ਰੂਪ ਮਾਯਾ ਤੇ ਮਾਯਾ ਦਾ ਕਾਰਯ ਸਮਸਤ ਚਰਾਚਰ ਜਗਤ ਦੀ ਉਤਪਤੀ, ਸਥਿਤੀ ਤੇ ਲੈਯਤਾ ਜਾਣੀ ਜਾਂਦੀ ਹੈ। ਇਸ ਪ੍ਰਕਾਰ ਕਲਪਿਤ ਵਸਤੂ ਮਾਯਾ ਤੇ ਮਿਥਿਆ ਦ੍ਵੈਤ ਦਾ ਸੰਸਾਰ ਦੀ

ਯੁਕਤੀ:=ਦਲੀਲ ਦੁਆਰਾ ਹੀ ਅਦ੍ਵੈਤ ਦਾ ਬੋਧ ਕਰਵਾਉਣ ਰੂਪ ਸਰਵਣ ਦਾ ਛੇਵਾਂ ਹੇਤੂ ਵਾ ਅੰਗ ਉਪਪਤੀ ਪ੍ਰਦਰਸ਼ਿਤਾ=ਵਿਸ਼ੇਸ਼ ਕਰਕੇ ਦਿਖਾਇਆ ਗਿਆ ਹੈ।

ਆਪਿ ਸਤਿ ਕੀਆ ਸਭੁ ਸਤਿ॥ ਤਿਸ ਪ੍ਰਭ ਤੇ ਸਗਲੀ ਉਤਪਤਿ॥
ਤਿਸ ਭਾਵੈ ਤਾ ਕਰੇ ਬਿਸਥਾਰੁ॥ ਤਿਸ ਭਾਵੈ ਤਾ ਏਕੰਕਾਰੁ॥

(ਗਉੜੀ ਸੁਖਮਨੀ ਮ: ੫, ਅੰਗ ੨੯੫)

छांदोग्यश्रुतितात्पंर्य सप्तमाध्यायगं बुधैः
इष्यते चाद्वये भूम्नि षड्भिर्लिङ्गरिमैःस्फुटम्॥ ९।
(ਛਾਂਦੋਗ੍ਯ+ਸ਼੍ਰੁਤੀ+ਤਾਤਪਰਯਮ੍) (ਸਪ੍ਤਮ+ਅਧਯਾਯ+ਗਮ੍) ਬੁਧਈਃ।
ईशते च+अद्वये ब्रुमनी (ਛੜਭੀ+ਲਿੰਗਈਃ+ਈਮਈਃ) ਸਫੁਟਮ੍॥ ੯॥

ਈਮਈ:=ਇਨ੍ਹਾਂ ਤਾਤਪਰਯ ਨਿਰਣਾਯਕ ਸਰਵਣ ਸਾਧਨ ਦੇ ਛੜਭੀ=ਛੇ ਲਿੰਗਈ:=ਹੇਤੂਆਂ ਵਾ ਅੰਗਾਂ ਦੁਆਰਾ ਛਾਂਦੋਗਯ ਉਪਨਿਸ਼ਦ ਦੇ ਸ਼੍ਰੁਤੀ=ਵੇਦਾਤਮਕ ਮੰਤ੍ਰਾਂ ਨਾਲ ਸਪਤਮ੍=ਸਤਵੇਂ ਅਧਯਾਯ=ਭਾਗ ਗਮ੍=ਵਿਚ ਸਥਿਤ ਤਾਤਪਰਯਮ=ਅਭਿਪ੍ਰਾਯ, ਭਾਵਅਰਥ ਵਕਤਾ ਦੀ ਇੱਛਾ ਦਾ ਵਿਸ਼ੇਭੂਤ ਅਦ੍ਵੈਤ ਬ੍ਰਹਮ ਵਿਚ ਹੀ ਸਫੁਟਮ=ਸਪੱਸ਼ਟ ਰੂਪ ਨਾਲ ਬੁਧਈ:=ਬਿਬੇਕ ਬੁਧ ਵਾਲੇ ਵਿਦਵਾਨਾਂ ਨੇ ਈਸ਼ਯਤੇ=ਕਥਨ ਕੀਤਾ ਹੈ॥

ਬੇਦ ਕਤੇਬ ਕਹਹੁ ਮਤ ਝੂਠੇ ਝੂਠਾ ਜੋ ਨ ਬਿਚਾਰੈ॥

(ਪ੍ਰਭਾਤੀ ਭ: ਕਬੀਰ, ਅੰਗ ੧੩੫੦)

ਵੇਦਾ ਮਹਿ ਨਾਮੁ ਉਤਮੁ ਸੋ ਸੁਣਹਿ ਨਾਹੀ ਫਿਰਹਿ ਜਿਉ ਬੇਤਾਲਿਆ॥

(ਰਾਮਕਲੀ ਮ: ੩, ਅੰਗ ੯੧੯)

☆☆☆

॥ अथाष्टमाध्यायलिंगकीर्त्तनम्॥ ८॥

॥ ਅਥ+ਅਸ਼ਟਮ+ਅਧਯਾਯ+ਲਿੰਗ+ਕੀਰਤਨਮ੍॥ ੮॥

ਅਥ=ਹੁਣ ਸ਼ਾਮਵੇਦ ਦੀ ਛਾਂਦੋਗਯ ਉਪਨਿਸ਼ਦ ਦੇ ਅਸ਼ਟਮ=ਅੱਠਵੇਂ ਅਧਯਾਯ=ਭਾਗ ਦੁਆਰਾ ਤਾਤਪਰਯ ਨਿਰਣਾਯਕ ਸਰਵਣ ਸਾਧਨ ਦੇ ਖਟ ਲਿੰਗ=ਚਿੰਨ੍, ਅੰਗ ਵਾ ਹੇਤੂਆਂ ਦਾ ਕੀਰਤਨਮ੍=ਕਥਨ ਕਰਦੇ ਹਨ॥

य आत्मेत्युपक्रम्यैव तं वा एतमुपासते।
इत्यादिनोपसंहार एव आत्मेतिवाक्यतः॥ १०॥
ਯ (ਆਤਮਾ+ਇਤੀ+ਉਪਕ੍ਰਮਯਈਵ) ਤਮ੍ ਵਾ (ਏਤਮ੍+ਉਪਾਸਤੇ)।
(ਇਤੀ+ਆਦੀਨ੍+ਉਪਸੰਹਾਰ) ਏਵ (ਆਤਮ੍+ਇਤੀ+ਵਾਕਯਤਃ)॥ ੧੦॥

(੧) ਉਪਕ੍ਰਮ-ਉਪਸੰਹਾਰ :-

''य आत्मापहतपाप्मा'' (ਅਧਿਆਏ ੮, ਖੰਡ ੭, ਵਾਕਯ ੧)

''ਯ ਆਤਮਾ+ਅਪਹਤ+ਪਾਪ੍ਮਾ''

ਯ=ਜੋ ਪ੍ਰਤਯਕਸ਼ ਭੂਤ ਕਹੀਏ ਪ੍ਰਤੱਖ ਸਰੂਪ ਜੀਵ ਆਤਮਾ=ਪ੍ਰਤਯਕ (ਅੰਤਰ) ਆਤਮਾ ਬ੍ਰਹਮ ਵਿਚ ਅਭੇਦ ਹੋ ਕੇ ਅਪਹਤ=ਵਿਨਸ਼ਟ ਪਾਪ੍ਮਾ=ਪਾਪ ਵਾਲਾ ਹੋ ਜਾਂਦਾ ਹੈ ਭਾਵ ਰਾਗ-ਦ੍ਵੈਸ਼ ਮੂਲਕ ਆਪਣੇ ਪਾਪ ਅਤੇ ਸਮਸਤ ਜੀਵਾਂ ਦੇ ਪਾਪਾਂ ਨੂੰ ਨਸ਼ਟ ਕਰਨ ਦੀ ਸਮਰੱਥਾ ਨਾਲ ਪਾਪ ਰਹਿਤ ਹੋ ਜਾਂਦਾ ਹੈ।

ਚਉਥੈ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁਨੰ॥

(ਰਾਮਕਲੀ ਗੌਸਟਿ ਮਃ ੧, ਅੰਗ ੯੪੩)

ਇਤੀ=ਇਤਿਆਦਿਕ ਮੰਤ੍ਰਾਂ ਨਾਲ ਛਾਂਦੋਗਯ ਉਪਨਿਸ਼ਦ ਦੇ ਅੱਠਵੇਂ ਅਧਿਆਏ ਦੇ ਸੱਤਵੇਂ ਖੰਡ ਵਿਚ ਅਦ੍ਵੈਤ ਬ੍ਰਹਮ ਦੇ ਪ੍ਰਕਰਣ ਦਾ ਉਪਕ੍ਰਮਯਈਵ=ਉਪਕ੍ਰਮ ਕਹੀਏ ਆਰੰਭ ਕਰਕੇ ਸਰਵਣ ਦਾ ਪਹਿਲਾ ਹੇਤੂ ਕਥਨ ਕੀਤਾ ਗਿਆ ਹੈ॥

ਉਪਸੰਹਾਰ :-

''तं वा एतं देवा आत्मानुपासते''

(ਅਧਿਆਏ ੮, ਖੰਡ ੧੨, ਵਾਕਯ ੬)

''ਤਮ੍ ਵਾ ਏਤਮ੍ ਦੇਵਾ ਆਤਮਾਨਮ੍ + ਉਪਾਸਤੇ''

ਸਾਰਿਆਂ ਦੇ ਅਨੁਭਵ ਦਾ ਵਿਸ਼ੇ ਬਣਿਆ ਹੋਇਆ ਤਮ੍=ਪਰੋਕਸ਼ ਬ੍ਰਹਮਆਤਮਾ ਜਿਸ ਦਾ ਉਪਦੇਸ਼ ਪ੍ਰਜਾਪਤੀ ਨੇ ਇੰਦ੍ਰ ਨੂੰ ਕੀਤਾ ਸੀ ਵਾ=ਨਿਸ਼ਚਿਤ ਰੂਪ ਨਾਲ ਉਸ ਆਤਮਾਨਮ੍=ਸ਼ੁਧ ਬੁਧੀ ਗਮਯ ਆਤਮਾ ਦੀ ਅੱਜ ਵੀ ਸਮਸਤ ਦੇਵਾ=ਦੇਵਗਣ ਉਪਾਸਤੇ=ਉਪਾਸ਼ਨਾ ਕਹੀਏ ਚਿੰਤਨ ਕਰਦੇ ਹਨ।

ਗਾਵਨਿ ਤੁਧਨੋ ਈਸਰੁ ਬ੍ਰਹਮਾ ਦੇਵੀ ਸੋਹਨਿ ਤੇਰੇ ਸਦਾ ਸਵਾਰੇ॥
ਗਾਵਨਿ ਤੁਧਨੋ ਇੰਦ੍ਰ ਇੰਦ੍ਰਾਸਣਿ ਬੈਠੇ ਦੇਵਤਿਆ ਦਰਿ ਨਾਲੇ॥

(ਸੋਦਰੁ ਆਸਾ ਮਃ ੧, ਅੰਗ ੯)

ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥ ਸਿਮਰਹਿ ਦੇਵਤੇ ਕੋੜਿ ਤੇਤੀਸਾ ॥

(ਮਾਰੂ ਸੋਲਹੇ ਮਹਲਾ ੫, ਅੰਗ ੧੦੭੯)

ਇਤੀ=ਇਹ ਮੰਤ੍ਰ ਦਾ ਅੰਸ਼ ਜਿਨ੍ਹਾਂ ਛਾਂਦੋਗਯ ਉਪਨਿਸ਼ਦ ਦੇ ਮੰਤ੍ਰਾਂ ਦੇ ਸਮੁਦਾਏ ਦੇ ਆਦੀਨ੍=ਆਦਿ ਕਹੀਏ ਸ਼ੁਰੂ ਵਿਚ ਹੈ ਤਿਸਦੇ ਦੁਆਰਾ ਸਰਵਣ ਸਾਧਨ ਦਾ ਪਹਿਲਾ ਹੇਤੂ ਉਪਸੰਹਾਰ=ਅੰਤ ਵਿਚ ਨਿਸ਼ਕਰਸ਼ ਏਵ=ਹੀ ਨਿਸ਼ਚਿਤ ਰੂਪ ਨਾਲ ਕਥਨ ਕੀਤਾ ਗਿਆ। ਉਪਕ੍ਰਮ-ਉਪਸੰਹਾਰ ਦੀ ਏਕਤਾ ਰੂਪ ਇਕ ਹੇਤੂਤਾ ਸਰਵਣ ਦਾ ਪਹਿਲਾ ਅੰਗ ਹੈ॥

(੨) ਅਭਯਾਸ :- ਆਤਮ੍+ਇਤੀ+ਵਾਕਯਤਃ+ਅਭਯਾਸਃ=

''ਏਸ਼ ਆਤ੍ਮੇਤਿ ਹੋਵਾਚੈਤਦਮ੍ਰੁਤਮਭਯਮੇਤਦ੍ਬ੍ਰਹ੍ਮੋਤਿ'' (ਅਧਿਆਏ ੮, ਖੰਡ ੧੦, ਵਾਕਯ ੧)

''ਏਸ਼ (ਆਤਮਾ+ਇਤੀ) ਹ+ਉਵਾਚ+ਏਤਦ+ਅਮ੍ਰੁਤਮ੍+ਅਭਯਮ੍ ਏਤਦ੍+ਬ੍ਰਹਮ+ਇਤੀ''

ਏਸ਼=ਇਹ ਜੋ ਬੁਧੀ ਗਮਯ ਆਤਮਾ=ਜੀਵ ਆਤਮਾ ਹ=ਨਿਸ਼ਚਿਤ ਰੂਪ ਨਾਲ ਬ੍ਰਹਮ ਆਤਮਾ ਹੈ।

ਸੋ ਪ੍ਰਭੁ ਦੂਰਿ ਨਾਹੀ ਪ੍ਰਭੁ ਤੂੰਹੈ॥

(ਆਸਾ ਮਃ ੧, ਅੰਗ ੩੫੪)

ਕਹੁ ਕਬੀਰ ਇਹੁ ਰਾਮ ਕੀ ਅੰਸੁ॥ ਜਸ ਕਾਗਦ ਪਰ ਮਿਟੈ ਨ ਮੰਸੁ॥ ੪॥ ੨॥ ੫॥

(ਗੋਂਡ ਭਃ ਕਬੀਰ, ਅੰਗ ੮੭੧)

ਏਤਦ੍=ਓਹੀ ਬ੍ਰਹਮ ਤੋਂ ਅਭਿੰਨ ਆਤਮਾ ਅਮ੍ਰੁਤਮ੍=ਮਰਣ ਧਰਮ ਤੋਂ ਰਹਿਤ ਅਭਯਮ੍=ਅਵਿਦਿਆ ਪ੍ਰਯੁਕਤ ਭੈ ਤੋਂ ਅਤੀਤ ਅਤੇ ਏਤਦ੍=ਓਹੀ ਜੀਵ ਆਤਮਾ ਜੀਵ ਉਪਾਧੀ ਨੂੰ ਤਿਆਗ ਕੇ ਮਾਤ੍ਰ ਸਚਿਦਾਨੰਦ ਬ੍ਰਹਮ=ਵਿਆਪਕ ਸਰੂਪ ਹੈ। ਇਤੀ=ਇਤਿਆਦਿਕ ਛਾਂਦੋਗਯ ਉਪਨਿਸ਼ਦ ਦੇ ਮੰਤ੍ਰ ਰੂਪ ਵਾਕਯਤਃ=ਮਹਾਂਵਾਕ ਕਹੀਏ ਜੀਵ-ਬ੍ਰਹਮ ਦੀ ਏਕਤਾ ਬੋਧਕ ਵਾਕਾਂ ਦੁਆਰਾ ਤਾਤਪਰਯ ਨਿਰਣਾਯਕ ਸਰਵਣ ਸਾਧਨ ਦਾ ਦੂਸਰਾ ਹੇਤੂ ਵਾ ਅੰਗ ਅਭਯਾਸਃ=ਪੁਨਃ ਪੁਨਃ ਪਠਨ ਵਾ ਚਿੰਤਨ ਰੂਪ ਅਭਿਆਸ ਕਥਨ ਕੀਤਾ ਗਿਆ ਹੈ॥

ਅਭ੍ਯਾਸੋऽਪੂਰ੍ਵਤਾਃ ਬ੍ਰਹ੍ਮਚਰ੍ਯੇਣੇਤ੍ਯਾਦਿਤਃ ਫਲਮ੍।
ਪੁਨਰਾਵਰ੍ਤਤੇ ਨੈਵ ਸ ਇਤ੍ਯਾਦਿਰਵੇਰਿਤਮ੍॥ ੧੧॥
(ਅਭਯਾਸੋ+ਅਪੂਰਵਤਾਃ) (ਬ੍ਰਹਮਚਰਯੇਣ+ਇਤਯਾਦੀਤਃ+ਫਲਮ੍)।
(ਪੁਨਰ+ਆਵਰਤਤੇ) ਨਈਵ ਸ (ਇਤਯਾਦੀ+ਈਰੀਤਮ੍)॥ ੧੧॥

(੩.) ਅਪੂਰਵਤਾ :- 'ਅਭਯਾਸੋ' ਪਦ ਪਿਛਲੇ ਸਲੋਕ ਨਾਲ ਆਨਵੇ ਕਰਕੇ ਅਰਥ ਕਰਨਾ ਹੈ।

''ਤਦ੍ਧ ਏਵੈਤਂ ਬ੍ਰਹ੍ਮਲੋਕਂ ਬ੍ਰਹ੍ਮਚਰ੍ਯੇਣਾਨੁਵਿਂਦਂਤਿ ਤੇਸ਼ਾਮੇਵੈਸ਼ ਬ੍ਰਹ੍ਮਲੋਕਃ''

(ਅਧਿਆਏ ੮, ਖੰਡ ੪ ਵਾਕਯ ੩)

(ਤਦ੍+ਯੇ) (ਏਵ+ਏਤਮ੍) ਬ੍ਰਹਮਲੋਕਮ੍ (ਬ੍ਰਹਮਚਰਯੇਣ+ਅਨੁਵਿੰਦੰਤੀ) (ਤੇਸ਼ਾਮ+ਏਵ+ਏਸ਼)

ਬ੍ਰਹਮ ਲੋਕਃ

ਯੇ=ਇਹ ਜੋ ਸਮੂਹ ਬ੍ਰਹਮ ਵੇਤਾ ਤਦ੍=ਪਰੋਕਸ਼ ਬ੍ਰਹਮ ਤੋਂ ਅਭਿੰਨ ਏਤਮ੍=ਮਾਨਸ ਪ੍ਰਤਯਕਸ਼ ਜੀਵ ਆਤਮਾ ਸਰੂਪ ਬ੍ਰਹਮਲੋਕਮ੍=ਬ੍ਰਹਮ ਲੋਕ ਨੂੰ ਬ੍ਰਹਮਚਰਯੇਣ=ਬ੍ਰਹਮਚਰਜ ਰੂਪ ਵਰਤ ਦਾ ਨਿਰੰਤਰ ਆਚਰਣ ਕਹੀਏ ਮਰਯਾਦਾ ਪੂਰਵਕ ਵਿਵਹਾਰ ਕਰਨ ਨਾਲ ਬ੍ਰਹਮ ਸਰੂਪ ਲੋਕ ਨੂੰ ਅਨੁਵਿੰਦਤੀ= ਪ੍ਰਾਪਤ ਕਰਦੇ ਹਨ। ਤੇਸ਼ਾਮ੍=ਉਨ੍ਹਾਂ ਤਤ ਬੇਤਿਆਂ ਦਾ ਏਸ਼=ਇਹ ਜੀਵ ਆਤਮਾ ਜੋ ਬ੍ਰਹਮ ਤੋਂ ਅਭਿੰਨ ਏਵ=ਹੀ ਬ੍ਰਹਮ ਲੋਕਃ=ਬ੍ਰਹਮ ਲੋਕ ਹੈ। ਇਤਯਾਦੀਤਃ=ਇਤਿਆਦਿਕ ਮੰਤ੍ਰਾਂ ਦੁਆਰਾ ਸਰਵਣ ਦਾ ਤੀਸਰਾ ਹੇਤੂ ਵਾ ਅੰਗ ਅਪੂਰਵਤਾ ਕਥਨ ਕੀਤੀ ਗਈ ਹੈ ਭਾਵ ਬ੍ਰਹਮ ਆਤਮਾ ਦੀ ਪ੍ਰਾਪਤੀ ਬ੍ਰਹਮਚਰਯ ਕਹੀਏ ਵੇਦ ਵਾ ਆਗਮ ਪ੍ਰਮਾਣ ਦੇ ਪ੍ਰਤੀਪਾਦਯ ਅਭੇਦਤਾ ਵਾਲੇ ਉਪਦੇਸ਼ ਵਿਚ ਵ੍ਰਿਤੀ ਗਿਆਨ ਦੁਆਰਾ ਨਿਰੰਤਰ ਚਰਯ=ਵਿਚਰਣ ਵਾਲੇ ਨੂੰ ਹੁੰਦੀ ਹੈ। ਆਗਮ ਪ੍ਰਮਾਣ ਤੋਂ ਪੂਰਵ=ਪਹਿਲਾ ਸਮਸਤ ਪ੍ਰਮਾਣਾਂ ਦੀ ਬ੍ਰਹਮ ਵਿਚ ਅਵਿਸ਼ਯਤਾ ਰੂਪ ਹੀ ਅਪੂਰਵਤਾ ਹੈ।

ਅਗਮ ਅਗੋਚਰੁ ਅਲਖ ਅਪਾਰਾ ॥ ਕੋਇ ਨ ਜਾਣੈ ਤੇਰਾ ਪਾਰਾਵਾਰਾ ॥
ਆਪਣਾ ਆਪੁ ਪਛਾਣਹਿ ਆਪੇ ਗੁਰਮਤੀ ਆਪਿ ਬੁਝਾਇਦਾ ॥ ੪ ॥

(ਮਾਰੂ ਸੋਲਹੇ ਮਃ ੩, ਅੰਗ ੧੦੬੧)

(੪) ਫਲ :- ਆਨਵੇ ਰੀਤ ਅਨੁਸਾਰ :-

ਪੁਨਰ+ਆਵਰਤਤੇ ਨਈਵ (ਨ+ਏਵ) ਸ ਇਤਯਾਦੀ ਫਲਮ੍ ਈਰੀਤਮ੍ =

''ब्रह्मलोकभिसंपद्यते न च पुरनावर्त्तते''

(ਅਧਿਆਏ ੮, ਖੰਡ ੧੫, ਵਾਕਯ ੧)

''(ਬ੍ਰਹਮ+ਲੋਕਮ੍+ਅਭੀਸੰਪਦ੍ਯਤੇ) ਨ ਚ (ਪੁਨਃ+ਆਵਰਤਤੇ)''

ਦ੍ਰਿੜ ਅਪਰੋਕਸ਼ ਬ੍ਰਹਮ ਗਿਆਨ ਦੁਆਰਾ ਆਤਮ ਗਿਆਨੀ ਬ੍ਰਹਮਲੋਕਮ੍=ਸਚਿਦਾਨੰਦ ਕਾਰਣ ਨਿਰਉਪਾਧਿਕ ਸਰੂਪ ਵਿਚ ਅਭੇਦ ਰੂਪ ਨਾਲ ਅਭੀਸੰਪਦ੍ਯਤੇ=ਪ੍ਰਾਪਤ ਹੋ ਜਾਂਦਾ ਹੈ ਚ=ਔਰ ਪੁਨਃ=ਦੁਬਾਰਾ ਜਨਮ ਲੈ ਕੇ ਸੰਸਾਰ ਵਿਚ ਆਵਰਤਤੇ=ਆਵ੍ਰਿਤ ਕਹੀਏ ਘੁੰਮਦਾ ਨ=ਨਹੀਂ ਹੈ ਭਾਵ ਪਰਾਲਬਧ ਕਰਮ ਭੋਗ ਤੋਂ ਅਨੰਤਰ ਸਰੀਰ ਰੂਪ ਉਪਾਧੀ ਨੂੰ ਤਿਆਗ ਕੇ ਬ੍ਰਹਮ ਵਿਚ ਅਭੇਦ ਹੋਣ ਕਾਰਨ ਉਸ ਦਾ ਜਨਮ-ਮਰਣ ਏਵ=ਹੀ ਨ=ਨਹੀਂ ਹੁੰਦਾ।

ਫਾਹੇ ਕਾਟੇ ਮਿਟੇ ਗਵਨ ਫਤਿਹ ਭਈ ਮਨਿ ਜੀਤ॥
ਨਾਨਕ ਗੁਰ ਤੇ ਥਿਤ ਪਾਈ ਫਿਰ ਨ ਮਿਟੇ ਨਿਤ ਨੀਤ॥ ੧॥

(ਗਉੜੀ ਬਾਵਨ ਅਖਰੀ ਮਃ ੫, ਅੰਗ ੨੫੮)

ਉਆ ਮਹਲੀ ਪਾਵਹਿ ਤੂ ਬਾਸਾ॥ ਜਨਮ ਮਰਨ ਨਹ ਹੋਇ ਬਿਨਾਸਾ॥

(ਗਉੜੀ ਬਾਵਨ ਅਖਰੀ ਮਃ ੫, ਅੰਗ ੨੫੨)

ਇਤਿਯਾਦੀ=ਆਦਿਕ ਮੰਤ੍ਰ ਨਾਲ ਬ੍ਰਹਮ ਗਿਆਨ ਦਾ ਫਲਮ੍=ਫਲ, ਪ੍ਰਯੋਜਨ ਰੂਪ ਸਰਵਣ ਦਾ ਚੌਥਾ ਹੇਤੂ ਕਥਨ ਕੀਤਾ ਗਿਆ ਹੈ॥

आख्यायिकार्थवादःस्यादिन्द्रस्यासुरस्वामिनः।
अशरीरोवायुरभ्रमित्यादिर्युक्तिरीरिता॥१२॥

(ਆਖਯਾਯਿਕਾ+ਅਰਥਵਾਦਃ) ਸਯਾਤ੍+ਇੰਦ੍ਰਸਯ+ਅਸੁਰ+ਸ੍ਵਾਮੀਨਃ।

ਅਸ਼ਰੀਰੋ+ਵਾਯੁ:+ਅਭ੍ਰਮ+ਇਤਯਾਦੀ+ਯੁਕਤੀ:+ਈਰੀਤਾ ॥ ੧੨ ॥

(੫) ਅਰਥਵਾਦ :- (ਆਖਯਾਯਿਕਾ+ਅਰਥਵਾਦ:) ਸਯਾਤ੍+ਇੰਦ੍ਰਸਯ+ਅਸੁਰ+ਸ੍ਵਾਮੀਨ:=

ਆਤਮ ਤਤ੍ਵ ਦਾ ਅਨੁਸੰਧਾਨ ਕਹੀਏ ਖੋਜ, ਤਾਲਾਸ਼ ਕਰਨ ਲਈ ਦੇਵਰਾਜ ਇੰਦ੍ਰਸਯ=ਇੰਦ੍ਰ ਅਤੇ ਅਸੁਰ=ਦੈਂਤਾਂ ਦੇ ਸ੍ਵਾਮੀਨ:=ਮਾਲਕ ਵਿਰੋਚਨ (ਪ੍ਰਹਲਾਦ ਦਾ ਪੁੱਤ੍ਰ) ਦਾ ਪ੍ਰਜਾਪਤੀ ਦੇ ਕੋਲ ਜਾਣ ਦੀ ਆਖਯਾਯਿਕਾ=ਸਿਖਿਆ ਪ੍ਰਦਾਨ ਕਰਨ ਵਾਲੀ ਕਹਾਣੀ* ਦੁਆਰਾ ਸਰਵਣ ਸਾਧਨ ਦਾ ਪੰਜਵਾਂ ਹੇਤੂ ਬ੍ਰਹਮਾ ਆਤਮਾ ਦੀ ਸਤੁਤੀ ਰੂਪ ਅਰਥਵਾਦ:=ਅਰਥਵਾਦ ਸਿਧ ਸਯਾਤ੍=ਹੁੰਦਾ ਹੈ।

* ਇੰਦ੍ਰ ਤੇ ਪ੍ਰਜਾਪਤੀ ਦੀ ਕਹਾਣੀ ਛਾਂਦੋਗਯ ਉਪਨਿਸ਼ਦ ਦੇ ਅੱਠਵੇਂ ਅਧਿਆਏ ਦੇ ਸੱਤਵੇਂ ਖੰਡ ਵਿਚ ਵਿਸਥਾਰ ਨਾਲ ਕਥਨ ਕੀਤੀ ਗਈ ਹੈ।

(੬) ਉਪਪਤੀ :- ਅਸ਼ਰੀਰੋ+ਵਾਯੁ:+ਅਭ੍ਰਮ+ਇਤਯਾਦੀ+ਯੁਕਤੀ:+ਈਰੀਤਾ =

''अशरीरो वायुरभ्रंविद्युत्स्तनयित्नुरशरीराण्येतानि''

(ਅਧਿਆਏ ੮, ਖੰਡ ੧੨, ਵਾਕਯ ੨)

''ਅਸ਼ਰੀਰੋ ਵਾਯੂ:+ਅਭ੍ਰਮ+ਵਿਦ੍ਯੁਤ੍+ਸਤਨਯਿਤ੍ਨੂ:+ਅਸ਼ਰੀਰਾਣੀ+ਏਤਾਨੀ''

ਸੂਖਮ ਹੋਣ ਕਰਕੇ ਵਾਯੂ:=ਹਵਾ ਅਸ਼ਰੀਰੋ=ਸ਼ਰੀਰ ਰਹਿਤ ਹੈ ਅਤੇ ਅਭ੍ਰਮ=ਬੱਦਲ, ਵਿਦਯੁਤ=ਜਲ ਦੀ ਅਗਨੀ, ਸਤਨਯਿਤ੍ਨੂ:=ਬੱਦਲਾਂ ਦੇ ਟਕਰਾਉਣ ਤੋਂ ਉਤਪੰਨ ਬਿਜਲੀ ਏਤਾਨੀ=ਇਹ ਸਭ ਵੀ ਅਸ਼ਰੀਰਾਣੀ=ਦੇਹ ਰਹਿਤ ਹਨ ਭਾਵ ਵਰਖਾ ਰੂਪ ਪ੍ਰਯੋਜਨ ਦੀ ਪੂਰਤੀ ਅਨੰਤਰ ਸਾਰੇ ਅਕਾਸ਼ ਵਿਚ ਹੀ ਲੀਨ ਹੋਣ ਕਰਕੇ ਅਕਾਸ਼ ਸੰਗਿਆ ਨੂੰ ਪ੍ਰਾਪਤ ਹੋ ਜਾਂਦੇ ਹਨ। ਇਸੇ ਪ੍ਰਕਾਰ ਆਤਮ ਗਿਆਨੀ ਪਰਾਲਬਧ ਭੋਗ ਪ੍ਰਯੰਤ ਆਤਮ ਨਿਸ਼ਠ ਹੋ ਕੇ ਅਸੰਗ ਅਵਸਥਾ ਵਿਚ ਸਮਸਤ ਕ੍ਰਿਆ ਨੂੰ ਕਰਦਾ ਸੰਸਾਰ ਵਿਚ ਵਿਚਰਦਾ ਹੈ ਅਤੇ ਪਰਾਲਬਧ ਸਮਾਪਤ ਹੋ ਕੇ ਬ੍ਰਹਮ ਸਰੂਪ ਵਿਚ ਹੀ ਸਮਾ ਜਾਂਦਾ ਹੈ। ਇਤਯਾਦੀ=ਆਦਿਕ ਛਾਦੋਗ੍ਯ ਉਪਨਿਸ਼ਦ ਦੇ ਮੰਤ੍ਰਾਂ ਦੁਆਰਾ ਅਭੇਦਤਾ ਦੀ ਯੁਕਤ:= ਜੁਗਤੀ ਰੂਪ ਸਰਵਣ ਸਾਧਨ ਦਾ ਛੇਵਾਂ ਹੇਤੂ ਵਾ ਅੰਗ ਉਪਪਤੀ ਈਰੀਤਾ=ਕਥਨ ਕੀਤੀ ਗਈ ਹੈ।

ਪਵਨੈ ਮਹਿ ਪਵਨੁ ਸਮਾਇਆ ॥ ਜੋਤੀ ਮਹਿ ਜੋਤਿ ਰਲਿ ਜਾਇਆ ॥

(ਰਾਮਕਲੀ ਮ: ੫, ਅੰਗ ੮੮੫)

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ ॥ **(ਬਿਲਾਵਲ ਮ: ੫, ਅੰਗ ੮੪੬)**
ਜੋ ਹਰਿ ਭਾਵਹਿ ਭਗਤ ਤਿਨਾ ਹਰਿ ਭਾਵਹਿਗੇ ॥
ਜੋਤੀ ਜੋਤਿ ਮਿਲਾਇ ਜੋਤਿ ਰਲਿ ਜਾਵਹਗੇ ॥ ੩ ॥ **(ਕਲਿਆਨ ਮ: ੪, ਅੰਗ ੧੩੨੧)**

छांदोग्यश्रुतितात्पर्यमष्टमाध्यायगं त्विमैः।
इष्यतेऽद्वयएवास्मिन्ब्रह्मण्येतत्प्रदर्शितम्॥ ੧੩॥
(ਛਾਂਦੋਗਯ+ਸ਼੍ਰੁਤੀ+ਤਾਤਪਰਯਮ੍+ਅਸ਼ਟਮ੍+ਅਧਯਾਯ+ਗਮ੍) (ਤ੍ਵ+ਈਮਈ:)।
(ਈਸ਼ਯਤੇ+ਅਦ੍ਵਯ+ਏਵ+ਅਸਮਿਨ+ਬ੍ਰਹਮਣੀ+ਏਤਤ੍+ਪ੍ਰਦਰਸ਼ਿਤਮ੍)

ਈਮਈ:=ਇਨ੍ਹਾਂ ਤਾਤਪਰਯ ਨਿਰਣਾਯਕ ਸਰਵਣ ਸਾਧਨ ਦੇ ਖਟ ਹੇਤੂਆਂ ਵਾ ਅੰਗਾਂ ਦੁਆਰਾ ਤੂ=ਤਾਂ ਛਾਂਦੋਗਯ ਉਪਨਿਸ਼ਦ ਗਮ=ਵਿਚ ਅਸ਼ਟਮ=ਅੱਠਵੇਂ ਅਧਯਾਯ=ਭਾਗ ਦੇ ਸ਼੍ਰੁਤੀ=ਵੇਦਾਤਮਕ ਮੰਤ੍ਰਾਂ ਦਾ ਤਾਤਪਰਯਮ=ਭਾਵਅਰਥ ਅਭਿਪ੍ਰਾਯ ਅਸਮਿਨ=ਮਾਨਸ ਪ੍ਰਤਯਕਸ਼ ਵਿਸ਼ੇਭੂਤ ਕਹੀਏ ਜੋ ਮਨੁੱਖਾਂ ਦੀ ਬੁਧੀ ਵਿਚ ਅਹੰ ਕਰਤਾ ਭੋਗਤਾ ਰੂਪ ਵਿਚ ਪ੍ਰਤੱਖ ਅਨੁਭਵ ਹੋ ਰਿਹਾ ਅਦ੍ਵਯ=ਅਦੁਤੀ ਆਤਮਾ ਏਵ=ਹੀ ਬ੍ਰਹਮਣੀ=ਬ੍ਰਹਮ ਹੈ ਏਤਤ੍=ਇਸ ਅਭੇਦਤਾ ਵਾਲੀ ਗੱਲ ਨੂੰ ਪ੍ਰਦਰਸ਼ਿਤਮ੍= ਪ੍ਰਕਾਸ਼ਿਤ ਕਰਕੇ ਸਮੂਹ ਖਟ ਹੇਤੂਆਂ ਦੁਆਰਾ ਮੰਤ੍ਰਾਂ ਦਾ ਤਾਤਪਰਯ ਅਦੁਤੀ ਬ੍ਰਹਮ ਵਿਚ ਈਸ਼ਯਤੇ= ਕਥਨ ਕੀਤਾ ਗਿਆ ਹੈ॥

ਇਤਿ ਸ਼੍ਰੀ ਛਾਨ੍ਦੋਗ੍ਯੋਪਨਿਸ਼ਲ੍ਲਿਂਗ ਦਸ਼ਮਂ ਪ੍ਰਕਰਣਂ ਸਮਾਪ੍ਤਮ੍॥੧੦॥

ਇਤੀ ਸ਼੍ਰੀ ਛਾਂਦੋਗਯਉਪਨਿਸ਼ਦ੍ ਲਿੰਗ ਦਸ਼ਮਮ੍ ਪ੍ਰਕਰਣਮ੍ ਸਮਾਪਤਮ॥ ੧੦॥

ਸ਼੍ਰੀ=ਸੁਭਾਇਮਾਨ ਛਾਦੋਗਯ ਉਪਨਿਸ਼ਦ ਦੇ ਮੰਤ੍ਰਾਂ ਦੁਆਰਾ ਸਰਵਣ ਸਾਧਨ ਦੇ ਖਟ ਲਿੰਗ=ਹੇਤੂ ਵਾ ਚਿੰਨ੍ਹਾਂ ਦੇ ਕਥਨ ਵਾਲਾ ਦਸ਼ਮਮ=ਦਸਵਾਂ ਪ੍ਰਕਰਣਮ੍=ਪ੍ਰਸੰਗ ਇਤੀ=ਸਮਾਪਤ ਹੁੰਦਾ ਹੈ॥

☆☆☆

॥ अथ श्रीबृहदारण्यकोपनिषल्लिंगकीर्त्तनम्॥ ११॥

॥ ਅਥ ਸ਼੍ਰੀ+ਬ੍ਰਿਹਦਾਰਣਯਕ+ਉਪਨਿਸ਼ਦ੍+ਲਿੰਗ+ਕੀਰਤਨਮ॥ ੧੧॥

ਅਥ=ਹੁਣ ਸ਼੍ਰੀ=ਸੁਭਾਇਮਾਨ ਯਜੁਰਵੇਦ ਦੀ ਬ੍ਰਿਹਦਾਰਣਯਕ ਉਪਨਿਸ਼ਦ੍ ਦੇ ਮੰਤ੍ਰਾਂ ਦੁਆਰਾ ਤਾਤਪਰਯ ਨਿਰਣਾਯਕ ਸਰਵਣ ਸਾਧਨ ਦੇ ਖਟ ਲਿੰਗ=ਚਿੰਨ੍ਹ, ਅੰਗ ਵਾ ਹੇਤੂਆਂ ਦਾ ਕੀਰਤਨਮ੍ = ਕਥਨ ਕਰਦੇ ਹਨ।

॥ तत्र प्रथमाध्यायलिंगकीर्त्तनम्॥ १॥

॥ ਤਤ੍ਰ (ਪ੍ਰਥਮ+ਅਧਯਾਯ+ਲਿੰਗ+ਕੀਰਤਨਮ੍)॥ ੧॥

ਤਤ੍ਰ=ਤਿਸ ਬ੍ਰਿਹਦਾਰਣਯਕ ਉਪਨਿਸ਼ਦੇ ਦੇ ਪ੍ਰਥਮ=ਪਹਿਲੇ ਅਧਯਾਯ=ਭਾਗ ਦੇ ਮੰਤ੍ਰਾਂ ਦੁਆਰਾ ਸਰਵਣ ਸਾਧਨ ਦੇ ਖਟ ਲਿੰਗ=ਅੰਗ ਵਾ ਹੇਤੂਆਂ ਨੂੰ ਕੀਰਤਨਮ੍=ਅਭੀਵਯਕਤ ਕਹੀਏ ਪ੍ਰਗਟ ਕਰਨ ਰੂਪ ਕਥਨ ਕਰਦੇ ਹਨ॥

आत्मेत्येवेत्यादिवाक्यादुपक्रम्योपसंहृतिः
लोकमात्मानमेवीपासी तेत्यादिसमीरणात्॥ १॥
ਆਤਮਾ+ਇਤੀ+ਏਵ+ਇਤਯਾਦੀ+ਵਾਕਯਾਤ੍+ਉਪਕ੍ਰਮਯ+ਉਪਸੰਹ੍ਰਿਤੀਃ
ਲੋਕਮ+ਆਤਮਾਨਮ੍+ਏਵ+ਉਪਾਸੀਤ+ਇਤਯਾਦੀ+ਸਮੀਰਣਾਤ੍॥ ੧॥

(੧) ਉਪਕ੍ਰਮ-ਉਪਸੰਹਾਰ :-

''आत्मेत्येवोपासीत'' (ਅਧਿਆਏ ੧, ਬ੍ਰਾਹਮਣ ੪, ਵਾਕਯ ੭)

''(ਆਤਮਾ+ਇਤੀ+ਏਵ+ਉਪਾਮੀਤ)''

ਕਾਰਯ ਜਗਤ ਕਾਰਣ ਬ੍ਰਹਮ ਤੋਂ ਅਭਿੰਨ ਆਤਮਾ=ਨਿਜ ਸਰੂਪ ਹੈ। ਇਤੀ=ਇਸੇ ਰੂਪ ਵਿਚ ਏਵ=ਹੀ ਉਪਾਸਨਾ=ਮਾਨਸ ਵਿਚਾਰ ਵਾ ਚਿੰਤਨ ਕਰਨਾ ਚਾਹੀਦਾ ਹੈ ਭਾਵ ਜਗਤ ਅਨਾਤਮ ਹੈ ਅਤੇ ਦ੍ਵੈਤ ਰੂਪ ਹੈ ਇਸ ਨੂੰ ਤਿਆਗ ਕੇ ਅਭੇਦ ਗਿਆਨ ਦੁਆਰਾ ਅਦ੍ਵੈਤ ਰੂਪ ਵਿਚ ਹੀ ਚਿੰਤਨ ਕਰਨਾ ਚਾਹੀਦਾ ਹੈ ਕਿਉਂਕਿ : ''ਜੈਸਾ ਸੇਵੈ ਤੈਸੋ ਹੋਇ॥ ੪॥'' ਭਾਵ ਭੇਦ ਦ੍ਰਿਸ਼ਟੀ ਨੂੰ ਤਿਆਗ ਕੇ ਜਦੋਂ ਉਪਾਸ਼ਕ ਅਦ੍ਵੈਤ ਸਰੂਪ ਦੀ ਉਪਾਸ਼ਨਾ ਕਰੇਗਾ ਤਾਂ ਉਸੇ ਦਾ ਹੀ ਰੂਪ ਹੋ ਜਾਵੇਗਾ।

ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ॥

(ਆਸਾ-ਵਾਰ ਮਃ ੧, ਅੰਗ ੪੬੩)

ਸਭ ਜਗੁ ਸਾਚਾ ਜਾ ਸਚ ਮਹਿ ਰਾਤੇ॥
ਸੀਤਲ ਸਾਤਿ ਗੁਰ ਤੇ ਪ੍ਰਭ ਜਾਤੇ॥ ੧॥ ਰਹਾਉ॥ (ਗਉੜੀ ਮਃ ੫, ਅੰਗ ੧੮੩)
ਸਾਚੀ ਦ੍ਰਿਸਟਿ ਸਾਚਾ ਆਕਾਰੁ ॥ ਸਚੁ ਵਰਤੈ ਸਾਚਾ ਪਾਸਾਰੁ ॥
ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ ॥ ਨਾਨਕ ਸੋ ਜਨੁ ਸਚਿ ਸਮਾਤਾ ॥ ੮ ॥ ੧੫ ॥

(ਗਉੜੀ ਸੁਖਮਨੀ ਮਃ ੫, ਅੰਗ ੨੮੩)

ਘਘਾ ਘਾਲਹੁ ਮਨਹਿ ਏਹ ਬਿਨ ਹਰਿ ਦੂਸਰ ਨਾਹਿ॥
ਨਹ ਹੋਆ ਨਹ ਹੋਵਨਾ ਜਤ ਕਤ ਓਹੀ ਸਮਾਹਿ॥

(ਗਉੜੀ ਬਾਵਨ ਅਖਰੀ, ਮਃ ੫, ਅੰਗ ੨੫੪)

ਇਤਯਾਦੀ=ਆਦਿਕ ਬ੍ਰਿਹਦਾਰਣਯਕ ਉਪਨਿਸ਼ਦ ਦੇ ਮੰਤ੍ਰ ਰੂਪ ਵਾਕਯਾਤ=ਵਾਕਾਂ ਦੁਆਰਾ ਸਰਵਣ ਦਾ ਪਹਿਲਾ ਹੇਤੂ ਉਪਕ੍ਰਮਯ=ਅਦ੍ਵੈਤ ਬ੍ਰਹਮ ਦਾ ਪ੍ਰਕਰਣ ਅਰੰਭ ਕਰਨ ਰੂਪ ਉਪਕ੍ਰਮ ਕਥਨ ਕਥਨ ਕੀਤਾ ਗਿਆ ਹੈ॥

ਉਪਸੰਹਾਰ :- ਆਨਵੇ ਰੀਤ ਅਨੁਸਾਰ :-

ਆਤਮਾਨਮ੍ ਲੋਕਮ ਏਵ ਉਪਾਸੀਤ ਇਤਯਾਦੀ ਉਪਸੰਹ੍ਰਿਤੀ : ਸਮੀਰਣਾਤ੍=

''आत्मानमेव लोकमुपासीत''

(ਅਧਿਆਏ ੧, ਬ੍ਰਾਹਮਣ ੪, ਵਾਕਯ ੧੫)

(ਆਤਮਾਨਮ੍+ਏਵ) (ਲੋਕਮ੍+ਉਪਾਸੀਤ)''

ਜਦੋਂ ਅਦ੍ਵੈਤ ਆਤਮਾਨਮ੍=ਆਤਮਾ ਤੋਂ ਭਿੰਨ ਵਾਸਤਵਿਕ ਵਿਚ ਜਗਤ ਰੂਪ ਦ੍ਵੈਤ ਹੈ ਹੀ ਨਹੀਂ ਬ੍ਰਹਮਆਤਮਾ ਹੀ ਸਭ ਕੁਛ ਹੈ ਤਾਂ ਆਤਮ ਸਰੂਪ ਲੋਕਮ੍=ਲੋਕ ਦੀ ਏਵ=ਹੀ ਉਪਾਸੀਤ=ਉਪਾਸਨਾ (ਮਾਨਸ ਵਿਚਾਰ ਰੂਪ ਚਿੰਤਨ ਦੁਆਰ ਨਿਸ਼ਚੇ) ਕਰਨੀ ਚਾਹੀਦੀ ਹੈ

ਤਿਸੁ ਬਿਨੁ ਨਾਹਿ ਕੋਇ ਹਾਂ॥ ਮਨਹਿ ਅਰਾਧਿ ਸੋਇ ਹਾਂ॥

(ਆਸਾ ਮਃ ੫, ਅੰਗ ੪੧੦)

ਏਕੁ ਅਰਾਧਹੁ ਸਾਚਾ ਸੋਇ॥ ਜਾ ਕੀ ਸਰਨਿ ਸਦਾ ਸੁਖੁ ਹੋਇ॥ ੧॥

(ਰਾਮਕਲੀ ਮਃ ੫, ਅੰਗ ੯੦੧)

ਬ੍ਰਿਹਦਾਰਣਯਕ ਉਪਨਿਸ਼ਦ ਦੇ ਉਪਰੋਕਤ ਕਥਿਤ ਅਤੇ ਇਸ ਤੋਂ ਇਤਯਾਦੀ=ਆਦਿਕ ਹੋਰ ਮੰਤ੍ਰਾਂ ਵਿਚ ਸਰਵਣ ਸਾਧਨ ਦਾ ਪਹਿਲਾ ਹੇਤੂ ਉਪਸੰਹ੍ਰਿਤੀ:=ਅੰਤਿਮ ਵਿਚ ਅਰੰਭ ਕੀਤੇ ਪ੍ਰਕਰਣ ਦਾ ਨਿਸ਼ਕਰਸ਼ ਰੂਪ ਉਪਸੰਹਾਰ ਸਮੀਰਣਾਤ੍=ਕਥਨ ਕੀਤਾ ਗਿਆ। ਉਪਕ੍ਰਮ-ਉਪਸੰਹਾਰ ਦੀ ਏਕਤਾ ਰੂਪ ਇਕ ਹੇਤੂਤਾ ਹੀ ਸਰਵਣ ਦਾ ਪਹਿਲਾ ਅੰਗ ਹੈ॥

तदेतत्पदनीयं च तदेतत्प्रेय इत्यपि।
वाक्यमारभ्य संप्रोक्तोऽभ्यासस्तस्य परात्मनः॥ २॥
(ਤਦ+ਏਤਦ+ਪਦਨੀਯਮ੍) ਚ (ਤਦ+ਏਤਦ੍+ਪ੍ਰੇਯ) ਇਤਯਪੀ।
(ਵਾਕਯਮ+ਆਰਭ੍ਯ) (ਸਮ੍ਪ੍ਰੋਕਤ:+ਅਭਯਾਸ:+ਤਸਯ) ਪਰਾਤਮਨ:॥ ੨॥

(੨.) ਅਭਯਾਸ :- ਤਦ+ਏਤਦ+ਪਦਨੀਯਮ =

''तदेतत्पदनीयमस्य सर्वस्य यदयमात्मा''

(ਅਧਿਆਏ ੧, ਬ੍ਰਾਹਮਣ ੪, ਵਾਕਯ ੭)

''(ਤਦ+ਏਤਦ੍+ਪਦਨੀਯਮ੍+ਅਸਯ) ਸਰ੍ਵਸਯ (ਯਤ+ਅਯਮ+ਆਤਮਾ)''

ਤਦ=ਪਰੋਕਸ਼ ਬ੍ਰਹਮ ਤੋਂ ਅਭਿੰਨ ਏਤਦ=ਪ੍ਰਤਯਕਸ਼ ਵਿਸ਼ੇਭੂਤ ਬੁਧੀ ਗਮਯ ਪ੍ਰਤੱਖ ਅਨੁਭਵ ਦਾ

ਵਿਸ਼ੇ ਸਰੂਪ ਜੋ ਆਤਮਾ ਪਦਨੀਯਮ੍=ਪ੍ਰਾਪਤ ਕਰਨ ਦੇ ਯੋਗਯ ਹੈ। ਕਿਉਂਕਿ ਅਸਯ=ਪ੍ਰਤੱਖ ਅਨੁਭਵ ਹੋਣ ਵਾਲਾ ਸਰਵਸਯ=ਸਮਸਤ ਅੰਤਰ (ਮਨ ਬੁਧੀ, ਸਰੀਰ, ਇੰਦ੍ਰੇ ਆਦਿ) ਤੇ ਬਾਹਯ (ਚਰਾਚਰ) ਜਗਤ ਦਾ ਅਧਿਸ਼ਠਾਨ ਬ੍ਰਹਮ ਆਤਮਾ ਹੀ ਹੈ ਯਤ੍=ਜਿਸ ਕਾਰਣ ਕਰਕੇ ਅਯਮ੍=ਪ੍ਰਤੱਖ ਅਨੁਭਵ ਵਿਸ਼ੇ ਭੂਤ (ਸਰੂਪ) ਇਹ ਆਤਮਾ ਹੀ ਪਰਮ ਕਾਰਣ ਹੈ॥

ਸੰਤਹੁ ਤਿਸੁ ਬਿਨੁ ਅਵਰੁ ਨ ਕੋਈ ॥ ਕਰਣ ਕਾਰਣ ਪ੍ਰਭੁ ਸੋਈ ॥ ਰਹਾਉ ॥

(ਸੋਰਠਿ ਮਃ ੫, ਅੰਗ ੬੨੬)

ਆਦਿ ਪੁਰਖ ਕਰਤਾਰ ਕਰਣ ਕਾਰਣ ਸਭ ਆਪੇ ॥
ਸਰਬ ਰਹਿਓ ਭਰਪੂਰਿ ਸਗਲ ਘਟ ਰਹਿਓ ਬਿਆਪੇ ॥ (ਸਵਯੇ ਮਃ ੫, ਅੰਗ ੧੩੮੫)

ਚ=ਔਰ (ਤਦ+ਏਤਦ+ਪ੍ਰੇਯ)=

''तदेतत्प्रेयः पुत्रात्प्रेयो वित्तात्''

(ਅਧਿਆਏ ੧, ਬ੍ਰਾਹਮਣ ੪, ਵਾਕਯ ੮)

''(ਤਦ੍+ਏਤਦ੍+ਪ੍ਰੇਯਃ) (ਪੁਤ੍ਰਾਤ੍ਰ+ਪ੍ਰੇਯੋ) ਵਿਤ੍ਤਾਤ੍''

ਤਦ੍=ਪਰੋਕਸ਼ ਬ੍ਰਹਮ ਤੋਂ ਅਭਿੰਨ ਏਤਦ੍=ਪ੍ਰਤਯਕਸ਼ ਵਿਸ਼ੇਭੂਤ ਆਤਮਾ ਪੁਤ੍ਰਾਤ=ਪੁੱਤ੍ਰ ਵਿਤ੍ਤਾਤ੍=ਧਨ ਆਦਿ ਸੰਪਤੀ ਤੋਂ ਪ੍ਰੇਯੋ=ਪ੍ਰਿਅ ਹੋਣ ਕਰਕੇ ਸਭ ਤੋਂ ਅਧਿਕ ਪ੍ਰੇਯਃ=ਪ੍ਰਿਅ ਹੈ ਭਾਵ ਪਰਮ ਪ੍ਰੇਮ ਦਾ ਵਿਸ਼ੇ ਹੈ ਇਤੀ=ਇਸ ਮੰਤ੍ਰ ਰੂਪ ਵਾਕਯਮ੍=ਵਾਕ ਤੋਂ ਆਰਭ੍ਯ=ਆਰੰਭ ਕਰਕੇ ਪਹਿਲੇ ਅਧਿਆਏ ਦੇ ਚੌਥੇ ਬ੍ਰਾਹਮਣ ਦੇ ਦਸਵੇਂ ਵਾਕ ਅਹੰ ਬ੍ਰਹਮਅਸਮੀ ਭਾਵ ਮੈਂ ਜੀਵ ਆਤਮਾ ਹੀ ਬ੍ਰਹਮ ਹਾਂ ਇਸ ਮਹਾਂਵਾਕ ਪ੍ਰਯੰਤ ਤਸਯ=ਉਸ ਪ੍ਰਮਾਤਮਨਃ=ਪਰਮਾਤਮਾ ਚੇਤਨ ਬ੍ਰਹਮ ਦਾ ਪੁਨਃ ਪੁਨਃ ਸ਼ਰਧਾ-ਭਗਤੀ ਯੁਕਤ ਚਿੰਤਨ ਰੂਪ ਸਰਵਣ ਸਾਧਨ ਦਾ ਦੂਸਰਾ ਹੇਤੂ ਅਭ੍ਯਾਸਃ=ਅਭਿਆਸ ਸਮ੍ਪ੍ਰੋਕਤਃ=ਸਮਯਕ ਕਹੀਏ ਯਥਾਰਥ, ਵਾਸਤਵਿਕ ਰੂਪ ਨਾਲ ਕਥਨ ਕੀਤਾ ਗਿਆ ਹੈ॥

तदाहुदितीराया अपूर्वत्वं समिंगितम्।
य एवं वेद वाक्येन सर्वात्मत्वं फलं स्मृतम्॥ ३॥
(ਤਦ+ਅਹੁਃ+ਯਦ+ਇਤੀ+ਈਰਾਯਾ) ਅਪੂਰਵ੍ਵਮ੍ ਸਮਿੰਗੀਤਮ੍।
ਯ ਏਵਮ੍ ਵੇਦ ਵਾਕਯੇਨ (ਸਰਵ+ਆਤ੍ਮਤ੍ਵ) ਫਲਮ੍ ਸਮ੍ਮਿਤਮ੍॥ ੩॥

(੩) ਅਪੂਰਵਤਾ :-

''तदाहुर्यद्ब्रह्मविद्यया सर्वं भविष्यन्तो मनुष्या मन्यंते''

(ਅਧਿਆਏ ੧, ਬ੍ਰਾਹਮਣ ੪, ਵਾਕਯ ੬)

''ਤਦ+ਆਹੁਃ+ਯਦ+ਬ੍ਰਹਮ+ਵਿਦ੍ਯਾ) ਸਰਵਮ੍ ਭਵਿਸ਼੍ਯਨਤੋ ਮਨੁਸ਼੍ਯਾ ਮਨ੍ਯੰਤੇ''

ਯਦ=ਜਿਸ ਬ੍ਰਹਮ ਵਿਦਯਾ=ਪਰਮ ਵਾਸਤਵਿਕਤਾ ਦੇ ਗਿਆਨ ਨਾਲ ਮਨੁਸ਼ਯਾ=ਮਨੁੱਖ ਮਨ੍ਯੰਤੇ=ਮੰਨਦੇ ਹਨ ਕਿ ਅਸੀਂ ਸਰਵਮ੍=ਅਸ਼ੇਸ ਕਹੀਏ ਸ਼ੇਸ ਰਹਿਤ ਪੂਰਨ ਰੂਪ ਨਾਲ ਸਰਵ ਆਤਮ ਰੂਪ ਹੋ ਜਾਵਾਂਗੇ ਤਾਂ ਫਿਰ ਉਸ ਬ੍ਰਹਮ ਤੋਂ ਅਭਿੰਨ ਆਤਮਾ ਨੇ ਕੀ ਜਾਣਿਆ ਕਿ ਸਰਵ ਰੂਪ ਦਾ ਅਨੁਭਵ ਹੋ ਗਿਆ? ਐਸੀ ਜਿਗਿਆਸਾ ਵਾਲੇ ਤਦ=ਉਨ੍ਹਾਂ ਬ੍ਰਾਹਮਣਾਂ ਨੇ ਆਹੁਃ=ਕਿਹਾ ਵਾ ਸਵਾਲ ਕੀਤਾ ਇਤੀ=ਇਤਯਾਦਿਕ ਮੰਤ੍ਰਾਂ ਦੁਆਰਾ ਈਰਾਯਾ=ਇਸ ਵਾਕਯਾਤਮਕ ਵਿਦਿਆ ਵਾ ਆਗਮ ਪ੍ਰਮਾਣ ਤੋਂ

ਭਿੰਨ ਸਮਸਤ ਪ੍ਰਮਾਣਾਂ ਦੀ ਬ੍ਰਹਮ ਵਿਚ ਅਵਿਸ਼ਯਤਾ ਰੂਪ ਸਰਵਣ ਸਾਧਨ ਦਾ ਤੀਸਰਾ ਹੇਤੂ ਅਪੂਰਵ੍ਵਮ੍=ਅਪੂਰਵਤਾ ਸਮਿੰਗੀਤਮ=ਪ੍ਰਕਾਸ਼ਿਤ ਕੀਤੀ ਗਈ ਹੈ॥

(੪) ਫਲ :- ਯ ਏਵਮ੍ ਵੇਦ ਵਾਕਯੇਨ (ਸਰਵ+ਆਤਮਤ੍ਵਮ੍) ਫਲਮ੍ ਸਮ੍ਸ੍ਰੁਤਮ੍ =

''य एवं वेदाहं ब्रह्मास्मीति स इदं सर्वं भवति''

(ਅਧਿਆਏ ੧, ਬ੍ਰਾਹਮਣ ੪, ਵਾਕਯ ੧੦)

''ਯ ਏਵਮ੍ (ਵੇਦ+ਅਹਮ੍) (ਬ੍ਰਹਮ+ਅਸਮੀ+ਇਤੀ) ਸ ਇਦਮ੍ ਸਰਵਮ੍ ਭਵਤੀ''

ਯ=ਜੋ ਬ੍ਰਹਮ ਵੇਤਾ ਏਵਮ੍=ਪੂਰਵ ਕਥਿਤ ਗੁਰੂ-ਸ਼ਿਸ਼ ਪਰੰਪਰਾ ਅਨੁਸਾਰ ਬ੍ਰਹਮ ਵਿਦਿਆ ਦੁਆਰਾ ਬ੍ਰਹਮ ਪ੍ਰਾਪਤੀ ਦੇ ਮਾਰਗ ਨੂੰ ਵੇਦ=ਜਾਣਦਾ ਹੈ। ਸੋ ਦ੍ਰਿੜ ਅਪਰੋਕਸ਼ ਬ੍ਰਹਮ ਗਿਆਨ ਨਾਲ ਇਤੀ=ਇਸ ਰੂਪ ਨਾਲ ਅਨੁਭਵ ਕਰਦਾ ਹੈ ਕਿ ਅਹਮ=ਮੈਂ (ਪ੍ਰਤਯਕ ਆਤਮਾ) ਹੀ ਬ੍ਰਹਮ=ਵਿਆਪਕ ਨਿਰਉਪਾਧਿਕ ਸਰੂਪ ਅਸਮੀ=ਹਾਂ ਅਤੇ ਫਿਰ ਸ=ਉਹ ਇਦਮ੍=ਪ੍ਰਤੱਖ ਅਨੁਭਵ ਦਾ ਵਿਸ਼ੇ ਸਰਵਮ੍=ਸਮਸਤ ਨਾਮ ਰੂਪ ਚਰਾਚਰ ਪ੍ਰਪੰਚ ਦਾ ਅਧਿਸ਼ਠਾਨ ਸਰਵ ਰੂਪ ਭਵਤੀ=ਹੋ ਜਾਂਦਾ ਹੈ ਭਾਵ ਬ੍ਰਹਮ ਬੇਤੇ ਦੀ ਇੱਛਾ, ਕ੍ਰਿਆ ਤੇ ਗਿਆਨ ਸ਼ਕਤੀ ਏਨੀ ਪ੍ਰਬਲ ਹੋ ਜਾਂਦੀ ਹੈ ਕਿ ਸਮਸਤ ਬ੍ਰਹਮੰਡਾਂ ਦੀ ਚੇਸ਼ਠਾ ਉਸ ਨੂੰ ਆਪਣੇ ਵਿਚ ਹੀ ਅਨੁਭਵ ਹੋਣ ਲੱਗ ਪੈਂਦੀ ਹੈ॥

ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥
ਪੀਪਾ ਪ੍ਰਣਵੈ ਪਰਮ ਤਤੁ ਹੈ ਸਤਿਗੁਰੁ ਹੋਇ ਲਖਾਵੈ ॥ ੨ ॥ ੩ ॥

(ਧਨਾਸਰੀ ਭਗਤ ਪੀਪਾ, ਅੰਗ ੬੯੫)

ਇਤਿਆਦਿਕ ਬ੍ਰਿਹਦਾਰਣਯਕ ਉਪਨਿਸ਼ਦ ਦੇ ਮੰਤ੍ਰ ਰੂਪ ਵਾਕਯੇਨ=ਵਾਕਾਂ ਦੁਆਰਾ ਬ੍ਰਹਮ ਗਿਆਨ ਦਾ ਸਰਵ ਰੂਪ ਹੋ ਜਾਣ ਰੂਪ ਫਲਮ੍=ਫਲ ਵਾ ਪ੍ਰਯੋਜਨ ਸਰਵਣ ਸਾਧਨ ਦਾ ਚੌਥਾ ਹੇਤੂ ਵਾ ਅੰਗ ਸਮ੍ਸ੍ਰੁਤਮ੍=ਯਾਦ ਵਾ ਸੁਰਤ ਦਾ ਵਿਸ਼ਾ ਬਣਾ ਕੇ ਪ੍ਰਗਟ ਕੀਤਾ ਗਿਆ ਹੈ॥

तस्याभूत्यै हि देवाश्च नेशते हेतिवाक्यतः।
अर्थवादो द्विरूपोवैप्रोक्तः श्रुत्या स्फुटोक्तितः॥ ४॥
(ਤਸਯ+ਅਭੂਤਈ) ਹੀ (ਦੇਵਾ:+ਚ) (ਨ+ਈਸ਼ਤੇ) (ਹ+ਇਤੀ+ਵਾਕਯਤਃ)।
ਅਰਥਵਾਦੋ (ਦ੍ਵੀਰੂਪ:+ਵਈ+ਪ੍ਰੋਕ੍ਤਃ) (ਸ਼੍ਰੁਤ੍ਯਾ ਸਫੁਟੋਕ੍ਤ੍ਰਿਤਃ)॥ ੪॥

(੫) ਅਰਥਵਾਦ :-

''तस्य ह न देवाश्च नाभूत्या ईशते''

(ਅਧਿਆਏ ੧, ਬ੍ਰਾਹਮਣ ੪, ਵਾਕਯ ੧੦)

''ਤਸਯ ਹ ਨ (ਦੇਵਾ:+ਚ) (ਨ+ਅਭੂਤ੍ਯਾ) ਈਸ਼ਤੇ''

ਤਸਯ=ਉਸ ਸਰਵ ਰੂਪ ਹੋਏ ਤਤਬੇਤੇ ਦੀ ਅਭੂਤ੍ਯਾ=ਸਮਸਤ ਤੱਤਾਂ ਨੂੰ ਜੋ ਨਿਯੰਤਰਨ ਕਰਨ ਦੀ ਸ਼ਕਤੀ ਤਿਸ ਐਸ਼ਵਰਯ ਸ਼ਕਤੀ ਨੂੰ ਰੋਕਣ ਲਈ ਕਹੀਏ ਅਭੂਤੀ ਲਈ ਨ=ਨਾ ਦੇਵਾ:=ਦੇਵਤਿਆਂ ਚ=ਔਰ ਨ=ਨਾ ਹੀ ਯਕਸ਼, ਗੰਧਰਬ ਆਦਿਕਾਂ ਵਿਚ ਈਸ਼ਤੇ=ਸਾਮਰਥ, ਬਲ ਹੁੰਦਾ ਹੈ। ਹ=ਇਸ ਪ੍ਰਸਿਧ ਅਤੇ ਬ੍ਰਿਹਦਾਰਣਯਕ ਉਪਨਿਸ਼ਦ ਦੇ ਹੋਰ ਮੰਤ੍ਰ ਰੂਪ ਵਾਕਯਤਃ=ਵਾਕਾਂ ਦੁਆਰਾ ਸਰਵਣ ਸਾਧਨ ਦਾ ਪੰਜਵਾਂ ਹੇਤੂ ਵਾ ਅੰਗ ਆਤਮ ਗਿਆਨੀ ਦੀ ਸਤੂਤੀ ਕਹੀਏ ਕੀਰਤੀ :-

ਬ੍ਰਹਮ ਗਿਆਨੀ ਊਚ ਤੇ ਊਚਾ॥ ਮਨਿ ਅਪਨੈ ਹੈ ਸਭ ਤੇ ਨੀਚਾ॥ (ਅੰਗ ੨੭੨)

ਬ੍ਰਹਮ ਗਿਆਨੀ ਕਾ ਕਥਿਆ ਨ ਜਾਇ ਅਧਾਖ੍ਰੁ ॥

ਬ੍ਰਹਮ ਗਿਆਨੀ ਸਰਬ ਕਾ ਠਾਕੁਰੁ ॥ (ਗਉੜੀ ਸੁਖਮਨੀ ਮਃ ੫, ਅੰਗ ੨੭੪)

ਅਤੇ ਗੰਧਰਬ, ਦੇਵਤੇ, ਯਕਸ਼ ਆਦਿਕਾਂ ਦੀ ਅਸਮਰਥਾ ਵਾ ਨਯੂਨਤਾ ਰੂਪ ਨਿੰਦਿਆ ਅਥਵਾ ਤਤ ਬੇਤੇ ਦੇ ਅਭੇਦ ਗਿਆਨ ਦੀ ਸਤੂਤੀ ਅਤੇ ਭੇਦ ਗਿਆਨ ਦੀ ਨਿੰਦਾ ਦ੍ਵੀਰੂਪ:=ਦੋ ਰੂਪਾਂ ਵਿਚ ਵਈ=ਨਿਸ਼ਚਿਤ ਰੂਪ ਨਾਲ ਸ਼ੁਤਯਾ=ਸ਼ੁਤੀ ਦੁਆਰਾ ਸਫੁਟੋਕੁਤਿਤ:=ਸਪਸ਼ਟ ਉਕਤੀ (ਕਥਨ) ਨਾਲ ਸਰਵਣ ਸਾਧਨ ਦਾ ਪੰਜਵਾਂ ਹੇਤੂ ਵਾ ਅੰਗ ਅਰਥਵਾਦੋ=ਅਰਥਵਾਦ ਪ੍ਰੋਕਤ੍:=ਕਿਹਾ ਗਿਆ ਹੈ॥

ਤਧਧਤ੍ਤਿ: ਸ ਏਥੋ ਹੀਹੇਤਿਵਾਕ੍ਯਾਤ੍ਸ੍ਮ੍ਰਤਾ ਤ੍ਵਿਸੈ:।
ਬ੍ਰ੍ਰਹਦਾਰਣ੍ਯਕਾਦ੍ਯਸ੍ਯਾਦ੍ਵੈਤੇ ਤਾਤ੍ਪਰ੍ਯਮਿਸ਼੍ਯਤੇ॥ ੫॥
ਉਪਪਤੀ : ਸ ਏਸ਼ੋ (ਹੀ+ਈਹ+ਇਤੀ+ਵਾਕਯਾਤ੍+ਸਮ੍ਰਿਤਾ) (ਤ੍ਵ+ਈਮਈ:)।
(ਬ੍ਰ੍ਰਿਹਦਾਰਣਯਕ੍+ਆਦ੍ਯਸਯ+ਅਦ੍ਵੈਤੇ) (ਤਾਤਪਰਯਮ੍+ਈਸ਼ਯਤੇ)॥ ੫॥

(੬) ਉਪਪਤੀ :-

''ਸ ਐਸ਼ ਇਹ ਪ੍ਰਵਿਸ਼੍ਟ ਆਨਖਾਗ੍ਰੇਭ੍ਯ:''

(ਅਧਿਆਏ ੧, ਬ੍ਰਾਹਮਣ ੪, ਵਾਕਯ ੭)

''ਸ ਏਸ਼ ਈਹ ਪ੍ਰਵਿਸ਼ਟ ਆਨਖਾਗ੍ਰੇਭ੍ਯ:''

ਸ=ਓਹੀ ਪਰੋਕਸ਼ ਹੋਣ ਨਾਲ ਏਸ਼=ਪਰਤੱਖ ਅਨੁਭਵ ਵਿਸ਼ੇ (ਮੈਂ ਕਰਤਾ ਮੈਂ ਭੋਗਤਾ ਰੂਪ ਕਰਕੇ ਬੁਧੀ ਗਮਯ) ਆਤਮਾ ਹੀ = ਨਿਸ਼ਚਿਤ ਰੂਪ ਨਾਲ ਈਹ = ਇਸ ਸਰੀਰ ਵਿਚ ਆਨਖ੍ਰਾਗ੍ਰੇਭ੍ਯ:= ਆਨਖ੍ਰਾਗੇ'' ਕਹੀਏ ਨਖ (ਨਹੁੰ) ਦੇ ਅਗਲੇ ਹਿੱਸੇ ਵਾ ਸਿਰ ਦੀ ਚੋਟੀ ਪ੍ਰਯੰਤ ਪ੍ਰਵਿਸ਼ਟ=ਵਿਆਪਤ ਕਹੀਏ ਸਮਾਇਆ ਹੋਇਆ ਹੈ॥

ਇਤੀ=ਇਤਿਆਦਿਕ ਮੰਤ੍ਰਾਂ ਰੂਪ ਵਾਕਯਾਤ੍=ਵਾਕਾਂ ਨਾਲ ਅਦ੍ਵੈਤ ਬ੍ਰਹਮ ਦੀ ਵਿਆਪਕਤਾ ਦਰਸਾ ਕੇ ਸਰਵਣ ਸਾਧਨ ਦਾ ਛੇਵਾਂ ਹੇਤੂ ਵਾ ਅੰਗ ਉਪਪਤੀ:=ਜੁਗਤੀ ਦੁਆਰਾ ਸਿਧਾਂਤ ਦਾ ਵਰਣਨ ਕਰਨ ਰੂਪ ਉਪਪਤੀ ਸਮ੍ਰਿਤਾ=ਯਾਦ ਵਾ ਚਿੰਤਨ ਦਾ ਵਿਸ਼ਾ ਬਣਾ ਕੇ ਪ੍ਰਗਟ ਕੀਤੀ ਗਈ ਹੈ॥

ਨਾਨਕ ਰਵਿਆ ਹਭ ਥਾਇ ਵਣਿ ਤ੍ਰਿਣਿ ਤ੍ਰਿਭਵਣਿ ਰੋਮਿ॥ ੨॥

(ਰਾਮਕਲੀ ਵਾਰ ਮਃ ੫, ਅੰਗ ੯੬੬)

ਚਉਦਸਿ ਚਉਦਹ ਲੋਕ ਮਝਾਰਿ॥ ਰੋਮ ਰੋਮ ਮਹਿ ਬਸਹਿ ਮੁਰਾਰਿ॥

(ਗਉੜੀ ਥਿਤੀ, ਭ: ਕਬੀਰ, ਅੰਗ ੩੪੪)

ਈਮਈ=ਇਨ੍ਹਾਂ ਉਪਕ੍ਰਮ-ਉਪਸੰਹਾਰ, ਅਭਿਆਸ ਆਦਿ ਖਟ ਹੇਤੂਆਂ ਵਾ ਅੰਗਾਂ ਨਾਲ ਤ੍ਵ=ਤਾਂ ਬ੍ਰਿਹਦਾਰਣਯਕ ਉਪਨਿਸ਼ਦ ਦੇ ਆਦ੍ਯਸਯ=ਪ੍ਰਥਮ ਅਧਿਆਏ ਦਾ ਤਾਤਪਰਯਮ੍=ਅਭਿਪ੍ਰਾਯ, ਭਾਵਅਰਥ ਵਾ ਸਿਧਾਂਤ ਅਦ੍ਵੈਤੇ=ਅਦੁਤੀ ਬ੍ਰਹਮ ਵਿਚ ਈਸ਼ਯਤੇ=ਨਿਰਧਾਰਿਤ ਵਾ ਨਿਸ਼ਚਿਤ ਹੁੰਦਾ ਹੈ॥

॥ अथ द्वितीयाध्यायलिंगकीर्तनम्॥ २॥

॥ ਅਥ (ਦ੍ਵੀਤੀਯ+ਅਧਯਾਯ+ਲਿੰਗ+ਕੀਰਤਨਮ) ॥ ੨ ॥

ਅਥ=ਹੁਣ ਬ੍ਰਿਹਦਾਰਣਯਕ ਉਪਨਿਸ਼ਦ ਦੇ ਦ੍ਵੀਤੀਯ=ਦੂਸਰੇ ਅਧਯਾਯ=ਭਾਗ ਦੇ ਮੰਤ੍ਰਾਂ ਦੁਆਰਾ ਤਾਤਪਰਯ ਨਿਰਣਾਯਕ ਸਰਵਣ ਸਾਧਨਾਂ ਦੇ ਖਟ ਲਿੰਗ=ਚਿੰਨ, ਅੰਗ ਵਾ ਹੇਤੂਆਂ ਨੂੰ ਕੀਰਤਨਮ੍=ਅਭੀਵਯਕਤ ਕਹੀਏ ਪ੍ਰਗਟ ਕਰਨ ਰੂਪ ਕਥਨ ਕਰਦੇ ਹਨ :-

ब्रह्म तेऽहं ब्रवाणीति सामान्योपक्रमःस्मृतः।
व्येव त्वा ज्ञपयिष्यामि विशेषोपक्रमस्त्वयम्॥ ६॥
य एषः पुरूषो विज्ञानमयस्तूपसंहृतिः।
सामान्यतो विशोषेण तदेतत् ब्रह्म चेत्यपि॥ ७॥

ਬ੍ਰਹਮ (ਤੇ+ਅਹਮ੍) (ਬ੍ਰੂਵਾਣੀ+ਇਤੀ) (ਸਾਮਾਨਯ+ਉਪਕ੍ਰਮਃ) ਸਮ੍ਰਿਤਃ।
ਵਯੇਵ ਤ੍ਵਾ (ਗ੍ਯਪੀਂ+ਸ਼੍ਯਾਮੀ) ਵਿਸ਼ੇਸ+ਉਪਕ੍ਰਮਃ+ਤੂ+ਅਯਮ੍॥ ੬॥
ਯ ਏਸ਼ : ਪੁਰੂਸ਼ੋ ਵਿਗਯਾਨ+ਮਯਃ+ਤੂ+ਉਪਸੰਹ੍ਰਿਤੀਃ।
ਸਾਮਾਨਯਤੋ ਵਿਸ਼ੇਸ਼ੇਣ (ਤਦ+ਏਤਤ੍) ਬ੍ਰਹਮ (ਚ+ਇਤਯਪੀ) ॥ ੭ ॥

(੧) **ਉਪਕ੍ਰਮ-ਉਪਸੰਹਾਰ :-**

ਸਾਮਾਨਯ ਉਪਕ੍ਰਮ :-

''ब्रह्मतेऽहंब्रवाणीति'' (ਅਧਿਆਏ ੨, ਬ੍ਰਾਹਮਣ ੧, ਵਾਕਯ ੧)

(ਬ੍ਰੂਹਮ+ਤੇ+ਅਹਮ੍+ਬ੍ਰੂਵਾਣੀ+ਇਤੀ)''

ਗਾਰਗਯ ਬਾਲਾਕੀ ਬ੍ਰਹਮਣ ਨੇ ਕਾਸ਼ੀਰਾਜ ਅਜਾਤਸ਼ਤ੍ਰੂ ਦੇ ਕੋਲ ਜਾ ਕੇ ਕਿਹਾ, ਅਹਮ੍=ਮੈਂ ਤੇ=ਤੁਹਾਡੇ ਲਈ ਪਰੋਕਸ਼ ਬ੍ਰਹਮ=ਵਿਆਪਕ ਵਾ ਕਾਰਣ ਸਰੂਪ ਤੋਂ ਅਭਿੰਨ ਆਤਮਾ ਦਾ ਉਪਦੇਸ਼ ਬ੍ਰਵਾਣੀ=ਨਿਰੂਪਣ ਕਰਦਾ ਹਾਂ। ਇਤੀ ਸ਼ਬਦ ਵਿਚਾਰ ਦੀ ਸਮਾਪਤੀ ਦਾ ਵਾਚਕ ਹੈ ਵਾ ਇਤੀ=ਇਤਆਦਿਕ ਮੰਤ੍ਰਾਂ ਦੁਆਰਾ ਸਾਮਾਨਯ=ਨਿਰ ਵਿਸ਼ੇਸ਼ ਵਾ ਸਾਧਾਰਨ ਰੂਪ ਵਿਚ ਉਪਕ੍ਰਮਃ=ਉਪਕ੍ਰਮ ਕਹੀਏ ਅਦੁਤੀ ਬ੍ਰਹਮ ਦੇ ਪ੍ਰਕਰਣ ਨੂੰ ਆਰੰਭ ਕਰਕੇ ਸਰਵਣ ਸਾਧਨ ਦਾ ਪਹਿਲਾ ਹੇਤੂ ਸਮ੍ਰਿਤਃ=ਚਿੰਤਨ ਵਾ ਯਾਦ ਦਾ ਵਿਸ਼ਾ ਬਣਾ ਕੇ ਪ੍ਰਗਟ ਕੀਤਾ ਗਿਆ ਹੈ॥

ਵਿਸ਼ੇਸ਼ ਉਪਕ੍ਰਮ :-

''व्येव त्वा ज्ञापयिष्यामि''

(ਅਧਿਆਏ ੨ ਬ੍ਰਾਹਮਣ ੧, ਵਾਕਯ ੧੫)

''**(ਵੀ+ਏਵ) ਤ੍ਵਾ (ਗਯਾਪਯੀ+ਸ਼੍ਯਾਮੀ)**''

ਅਜਾਤਸ਼ਤ੍ਰੂ ਰਾਜੇ ਨੇ ਗਾਰਗਯ ਨੂੰ ਕਿਹਾ ਕਿ ਬ੍ਰਾਹਮਣ ਛਤ੍ਰੀ ਦੀ ਸ਼ਰਣ ਵਿਚ ਇਸ ਉਦੇਸ਼ ਨਾਲ ਜਾਏ ਕਿ ਇਹ ਛਤ੍ਰੀ ਮੈਨੂੰ ਬ੍ਰਹਮ ਦਾ ਉਪਦੇਸ਼ ਦਵੇਗਾ ਇਹ ਮਰਿਆਦਾ ਤੋਂ ਵਿਪਰੀਤ ਹੈ ਤਾਂ ਵੀ ਮੈਂ ਤ੍ਵਾ=ਤੈਨੂੰ ਦੇਸ਼, ਕਾਲ, ਵਸਤੂ ਪਰਛੇਦ ਰਹਿਤ ਅਥਵਾ ਦੇਸ਼ ਕਾਲ ਵਸਤੂ ਦੀ ਸੀਮਾ ਤੋਂ ਮੁਕਤ ਕਹੀਏ ਅਪਰੀਛਿੰਨ ਕ੍ਰਿਆ,ਗਿਆਨ ਤੇ ਈਕਸ਼ਾ ਸ਼ਕਤੀ ਦੀ ਵੀ=ਗਤੀ ਵਾਲੇ ਅਦ੍ਵੈਤ ਬ੍ਰਹਮ ਦਾ ਯਥਾਰਥ ਗਿਆਨ ਗਯਾਪਯੀ ਸ਼ਯਾਮੀ=ਜਣਾਉਣਾ ਕਰਦਾ ਹਾਂ। ਅਯਮ=ਇਹ ਮੰਤ੍ਰ ਦੁਆਰਾ ਤੂ=ਤਾਂ ਵਿਸ਼ੇਸ਼=ਅਸਾਧਾਰਨ ਉਪਕ੍ਰਮ=ਅਰੰਭ ਕਥਨ ਕੀਤਾ ਗਿਆ ਹੈ॥

ਉਪਸੰਹਾਰ :- ਯ ਏਸ਼ਃ ਪੁਰੂਸ਼ੋ ਵਿਗਯਾਨ+ਮਯਃ+ਤੂ+ਉਪਸੰਹ੍ਰਿਤੀਃ।

ਸਾਮਾਨਯਤੋ ਵਿਸ਼ੇਸ਼ੇਣ (ਤਦ+ਏਤਤ੍) ਬ੍ਰਹਮ (ਚ+ਇਤਯਪੀ)॥ ੭॥

ਸਾਮਾਨਯ ਉਪਸੰਹਾਰ :-

''ਯ ਏਸ਼ਃ ਧੁਰੂਸ਼ੋ ਵਿਜ੍ਞਾਨਮਯਃ'' **(ਅਧਿਆਏ ੨, ਬ੍ਰਾਹਮਣ ੧, ਵਾਕਯ ੧੬)**

''ਯ ਏਸ਼ਃ ਪੁਰੂਸ਼ੋ ਵਿਗਯਾਨਮਯਃ''

ਅਜਾਤਸ਼ਤ੍ਰੂ ਰਾਜੇ ਨੇ ਗਾਰਗ੍ਯ ਨੂੰ ਦੇਹ ਤੋਂ ਭਿੰਨ ਆਤਮਾ ਦਾ ਅਸਤਿਤ੍ਵ ਪ੍ਰਤੀਪਾਦਨ ਕਰਕੇ ਕਿਹਾ, ਯ=ਜੋ ਇਹ ਸਰੀਰ ਵਿਚ ਏਸ਼ਃ=ਮਾਨਸ ਅਨੁਭਵ ਵਿਸ਼ੇਭੂਤ ਆਤਮਾ ਰੂਪ ਪੁਰੂਸ਼ੋ=ਪੁਰਖ ਕਹੀਏ ਪੂਰਨ ਵਾ ਜੋ ਸਰੀਰ ਰੂਪ ਪੁਰ ਕਹੀਏ ਨਗਰ ਵਿਚ ਸ਼ਯਨ ਕਹੀਏ ਵਿਸ਼ਰਾਮ ਕਰੇ ਸੋ ਕਹੀਏ ਪੁਰੂਸ਼। ਇਹ ਪੁਰੁਸ਼ ਹੀ ਬ੍ਰਹਮ ਤੋਂ ਅਭਿੰਨ ਵਿਗਯਾਨਮਯਃ=ਪ੍ਰਕ੍ਰਿਸ਼ਟ ਕਹੀਏ ਸਰਵ ਸ੍ਰੇਸ਼ਟ ਗਿਆਨ ਭਾਵ ਚੇਤਨ ਮਯਃ=ਸਰੂਪ ਹੈ। ਇਸ ਉਪਰੋਕਤ ਮੰਤ੍ਰ ਦੁਆਰਾ ਤੂ=ਤਾਂ ਸਾਮਾਨਯਤੋ-=ਸਾਮਾਨ ਕਹੀਏ ਸਾਧਾਰਨ ਰੂਪ ਨਾਲ ਉਪਸੰਹ੍ਰਿਤੀ=ਉਪਸੰਹਾਰ ਕਥਨ ਕੀਤਾ ਗਿਆ ਹੈ॥

ਵਿਸ਼ੇਸ਼ ਉਪਸੰਹਾਰ : ਵਿਸ਼ੇਸ਼ੇਣ (ਤਦ+ਏਤਤ੍) ਬ੍ਰਹਮ 'ਚ ਇਤਯਪੀ=

''ਤਦੇਤਦ੍ਬ੍ਰਹ੍ਮਾਪੂਰ੍ਵਮਨਪਰਂ'' **(ਅਧਿਆਏ ੨, ਬ੍ਰਾਹਮਣ ੫, ਵਾਕਯ ੧੯)**

(ਤਦ੍+ਏਤਤ੍+ਬ੍ਰਹਮ+ਅਪੂਰਵਮ੍+ਅਨਪਰਮ੍)

ਤਦ੍=ਪਰੋਕਸ਼ ਸਰਵ ਗੁਣ ਅਤੀਤ ਬ੍ਰਹਮ ਤੋਂ ਅਭਿੰਨ ਏਤਦ੍=ਅਪਰੋਕਸ਼ ਸਰਵ ਗੁਣ ਯੁਕਤ ਆਤਮਾ ਹੀ ਬ੍ਰਹਮ=ਵਿਆਪਕ ਹੈ ਅਤੇ ਅਪੂਰਵਮ੍=ਪੂਰਵ ਕਹੀਏ ਆਦਿ ਵਿਚ ਕਿਸੇ ਦਾ ਕਾਰਣ ਰੂਪ ਨਾ ਹੋਣ ਕੇ ਵਿਦਿਆਮਾਨ ਤੇ ਅਨਪਰਮ=ਅਪਰ ਨਹੀਂ ਕਹੀਏ ਉਤਰ ਕਾਲ ਵਿਚ ਉਤਪੰਨ ਨਾ ਹੋਣ ਕਰਕੇ ਕਾਰਯ ਰੂਪ ਨਹੀਂ ਹੈ ਭਾਵ ਕਾਰਣ-ਕਾਰਯ ਤੋਂ ਅਤੀਤ ਅਸੰਗ ਰੂਪ ਆਤਮਾ ਹੈ॥

ਦੀਸਹਿ ਸਭ ਸੰਗਿ ਰਹਹਿ ਅਲੇਪਾ ਨਹ ਵਿਆਪੈ ਉਨ ਮਾਈ॥

(ਰਾਗੁ ਜੈਤਸਰੀ, ਅੰਗ ੭੦੧)

ਸਰਬ ਨਿਵਾਸੀ ਸਦਾ ਅਲੇਪਾ ਸਭ ਮਹਿ ਰਹਿਆ ਸਮਾਇਓ॥

(ਰਾਗੁ ਸੋਰਠਿ, ਅੰਗ ੬੧੭)

ਇਤਯਪੀ=ਇਤਿਆਦਿਕ ਬ੍ਰਿਹਦਾਰਣਯਕ ਉਪਨਿਸ਼ਦ ਦੇ ਚ=ਔਰ ਕਹੀਏ ਹੋਰ ਮੰਤ੍ਰਾਂ ਨਾਲ ਵਿਸ਼ੇਸ਼ ਉਪਸੰਹਾਰ ਕਥਨ ਕੀਤਾ ਗਿਆ ਹੈ। ਸਾਮਾਨਯ ਅਤੇ ਵਿਸ਼ੇਸ਼ ਉਪਕ੍ਰਮ-ਉਪਸੰਹਾਰ ਦੀ ਏਕਤਾ ਰੂਪ ਇਕ ਹੇਤੂਤਾ ਹੀ ਸਰਵਣ ਸਾਧਨ ਦਾ ਪਹਿਲਾ ਅੰਗ ਹੈ।

सत्यं सत्यस्य चाथात आदेशो नेति नेति च।
स योऽयमिति चाभ्यासो बहुकृत्व उदीरितः॥ ८॥
ਸਤਯਮ੍ ਸਤਯਸਯ (ਚ+ਅਥ+ਅਤਃ) ਆਦੇਸ਼ੋ ਨੇਤੀ ਨੇਤੀ ਚ।
ਸ (ਯੋ+ਅਯਮ+ਇਤੀ) (ਚ+ਅਭਯਾਸੋ) ਬਹੁਕ੍ਰਿਤ੍ਵ ਉਦੀਰੀਤਃ॥ ੮॥

(੨) ਅਭਯਾਸ :-

''सत्यस्य सत्यं'' **(ਅਧਿਆਏ ੨, ਬ੍ਰਾਹਮਣ ੧, ਵਾਕਯ ੨੦)**

''ਸਤਯਸਯ ਸਤਯਮ੍''

ਬ੍ਰਹਮ-ਆਤਮਾ ਤੋਂ ਭਿੰਨ ਯਥਾਰਥ ਰੂਪ ਵਿਚ ਕੋਈ ਵੀ ਵਸਤੂ ਨਹੀਂ। ਇਸ ਲਈ ਸਮਸਤ ਪ੍ਰਾਣ, ਲੋਕ, ਦੇਵਗਣ, ਭੂਤ (ਤੱਤ) ਆਦਿ ਸਤਯਸਯ=ਸਤ ਰੂਪ ਵਸਤੂਆਂ ਭਾਵ ਇਨ੍ਹਾਂ ਵਸਤੂਆਂ ਦੀਆਂ ਅਸਤੀ, ਭਾਂਤੀ, ਪ੍ਰਿਯ ਅੰਸ਼ਾ ਦਾ ਬ੍ਰਹਮ-ਆਤਮਾ ਹੀ ਸਤਯਮ੍=ਸਤ ਸਰੂਪ ਕਹੀਏ ਅਬਿਨਾਸ਼ੀ ਅਧਿਸ਼ਠਾਨ ਹੈ ਇਸ ਲਈ ਸਤ ਦਾ ਸਤ ਹੈ, ਕਾਰਣਾਂ ਦਾ ਕਾਰਣ ਹੈ। ਚ=ਔਰ

''अथात आदेशो नेति नेति'' **(ਅਧਿਆਏ ੨, ਬ੍ਰਾਹਮਣ ੩, ਵਾਕਯ ੬)**

''(ਅਥ+ਅਤ) ਆਦੇਸ਼ੋ ਨੇਤੀ ਨੇਤੀ''

'ਸਤਯ ਦਾ ਸਤਯ' ਇਹ ਬ੍ਰਹਮ-ਆਤਮਾ ਦਾ ਨਾਮ ਹੈ।

ਅਥ=ਹੁਣ ਇਸ ਤੋਂ ਅਤ=ਅਨੰਤਰ (ਬਾਦ) ਨੇਤੀ ਨੇਤੀ=(ਨ+ਇਤੀ) ਬ੍ਰਹਮ-ਆਤਮਾ ਦਾ ਇਤੀ=ਅੰਤ ਨ=ਨਹੀਂ। ਇਤੀ=ਅੰਤ ਨ=ਨਹੀਂ ਅਥਵਾ ਬ੍ਰਹਮ-ਆਤਮਾ ਨਿਰਵਿਸ਼ੇਸ਼ ਹੋਣ ਕਰਕੇ ਕਿਸੇ ਨਾਮ, ਰੂਪ, ਗੁਣ, ਅਕਾਰ ਦੁਆਰਾ ਕਥਨ ਨਹੀਂ ਕੀਤੀ ਜਾ ਸਕਦੀ। ਇਸ ਲਈ ਨਿਸ਼ੇਧ ਪੱਖ ਦੁਆਰਾ ਆਦੇਸ਼ੋ=ਉਪਦੇਸ਼ ਦਿੰਦੇ ਹਨ ਕਿ ਨੇਤੀ ਨੇਤੀ=(ਨ+ਇਤੀ) ਇਤੀ ਭਾਵ ਇਹ ਨ=ਨਹੀਂ। ਇਤੀ=ਇਹ ਨ=ਨਹੀਂ।

'' ਜਿਹ ਨੇਤ ਨਿਗਮ ਕਹੰਤ॥ ਮੁਖਚਾਰ ਬਕਤ ਬਿਅੰਤ॥ ''

(ਅਕਾਲ ਉਸਤਤਿ, ਅੰਗ ੧੫)

''ਨੇਤ ਨੇਤ ਕਥੰਤਿ ਬੇਦਾ॥ ਊਚ ਮੂਚ ਅਪਾਰ ਗੋਬਿੰਦਹ॥''

(ਸਲੋਕ ਸਹਸਕ੍ਰਿਤੀ ਮਹਲਾ ੫, ਅੰਗ ੧੩੫੯)

''स योऽयमात्मेदमृतमिदं ब्रह्मेदꣳ सर्वम्''

(ਅਧਿਆਏ ੨, ਬ੍ਰਾਹਮਣ ੫, ਵਾਕਯ ੧੪)

ਸ (ਯੋ+ਅਯਮ+ਆਤਮ+ਇਦਮ੍+ਅਮ੍ਰਿਤਮ੍+ਇਦਮ੍) (ਬ੍ਰਹਮ+ਇਦਮ੍) ਸਰਵਮ੍''

ਸ=ਉਹ ਯੋ=ਜੋ ਅਯਮ=ਜੀਵ-ਆਤਮਾ ਰੂਪ ਨਾਲ ਪ੍ਰਗਟ ਆਤਮ=ਬ੍ਰਹਮ-ਆਤਮਾ ਓਹੀ ਇਦਮ੍=ਬੁਧੀ ਦੇ ਅਤਿਅੰਤ ਸਨਿਕਟ (ਸਮੀਪ) ਅਮ੍ਰਿਤਮ੍=ਮ੍ਰਿਤਯੂ ਰਹਿਤ ਸਤ ਸਰੂਪ ਹੈ ਅਤੇ ਇਦਮ੍=ਪ੍ਰਤੱਖ ਅਨੁਭਵ ਵਿਸ਼ੇ ਆਤਮਾ ਸਮਸਤ ਜਗਤ ਦਾ ਬ੍ਰਹਮ=ਕਾਰਣ ਹੈ। ਇਸੇ ਲਈ ਇਦਮ੍=ਓਹੀ ਸਮੀਪਵਰਤੀ ਆਤਮਾ ਸਰਵਮ੍=ਸਮਸਤ ਕਾਰਯ ਰੂਪ ਚਰਾਚਰ ਜਗਤ ਦਾ ਪਰਮ ਕਾਰਣ ਹੈ ਅਥਵਾ ਕਾਰਣ ਹੀ ਕਾਰਯ ਰੂਪ ਹੈ ਜਿਵੇਂ ਸੂਤ ਹੀ ਪਟ ਕਹੀਏ ਵਸਤ੍ਰ ਰੂਪ ਹੁੰਦਾ ਹੈ॥

ਇਤੀ=ਇਤਿਆਦਿਕ ਚ=ਔਰ ਕਹੀਏ ਹੋਰ ਮੰਤ੍ਰਾਂ ਦੁਆਰਾ ਸਰਵਣ ਸਾਧਨ ਦਾ ਦੂਸਰਾ ਅੰਗ

ਅਭਯਾਸੋ=ਪੁਨਃ ਪੁਨਃ ਚਿੰਤਨ ਰੂਪ ਅਭਿਆਸ ਬਹੁਕ੍ਰਿਤਵ=ਬਹੁਤ ਤਰ੍ਹਾਂ ਕਰਕੇ ਉਦੀਰੀਤਃ=ਕਿਹਾ ਗਿਆ ਹੈ॥

विज्ञातारमरे! केनेत्यादिनाऽपूर्वता मता।
यत्र वास्य ह्यभूदात्मैव सर्वं चादितः फलम्॥ ९॥
(ਵਿਗਯਾਤਾਰਮ੍+ਅਰੇ) ! ਕੇਨ+ਇਤਯਾਦੀਨਾ+ਅਪੂਰਵਤਾ ਮਤਾ।
ਯਤ੍ਰ (ਵ+ਅਸਯ) (ਹੀ+ਅਭੂਦ੍+ਆਤਮ+ਏਵ) ਸਰਵਮ੍ (ਚ+ਆਦੀਤਃ) ਫਲਮ੍॥ ੯॥

(੩) ਅਪੂਰਵਤਾ :-

ਅਰੇ=ਹੇ ਗਾਰਗਯ ! ਜਿਸ ਅਵਸਥਾ ਵਿਚ ਪਰਮਾਰਥ ਦਾ ਵਿਵੇਕ ਰੱਖਣ ਵਾਲੇ ਬ੍ਰਹਮ ਵੇਤਾ ਦੇ ਲਈ ਕੇਵਲ ਅਦੁਤੀ ਵਿਗਯਾਤਾ ਹੀ ਵਿਦਿਆਮਾਨ ਹੁੰਦਾ ਹੈ ਉਸ ਸਮੇਂ ਵਿਗਯਾਤਾਰਮ੍=ਸਭ ਦੇ ਜਾਨਣ ਵਾਲੇ ਵਾ ਪ੍ਰਕ੍ਰਿਸ਼ਟ (ਸਰਵ ਸ੍ਰੇਸ਼ਟ) ਗਿਆਨ ਵਾਲੇ ਚੇਤਨ ਨੂੰ ਤੱਤ ਬੇਤਾ ਕੇਨ=ਕਿਸ ਸਾਧਨ ਦੁਆਰਾ ਜਾਣੇਗਾ? ਭਾਵ ਜਿਵੇਂ ਅਗਨੀ ਆਪਣੇ ਆਪ ਨੂੰ ਜਣਾਉਣ ਲਈ ਆਪ ਹੀ ਸਾਧਨ ਬਣਦੀ ਹੈ ਤਿਵੇਂ ਹੀ ਸ੍ਵੈ-ਪ੍ਰਕਾਸ਼ ਆਤਮਾ ਆਪਣੇ ਆਪ ਨੂੰ ਜਣਾਉਣ ਲਈ ਆਪ ਹੀ ਸਾਧਨ ਬਣਦੀ ਹੈ ਇਤਯਾਦੀਨਾ=ਇਤਿਆਦਿਕ ਮੰਤ੍ਰਾਂ ਦੁਆਰਾ ਕਿਸੇ ਹੋਰ ਪ੍ਰਮਾਣ ਦੀ ਆਤਮਾ ਵਿਚ ਅਵਿਸ਼ਯਤਾ ਅਤੇ ਸ੍ਵੈ-ਪ੍ਰਕਾਸ਼ਤਾ ਸਾਧਨ ਦੁਆਰਾ ਗਮਤਾ ਹੀ ਸਰਵਣ ਦਾ ਤੀਸਰਾ ਹੇਤੂ ਅਪੂਰਵਤਾ ਮਤਾ=ਕਥਨ ਕੀਤੀ ਗਈ ਹੈ॥

ਕਰਿ ਕਿਰਪਾ ਘਰਿ ਆਇਆ ਆਪੇ ਮਿਲਿਆ ਆਇ॥
ਗੁਰ ਸਬਦੀ ਸਾਲਾਹੀਐ ਰੰਗੇ ਸਹਜਿ ਸੁਭਾਇ॥

(ਸਿਰੀ ਰਾਗੁ ਮਃ ੩, ਅੰਗ ੩੨)

(੪) ਫਲ :- ਯਤ੍ਰ (ਵ+ਅਸਯ) (ਹੀ+ਅਭੂਦ੍+ਆਤਮ+ਏਵ) ਸਰਵਮ੍ (ਚ+ਆਦੀਤਃ) ਫਲਮ੍ =

यत्र वा अस्य सर्वमात्मैवाभूत्तत्केन कं जिघ्रेत''

(ਅਧਿਆਏ ੨, ਬ੍ਰਾਹਮਣ ੪, ਵਾਕਯ ੧੪)

''ਯਤ੍ਰ ਵਾ ਅਸਯ (ਸਰਵਮ੍+ਆਤਮਾ+ਏਵ+ਅਭੂਤ+ਤਤ੍+ਕੇਨ) ਕਮ੍ ਜਿਘ੍ਰੇਤ''

ਯਤ੍ਰ=ਜਿਸ ਸਾਕਸ਼ਾਤਕਾਰ ਵਾ ਸਮਾਧੀ ਦੀ ਅਵਸਥਾ ਵਿਚ ਵਾ=ਨਿਸ਼ਚਿਤ ਰੂਪ ਨਾਲ ਅਸਯ=ਇਸ ਬ੍ਰਹਮ ਬੇਤੇ ਦੀ ਦ੍ਰਿਸ਼ਟੀ ਵਿਚ ਸਰਵਮ=ਸਮਸਤ ਪਦਾਰਥ ਆਤਮਾ=ਬ੍ਰਹਮ-ਆਤਮਾ ਏਵ=ਹੀ ਅਭੂਤ=ਬਣ ਗਏ ਤਤ=ਇਸ ਕਾਰਣ ਕਰਕੇ ਹੁਣ ਇਸ ਬ੍ਰਹਮ ਤੋਂ ਭਿੰਨ ਕੇਨ=ਕਿਹੜਾ ਸਾਧਨ ਹੈ? ਕਮ੍=ਜਿਸ ਦੇ ਦੁਆਰਾ ਜਿਘ੍ਰੇਤ=ਸੁਗੰਧੀ-ਦੁਰਗੰਧੀ ਆਦਿ ਗੁਣਾਂ ਦਾ ਗ੍ਰਹਣ ਕੀਤਾ ਜਾ ਸਕਦਾ ਹੈ ਭਾਵ ਸਾਰੀਆਂ ਇੰਦ੍ਰੀਆਂ, ਸਾਰੇ ਪ੍ਰਮਾਣ, ਪ੍ਰਮੇਯ ਪ੍ਰਮਾਤਾ ਆਦਿ ਬ੍ਰਹਮ ਰੂਪ ਹੀ ਹੋ ਗਏ ਅਥਵਾ ਸਾਧਨ-ਸਾਧਯ ਸਭ ਬ੍ਰਹਮ ਹੋ ਗਏ ਤਾਂ ਫਿਰ ਆਤਮਾ ਆਪਣੇ ਦੁਆਰਾ ਹੀ ਆਪਣੇ ਆਪ ਨੂੰ ਵੇਖਦਾ ਹੈ ਵਾ ਸ੍ਵੈ-ਪ੍ਰਕਾਸ਼ ਰੂਪ ਹੋ ਜਾਂਦਾ ਹੈ॥

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥
ਆਪਿ ਕਰਤਾ ਆਪਿ ਭੁਗਤਾ ਆਪਿ ਕਾਰਣੁ ਕੀਆ॥

ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ੀ ਹਰਿ ਰਸੁ ਪੀਆ ॥ ੪ ॥ ੨ ॥

(ਰਾਗੁ ਬਿਲਾਵਲ ਮਃ ੫, ਅੰਗ ੮੪੬)

ਆਦੀਤਃ=ਇਤਿਆਦਿਕ ਮੰਤ੍ਰਾਂ ਦੁਆਰਾ ਸਰਵਣ ਸਾਧਨ ਦਾ ਚੌਥਾ ਹੇਤੂ ਫਲਮ੍=ਫਲ ਵਾ ਪ੍ਰਯੋਜਨ ਕਹੀਏ ਦ੍ਰਿੜ ਅਪਰੋਖ ਗਿਆਨ ਦੁਆਰਾ ਸਰਵ-ਰੂਪ ਪ੍ਰਾਪਤੀ ਫਲ ਕਥਨ ਕੀਤਾ ਗਿਆ ਹੈ ॥

परादाद्ब्रह्म तं चैवाख्यायिका बहवोऽपि।
अर्थवादस्तूपपत्तिरूर्णनाभ्याद्यनेकशः॥ १०॥
(परादाद्+ब्रूहम) तम् (च+एव+अखयाखिका) (बहवः+अपी)।
अरथवादस्+तू+उपपतीः+ऊर्ण+नाभयादी+अनेकशः॥ १०॥

(੫.) **ਅਰਥਵਾਦ :-**

''ब्रह्म तं परादाद्योऽन्यत्रात्मनो ब्रह्म वेद''

(ਅਧਿਆਏ ੨, ਬ੍ਰਾਹਮਣ ੪, ਵਾਕਯ ੬)

''ਬ੍ਰੂਹਮ ਤਮ੍ (ਪਰਾਦਾਦ੍+ਅਨਯਤ੍ਰ+ਆਤਮਨੋ) ਬ੍ਰੂਹਮ ਵੇਦ''

ਬ੍ਰੂਹਮ=ਵਿਆਪਕ ਸਚਿਦਾਨੰਦ ਨੂੰ ਵੇਦ=ਜਾਨਣ ਵਾ ਅਨੁਭਵ ਕਰਨ ਵਾਲਾ ਤੱਤ ਬੇਤਾ ਆਤਮਨੋ=ਆਤਮਾ ਤੋਂ ਭਿੰਨ ਅਨਯਤ੍ਰ=ਹੋਰ ਸਮਸਤ ਚਰਾਚਰ ਕਾਰਯ ਰੂਪ ਜਗਤ ਅਥਵਾ ਬ੍ਰੂਹਮ=ਬ੍ਰਾਹਮਣ ਆਦਿਕ ਵਰਣਾਂ ਦਾ ਪਰਾਦਾਦ੍=ਤਿਰਸਕਾਰ ਕਰਦਾ ਹੈ ਭਾਵ ਅਭੇਦ ਦ੍ਰਿਸ਼ਟੀ ਹੋਣ ਕਰਕੇ ਭੇਦ ਗਿਆਨ ਦਾ ਖੰਡਨ ਰੂਪ ਬਹਵਃ=ਬਹੁਤ ਸਾਰੀਆਂ ਹੋਰ ਅਖਯਾਯਿਕਾ=ਕਹਾਣੀਆਂ ਵਾ ਕਥਾ ਦੁਆਰਾ ਏਵ=ਨਿਸ਼ਚਿਤ ਰੂਪ ਨਾਲ ਸ਼ਰੁਤੀਆ ਨੇ ਅਪੀ=ਵੀ ਸਰਵਣ ਦਾ ਪੰਜਵਾਂ ਹੇਤੂ ਅਰਥਵਾਦਸ੍=ਨਿੰਦਾ-ਸਤੁਤੀ ਰੂਪ ਅਰਥਵਾਦ ਕਥਨ ਕੀਤਾ ਹੈ।

(੬) **ਉਤਪਤੀ :-** ਆਨਵੇ ਰੀਤ ਅਨੁਸਾਰ :-

ਊਰਣ ਨਾਭਯਾਦੀ ਅਨੇਕਸ਼ਃ ਤੂ ਉਪਪਤੀ :=

''स यथोर्णनाभिस्तंतुनोच्चरेद्यथाऽगनेः क्षुद्रा विस्फुलिङ्ग व्युच्चरंति''

(ਅਧਿਆਏ ੨, ਬ੍ਰਾਹਮਣ ੧, ਵਾਕਯ ੨੦)

''ਸ (ਯਥਾ+ਊਰਣਨਾਭੀਃ+ਤੰਤੂਨ+ਉਚ੍ਚਰੇਤ੍+ਯਥਾ+ਅਗਨੇਃ) ਛੁਦ੍ਰਾ ਵਿਸਫੁਲਿੰਙਾ ਵਯੁਚ੍ਚਰੰਤੀ''

ਸ=ਉਹ ਬ੍ਰੂਹਮ ਬੇਤਾ ਓਸੇ ਤਰ੍ਹਾਂ ਸੈ-ਇੱਛਾ ਅਨੁਸਾਰ ਗਮਨ ਕ੍ਰਿਆ ਕਰਦਾ ਹੈ ਯਥਾ=ਜਿਸ ਪ੍ਰਕਾਰ ਊਰਣਨਾਭੀਃ=ਮਕੜੀ ਆਪਣੇ ਉਦਰ ਤੋਂ ਉਤਪੰਨ ਤੰਤੂਨ=ਸੂਤ ਦੇ ਦੁਆਰਾ ਉਚ੍ਚਰੇਤ=ਉੱਪਰ ਨੂੰ ਚੜ੍ਹਦੀ ਹੈ ਅਥਵਾ ਯਥਾ=ਜਿਸ ਪ੍ਰਕਾਰ ਅਗਨੇਃ=ਅਗਨੀ ਦੀਆਂ ਛੁਦ੍ਰਾ=ਛੋਟੀਆਂ ਛੋਟੀਆਂ ਵਿਸਫੁਲਿੰਙਾ=ਚਿੰਗਾਰੀਆਂ ਰੂਪ ਕਣ ਅਗਨੀ ਤੋਂ ਉਤਪੰਨ ਹੋ ਕੇ ਓਸ ਦੇ ਆਸਰੇ ਵਯੁਚ੍ਚਰੰਤੀ=ਵਿਵਿਧ ਰੂਪ ਨਾਲ ਉੱਪਰ ਨੂੰ ਚੜ੍ਹਦੇ ਦਿਸਦੇ ਹਨ। ਤਿਵੇਂ ਹੀ ਬ੍ਰੂਹਮ ਵੇਤਾ ਸਮਸਤ ਚਰਾਚਰ ਜਗਤ ਨੂੰ ਆਪਣੇ ਤੋਂ ਹੀ ਉਤਪੰਨ ਹੋਇਆ ਅਨੁਭਵ ਕਰਕੇ ਆਪਣੀ ਪ੍ਰਬਲ ਇੱਛਾ ਸ਼ਕਤੀ ਦੁਆਰਾ ਬ੍ਰੂਹਮ ਰੂਪ ਵਿਚ ਹੀ ਗਮਨ ਕਰਦਾ ਹੈ। ਇਤਿਯਾਦਿਕ ਅਨੇਕਸ਼ਃ=ਅਨੇਕਾਂ ਦ੍ਰਿਸ਼ਟਾਤਾ ਦੁਆਰਾ ਤੂ=ਤਾਂ ਸਰਵਣ ਸਾਧਨ ਦਾ ਛੇਵਾਂ ਹੇਤੂ ਵਾ ਅੰਗ ਉਪਪਤੀਃ=ਜੁਗਤੀ ਸਹਿਤ ਸਿਧਾਂਤ ਦਾ

ਵਰਣਨ ਰੂਪ ਉਪਪਤੀ ਕਥਨ ਕੀਤੀ ਗਈ ਹੈ॥

बृहदारण्यकस्यैव द्वितीयस्याद्वितीयके।
तात्पर्यं त्विष्यते प्राज्ञेरेभिर्लिंगैः समिङ्गितैः॥ ११॥
(बृहदारण्यकसय+एव) द्वीतीयसय+अद्वीतीयके।
तात्परयम् (चु+ईश्यते) (प्रागयईः+एभीर्लिंगईः) समिंङ्गीतईः॥ ११॥

ब्रिहदारण्यकसय=ब्रिहदारण्यक ਉਪਨਿਸ਼ਦ ਦੇ ਦ੍ਵੀਤੀਯਸਯ=ਦੂਸਰੇ ਅਧਿਆਏ ਦੇ ਮੰਤ੍ਰਾਂ ਦਾ ਤਾਤਪਰਯਮ੍=ਅਭੀਪ੍ਰਾਯ, ਭਾਵਅਰਥ ਏਵ=ਨਿਸ਼ਚਿਤ ਰੂਪ ਨਾਲ ਏਭੀਲਿੰਗਈਃ=ਇਨ੍ਹਾਂ ਸਰਵਣ ਦੇ ਖਟ ਹੇਤੂਆਂ ਵਾ ਅੰਗਾਂ ਦੁਆਰਾ ਈਸ਼ਯਤੇ=ਕਥਨ ਕਰਕੇ ਪ੍ਰਾਗਯਈਃ=ਬੁਧੀਵਾਨ ਵਿਦਵਾਨਾਂ ਨੇ ਅਦ੍ਵੀਤੀਯਕੇ=ਅਦੁਤੀ ਬ੍ਰਹਮ ਵਿਚ ਸਮਿੰਙੀਤਈਃ=ਸੰਕੇਤਿਤ ਕੀਤਾ ਹੈ।

☆☆☆

॥ अथ तृतीयाध्यायलिङ्गकीर्तनम्॥ ३॥

॥ ਅਥ ਤ੍ਰੀਤੀਯ+ਅਧਯਾਯ+ਲਿੰਗ+ਕੀਰਤਨਮ੍॥ ੩॥

ਅਥ=ਹੁਣ ਬ੍ਰਿਹਦਾਰਣਯਕ ਉਪਨਿਸ਼ਦ ਦੇ ਤ੍ਰੀਤੀਯ=ਤੀਸਰੇ ਅਧਯਾਯ=ਭਾਗ ਦੇ ਮੰਤ੍ਰਾਂ ਦੁਆਰਾ ਸਰਵਣ ਸਾਧਨ ਦੇ ਖਟ ਲਿੰਗ=ਚਿੰਨ੍, ਅੰਗ ਵਾ ਹੇਤੂਆਂ ਨੂੰ ਕੀਰਤਨਮ=ਅਭੀਵਯਕਤ ਕਹੀਏ ਪ੍ਰਗਟ ਕਰਕੇ ਕਥਨ ਕਰਦੇ ਹਨ॥

यत्साक्षादित्युपक्रम्योपसंहारस्तु वाक्यतः।
विज्ञानमित्यतः प्रोक्त आवृतिरेष तेरवात्॥ १२॥
(ਯਤ੍ਰ+ਸਾਕਸ਼ਾਦ੍+ਇਤੀ+ਉਪਕ੍ਰਮਯ+ਉਪਸੰਹਾਰਸ੍+ਤੁ) ਵਾਕਯਤਃ।
ਵਿਗਯਾਨਮ+ਇਤਯਤਃ ਪ੍ਰੋਕਤ (ਆਵ੍ਰਿਤੀ+ਏਸ਼) (ਤੇ+ਰਵਾਤ੍)॥ ੧੨॥

(੧) ਉਪਕ੍ਰਮ-ਉਪਸੰਹਾਰ :-

''यत्साक्षादपरोक्षाद्ब्रह्म'' (ਅਧਿਆਏ ੩,ਬ੍ਰਾਹਮਣ ੪,ਵਾਕਯ ੧)

''ਯਤ+ਸਾਕਸ਼ਾਦ੍+ਅਪਰੋਕਸ਼ਾਦ+ਬ੍ਰਹਮ''

ਯਤ=ਜੋ ਸਾਕਸ਼ਾਦ=ਪ੍ਰਤੱਖ ਵਾ ਸਿੱਧਾ ਹੀ ਬੁਧੀ ਗਮਯ ਅਪਰੋਕਸ਼ਾਦ=ਪ੍ਰਗਟ ਸਉਪਾਧਿਕ ਜੀਵ ਆਤਮਾ ਜੋ ਅਨੁਭਵ ਕਰਦਾ ਹੈ ਕਿ ਮੈਂ ਕਰਤਾ, ਮੈਂ ਭੋਗਤਾ, ਮੈਂ ਕ੍ਰੋਧਿਤ ਹਾਂ ਵਾਸਤਵਿਕ ਵਿਚ ਇਨ੍ਹਾਂ ਸਭ ਧਰਮਾਂ ਤੋਂ ਰਹਿਤ ਉਹ ਹੀ ਬ੍ਰਹਮ=ਵਿਆਪਕ ਕਾਰਣ ਸਰੂਪ ਹੈ। ਇਤੀ=ਇਤਿਆਦਿਕ ਮੰਤ੍ਰਾਂ ਨਾਲ ਉਪਕ੍ਰਮ=ਅਦ੍ਵੈਤ ਬ੍ਰਹਮ ਰੂਪ ਪ੍ਰਕਰਣ ਦਾ ਆਰੰਭ ਕੀਤਾ ਗਿਆ ਹੈ॥

''विज्ञानमानंदं ब्रह्म'' (ਅਧਿਆਏ ੩,ਬ੍ਰਾਹਮਣ ੯,ਵਾਕਯ ੨੮ (੭))

''**(ਵਿਗਯਾਨਮ੍+ਆਨੰਦਮ੍) ਬ੍ਰਹਮ**''

ਜੋ ਬ੍ਰਹਮ=ਕਾਰਣ, ਵਿਆਪਕ ਸਰੂਪ ਵਿਗਯਾਨਮ=ਚੇਤਨ ਕਹੀਏ ਪ੍ਰਕ੍ਰਿਸ਼ਟ ਵਾ ਉਤਕ੍ਰਿਸ਼ਟ ਗਿਆਨ ਵਾਲਾ ਹੈ ਓਹੀ ਆਨੰਦਮ੍=ਪਰਮਾਨੰਦ ਅਬਿਨਾਸੀ ਸੁਖ ਦਾ ਹੇਤੂ ਹੈ। ਬ੍ਰਹਮ ਦੀਆਂ ਤਿੰਨ ਅੰਸ਼ਾਂ :

(੧) ਸਤ ਅੰਸ਼ ਦੁਆਰਾ=ਅਮ੍ਰਿਤੱਤ੍ਵ ਦੀ ਅਭੀਵਯਕਤੀ (ਪ੍ਰਗਟਤਾ)

(੨) ਚਿਤ ਅੰਸ਼ ਦੁਆਰਾ=ਅਗਿਆਨ ਸਹਿਤ ਸਰਵ ਦੁੱਖਾਂ ਨਵਿਰਤੀ

(੩) ਅਨੰਦ ਅੰਸ਼ ਦੁਆਰਾ=ਮੋਕਸ਼ ਦੀ ਉਪਲਬਧੀ ਸਿਧ ਹੁੰਦੀ ਹੈ। ਇਤਯਤਃ=ਇਤਿਆਦੀ ਮੰਤ੍ਰ ਰੂਪ ਵਾਕਯਤਃ=ਵਾਕਾਂ ਦੁਆਰਾ ਤ੍ਰ=ਤਾਂ ਉਪਸੰਹਾਰਸ੍=ਉਪਸੰਹਾਰ ਕਹੀਏ ਅੰਤ ਵਿਚ ਨਿਸਕਰਸ਼ ਕਥਨ ਕੀਤਾ ਗਿਆ ਹੈ। ਉਪਕ੍ਰਮ-ਉਪਸੰਹਾਰ ਦੀ ਏਕਤਾ ਰੂਪ ਇਕ ਹੇਤੂਤਾ ਹੀ ਸਰਵਣ ਸਾਧਨ ਦਾ ਪਹਿਲਾ ਅੰਗ ਹੈ॥

(੨) ਅਭਯਾਸ :-

''ऐष त आत्मांतर्याम्यमृतः'' (ਅਧਿਆਏ ੩, ਬ੍ਰਾਹਮਣ ੭, ਵਾਕਯ ੨੩)

''ਏਸ਼ ਤ ਆਤਮਾ+ਅੰਤਯਾਮੀ+ਅਮ੍ਰਿਤਃ''

ਜੋ ਏਸ਼=ਮਾਨਸ ਪ੍ਰਤਯਕਸ਼ ਵਿਸ਼ੇਭੂਤ ਤ=ਤੇਰੀ ਪ੍ਰਤਯਕ (ਅੰਤਰ) ਆਤਮਾ=ਨਿਜ ਸਰੂਪ ਏਹੀ ਬ੍ਰਹਮ ਤੋਂ ਅਭਿੰਨ ਹੋਣ ਕਰਕੇ ਅੰਤਰਯਾਮੀ=ਅੰਤਹਕਰਣ ਵਿਚ ਇਸਥਿਤ ਹੋ ਕੇ ਪ੍ਰੇਰਣ ਵਾਲਾ ਵਾ ਜਾਣੀ-ਜਾਣ ਅਤੇ ਅਮ੍ਰਿਤਃ=ਅਵਿਨਾਸ਼ੀ ਹੈ। ਇਸ ਮੰਤ੍ਰ ਦੁਆਰਾ ਸਰਵਣ ਸਾਧਨ ਦਾ ਦੂਸਰਾ ਹੇਤੂ ਅਭਿਆਸ ਕਹੀਏ ਆਵ੍ਰਿਤੀ=ਪੁਨਃ ਪੁਨਃ ਚਿੰਤਨ ਵਾ ਪਠਨ ਪ੍ਰੋਕਤ=ਉਚਾਰਨ ਵਾ ਕਥਨ ਕੀਤਾ ਗਿਆ ਹੈ॥

तं त्वौपनिषदं चाहं पृच्छामीति त्वपूर्वता।
फलं परायणं चैतत्तिष्ठमानस्य तद्विदः॥ ੧੩॥
ਤਮ੍ (ਤ੍ਵ+ਉਪਨਿਸ਼ਦਮ੍) (ਚ+ਅਹਮ੍) (ਪ੍ਰਿਚ੍ਛਾਮੀ+ਇਤੀ) (ਤ੍ਵ+ਅਪੂਰਵਤਾ)
ਫਲਮ੍ ਪਰਾਯਣਮ੍ (ਚ+ਏਤਤ+ਤਿਸ਼ਠਮਾਨਸਯ) (ਤਦ+ਵਿਦਃ)॥ ੧੩॥

(੩) ਅਪੂਰਵਤਾ :-

''तं त्वौपनिषदं पुरूषं पृच्छामि'' (ਅਧਿਆਏ ੩, ਬ੍ਰਾਹਮਣ ੯, ਵਾਕਯ ੨੬)

''ਤਮ੍ (ਤ੍ਵ+ਉਪਨਿਸ਼ਦਮ੍) ਪੁਰੂਸ਼ਮ ਪ੍ਰਿਚ੍ਛਾਮੀ''

ਤਮ=ਉਸ ਪੁਰੂਸ਼ਮ=ਪੂਰਖ ਕਹੀਏ ਪੂਰਨ ਵਾ ਵਿਆਪਕ ਆਤਮਾ ਜੋ ਉਪਨਿਸ਼ਦਮ੍=ਵੇਦਾਂਤ ਉਪਦੇਸ਼ ਦੁਆਰਾ ਪਹਿਲਾ ਪਰੋਕਸ਼ ਤੇ ਫਿਰ ਅਪਰੋਕਸ਼ ਰੂਪ ਵਿਚ ਜਾਣੀਦਾ ਅਹਮ=ਮੈਂ ਯਗਯਵਲਕ ਤ੍ਵ=ਤੈਨੂੰ ਸ਼ਾਕਲਯ ਨੂੰ ਉਸ ਦੇ ਬਾਰੇ ਪ੍ਰਿਚ੍ਛਾਮੀ=ਪੁੱਛਦਾ ਹਾਂ। ਇਤੀ=ਇਤਿਆਦਿਕ ਮੰਤ੍ਰਾਂ ਦੁਆਰਾ ਬ੍ਰਹਮ ਨੇਸ਼ਟੀ ਬ੍ਰਹਮ ਸੋ੍ਤੀ ਸਤਿਗੁਰਾਂ ਦੇ ਆਗਮ ਪ੍ਰਮਾਣ ਤੋਂ ਭਿੰਨ ਸਾਰੇ ਪ੍ਰਮਾਣਾਂ ਦੀ ਉਸ ਆਤਮਾ ਵਿਚ ਅਗਮਤਾ ਦਰਸਾ ਕੇ ਤ੍ਵ=ਤਾਂ ਸਰਵਣ ਸਾਧਨ ਦਾ ਤੀਸਰਾ ਹੇਤੂ ਅਪੂਰਵਤਾ ਕਥਨ ਕੀਤੀ ਗਈ ਹੈ॥ ਚ=ਔਰ

(੪.) ਫਲ :-

''परायणं तिष्ठमानस्य तद्विदः'' (ਅਧਿਆਏ ੩, ਬ੍ਰਾਹਮਣ ੯, ਵਾਕਯ ੨੮ (੭))

''ਪਰਾਯਣਮ੍ ਤਿਸ਼ਠਮਾਨਸਯ (ਤਦ+ਵਿਦਃ)''

ਤਦ=ਬ੍ਰਹਮ ਨੂੰ ਵਿਦ=ਅਨੁਭਵ ਕਰਨ ਰੂਪ ਜਾਨਣ ਵਾਲੇ ਬ੍ਰਹਮ ਬੇਤੇ ਨੂੰ ਆਤਮਾ ਪਰਾਯਣਮ੍=ਪਰਮ ਪ੍ਰਾਪਤ ਹੈ ਚ=ਔਰ ਏਤਤ੍=ਇਸ ਬ੍ਰਹਮ ਤੋਂ ਅਭਿੰਨ ਆਤਮਾ ਦਾ ਨਿਰੰਤਰ ਚਿੰਤਨ ਵਾ ਧਿਆਨ ਕਰਨ ਰੂਪ ਤਿਸ਼ਠਮਾਨਸਯ=ਇਸਥਿਤ ਰਹਿਣ ਵਾਲੇ ਦਾ ਪਰਮ-ਪ੍ਰਾਪਯ (ਅੰਤਿਮ ਪ੍ਰਾਪਤ ਵਸਤੂ) ਬ੍ਰਹਮ ਤੋਂ ਅਭਿੰਨ ਆਤਮਾ ਹੀ ਹੈ। ਇਤਿਆਦਿਕ ਮੰਤ੍ਰਾਂ ਦੁਆਰਾ ਸਰਵਣ ਸਾਧਨ ਦਾ ਚੌਥਾ ਹੇਤੂ ਸਰੂਪ ਪ੍ਰਾਪਤੀ ਰੂਪ ਫਲਮ੍=ਫਲ ਵਾ ਪ੍ਰਯੋਜਨ ਕਥਨ ਕੀਤਾ ਗਿਆ ਹੈ॥

यो वै तत्काप्य सूत्रं तं विद्याच्चेत्यादितोऽपिच।
योवैएतच्चेनज्ञात्वाऽक्षरंगार्गीति च स्तुतिः॥ ੧੪॥
ਯੋ ਵਈ (ਤਤ੍+ਕਾਪਯ) ਸੂਤ੍ਰਮ੍ ਤਮ੍ (ਵਿਦ੍ਯਾਤ੍+ਇਤਯਾਦੀ+ਤੋ+ਅਪੀ+ਚ)।

(ਯੋ+ਵਈ+ਏਤਤ੍ਸ਼ਮ+ਨ+ਗਯਾਤ੍ਵਾ+ਅਕਸ਼ਰਮ੍+ਗਾਰਗੀ+ਇਤੀ) ਚ+ਸਤ੍ਤੂਤੀਃ॥ ੧੪॥

(੫) ਅਰਥਵਾਦ :-

''यो वै तत्काप्य! सूत्रं विद्यात्तं चातर्यामिणमिति स ब्रह्मवित्''

(ਅਧਿਆਏ ੩, ਬ੍ਰਾਹਮਣ ੭, ਵਾਕਯ ੧)

''ਯੋ ਵਈ (ਤਤ੍+ਕਾਪਯ) ! ਸੂਤ੍ਰਮ (ਵਿਦਯਾਤ੍+ਤਮ੍)
(ਚ+ਅੰਤਰਯਾਮੀਣਮ੍+ਇਤੀ) ਸ (ਬ੍ਰਹਮ+ਵਿਤ)''

ਹੇ ਕਾਪਯ ! ਯੋ=ਜੋ ਚਰਾਚਰ ਜਗਤ ਹੈ ਵਈ=ਨਿਸ਼ਚਿਤ ਰੂਪ ਨਾਲ ਤਤ੍=ਬ੍ਰਹਮ ਹੀ ਹੈ ਇਸ ਲਈ ਅਦ੍ਵੈਤ ਬੋਧਕ ਮੰਤ੍ਰ ਰੂਪ ਸੂਤ੍ਰਮ੍=ਗੂੜ ਅਰਥ ਪ੍ਰਗਟ ਕਰਨ ਵਾਲਾ ਅਲਪ ਅੱਖਰਾਂ ਦੇ ਵਾਕ ਦੁਆਰਾ ਤਮ੍=ਉਸ ਆਤਮਾ ਨੂੰ ਸਰਵਣ, ਮਨਨ, ਨਿਧਿਆਸਣ ਦੁਆਰਾ ਵਿਦਯਾਤ=ਜਾਨਣਾ ਚਾਹੀਦਾ ਹੈ ਚ=ਔਰ ਜੋ ਆਤਮ ਬੋਧਕ ਸੂਤ੍ਰ ਅਤੇ ਤਿਸ ਅੰਤਰਯਾਮੀਣਮ੍=ਅੰਤਰਜਾਮੀ ਕਹੀਏ ਅੰਤਹਕਰਣ ਵਿਚ ਇਸਥਿਤ ਹੋ ਕੇ ਪ੍ਰੇਰਣ ਵਾਲੇ ਜਾਣੀ-ਜਾਣ ਪੁਰਖ ਨੂੰ ਜਾਣਦਾ ਹੈ ਸ=ਉਹ ਹੀ ਬ੍ਰਹਮਵਤ=ਬ੍ਰਹਮ ਨੂੰ ਜਾਨਣ ਵਾਲਾ ਤਤ ਬੇਤਾ ਹੈ॥ ਇਤੀ ਸ਼ਬਦ ਮੰਤ੍ਰ ਦੀ ਸਮਾਪਤੀ ਦਾ ਬੋਧਕ ਹੈ। ਇਤੀ=ਇਤਿਆਦਿਕ ਮੰਤ੍ਰ ਨਾਲ ਚ=ਔਰ ਕਹੀਏ ਹੋਰ ਅਪੀ=ਵੀ ਮੰਤ੍ਰਾਂ ਦੁਆਰਾ ਤ੍ਵ=ਤਾਂ ਸਤ੍ਤੂਤੀਃ= ਕੀਰਤੀ ਕਰਕੇ

यो वा एतदक्शरं गार्ग्यविदित्वास्मिंल्लोके जुहोति''

(ਅਧਿਆਏ ੩, ਬ੍ਰਾਹਮਣ ੮, ਵਾਕਯ ੧੦)

''ਯੋ ਵਾ (ਏਤਦ+ਅਕਸ਼ਰਮ੍) (ਗਾਰਗਯ੍+ਅਵਿਦਿਤ੍ਵਾ+ਅਸਮਿਨ+ਲੋਕੇ) ਜੁਹੋਤੀ''

ਹੇ ਗਾਰਗਯ ! ਯੋ=ਜੋ ਏਤਦ੍=ਪ੍ਰਤੱਖ ਵਿਸ਼ੇਭੂਤ ਆਤਮਾ ਤੋਂ ਅਭਿੰਨ ਅਕਸ਼ਰਮ=ਅਬਿਨਾਸੀ ਬ੍ਰਹਮ ਨੂੰ ਅਵਿਦਿਤ੍ਵਾ=ਨਹੀਂ ਜਾਣਦਾ ਉਹ ਵਾ=ਨਿਸ਼ਚਿਤ ਰੂਪ ਨਾਲ ਅਸਮਿਨ=ਇਸ ਮ੍ਰਿਤਯੂ ਲੋਕ ਕਹੀਏ ਸੰਸਾਰ ਵਿਚ ਜਨਮ-ਮਰਣ ਰੂਪ ਦੁੱਖ ਨੂੰ ਅਨੁਭਵ ਕਰਦਾ ਹੈ ਕਿਉਂਕਿ ਉਸਦੇ ਜੁਹੋਤੀ=ਪੂਜਾ, ਹਵਨ ਆਦਿ ਵੈਰਾਗ ਸਾਧਨ ਸਭ ਅਦ੍ਰਿੜ ਹੁੰਦੇ ਹਨ। ਇਤੀ=ਇਤਿਆਦਿਕ ਮੰਤ੍ਰਾਂ ਨਾਲ ਭੇਦ ਗਿਆਨ ਵਾਲੇ ਅਗਿਆਨੀ ਪੁਰਸ਼ ਦੀ ਨਿੰਦਾ ਕਥਨ ਕਰਕੇ ਸਰਵਣ ਸਾਧਨ ਦਾ ਪੰਜਵਾਂ ਹੇ ਤ੍ਵ ਨਿੰਦਾ-ਸਤ੍ਤੂਤੀ ਰੂਪ ਅਰਥਵਾਦ ਪ੍ਰਗਟ ਕੀਤਾ ਗਿਆ ਹੈ॥

एतस्य वा अक्षरस्येत्यादितो युक्तिरीरिता।
तटस्थलक्षणस्योपन्यासेन परमात्मनः॥१५॥
ਏਤਸਯ ਵਾ (ਅਕਸ਼ਰਸਯ+ਇਤਯਾਦਿਤੋ) (ਯੁਕਤੀਃ+ਈਰੀਤਾ)।
(ਤਟਸਥ+ਲਕਛਣਸ੍ਯ+ਉਪਨਯਾਸੇਨ) ਪਰਮਾਤਮਨਃ॥ ੧੫॥

(੬) ਉਪਪਤੀ :-

''एतस्य वा अक्षरस्य प्रशासने गार्गि! सूर्याचंद्रमसौ विधृतौ तिष्ठतः''

(ਅਧਿਆਏ ੩, ਬ੍ਰਾਹਮਣ ੮, ਵਾਕਯ ੯)

''ਏਤਸਯ ਵਾ ਅਕਸ਼ਰਸਯ ਪ੍ਰਸ਼ਾਸਨੇ ਗਾਰਗੀ ! (ਸੂਰਯ+ਚੰਦ੍ਰਮਸਉ) ਵਿਧ੍ਰਿਤਉ ਤਿਸ਼ਠਤਃ''

ਹੇ ਗਾਰਗੀ ! ਏਤਸਯ=ਇਸ ਅਕਸ਼ਰਸਯ=ਅਵਿਨਾਸ਼ੀ ਪਰਮਾਤਮਾ ਦੇ ਪ੍ਰਸ਼ਾਸਨੇ=ਅਨੁਸ਼ਾਸਨ,

ਆਗਿਆ ਵਿਚ ਹੀ ਵਾ=ਨਿਸ਼ਚਿਤ ਰੂਪ ਨਾਲ ਸੂਰਯ=ਸੂਰਜ ਅਤੇ ਚੰਦ੍ਰਮਸਉ=ਚੰਦਰਮਾ ਆਦਿ ਦੇਵਤੇ ਵਿਧ੍ਰਿਤਉ=ਕ੍ਰਿਆਮਈ ਸਰੂਪ ਨੂੰ ਧਾਰਨ ਕਰਕੇ ਤਿਸ਼ਠਤਃ=ਇਸਥਿਤ ਵਾ ਵਿਦਿਆਮਾਨ ਹਨ।

ਸੂਰਜੁ ਚੰਦੁ ਸਿਰਜਿਅਨੁ ਅਹਿਨਿਸਿ ਚਲਤੁ ਵੀਚਾਰੋ॥ ੧॥

(ਰਾਗੁ ਵਡਹੰਸ ਮਃ ੧, ਅੰਗ ੫੮੦)

ਆਗਿਆ ਮਹਿ ਤੇਰੀ ਪ੍ਰਭ ਆਗਿਆ ਹੁਕਮਨ ਸਿਰਿ ਹੁਕਮਾ॥ ੭॥

(ਰਾਗੁ ਗੂਜਰੀ ਮਃ ੫, ਅੰਗ ੫੦੭)

ਇਤਯਾਦਿਤੋ=ਇਤਿਆਦਿਕ ਮੰਤ੍ਰਾਂ ਦੁਆਰਾ ਪਰਮਾਤਮਨਃ=ਪਰਮਾਤਮਾ ਦੇ ਤਟਸਥ ਲਕਛਣ ਕਰਤਾ ਪੁਰਖ ਦੇ ਉਪਨਯਾਸੇਨ=ਪ੍ਰਦਰਸ਼ਨ ਵਾ ਕਥਨ ਦੁਆਰਾ ਸਰਵਣ ਸਾਧਨ ਦਾ ਛੇਵਾਂ ਹੇਤੂ ਯੁਕਤੀਃ=ਜੁਗਤੀ ਵਾ ਦ੍ਰਿਸ਼ਟਾਂਤ ਦੁਆਰਾ ਸਿਧਾਂਤ ਦਾ ਵਰਣਨ ਰੂਪ ਉਪਪਤੀ ਕਥਨ ਕੀਤੀ ਗਈ ਹੈ॥

बृहदारण्यकश्रुत्यास्ततीयस्य समिष्यते।
तात्पर्यमद्वये लिंगैरेभिस्तु परमात्मनि॥ १६॥
ब्रिहदारणयक+सूतयाः+त्रीतीयसय समिश़यते।
(तातपरयम्+अद्वये) (लिंगाईः+एभी+तु) परमातमनी॥ १६॥

ਬ੍ਰਿਹਦਾਰਣਯਕ ਉਪਨਿਸ਼ਦ ਦੇ ਸ਼੍ਰੁਤਯਾ=ਵੇਦਾਤਮਕ ਮੰਤ੍ਰਾਂ ਦਾ ਇਸ ਤ੍ਰੀਤੀਯਸਯ=ਤੀਸਰੇ ਅਧਿਆਏ ਵਿਚ ਏਭੀ=ਇਨ੍ਹਾਂ ਖਟ ਲਿੰਗਈਃ=ਹੇਤੂਆਂ ਵਾ ਅੰਗਾਂ ਦੁਆਰਾ ਤਾਤਪਰਯਮ੍=ਅਭਿਪ੍ਰਾਯ ਵਾ ਭਾਵ ਅਰਥ ਤੂ=ਤਾਂ ਅਦ੍ਵਯੇ=ਅਦੁਤੀ ਪਰਮਾਤਮਨੀ=ਪਰਮੇਸ਼ਰ ਵਿਚ ਸਮਿਸ਼ਯਤੇ=ਨਿਰਣਿਤ ਵਾ ਨਿਰਧਾਰਿਤ ਹੁੰਦਾ ਹੈ।

☆☆☆

॥ अथ चतुर्थाध्यायलिंङ्गःकीर्त्तनम्॥ ४॥

॥ अथ (चतुरथ+अधयाय+लिंग+कीरतनम्) ॥ ४ ॥

ਅਥ=ਹੁਣ ਬ੍ਰਿਹਦਾਰਣਯਕ ਉਪਨਿਸ਼ਦ ਦੇ ਚਤੁਰਥ=ਚੌਥੇ ਅਧਯਾਯ=ਭਾਗ ਦੇ ਮੰਤ੍ਰਾਂ ਦੁਆਰਾ ਤਾਤਪਰਯ ਨਿਰਣਾਯਕ ਸਰਵਣ ਸਾਧਨ ਦੇ ਖਟ ਲਿੰਗ=ਚਿੰਨ੍, ਅੰਗ ਵਾ ਹੇਤੂਆਂ ਨੂੰ ਕੀਰਤਨਮ=ਅਭੀਵਯਕਤ ਕਹੀਏ ਪ੍ਰਗਟ ਕਰਕੇ ਕਥਨ ਕਰਦੇ ਹਨ।

इंधश्च किमुपक्रम्याभ्यं स उपसंहृतिः।
सामान्यतो विशेषेण यत्र त्वस्येति वाक्यतः॥ १७॥
(इंधः+च) (किम्+उपक्रमय+अभयम्) स उपसंहृतीः।
सामानयतो विशेशेण यत्र (तू+असय+इती) वाकयतः ॥ १७ ॥

(੧) ਉਪਕ੍ਰਮ-ਉਪਸੰਹਾਰ :-

ਸਾਮਾਨਯ ਉਪਕ੍ਰਮ :-

''इंधो ह वै नाम'' (अधिआऐ ४,ब्राहमण २,वाकय २)

''ਇੰਧੋ ਹ ਵਈ ਨਾਮ''

ਵਈ=ਉਹ ਹ=ਪ੍ਰਸਿੱਧ ਪ੍ਰਮਾਤਮਾ ਇੰਧੋ=ਇੰਧ ਕਹੀਏ ਦੀਪਤ ਗੁਣ ਵਾਲਾ ਕਹੀਏ ਚੇਤਨ ਸਰੂਪ ਹੋਣ ਕਰਕੇ ਆਪਣੇ ਆਪ ਦਾ ਅਤੇ ਸਮਸਤ ਜਗਤ ਦਾ ਪ੍ਰਕਾਸ਼ਕ ਨਾਮ=ਸੰਗਿਆ ਵਾਲਾ ਹੈ। ਭਾਵ ਗਿਆਨ ਦਾ ਸ੍ਰੋਤ (ਉਤਪਤੀ ਸਥਾਨ) ਹੈ। ਇਸ ਮੰਤ੍ਰ ਦੁਆਰਾ ਸਾਮਾਨਯਤੋ=ਸਾਧਾਰਨ ਰੂਪ ਨਾਲ ਉਪਕ੍ਰਮ=ਪ੍ਰਕਰਣ ਅਰੰਭ ਕੀਤਾ ਗਿਆ ਹੈ। ਚ=ਔਰ

ਵਿਸ਼ੇਸ਼ ਉਪਕ੍ਰਮ :-

''किं ज्योतिरय पुरूष इति'' (अधिआऐ ४, ब्राहमण ३, वाकय २)

''किम् (जयोतीः+अयम) पुरुश इती''

ਰਾਜਾ ਜਨਕ ਨੇ ਯਗਯਵਲਕ ਨੂੰ ਪੁੱਛਿਆ ਕਿ ਅਯਮ=ਇਹ ਪੁਰੂਸ਼=ਪੁਰਖ ਕਹੀਏ ਵਿਆਪਕ ਬ੍ਰਹਮ-ਆਤਮਾ ਕਿਮ੍=ਕਿਸ ਪ੍ਰਕਾਰ ਦੇ ਜਯੋਤੀਃ=ਪ੍ਰਕਾਸ਼ ਵਾਲਾ ਹੈ? ਭਾਵ ਇਸ ਪੁਰੂਸ਼ ਦੀ ਜਯੋਤੀ ਕੀ ਹੈ ਜਿਸ ਨਾਲ ਇਹ ਸਾਰਾ ਵਯਵਹਾਰ ਕਰਦਾ ਹੈ ਅਥਵਾ ਕੀ ਇਹ ਆਪਣੇ ਅਵਯਵਾ (ਅੰਗਾਂ) ਤੋਂ ਬਾਹਰ ਰਹਿਣ ਵਾਲੀ ਕਿਸੇ ਭਿੰਨ ਜਯੋਤੀ ਦੁਆਰਾ ਵਯਵਹਾਰ ਕਰਦਾ ਹੈ ਜਾਂ ਆਪਣੇ ਅਵਯਵਾ ਦੇ ਸੰਘਾਤ (ਇਕੱਠ) ਵਿਚ ਰਹਿਣ ਵਾਲੀ ਜਯੋਤੀ ਦੁਆਰਾ ਕਾਰਯ ਪੂਰਾ ਕਰਦਾ ਹੈ? ਇਸ ਮੰਤ੍ਰ ਦੁਆਰਾ ਵਿਸ਼ੇਸ਼ੇਣ=ਅਸਾਧਾਰਣ ਰੂਪ ਵਿਚ ਉਪਕ੍ਰਮ ਕਹੀਏ ਪ੍ਰਕਰਣ ਅਰੰਭ ਕੀਤਾ ਗਿਆ ਹੈ।

ਸਾਮਾਨਯ ਉਪਸੰਹਾਰ :-

''अभयं वै जनक! प्राप्तोऽसि'' (अधिआऐ ४,ब्राहमण ५,वाकय १५)

''ਅਭਯਮ੍ ਵਈ ਜਨਕ ! ਪ੍ਰਾਪਤੋਅਸੀ''

ਯਗਯਵਲਕ ਨੇ ਕਿਹਾ, ਹੇ ਜਨਕ ! ਤੂ ਵਈ=ਨਿਸ਼ਚਿਤ ਰੂਪ ਨਾਲ ਅਭਯਮ=ਅਭੈ ਕਹੀਏ ਜਨਮ-ਮਰਣ ਆਦਿ ਦੁੱਖਾਂ ਦੇ ਡਰ ਤੋਂ ਅਤੀਤ ਸ਼ੂਨਯ (ਅਫੁਰ) ਬ੍ਰਹਮ ਅਵਸਥਾ ਨੂੰ ਪ੍ਰਾਪਤੋ=ਪ੍ਰਾਪਤ ਹੋ ਚੁਕਾ ਅਸੀ=ਹੈ।

''स वा एष महानज आत्मा'' (ਅਧਿਆਏ ੪, ਬ੍ਰਾਹਮਣ ੪ ਵਾਕਯ ੨੪)

''ਸ ਵਾ ਏਸ਼ (ਮਹਾਨ+ਅਜ) ਆਤਮਾ''

ਇਸ ਜਨਕ-ਯਗਯਵਲਕ ਪ੍ਰਸੰਗ ਵਿਚ ਜਿਸ ਪੁਰੂਸ਼ ਦੀ ਵਿਆਖਿਆ ਕੀਤੀ ਹੈ ਸ=ਉਹੀ ਵਾ=ਨਿਸ਼ਚਿਤ ਰੂਪ ਨਾਲ ਏਸ਼=ਪ੍ਰਤੱਖ ਅਨੁਭਵ ਵਿਸ਼ੇ ਮਹਾਨ=ਸ਼੍ਰੇਸਟ ਅਜ=ਅਜਨਮ ਆਤਮਾ=ਨਿਜ ਸਰੂਪ ਹੈ। ਇਨ੍ਹਾਂ ਉਪਰੋਕਤ ਦੋ ਮੰਤ੍ਰਾਂ ਦੁਆਰਾ ਸਾਮਾਨਯ ਉਪਸੰਹਾਰ=ਅੰਤ ਵਿਚ ਨਿਸ਼ਕਰਸ਼ ਕਥਨ ਕੀਤਾ ਗਿਆ ਹੈ॥

ਵਿਸ਼ੇਸ਼ ਉਪਸੰਹਾਰ :-

''यत्र त्वस्य सर्वमात्मैवाभूत'' (ਅਧਿਆਏ ੪, ਬ੍ਰਾਹਮਣ ੫, ਵਾਕਯ ੧੫)

''ਯਤ੍ਰ (ਤੂ+ਅਸਯ) ਸਰਵਮ+ਆਤਮਾ+ਏਵ+ਅਭੂਤ''

ਯਤ੍ਰ=ਜਿਸ ਸਮਾਧੀ (ਬ੍ਰਹਮ-ਬੁਧੀ) ਦੀ ਦਸ਼ਾ ਵਿਚ ਅਸਯ=ਇਸ ਬ੍ਰਹਮਵੇਤਾ ਲਈ ਤੂ=ਤਾਂ ਸਰਵਮ੍=ਸਮਸਤ ਪਦਾਰਥ ਆਤਮਾ=ਨਿਜ ਸਰੂਪ ਸਚਿਦਾਨੰਦ ਏਵ=ਹੀ ਅਭੂਤ ਹੋ ਗਏ ਓਥੇ ਫਿਰ ਕਿਸ ਦੇ ਦੁਆਰਾ ਦੇਖੇ, ਸੁਣੇ, ਸਪਰਸ਼ ਕਰੇ ਆਦਿਕ ਕਿਰਿਆ ਨੂੰ ਜਾਣੇ ਅਥਵਾ ਜਿਸ ਦੇ ਦੁਆਰਾ ਸਭ ਨੂੰ ਜਾਣਦਾ ਹੈ ਉਸ ਵਿਗਯਾਨ ਸਰੂਪ ਨੂੰ ਕਿਸ ਦੁਆਰਾ ਜਾਣੇ? ਇਤੀ=ਇਤਿਆਦਿਕ ਮੰਤ੍ਰ ਰੂਪ ਵਾਕਯਤਃ=ਵਾਕਾਂ ਦੁਆਰਾ ਵਿਸ਼ੇਸ਼ ਉਪਸੰਹ੍ਰਿਤੀਃ=ਉਪਸੰਹਾਰ ਕਥਨ ਕੀਤਾ ਗਿਆ ਹੈ॥

तद्देवा ज्योतिषां ज्योतिरायुर्होपासतेऽमृतम्।
इत्यादिबहुभिर्वाक्यैरभ्यासः स्पष्टमीक्ष्यते॥ १८॥
(ਤਦ+ਦੇਵਾ) ਜਯੋਤੀਸ਼ਾਮ੍ (ਜਯੋਤੀਃ+ਆਯੁਃ+ਹ+ਉਪਾਸਤੇ+ਅਮ੍ਰਿਤਮ੍)।
(ਇਤਯਾਦੀ+ਬਹੂਭੀਃ+ਵਾਕਯਈਃ+ਅਭਯਾਸਃ) ਸਪਸ਼ਟਮ੍+ਈਕਸ਼ਤੇ)॥ ੧੮॥

(੨) ਅਭਯਾਸ :-

तद्देवा ज्योतिषां ज्योतिरायुर्होपासतेऽमृतम्।

''(ਤਦ्+ਦੇਵਾ) ਜਯੋਤੀਸ਼ਾਮ (ਜਯੋਤੀਃ+ਆਯੁਃ+ਹ+ਉਪਾਸਤੇ+ਅਮ੍ਰਿਤਮ)''

ਤਦ=ਬ੍ਰਹਮ-ਆਤਮਾ ਨੂੰ ਸਮਸਤ ਜਯੋਤੀਸ਼ਾਮ=ਜੋਤੀਆ (ਸੂਰਜ, ਚੰਦ੍ਰਮਾ, ਤਾਰੇ, ਅਗਨੀ ਅਤੇ ਬੁਧੀ) ਦੀ ਪਰਮ ਜਯੋਤੀਃ=ਪ੍ਰਕਾਸ਼ਕ ਜਾਣ ਕੇ ਸਮਸਤ ਦੇਵਾਃ=ਦੇਵਗਣ ਇਸ ਜੋਤੀ ਦੀ ਤਿੰਨ ਕਾਲਾਂ ਵਿਚ ਸਥਿਤ ਰਹਿਣ ਵਾਲੀ ਆਯੁਃ=ਉਮਰ ਰੂਪ ਗੁਣ ਦੇ ਕਾਰਣ ਅਮ੍ਰਿਤਮ੍=ਮ੍ਰਿਤਯੂ ਰਹਿਤ, ਅਬਿਨਾਸੀ ਰੂਪ ਨਾਲ ਹ=ਇਸ ਬੁਧੀ ਦੁਆਰਾ ਉਪਾਸਤੇ=ਚਿੰਤਨ ਵਾ ਉਪਾਸਨਾ ਕਰਦੇ ਹਨ। ਭਾਵ ਜਿਸ ਨੂੰ ਲੰਬੀ ਉਮਰ ਦੀ ਇੱਛਾ ਹੋਵੇ ਸੋ ਬ੍ਰਹਮ ਦੇ ਆਯੁ ਰੂਪ ਗੁਣ ਦੁਆਰਾ ਉਸ ਦਾ ਚਿੰਤਨ ਕਰੇ। ਇਤਯਾਦੀ=ਇਸ ਤੋਂ ਆਦਿਕ ਹੋਰ ਵੀ ਬਹੁਭੀਃ=ਬਹੁਤ ਸਾਰੇ ਮੰਤ੍ਰ ਰੂਪ ਵਾਕਯਈਃ=ਵਾਕਾਂ ਦੁਆਰਾ ਸਪਸ਼ਟਮ=ਸਿਧਾ ਪ੍ਰਗਟ ਕਰਕੇ ਸਰਵਣ ਸਾਧਨ ਦਾ ਦੂਸਰਾ ਹੇਤੂ ਵਾ ਅੰਗ ਅਭਯਾਸਃ=ਪੁਨਃ ਪੁਨਃ

ਚਿੰਤਨ ਵਾ ਪਠਨ ਰੂਪ ਅਭਿਆਸ ਈਕਸ਼ਤੇ=ਕਥਨ ਕੀਤਾ ਗਿਆ ਹੈ॥

विज्ञातारमगृह्यो च न तं पश्यत्यपूर्वता।
अथाकामयमानो य इत्यादिबहुभिः फलम्॥ १९॥
(ਵਿਗਯਾਤਾਰਮ੍+ਅਗ੍ਰਿਹਯੋ) ਚ ਨ ਤਮ੍ (ਪਸ਼ਯਤੀ+ਅਪੂਰਵਤਾ)।
(ਅਥ+ਅਕਾਮਯਮਾਨੋ) ਯ (ਇਤਯਾਦੀ+ਬਹੂਭੀਃ) ਫਲਮ੍॥ ੧੯॥

(੩) ਅਪੂਰਵਤਾ :-

''विज्ञातारमरे! केन विजानीयात्'' (ਅਧਿਆਏ ੪, ਬ੍ਰਾਹਮਣ ੫, ਵਾਕਯ ੧੫)
(ਵਿਗਯਾਤਾਰਮ੍+ਅਰੇ!) ਕੇਨ ਵਿਜਾਨੀਯਾਤ

ਯਗਯਵਲਕ ਨੇ ਕਿਹਾ, ਅਰੇ=ਹੇ ਮੈਤ੍ਰੀ ! ਵਿਗਯਾਤਾਰਮ੍=ਵਿਗਯਾਨ ਸਰੂਪ ਕਹੀਏ ਪ੍ਰਕ੍ਰਿਸ਼ਟ ਗਿਆਨ ਵਾਲੇ ਚੇਤਨ ਬ੍ਰਹਮ ਨੂੰ ਕੇਨ=ਕਿਸ ਦੇ ਦੁਆਰਾ ਵਿਜਾਨੀਯਾਤ=ਜਾਣੀਏ? ਭਾਵ ਉਹ ਸ੍ਵਯਮ ਹੀ ਆਪਣੇ ਆਪ ਨੂੰ ਜਣਾਉਂਦਾ ਹੈ।

''अगृह्यो न हि गृह्यते'' (ਅਧਿਆਏ ੪, ਬ੍ਰਾਹਮਣ ੫, ਵਾਕਯ ੧੫)
''ਅਗ੍ਰਿਹਯੋ ਨ ਹੀ ਗ੍ਰੀਹਯਤੇ''

ਖਟ ਪ੍ਰਮਾਣਾਂ ਦੀ ਬ੍ਰਹਮ ਆਤਮਾ ਵਿਚ ਅਵਿਸ਼ਯਤਾ ਵਾ ਅਗਮਤਾ ਕਰਕੇ ਉਹ ਬ੍ਰਹਮਾਤਮਾ ਹੀ=ਨਿਸ਼ਚਿਤ ਰੂਪ ਨਾਲ ਕਿਸੇ ਪ੍ਰਮਾਣ ਰੂਪ ਸਾਧਨ ਦੁਆਰਾ ਗ੍ਰੀਹਯਤੇ=ਗ੍ਰਹਣ ਨ=ਨਹੀਂ ਕੀਤਾ ਜਾ ਸਕਦਾ। ਇਸ ਲਈ ਅਗ੍ਰਿਹਯੋ=ਗ੍ਰਹਣ ਵਾ ਪਕੜ ਕਰਨ ਤੋਂ ਅਯੋਗ ਹੈ॥

ਬ੍ਰਹਮਾਦਿਕ ਸਨਕਾਦਿ ਸੇਖ ਗੁਣ ਅੰਤੁ ਨ ਪਾਏ॥
ਅਗਹੁ ਗਹਿਓ ਨਹੀ ਜਾਇ ਪੂਰਿ ਸ੍ਰਬ ਰਹਿਓ ਸਮਾਏ॥ (ਸਵਯੇ ਮਃ ੫, ਅੰਗ ੧੩੮੬)
ਗਹਿਓ ਜੋ ਨ ਜਾਇ ਸੋ ਅਗਾਹ ਕੈ ਕੈ ਗਾਹੀਅਤੁ
ਛੇਦਿਓ ਜੋ ਨ ਜਾਇ ਸੋ ਅਛੇਦ ਕੈ ਪਛਾਨੀਐ॥ (ਗਿਆਨ ਪ੍ਰਬੋਧ, ਅੰਗ ੧੩੧)
''न तं पश्यति कश्चन'' (ਅਧਿਆਏ ੪, ਬ੍ਰਾਹਮਣ ੩, ਵਾਕਯ ੧੪)
''ਨ ਤਮ੍ ਪਸ਼ਯਤੀ ਕਸ਼ਚਨ''

ਤਮ੍=ਉਸ ਵਿਗਾਨ ਸਰੂਪ ਬ੍ਰਹਮ ਨੇਸ਼ਟੀ ਬ੍ਰਹਮ ਸ਼੍ਰੋਤੀ ਸਤਿਗੁਰਾਂ ਦੇ ਆਗਮ ਪ੍ਰਮਾਣ ਰੂਪ ਉਪਦੇਸ਼ ਤੋਂ ਬਿਨਾਂ ਕਸ਼ਚਨ=ਕੋਈ ਵੀ ਬ੍ਰਹਮ-ਆਤਮਾ ਨੂੰ ਨ=ਨਹੀਂ ਪਸ਼ਯਤੀ=ਵੇਖ ਸਕਦਾ ਵਾ ਸਾਕਸ਼ਾਤ ਅਨੁਭਵ ਨਹੀਂ ਕਰ ਸਕਦਾ ਹੈ।

ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ ਹਉ ਸਤਿਗੁਰ ਕੈ ਬਲਿਹਾਰੀਐ॥
(ਰਾਗੁ. ਤੁਖਾਰੀ ਮਃ ੪, ਅੰਗ ੧੧੧੩)
ਜਿਸ ਕਾ ਗ੍ਰਿਹੁ ਤਿਨਿ ਦੀਆ ਤਾਲਾ ਕੁੰਜੀ ਗੁਰ ਸਉਪਾਈ॥
ਅਨਿਕ ਉਪਾਵ ਕਰੇ ਨਹੀ ਪਾਵੈ ਬਿਨੁ ਸਤਿਗੁਰ ਸਰਣਾਈ॥ ੩॥
(ਰਾਗੁ ਗਉੜੀ ਮਃ ੫, ਅੰਗ ੨੦੫)
ਸਤਿਗੁਰ ਹਥਿ ਕੁੰਜੀ ਹੋਰਤੁ ਦਰੁ ਖੁਲੈ ਨਾਹੀ ਗੁਰੁ ਪੂਰੈ ਭਾਗਿ ਮਿਲਾਵਣਿਆ॥ ੭॥
(ਰਾਗੁ ਮਾਝ ਮਃ ੩, ਅੰਗ ੧੨੪)

ਇਤਿਆਦਿਕ ਮੰਤ੍ਰਾਂ ਦੁਆਰਾ ਸਮਸਤ ਪ੍ਰਮਾਣਾਂ ਦੀ ਅਵਿਸ਼ਯਤਾ ਰੂਪ ਅਪੂਰਵਤਾ ਸਰਵਣ ਸਾਧਨ ਦਾ ਤੀਸਰਾ ਹੇਤੂ ਵਾ ਅੰਗ ਕਥਨ ਕੀਤਾ ਗਿਆ ਹੈ॥

(੪) ਫਲ :- ਅਥ ਅਕਾਮਯਮਾਨੋ ਯ ਇਤਯਾਦੀ ਬਹੂਭੀ: ਫਲਮ੍=

''अथाकामयमानो यो'' (ਅਧਿਆਏ ੪,ਬ੍ਰਾਹਮਣ ੪,ਵਾਕਯ ੬)

''(अथ+अकामयमानो) यो''

ਅਪੂਰਵਤਾ ਕਥਨ ਕਰਨ ਤੋਂ ਅਨੰਤਰ ਅਥ=ਹੁਣ ਦੱਸਦੇ ਹਨ ਕਿ ਯੋ=ਜੋ ਯੋਗੀ ਪੁਰੂਸ਼ ਅਕਾਮਯਮਾਨੋ=ਨਿਸ਼ਕਾਮ ਹੈ ਭਾਵ ਕਿਸੇ ਅਨਾਤਮ ਵਸਤੂ ਵਿਚ ਆਸਕਤੀ ਨਾ ਹੋਣ ਕਰਕੇ ਉਸ ਦੀ ਇੱਛਾ ਨਹੀਂ ਰੱਖਦਾ ਸੋ ਵੈਰਾਗੀ ਬ੍ਰਹਮ ਦਾ ਚਿੰਤਨ ਕਰਕੇ ਉਸੇ ਵਿਚ ਅਭੇਦ ਹੋ ਕੇ ਕੈਵਲਯ ਮੋਕਸ਼ ਰੂਪ ਫਲ ਪ੍ਰਾਪਤ ਕਰਦਾ ਹੈ। ਇਤਯਾਦੀ=ਇਸ ਤੋਂ ਆਦਿਕ ਹੋਰ ਮੰਤ੍ਰਾਂ ਵਿਚ ਵੀ ਬਹੂਭੀ:=ਵਿਵਿਧ ਪ੍ਰਕਾਰ ਨਾਲ ਬ੍ਰਹਮ ਗਿਆਨ ਦਾ ਫਲਮ੍=ਫਲ ਵਾ ਪ੍ਰਯੋਜਨ ਰੂਪ ਸਰਵਣ ਸਾਧਨ ਦਾ ਚੌਥਾ ਹੇਤੂ ਕਥਨ ਕੀਤਾ ਗਿਆ ਹੈ॥

ਸੁਖਿ ਸੋਇਓ ਅਰੁ ਸਹਜਿ ਸਮਾਇਓ ਸਹਸਾ ਗੁਰਹਿ ਗਵਾਏ॥
ਜੋ ਚਾਹਤ ਸੋਈ ਹਰਿ ਕੀਓ ਮਨ ਬਾਂਛਤ ਫਲ ਪਾਏ॥ ੧॥

(ਰਾਗੁ ਸਾਰੰਗ, ਅੰਗ ੧੨੦੪)

मृत्योः स मृत्युमाप्नोति य इह नानेव पश्यतिएत एतमुहैवेत्यादिवाक्याच्च स्तुति स्मृता॥ २०॥
म्रितयोः स (म्रितयुमृ+आपनोती) य ईह (नाना+एव) (पश्यती+एत)।
(एतम्+ह+एव+ इतयादी+वाकयात्+च) सत्रुती सम्रिता॥ २०॥

(५) अरथवाद :-

''मृत्योः स मृत्युमाप्नोति य इह नानेव पश्यति''

(ਅਧਿਆਏ ੪, ਬ੍ਰਾਹਮਣ ੪, ਵਾਕਯ ੧੯)

''म्रितयोः स (म्रितयुमृ+आपनोती) य ईह (नाना+एव) पश्यती''

ਯ=ਜੋ ਅਲਪਗ ਜੀਵ ਈਹ=ਇਸ ਸੰਸਾਰ ਵਿਚ ਦ੍ਵੈਤ ਦ੍ਰਿਸ਼ਟੀ ਧਾਰ ਕੇ ਨਾਨਾ=ਅਨੇਕ ਮਿਥਿਆ ਸਰੂਪਾਂ ਨੂੰ ਭੇਦ ਦ੍ਰਿਸ਼ਟੀ ਨਾਲ ਪਸ਼ਯਤੀ=ਵੇਖਦਾ ਹੈ ਏਵ=ਨਿਸ਼ਚਿਤ ਰੂਪ ਨਾਲ ਸ=ਉਹ ਪ੍ਰਾਣੀ ਮ੍ਰਿਤਯੋ:=ਮਰਣ ਅਨੰਤਰ ਜਨਮ ਲੈ ਕੇ ਫਿਰ ਮ੍ਰਿਤਯੁਮ੍=ਦੁਬਾਰਾ ਮ੍ਰਿਤਯੂ ਕਹੀਏ ਮੌਤ ਨੂੰ ਆਪਨੋਤੀ=ਪ੍ਰਾਪਤ ਕਰਦਾ ਹੈ। ਇਸ ਮੰਤ੍ਰ ਦੁਆਰਾ ਅਗਿਆਨੀ ਦੀ ਨਿੰਦਾ ਚ=ਔਰ

''एतमुहैवेते न तरतः'' (ਅਧਿਆਏ ੪,ਬ੍ਰਾਹਮਣ ੪,ਵਾਕਯ ੨੨)

''(एतम्+ह+एव+एते) न तरतः''

ਗੁਰੂ ਪਰੰਪਰਾ ਤੋਂ ਇਹ ਹ=ਪ੍ਰਸਿੱਧ ਕਥਨ ਹੈ ਕਿ ਆਤਮ ਗਿਆਨੀ ਨੂੰ ਏਵ=ਨਿਸ਼ਚਿਤ ਰੂਪ ਨਾਲ ਏਤਮ੍ = ਇਹ ਦੋਵੇਂ ਭਾਵ ਪਾਪ-ਪੁੰਨ ਸੰਬੰਧੀ ਸ਼ੋਕ ਅਤੇ ਹਰਸ਼ ਪ੍ਰਾਪਤ ਨ=ਨਹੀਂ ਹੁੰਦੇ ਕਿਉਂਕਿ ਏਤੇ=ਦੋਵਾਂ ਪਾਪ ਤੇ ਪੁੰਨਾਂ ਤੋਂ ਅਤੀਤ ਤੁਰੀਆ ਅਵਸਥਾ ਪ੍ਰਾਪਤ ਕਰਕੇ ਉਹ ਭਵਜਲ ਤੋਂ ਤਰਤ:=ਤਰ ਜਾਂਦਾ ਵਾ ਪਾਰ ਹੋ ਜਾਂਦਾ ਹੈ॥

ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ॥

ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ ॥

(ਰਾਮਕਲੀ ਗੌਸਟਿ ਮਃ ੧, ਅੰਗ ੯੪੩)

ਇਤਯਾਦੀ=ਇਸ ਤੋਂ ਆਦਿ ਹੋਰ ਮੰਤ੍ਰ ਰੂਪ ਵਾਕਯਾਤ੍=ਵਾਕਾਂ ਦੁਆਰਾ ਨਿੰਦਾ-ਸਤੁਤੀ=ਕੀਰਤੀ ਰੂਪ ਸਰਵਣ ਸਾਧਨ ਦਾ ਪੰਜਵਾਂ ਹੇਤੂ ਅਰਥਵਾਦ ਸਮ੍ਰਿਤਾ:=ਯਾਦ ਵਾ ਸੁਰਤੀ ਦਾ ਵਿਸ਼ਾ ਬਣ ਕੇ ਕਥਨ ਕੀਤਾ ਗਿਆ ਹੈ॥

यद्वै तन्नेति प्राणस्य प्राणं चैव न वा अरे!
पत्युः कामाय नैवायं पतिर्हि भवति प्रियः ॥ २१॥
(यत्+वइी) (तत्+इिती) प्राणसय प्राणम् (च+एेव) न वा अरे।
पतयुः कामाय (न+एेव+अयम्) (पती+ही) भवती प्रियः॥ २१॥

(੬) ਉਪਪਤੀ:-

''यद्वै तन्न पश्यती'' (अधिआऐ ४,ब्राहमण ३,वाकय २३)

''(यत्+वइी) (तत्+न) पशयती''

ਯਤ=ਜੋ ਅਲਪਗ ਜੀਵ ਵਈ=ਨਿਸ਼ਚਿਤ ਰੂਪ ਨਾਲ ਸੰਸਾਰੀ ਬੁਧੀ ਵਾਲਾ ਹੈ ਤਤ੍=ਉਹ ਮੋਕਸ਼ ਦੇ ਕਾਰਣੀਭੂਤ ਆਤਮ ਵਸਤੂ ਨੂੰ ਨਹੀਂ ਪਸ਼ਯਤੀ=ਵੇਖ ਸਕਦਾ।

''प्राणस्य प्राणमुत (अधिआऐ ४,ब्राहमण ४,वाकय १८)

''पराणसय पराणम्+उत''

ਸੋ ਆਤਮ ਤਤ੍ਵ ਪ੍ਰਾਣਮਯ=ਪ੍ਰਾਣਾਂ ਦਾ ਵੀ ਮਹਾ ਪ੍ਰਾਣਮ੍=ਪ੍ਰਾਣ ਹੈ ਉਤ=ਔਰ ਮਨ ਦਾ ਵੀ ਮਨ, ਸ਼੍ਰੋਤ ਨੂੰ ਸੰਚਾਲਿਤ ਕਰਨ ਵਾਲਾ ਮਹਾ ਸ਼੍ਰੋਤ ਹੈ। ਚ=ਔਰ

''न वा अरे! पत्युः कामाय पतिः प्रियो
भवत्यात्मनस्तु कामाय पतिः प्रियो भवति''

(अधिआऐ ४, ब्राहमण ५, वाकय ६)

''न वा अरे ! पतयुः कामाय पतीः प्रियो
भवतयात्मनसतु कामाय पतीः प्रियो भवती''

ਅਰੇ=ਹੇ ਮੈਤ੍ਰੀਯ ! ਪਤ੍ਯੁ:=ਪਤੀ ਦੀ ਕਾਮਾਯ=ਚਾਹਨਾ ਵਾ ਇੱਛਾ ਵਾਲੀ ਇਸਤਰੀ ਲਈ ਵਾ=ਨਿਸ਼ਚਿਤ ਰੂਪ ਨਾਲ ਪਤੀ:=ਪਤੀ ਪ੍ਰਿਯੋ=ਪਿਆਰਾ ਨ=ਨਹੀਂ ਭਵਤਯ=ਹੁੰਦਾ ਕਿੰਤੂ ਆਤਮਨਸਤੁ=ਬ੍ਰਹਮ-ਆਤਮਾ ਰੂਪ ਵਸਤੂ ਵਿਚੋਂ ਅਨੰਦ ਦੀ ਅਭੀਵਯਕਤੀ (ਪ੍ਰਗਟਤਾ) ਦੇ ਕਾਰਣ ਉਸ ਨੂੰ ਪਤੀ:=ਪਤੀ ਪ੍ਰਿਯੋ=ਪਿਆਰਾ ਭਵਤੀ=ਹੁੰਦਾ ਹੈ। ਭਾਵ ਪਤੀ ਦੀ ਪ੍ਰਾਪਤੀ ਰੂਪ ਇੱਛਾ ਨਾਲ ਮਨ ਵਿਚ ਸਥਿਰਤਾ ਦੇ ਕਾਰਣ ਸਤੋ ਗੁਣ ਪ੍ਰਗਟ ਹੁੰਦਾ ਹੈ ਅਤੇ ਸਥਿਰ ਸਤ੍ਵ ਗੁਣ ਵਿਚ ਅਨੰਦ ਰੂਪ ਆਤਮਾ ਪ੍ਰਤੀਬਿੰਬਿਤ ਹੋਣ ਦੇ ਕਾਰਨ ਹੀ ਵਿਸ਼ਯਾਨੰਦ ਵਾ ਭੋਗਾਨੰਦ ਪ੍ਰਤੀਤ ਹੁੰਦਾ ਹੈ। ਵਾਸਤਵਿਕ ਵਿਚ ਵਿਸ਼ਿਆਂ ਵਾ ਭੋਗਾਂ ਵਿਚ ਅਨੰਦ ਨਹੀਂ ਮਾਤ੍ਰ ਇਸ਼ਟ ਵਸਤੂਆਂ ਦੀ ਪ੍ਰਾਪਤੀ ਦੁਆਰਾ ਮਨ ਦੀ ਸਥਿਰਤਾ ਦੇ ਕਾਰਨ ਕੁਝ ਸਮੇਂ ਲਈ ਪਰਮਾਨੰਦ ਆਤਮਾ ਦਾ ਅਨੰਦ ਹੀ ਭਾਸਦਾ ਹੈ ਕਿੰਤੂ ਫਿਰ ਮਨ ਦੀ ਵਿਕਸ਼ੇਪਤਾ ਕਹੀਏ ਅਨਸਥਿਰਤਾ ਕਰਕੇ ਅਨੰਦ ਦੀ ਪ੍ਰਤੀਤੀ ਅਨੁਭਵ ਨਹੀਂ ਹੁੰਦੀ।

इत्यादिवाक्यजातेनोपपत्तिः परिकीर्तिता।
बृहदारण्यकश्रुत्याश्चतुर्थध्यायगं बुधा॥ २२॥
(इतयादी+वाकय+जातेन्+उपपतीः) प्रकीरतीता।
(ब्रिहदारणयक+श्रुतयाः+चतुरथ+अधयाय+गम्) बुधाः॥ २२॥

ਪਿਛਲੇ ਸਲੋਕ ਵਿਚ ਕਥਿਤ ਅਤੇ ਇਤਯਾਦੀ=ਇਸ ਤੋਂ ਆਦਿਕ ਹੋਰ ਮੰਤ੍ਰ ਰੂਪ ਵਾਕਯ=ਵਾਕਾਂ ਦੇ ਜਾਤੇਨ੍=ਸਮੁਦਾਏ, ਸਮੂਹ ਦੁਆਰਾ ਬ੍ਰਿਹਦਾਰਣਯਕ ਉਪਨਿਸ਼ਦ ਦੇ ਸ਼੍ਰੁਤਯਾ=ਵੇਦਾਤਮਕ ਮੰਤ੍ਰਾਂ ਨਾਲ ਚਤੁਰਥ=ਚੌਥੇ ਅਧਯਾਯ=ਭਾਗ ਗਮ੍=ਵਿਚ ਸਰਵਣ ਸਾਧਨ ਦਾ ਛੇਵਾਂ ਹੇਤੂ ਵਾ ਅੰਗ ਉਪਪਤੀਃ=ਜੁਗਤੀ ਦੁਆਰਾ ਸਿਧਾਂਤ ਦਾ ਵਰਣਨ ਬੁਧਾਃ=ਵਿਦਵਾਨਾਂ ਦੁਆਰਾ ਪ੍ਰਕੀਰਤੀਤਾ=ਕਥਨ ਕੀਤਾ ਗਿਆ ਹੈ॥

तात्पर्यमद्वये षडभिरेवेमैर्लिंगकैर्विदुः।
अग्नेर्धूम इवेमानिलिंगान्यस्य परात्मनः॥ २३॥
(तातपरयम्+अद्वये) (छड़भीः+एव+ईमईीः+लिंगईीः विदुः)।
(अग्नेः+धूम) (इव+ईमानी+लिंगानी+असय) परातमनः॥ २३॥

ਵਿਦਵਾਨਾਂ ਨੇ ਈਮਈੀਃ=ਇਨ੍ਹਾਂ ਸਰਵਣ ਦੇ ਛੜਤੀਃ ਖਟ ਲਿੰਗਈੀਃ=ਹੇਤੂਆਂ ਦਾ ਤਾਤਪਰਯਮ੍=ਭਾਵਅਰਥ, ਅਭੀਪ੍ਰਾਯ ਏਵ=ਨਿਸ਼ਚਿਤ ਰੂਪ ਨਾਲ ਅਦ੍ਵਯੇ=ਅਦੁਤੀ ਬ੍ਰਹਮ ਵਿਚ ਵਿਦੁਃ=ਜਾਣਿਆ ਵਾ ਨਿਸ਼ਚਿਤ ਕੀਤਾ ਹੈ। ਜਿਵੇਂ ਅਗਨੇ=ਅਗਨੀ ਦਾ ਬੋਧਕ ਧੂਮ=ਧੁੰਆਂ ਹੈ ਇਵ=ਇਵੇਂ ਹੀ ਧੁੰਏਂ ਦੇ ਸਮਾਨ ਈਮਾਨੀ=ਇਹ ਸਰਵਣ ਦੇ ਖਟ ਲਿੰਗਾਨੀ=ਅੰਗ ਵਾ ਹੇਤੂ ਪਰਾਤਮਨਃ=ਪਰਮਾਤਮਾ ਕਹੀਏ ਬ੍ਰਹਮ-ਆਤਮਾ ਦੇ ਬੋਧਕ ਅਸਯ=ਹਨ॥

इति संक्षेपतः प्रोक्ता षडलिंगानां विचारणा।
दशोपनिषदां तद्वत्तामन्यास्वपि योजयेत्॥ २४॥
इतीं संछेपतः पोकता (छड़+लिंगानाम्) विचारणा।
(दश+उपनिशदाम्) (तद+वत्तामु+अनयासू+अपी) योजयेत्॥ २४॥

ਇਸ ਪ੍ਰਕਾਰ ਸਰਵਣ ਸਾਧਨ ਦੇ ਛੜ=ਖਟ, ਛੇ ਲਿੰਗਾਨਾਮ=ਅੰਗ ਵਾ ਹੇਤੂਆਂ ਨੂੰ ਦਸ਼=ਦਸ ਉਪਨਿਸ਼ਦਾਮ੍=ਉਪਨਿਸ਼ਦਾਂ :- (੧) ਈਸ਼ਾਵਾਸਯ ਉਪਨਿਸ਼ਦ (੨) ਕੇਨ ਉਪਨਿਸ਼ਦ (੩) ਕਠ ਉਪਨਿਸ਼ਦ (੪) ਪ੍ਰਸ਼ਨ ਉਪਨਿਸ਼ਦ (੫) ਮੁੰਡਕ ਉਪਨਿਸ਼ਦ (੬) ਮਾਂਡੂਕਯ ਉਪਨਿਸ਼ਦ (੭) ਤਿਤਰੀ ਉਪਨਿਸ਼ਦ (੮) ਏਤਯੋ ਉਪਨਿਸ਼ਦ (੯) ਛਾਂਦੋਗਯ ਉਪਨਿਸ਼ਦ ਅਤੇ (੧੦) ਬ੍ਰਿਹਦਾਰਣਯਕ ਉਪਨਿਸ਼ਦ ਦੀ ਵਿਚਾਰਣਾ=ਵਿਚਾਰ ਦੁਆਰਾ ਸੰਛੇਪਤਃ=ਸੰਖੇਪ ਕਹੀਏ ਸੰਕੋਚਿਤ ਸਾਰਅੰਸ਼ ਪ੍ਰੋਕਤਾ=ਉਚਾਰਨ ਵਾ ਕਥਨ ਕੀਤੀ ਗਈ ਹੈ।

ਤਦ੍=ਬ੍ਰਹਮ ਬੋਧਕਤਾ ਦੇ ਖਟ ਹੇਤੂਆਂ ਨੂੰ ਦਸ ਉਪਨਿਸ਼ਦਾਂ ਦੇ ਵਤ੍ਤਾਮ੍=ਸਮਾਨ ਅਨਯਾਸੂ= ਅਨਯ ਕਹੀਏ ਹੋਰ ਉਪਨਿਸ਼ਦਾਂ ਵਿਚੋਂ ਅਪੀ=ਵੀ ਯੋਜਯੇਤ=ਜੋੜਨਾ ਚਾਹੀਦਾ ਹੈ ਭਾਵ ਹੋਰ ਉਪਨਿਸ਼ਦਾਂ ਵਿਚੋਂ ਵੀ ਸਰਵਣ ਦੇ ਖਟ ਹੇਤੂਆਂ ਨੂੰ ਵਿਚਾਰਣਾ ਕਰੋ।

दोषोऽप्यत्रोपयुक्तत्वाद्गुण एवेति चिंत्यताम्।

सारग्रहणशीलैस्तु पितृभ्यां बालवाक्यवत्॥ २५॥

(दोशः+अपी+अत्र+उपयुक्तवाद्+गुण) (एव+इती) चिंतयतताम्।

(सार+ग्रहणशीलईः+तू) पित्रीभयाम् (बाल+वाकय+वत्)॥

ਪੀਤਾਬਰ ਜੀ ਅੰਤਿਮ ਵਿਚ ਨਿਮਰਤਾ ਸਹਿਤ ਕਥਨ ਕਰਦੇ ਹਨ ਕਿ ਅਤ੍ਰ=ਇਨ੍ਹਾਂ ਉਪਨਿਸ਼ਦਾਂ ਦੇ ਦੁਆਰਾ ਖਟ ਹੇਤੂਆਂ ਦੀ ਵਿਚਾਰ ਵਿਚ ਜੇਕਰ ਦੋਸ਼ਃ=ਦੋਸ਼ ਅਪੀ=ਵੀ ਮਿਲਣ ਤਾਂ ਉਹ ਵੀ ਅਦ੍ਵੈਤ ਚਿੰਤਨ ਵਿਚ ਉਪਯੁਕਤਵਾਦ੍=ਉਪਯੋਗੀ ਹੋਣ ਕਰਕੇ ਗੁਣ ਕਹੀਏ ਕੀਰਤੀ ਰੂਪ ਵਿਚ ਏਵ=ਹੀ ਸਾਰ=ਸਿਧਾਂਤ ਗ੍ਰਹਣਸ਼ੀਲਈਃ=ਅੰਗੀਕਾਰ ਕਰਨ ਵਾਲੇ ਬਾਲ=ਬਾਲਕ ਬੁਧੀ ਕਹੀਏ ਨਿਰਮਲ ਜਗਿਆਸੂਆਂ ਦੁਆਰਾ ਚਿੰਤਯਾਮ=ਚਿੰਤਨ ਕਰਨੇ ਚਾਹੀਦੇ ਹਨ। ਠੀਕ ਓਸੇ ਵਤ੍=ਤਰ੍ਹਾਂ ਹੀ ਜਿਵੇਂ ਪਿਤ੍ਰੀਭਯਾਮ=ਮਾਤਾ ਪਿਤਾ ਦੀਆਂ ਅਨੇਕਾਂ ਗੱਲਾਂ ਵਿੱਚੋਂ ਸ੍ਰੇਸ਼ਟ ਬਾਲ=ਬੱਚੇ ਤੂ=ਤਾਂ ਮਾਤ੍ਰ ਉਪਯੋਗੀ ਗੱਲਾਂ ਨੂੰ ਗ੍ਰਹਣ ਕਰਦੇ ਹਨ ਅਤੇ ਦੋਸ਼ਾਂ ਨੂੰ ਨਹੀਂ ਚਿਤਾਰਦੇ॥

इति श्रीबृहदारण्यकोपनिषल्लिंगकीर्त्तनं नामैकादशं प्रकरणम् समाप्तम्॥ ११॥

ਇਤੀ ਸ਼੍ਰੀ ਬ੍ਰਿਹਦਾਰਣਯਕ ਉਪਨਿਸ਼ਦ੍ ਲਿੰਗ ਕੀਰਤਨਮ੍ ਨਾਮ ਇਕਾਦਸ਼ਮ੍ ਪ੍ਰਕਰਣਮ ਸਮਾਪਤਮ॥੧੧॥

ਸ਼੍ਰੀ=ਸੁਭਾਇਮਾਨ ਬ੍ਰਿਹਦਾਰਣਯਕ ਉਪਨਿਸ਼ਦ ਦੇ ਮੰਤ੍ਰਾਂ ਦੁਆਰਾ ਸਰਵਣ ਸਾਧਨ ਦੇ ਖਟ ਲਿੰਗ=ਹੇਤੂਆਂ ਦੇ ਕੀਰਤਨਮ੍=ਕਥਨ ਵਾਲਾ ਇਕਾਦਸ਼ਮ=ਗਿਆਰਵੀਂ ਨਾਮ੍=ਸੰਗਿਆ ਦਾ ਪ੍ਰਕਰਣਮ੍=ਪ੍ਰਸੰਗ ਇਤੀ=ਸਮਾਪਤ ਹੁੰਦਾ ਹੈ॥

इति श्रीविचारचन्द्रोदये श्रीमत्परमहंसपरिव्राजकाऽऽचार्य वापुसरस्वती... पूज्यपाद शिष्य... पीतांवरशर्म विदुषा विरचितासटीकाश्रुतिषड्लिंगसंग्रहनामिका षेडशीकलायाः प्रथ्थामविभ्थागः समाप्ताः॥

ਇਤੀ ਸ਼੍ਰੀ ਵਿਚਾਰਚੰਦ੍ਰੋਦਯੇ ਸ਼੍ਰੀਮਤ੍ ਪਰਮਹੰਸ ਪਰੀਵ੍ਰਾਜਕਾ ਅਚਾਰਯ ਵਾਪੂਸਰਸਵਤੀ ਪੂਜਯਪਾਦ ਸ਼ਿਸ਼ਯ ਪੀਤਾਂਵਰ ਸ਼ਰਮਾ ਵਿਦੁਸ਼ਾ ਵਿਰਚਿਤਾ ਸਟੀਕਾ ਸ਼੍ਰੁਤੀ ਛੜ ਲਿੰਗ ਸੰਗ੍ਰਹ ਨਾਮਿਕਾ, ਛੋੜਸ਼ੀ ਕਲਾਯਾ: ਪ੍ਰਥਮ ਵਿਭਾਗ: ਸਮਾਪਤ: ॥

☆☆☆

॥ अथ षोडश कला द्वितीय विभाग प्रारंभः ॥ १६॥

॥ਅਥ ਛੋੜਸ਼ ਕਲਾ ਦ੍ਵੀਤੀਯ ਵਿਭਾਗ ਪ੍ਰਾਰੰਭਃ॥੧੬॥

ਅਥ=ਹੁਣ ਇਸ ਗ੍ਰੰਥ ਦੇ ਛੋੜਸ਼=ਸੋਲਵੇਂ ਕਲਾ=ਭਾਗ ਦੇ ਦ੍ਵੀਤੀਯ=ਦੂਸਰੇ ਵਿਭਾਗ=ਹਿੱਸੇ ਨੂੰ ਪ੍ਰਾਰੰਭਃ=ਵਿਸ਼ੇਸ਼ ਕਰਕੇ ਸ਼ੁਰੂ ਕਰਦੇ ਹਨ।

॥ वेदांत पदार्थ संज्ञा वर्णन॥

अथवा

॥ लघु वेदांत कोश॥

॥ ਵੇਦਾਂਤ ਪਦਾਰਥ ਸੰਗਯਾ ਵਰਣਨ॥

ਅਥਵਾ

॥ ਲਘੂ ਵੇਦਾਂਤ ਕੋਸ਼॥

ਵੇਦਾਂ ਦੇ ਅੰਤਿਮ ਭਾਗ ਸੋ ਕਹੀਏ ਵੇਦਾਂਤ ਸ਼ਾਸਤ੍ਰ ਦੇ ਬੋਧ ਵਿਚ ਸਹਾਇਕ ਪ੍ਰਮੁੱਖ ਪਦ=ਸ਼ਬਦਾਂ ਦੀ ਸੰਗਯਾ=ਨਾਮਕਰਣ ਕਰਕੇ ਉਨ੍ਹਾਂ ਦੇ ਅਰਥ=ਭਾਵ ਵਾ ਅਭੀਪ੍ਰਾਯ ਵਰਣਨ ਕਰਦੇ ਹਨ ਅਥਵਾ=ਜਾਂ ਵੇਦਾਂਤ ਸ਼ਾਸਤ੍ਰ ਦੇ ਲਘੂ=ਛੋਟੇ ਅਕਾਰ ਵਾਲੇ ਵਾ ਸੰਛਿਪਤ ਕੋਸ਼=ਸ਼ਬਦਾਂ ਦੇ ਸੰਗ੍ਰਹ ਦਾ ਨਿਰਵਚਨ ਕਰਦੇ ਹਨ।

॥ ललित छंद॥

॥ ਲਲਿਤ ਛੰਦ॥

ਅਨੇਕਾਂ ਪ੍ਰਕਾਰ ਦੀ ਛੰਦਾਬੰਦੀ ਵਿਚੋਂ ਲਲਿਤ ਨਾਮਕ ਛੰਦ ਦੇ ਅੰਦਰ ਪੀਤਾਂਬਰ ਜੀ ਸੁੰਦਰ ਕਾਵ ਰਚਨਾ ਦੁਆਰਾ ਮੂਲ ਪਾਠ ਦੀ ਰਚਨਾ ਕਰਦੇ ਹਨ। ਸ਼੍ਰੀ ਮਦ ਭਾਗਵਤ ਦੇ ਦਸਵੇਂ ਸਕੰਧ ਦੇ ਇਕੱਤੀਵੇਂ ਅਧਿਆਏ ਅੰਦਰ ਗੋਪਿਕਾ ਗੀਤ ਦੀ ਨਿਆਈਂ ਇਹ ਛੰਦ ਹੈ।

निष्कलं निजं वेद ही वदे।

ਨਿਸ਼ਕਲਮ੍ ਨਿਜਮ ਵੇਦ ਹੀ ਵਦੇ।

ਨਿਜਮ=ਸ੍ਵੈ ਨਿਰਉਪਾਧਿਕ ਸਰੂਪ ਜੋ ਨਿਰਗੁਣ ਬ੍ਰਹਮ ਨਿਸ਼ਕਲਮ੍=ਕਲਮ੍ ਕਹੀਏ ਕਲਾ ਵਾ ਅਵਯਵ (ਅੰਗ) ਵਾ ਅੰਸ਼ ਤੋਂ ਨਿਸ਼=ਰਹਿਤ ਭਾਵ ਅੰਸ਼-ਅੰਸ਼ੀ ਭਾਵ ਤੋਂ ਵਿਨਿਰਮੁਕਤ ਹੈ, ਹੀ=ਨਿਸ਼ਚਿਤ ਰੂਪ ਨਾਲ ਐਸਾ ਵੇਦ=ਗਿਆਨ ਰੂਪ ਗ੍ਰੰਥ ਵਦੇ=ਉਚਾਰਨ ਕਰਦੇ ਹਨ।

षटदशं कला ब्रह्ममैं नदे।

ਛਟਦਸ਼ਮ੍ ਕਲਾ ਬ੍ਰਹਮ ਮੈਂ ਨਦੇ।

ਉਸ ਚੇਤਨ ਬ੍ਰਹਮ=ਵਿਆਪਕ ਵਾ ਕਾਰਣ ਸਰੂਪ ਮੈਂ=ਵਿਚ ਹੀ ਛਟਦਸ਼ਮ=ਸੋਲ੍ਹਾਂ ਕਲਾ=ਅੰਸ਼ਾਂ

ਅਵਯਕਤ ਕਹੀਏ ਅਪ੍ਰਤਯਕਸ਼ ਵਾ ਅਗੋਚਰ ਰੂਪ ਨਾਲ ਨਦੇ=ਸਥਿਤ ਰਹਿੰਦੀਆਂ ਹਨ ਅਤੇ ਮਾਯਾ ਵਿਚ ਸਾਕਸ਼ਾਤ ਕਹੀਏ ਪ੍ਰਤੱਖ ਰੂਪ ਨਾਲ ਵਿਵਹਾਰ ਕਰਦੀਆਂ ਹਨ।

निरवयेव जो निष्कलंक सो।

निरवयेव जो निश़कलंक सो।

ਜੋ=ਜਿਹੜੀ ਵਸਤੂ ਨਿਰਵਯੇਵ=ਅੰਸ਼ ਰਹਿਤ ਹੁੰਦੀ ਹੈ ਸੋ=ਓਹੀ ਨਿਸ਼ਕਲੰਕ=ਦੋਸ਼ ਰਹਿਤ ਜਾਣੀ ਜਾਂਦੀ ਹੈ।

इकरसं सदा अंगता न सो॥ ३६॥

इकरसम् सदा अंगता न सो॥ ३६॥

ਸੋ=ਉਹ ਵਿਸ਼ੁੱਧ ਚੇਤਨ ਸਦਾ=ਤਿੰਨਾਂ ਕਾਲਾਂ ਵਿਚ ਇਕਰਸਮ੍=ਅਖੰਡ, ਨਿਰਵਿਕਾਰ ਹੈ ਅਤੇ ਕਾਰਯ-ਕਰਣ ਰੂਪ ਅੰਗਤਾ=ਅੰਸ਼ਾ ਉਸ ਵਿਚ ਨ=ਨਾ ਹੋਣ ਕਰਕੇ ਕਲਾ ਵਿਨਿਰਮੁਕਤ ਹੈ॥

हिरण्यगर्भ औ श्रद्धया नभे।

हिरण्यगरभ औ श्रूधया नभो।

(੧) ਹਿਰਣ੍ਯਗਰਭ=ਮਾਯਾ ਵਿਸ਼ਿਸ਼ਟ ਈਸ਼ਵਰ ਵਾ ਅੱਗ ਵਿਚ ਤਪਾਏ ਹਿਰਣ੍ਯ=ਸੋਨੇ ਦੇ ਸਮਾਨ ਅਤਿਅੰਤ ਉੱਜਲ ਗਿਆਨ ਦੇ ਅੰਤਹਕਰਣ ਵਾਲਾ, ਜਿਸ ਦੇ ਗਰਭ ਕਹੀਏ ਉਦਰ ਵਿਚ ਸਮਸਤ ਬ੍ਰਹਮੰਡ ਨਿਵਾਸ ਕਰੇ ਸੋ ਕਹੀਏ ਹਿਰਣ੍ਯਗਰਭ।

(੨) ਸ਼੍ਰੂਧਯਾ = ਆਸਤਿਕ ਮਤੀ ਵਾ ਬੁਧੀ ਸੋ ਕਹੀਏ ਸ਼ਰਧਾ ਔ=ਔਰ

(੩) ਨਭੋ = ਆਕਾਸ਼

पवन तेज कं भूमि इंद्रिभो।

पवन तेज कं भूमी इंद्रीभो।

(੪) ਪਵਨ = ਹਵਾ

(੫) ਤੇਜ = ਅੱਗ

(੬) ਕੰ = ਜਲ

(੭) ਭੂਮੀ = ਪ੍ਰਿਥਵੀ

(੮) ਇੰਦ੍ਰੀਭੋ = ਇੰਦ੍ਰੇ (ਕਰਮ ਇੰਦ੍ਰੇ+ਗਿਆਨ ਇੰਦ੍ਰੇ)

मन अनाज औ शक्ति सत्तपो।

मन अनाज औ शकती सत्तपो।

(੯) ਮਨ = ਸੰਕਲਪ ਵਿਕਲਪ ਰੂਪ ਬਿਰਤੀ

(੧੦) ਅਨਾਜ = ਅੰਨ

(੧੧) ਸ਼ਕਤੀ = ਅੰਨ ਤੋਂ ਉਤਪੰਨ ਵੀਰਜ, ਰਜ ਰੂਪ ਸਾਮਰਥ (ਬਲ)

(੧੨) ਸਤ੍ਤਪੋ= ਸਤੋਮਈ ਤਪ ਔ = ਔਰ

करमलोक नामामनूजपो॥ ३७॥

ਕਰਮ ਲੋਕ ਨਾਮਾਮਨੂਜਪੋ॥ ੩੭॥

(੧੩) ਕਰਮ = ਅਦ੍ਰਿਸ਼ਟ

(੧੪) ਲੋਕ = ਕਾਰਯ ਜਗਤ

(੧੫) ਨਾਮਾਮ੍ = ਪਰਮੇਸ਼ਰ ਦਾ ਨਾਮ

(੧੬) (ਅਨੂ+ਜਪੋ)=ਨਾਮ ਤੋਂ ਅਨੂ=ਅਨੰਤਰ ਉਸ ਦਾ ਜਪੋ= ਜਾਪ ਅਥਵਾ (ਨਾਮਾ+ ਮਨੂ+ ਜਪੋ) ਮਨੂ=ਮਨ ਦੇ ਦੁਆਰਾ ਨਾਮ ਦਾ ਜਾਪੋ=ਜਾਪ।

षटदशं कला एहि जानिले।

ਛਟਦਸ਼ਮ ਕਲਾ ਇਹੀ ਜਾਨੀਲੇ।

ਇਹੀ=ਇਹ ਉਪਰੋਕਤ ਕਥਿਤ ਛਟਦਸ਼ਮ=ਸੋਲ੍ਹਾਂ ਕਲਾ=ਅੰਸ਼ਾ ਜਾਨੀਲੇ=ਜਾਨਣਾ ਕਰੋ।

जडउपाधिको धर्म मानिले।

जड़ ਉਪਾਧੀ ਕੋ ਧਰਮ ਮਾਨੀਲੇ।

ਇਹ ਸੋਲ੍ਹਾਂ ਕਲਾ ਮਾਯਾ ਰੂਪ ਆਧਾਰ ਵਿਚ ਵਯਕਤ (ਪ੍ਰਗਟ) ਹੋਣ ਕਰਕੇ ਵਾਸਤਵਿਕ ਵਿਚ ਜੜ=ਅਚੇਤਨ ਉਪਾਧੀ=ਪਦਵੀ ਮਾਯਾ ਕੋ=ਦੇ ਧਰਮ=ਗੁਣ ਮਾਨੀਲੇ=ਮੰਨਣਾ ਕਰੋ।

अनुगताश्रयो पुष्प सूत्र वत्।

ਅਨੁਗਤਾਸ਼੍ਰਯੋ ਪੁਸ਼ਪ ਸੂਤ੍ਰ ਵਤ੍।

ਮਾਲਾ ਦੇ ਪੁਸ਼ਪ=ਫੁੱਲਾਂ ਵਿਚ ਅਨੁਗਤਾਸ਼੍ਰਯੋ (ਅਨੁਗਤ+ਆਸ਼੍ਰਯੋ) ਅਨੁਗਤ=ਵਯਾਪਤ ਵਾ ਮਿਲੇ ਹੋਏ ਸੂਤ੍ਰ=ਧਾਗਾ ਰੂਪ ਆਸ਼੍ਰਯੋ=ਆਸਰੇ ਵਤ=ਬਰਾਬਰ, ਸਮਾਨ

निज निचदात्म पीतांबरो हि सत्॥ ३८॥

ਨਿਜ ਚਿਦਾਤਮ ਪੀਤਾਂਬਰੋ ਹੀ ਸਤ॥ ੩੮॥

ਨਿਜ=ਸ੍ਵੈ ਸਰੂਪ ਚਿਦਾਤਮ=ਚੇਤਨ ਆਤਮਾ ਤੋਂ ਅਭਿੰਨ ਬ੍ਰਹਮ ਹੀ=ਨਿਸ਼ਚੇ ਕਰਕੇ ਸਮਸਤ ਚਰਾਚਰ ਜਗਤ ਦਾ ਅਧਿਸ਼ਠਾਨ ਸਤ=ਤਿੰਨਾਂ ਕਾਲਾਂ ਵਿਚ ਅਬਾਧਿਤ ਹੈ। ਭਾਵ ਮਾਲਾ ਵਿਚ ਜਿਸ ਪ੍ਰਕਾਰ ਇਕੋ ਧਾਗੇ ਵਿਚ ਅਨੇਕਾਂ ਫੁੱਲ ਪਰੋਏ ਜਾਂਦੇ ਪਰ ਧਾਗਾ ਇਕ ਹੀ ਹੁੰਦਾ ਤਿਵੇਂ ਹੀ ਸੰਸਾਰ ਰਚਨਾ ਦੇ ਓਤਿ ਪੋਤਿ ਕਹੀਏ ਤਾਣੇ ਪੇਟੇ ਵਿਚ ਸੂਤ ਰੂਪ ਅਦ੍ਵੈਤ ਪਰਮੇਸ਼ਰ ਵਿਆਪਕ ਹੈ।

ਸੂਤੁ ਏਕੁ ਮਣਿ ਸਤ ਸਹੰਸ ਜੈਸੇ ਓਤਿ ਪੋਤਿ ਪ੍ਰਭੁ ਸੋਈ ॥ ੧ ॥ ਰਹਾਉ ॥

(ਆਸਾ ਭ: ਨਾਮਦੇਵ, ਅੰਗ ੪੮੫)

☆☆☆

ਇੱਕ ਅਦ੍ਵੈਤ ਸਰੂਪ ਪਰਮੇਸ਼ਰ ਸਭ ਗਿਣਤੀਆਂ ਤੋਂ ਪਰੇ ਹੈ ਅਤੇ ਬ੍ਰਹਮੰਡਾਂ ਦੇ ਸਮਸਤ ਪਦਾਰਥਾਂ ਦਾ ਅਧਿਸ਼ਠਾਨ ਹੈ। ਇਸ ਲਈ ਪੀਤਾਂਬਰ ਜੀ ਨੇ ਗਿਣਤੀ ਇੱਕ ਤੋਂ ਅਰੰਭ ਨਾ ਕਰਕੇ ਸਿੱਧਾ ਪਦਾਰਥ ਦ੍ਵੀਵਿਧ(੨) ਤੋਂ ਪਦਾਰਥ ਛੋੜਸ਼ਵਿਧ(੧੬) ਦਾ ਜ਼ਿਕਰ ਕੀਤਾ ਹੈ।

॥ पदार्थ द्विविध॥२॥
॥ਪਦਾਰਥ ਦ੍ਵੀਵਿਧ॥ ੨ ॥

ਵੇਦਾਂਤ ਸ਼ਾਸਤ੍ਰ ਵਿਚ ਕਥਿਤ ਜੋ ਦ੍ਵੀਵਿਧ=ਦੋ ਤਰ੍ਹਾਂ ਦੇ ਵਾ ਦੋ ਪ੍ਰਕਾਰ ਦੇ ਪਦਾਰਥ ਕਹੀਏ ਪਦ=ਸ਼ਬਦਾਂ ਦੇ ਅਰਥ=ਅਭੀਪ੍ਰਾਯ ਹਨ ਐਸੇ ਪ੍ਰਮੁੱਖ ਸਮਸਤ ਪਦਾਰਥਾਂ ਦਾ ਵਰਣਨ ਕਰਦੇ ਹਨ :-

(੧) **ਅਧਿਆਤਮ ਤਾਪ** :- ਆਤਮਾ ਨੂੰ ਆਸ਼੍ਰਯ ਕਰਕੇ (ਆਤਮਾ ਦੀ ਚੇਤਨ ਸਤਾ ਦੇ ਆਸਰੇ) ਵਰਤਮਾਨ ਜੋ ਸਥੂਲ-ਸੂਕਛਮ ਸਰੀਰ ਸੋ ਅਧਿਆਤਮ ਹੈ ਅਤੇ ਤਦਗਤ (ਸਥੂਲ-ਸੂਖਮ ਸਰੀਰਾਂ ਵਿਚ) ਜੋ ਤਾਪ (ਦੁੱਖ) ਸੋ ਅਧਿਆਤਮ ਤਾਪ ਹੈ।

(੧) **ਆਧੀ ਤਾਪ** :- ਮਾਨਸ ਤਾਪ ਕਹੀਏ ਮਨ ਦੁਆਰਾ ਅਨੁਭਵ ਹੋਣ ਵਾਲਾ ਕਲੇਸ਼ ਵਾ ਦੁਖ ਦੀ ਧਾਰਾ ਜਿਵੇਂ ਕਿਸੇ ਇਸ਼ਟ (ਪਿਆਰੀ) ਵਸਤੂ ਦਾ ਵਿਯੋਗ, ਪਦਾਰਥਾਂ ਦਾ ਛੀਣ, ਪਰਾਲਬਧ ਆਦਿਕ ਨਿਮਿਤਾ ਤੋਂ ਪ੍ਰਾਪਤ ਦੁੱਖ।

(੨) **ਵਿਆਧੀ ਤਾਪ** :- ਸਰੀਰਕ ਤਾਪ ਭਾਵ ਜੋ ਸਰੀਰ ਵਿਚ ਪ੍ਰਕਿਰਤੀ ਤੱਤਾਂ ਦੀ ਅਧਿਕਤਾ ਵਾ ਨਯੂਨਤਾ ਤੋਂ ਉਤਪੰਨ ਅਨੇਕਾਂ ਪ੍ਰਕਾਰ ਦੇ ਰੋਗਾਂ ਦਾ ਦੁੱਖ।

(੨) **ਅਧਯਾਸ** :- ਭ੍ਰਾਂਤੀ (ਭਰਮ) ਗਿਆਨ ਦਾ ਵਿਸ਼ਾ (ਵਸਤੂ) ਅਤੇ ਭ੍ਰਾਂਤੀ (ਭਰਮ) ਗਿਆਨ ਸੋ ਕਹੀਏ ਅਧਯਾਸ।

(੧) **ਅਰਥਾਧਯਾਸ** :- ਭ੍ਰਾਂਤੀ ਗਿਆਨ (ਵਿਪਰੀਤ ਗਿਆਨ) ਦਾ ਵਿਸ਼ੇ ਜੋ ਸੱਪ (ਰੱਸੀ ਵਿਚ ਸਰਪ) ਵਾ ਦੇਹਾਦਿਕ ਪ੍ਰਪੰਚ (ਆਤਮਾ ਵਿਚ ਦੇਹ, ਇੰਦ੍ਰੇ ਆਦਿ ਦੀ ਪ੍ਰਤੀਤੀ)।

(੨) **ਗਯਾਨਾਧਯਾਸ** :- ਭ੍ਰਾਂਤੀ ਗਿਆਨ (ਸੱਪ ਵਾ ਦੇਹਾਦਿਕ ਮਿਥਿਆ ਪ੍ਰਪੰਚ ਦਾ ਗਿਆਨ)

* ਅਧਯਾਸ ਅਤੇ ਇਸ ਦੇ ਪ੍ਰਕਾਰ ਵਿਸਥਾਰ ਨਾਲ ਪੰਨਾ ੧੩੩ ਤੇ ਪ੍ਰਸ਼ਨ ੧੩੬ ਤੇ ੧੩੭ ਪੜ੍ਹੋ।

(੩) **ਅਸੰਭਾਵਨਾ** :- ਅਸੰਭਵ ਕਹੀਏ ਕੋਈ ਵਸਤੂ ਹੋ ਹੀ ਨਹੀਂ ਸਕਦੀ ਐਸਾ ਗਿਆਨ ਹੋਣਾ ਅਸੰਭਾਵਨਾ ਹੈ। ਅੰਸਭਾਵਨਾ=(ਸੰ+ਭਾਵਨਾ+ਅ) ਸੰ ਕਹੀਏ ਸਮਯਕ ਰੂਪ ਨਾਲ ਭਾਵ ਵਾਸਤਵਿਕ ਵਿਚ ਜਿਸ ਦੀ ਭਾਵਨਾ=ਸੱਤਾ ਅ=ਨਹੀਂ ਹੋ ਸਕਦੀ ਉਸ ਦਾ ਗਿਆਨ ਸੋ ਕਹੀਏ ਅਸੰਭਾਵਨਾ।

(੧) **ਪ੍ਰਮਾਣਗਤ ਅਸੰਭਾਵਨਾ** :- ਪ੍ਰਤੱਖ ਤੋਂ ਭਿੰਨ ਸ਼ਬਦ ਪ੍ਰਮਾਣ ਆਦਿਕ ਪ੍ਰਮੇਯ (ਵਸਤੂ) ਬ੍ਰਹਮ ਦਾ ਨਿਰਣਾ ਕਰਨ ਦੀ ਯੋਗਤਾ ਰੱਖ ਹੀ ਨਹੀਂ ਸਕਦੇ ਐਸੀ ਪ੍ਰਮਾਣ ਵਿਚ ਅਸੰਭਾਵਨਾ।

(੨) **ਪ੍ਰਮੇਯਗਤ ਅਸੰਭਾਵਨਾ** :- ਪ੍ਰਮੇਯ ਕਹੀਏ ਪ੍ਰਮਾਣ ਦਾ ਵਿਸ਼ੇ ਜੋ ਮੋਕਸ਼, ਐਸਾ ਮੋਕਸ਼ ਨਾਮ ਦਾ ਪਦਾਰਥ ਹੋ ਹੀ ਨਹੀਂ ਸਕਦਾ। ਇਹ ਪ੍ਰਮੇਯ ਵਿਚ ਅਸੰਭਵ ਦਾ ਗਿਆਨ ਹੋਣਾ।

* ਪ੍ਰਮਾਣ (ਪ੍ਰ=ਪ੍ਰਕ੍ਰਿਸ਼ਟ, ਪ੍ਰਧਾਨ ਮ=ਗਿਆਨ ਦਾ ਣ=ਸਾਧਨ)

⁂ ਪ੍ਰਮੇਯ (ਪ੍ਰ=ਪ੍ਰਕ੍ਰਿਸ਼ਟ, ਪ੍ਰਮੁੱਖ ਮ=ਗਿਆਨ ਦਾ ਯ=ਵਿਸ਼ਾ)

(੪) **ਅਹੰਕਾਰ :–** ਅੰਤਹਕਰਣ ਦਾ ਭੇਦ (ਮਨ,ਬੁਧ,ਚਿਤ,ਅਹੰਕਾਰ) ਅਹੰਕਾਰ ਕਹੀਏ ਅਭਿਮਾਨ (ਅਭੀ+ਮਾਨ) ਅਭੀ=ਅਭੀਤ: ਭਾਵ ਚਾਰੇ ਪਾਸਿਓਂ ਮਾਨ=ਮਾਪਿਤ, ਅਕਾਰਿਤ ਹੋਣਾ।

(੧) **ਸ਼ੁੱਧ ਅਹੰਕਾਰ :–** ਸ੍ਵੈ ਸਰੂਪ ਸਚਿਦਾਨੰਦ ਬ੍ਰਹਮ ਤੋਂ ਅਭਿੰਨ ਆਤਮਾ ਨੂੰ ਆਪਾ ਜਾਨਣ ਰੂਪ ਅਹੰਕਾਰ। ਕਿਉਂਕਿ ਇਹ ਹੰਗਤਾ ਚੇਤਨ ਦੇ ਆਸਰੇ ਹੈ। ਇਸ ਲਈ ਹੰਗਤਾ ਮਮਤਾ ਤੋਂ ਰਹਿਤ ਅਤੇ ਜੰਮਣ ਮਰਣ ਨੂੰ ਮੇਟਣ ਵਾਲੀ ਸ਼ੁਧ ਹੰਗਤਾ ਵਾ ਸ਼ੁਧ ਅਹੰਕਾਰ ਹੈ।

(੨) **ਅਸ਼ੁੱਧ ਅਹੰਕਾਰ :–** ਦੇਹਾਦਿਕ ਜੜ ਪਦਾਰਥਾਂ ਦੇ ਆਸਰੇ ਮਲਿਨ ਅਭਿਮਾਨ ਜੋ ਜੰਮਣ ਮਰਣ ਦਾ ਕਾਰਨ ਹੈ। ਭਾਵ ਅਨਾਤਮ ਵਸਤੂਆਂ ਵਿਚ ਆਤਮ ਬੁਧੀ ਵਾ ਅਵਸਤੂ ਵਿਚ ਵਸਤੂ ਦੀ ਆਸਕਤੀ।

(੧) **ਸਾਮਾਨਯ ਅਹੰਕਾਰ :–** ਦੇਹਾਦਿਕ ਧਰਮਾਂ ਦੇ ਉਦੇਸ਼ ਕਹੀਏ ਉਚਾਰਨ ਤੋਂ ਰਹਿਤ, ਕੇਵਲ ''ਅਹੰ'' (ਮੈਂ ਜੀਵ, ਪ੍ਰਾਣੀ) ਐਸਾ ਸਫੁਰਣ। ਭਾਵ ਕਿਸੇ ਪ੍ਰਕਾਰ ਦੀ ਵਿਸ਼ੇਸ਼ਤਾ ਗ੍ਰਹਣ ਨਾ ਕਰਨਾ।

(੨) **ਵਿਸ਼ੇਸ਼ ਅਹੰਕਾਰ :–** ਦੇਹਾਦਿਕ ਧਰਮ (ਨਾਮ, ਜਾਤੀ, ਗੋਤ ਆਦਿਕ) ਦਾ ਉਚਾਰਨ ਕਰਕੇ ''ਅਹੰ (ਮੈਂ)'' ਐਸਾ ਸਫੁਰਣ। ਭਾਵ ਵਿਸ਼ੇਸ਼ਤਾ ਸਹਿਤ ਹੰਗਤਾ।

(੧) **ਮੁਖਯ ਅਹੰਕਾਰ :–** ਅਭੇਦ ਭ੍ਰਮ ਮੂਲਕ ਗਿਆਨ ਭਾਵ ਦੇਹਾਦਿਕ ਸਹਿਤ ਚਿਦਾਭਾਸ (ਪ੍ਰਤੀਬਿੰਬ) ਅਤੇ ਕੂਟਸਥ (ਸਾਕਸ਼ੀ) ਰੂਪ ਆਤਮ ਦਾ ਏਕੀਕਰਣ ਕਹੀਏ ਅਭੇਦ ਬੁਧੀ ਕਰਕੇ ਫਿਰ ਮੂੜਤਾ (ਵਿਵੇਕ ਹੀਨ ਰੂਪ ਮੂਰਖਤਾ) ਕਾਰਨ ਸਾਰੇ ਸੰਘਾਤ ਕਹੀਏ ਸਮੁਦਾਏ (ਸਰੀਰ+ਬਿੰਬ+ਪ੍ਰਤੀਬਿੰਬ) ਵਿਚ ਅਹੰ ਸ਼ਬਦ ਨੂੰ ਜੋੜ ਕੇ ਜੋ ''ਅਹੰ (ਮੈਂ) ਹਾਂ'' ਐਸਾ ਸਫੁਰਣ ਹੁੰਦਾ ਹੈ ਸੋ ਮੁਖਯ ਅਹੰਕਾਰ ਹੈ, ਇਹ (ਸ਼ਕਤੀ ਬਿਰਤੀ ਵਾ ਅਭਿਧਾ ਬਿਰਤੀ ਨਾਲ ਅਹੰ ਸ਼ਬਦ ਦੇ ਵਾਚਯ ਅਰਥ ਨੂੰ ਵਿਸ਼ੇ ਕਰਨ ਵਾਲਾ ਅਹੰਕਾਰ ਹੈ॥

(੨) **ਅਮੁਖਯ ਅਹੰਕਾਰ :–** ਵਿਵੇਕ ਕਰਕੇ :-

1. ਵਿਵਹਾਰ ਕਾਲ ਵਿਚ ਕੇਵਲ ਤਦਾਤਮਯ ਰਹਿਤ ਦੇਹਾਦਿਕ ਯੁਕਤ ਚਿਦਾਭਾਸ ਵਿਚ ਅਤੇ
2. ਪਰਮਾਰਥ ਦਸ਼ਾ ਵਿਚ ਦੇਹਾਦਿਕ ਤੋਂ ਭਿੰਨ ਕੇਵਲ ਬਿੰਬ ਰੂਪ ਕੂਟਸਥ ਵਿਚ 'ਅਹੰ' ਸ਼ਬਦ ਨੂੰ ਜੋੜ ਕੇ ਜੋ ''ਅਹੰ (ਮੈਂ) ਹਾਂ'' ਐਸਾ ਸਫੁਰਣ ਸੋ ਦੋ ਤਰ੍ਹਾਂ ਦਾ ਅਮੁਖਯ ਅਹੰਕਾਰ ਹੈ। ਇਹ ਲਕਛਣਾ ਬਿਰਤੀ ਨਾਲ ਅਹੰ ਸ਼ਬਦ ਦੇ ਲਕਛਯ ਅਰਥ ਨੂੰ ਪ੍ਰਕਾਸ਼ਿਤ ਕਰਨ ਵਾਲਾ ਅਹੰਕਾਰ ਹੈ॥

(੫) **ਅਗਯਾਨ :–** ''ਨਹੀਂ ਜਾਣਦਾ ਹਾਂ'' ਐਸੇ ਵਿਵਹਾਰ ਦਾ ਹੇਤੂ ਆਵਰਣ ਵਿਕਸ਼ੇਪ ਸ਼ਕਤੀ ਵਾਲਾ ਅਨਾਦੀ ਭਾਵ ਰੂਪ ਅਗਿਆਨ ਪਦਾਰਥ ਕਹੀਏ ਹੈ।

(੧) **ਸਮਸ਼ਟੀ ਅਗਯਾਨ :–** ਪ੍ਰਤਯੇਕ ਅਵਯਵ (ਅੰਸ਼, ਅੰਗ) ਦਾ ਗਿਆਨ ਨਾ ਹੋਣ ਕਰਕੇ ਸਮੁਦਾਏ ਜਿਸ ਵਿਚ ਗਿਆਨ ਦਾ ਵਿਸ਼ਾ ਬਣਦਾ ਹੈ।

ਜਿਵੇਂ ਜੰਗਲ ਦੀ ਨਿਆਈਂ (ਭਾਵ ਜੰਗਲ, ਵਾਸਤਵ ਵਿਚ ਰੁੱਖਾਂ ਤੋਂ ਭਿੰਨ ਨਹੀਂ ਪਰੰਤੂ ਹਰੇਕ ਰੁੱਖ ਦਾ ਗਿਆਨ ਨਾ ਹੋਣ ਕਰਕੇ ਸਮੁਦਾਏ ਨੂੰ ਜੰਗਲ ਉਪਾਧੀ ਨਾਲ ਜਾਣ ਲਿਆ), ਜਾਤੀ ਦੀ ਨਿਆਈਂ (ਭਾਵ ਮਨੁਸ਼ਯਤ੍ਵ, ਸਮਸਤ ਮਨੁੱਖਾਂ ਲਈ ਜਾਣ ਲਿਆ, ਕਿਉਂਕਿ ਭਿੰਨ ਭਿੰਨ ਜਾਤੀ ਦਾ ਗਿਆਨ ਨਹੀਂ), ਜਲਾਸ਼ਯ ਕਹੀਏ ਤੜਾਗ (ਸਰੋਵਰ) ਦੀ ਨਿਆਈਂ (ਹਰੇਕ ਜਲ ਬਿੰਦੂ ਨੂੰ ਜਾਨਣਾ ਕਠਿਨ ਤਾਂ ਸਮਸਤ ਨੂੰ ਸਰੋਵਰ ਉਪਾਧੀ ਨਾਲ ਜਾਣ ਲਿਆ)। ਇਸ ਤਰ੍ਹਾਂ ਕਾਰਣ ਤੋਂ ਭਿੰਨ ਕਾਰਯ ਨਹੀਂ ਸੋ ਅਨੇਕਤਾ ਵਿਚ ਇਕ ਰੂਪ ਕਰਕੇ ਬੁਧੀ ਦਾ ਵਿਸ਼ੇ ਬਣਨ ਵਾਲਾ ਅਗਿਆਨ ਸਮਸਟੀ ਕਹੀਏ ਹੈ।

(੨) **ਵਯਸ਼ਟੀ ਅਗਿਆਨ** :- ਅਨੇਕਾਂ ਵਸਤੂਆਂ ਵਿਚ ਅਨੇਕ ਵਿਪਰੀਤ ਗਿਆਨ ਹੋਣ ਕਰਕੇ ਪ੍ਰਤਯੇਕ ਵਸਤੂ ਦਾ ਨਿਸ਼ਚੇਆਤਮਕ ਗਿਆਨ ਨਾ ਹੋਣਾ ਸੋ ਕਹੀਏ ਵਯਸ਼ਟੀ (ਵਿਸ਼ੇਸ਼) ਅਗਿਆਨ।

ਜਿਵੇਂ ਰੁੱਖਾਂ ਦੀ ਨਿਆਈਂ (ਇਹ ਰੁੱਖ ਅੰਬ ਦੇ ਹੀ ਹਨ ਐਸਾ ਗਿਆਨ ਨਾ ਹੋਣ ਕਰਕੇ ਅਨੇਕ ਹੋਰ ਸੇਬ, ਕੇਲਾ ਆਦਿਕ ਰੁੱਖਾਂ ਦੀ ਪ੍ਰਤੀਤੀ ਦਾ ਗਿਆਨ), ਵਿਅਕਤੀਆਂ ਦੀ ਨਿਆਈਂ (ਇਹ ਦੇਵਦੱਤ ਹੈ ਐਸਾ ਨਿਸ਼ਚੇਆਤਮਕ ਗਿਆਨ ਨਾ ਹੋਣ ਕਾਰਨ ਅਨੇਕ ਹੋਰ ਵਿਅਕਤੀਆਂ ਦੀ ਪ੍ਰਤੀਤੀ ਰੂਪ ਗਿਆਨ) ਜਲਬਿੰਦੂ ਦੀ ਨਿਆਈਂ (ਇਹ ਜਲ ਦੀ ਬੂੰਦ ਹੈ ਐਸੇ ਅਗਿਆਨ ਕਰਕੇ ਪਾਰੇ ਦੀ ਬੂੰਦ ਆਦਿਕ ਹੋਰਾਂ ਦੀ ਪ੍ਰਤੀਤੀ ਰੂਪ ਗਿਆਨ)। ਵਯਸ਼ਟੀ ਅਗਿਆਨ ਵਿਚ ਅਨੇਕ ਪਦਾਰਥ ਵਿਚ ਅਨੇਕਤਾ ਦੀ ਸੰਭਾਵਨਾ ਹੋਣ ਕਰਕੇ ਵਯਸ਼ਟੀ (ਵਿਸ਼ੇਸ਼) ਦਾ ਅਗਿਆਨ (ਗਿਆਨ ਨਹੀਂ ਹੁੰਦਾ)।

(੧) **ਮੂਲਾਗਯਾਨ** (ਮੂਲ+ਅਗਯਾਨ) ਵਾ ਮੂਲਾ ਅਵਿਦਿਆ :-

ਮੂਲ ਸਰੂਪ ਸ਼ੁੱਧ ਚੇਤਨ ਨੂੰ ਆਛਾਦਨ ਕਹੀਏ ਢੱਕਣ ਵਾਲਾ ਅਗਿਆਨ।

(੨) **ਤੂਲਾਗਯਾਨ** (ਤੂਲ+ਅਗਯਾਨ) ਵਾ ਤੂਲਾ ਅਵਿਦਿਆ :-

ਘਟ ਆਦਿਕ ਸਮਸਤ ਜੜ ਪਦਾਰਥ ਅਵਛਿੰਨ ਕਹੀਏ ਯੁਕਤ ਚੇਤਨ ਦਾ ਆਛਾਦਨ (ਢੱਕਣ) ਵਾਲਾ ਅਗਿਆਨ।

(੬) **ਅਗਯਾਨ ਦੀ ਸ਼ਕਤੀ** :- ਅਗਿਆਨ ਦਾ ਸਾਮਰਥ (ਬਲ)।

(੧) **ਆਵਰਣ ਸ਼ਕਤੀ** :- ਜੋ ਅਧਿਸ਼ਠਾਨ* ਨੂੰ ਢੱਕਣ ਦਾ ਅਗਿਆਨ ਵਿਚ ਸਾਮਰਥ।

* ਜਿਸ ਅਧਾਰ ਵਿਚ ਅਗਿਆਨ ਸਥਿਤ ਸੋ ਕਹੀਏ ਅਧਿਸ਼ਠਾਨ।

(੨) **ਵਿਕਛੇਪ ਸ਼ਕਤੀ** :- ਪ੍ਰਪੰਚ ਅਤੇ ਤਿਸਦੇ ਗਯਾਨ ਰੂਪ ਵਿਕਛੇਪ* ਕਹੀਏ ਵਜ਼ਾਕੁਲਤਾ ਵਾ ਚੰਚਲਤਾ ਦੀ ਜਨਕ ਜੋ ਅਗਿਆਨ ਦੀ ਸਮਰੱਥਾ।

* ਵਿਕਛੇਪ ਤੋਂ ਭਾਵ ਆਪਣੇ (ਮੂਲ) ਪੂਰਵ ਸਰੂਪ ਤੋਂ ਪਰੀਣਿਤ ਹੋ ਕੇ ਦੂਸਰੇ ਸਰੂਪ ਵਿਚ ਅਭੀਵਯਕਤ ਕਹੀਏ ਪ੍ਰਗਟ ਜਾਂ ਪ੍ਰਤੀਤ ਹੋਣਾ। ਜਿਵੇਂ ਬ੍ਰਹਮ ਤੋਂ ਭਿੰਨ ਕੁਝ ਵੀ ਨਹੀਂ, ਪਰੰਤੂ ਫਿਰ ਵੀ ਸੰਸਾਰ ਤੇ ਉਸ ਦੇ ਗਿਆਨ ਦੀ ਉਤਪਾਦਕ ਵਿਕਛੇਪ ਸ਼ਕਤੀ ਹੈ। ਵਾਸਤਵਿਕ ਵਿਚ ਸੰਸਾਰ :-

1. ਅਵਿਦਿਆ/ਅਗਿਆਨ/ਮਾਯਾ ਦਾ ਪ੍ਰਣਵ ਰੂਪ ਹੈ ਅਤੇ

2. ਚੇਤਨ ਬ੍ਰਹਮ ਦਾ ਵਿਵਰਤ ਰੂਪ ਹੈ।

(ਪ੍ਰਣਵ ਰੂਪ ਅਤੇ ਵਿਵਰਤ ਰੂਪ ਪੰਨਾ ੧੩੦ ਅਤੇ ੧੩੧ ਤੇ ਟੂਕ ੮੧,੮੨ ਪੜ੍ਹੋ)

(੭) **ਉਪਾਸਨਾ :-** (ਉਪ=ਸਮੀਪ+ਆਸਨ=ਬੈਠਣਾ)

ਮਾਨਸ ਚਿੰਤਨ ਦੁਆਰਾ ਸ੍ਵੈ ਸਰੂਪ ਬ੍ਰਹਮ ਤੋਂ ਅਭਿੰਨ ਪ੍ਰਤਯਕ ਆਤਮਾ ਦੀ ਸਮੀਪਤਾ ਪ੍ਰਾਪਤ ਕਰਕੇ ਨਿਰੰਤਰ ਬੁਧੀ ਦਾ ਅਦ੍ਵੈਤ ਗਿਆਨ ਵਿਚ ਇਸਥਿਤ ਹੋਣਾ ਵਾ ਬੈਠਣਾ ਸੋ ਕਹੀਏ ਉਪਾਸਨਾ।

(੧) **ਸਗੁਣ ਉਪਾਸਨਾ :-** ਕਾਰਣ ਬ੍ਰਹਮ ਈਸ਼ਵਰ (ਆਕਾਰ ਰਹਿਤ ਮਾਯਾ ਵਿਸ਼ਿਸ਼ਟ ਚੇਤਨ) ਅਤੇ ਕਾਰਯ ਬ੍ਰਹਮ ਹਿਰਣਯਗਰਭ* (ਹਿਰਣਯ+ਗਰਭ :- ਅੱਗ ਵਿਚ ਤਪਾਏ ਹਿਰਣਯ= ਸੋਨੇ ਦੇ ਸਮਾਨ ਅਤਿਅੰਤ ਉੱਜਲ ਗਿਆਨ ਦੇ ਅੰਤਹਕਰਣ ਵਾਲਾ ਜਿਸ ਦੇ ਗਰਭ ਕਹੀਏ ਉਦਰ ਵਿਚ ਸਮਸਤ ਬ੍ਰਹਮੰਡ ਨਿਵਾਸ ਕਰੇ ਅਥਵਾ ਮਾਯਾ ਜਦੋਂ ਆਕਾਰ ਸਹਿਤ ਹੁੰਦੀ ਤਾਂ ਪ੍ਰਥਮ ਜੀਵ ਵਿਚ ਪ੍ਰਗਟ ਹੁੰਦੀ ਫਿਰ ਓਸ ਤੋਂ ਸਮਸਤ ਪ੍ਰਾਣੀ ਉਤਪੰਨ ਹੁੰਦੇ। ਸੋ ਪ੍ਰਥਮ ਆਕਾਰ ਸਹਿਤ ਵੈਰਾਟ ਰੂਪ ਹਿਰਣਯਗਰਭ ਜਾਨਣਾ) ਦੀ ਉਪਾਸਨਾ।

(੨) **ਨਿਰਗੁਣ ਉਪਾਸਨਾ :-** ਮਾਯਾ ਅਤੀਤ ਭਾਵ ਰਜੋ, ਤਮੋ, ਸਤੋ ਗੁਣਾਂ ਤੋਂ ਰਹਿਤ ਵਿਸ਼ੁਧ ਬ੍ਰਹਮ ਦੀ ਉਪਾਸਨਾ।

*ਸੰਸਾਰ ਦਾ ਉਪਾਦਾਨ ਕਾਰਣ** ਹਿਰਣਯਗਰਭ ਹੈ ਅਤੇ ਹਿਰਣਯਗਰਭ ਦਾ ਕਾਰਨ ਮਾਯਾ ਸਹਿਤ ਬ੍ਰਹਮ ਹੈ।

**ਜੋ ਕਾਰਯ ਦੇ ਪੂਰਵ ਵਿਚ ਨਿਯਤ ਰੂਪ ਨਾਲ ਰਹੇ ਸੋ ਕਹੀਏ ਕਾਰਣ। ਕਾਰਣ ਦੋ ਪ੍ਰਕਾਰ ਦਾ ਹੈ :-

(1) **ਉਪਾਦਾਨ ਕਾਰਣ :-** ਜਿਸ ਦ੍ਰਵਯ (ਪਦਾਰਥ,ਵਸਤੂ) ਤੋਂ ਕਾਰਣ ਉਤਪੰਨ ਹੁੰਦਾ ਅਤੇ ਉਤਪਤੀ, ਇਸਥਤੀ ਤੇ ਲਯਤਾ ਤਿੰਨੇ ਅਵਸਥਾ ਵਿਚ ਜੋ ਦ੍ਰਵਯ ਵਿਦਿਆਮਾਨ ਹੋਵੇ ਸੋ ਵਸਤੂ ਉਪਾਦਾਨ ਕਾਰਣ ਕਹੀਏ ਹੈ। ਜਿਵੇਂ ਸੋਨੇ ਵਿਚ ਗਹਿਣਾ ਉਤਪੰਨ ਹੁੰਦਾ, ਇਸਥਿਤ ਰਹਿੰਦਾ ਅਤੇ ਗਹਿਣੇ ਦੀ ਪਰੀਸਮਾਪਤੀ ਤੇ ਵੀ ਉਹ ਆਪਣੇ ਮੂਲ ਸਰੂਪ ਵਿੱਚ ਹੀ ਲੈ ਹੋ ਜਾਂਦਾ, ਸੋ 'ਸੋਨਾ' ਗਹਿਣੇ ਦਾ ਉਪਾਦਾਨ ਹੈ। ਉਪਾਦਾਨ ਕਾਰਣ ਨੂੰ ਸਮਵਾਈ ਕਾਰਣ ਵੀ ਆਖਦੇ ਹਨ।

(2) **ਨਮਿਤ ਕਾਰਣ :-** ਉਪਾਦਾਨ ਕਾਰਣ ਤੋਂ ਬਾਹਰ ਰਹਿ ਕੇ ਜੋ ਕਾਰਯ ਉਤਪੰਨ ਕਰੇ ਅਤੇ ਕਾਰਯ ਉਤਪੰਨ ਹੋਣ ਤੋਂ ਬਾਅਦ ਜਿਸ ਦਾ ਕਾਰਣ ਭਾਵ ਸਮਾਪਤ ਹੋ ਜਾਏ ਸੋ ਕਹੀਏ ਨਮਿਤ ਕਾਰਣ। ਜਿਵੇਂ ਸੁਨਿਆਰਾ ਗਹਿਣੇ ਨਿਰਮਾਣ ਕਰਨ ਦੀ ਪ੍ਰਕ੍ਰਿਆ ਦਾ ਨਮਿਤ ਹੈ। ਉਸ ਦੀ ਕਿਰਿਆ ਨਾਲ ਗਹਿਣਾ ਨਿਰਮਿਤ ਹੁੰਦਾ ਕਿਉਂਕਿ ਉਹ ਸੋਨੇ ਤੋਂ ਗਹਿਣਾ ਬਣਾਉਣ ਦੀ ਛਿਪੀ ਸ਼ਕਤੀ ਪ੍ਰਗਟ ਕਰਦਾ ਹੈ ਅਤੇ ਗਹਿਣਾ ਬਣਨ ਤੋਂ ਅਨੰਤਰ (ਬਾਅਦ) ਸੁਨਿਆਰੇ ਦੀ ਕਾਰਣਤਾ ਵੀ ਸਮਾਪਤ ਹੋ ਜਾਂਦੀ ਹੈ।

(੮) **ਗੰਧ :-** ਨਾਸਿਕਾ (ਨੱਕ) ਦੁਆਰਾ ਗ੍ਰਹਿਣ ਕਰਣਯੋਗ ਗੁਣ

(੧) **ਸੁਗੰਧ :-** ਖ਼ੁਸ਼ਬੋ, ਸੁਭਾਵ

ਅਨੇਕਾਂ ਵਸਤੂਆਂ ਵਿਚ ਸੁਗੰਧ ਸੁਭਾਵਕ ਹੁੰਦੀ ਹੈ। ਇਸ ਕਰਕੇ ਸੁਗੰਧ ਨੂੰ ਸੁਭਾਵ ਅਰਥ ਵਿਚ ਵੀ ਵਰਤਿਆ ਜਾਂਦਾ ਹੈ।

''ਕਬੀਰ ਪਾਰਸ ਚੰਦਨੈ ਤਿਨ ਹੈ ਏਕ ਸੁਗੰਧ''

(ਸਲੋਕ ਭਗਤ ਕਬੀਰ ਜੀਉ ਕੇ, ਅੰਗ ੧੩੬੮)

(੨) **ਦੁਰਗੰਧ :-** ਬਦਬੋ, ਖੋਟੀ ਵਾਸ਼ਨਾ

''ਲਾਗਿ ਪਰੇ ਦੁਰਗੰਧ ਸਿਉ ਨਾਨਕ ਮਾਇਆ ਬੰਧ॥ ੧॥

(ਰਾਗ ਗਉੜੀ, ਅੰਗ ੨੫੨)

(੯) **ਜਾਤੀ :-** ਅਨੇਕਾਂ ਧਰਮੀ (ਆਸ਼੍ਰਯ) ਵਿਚ ਅਨੁਗਤ (ਆਸ਼੍ਰਿਤ ਵਾ ਮਿਲਿਆ ਹੋਇਆ) ਜੋ ਇਕ ਧਰਮ। ਜਿਵੇਂ ਹਜ਼ਾਰਾਂ ਘੜਿਆਂ ਵਿਚ ਇੱਕੋ ਘੜਾ ਰੂਪ ਬੁਧੀ ਭਾਵ ਅਨੇਕਾਂ ਅਕਾਰਾਂ ਵਿਚ ਇਕ ਅਕਾਰ ਦੀ ਬੁਧੀ।

(੧) **ਪਰਜਾਤੀ :-** ''ਘਟ ਹੈ'' ਐਸੀ ਸਰਵਤ੍ਰ ਅਨੁਗਤ (ਸਮਾਈ ਵਾ ਮਿਲੀ ਹੋਈ) ਜੋ ਸੱਤਾ ਹੈ (ਅਸਤੀ ਰੂਪ)। ਇਸ ਨੂੰ ਨਯਾਯ ਮਤ ਵਿਚ ਪਰ (ਸ੍ਵੇਸ਼ਟ) ਜਾਤੀ ਕਹਿੰਦੇ ਹਨ।

(੨) **ਅਪਰਜਾਤੀ :-** ਸੱਤਾ ਤੋਂ ਭਿੰਨ ਘਟਤ੍ਵ ਆਦਿਕ ਜਾਤੀ (ਅਕਾਰ ਅਨੁਗਤ ਬੁਧੀ) ਨੂੰ ਨਯਾਯ ਮਤ ਵਿਚ ਅਪਰ (ਅਸ੍ਵੇਸ਼ਟ) ਜਾਤੀ ਆਖਦੇ ਹਨ। ਅਪਰ ਜਾਤੀ ਦੇ ਦੋ ਭੇਦ ਹਨ :- (੧) ਵਯਾਪਯ ਜਾਤੀ ਅਤੇ ਵਯਾਪਕ ਜਾਤੀ।

(੧) **ਵਯਾਪਯ ਜਾਤੀ :-** ਵਯਾਪਕ (ਅਧਿਕ ਦੇਸ਼ਵਰਤੀ) ਜਾਤੀ ਦੇ ਅੰਤਰਗਤ ਜੋ ਨਯੂਨ ਦੇ ਸ਼ਵਰਤੀ ਜਾਤੀ ਸੋ ਵਯਾਪਯ ਜਾਤੀ ਹੈ। ਜਿਵੇਂ ਮਨੁੱਖ ਜਾਤੀ ਦੇ ਅੰਤਰਗਤ ਇਕ ਦੇਸ਼ਗਤ ਬ੍ਰਾਹਮਣਤ੍ਵ, ਛਤ੍ਰੀਯਤ੍ਵ ਆਦਿਕ ਜਾਤੀਆਂ ਵਯਾਪਯ ਜਾਤੀਆਂ ਹਨ।

(੨) **ਵਯਾਪਕ ਜਾਤੀ :-** ਵਯਾਪਯ ਜਾਤੀ ਤੋਂ ਅਧਿਕ ਦੇਸ਼ ਵਿਸ਼ੇ ਸਥਿਤ ਜੋ ਜਾਤੀ ਸੋ ਵਯਾਪਕ ਜਾਤੀ ਹੈ। ਜਿਵੇਂ ਬ੍ਰਾਹਮਣਤ੍ਵ ਆਦਿਕ ਵਯਾਪਯ ਜਾਤੀਆਂ ਤੋਂ ਅਧਿਕ ਦੇਸ਼ ਵਿਚ ਸਥਿਤ ਮਨੁਸ਼ਯਤ੍ਵ ਜਾਤੀ ਹੈ।

(੧੦) **ਨਿਗ੍ਰਹ :-** ਰੋਕਣ ਦਾ ਭਾਵ।

(੧) **ਕ੍ਰਮ ਨਿਗ੍ਰਹ :-** ਯਮ, ਨਿਯਮ, ਆਸਨ, ਪ੍ਰਾਣਾਯਾਮ ਆਦਿ ਅੱਠ ਯੋਗ ਦੇ ਅੰਗਾਂ ਵਾ ਸਾਧਨਾਂ ਕਰਕੇ ਕ੍ਰਮ ਨਾਲ ਜੋ ਚਿਤ ਨੂੰ ਬਾਹਰਮੁਖ ਹੋਣ ਤੋਂ ਰੋਕਣਾ ਸੋ ਕ੍ਰਮ ਨਿਗ੍ਰਹ ਹੈ।

(੨) **ਹਠ ਨਿਗ੍ਰਹ :-** ਪ੍ਰਾਣ ਨਿਰੋਧ (ਸੁਆਸਾਂ ਦੀ ਗਤੀ ਤੇ ਪੂਰਣ ਨਿਯੰਤਰਣ) ਰੂਪ ਹਠ ਕਰਕੇ ਵਾ ਸਾਂਭਵੀ ਆਦਿਕ ਮੁਦ੍ਰਾ (ਹੱਥ ਦੀ ਕ੍ਰਿਆ) ਦੀ ਸਹਾਇਤਾ ਨਾਲ ਕਿਸੇ ਇਕ ਮੁਦ੍ਰਾ ਦਾ ਅਭਿਆਸ ਕਰਕੇ ਚਿਤ ਨੂੰ ਰੋਕਣਾ ਸੋ ਹਠ ਨਿਗ੍ਰਹ ਹੈ। ਵਾਯੂ ਵਿਚ ਚੰਚਲਤਾ ਗੁਣ ਹੈ ਅਤੇ ਪ੍ਰਾਣਾਂ ਦੁਆਰਾ ਵਾਯੂ ਮਨ ਨੂੰ ਚੰਚਲਤਾ ਪ੍ਰਦਾਨ ਕਰਦੀ ਹੈ ਸੋ ਵਾਯੂ ਨੂੰ ਰੋਕਣਾ ਨਿਰੋਧ ਕਹੀਏ ਹੈ। ਇਹ ਨਿਰੋਧ ਧੇਯ ਵਸਤੂ ਵਿਚ ਤਦਾਤਮਯ ਲਈ ਕੀਤਾ ਜਾਂਦਾ ਹੈ।

(੧੧) **ਨਿ:ਸ਼੍ਰੇਯਸ :-** ਮੋਕਸ਼ (ਮੁਕਤੀ)। ਜਿਸ ਵਿਚ ਸ਼੍ਰੇਯਸ ਕਹੀਏ ਸ਼੍ਰੇਸਟਾ ਸਮਾਪਤ ਹੋ ਜਾਵੇ ਅਤੇ ਉੱਚ

ਦੀ ਮਹੱਤਤਾ ਤੇ ਨੀਚ ਦੀ ਸ਼ੁਦ੍ਰਤਾ ਸਮਾਪਤ ਹੋ ਕੇ ਸਮਤਾ (ਸੁਦਰਸ਼ਤਾ) ਪ੍ਰਾਪਤ ਹੋਵੇ ਸੋ ਕਹੀਏ ਨਿ:ਸ਼੍ਰੇਯਸ। ਮੋਕਸ਼ ਦੇ ਦੋ ਅੰਗ ਹਨ : ਅਨਰਥ ਨਿਵਿਰਤੀ ਅਤੇ ਪਰਮਾਨੰਦ ਦੀ ਪ੍ਰਾਪਤੀ।

(੧) **ਅਨਰਥ ਨਿਵ੍ਰਿਤੀ :-** ਅੰਤਹਕਰਣ ਦੇ ਧਰਮ ਕਰਤਾ-ਭੋਗਤਾ ਆਦਿਕ ਦਾ ਨਾਸ ਹੋਣ ਤੋਂ ਕਾਮ, ਕ੍ਰੋਧ, ਰੂਪ ਪ੍ਰਪੰਚ ਦੇ ਅਨੁਭਵ ਦਾ ਨਾਸ ਹੋ ਜਾਣਾ ਵਾ ਸੰਸਾਰ ਵਿਚ ਰਹਿੰਦਿਆਂ ਦੁੱਖ ਦਾ ਅਨੁਭਵ ਨਾ ਹੋਣਾ। ਜਿਵੇਂ ਸਾਬਣ ਨਾਲ ਪਹਿਲਾਂ ਬਸਤਰ ਦੇ ਮਲ ਦੀ ਨਿਵਿਰਤੀ ਹੁੰਦੀ ਹੈ ਅਤੇ ਫਿਰ ਸ਼ੁੱਧ ਬਸਤਰ ਦੀ ਪ੍ਰਾਪਤੀ ਤਿਵੇਂ ਹੀ ਅਨਰਥ ਪ੍ਰਪੰਚ ਸਰੂਪ ਦੁੱਖ ਰੂਪ ਮਲ ਦੀ ਨਿਵਿਰਤੀ ਪਹਿਲਾਂ ਹੁੰਦੀ ਹੈ।

(੨) **ਪਰਮਾਨੰਦ ਦੀ ਪ੍ਰਾਪਤੀ :-** ਉਪਰੋਕਤ ਕਥਿਤ ਅਨਰਥ ਪ੍ਰਪੰਚ ਰੂਪ ਭਾਰ ਦੇ ਤਿਆਗ ਤੋਂ ਅਨੰਤਰ ਸੁਤੇ ਸਿਧ ਅਨੰਦ ਸਰੂਪ ਬ੍ਰਹਮ ਦੀ ਪ੍ਰਾਪਤੀ ਹੋਣਾ। ਈਸ਼ਵਰ ਨਾਲ ਪ੍ਰੇਮ ਸੋ ਆਸਕਤੀ ਵਾ ਰਾਗ ਨਹੀਂ, ਕਿਉਂਕਿ ਇਸ ਤੋਂ ਸੰਸਾਰ ਦੀ ਨਿਵਿਰਤੀ ਅਤੇ ਸ੍ਵੈ-ਸਰੂਪ ਦੀ ਪ੍ਰਾਪਤੀ ਹੁੰਦੀ ਹੈ। ਕਿੰਤੂ ਸੰਸਾਰ ਨਾਲ ਰਾਗ ਬੰਧਨ ਦਾ ਕਾਰਣ ਬਣਦਾ ਹੈ॥

(੧੨) **ਪਰਮ ਹੰਸ ਸੰਨਯਾਸ :-** ਪਰਮ ਕਹੀਏ ਸ੍ਰੇਸ਼ਟ ਭਾਵ ਕਿਸੇ ਦੂਸਰੇ ਨੂੰ ਕੁਝ ਦੇ ਕੇ ਵੀ ਜਿਸ ਵਿਚ ਨਯੂਨਤਾ ਨਾ ਆਵੇ। ਹੰਸ ਕਹੀਏ ਹਿੰਸਕ ਜੋ ਬਿਬੇਕ ਰੂਪ ਚੁੰਝ ਦੁਆਰਾ ਅਗਿਆਨ ਅਤੇ ਉਸ ਦੇ ਕਾਰਯ ਪ੍ਰਪੰਚ ਨੂੰ ਗਿਆਨ ਦੁਆਰਾ ਨਸ਼ਟ ਕਰੇ। ਸੰਨਯਾਸ=(ਸਮਯਕ+ਨਯਾਸ) ਸਮਯਕ ਭਾਵ ਪੂਰਨ ਰੂਪ ਨਾਲ ਨਯਾਸ ਕਹੀਏ ਸਥਾਪਨ ਕਰਨਾ ਭਾਵ ਪਰਮੇਸ਼ਰ ਦੀ ਅਨੁਗ੍ਰਹ ਦੁਆਰਾ ਪੂਰਨ ਵੈਰਾਗ (ਤਮ ਤੀਬਰ ਤਰ ਤਮ) ਦੁਆਰਾ ਅਨਾਤਮ ਸੰਸਾਰ ਨਿਵਿਰਤੀ ਨੂੰ ਜੋ ਸਥਾਪਨ ਕਰੇ ਵਾ ਸ੍ਵੈ ਸਰੂਪ ਵਿਚ ਸਥਾਪਨ ਕਰੇ ਸੋ ਕਹੀਏ ਸੰਨਯਾਸ।

(੧) **ਵਿਵੀਦੀਸ਼ਾ ਸੰਨਯਾਸ :-** ਤੀਬਰ ਜਿਗਿਆਸਾ ਕਰਕੇ ਗਿਆਨ ਪ੍ਰਾਪਤੀ ਵਾਸਤੇ ਕੀਤਾ ਗਿਆ ਸੰਨਯਾਸ (ਤਿਆਗ) ਸੋ ਵਿਵੀਦੀਸ਼ਾ ਸੰਨਯਾਸ।

(੨) **ਵਿਦਵਤ ਸੰਨਯਾਸ :-** ਪਰੋਕਸ਼ ਗਿਆਨ ਤੋਂ ਅਨੰਤਰ (ਬਾਦ) ਵਾਸ਼ਨਾ* ਛੈ (ਨਾਸ਼), ਮਨੋਨਾਸ਼ ਅਤੇ ਤਤ੍ਵ ਗਿਆਨ ਅਭ੍ਯਿਆਸ ਦੁਆਰਾ ਜੀਵਨਮੁਕਤੀ (ਸੰਸਾਰ ਵਿਚ ਰਹਿੰਦਿਆਂ ਰਾਗ-ਦ੍ਵੈਸ਼ ਤੋਂ ਅਤੀਤ) ਦੇ ਵਿਲਕਛਣ ਅਨੰਦ ਵਾਸਤੇ ਭਾਵ ਸਾਕਸ਼ਾਤਕਾਰ ਕਰਨ ਲਈ ਵਾ ਦ੍ਰਿੜ ਅਪਰੋਕਸ਼ ਗਿਆਨ ਪ੍ਰਾਪਤੀ ਲਈ ਕੀਤਾ ਗਿਆ ਜੋ ਸੰਨਯਾਸ (ਤਿਆਗ) ਸੋ ਵਿਦਵਤ ਸੰਨਯਾਸ ਹੈ।

*ਪ੍ਰਤਯਕਸ਼ ਅਨੁਭਵ ਵਿਸ਼ਯਕ ਸੰਸਕਾਰ ਸੋ ਕਹੀਏ ਵਾਸਨਾ।

(੧੩) **ਪ੍ਰਪੰਚ :-** ਪ੍ਰ=ਵਿਸ਼ੇਸ਼ ਕਰਕੇ ਪੰਚ=ਪੰਜ ਅੰਸਾਂ :- ਤਿੰਨ ਬ੍ਰਹਮ (ਅਸਤੀ, ਭਾਤੀ ਪ੍ਰਿਯ) ਅਤੇ ਦੋ ਮਾਯਾ (ਨਾਮ, ਰੂਪ) ਦੀਆਂ ਅੰਸਾਂ ਯੁਕਤ ਛਲ, ਕਪਟ, ਰੂਪ ਮਿਥਿਆ ਜਗਤ।

(੧) **ਬਾਹਯ ਪ੍ਰਪੰਚ :-** ਸਥੂਲ ਅਨਾਤਮ ਜਗਤ।

(੨) **ਆਂਤਰ ਪ੍ਰਪੰਚ :-** ਸੂਖਮ ਅਨਾਤਮ ਜਗਤ।

(੧੪) **ਪ੍ਰਗਯਾ :-** ਵਿਮਲ ਗਿਆਨ ਭਾਵ ਜਿਸ ਦੇ ਦੁਆਰਾ ਵਿਸ਼ੇ (ਵਸਤੂ) ਨੂੰ ਭਰਮ ਗਿਆਨ ਤੋਂ ਵਿਨਿਰਮੁਕਤ ਹੋ ਕੇ ਜਾਨਣਾ।

(੧) **ਸਥਿਤ ਪ੍ਰਗਯਾ :-** ਦ੍ਰਿੜ ਗਿਆਨ ਵਾਲੀ ਬੁਧੀ।

(੨) **ਅਸਥਿਤ ਪ੍ਰਗਯਾ** :- ਅਦ੍ਰਿੜ ਗਿਆਨ ਵਾਲੀ ਬੁਧੀ।

(੧੫) **ਲਕਛਣ** :- ਵਸਤੂ ਨਿਸ਼ਚਾਯਕ ਸਾਧਨ ਜਿਸ ਤੋਂ ਨਿਰਭ੍ਰਾਂਤ ਰੂਪ ਨਾਲ ਗਿਆਨ ਹੋਵੇ ਸੋ ਕਹੀਏ ਲਕਛਣ।

(੧) **ਸ੍ਵਰੂਪ ਲਕਛਣ** :- ਸਦਾ ਵਿਦਿਆਮਾਨ ਹੋਇਆ ਵਯਾਵਰਤਕ (ਭਿੰਨ ਭਾਵ ਭੇਦ ਗਿਆਨ ਦਾ ਕਾਰਣ) ਲਕਛਣ (ਚਿੰਨ)।

(੨) **ਤਟਸਯ ਲਕਛਣ** :- ਕਦਾਚਿਤ (ਕਦੇ ਕਦੇ ਰਹਿਣ ਵਾਲਾ) ਵਯਾਵਰਤਕ ਲਕਛਣ।

(੧੬) **ਵਾਕਯ** :- ਸ਼ਬਦਾਂ ਦਾ ਸਮੁਦਾਯ ਪਦ ਅਤੇ ਪਦਾਂ ਦਾ ਸਮੁਦਾਯ ਵਾਕਯ।

(੧) **ਅਵਾਂਤਰ ਵਾਕਯ** :- ਪਰੰਪਰਯਾ ਦੁਆਰਾ ਏਕਤਾ ਬੋਧਕ ਵਾ ਕੇਵਲ ਜੀਵ ਜਾਂ ਕੇਵਲ ਬ੍ਰਹਮ ਦਾ ਬੋਧਕ ਵਾਕ।

(੨) **ਮਹਾਂਵਾਕਯ** :- ਸਾਕਸ਼ਾਤ ਜੀਵ ਈਸ਼ ਦੀ ਏਕਤਾ ਦਾ ਬੋਧਕ।

(ਮਹਾਵਾਕਯ ਤੇ ਅਵਾਂਤਰ ਵਾਕਯ ਪੰਨਾ ੨੮ ਤੇ ਟੂਕ (੨੪) ਪੜ੍ਹੋ।)

(੧੭) **ਵਾਦ** :- ਸਿਧਾਂਤ

(੧) **ਪ੍ਰਤੀਬਿੰਬ ਵਾਦ** :- ਬਿੰਬ ਪਰਮੇਸ਼ਰ ਤੋਂ ਪ੍ਰਤੀਬਿੰਬਤ (ਅਕਸ਼ ਯੁਕਤ) ਮਾਯਾ ਜਾਂ ਮੁੱਖ ਰੂਪ ਵਿਚ ਹਿਰਣਯਗਰਭ ਰੂਪ ਦਰਪਣ ਵਿਚ ਇਕ ਮੁੱਖ ਅਤੇ ਬਾਕੀ ਅਨੇਕਾਂ ਲਘੂ ਜੀਵ ਰੂਪ ਪ੍ਰਤੀਬਿੰਬ (ਬਿੰਬ=ਮੂਲ ਸਰੂਪ ਤੋਂ ਪ੍ਰਤੀ=ਉਲਟ ਜੋ ਪਰਛਾਵਾਂ, ਅਕਸ਼) ਦਿਸਣੇ। ਇਸ ਸਿਧਾਂਤ ਵਿਚ ਬਿੰਬ-ਪ੍ਰਤੀਬਿੰਬ ਨਾ ਭਿੰਨ ਅਤੇ ਨਾ ਅਭਿੰਨ ਕਹੇ ਜਾ ਸਕਦੇ ਹਨ।

(੨) **ਅਵਛੇਦ ਵਾਦ** :- ਵਾਸਤਵ ਵਿਚ ਭੇਦ ਨਾ ਹੋਣਾ ਕਿੰਤੂ ਉਪਾਧੀ ਦੇ ਅਕਾਰ, ਗੁਣਾਂ ਦੁਆਰਾ ਭੇਦ ਪ੍ਰਤੀਤ ਹੋਣਾ। ਜਿਵੇਂ ਬ੍ਰਹਮ ਰੂਪ ਜਲ ਨਾਨਾ ਜੂਨਾਂ ਦੇ ਸਰੀਰਾਂ ਦੀ ਉਪਾਧੀ ਨਾਲ ਭਿੰਨ ਭਿੰਨ ਅਕਾਰ ਵਾਲਾ ਹੋ ਜਾਂਦਾ ਹੈ ਪਰੰਤੂ ਸਰੀਰ ਉਪਾਧੀ ਨਸ਼ਟ ਹੋਣ ਤੋਂ ਮਹਾਂਜਲ ਰੂਪ ਬ੍ਰਹਮ ਵਿਚ ਅਭੇਦਤਾ ਪ੍ਰਾਪਤ ਕਰਦਾ ਹੈ।

(੧੮) **ਵਿਪਰੀਤਭਾਵਨਾ** :- ਉਲਟ ਨਿਸ਼ਚਾ (ਵਿਪਰਯੇ)

(੧) **ਪ੍ਰਮਾਣਗਤ ਵਿਪਰੀਤ ਭਾਵਨਾ** :- ਪ੍ਰਮਾਣ ਜੋ ਸ਼ਬਦ ਆਦਿਕ ਵਿਚ ਉਲਟਾ ਨਿਸ਼ਚਾ ਜਿਵੇਂ ਸਾਸ਼ਤ੍ਰਾਂ ਦੇ ਸ਼ਬਦ ਪ੍ਰਮਾਣ ਤੋਂ ਭਿੰਨ ਜੋ ਜੀਵ ਬ੍ਰਹਮ ਦਾ ਭੇਦ ਸਤ ਹੈ ਅਤੇ ਦੇਹਾਦਿਕ ਪ੍ਰਪੰਚ ਸੱਤ ਹੈ।

(੨) **ਪ੍ਰਮੇਯਗਤ ਵਿਪਰੀਤ ਭਾਵਨਾ** :- ਪ੍ਰਮਾਣ ਦਾ ਵਿਸ਼ਾ ਸੋ ਕਹੀਏ ਪ੍ਰਮੇਯ ਤਿਸ ਵਿਚ ਉਲਟ ਨਿਸ਼ਚਾ। ਜਿਵੇਂ ਸ਼ਬਦ ਪ੍ਰਮਾਣ ਦਾ ਵਿਸ਼ਾ ਮੋਕਸ਼ (ਮੁਕਤੀ), ਸੋ ਮੁਕਤੀ ਪਰਮਾਨੰਦ ਨੂੰ ਨਹੀਂ ਮਹਾਂ ਕਸ਼ਟ, ਕਲੇਸ਼ ਪ੍ਰਦਾਨ ਕਰਨ ਵਾਲੀ ਹੈ ਐਸੀ ਉਲਟੀ ਭਾਵਨਾ।

(੧੯) **ਸ਼ਬਦ** :- ਪਦ ਜਾਂ ਲਫ਼ਜ਼ ਵਾ ਉਪਦੇਸ਼

(੧) **ਵਰਣ ਰੂਪ ਸ਼ਬਦ** :- ਅਕਛਰਾਤਮਕ ਉਪਦੇਸ਼

(੨) **ਧ੍ਵਨੀ ਰੂਪ ਸ਼ਬਦ** :- ਉਚਾਰਨਤਮਕ ਉਪਦੇਸ਼

(੨੦) **ਸ਼ਬਦ ਸੰਗਤੀ** :- ਸ਼ਬਦ ਦਾ ਸੰਬੰਧ

(੧) ਸ਼ਕਤੀ ਵ੍ਰਿਤੀ (ਸ਼ਕਤੀ ਵ੍ਰਿਤੀ ਨੂੰ ਅਭਿਧਾ ਵ੍ਰਿਤੀ ਵੀ ਆਖਦੇ ਹਨ।)

(੨) ਲਕਛਣਾ ਵਿਤ੍ਰੀ

(ਪੰਨਾ ੧੯੩ ਤੇ ਪ੍ਰਸ਼ਨ ੨੦੨ ਤੋਂ ਸ਼ਕਤੀ ਤੇ ਲਕਛਣਾ ਵ੍ਰਿਤੀ ਵਿਸਥਾਰ ਨਾਲ ਪੜ੍ਹੋ)

(੨੧) **ਸੰਪਤੀ** :- ਬਿਭੂਤੀ ਵਾ ਸਾਧਨ

(੧) **ਦੈਵੀ ਸੰਪਤੀ** :- ਮੋਕਛ ਪ੍ਰਦਾਯਕ ਸਾਧਨ ਜਿਵੇਂ ਵਿਵੇਕ, ਵੈਰਾਗ, ਖਟ ਸੰਪਤੀ ਆਦਿਕ ਸ਼ੁਭ ਗੁਣ।

(੨) **ਆਸੁਰੀ ਸੰਪਤੀ** :- ਭੋਗ ਕਹੀਏ ਸੁਖ-ਦੁੱਖ ਦੇ ਸਾਧਨ ਪ੍ਰਾਪਤ ਕਰਵਾਉਣ ਵਾਲੀ ਵਾ ਦੈਵੀ ਗੁਣਾਂ ਤੋਂ ਵਿਪਰੀਤ ਕਾਮ, ਕ੍ਰੋਧ ਆਦਿਕ।

(੨੨) **ਸੰਛਯ** :- ਦੋ ਕੋਟੀ ਵਾਲਾ ਗਿਆਨ।

(੧) **ਪ੍ਰਮਾਣਗਤ ਸੰਛਯ**

(੨) **ਪ੍ਰਮੇਯਗਤ ਸੰਛਯ**

(ਵਿਸਤਾਰ ਨਾਲ ਦੋ ਪ੍ਰਕਾਰ ਦੇ ਸੰਛਯ ਪੰਨਾ ੨੯ ਤੋਂ ਟੂਕ (੨੫) ਪੜ੍ਹੋ)

(੨੩) **ਸਮਾਧੀ** :- ਨਿਧਿਆਸਣ ਦੀ ਪ੍ਰਪੱਕ ਅਵਸਥਾ ਸੋ ਕਹੀਏ ਸਮਾਧੀ ਵਾ (ਸਮਾ+ਧੀ) ਸਮਾ ਸ਼ਬਦ ਦਾ ਫਾਰਸੀ ਵਿਚ ਅਰਥ ਅਕਾਸ਼ ਹੁੰਦਾ ਹੈ ਅਤੇ ਅਕਾਸ਼ ਸੁੰਨ ਹੈ ਧੀ ਕਹੀਏ ਬੁਧੀ ਭਾਵ ਬੁਧੀ ਦਾ ਅਫੁਰ ਚੇਤਨ ਸਰੂਪ ਵਿਚ ਸਮਾ ਜਾਣਾ ਵਾ ਲੀਨ ਹੋਣਾ ਸੋ ਕਹੀਏ ਸਮਾਧੀ।

(੧) **ਸਵਿਕਲਪ ਸਮਾਧੀ** :- ਜਿੱਥੇ ਤ੍ਰਿਪੁਟੀ ਵਿਚ ਗਯਾਤਾ=ਜਾਨਣ ਵਾਲਾ ਗਯਾਨ=ਬੋਧ, ਸਮਝ ਤੇ ਗੇਯ=ਵਸਤੂ ਤਿੰਨੇ ਵੱਖਰੀਆਂ ਵੱਖਰੀਆਂ ਪ੍ਰਤੀਤ ਹੋਣ ਅਤੇ ਬ੍ਰਹਮ ਭਾਵ ਨੂੰ ਆਪਣੇ ਵਿਚ ਕਲਪਣਾ ਕਰਨੀ ਕਿ ਮੈਂ ਬ੍ਰਹਮ ਸਰੂਪ ਹਾਂ, ਬ੍ਰਹਮ ਵਿਚ ਅਭੇਦ ਹੋਣਾ ਚਾਹੁੰਦਾ ਹਾਂ ਪਰ ਲੀਨ ਹੋਇਆ ਨਹੀਂ ਸੋ ਸਵਿਕਲਪ ਸਮਾਧੀ ਹੈ।

(੨) **ਨਿਰਵਿਕਲਪ ਸਮਾਧੀ** :- ਦ੍ਰਿਸ਼ਯ, ਦ੍ਰਸ਼ਟਾ, ਦਰਸ਼ਨ ਆਦਿਕ ਤ੍ਰਿਪੁਟੀਆਂ ਦੀ ਪ੍ਰਤੀਤੀ ਤੋਂ ਰਹਿਤ ਜੋ ਅਫੁਰ ਅਖੰਡ ਬ੍ਰਹਮ ਵਿਚ ਇਸਥਤੀ ਸੋ ਨਿਰਵਿਕਲਪ ਸਮਾਧੀ ਹੈ।

ਤ੍ਰਿਪੁਟੀ ਗਜਾਤਾ ਗਜਾਨ ਗੇਯ ਜਹਿਂ ਭਾਸੈ ਬ੍ਰਹਮ ਭਾਵ ਕੋ ਲੀਨ।
ਤਿਹ 'ਸਮਾਧਿ ਸਵਿਕਲਪ' ਕਹਤਿ ਹੈਂ ਜਹਿਂ ਤ੍ਰਿਪੁਟੀ ਵਿਕਲਪ ਵਿਹੀਨ।
ਇਕ ਬ੍ਰਹਮ ਭਾਵ ਸਮੇਤ ਸਮਾਧੀ ਨਿਰਵਿਕਲਪ ਤਿਹ ਕੋ ਮਨ ਚੀਨ।

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਗੁਤਿ ੫, ਅੰਸੂ ੪੨)

(੨੪) **ਸੂਕਛਮ ਸਰੀਰ** :- (ਪੰਨਾ ੭੬ 'ਤੇ ਪ੍ਰਸ਼ਨ ੫੯ ਪੜ੍ਹੋ)

(੧) **ਸਮਸਟੀ** :- ਸਮੁਦਾਏ ਭਾਵ ਸਾਰੀਆਂ ਵਸਤੂਆਂ ਇਕੱਠ ਰੂਪ ਵਿਚ ਪ੍ਰਤੀਤ ਹੋਣੀਆਂ। ਸਮਸਤ ਪ੍ਰਾਣੀਆਂ ਦੀ ਸੁਪਨ ਦਾ ਅਭਿਮਾਨੀ ਹਿਰਣਯਗ੍ਰਭ ਹੈ।

(੨) **ਵਯਸ਼ਟੀ** :- ਪ੍ਰਤੇਕ ਵਸਤੂ ਦੇ ਵਿਸ਼ੇਸ਼ ਗਿਆਨ ਕਰਕੇ ਹਰ ਪਦਾਰਥ ਵੱਖਰਾ-ਵੱਖਰਾ ਜਾਨਣਾ। ਹਰੇਕ ਜੀਵ ਦੀ ਸੁਪਨ ਅਵਸਥਾ ਦਾ ਅਭਿਮਾਨੀ ਤੈਜਸ ਨਾਮ ਜੀਵ ਹੈ। ਸੋ 'ਤੈਜਸ' ਵਯਸ਼ਟੀ ਉਪਾਧੀ ਹੈ।

ਸਮਸਟੀ ਉਪਾਧੀ ਕਰਕੇ ਸਭ ਜੀਵਾਂ ਦੀ :-

1. ਜਾਗ੍ਰਤ ਅਵਸਥਾ ਦਾ ਅਭਿਮਾਨੀ ਵੈਸ਼੍ਵਾਨਰ ਹੈ।

2. ਸੁਪਨ ਅਵਸਥਾ ਦਾ ਅਭਿਮਾਨੀ ਹਿਰਣਯਗਰਭ ਹੈ।

3. ਸੁਖੋਪਤੀ ਅਵਸਥਾ ਦਾ ਅਭਿਮਾਨੀ ਅੱਬਿਆਕ੍ਰਿਤ ਹੈ।

ਸਤ ਰਜ ਤਮ ਦੇਸ਼, ਪ੍ਰਲੈ ਇਸਥਿਤ ਉਤਪਤਿ ਕਾਲ॥
ਅਬਜਾਕ੍ਰਿਤ ਹ੍ਰਿਨਜਗ੍ਰਭ ਵੈਸ਼੍ਵਾਨਰ ਵਸਤ ਵਿਸਾਲ॥ ੩੦॥

(ਅਧਜਾਤਮ ਪ੍ਰਕਾਸ਼)

ਵਯਸ਼ਟੀ ਉਪਾਧੀ ਕਰਕੇ ਹਰੇਕ ਜੀਵ ਦੀ :-

1. ਜਾਗ੍ਰਤ ਅਵਸਥਾ ਦਾ ਅਭਿਮਾਨੀ ਵਿਸ਼ਵ ਹੈ।

2. ਸੁਪਨ ਅਵਸਥਾ ਦਾ ਅਭਿਮਾਨੀ ਤੈਜਸ ਹੈ।

3. ਸੁਖੋਪਤ ਅਵਸਥਾ ਦਾ ਅਭਿਮਾਨੀ ਪ੍ਰਾਗਯ ਹੈ।

ਫੁਰੈ ਸਰਬ ਸਾਖੀ ਮਹਿ ਜਾਗ੍ਰਤਿ 'ਵਿਸ਼੍ਵ ਅਭਿਮਾਨੀ' ਕੀ ਲਿਹੁ ਮਾਨਿ॥ ੧੩॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੨)

ਅਵਿੱਦਜਾ ਮਯ ਸੁਖਮ ਵਿਵਹਾਰ ਜੁ ਫੁਰੈ ਅਮੂਰਤਿ ਸਾਖੀ ਮਾਂਹਿ।
'ਤੇਜਸ ਅਭਿਮਾਨੀ' ਕੀ ਜਾਨਹੁ ਸੁਪਨਾਵਸਥਾ ਕਹੀਯੈ ਤਾਹਿ॥ ੧੪॥

(ਰੁਤਿ ੫, ਅੰਸੂ ੪੨)

ਸਮੱਗ੍ਰ ਵਾਸ਼ਨਾਮਯ ਜੁ ਅਮੂਰਤਿ ਸਰਵ ਅਵਿੱਦਜਾ ਕੋ ਵਿਵਹਾਰ।
ਕਾਰਣ ਦੇਹ ਅਵਿੱਦਜਾ ਮਹਿ ਏ ਭਏ ਲੀਨ ਸੂਖਮਤਾ ਸਾਰ।
ਸਾਖੀ ਗਜਾਨ ਰਹਜੋ ਸਨ ਮਾਝੁੰ 'ਪ੍ਰਾਗ ਅਭਿਮਾਨੀ' ਕੀ ਨਿਰਧਾਰ।

(ਰੁਤਿ ੫, ਅੰਸੂ ੪੨)

(੨੫) **ਸਥੂਲ ਸਰੀਰ :-** ਪੰਨਾ ੫੨ 'ਤੇ ਪ੍ਰਸ਼ਨ ੪੦ ਪੜ੍ਹੋ।

(੧) **ਸਮਸਟੀ :-** ਸਮਸਤ ਸਰੀਰਾਂ ਦਾ ਅਭਿਮਾਨੀ 'ਵੈਰਾਟ' ਰੂਪ ਈਸ਼ਵਰ ਹੈ।

ਸਿਰ ਹੈ ਅਕਾਸ਼ ਸਵਾਸ ਨਾਸਕਾ ਪਵਨ ਵਾਸ, ਸੂਰ ਸਸਿ ਨੈਨ ਮੁਖ ਅਨਲ ਕੋ ਕਰ ਹੈ।
ਹਰ ਹਰਿ ਭੁਜਾ ਦੋਊ ਹਿਯੇ ਚਤੁਰਾਨਨ ਹੈ ਉਦਰ ਸਕਲ ਲੋਕ ਬਾਨੀ ਵੇਦ ਰਰ ਹੈ॥

(ਅਧਜਾਤਮ ਪ੍ਰਕਾਸ਼)

(੨) **ਵਯਸ਼ਟੀ :-** ਜਾਗ੍ਰਤ ਅਵਸਥਾ ਵਿਚ ਹਰੇਕ ਵਯਸ਼ਟੀ=ਵੱਖਰੇ ਵੱਖਰੇ ਜੀਵ ਦੇ ਸਥੂਲ ਸਰੀਰ ਦਾ ਅਭਿਮਾਨੀ ਵਿਸ਼੍ਵ ਹੈ।

☆☆☆

॥ ਧਦਾਰ੍ਥ ਤ੍ਰਿਵਿਧ॥ ੩॥
॥ਪਦਾਰਥ ਤ੍ਰਿਵਿਧ॥ ੩ ॥

ਵੇਦਾਂਤ ਸ਼ਾਸਤ੍ਰ ਵਿਚ ਕਥਿਤ ਪ੍ਰਮੁੱਖ ਤ੍ਰਿਵਿਧ=ਤਿੰਨ ਤਰ੍ਹਾਂ ਦੇ ਪਦਾਰਥ=ਵਸਤੂਆਂ ਦਾ ਕਥਨ ਕਰਦੇ ਹਨ :-

(੧) **ਅਧਯਾਤਮਾਦੀ (ਤ੍ਰਿਪੁਟੀ) :-** (ਤ੍ਰਿ=ਤਿੰਨ+ਪੁਟ=ਅਕਾਰ)

(੧) ਅਧਯਾਤਮ :- ਇੰਦ੍ਰੇ

(੨) ਅਧੀਦੈਵ :- ਦੇਵਤਾ

(੩) ਅਧੀਭੂਤ :- ਵਿਸ਼ਾ

ਅਧਯਾਤਮ,ਅਧੀਦੈਵ ਅਤੇ ਅਧੀਭੂਤ ਤਿੰਨੇ ਮਿਲ ਕੇ ਤ੍ਰਿਪੁਟੀ ਕਹੀਏ ਹੈ (ਵਿਸਤਾਰ ਨਾਲ ਪੰਨਾ ੧੦੫ 'ਤੇ ਕਰਮ ਇੰਦ੍ਰੇ ਗਯਾਨ ਇੰਦ੍ਰੇ ਅਤੇ ਅੰਤਹਕਰਣ ਦੀ ਤ੍ਰਿਪੁਟੀ ਪ੍ਰਸ਼ਨ ੧੧੩ ਪੜ੍ਹੋ)

(੨) **ਅੰਤਹਕਰਣ ਦੋਸ਼ :-**

(੧) ਮਲ ਦੋਸ਼ :- ਜਨਮਾਂ ਜਨਮਾਂਤਰਾਂ ਦੇ ਸੰਚਿਤ ਪਾਪ

(੨) ਵਿਕਛੇਪ ਦੋਸ਼ :- ਚਿਤ ਦੀ ਚੰਚਲਤਾ, ਵਯਾਕੁਲਤਾ

(੩) ਆਵਰਣ ਦੋਸ਼ :- ਨਿਜ ਸਰੂਪ ਸਚਿਦਾਨੰਦ ਦਾ ਅਗਿਆਨ

(ਵਿਸਤਾਰ ਨਾਲ ਪੰਨਾ ੨੨ ਤੇ ਟੂਕ (੮) ਵਿਚੋਂ ਪੜ੍ਹੋ)

(੩) **ਅਰਥਵਾਦ :-** ਵਾਦ ਕਹੀਏ ਸਿਧਾਂਤ ਵਾ ਕਥਨ ਅਤੇ ਨਿੰਦਾ-ਸਤੂਤੀ (ਵਡਿਆਈ) ਦਾ ਬੋਧਕ ਵਾਕ ਰੂਪ ਸਿਧਾਂਤ ਸੋ ਕਹੀਏ ਅਰਥਵਾਦ।

(੧) **ਅਨੁਵਾਦ :-** (ਅਨੁ=ਪਿਛੋਂ+ਵਾਦ=ਕਥਨ) ਪ੍ਰਤੱਖ ਪ੍ਰਮਾਣ ਆਦਿਕ ਪ੍ਰਮਾਣਾਂ ਕਰਕੇ ਸਿੱਧ ਵਸਤੂ ਤੋਂ ਪਿਛੋਂ, ਬਾਦ ਨਿਸ਼ਚੇ ਵਾ ਦ੍ਰਿੜਤਾ ਅਰਥ ਦਾ ਬੋਧਕ ਵਾਕ। ਜਿਵੇਂ 'ਅਗਨੀ ਹਿਮ ਕਾ ਭੇਸ਼ਜ ਹੈ' ਇਹ ਵਾਕ ਵਿਚ ਅਗਨੀ ਦੇ ਪ੍ਰਤੱਖ ਗਿਆਨ ਤੋਂ ਅਨੰਤਰ ਦ੍ਰਿੜਤਾ ਹੇਤੂ ਲਈ ਉਸ ਦੇ ਸੁਭਾਅ ਹਿਮਜ ਕਹੀਏ ਬਰਫ ਦਾ ਭੇਸ਼ਜ=ਨਿਵਰਤਕ (ਨਿਵਿਰਤ ਕਰਨ ਵਾਲਾ) ਕਥਨ ਕੀਤਾ ਗਿਆ ਹੈ ਭਾਵ ਅਗਨੀ ਬਰਫ ਨੂੰ ਪਿਘਲਾ ਕੇ ਠੰਢ ਨਿਵਿਰਤ ਕਰਦੀ ਹੈ॥

(੨) **ਗੁਣਵਾਦ :-** ਪ੍ਰਤੱਖ ਆਦਿ ਅਨਯ ਪ੍ਰਮਾਣਾਂ ਤੋਂ ਵਿਰੁਧ ਵਿਧੇਯ (ਵਿਧਾਨ ਕ੍ਰਿਆ ਦਾ ਵਿਸ਼ਾ ਸੋ ਕਹੀਏ ਵਿਧੇਯ ਭਾਵ ਅਗਿਆਤ ਅਰਥ ਦੇ ਗਿਆਤ ਦਾ ਵਿਧਾਨ ਕਰਾਉਣ ਵਾਲਾ) ਅਰਥ ਦਾ ਗੁਣ ਦੁਆਰਾ ਸਤਾਵਕ ਕਹੀਏ ਸਤੂਤੀ ਵਾਲੇ ਵਾਕਯ ਕਾ ਵਾਦ=ਕਥਨ। ਜਿਵੇਂ ਪ੍ਰਕਾਸ਼ ਰੂਪ ਗੁਣ ਦੀ ਸਮਤਾ (ਸੁਦਰਸ਼ਤਾ) ਕਰਕੇ :-

''ਯੂਪ (ਯੱਗਜ ਦਾ ਖੰਭਾ ਜਿਸ ਨਾਲ ਅਹੂਤੀ ਦੇਣ ਵਾਲੇ ਪਸ਼ੂ ਆਦਿਕ ਬੰਨ੍ਹੇ ਜਾਂਦੇ) ਆਦਿੱਤਯ (ਸੂਰਜ) ਹੈ'' ਐਸਾ ਪ੍ਰਤੱਖ ਪ੍ਰਮਾਣ ਤੋਂ ਵਿਰੁੱਧ (ਖੰਭਾ, ਸੂਰਜ ਨਹੀਂ) ਗੁਣ ਦੀ ਸੁਦਰਸ਼ਤਾ (ਖੰਭਾ ਚਮਕੀਲਾ ਹੋਣ ਕਰਕੇ ਸੂਰਜ ਵਾਂਗ ਪ੍ਰਕਾਸ਼ ਰੂਪ ਹੈ) ਵਾਲਾ ਸਤਾਵਕ

ਕਹੀਏ ਸਤੂਤੀ ਬੋਧਕ ਵਾਕਯ।

(੩) **ਭੂਤਾਰਥਵਾਦ :-** ਸ਼ਕਤੀ ਵ੍ਰਿਤੀ ਦੁਆਰਾ ਸ੍ਵੈ ਅਰਥ (ਆਪਣੇ ਅਰਥ) ਵਿਚ ਪ੍ਰਮਾਣ ਹੋਇਆ ਲਕਛਣਾ ਨਾਲ ਵਿਧੇਯ (ਪ੍ਰਾਪਤ ਕਰਨ ਯੋਗ) ਅਰਥ ਦੀ ਸ਼ਲਾਘਾ ਦਾ ਬੋਧਕ ਵਾਕ। ਜਿਵੇਂ 'ਵਜ੍ਰ ਹਸਤ ਪੁਰੰਦਰ' ਪਰੁੰਦਰ ਕਹੀਏ ਇੰਦ੍ਰ ਦੇ ਹਸਤ=ਹੱਥ ਵਿਚ *ਵਜ੍ਰ=ਗਦਾ ਲਕਛਣਾ ਦੁਆਰਾ ਸਭ ਦੀ ਰੱਖਿਆ ਕਰਨ ਰੂਪ ਸ਼ਲਾਘਾ ਦਾ ਬੋਧਕ ਹੈ।

*ਵਜ੍ਰ=ਅੱਠ ਧਾਤਾਂ ਦਾ ਬਣਿਆ ਸ਼ਸ਼ਤ੍ਰ।

(੪) **ਅਵਧੀ :-** ਅੰਤਿਮ ਸੀਮਾ (ਹੱਦ)

(੧) **ਬੋਧ ਦੀ ਅਵਥੀ :-** ਕੈਵਲਯ ਮੁਕਤੀ ਹੋਣ ਪ੍ਰਯੰਤ (ਤੱਕ) ਬੋਧ=ਗਿਆਨ ਰਹਿੰਦਾ (ਪਰੋਕਸ਼ ਤੇ ਅਪਰੋਕਸ਼ ਗਿਆਨ ਦੀ ਅਵਧੀ ਪੰਨਾ ੨੭ ਤੇ ਪ੍ਰਸ਼ਨ ੧੦, ਪੰਨਾ ੩੧ ਤੇ ਪ੍ਰਸ਼ਨ ੧੭ ਤੇ ਪੰਨਾ ੩੩ ਤੇ ਪ੍ਰਸ਼ਨ ੨੧ ਪੜ੍ਹੋ)

(੨) **ਵੈਰਾਗ ਦੀ ਅਵਧੀ :-** ਮੋਕਸ਼ ਪ੍ਰਾਪਤੀ ਤੱਕ ਸੰਸਾਰ ਦੀ ਆਸਕਤੀ (ਪਕੜ) ਦਾ ਤਿਆਗ ਕਰਨਾ ਸੋ ਮੋਕਸ਼ ਹੀ ਵੈਰਾਗ ਦੀ ਅੰਤਿਮ ਸੀਮਾ ਹੈ।

(੩) **ਉਪਰਾਮ ਦੀ ਅਵਧੀ :-** ਜਦੋਂ ਤੱਕ ਚਿਤ ਸਥਿਰ ਨਾ ਹੋ ਜਾਵੇ ਉਸ ਸਮੇਂ ਤਕ ਚਿਤ ਨਿਰੋਧ (ਰੋਕਣ ਵਾਲੇ) ਸਾਧਨਾ ਦੁਆਰਾ ਅਭਿਆਸ ਕੀਤਾ ਜਾਂਦਾ ਹੈ, ਸੋ ਚਿਤ ਦੀ ਸਥਿਰਤਾ ਹੀ ਉਪਰਾਮਤਾ ਦੀ ਅਵਧੀ ਹੈ।

(੫) **ਅਵਸਥਾ :-** ਤਿੰਨ ਦੇਹਾਂ ਦੇ ਵਿਵਹਾਰ ਦੇ ਕਾਲ

(੧) ਜਾਗ੍ਰਤ ਅਵਸਥਾ :- (ਪੰਨਾ ੧੦੩ ਤੇ ਪ੍ਰਸ਼ਨ ੧੦੮ ਪੜ੍ਹੋ)

(੨) ਸੁਪਨ ਅਵਸਥਾ :- (ਪੰਨਾ ੧੦੯ ਤੇ ਪ੍ਰਸ਼ਨ ੧੧੯ ਪੜ੍ਹੋ)

(੩) ਸੁਖੋਪਤਿ ਅਵਸਥਾ :- (ਪੰਨਾ ੧੧੦ ਤੇ ਪ੍ਰਸ਼ਨ ੧੨੨ ਪੜ੍ਹੋ)

(੬) **ਆਤਮਾ :-**

(੧) **ਗਯਾਨਾਤਮਾ :-** ਵਯਸ਼ਟੀ (ਪ੍ਰਤੇਕ ਜੀਵ ਦੀ) ਬੁਧੀ ਦਾ ਪ੍ਰਤਯਕ ਆਤਮਾ ਨਾਲ ਤਦਾਤਮਯ (ਸੰਬੰਧ)।

(੨) **ਮਹਾਨਾਤਮਾ :-** ਮਹਿਤੱਤ੍ਵ ਭਾਵ ਸਾਰੀਆਂ ਬੁਧੀਆਂ ਦਾ (ਸਮਸਟੀ) ਸਮੁਦਾਯ ਜੋ ਹਿਰਨਯਗਰਭ।

(੩) **ਸਾਂਤਾਤਮਾ :-** ਸ਼ੁੱਧ ਬ੍ਰਹਮ ਜੋ ਬੁਧੀਗਤ ਕ੍ਰਿਆ ਤੋਂ ਵਿਨਿਰਮੁਕਤ ਭਾਵ ਜਿਵੇਂ ਅੱਗ ਵਿਚੋਂ ਲੱਕੜਾਂ ਹਟਾਉਣ ਤੋਂ ਬਾਅਦ ਵੀ ਅੱਗ ਸੁਤੇ ਸਿਧ ਬਿਨਾਂ ਲੱਕੜਾਂ ਦੀ ਕਿਰਿਆ ਤੋਂ ਚਲਦੀ ਰਹਿੰਦੀ ਤਿਵੇਂ ਹੀ ਸੁਤੇ ਸਿਧ ਬਿਨਾ ਕਿਰਿਆ ਚੇਤਨ ਵਿਚ ਪਰਮ ਅਨੰਦ ਅਭੀਵਯਕਤ (ਪ੍ਰਗਟ) ਹੁੰਦਾ ਹੈ।

(੭) **ਆਤਮਾ ਦੇ ਭੇਦ :-**

(੧) **ਮਿਥਿਆਤਮਾ :-** ਸਥੂਲ ਸੂਕਛਮ ਸੰਘਾਤ (ਸਮੁਦਾਏ) ਨਾਲ ਆਤਮਾ ਦਾ ਤਦਾਤਮਯ (ਸੰਬੰਧ)।

(੨) **ਗੌਣਾਤਮਾ :–** ਭ੍ਰਮ ਮੂਲਕ ਤਦਾਤਮਯ ਜਿਵੇਂ ਪੁੱਤ੍ਰ, ਇਸਤਰੀ ਆਦਿਕ ਮੇਰਾ ਹੀ ਰੂਪ ਹਨ।

(੩) **ਮੁਖਯ ਆਤਮਾ :–** ਸਾਕਸ਼ੀ (ਕੂਟਸਥ)

(ਸਾਕਸ਼ੀ ਪੰਨਾ ੧੦੦ ਅਖੀਰ 'ਤੇ ਪੜ੍ਹੋ)

(੮) **ਅਨੰਦ :–** (ਪੰਨਾ ੨੦ ਤੇ ਟੂਕ (੫) ਪੜ੍ਹੋ)

(੧) **ਬ੍ਰਹਮਾਨੰਦ :–** ਸਮਾਧੀ ਵਿਚ ਆਵਿਰਭੂਤ ਕਹੀਏ ਪ੍ਰਗਟ ਹੋਣ ਵਾਲਾ ਵਾ ਸੁਖੋਪਤੀ ਵਿਚ ਜੋ ਬਿੰਬ (ਮੂਲ) ਭੂਤ (ਸਰੂਪ) ਅਨੰਦ।

(੨) **ਵਿਸ਼ਯਾਨੰਦ :–** ਜੋ ਵਿਵਿਧ ਪ੍ਰਕਾਰ ਨਾਲ ਬੁਧੀ ਨੂੰ ਬੰਨ੍ਹੇ ਸੋ ਕਹੀਏ ਵਿਸ਼ੇ। ਜਾਗ੍ਰਤ, ਸੁਪਨ ਵਿਚ ਵਿਸ਼ੇ ਪ੍ਰਾਪਤੀ ਰੂਪ ਨਮਿਤ (ਕਾਰਣ) ਨਾਲ ਇਕਾਗਰ ਹੋਏ ਚਿਤ ਵਿਚ ਆਤਮ ਸ੍ਵਰੂਪ ਦਾ ਅਨੰਦ ਜੋ ਛਣਿਕ (ਖਿਨ ਮਾਤ੍ਰ) ਪ੍ਰਤੀਬਿੰਬਤ ਹੁੰਦਾ ਹੈ। ਇਸ ਨੂੰ ਲੇਸ਼ਾਨੰਦ ਅਤੇ ਮਾਤ੍ਰਾਨੰਦ ਵੀ ਆਖਦੇ ਹਨ।

(੩) **ਵਾਸਨਾਨੰਦ :–** ਪੁੰਨ-ਪਾਪ ਤੋਂ ਸੁਖ-ਦੁੱਖ ਦੇ ਸਾਧਨ ਜੋ ਵਿਸ਼ਿਆਂ ਵਿੱਚ ਵਾਸਯਤੀ ਕਹੀਏ ਠਹਰਾਏ ਸੋ ਕਹੀਏ ਵਾਸਨਾ। ਪ੍ਰਤੱਖ ਵਿਸ਼ੇ ਦੇ ਵਿਯੋਗ ਤੋਂ ਸੂਖਮ ਵਿਸ਼ੇ ਦਾ ਅਨੰਦ ਜਾਂ ਸ਼ੁੱਭ ਵਿਸ਼ੇ ਦੀ ਵਾਸਨਾ ਦੇ ਸਤਾਵਿਕ ਸੰਸਕਾਰਾਂ ਦੇ ਕਾਰਨ ਅਨਾਯਾਸ (ਬਿਨਾਂ ਕਿਸੇ ਜਤਨ ਤੋਂ) ਸੂਖਮ ਅਨੰਦ ਅਤੇ ਸੁਖੋਪਤੀ ਤੋਂ ਉਥਾਨ ਆਦਿਕ ਉਦਾਸੀਨ ਦਸ਼ਾ ਵਿਚ ਯੇਯ ਵਸਤੂ ਦੀ ਸਮ੍ਰਿਤੀ (ਯਾਦ) ਤੋਂ ਜੋ ਅਨੰਦ ਅਨੁਭਵ ਹੁੰਦਾ ਹੈ।

(੯) **ਆਂਨਯਯਾਦੀ :–** ਅੰਧਤਾ ਆਦਿਕ ਨੇਤ੍ਰ ਦੇ ਧਰਮ ਇੱਥੇ ਆਨਯਯ ਕਹੀਏ ਅੰਧਤਾ ਰੂਪ ਨੇਤ੍ਰ ਦੇ ਧਰਮ ਜੋ ਸੋ ਬਧਿਰਤਾ (ਕੰਨਾਂ ਦਾ ਦੋਸ਼) ਮੂਕਤਾ (ਮੁਖ ਤੋਂ ਉਚਾਰਨ ਦਾ ਦੋਸ਼) ਆਦਿਕ ਹੋਰ ਇੰਦ੍ਰੀਆਂ ਦੇ ਧਰਮਾਂ ਦੇ ਵੀ ਸੂਚਕ ਹਨ ਅਤੇ ਮੰਦਤਾ, ਪਟੁਤਾ ਤਾਂ ਸਾਰੀਆਂ ਇੰਦ੍ਰੀਆਂ ਵਿਚ ਗ੍ਰਹਣ ਕਰਨਾ।

(੧) **ਆਂਨਯਯ :–** ਨੇਤ੍ਰਾਂ ਕਰਕੇ ਸਭ ਜਗ੍ਹਾ ਸ੍ਵੈ-ਵਿਸ਼ੇ (ਆਪਣੇ-ਆਪਣੇ ਇੰਦ੍ਰਿਯਾਂ ਦੇ ਵਿਸ਼ੇ) ਭਾਵ ਨੇਤ੍ਰਾਂ ਦਾ ਵਿਸ਼ਾ ਰੂਪ ਦਾ 'ਅਗ੍ਰਹਣ' ਸੋ ਅੰਧਤਾ ਹੈ।

(੨) **ਮਾਂਨਯਯ :–** ਇੰਦ੍ਰੀਆਂ ਕਰਕੇ ਆਪਣੇ ਆਪਣੇ ਵਿਸ਼ੇ ਦਾ 'ਸ੍ਵਲਪ (ਥੋੜ੍ਹਾ) ਗ੍ਰਹਣ' ਸੋ ਮੰਦਤਾ ਹੈ।

(੩) **ਪਟੂਤਵ :–** ਇੰਦ੍ਰੀਆਂ ਦੁਆਰਾ ਆਪਣੇ ਆਪਣੇ ਵਿਸ਼ੇ ਦਾ 'ਸਪੱਸ਼ਟ ਗ੍ਰਹਣ' ਸੋ ਪਟੂਤਾ ਹੈ। (ਅੰਧਪਨਾ, ਮੰਦਪਨਾ ਤੇ ਪਟੁਪਨਾ ਪੰਨਾ ੮੬ ਤੇ ਟੂਕ ੧੬੬,੧੬੭,੧੬੮ ਪੜ੍ਹੋ)

(੧੦) **ਉਦੇਸ਼ਾਦੀ :–**

(੧) **ਉਦੇਸ਼ਯ :–** ਨਾਮ ਲੈ ਕੇ ਕਥਨ ਕਰਨਾ।

(੨) **ਲਕਛਣ :–** ਅਸਾਧਾਰਨ ਧਰਮ (ਇਕ ਲਕਛਯ ਵਿਚ ਵਰਤਣ ਵਾਲਾ ਧਰਮ ਜਾਂ ਚਿੰਨ)

(੩) **ਪਰੀਕਛਾ :–** ਇਹ ਲਕਛਣ ਵਸਤੂ ਵਿਚ ਹੈ ਕਿ ਨਹੀਂ? ਇਸ ਨੂੰ ਪਰਖਣ ਲਈ ਲਕਛਣ ਦੇ ਪਦ (ਸ਼ਬਦਾਂ) ਉਪਰ ਵਿਚਾਰ ਕਰਨੀ। (ਅਤੀਵਯਾਪਤੀ ਕਹੀਏ ਲਕਛਯ (ਵਸਤੂ) ਤੋਂ ਭਿੰਨ ਵਿਚ ਲਕਛਣ ਦਾ ਰਹਿਣਾ ਆਦਿਕ ਦੋਸ਼ਾਂ ਨੂੰ ਵਿਚਾਰਣਾ)

(੧੧) **ਏਸ਼ਣਾ** :– ਇੱਛਾ ਵਾ ਵਾਸਨਾ

(੧) **ਪੁੱਤ੍ਰ ਏਸ਼ਣਾ** :– ਪੁੱਤ੍ਰ, ਧੀ ਆਦਿਕ ਦੀ ਇੱਛਾ

(੨) **ਵਿੱਤ ਏਸ਼ਣਾ** :– ਵਯਾਵਹਾਰਿਕ ਜੜ ਮਾਯਾ ਜਾਂ ਪਰਮਾਰਥਿਕ ਵਿਤ ਕਹੀਏ ਧਨ ਜਿਸ ਨਾਲ ਜੀਵਨ ਯਾਤ੍ਰਾ ਦਾ ਨਿਰਵਾਹ ਹੋਵੇ ਸੋ ਵਿੱਤ ਏਸ਼ਣਾ ਹੈ।

(੩) **ਲੋਕ ਏਸ਼ਣਾ** :– ਸਭ ਲੋਕ ਸਾਰੀ ਵਡਿਆਈ ਕਰਨ ਕੋਈ ਵੀ ਨਿੰਦਾ ਨਾ ਕਰੇ ਐਸੀ ਹੰਗਤਾ ਵਾਲੀ ਇੱਛਾ ਜਾਂ ਸਰਵਗ ਆਦਿਕ ਪਰਲੋਕ ਦੀ ਇੱਛਾ।

'ਸੁਤ ਵਿਤ ਲੋਕ ਈਖਣਾ ਤੀਨੀ'

(੧੨) **ਕਾਰਣ** :– ਕਰਮ (ਕ੍ਰਿਆ) ਦੇ ਸਾਧਨ

(੧) **ਮਨ** :– ਸੰਕਲਪ ਵਿਕਲਪ ਰੂਪ ਬਿਰਤੀ

(੨) **ਬਾਣੀ** :– ਵਾਕ ਇੰਦ੍ਰੇ ਦੁਆਰਾ ਬੋਲਣ ਦੀ ਕ੍ਰਿਆ

(੩) **ਕਾਯ** :– ਸਰੀਰ

(੧੩) **ਕਰਤਵਯਾਦੀ** :–

(੧) **ਕਰਤ੍ਰਯ** :– ਕਰਨ ਦੇ ਯੋਗ ਗਯਾਨ ਦੇ ਸਾਧਨ

(੨) **ਗਯਾਤ੍ਰਯ** :– ਜਾਨਣ ਦੇ ਯੋਗ ਗਯਾਨ ਦਾ ਵਿਸ਼ਯ (ਬ੍ਰਹਮ ਅਤੇ ਆਤਮਾ ਦੀ ਅਭੇਦਤਾ)

(੩) **ਪ੍ਰਾਪਤ੍ਰਯ** :– ਪ੍ਰਾਪਤ ਕਰਨ ਯੋਗ ਗਯਾਨ ਦਾ ਫਲ ਮੋਕਸ਼

(੧੪) **ਕਰਮ** :–

(੧) **ਪੁੰਨ ਕਰਮ** (੨) **ਪਾਪ ਕਰਮ** (੩) **ਮਿਸ਼੍ਰ ਕਰਮ** (ਕੁਝ ਪੁੰਨ ਕੁਝ ਪਾਪ ਅੰਸ ਵਾਲਾ)

(ਪੁੰਨ ਅਤੇ ਪਾਪ ਕਰਮ ਪੰਨਾ ੩੫੪ ਵਿਸਥਾਰ ਨਾਲ ਪੜ੍ਹੋ)

(੧) **ਸੰਚਿਤ ਕਰਮ** :– ਜਨਮ ਜਨਮਾਂਤਰਾਂ ਦੇ ਇਕੱਠੇ ਕੀਤੇ ਹੋਏ।

(੨) **ਅਗਾਮੀ ਕਰਮ** :– ਵਰਤਮਾਨ ਜਨਮ ਵਿਚ ਕ੍ਰਿਯਮਾਨ ਕਰਮ।

(੩) **ਪ੍ਰਾਲਬਧ ਕਰਮ** :– ਵਰਤਮਾਨ ਜਨਮ ਦਾ ਅਰੰਭਕ ਕਰਮ।

(ਵਿਸਥਾਰ ਨਾਲ ਬਾਰਵੀਂ ਕਲਾ ਪੜ੍ਹੋ)

(੧) **ਕਰਮ** :–ਵੇਦ ਵਿਹਿਤ (ਵੇਦਾਂ ਵਿਚ ਜਿਨ੍ਹਾਂ ਕਰਮਾਂ ਨੂੰ ਕਰਨ ਦੀ ਆਗਿਆ ਹੈ)

(੨) **ਵਿਕਰਮ** :–ਵੇਦਾਂ ਤੋਂ ਵਿਰੁੱਧ।

(੩) **ਅਕਰਮ** :–ਵੇਦ ਵਿਹਿਤ ਤੇ ਵੇਦ ਵਿਰੁਧ ਦੋਵਾਂ ਤਰ੍ਹਾਂ ਦੇ ਕਰਮਾਂ ਦਾ ਅਕਰਣ (ਨਾ ਕਰਣਾ)।

ਕਰਮਕਾਂਡ ਦੇ ਪੰਜ ਕਰਮਾਂ ਨੂੰ ਵਿਸਥਾਰ ਨਾਲ 'ਵੇਦਾਂਤ ਸਾਰ ਸੰਗ੍ਰਹ' ਗ੍ਰੰਥ ਵਿਚੋਂ ਪੰਨਾ ੭੯ ਤੋਂ ਪੜ੍ਹੋ।

(੧੫) **ਕਾਰਣਵਾਦ** :–

(੧) **ਆਰੰਭਵਾਦ** :– ਜਿਵੇਂ ਦਾਦੇ ਆਦਿਕ ਦੇ ਬਣਾਏ ਪੁਰਾਣੇ ਘਰਾਂ ਦਾ ਨਾਸ ਹੋ ਜਾਵੇ ਤਾਂ ਫਿਰ ਪੁਰਾਣੇ ਘਰ ਵਿਚ ਸਥਿਤ ਇੱਟਾਂ ਆਦਿਕ ਸਮਗਰੀ ਤੋਂ ਫਿਰ ਨਵੇਂ ਘਰ ਦਾ ਆਰੰਭ ਕੀਤਾ

ਜਾਂਦਾ ਹੈ। ਤਿਵੇਂ ਕਾਰਯ ਰੂਪ ਪ੍ਰਿਥਵੀ ਦੇ ਨਾਸ ਤੋਂ ਕਾਰਣ ਪਰਮਾਣੂ ਜਿਉਂ ਦੇ ਤਿਉਂ ਰਹਿੰਦੇ ਹਨ। ਇਨ੍ਹਾਂ ਤੋਂ ਫਿਰ ਹੋਰ ਪ੍ਰਿਥਵੀ ਆਦਿਕ ਦਾ ਅਰੰਭ ਹੁੰਦਾ ਹੈ। ਐਸਾ ਨਯਾਯ ਮਤ ਨਾਲ ਆਰੰਭਵਾਦ ਮੰਨਿਆ ਹੈ। ਇਸ ਵਿਚ ਕਾਰਯ ਅਤੇ ਕਾਰਣ ਦਾ ਭੇਦ ਹੈ।

(੨) **ਪਰੀਣਾਮਵਾਦ** :- ਜਿਵੇਂ ਦੁੱਧ ਦਾ ਪਰੀਣਾਮ (ਰੂਪਾਂਤਰ) ਦਹੀਂ ਹੈ ਤਿਵੇਂ ਸਾਂਖ ਮਤ ਵਿਚ ਪ੍ਰਕ੍ਰਿਤੀ ਦਾ ਪਰੀਣਾਮ ਜਗਤ ਹੈ ਅਤੇ ਉਪਾਸ਼ਕਾਂ ਦੇ ਮਤ ਵਿਚ ਬ੍ਰਹਮ ਦਾ ਪਰੀਣਾਮ ਜਗਤ ਤੇ ਜੀਵ ਹਨ। ਐਸਾ ਪਰੀਣਾਮਵਾਦ ਮੰਨਿਆ ਗਿਆ ਹੈ। ਇਸ ਵਿਚ ਕਾਰਯ ਅਤੇ ਕਾਰਣ ਦਾ ਅਭੇਦ ਹੈ॥

(੩) **ਵਿਵਰਤਵਾਦ** :- ਜਿਵੇਂ ਨਿਰਵਿਕਾਰ ਰੱਸੀ ਵਿਚ ਰੱਸੀ ਰੂਪ ਅਧਿਸ਼ਠਾਨ ਤੋਂ ਭਿੰਨ ਸੱਤਾ ਵਾਲਾ ਹੋਰ ਸ੍ਵਰੂਪ ਸੱਪ ਹੁੰਦਾ ਹੈ। ਸੋ ਰੱਸੀ ਦਾ ਵਿਵਰਤ (ਕਲਪਿਤ ਕਾਰਯ) ਹੈ। ਤਿਵੇਂ ਹੀ ਨਿਰਵਿਕਾਰ ਬ੍ਰਹਮ ਵਿਚ ਅਧਿਸ਼ਠਾਨ ਬ੍ਰਹਮ ਤੋਂ ਭਿੰਨ ਸੱਤਾ ਵਾਲਾ ਹੋਰ ਸ੍ਵਰੂਪ ਜਗਤ ਹੁੰਦਾ ਹੈ। ਸੋ ਬ੍ਰਹਮ ਦਾ ਵਿਵਰਤ (ਕਲਪਿਤ ਕਾਰਯ) ਹੈ। ਐਸਾ ਵੇਦਾਂਤ ਸਿਧਾਂਤ ਵਿਚ ਵਿਵਰਤਵਾਦ ਮੰਨਿਆ ਹੈ। ਇਸ ਵਿਚ ਕਾਰਯ ਦਾ ਤੇ ਕਾਰਣ ਦਾ ਬਾਧ (ਨਾਸ) ਕ੍ਰਿਤ ਅਭੇਦ ਹੈ।

(੧੬) **ਕਾਲ** :- ਸਮਾਂ

(੧) **ਭੂਤਕਾਲ** :- ਬੀਤ ਚੁਕਾ ਸਮਾਂ

(੨) **ਭਵਿਸ਼ਯ ਕਾਲ** :- ਆਉਣ ਵਾਲਾ ਸਮਾਂ

(੩) **ਵਰਤਮਾਨ ਕਾਲ** :- ਚਲ ਰਿਹਾ ਸਮਾਂ

(੧੭) **ਜਾਗ੍ਰਤ** :-

(੧) **ਜਾਗ੍ਰਤ ਜਾਗ੍ਰਤ** :- ਵਰਤਮਾਨ ਜਾਗ੍ਰਤ ਅਵਸਥਾ (ਸਥੂਲ ਸਰੀਰ ਦੀ) ਵਿਚ ਸਰੂਪ ਦਾ ਸਾਕਸ਼ਾਤਕਾਰ ਹੋਣ ਤੋਂ ਅਵਿਦਿਆ ਰੂਪ ਨੀਂਦ ਵਿਚੋਂ ਜਾਗ ਜਾਣਾ।

(੨) **ਜਾਗ੍ਰਤ ਸੁਪਨ** :- ਜਾਗ੍ਰਤ ਅਵਸਥਾ ਵਿਚ ਜੋ ਭੂਤ ਵਾ ਭਵਿੱਖ ਵਾਸਤੇ ਚਿੰਤਨ ਰੂਪ ਮਨੋਰਾਜਯ ਕਹੀਏ ਮਨ ਦੀ ਕਲਪਨਾ ਇਹ ਜਾਗ੍ਰਤ ਵਿਚ ਹੀ ਸੁਪਨਾ ਵੇਖਣਾ ਹੈ।

(੩) **ਜਾਗ੍ਰਤ ਸੁਸ਼ੁਪਤੀ** :- ਜਾਗ੍ਰਤ ਅਵਸਥਾ ਵਿਚ ਭਰਮ ਕਰਕੇ ਬਿਰਤੀ ਜੜ ਰੂਪ ਹੋ ਜਾਣੀ ਵਾ ਅਚੇਤਨ ਹੋਣੀ ਇਹ ਵਯਵਹਾਰਿਕ ਜਾਗ੍ਰਤ ਵਿਚ ਹੀ ਗੂੜ ਨੀਂਦ ਦੇ ਸੁਦਰਸ਼ ਹੈ।

(੧੮) **ਜੀਵ** :-

(੧) **ਪਾਰਮਾਰਥਿਕ ਜੀਵ** :- ਸਾਕਸ਼ੀ (ਕੂਟਸਥ) ਚੇਤਨ (ਸਾਕਸ਼ੀ ਪੰਨਾ ੧੦੦ ਅਖੀਰ ਤੇ ਪੜ੍ਹੋ)।

(੨) **ਵਯਵਹਾਰਿਕ ਜੀਵ** :- ਆਭਾਸ ਸਹਿਤ ਅੰਤਹਕਰਣ ਰੂਪ ਜੀਵ।

(੩) **ਪ੍ਰਾਤੀਭਾਸਿਕ ਜੀਵ** :- ਆਭਾਸ ਸਹਿਤ ਅੰਤਹਕਰਣ ਰੂਪ ਵਯਵਹਾਰਿਕ ਜੀਵ ਵਿਚ ਸੁਪਨ ਅਵਸਥਾ ਦਾ ਅਧਿਅਸਤ (ਕਲਪਿਤ) ਜੀਵ।

(੧) **ਵਿਸ਼੍ਵ** :– ਜਾਗ੍ਰਤ ਵਿਚ ਤਿੰਨ ਦੇਹਾਂ ਦਾ ਅਭਿਮਾਨੀ ਜੀਵ।

(੨) **ਤੈਜਸ** :– ਸੁਪਨ ਅਵਸਥਾ ਵਿਚ ਸਥੂਲ ਦੇਹ ਦੇ ਅਭਿਮਾਨ ਨੂੰ ਛੱਡ ਕੇ ਸੂਖਮ ਅਤੇ ਕਾਰਣ ਇਨ੍ਹਾਂ ਦੋਵਾਂ ਦੇਹਾਂ ਦਾ ਅਭਿਮਾਨੀ ਓਹੀ ਜੀਵ (ਭਾਵ ਓਹੀ ਜੋ ਜਾਗ੍ਰਤ ਵਿਚ ਅਭਿਮਾਨੀ ਹੋਣ ਕਰਕੇ ਵਿਸ਼੍ਵ ਨਾਮ ਵਾਲਾ ਸੀ)।

(੩) **ਪ੍ਰਾਗਯ** :– ਸੁਖੋਪਤੀ ਵਿਚ ਸਥੂਲ ਸੂਖਮ ਦੇਹ ਦੇ ਅਭਿਮਾਨ ਨੂੰ ਛੱਡ ਕੇ ਕੇਵਲ ਕਾਰਣ ਦੇਹ ਦਾ ਅਭਿਮਾਨੀ ਓਹੀ ਜੀਵ (ਓਹੀ ਤੋਂ ਭਾਵ ਜਿਸ ਦਾ ਜਾਗ੍ਰਤ ਵਿਚ ਵਿਸ਼੍ਵ ਨਾਮ ਅਤੇ ਸੁਪਨ ਵਿਚ ਤੈਜਸ ਨਾਮ ਹੁੰਦਾ ਹੈ)।

(੧੯) **ਤਾਪ** :– ਦੁੱਖ

(੧) **ਅਧਯਾਤਮ ਤਾਪ** :– ਸਥੂਲ ਸੂਖਮ ਸਰੀਰ ਵਿੱਚ ਹੋਣ ਵਾਲਾ ਆਧੀ ਅਤੇ ਵਿਆਧੀ ਰੂਪ ਦੁੱਖ। ਸੋ ਅਧਯਾਤਮ ਤਾਪ ਹੈ (ਆਧੀ ਤੇ ਵਿਆਧੀ ਤਾਪ ਪੰਨਾ ੩੩੯ 'ਤੇ ਪੜ੍ਹੋ)॥

(੨) **ਅਧੀਦੈਵ ਤਾਪ** :– ਅਭਿਮਾਨੀ ਦੇਵਤਿਆਂ ਕਰਕੇ ਜੋ ਠੰਢ, ਗਰਮੀ, ਅਤੀਵ੍ਰਿਸ਼ਟੀ ਕਹੀਏ ਬਹੁਤ ਜ਼ਿਆਦਾ ਮੀਂਹ ਪੈਣ ਅਨਾਵ੍ਰਿਸ਼ਟੀ ਕਹੀਏ ਬਿਲਕੁਲ ਮੀਂਹ ਨਾ ਪੈਣਾ, ਵਿਦਯੁਤ ਪਾਤ ਕਹੀਏ ਅਕਾਸ਼ ਵਿਚੋਂ ਬਿਜਲੀ ਚਮਕਣ ਅਤੇ ਬੱਦਲਾਂ ਦੇ ਗਰਜਣ ਅਨੰਤਰ ਬਿਜਲੀ ਦੀ ਪ੍ਰਿਥਵੀ 'ਤੇ ਡਿੱਗਣ ਦੀ ਕ੍ਰਿਆ, ਭੂਕੰਪ ਕਹੀਏ ਭੂਚਾਲ ਆਦਿਕ ਤੋਂ ਦੁੱਖ ਪ੍ਰਾਪਤ ਸੋ ਅਧੀਦੈਵ ਤਾਪ ਹੈ॥

(੩) **ਅਧੀਭੂਤ ਤਾਪ** :– ਸ੍ਵੈ ਸਰੀਰ ਤੋਂ ਭਿੰਨ ਨੇੜ੍ਹਾਂ ਦਾ ਵਿਸ਼ਾ ਬਣਨ ਵਾਲੇ ਪ੍ਰਾਣੀ ਚੋਰ, ਵਯਾਗ੍ਰ ਕਹੀਏ ਬਾਘ ਜਾਂ ਸ਼ੇਰ ਆਦਿਕਾਂ ਤੋਂ ਪ੍ਰਾਪਤ ਦੁੱਖ ਸੋ ਅਧੀਭੂਤ ਤਾਪ ਹੈ॥

(ਅਧਯਾਤਮ, ਅਧੀਦੈਵ ਤੇ ਅਧੀਭੂਤ ਦੇ ਅਰਥ ਪੰਨਾ ੧੦੩ ਤੇ ਟੂਕ (੪),(੫),(੬) ਪੜ੍ਹੋ।

(੨੦) **ਨਾਦਾਦੀ** :–

(੧) **ਨਾਦ** :– ਸੰਸਕ੍ਰਿਤ ਦੀ ਨਦ੍ ਧਾਤੂ ਤੋਂ ਬਣਿਆ ਜਿਸ ਦਾ ਅਰਥ ਹੈ 'ਸ਼ਬਦ ਕਰਨਾ'। ਵਿਦਵਾਨਾਂ ਨੇ ਨਾਦ ਦੇ ਮੁੱਖ ਦੋ ਭੇਦ ਕੀਤੇ ਹਨ :–

(੧) **ਧ੍ਵਨੀਰੂਪ** (ਅਵਾਜ਼) ਜਿਵੇਂ ਘੰਟੇ, ਨਗਾਰੇ ਆਦਿਕ ਦਾ ਸ਼ਬਦ ਵਾ ਓਅੰਕਾਰ ਦਾ ਉਚਾਰਨ ਵਾ ਪਰਾਆਦਿਕ ਚਾਰ ਬਾਣੀਆ (ਵਿਸਥਾਰ ਨਾਲ ਚਾਰ ਬਾਣੀਆ ਪੰਨਾ ੧੦੭ ਤੇ ਟੂਕ ੧੬ ਪੜ੍ਹੋ)

(੨) **ਵਰਣ-ਰੂਪ** ਭਾਵ ਅਕਛਰ ਰੂਪ ਜਿਵੇਂ ਮਨੁੱਖਾਂ ਦੀ ਬੋਲੀ।

(੨) **ਬਿੰਦੂ** :– ਓਅੰਕਾਰ ਦਾ ਅਲਕਛਯ (ਲਕਛਣ ਰਹਿਤ) ਅਰਥ ਰੂਪ ਤੁਰੀਆ ਪਦ।

(੩) **ਕਲਾ** :– ਕਲਾ ਕਹੀਏ ਸ਼ਬਦ ਦੀ ਅੰਸ ਜਾਂ ਅਵਯਵ (ਅੰਗ) ਓਅੰਕਾਰ ਦੀ ਅਕਾਰ, ਮਕਾਰ ਆਦਿਕ ਮਾਤ੍ਰਾ ਪਰਾ ਵਾਣੀ ਰੂਪ ਅੰਕ (ਸ਼ਬਦ ਦਾ ਅਵਯਵ ਕਹੀਏ ਅੰਗ)

(੨੧) **ਨਿਵ੍ਰਿਤੀ** :– ਤਾਦਾਤਮਯ ਸੰਬੰਧ (ਤਦ=ਓਹੀ+ਆਤਮਯ=ਰੂਪ ਭਾਵ ਇਕ ਵਸਤੂ ਦਾ ਮਿਲ ਕੇ ਦੂਸਰੀ ਵਸਤੂ ਨਾਲ ਓਸੇ ਦਾ ਰੂਪ ਹੋਣ ਰੂਪ ਅਭੇਦ ਸੰਬੰਧ) ਦੀ ਨਿਵਿਰਤੀ (ਨਿਵਿਰਤੀ ਵਿਸਥਾਰ ਨਾਲ ਪੰਨਾ ੧੬ ਤੇ ਟੂਕ (੪) ਪੜ੍ਹੋ)

(੧) **ਕ੍ਰਮਜ ਦੀ ਨਿਵ੍ਰਿਤੀ :-** ਗਿਆਨ ਨਾਲ ਭਰਮ (ਅਵਿਵੇਕ) ਦੇ ਨਾਸ ਹੋਣ ਕਰਕੇ ਭਰਮ ਦੇ ਕਾਰਯ ਨਾਲ ਤਦਾਤਮਯ ਸੰਬੰਧ ਦੀ ਨਿਵਿਰਤੀ।

(੨) **ਸਹਜ ਦੀ ਨਿਵ੍ਰਿਤੀ :-** ਸਹਜ ਕਹੀਏ ਸੁਤੇ ਸਿਧ ਜਾਂ ਸੁਭਾਵਿਕ ਤਦਾਤਮਯ (ਸੰਬੰਧ) ਦਾ (1) ਗਿਆਨ ਨਾਲ ਬਾਧ (ਨਾਸ) ਅਤੇ (2) ਆਤਮ ਗਿਆਨੀ ਦੇ ਦੇਹ ਪਾਤ ਤੋਂ ਅਨੰਤਰ ਨਾਸ ਹੁੰਦਾ ਹੈ।

(੩) **ਕ੍ਰਮਜ ਦੀ ਨਿਵ੍ਰਿਤੀ :-** ਪਰਾਲਬਧ ਭੋਗ ਦੇ ਅੰਤ ਹੋਣ ਨਾਲ ਪੂਰਨ ਰੂਪ ਵਿਚ ਕਰਮ ਜਨਯ ਤਦਾਤਮਯ (ਸੰਬੰਧ) ਤੋਂ ਆਤਮ ਗਿਆਨੀ ਦੀ ਨਿਵਿਰਤੀ ਹੁੰਦੀ ਹੈ॥

(੨੨) **ਪਾਪ ਕਰਮ :-** ਕਰਮ ਨਾਮ ਕਿਰਿਆ ਦਾ ਹੈ ਅਤੇ ਕੋਈ ਕਿਰਿਆ ਜੋ ਕਿਸੇ ਵਿਧੀ ਜਾਂ ਵਿਧਾਨ ਤੋਂ ਵਿਰੁੱਧ ਹੋਵੇ ਅਤੇ ਜਿਸ ਦੇ ਲਈ ਕਰਨ ਵਾਲੇ ਨੂੰ ਦੰਡ ਮਿਲੇ ਸੋ ਕਹੀਏ ਪਾਪ। ਧਰਮ ਦੇ ਵਿਰੁਧ ਜੋ ਕੰਮ ਸੋ ਅਧਰਮ ਹਨ। ਧਰਮ ਨਾਲ ਪੁੰਨ ਅਤੇ ਅਧਰਮ ਨਾਲ ਪਾਪ ਪੈਦਾ ਹੁੰਦਾ ਹੈ।

ਕਬੀਰਾ ਜਹਾ ਗਿਆਨੁ ਤਹ ਧਰਮੁ ਹੈ ਜਹਾ ਝੂਠੁ ਤਹ ਪਾਪੁ॥
ਜਹਾ ਲੋਭੁ ਤਹ ਕਾਲੁ ਹੈ ਜਹਾ ਖਿਮਾ ਤਹ ਆਪਿ॥ ੧੫੫॥ (ਅੰਗ ੧੩੭੨)

ਧਰਮ-ਅਧਰਮ ਦਾ ਸੰਬੰਧ ਮਨ ਬਾਣੀ ਸਰੀਰ ਨਾਲ ਹੁੰਦਾ ਹੈ ਸੋ ਪੁੰਨ-ਪਾਪ ਵੀ ਮਨ ਬਾਣੀ ਸਰੀਰ ਦੁਆਰਾ ਕੀਤੇ ਜਾਂਦੇ ਹਨ। ਬੁਧੀ ਤੇ ਵਿਚਾਰਾਂ ਦਾ ਦੂਸ਼ਿਤ ਹੋਣਾ ਪਾਪ ਕਰਮਾਂ ਦਾ ਹੀ ਪਰੀਣਾਮ ਹੈ॥

(੧) **ਉਤਕ੍ਰਿਸ਼ਟ ਪਾਪ ਕਰਮ :-** ਉਤਕ੍ਰਿਸ਼ਟ ਕਹੀਏ ਸਰਵ ਸ੍ਰੇਸ਼ਟ ਵਾ ਉੱਚ ਕੋਟੀ ਦੇ ਪਾਪ ਕਰਮ ਭਾਵ ਪਾਪਾਂ ਵਿਚੋਂ ਜੋ ਵੱਡੇ ਪਾਪ, ਜਿਵੇਂ ਹਿੰਸਾ।

ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥
ਫਿਟਕ ਫਿਟਕਾ ਕੋੜੁ ਬਦੀਆ ਸਦਾ ਸਦਾ ਅਭਿਮਾਨੁ॥

(ਸਲੋਕ ਵਾਰਾਂ ਤੇ ਵਧੀਕ, ਅੰਗ ੧੪੧੩)

(੨) **ਮਧਯਮ ਪਾਪ :-** ਵਿਚਕਾਰ ਵਾਲੇ ਭਾਵ ਜਿਨ੍ਹਾਂ ਦਾ ਫਲ ਉਤਕ੍ਰਿਸ਼ਟ ਪਾਪਾਂ ਤੋਂ ਘੱਟ ਤੇ ਸਾਮਾਨਯ ਪਾਪਾਂ ਤੋਂ ਵੱਧ ਲੱਗਦਾ ਹੈ। ਜਿਵੇਂ ਜੀਵ, ਆਤਮਾ, ਪਰਮਾਤਮਾ ਆਦਿ ਵਿਚ ਅਸ਼ਰਧਾ ਰੱਖਦੇ ਹੋਏ ਕੇਵਲ ਸਰੀਰਕ ਸੁੱਖਾਂ ਨੂੰ ਸਭ ਕੁਛ ਮੰਨ ਲੈਣਾ।

ਹਮ ਨੀਚ ਮਧਿਮ ਕਰਮ ਕੀਏ ਨਹੀ ਚੇਤਿਓ ਹਰਿ ਰਾਇਓ॥

(ਮਾਲੀ ਗਉੜਾ ਮਃ ੪, ਅੰਗ ੯੮੫)

ਮਧਿਮ ਕਹੀਏ ਵਿਚਕਾਰਲੇ ਮੇਲ ਦੇ ਭਾਵ ਸਕਾਮ ਕਰਮ ਅਰਥ ਗ੍ਰਹਣ ਕਰਨਾ ਅਤੇ ਉਤਕ੍ਰਿਸ਼ਟ ਪਾਪ ਤੋਂ ਭਾਵ ਨਖਿਧ ਦੁਸ਼ਕਰਮ।

(੩) **ਸਾਮਾਨਯ ਪਾਪ :-** ਸਾਮਾਨਯ ਕਹੀਏ ਸਾਧਾਰਨ ਕੁਕਰਮ ਜਿਵੇਂ ਮੁਖ ਤੋਂ ਕਠੋਰ ਮਿਥਿਆ ਬਚਨ ਬੋਲਣੇ, ਪਰ ਨਿੰਦਾ, ਧਨ ਚੁਰਾਉਣਾ ਆਦਿਕ।

(੨੩) **ਪੁੰਨ ਕਰਮ :-** ਸਤੋ ਗੁਣ ਦੀ ਅਧਿਕਤਾ ਵਾਲੀ ਕਿਰਿਆ ਸੋ ਕਹੀਏ ਪੁੰਨ ਵਾ ਸ੍ਰੇਸ਼ਟ ਕਰਮ=ਕਿਰਿਆ ਜਿਸ ਦਾ ਫਲ ਸ਼ੁੱਭ ਹੋਵੇ ਭਾਵ ਐਸਾ ਕਰਮ ਜੋ ਸੁਖ ਪ੍ਰਦਾਨ ਕਰਕੇ ਨਸ਼ਟ ਹੋ ਜਾਵੇ।

(੧) **ਉਤਕ੍ਰਿਸ਼ਟ ਪੁੰਨ ਕਰਮ :-** ਉੱਚ ਕੋਟੀ ਦੇ ਪੁੰਨ ਵਾ ਪੁੰਨਾਂ ਦੇ ਵਿਚੋਂ ਸਰਵ ਸ੍ਰੇਸ਼ਟ ਪੁੰਨ। ਜਿਵੇਂ :

ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ॥

(ਅੰਗ ੯੬੨)

ਕੋਟਿ ਪੁੰਨ ਸੁਣਿ ਹਰਿ ਕੀ ਬਾਣੀ॥ ਕੋਟਿ ਫਲਾ ਗੁਰ ਤੇ ਬਿਧਿ ਜਾਣੀ॥

(ਅੰਗ ੨੩੮)

ਉਤਕ੍ਰਿਸ਼ਟ ਪੁੰਨ ਦਾ ਫਲ ਬਾਕੀ ਪੁੰਨਾਂ ਨਾਲੋਂ ਅਧਿਕ ਹੁੰਦਾ ਹੈ ਕਿਉਂਕਿ ਇਹ ਨਿਸ਼ਕਾਮ ਭਾਵਨਾ ਨਾਲ ਕੀਤੇ ਜਾਂਦੇ ਹਨ। ਇਨ੍ਹਾਂ ਪੁੰਨਾਂ ਕਰਕੇ ਹੀ ਪਰਮ-ਪਦ ਪ੍ਰਾਪਤ ਹੁੰਦਾ ਹੈ।

(੨) **ਮਧਯਮ ਪੁੰਨ ਕਰਮ :-** ਮਧਯਮ ਕਹੀਏ ਵਿਚਕਾਰਲੇ ਮੇਲ ਵਾਲੇ ਪੁੰਨ=ਸ਼ੁਭ ਕਰਮ ਜਿਨ੍ਹਾਂ ਦਾ ਫਲ ਉਤਕ੍ਰਿਸ਼ਟ ਪੁੰਨਾਂ ਨਾਲੋਂ ਘੱਟ ਤੇ ਸਾਮਾਨਯ ਪੁੰਨਾਂ ਨਾਲੋਂ ਜ਼ਿਆਦਾ ਹੁੰਦਾ ਹੈ। ਪਿਛਲੇ ਜਨਮਾਂ ਵਿਚ ਬਿਰਤੀ ਨਿਸ਼ਕਾਮ ਨਾ ਹੋਣ ਕਰਕੇ ਪੂਰਨ ਅਵਸਥਾ ਪ੍ਰਾਪਤ ਨਹੀਂ ਹੋ ਸਕੀ ਤਾਂ ਅਨੇਕਾਂ ਸੰਚਿਤ ਪੁੰਨ ਕਰਮਾਂ ਦਾ ਸਦਕਾ ਦੁਰਲਭ ਮਨੁੱਖਾ ਦੇਹੀ ਪ੍ਰਾਪਤ ਹੋਣਾ। ਇਹ ਦੇਹ ਮਧਯਮ ਪੁੰਨਾਂ ਦਾ ਫਲ ਹੈ। ਸੋ ਮਧਯਮ ਪੁੰਨ ਕਰਮਾਂ ਵਿਚ ਪੁੰਨ ਤਾਂ ਕੀਤੇ ਜਾਂਦੇ ਹਨ ਪਰ ਕਾਮਨਾ ਸਹਿਤ।

ਦੇਹ ਤੇਜਣਿ ਜੀ ਰਾਮਿ ਉਪਾਈਆ ਰਾਮ ॥
ਧੰਨੁ ਮਾਣਸ ਜਨਮੁ ਪੁੰਨਿ ਪਾਈਆ ਰਾਮ ॥
ਮਾਣਸ ਜਨਮੁ ਵਡ ਪੁੰਨੇ ਪਾਇਆ ਦੇਹ ਸੁ ਕੰਚਨ ਚੰਗੜੀਆ ॥

(ਵਡਹੰਸ ਮਃ ੪, ਅੰਗ ੫੭੫)

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰ॥

(ਜਪੁਜੀ ਸਾਹਿਬ, ਅੰਗ ੬)

(੩) **ਸਾਮਾਨਯ ਪੁੰਨ ਕਰਮ :-** ਸਾਧਾਰਨ ਪੁੰਨ ਕਹੀਏ ਸ਼ੁਭ ਕਰਮ ਜਿਵੇਂ ਦਾਨ ਕਰਨਾ, ਯੱਗ, ਹਵਨ ਪੂਜਾ ਆਦਿਕ। ਇਹ ਕਰਮ ਕਰਨ ਨਾਲ ਸ਼ਾਂਤੀ ਪ੍ਰਾਪਤ ਨਹੀਂ ਹੁੰਦੀ, ਕਿਉਂਕਿ ਫਲ ਬਹੁਤ ਥੋੜ੍ਹਾ ਹੁੰਦਾ ਹੈ।

ਜਗਨ ਹੋਮ ਪੁੰਨ ਤਪ ਪੂਜਾ ਦੇਹ ਦੁਖੀ ਨਿਤ ਦੂਖ ਸਹੈ॥

(ਰਾਗ ਭੈਰਉ, ਅੰਗ ੧੧੨੭)

ਪੁੰਨ ਦਾਨੁ ਜੋ ਬੀਜਦੇ ਸਭ ਧਰਮ ਰਾਇ ਕੈ ਜਾਈ॥
ਬਿਨੁ ਸਤਿਗੁਰੂ ਜਮਕਾਲੁ ਨ ਛੋਡਈ ਦੂਜੈ ਭਾਇ ਖੁਆਈ॥

(ਸਲੋਕ ਵਾਰਾਂ ਤੇ ਵਧੀਕ, ਅੰਗ ੧੪੧੪)

(੨੪) **ਪ੍ਰਪੰਚ :-** ਪ੍ਰ ਕਹੀਏ ਵਿਸ਼ੇਸ਼ ਕਰਕੇ ਪੰਚ=ਪੰਜ ਅੰਸਾਂ ਤਿੰਨ ਬ੍ਰਹਮ (ਅਸਤੀ, ਭਾਤੀ, ਪ੍ਰਿਯ) ਤੇ ਦੋ ਮਾਯਾ (ਨਾਮ, ਰੂਪ) ਅੰਸਾਂ ਵਾਲਾ ਛਲ ਕਪਟ ਰੂਪ ਜਗਤ।

(੧) **ਸਥੂਲ ਪ੍ਰਪੰਚ :-** ਪ੍ਰਤੱਖ ਇੰਦ੍ਰੀਆਂ ਦਾ ਵਿਸ਼ਾ ਮਿਥਿਆ ਬਾਹਯ ਪੰਜ ਭੌਤਿਕ ਸੰਸਾਰ।

(੨) **ਸੂਕਛਮ ਪ੍ਰਪੰਚ :-** ਜਿਹੜੇ ਸੂਖਮ ਤੱਤ (ਤਨ ਮਾਤ੍ਰਾ) ਦਾ ਪੰਚੀਕਰਣ ਨਹੀਂ ਹੋਇਆ ਉਨ੍ਹਾਂ ਤੱਤਾਂ ਦੀ ਅਦ੍ਰਿਸ਼ਟ ਸ੍ਰਿਸ਼ਟੀ ਸੂਖਮ ਪ੍ਰਪੰਚ ਕਹੀਏ ਹੈ।

(ਵਿਸਥਾਰ ਨਾਲ ਪੰਨਾ ੪੪ 'ਤੇ ਪੜ੍ਹੋ)

(੩) **ਕਾਰਣ ਪ੍ਰਪੰਚ :-** ਮਾਯਾ ਵਾ ਅਵਿਦਿਆ ਜੋ ਸਮਸਤ ਸਥੂਲ, ਸੂਖਮ ਪ੍ਰਪੰਚ ਦਾ ਕਾਰਣ ਰੂਪ ਹੈ।

(੨੫) **ਪ੍ਰਾਣਾਯਾਮ :-** ਯੋਗ ਦੇ ਅੱਠ ਸਾਧਨਾਂ ਵਿਚੋਂ ਚੌਥਾ ਅੰਗ ਵਾ ਸਾਧਨ ਜੋ ਸੁਆਸਾਂ 'ਤੇ ਨਿਯੰਤਰਣ ਕਰਨਾ :-

(੧) **ਪੂਰਕ :-** ਦਸਮ ਦੁਆਰ ਵਿਚ ਸੁਆਸਾਂ ਨੂੰ ਚੜ੍ਹਾਉਣਾ।

(੨) **ਕੁੰਭਕ :-** ਸੁਆਸਾਂ ਨੂੰ ਠਹਿਰਾਉਣਾ।

(੩) **ਰੇਚਕ :-** ਸੁਆਸਾਂ ਨੂੰ ਉਤਾਰਨਾ।

(ਪ੍ਰਾਣਾਯਾਮ ਦੇ ਤਿੰਨ ਪ੍ਰਕਾਰ ਉੱਤਮ, ਮੱਧਜਮ ਤੇ ਕਨਿਸ਼ਟ ਅਤੇ ਚੰਦ੍ਰਾਂਗ ਤੇ ਸੂਰਯਾਂਗ ਪ੍ਰਾਣਾਯਾਮ 'ਵੇਦਾਂਤ ਸਾਰ ਸੰਗ੍ਰਹਿ' ਗ੍ਰੰਥ ਵਿਚੋਂ ਪੰਨਾ ੯੮ 'ਤੇ ਪੜ੍ਹੋ।)

(੨੬) **ਪ੍ਰਾਰਬਧ :-** ਵਰਤਮਾਨ ਜਨਮ ਦਾ ਅਰੰਭਕ ਕਰਮ ਸੋ ਕਹੀਏ ਪ੍ਰਾਰਬਧ। ਪ੍ਰਾਰਬਧ ਦਾ ਫਲ ਤਿੰਨ ਪ੍ਰਕਾਰ ਦਾ ਹੁੰਦਾ ਹੈ :-

(੧) 'ਜਾਤੀ' ਭਾਵ ਸ਼ੁਭ ਦੈਵੀ ਗੁਣਾਂ ਵਾਲੀ ਕੁਲ ਵਿਚ ਜਨਮ ਸੋ ਸ੍ਰੇਸ਼ਟ ਜਾਤੀ ਅਤੇ ਮੰਦੇ ਕਰਮ ਕਰਨ ਵਾਲੇ ਲੋਕਾਂ ਵਿਚ ਸਰੀਰ ਦਾ ਜਨਮ ਸੋ ਮੰਦ ਜਾਤੀ ਹੈ।

(੨) ਆਰਬਲ=ਉਮਰ।

(੩) ਭੋਗ=ਸੁਖ ਦੁੱਖ ਦਾ ਅਨੁਭਵ।

ਪਰਾਰਬਧ ਕੇ ਫਲ ਹੈਂ ਤੀਨ। ਜਾਤਿ ਆਰਬਲ ਭੋਗ ਸੁ ਚੀਨ।

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੧)

ਪਰਾਰਬਧ ਭੋਗ ਦੇ ਤਿੰਨ ਭੇਦ ਹਨ :-

(੧) **ਇੱਛਾ ਪਰਾਰਬਧ :-** ਸ੍ਵੈ-ਇੱਛਾ ਰੂਪ ਪ੍ਰਯਤਨ ਕਰਨ ਨਾਲ ਜੋ ਸੁਖ-ਦੁੱਖ ਉਪਲਬਧ ਹੁੰਦੇ ਹਨ।

(੨) **ਅਨਿੱਛਾ ਪਰਾਰਬਧ :-** ਜਿਨ੍ਹਾਂ ਸੁੱਖ-ਦੁੱਖ ਰੂਪ ਭੋਗਾਂ ਨੂੰ ਪ੍ਰਾਪਤ ਕਰਨ ਦੀ ਚਾਹਤ ਨਾ ਤਾਂ ਆਪਣੇ ਮਨ ਦੀ ਹੋਵੇ ਅਤੇ ਨਾ ਹੀ ਕਿਸੇ ਦੂਸਰੇ ਦੀ ਐਸਾ ਕਰਣ-ਕਰਾਉਣ ਦੀ ਹੋਵੇ ਭਾਵ ਜੋ ਅਨਾਯਾਸ ਕਹੀਏ ਬਿਨਾਂ ਜਤਨ ਤੋਂ ਆਪਣੇ ਆਪ ਪ੍ਰਾਪਤ ਹੋਣ ਵਾਲੇ ਸੁਖ-ਦੁਖ ਰੂਪ ਭੋਗ।

(੩) **ਪਰੇਛਾ ਪਰਾਰਬਧ :-** (ਪਰ+ਇੱਛਾ) ਕਿਸੇ ਪਰ=ਪਰਾਏ ਵਾ ਦੂਸਰੇ ਦੀ ਇੱਛਾ ਨਾਲ ਪ੍ਰਾਪਤ ਹੋਣ ਵਾਲੇ ਸੁੱਖ-ਦੁੱਖ ਰੂਪ ਭੋਗ।

(੨੭) **ਬ੍ਰਹਮ :-** ਵਿਆਪਕ ਵਾ ਕਾਰਣ ਸਰੂਪ

(੧) **ਵੈਰਾਟ੍ :-** ਈਸ਼ਵਰ ਦਾ ਸਥੂਲ ਸਰੀਰ। (ਵਿਸਥਾਰ ਨਾਲ 'ਪੰਚ ਗ੍ਰੰਥਾਵਲੀ' ਗ੍ਰੰਥ ਵਿਚੋਂ ਪੰਨਾ ੪੨੫ ਤੇ ੪੨੬ ਤੇ ਕਬਿਤ ੩੬ ਪੜ੍ਹੋ)

(੨) **ਹਿਰਣਯਗਰਭ** :- ਈਸ਼ਵਰ ਦਾ ਸੂਖਮ ਸਰੀਰ ਜਿਸ ਤੋਂ ਸਮਸਤ ਜੀਵਾਂ ਦੇ ਸੂਖਮ ਸਰੀਰਾਂ ਦੀ ਉਤਪਤੀ ਹੁੰਦੀ ਹੈ। (ਵਿਸਥਾਰ ਨਾਲ 'ਪੰਚ ਗ੍ਰੰਥਾਵਲੀ' ਗ੍ਰੰਥ ਵਿਚੋਂ ਪੰਨਾ ੪੨੪ ਤੇ ਦੋਹਰਾ ੩੨ ਤੇ ੪੨੫ ਤੇ ਛੰਦ ੩੩ ਪੜ੍ਹੋ)

(੩) **ਈਸ਼ਵਰ** :- ਮਾਯਾ ਵਿਸ਼ਿਸ਼ਟ (ਵਿਸ਼ੇਸ਼ਤਾ ਯੁਕਤ) ਚੇਤਨ।

ਸ਼ੁਧ ਸਤੋਗੁਨ ਕੇ ਗੁਨ ਤੇ ਪ੍ਰਤਿਬਿੰਬ ਨ ਆਪਨੋ ਭੂਲ ਨ ਪਾਯੋ॥
ਮਾਯਾ ਖੈਂਚ ਕਰੀ ਅਪਨੇ ਵਸਿ ਈਸ੍ਵਰ ਹੈ ਸਰਬਗ ਕਹਾਯੋ॥ **(ਅਧਜਾਤਮ ਪ੍ਰਕਾਸ਼)**

(੨੮) **ਮਿਸ਼੍ਰ ਕਰਮ** :- ਕੁਝ ਪਾਪ ਅਤੇ ਕੁਝ ਪੁੰਨ ਅੰਸ ਵਾਲਾ ਕਰਮ ਭਾਵ ਜਿਸ ਵਿਚ ਸਕਾਮ ਕਰਮ ਰੂਪ ਬੰਧਨ ਪਾਪ ਅੰਸ ਕਰਕੇ ਹੋਣ ਅਤੇ ਮੋਕਸ਼ ਪ੍ਰਦਾਯਕ ਨਿਸ਼ਕਾਮ ਕਰਮ ਰੂਪ ਪੁੰਨ ਅੰਸ ਹੋਵੇ।

(੧) **ਉਤਕ੍ਰਿਸ਼ਟ ਮਿਸ਼੍ਰ ਕਰਮ** :- ਉਤਕ੍ਰਿਸ਼ਟ ਕਹੀਏ ਸ੍ਰੇਸ਼ਟ ਮਿਸ਼੍ਰ=ਸੰਮਿਲਿਤ ਕਰਮ।

(੨) **ਮਧਜਮ ਮਿਸ਼੍ਰ ਕਰਮ** :- ਮਧਜਮ=ਵਿਚਕਾਰਲੇ ਮਿਸ਼੍ਰ=ਸੰਮਿਲਿਤ ਕਰਮ।

(੩) **ਸਾਮਾਨਯ ਮਿਸ਼੍ਰ ਕਰਮ** :- ਸਾਧਾਰਨ ਮਿਸ਼੍ਰ ਕਹੀਏ ਸੰਮਿਲਿਤ ਕਰਮ।

(੨੯) **ਮੂਰਤੀ** :- ਸਰੂਪ

(੧) **ਬ੍ਰਹਮਾ** :- ਰਜੋਮਈ ਸਰੂਪ

(੨) **ਵਿਸ਼ਣੂ** :- ਸਤੋ ਗੁਣ ਯੁਕਤ ਸਰੂਪ

(੩) **ਸ਼ਿਵ** :- ਤਮੋ ਗੁਣ ਪ੍ਰਧਾਨਤਾ ਵਾਲਾ ਸਰੂਪ

(੩੦) **ਲਕਛਣ ਦੋਸ਼** :-

(੧) **ਅਵਯਾਪਤੀ ਦੋਸ਼** :- ਲਕਛਯ ਦੇ ਇਕ ਦੇਸ਼ (ਸਥਾਨ) ਵਿਚ ਲਕਛਣ (ਚਿੰਨ) ਦਾ ਵਰਤਣਾ।

(੨) **ਅਤੀਵਯਾਪਤੀ ਦੋਸ਼** :- ਲਕਛਯ ਵਿਚ ਵਰਤ ਕੇ ਲਕਛਣ ਦਾ ਅਲਕਛਯ ਵਸਤੂ ਵਿਚ ਵੀ ਵਰਤਣਾ।

(੩) **ਅਸੰਭਵ ਦੋਸ਼** :- ਲਕਛਯ ਵਸਤੂ ਵਿਚ ਲਕਛਣ ਦਾ ਨਾ ਵਰਤਣਾ।

(੩੧) **ਲੋਕ** :- (ਵਿਸਥਾਰ ਨਾਲ ਚੌਦਾਂ ਲੋਕ, ਪੰਨਾ ੨੯੧-੨੯੨ ਤੋਂ ਪੜ੍ਹੋ)

(੧) **ਸਵਰਗ ਲੋਕ** :- ਦੇਵਤਿਆਂ ਦਾ ਲੋਕ।

(੨) **ਮ੍ਰਿਤਯੂ ਲੋਕ** :- ਪ੍ਰਾਣੀਆਂ ਦੀ ਮੌਤ ਹੋਣ ਕਰਕੇ ਪ੍ਰਿਥਵੀ ਮ੍ਰਿਤਯੂ ਲੋਕ ਹੈ।

(੩) **ਪਾਤਾਲ ਲੋਕ** :- ਪ੍ਰਿਥਵੀ ਤੋਂ ਹੇਠਾਂ ਜੋ ਦੈਂਤ, ਦਾਨਵ, ਨਾਗ ਆਦਿਕਾਂ ਦੇ ਨਿਵਾਸ ਵਾਲਾ ਲੋਕ।

(੩੨) **ਵਾਦਾਦੀ** :-

(੧) **ਵਾਦ** :- ਗੁਰੂ-ਸ਼ਿਸ਼ਯ ਦਾ ਸੰਵਾਦ।

(੨) **ਜਲਪ** :- ਜੁਗਤੀ ਪ੍ਰਮਾਣ ਸਹਿਤ ਵਿਦਵਾਨਾਂ ਦੁਆਰਾ ਪਰ (ਪਰਾਈ) ਮਤ ਦਾ ਖੰਡਨ ਅਤੇ ਸ੍ਵੈ ਮਤ ਦਾ ਮੰਡਨ ਰੂਪ ਸੰਵਾਦ।

(੩) **ਵਿਤੰਡਾ :-** ਮੂਰਖਾਂ ਦਾ ਪ੍ਰਮਾਣ, ਜੁਗਤੀ ਰਹਿਤ ਵਾਦ ਕਹੀਏ ਕਥਨ ਅਥਵਾ ਸ੍ਵੈ ਪੱਖ ਦਾ ਸਥਾਪਨ ਕਰਕੇ ਪਰ ਪੱਖ ਦਾ ਹੀ ਖੰਡਨ ਜਿਵੇਂ ਸ਼੍ਰੀ ਹਰਸ਼ ਮਿਸ਼੍ਰਾਚਾਰਯ ਨੇ 'ਖੰਡਨ-ਖੰਡ-ਖਾਦਯ' ਗ੍ਰੰਥ ਵਿਚ ਅਦ੍ਵੈਤ ਮਤ ਦਾ ਪ੍ਰਤੀਪਾਦਨ ਕੀਤਾ ਹੈ।

*(ਜਲਪ ਤੇ ਵਿਤੰਡਾ ਵਾਦ ਪਾਣੀ ਵਿਚ ਮਧਾਣੀ ਪਾਉਣ ਦੇ ਸੁਦਰਸ਼ ਹਨ ਭਾਵ ਕਿ ਕੋਈ ਵਿਚਾਰਾਤਮਕ ਨਿਸ਼ਕਰਸ਼ ਇਨ੍ਹਾਂ ਦੁਆਰਾ ਸਪੱਸ਼ਟ ਨਹੀਂ ਹੁੰਦਾ।)

(੩੩) **ਵਿਧੀ ਵਾਕਯ :-**

(੧) **ਅਪੂਰਵ ਵਿਧੀ ਵਾਕਯ :-** ਅਲੌਕਿਕ ਕਿਰਿਆ (ਜਿਸ ਦਾ ਪੂਰਵ=ਪਹਿਲਾ ਕਥਨ ਅ=ਨਾ ਹੋਵੇ) ਤਿਸਦਾ ਵਿਧਾਯਕ (ਵਿਧਾਨ ਕਹੀਏ ਕਿਸੇ ਕਾਰਯ ਦੀ ਵਯਵਸਥਾ ਕਰਨ ਵਾਲਾ) ਵਾਕਯ।

(੨) **ਨਿਯਮ ਵਿਧੀ ਵਾਕਯ :-** ਪ੍ਰਾਪਤ ਦੋ ਪੱਖਾਂ ਵਿਚੋਂ ਕਿਸੇ ਇਕ ਪੱਖ ਦਾ ਵਿਧਾਯਕ ਵਾਕਯ।

(੩) **ਪਰੀਸੰਖਿਆ ਵਿਧੀ ਵਾਕਯ :-** ਉਭਯ ਕਹੀਏ ਦੋ ਪੱਖਾਂ ਵਿਚੋਂ ਇਕ ਦੇ ਨਿਸ਼ੇਧ (ਖੰਡਨ) ਦਾ ਵਿਧਾਯਕ ਵਾਕਯ।

(੩੪) **ਵੇਦਾਂ ਦੇ ਕਾਂਡ :-**

(੧) **ਕਰਮ ਕਾਂਡ :-** ਨਿੱਤ, ਨਮਿਤ ਆਦਿਕ ਕਰਮਾਂ ਨਾਲ ਸੰਬੰਧਿਤ।

(੨) **ਉਪਾਸਨਾ ਕਾਂਡ :-** ਪੂਜਾ ਦਾ ਵਰਣਨ।

(੩) **ਗਿਆਨ ਕਾਂਡ :-** ਜੀਵ ਬ੍ਰਹਮ ਦੀ ਅਭੇਦਤਾ ਦੇ ਗਿਆਨ ਨੂੰ ਕਥਨ ਕਰਨ ਵਾਲਾ।

*ਵੇਦਾਂ ਵਿਚ 80,000 ਮੰਤ੍ਰ ਕਰਮ ਕਾਂਡ 16,000 ਮੰਤ੍ਰ ਉਪਾਸਨਾ ਕਾਂਡ ਅਤੇ 4000 ਗਿਆਨ ਕਾਂਡ ਦੇ ਹਨ। ਇਹ ਸੰਪੂਰਣ ਗਿਣਤੀ ਜੋ ਇਕ ਲੱਖ ਸੁਰਤੀਆਂ ਦੀ ਹੈ ਵਾਸਤਵ ਵਿਚ ਇਹ ਗਿਣਤੀ ਜ਼ਿਆਦਾ ਹੈ ਕਿੰਤੂ ਸਮੇਂ ਨਾਲ ਵੇਦਾਂ ਦੇ ਕੁਝ ਭਾਗ ਅਲੋਪ ਹੋਣ ਤੋਂ ਹੁਣ ਗਿਣਤੀ ਲਗਭਗ ਇਕ ਲੱਖ ਸੁਰਤੀ ਮੰਨੀ ਗਈ ਹੈ।

*(ਕਰਮਕਾਂਡ, ਉਪਾਸਨਾ ਕਾਂਡ ਤੇ ਗਿਆਨ ਕਾਂਡ ਵਿਸਥਾਰ ਨਾਲ 'ਵੇਦਾਂਤ ਸਾਰ ਸੰਗ੍ਰਹ' ਗ੍ਰੰਥ ਦੇ ਪੰਨਾ ੭੮ ਤੋਂ ੮੭ ਤੱਕ ਪੜ੍ਹੋ)

(੩੫) **ਸਰੀਰ :-** ਦੇਹ

(੧) **ਸਥੂਲ ਸਰੀਰ :-** ਪੱਚੀ ਪ੍ਰਕਿਰਤੀਆਂ ਦਾ ਸਰੀਰ।

(੨) **ਸੂਖਮ ਸਰੀਰ :-** 17 *ਜਾਂ 19 ਤੱਤਾਂ ਦਾ ਸਰੀਰ।

(੩) **ਕਾਰਣ ਸਰੀਰ :-** ਮਾਯਾ ਵਾ ਅਵਿਦਯਿਆ।

*(ਪੰਜ ਕਰਮ ਇੰਦ੍ਰੇ, ਪੰਜ ਗਿਆਨ ਇੰਦ੍ਰੇ, ਪੰਜ ਪ੍ਰਾਣ ਅਤੇ ਅੰਤਹਕਰਣ ਦੇ ਚਾਰ ਭੇਦ : ਮਨ, ਬੁਧ, ਚਿਤ, ਅਹੰਕਾਰ ਮਿਲਾ ਕੇ ਉਨ੍ਹੀ ਤੱਤ ਬਣਦੇ ਹਨ। ਜੇਕਰ ਅੰਤਹਕਰਣ ਦੇ ਭੇਦਾਂ ਵਿਚੋਂ ਕੇਵਲ ਮਨ ਤੇ ਬੁਧ ਗਿਣੇ ਜਾਣ ਤਾਂ ਕੇਵਲ ਸਤਾਰਾਂ ਤੱਤਾਂ ਦਾ ਸੂਖਮ ਸਰੀਰ ਕਿਹਾ ਜਾਂਦਾ ਹੈ।)

(੩੬) **ਸ਼੍ਰਵਣਾਦੀ :-** ਗਿਆਨ ਪ੍ਰਾਪਤੀ ਦੇ ਸਾਧਨ ਜੋ :-

(੧) ਸਰਵਣ

(੨) ਮੰਨਨ

(੩) ਨਿਧਿਆਸਣ

(ਵਿਸਥਾਰ ਨਾਲ ਤਿੰਨੇ ਸਾਧਨ ਪੰਨਾ ੨੯ 'ਤੇ ਟੂਕ ੨੬ ਪੜ੍ਹੋ)

(੩੭) **ਸ਼੍ਰਵਣਾਦੀ ਦਾ ਫਲ** :-

(੧) **ਸਰਵਣ ਦਾ ਫਲ** :- ਪ੍ਰਮਾਣਗਤ ਸੰਛੇ ਦਾ ਨਾਸ।

(੨) **ਮੰਨਨ ਦਾ ਫਲ** :- ਪ੍ਰਮੇਯਗਤ ਸੰਛੇ ਦੀ ਨਿਵਿਰਤੀ।

(੩) **ਨਿਧਿਆਸਣ ਦਾ ਫਲ** :- ਵਿਪਰੀਯੇ ਕਹੀਏ ਵਿਪਰੀਤ ਭਾਵਨਾ ਜੋ ਭਰਮ ਦਾ ਨਾਸ।

(ਦੋ ਪ੍ਰਕਾਰ ਦੇ ਸੰਛਯ ਤੇ ਵਿਪਰੀਤ ਭਾਵਨਾ ਪੰਨਾ ੨੯ ਟੂਕ (੨੫) ਤੇ (੨੬) ਪੜ੍ਹੋ। ਹੋਰ ਵਿਸਥਾਰ ਨਾਲ ਪੰਨਾ ੩੩੯ ਤੇ (੩) ਅਸੰਭਾਵਨਾ ਅਤੇ ਪੰਨਾ ੩੪੫ ਤੇ (੧੮) ਵਿਪਰੀਤਭਾਵਨਾ ਪੜ੍ਹੋ।

(੩੮) **ਸੰਬੰਧ** :- ਮੇਲ ਵਾ ਸੰ ਕਹੀਏ ਭਲੀ ਪ੍ਰਕਾਰ ਬੰਧ=ਬੰਨ੍ਹੇ ਜਾਣਾ ਸੋ ਕਹੀਏ ਸੰਬੰਧ।

(੧) **ਸੰਯੋਗ ਸੰਬੰਧ** :- ਸੰਯੋਗ ਦਾ ਅਰਥ ਮਿਸ਼੍ਰਿਤ ਕਰਨਾ ਭਾਵ ਮਿਲਣਾ ਹੈ। ਦੋ ਪ੍ਰਿਥਕ (ਵੱਖਰੇ) ਸੱਤਾਧਾਰੀ ਪਦਾਰਥਾਂ ਵਿਚ ਆਤਮਭਾਵ (ਇਕ ਸਰੂਪ) ਹੋਣਾ ਸੰਯੋਗ ਕਹੀਏ ਹੈ। ਇਸ ਦੇ ਦੋ ਭੇਦ ਹਨ :-

(1) ਦੇਸ਼ਪ੍ਰਤਯ ਸੱਤੀਕ੍ਰਿਤ ਸੰਯੋਗ ਸੰਬੰਧ ਭਾਵ ਦੋ ਦ੍ਰਵਯ (ਪਦਾਰਥਾਂ) ਦੇ ਅਵਯਵਾ (ਅੰਗਾਂ) ਦਾ ਮਿਲ ਕੇ ਰਹਿਣਾ।

(2) ਗੁਣਪ੍ਰਤਯਾ ਸੱਤੀਕ੍ਰਿਤ ਸੰਯੋਗ ਸੰਬੰਧ :- ਗੁਣਾਂ ਦੁਆਰਾ ਜੋ ਪਰਸਪਰ ਇਕ ਦੂਸਰੇ ਨੂੰ ਗ੍ਰਹਣ ਕਰਨਾ।

ਸੰਯੋਗ ਸੰਬੰਧ ਅਨਿੱਤ ਸੰਬੰਧ ਹੈ।

(੨) **ਸਮਵਾਯ ਸੰਬੰਧ** :- ਇਹ ਨਿੱਤਯ ਅਤੇ ਅਪ੍ਰਿਥਕ (ਜੋ ਵੱਖਰਾ ਨਾ ਹੋਵੇ) ਸੰਬੰਧ ਹੈ। ਜਿਵੇਂ ਕਲਮ ਦਾ ਕਲਮ ਦੇ ਰੰਗ ਨਾਲ ਹੈ ਭਾਵ ਐਸਾ ਸੰਬੰਧ ਜਿਸ ਤੋਂ ਬਿਨਾਂ ਵਸਤੂ ਦੀ ਸੱਤਾ ਹੀ ਨਾ ਰਹੇ ਸੋ ਸਮਵਾਯ ਸੰਬੰਧ ਕਹੀਏ ਹੈ। ਦ੍ਰਵਯ ਦਾ ਗੁਣ ਨਾਲ, ਦ੍ਰਵਯ ਦਾ ਕ੍ਰਿਆ ਨਾਲ,ਅਵਯਵ ਦਾ ਅਵਯਵੀ ਨਾਲ,ਜਾਤੀ ਦਾ ਵਿਅਕਤੀ ਨਾਲ ਸਮਵਾਯ ਸੰਬੰਧ ਹੁੰਦਾ ਹੈ।

(੩) **ਤਦਾਤਮਯ ਸੰਬੰਧ** :- (ਤਦ=ਓਹੀ ਆਤਮਯ=ਰੂਪ) ਭਾਵ ਇਕ ਵਸਤੂ ਦਾ ਮਿਲ ਕੇ ਦੂਸਰੀ ਵਸਤੂ ਨਾਲ ਓਸੇ ਦਾ ਹੀ ਸਰੂਪ ਹੋਣ ਰੂਪ ਅਭੇਦ ਸੰਬੰਧ। ਜਿਵੇਂ ਪ੍ਰਕਿਰਤੀ (ਮਾਯਾ) ਦਾ ਬ੍ਰਹਮ ਨਾਲ ਅਨਾਦੀ ਕਲਪਿਤ ਤਦਾਤਮਯ ਸੰਬੰਧ ਹੈ ਭਾਵ ਵਾਸਤਵਿਕ ਅਭੇਦ ਸਹਿਤ ਕਲਪਿਤ ਭੇਦ ਰੂਪ ਸੰਬੰਧ॥

(੩੯) **ਸੁਸ਼ੁਪਤੀ** :- (ਜਾਗ੍ਰਤ ਵਿਚ)

(੧) **ਸੁਸ਼ੁਪਤੀ ਜਾਗ੍ਰਤ** :- ਸਤੋਮਈ ਬਿਰਤੀ ਸਹਿਤ ਸੁਖ ਰੂਪ ਸੁਖੋਪਤੀ।

(੨) **ਸੁਸ਼ੁਪਤੀ ਸ੍ਵਪਨ** :- ਰਾਜਸੀ ਵ੍ਰਿਤੀ ਪੂਰਵਕ (ਸਹਿਤ) ਦੁੱਖ ਰੂਪ ਸੁਖੋਪਤੀ।

(੩) **ਸੁਸ਼ੁਪਤੀ ਸੁਸ਼ੁਪਤੀ** :- ਤਾਮਸੀ ਵ੍ਰਿਤੀ ਪੂਰਵਕ (ਸਹਿਤ) ਗੂੜੀ ਨੀਂਦ ਰੂਪ ਸੁਖੋਪਤੀ।

(੪੦) **ਸ੍ਵਪਨ** :-

(੧) **ਸ੍ਵਪਨ ਜਾਗ੍ਰਤ :-** ਸੱਤਯ (ਯਥਾਰਥ) ਅਰਥ ਦਾ ਸੁਪਨ ਵਿਚ ਦਰਸ਼ਨ।

(੨) **ਸ੍ਵਪਨ ਸ੍ਵਪਨ :-** ਸੁਪਨੇ ਵਿਚ ਰਜੂ-ਸਰਪ ਆਦਿਕ ਭ੍ਰਾਂਤੀ ਦਾ ਦਰਸ਼ਨ।

(੩) **ਸ੍ਵਪਨ ਸੁਸ਼ੁਪਤੀ :-** ਵੇਖੇ ਹੋਏ ਸੁਪਨੇ ਦਾ ਅਸਮਰਣ (ਯਾਦ, ਸਮ੍ਰਿਤੀ ਨਾ ਆਉਣੀ)।

(੪੧) **ਹੇਤ੍ਵਾਦੀ :-**

(੧) **ਹੇਤੂ :-** ਕਾਰਨ

(੨) **ਸ੍ਵਰੂਪ :-** ਵਜੂਦ ਵਾ ਨਿਜ ਰੂਪ

(੩) **ਫਲ :-** ਪ੍ਰਯੋਜਨ

ਸ੍ਵਰੂਪ ਸਚਿਦਾਨੰਦ ਦਾ ਹੇਤੂ ਦ੍ਰਿੜ ਅਪਰੋਕਸ਼ ਗਿਆਨ ਅਤੇ ਫਲ ਮੋਕਸ਼ ਹੈ।

(੪੨) **ਗਿਆਤਾਦੀ :-**

(੧) **ਗਿਆਤਾ :-** ਜਾਨਣ ਵਾਲਾ

(੨) **ਗਿਆਨ :-** ਬੋਧ, ਸਮਝ

(੩) **ਗੇਯ :-** ਜਾਨਣ ਯੋਗ ਵਸਤੂ

ਗਿਆਤਾ, ਗਿਆਨ, ਗੇਯ ਜੋ ਤਿੰਨ ਪੁਟ ਕਹੀਏ ਅਕਾਰ ਵਾਲੀ ਸੋ ਕਹੀਏ ਤ੍ਰਿਪੁਟੀ। ਤ੍ਰਿਪੁਟੀਆਂ ਵਿਚ ਆਪਣੇ ਆਪ ਨੂੰ ਜਾਨਣਾ ਸੋ ਕਹੀਏ ਅਪਰਮਾ ਗਿਆਨ ਅਤੇ ਆਪਣੇ ਆਪ ਨੂੰ ਤ੍ਰਿਪੁਟੀਆਂ ਦਾ ਪ੍ਰਕਾਸ਼ਕ ਅਧਿਸ਼ਠਾਨ ਜਾਨਣਾ ਸੋ ਕਹੀਏ ਪਰਮਾ ਗਜਾਨ।

✲(ਤ੍ਰਿਪੁਟੀ ਵਿਸਥਾਰ ਨਾਲ 'ਵੇਦਾਂਤ ਸਾਰ ਸੰਗ੍ਰਹ' ਵਿਚੋਂ ਪੰਨਾ ੬੫,੬੬ ਤੋਂ ਪੜ੍ਹੋ)

(੪੩) **ਗਿਆਨ ਪ੍ਰਤੀਬੰਧਕ :-** ਦ੍ਰਿੜ ਬ੍ਰਹਮ ਗਿਆਨ=ਬੋਧ ਦੇ ਪ੍ਰਤੀਬੰਧਕ=ਵਿਰੋਧਕ :-

(੧) **ਸੰਸ਼ਯ :-** ਦੋ ਕੋਟੀ ਵਾਲਾ ਗਿਆਨ।

(੨) **ਅਸੰਭਾਵਨਾ :-** ਵਾਸਤਵਿਕ ਵਿਚ ਸੱਤਾ ਹੋ ਸੰਭਵ ਹੀ ਨਹੀਂ ਸਕਦੀ ਐਸਾ ਗਿਆਨ।

(੩) **ਵਿਪਰੀਤ ਭਾਵਨਾ :-** ਉਲਟ ਨਿਸ਼ਚਾ ਰੂਪ ਗਿਆਨ।

✲ ਸੰਸ਼ਯ ਤੇ ਵਿਪਰੀਯੇ ਪੰਨਾ ੨੯ 'ਤੇ ਟੂਕ (੨੫) ਅਤੇ (੨੬) ਪੜ੍ਹੋ।

✲ ਪ੍ਰਮਾਣਗਤ ਵਿਪਰੀਤ ਭਾਵਨਾ ਤੇ ਪ੍ਰਮੇਯਗਤ ਵਿਪਰੀਤ ਭਾਵਨਾ ਪੰਨਾ ੩੪੫ ਤੇ ਨੰਬਰ (੧੮) ਪੜ੍ਹੋ।

✲ ਪ੍ਰਮਾਣਗਤ ਅਸੰਭਾਵਨਾ ਤੇ ਪ੍ਰਮੇਯਗਤ ਅਸੰਭਾਵਨਾ ਪੰਨਾ ੩੩੬ 'ਤੇ ਪੜ੍ਹੋ।

(੪੪) **ਗਯਾਨਾਦੀ :-**

(੧) **ਗਯਾਨ :-** ਬੋਧ, ਸਮਝ।

(੨) **ਵੈਰਾਗ :-** ਰਾਗ ਕਹੀਏ ਮੋਹ, ਆਸਕਤੀ ਦਾ ਵੈ=ਤਿਆਗ।

(੩) **ਉਪਸ਼ਮ :-** ਇੰਦ੍ਰੇ ਨਿਗ੍ਰਹ ਵਾ ਮਨ ਨਿਗ੍ਰਹ ਸਹਿਤ ਸ਼ਮ=ਸ਼ਾਂਤ ਮਨ ਦੁਆਰਾ ਸ੍ਵੈ ਸਰੂਪ ਦੀ ਉਪ=ਸਮੀਪਤਾ ਪ੍ਰਾਪਤ ਕਰਨਾ।

✲ ਦੋ ਪ੍ਰਕਾਰ ਦਾ ਗਯਾਨ ਪਰੋਕਸ਼ ਤੇ ਅਪਰੋਕਸ਼ ਵਿਸਥਾਰ ਨਾਲ ਪ੍ਰਥਮ ਕਲਾ ਵਿਚੋਂ ਪੜ੍ਹੋ।

✲ ਵੈਰਾਗ ਵਿਸਥਾਰ ਨਾਲ ਪੰਨਾ ੨੧੭ ਤੇ ਟੂਕ (੧੩) ਪੜ੍ਹੋ।

ਧਦਾਰ੍ਥ ਚਤੁਰ੍ਵਿਧ॥ ੪॥
॥ ਪਦਾਰਥ ਚਤੁਰਵਿਧ ॥ ੪ ॥

ਵੇਦਾਂਤ ਸਾਸ਼ਤ੍ਰ ਦੇ ਪ੍ਰਮੁੱਖ ਚਤੁਰਵਿਧ=ਚਾਰ ਤਰ੍ਹਾਂ ਦੇ ਪਦਾਰਥ=ਵਸਤੂਆਂ ਦਾ ਕਥਨ ਕਰਦੇ ਹਨ :-

(੧) **ਅਨੁਬੰਧ :-** ਆਪਣੇ ਗਿਆਨ ਦੇ ਅਨੰਤਰ ਪੁਰਸ਼ ਨੂੰ ਗ੍ਰੰਥ ਵਿਚ ਜੋੜਨ ਵਾਲਾ।

(੧) **ਅਧਿਕਾਰੀ :-** ਮਲ-ਵਿਕਸ਼ੇਪ ਰੂਪ ਦੋਸ਼ ਰਹਿਤ ਅਤੇ ਕੇਵਲ ਆਵਰਣ (ਅਗਿਆਨ) ਰੂਪ ਦੋਸ਼ ਸਹਿਤ ਹੋਇਆ ਜੋ ਵਿਵੇਕਾਦੀ ਚਾਰ ਸਾਧਨਾਂ ਦੇ ਸਹਿਤ ਪੁਰਸ਼ ਸੋ ਵੇਦਾਂਤ ਦਾ ਅਧਿਕਾਰੀ ਹੈ।

ਮਲ ਬਿਛੇਪ ਜਾਕੇ ਨਹੀ ਕਿੰਤੂ ਏਕ ਅਗਯਾਨ।
ਹੈ ਚਵ ਸਾਧਨ ਸਹਿਤ ਨਰ ਸੋ ਅਧੀਕ੍ਰਿਤ ਮਤਿਮਾਨ॥ ੧॥

(ਵਿਚਾਰ ਸਾਗਰ)

(੨) **ਵਿਸ਼ਯ :-** ਬ੍ਰਹਮ ਅਤੇ ਆਤਮਾ ਦੀ ਏਕਤਾ ਵੇਦਾਂਤ ਸ਼ਾਸਤ੍ਰ ਦਾ ਵਿਸ਼ਯ ਹੈ।

ਜੀਵ ਬ੍ਰਹਮ ਕੀ ਏਕਤਾ ਕਹਤ ਵਿਸ਼ਯ ਜਨ ਬੁਧਿ।
ਤਿਨਕੋ ਜੋ ਅੰਤਰ ਲਹੈ ਤੇ ਮਤਿਮੰਦ ਅਬੁਧਿ॥ ੨੫॥

(ਵਿਚਾਰ ਸਾਗਰ)

(੩) **ਪ੍ਰਯੋਜਨ :-** ਸਰਵ ਦੁੱਖਾਂ ਦੀ ਨਵਿਰਤੀ ਅਤੇ ਪਰਮਾਨੰਦ ਦੀ ਪ੍ਰਾਪਤੀ ਰੂਪ ਮੋਕਸ਼ ਸੋ ਕਹੀਏ ਪ੍ਰਯੋਜਨ (ਫਲ)।

ਪਰਮਾਨੰਦ ਸ੍ਵਰੂਪ ਕੀ ਪ੍ਰਾਪਤੀ ਪ੍ਰਯੋਜਨ ਜਾਨਿ।
ਜਗਤ ਸਮੂਲ ਅਨਰਥ ਪੁਨਿ ਹ੍ਵੈ ਤਾਕੀ ਅਤਿਹਾਨਿ॥ ੨੬॥

(ਵਿਚਾਰ ਸਾਗਰ)

(੪) **ਸੰਬੰਧ :-** ਗ੍ਰੰਥ ਦਾ ਅਤੇ ਵਿਸ਼ਯ ਦਾ ਪ੍ਰਤੀਪਾਦਕ-ਪ੍ਰਤੀਪਾਦਯ ਰੂਪ ਸੰਬੰਧ ਹੈ।

ਜੋ ਪ੍ਰਤੀਪਾਦਨ (ਕਥਨ) ਕਰਨ ਵਾਲਾ ਸੋ ਪ੍ਰਤੀਪਾਦਕ ਕਹੀਏ ਹੈ ਅਤੇ ਜੋ ਪ੍ਰਤੀਪਾਦਨ (ਕਥਨ) ਕਰਨ ਦੇ ਯੋਗ ਹੋਵੇ ਸੋ ਪ੍ਰਤੀਪਾਦਯ ਕਹੀਏ ਹੈ।

ਪ੍ਰਤੀਪਾਦਕ ਪ੍ਰਤੀਪਾਦਯਤਾ ਗ੍ਰੰਥ ਬ੍ਰਹਮ ਸੰਬੰਧ।

(ਵਿਚਾਰ ਸਾਗਰ)

(੨) **ਅੰਤਹਕਰਣ :-** ਅੰਤਹ=ਅੰਦਰ ਦੀਆਂ ਕਿਰਿਆ ਨੂੰ ਕਰਣ ਵਾਲਾ ਸੋ ਕਹੀਏ ਅੰਤਹਕਰਣ।

(੧) **ਮਨ :-** ਸੰਕਲਪ ਵਿਕਲਪ ਰੂਪ ਬ੍ਰਿਤੀ।

(੨) **ਬੁਧੀ :-** ਨਿਸ਼ਚੇ ਰੂਪ ਬ੍ਰਿਤੀ।

(੩) **ਚਿਤ :-** ਚਿੰਤਨ (ਸਮਰਣ=ਯਾਦ) ਰੂਪ ਵ੍ਰਿਤੀ।

(੪) **ਅਹੰਕਾਰ** :- ਹੰਗਤਾ ਰੂਪ ਵ੍ਰਿਤੀ।

(੩) **ਆਰਤਾਦਿਕ ਭਗਤ** :-

(੧) **ਆਰਤ** :- ਅਧਯਾਤਮ ਆਦਿਕ ਦੁੱਖਾਂ ਕਰਕੇ ਵਯਾਕੁਲ (ਅਧਯਾਤਮ ਆਦਿਕ ਤਾਪ ਪੰਨਾ ੩੩੯ 'ਤੇ ਪੜ੍ਹੋ)

(੨) **ਜਗਿਆਸੂ** :- ਭਗਵਤ ਤਤ੍ਵ (ਬ੍ਰਹਮ ਆਤਮਾ) ਨੂੰ ਜਾਨਣ ਦੀ ਤੀਬਰ ਇੱਛਾ ਵਾਲਾ ਵਾ ਜਿਸ ਦੇ ਅੰਦਰ ਪ੍ਰਮੇਸ਼ਰ ਨੂੰ ਮਿਲਣ ਦੀ ਆਸਾ ਜਾਗੀ ਹੋਵੇ।

(੩) **ਅਰਥਾਰਥੀ** :- ਇਸ ਲੋਕ (ਮਾਤ ਲੋਕ) ਵਾ ਪਰਲੋਕ (ਸ੍ਵਰਗ) ਦੇ ਭੋਗਾਂ ਦੀ ਇੱਛਾ ਵਾਲਾ।

(੪) **ਗਯਾਨੀ** :- ਜੀਵਨਮੁਕਤ ਵਿਦਵਾਨ (ਆਤਮਾ ਨੂੰ ਵਿਦ=ਜਾਨਣ ਵਾਨ=ਵਾਲਾ)।

चतुर्विधा भजन्ते मां जनाः सुकृतिनोऽर्जुन।
आर्तो जिज्ञासुरर्थार्थी ज्ञानी च भरतर्षभ॥
(चतुर+विधा) भजंते माम् जनाः (सुकृितनॊ+अरजुन)।
आरतॊ (जिगयासुः+अरथ+अरथी) गयानी च भरतरशभ॥

(ਭਗਵਤ ਗੀਤਾ, ਅਧਿਆਏ 7, ਸਲੋਕ 16)

(੪) **ਆਸ਼੍ਰਮ** :-

(੧) **ਬ੍ਰਹਮਚਰਯ** :- (1-25 ਸਾਲ)

(੨) **ਗ੍ਰਿਹਸਥ** :- (25-50 ਸਾਲ)

(੩) **ਬਾਨਪ੍ਰਸਥ** :- (50-75 ਸਾਲ)

(੪) **ਸੰਨਿਆਸ** :- (75-100 ਸਾਲ)

(੫) **ਉਤਪਤਯਾਦੀ ਕ੍ਰਿਆ** :- ਇਥੇ ਕ੍ਰਿਆ ਸ਼ਬਦ ਤੋਂ ਭਾਵ ਕੀਤਾ ਜੋ ਕਰਮ ਤਿਸਦਾ ਫਲ ਹੈ।

(੧) **ਉਤਪਤੀ** :- ਆਦਯ ਲਕਛਣ ਕਹੀਏ ਪ੍ਰਥਮ ਚਿੰਨ (ਜਨਮ) ਜਿਵੇਂ ਕੁਲਾਲ (ਘੁਮਿਆਰ) ਦੀ ਕ੍ਰਿਆ ਦਾ ਫਲ ਰੂਪ ਘੜੇ ਦੀ ਉਤਪਤੀ।

(੨) **ਪ੍ਰਾਪਤੀ** :- ਗਮਨ ਰੂਪ ਕ੍ਰਿਆ ਦਾ ਵਾਂਛਿਤ ਦੇਸ਼ ਦੀ ਪ੍ਰਾਪਤੀ ਰੂਪ ਫਲ।

(੩) **ਵਿਕਾਰ** :- ਅਨਯ (ਹੋਰ) ਰੂਪ ਦੀ ਪ੍ਰਾਪਤੀ। ਜਿਵੇਂ ਪਾਕ (ਰਸੋਈ) ਰੂਪ ਕ੍ਰਿਆ ਦਾ ਫਲ ਰੂਪ ਅੰਨ ਦਾ ਵਿਕਾਰ (ਪਲਟਨਾ ਜਾਂ ਬਦਲਣਾ) ਹੈ।

(੪) **ਸੰਸਕਾਰ** :- ਸ਼ੁਧੀਕਰਣ

(੧) ਮਲ ਦੀ ਨਿਵਿਰਤੀ ਅਤੇ (੨) ਗੁਣ ਦੀ ਪ੍ਰਾਪਤੀ ਇਸ ਭੇਦ ਤੋਂ ਸੰਸਕਾਰ ਦੋ ਪ੍ਰਕਾਰ ਦੇ ਹੁੰਦੇ ਹਨ।

(੧) ਜਿਵੇਂ ਬਸਤਰ ਦੇ ਪ੍ਰਕਸ਼ਾਲਨ ਕਹੀਏ ਧੋਣ ਵਾ ਸਾਫ ਕਰਨ ਰੂਪ ਕ੍ਰਿਆ ਦਾ ਫਲ ਰੂਪ ਮਲ ਦੀ ਨਵਿਰਤੀ ਸੋ ਪ੍ਰਥਮ ਅਤੇ

(੨) ਕੁਸੁੰਭ (ਕੱਚੇ ਰੰਗ) ਵਿਚ ਬਸਤਰਾਂ ਨੂੰ ਧੋਣ ਰੂਪ ਕ੍ਰਿਆ ਦਾ ਫਲ ਰੂਪ ਰਕਤ (ਲਾਲ) ਗੁਣ ਦੀ ਉਤਪਤੀ ਹੁੰਦੀ ਹੈ ਸੋ ਦ੍ਵੀਤੀਯ ਹੈ।

(੬) **ਚਿਤ ਨਿਰੋਧ ਯੁਕਤੀ :-** ਚਿਤ ਦੀ ਚੰਚਲਤਾ ਨੂੰ ਰੋਕਣ ਦੀ ਜੁਗਤੀ :-

(੧) **ਆਤਮ ਵਿਦਿਆ :-** ਬ੍ਰਹਮ ਵਿਦਿਆ।

(੨) **ਸਾਧੂ ਸੰਗ :-** ਮਨ ਨੂੰ ਸਾਧਣ ਵਾਲੇ ਸਿਧ ਪੁਰਸ਼ਾਂ ਦੀ ਸੰਗਤ (ਵੈਰਾਗ)।

(੩) **ਵਾਸਨਾ ਤਿਆਗ :-** ਬ੍ਰਹਮ ਲੋਕ ਤੱਕ ਭੋਗਾਂ ਦਾ ਤਿਆਗ।

(੪) **ਪ੍ਰਾਣਾਯਾਮ :-** ਪ੍ਰਾਣ ਵਾਯੂ (ਸੁਆਸ-ਗਿਰਾਸ) ਤੇ ਨਿਯੰਤਰਣ।

(੭) **ਧਰਮਾਦੀ :-** ਚਾਰ ਪੁਰਸ਼ਾਰਥ (ਵਿਸਥਾਰ ਨਾਲ ਪੰਨਾ ੧੬, ਟੂਕ (੧) ਤੋਂ ਪੜ੍ਹੋ)

(੧) **ਧਰਮ** (ਮਰਿਆਦਾ)

(੨) **ਅਰਥ** (ਧਨ)

(੩) **ਕਾਮ** (ਕਾਮਨਾ ਕਹੀਏ ਇੱਛਾ)

(੪) **ਮੋਕਸ਼** (ਮੁਕਤੀ)

(੮) **ਪੁਰਸ਼ਾਰਥ :-** ਪੁਰਸ਼ ਦੀ ਇੱਛਾ ਦਾ ਵਿਸ਼ੇ ਸੋ ਕਹੀਏ ਪੁਰਸ਼ਾਰਥ ਵਾ ਉੱਦਮ (ਧਰਮ,ਅਰਥ, ਕਾਮ, ਮੋਖ ਚਾਰ ਪਦਾਰਥਾਂ ਦੀ ਪ੍ਰਾਪਤੀ ਦਾ ਉੱਦਮ)

(੧) ਧਰਮ (੨) ਅਰਥ (੩) ਕਾਮ (੪) ਮੋਕਸ਼।

(੯) **ਪੂਜਾ ਪਾਤ੍ਰ :-** ਪੂਜਾ ਦਾ ਪਾਤ੍ਰ=ਅਧਿਕਾਰੀ :-

(੧) **ਬ੍ਰਹਮ ਨਿਸ਼ਠ :-** ਬ੍ਰਹਮ ਵਿਚ ਨਿਸ਼ਠ=ਇਸਥਿਤ।

(੨) **ਮੁਮੁਕਸ਼ੂ :-** ਮੋਕਸ਼ ਦੀ ਪ੍ਰਬਲ ਇੱਛਾ ਵਾਲਾ।

(੩) **ਹਰੀਦਾਸ :-** ਹਰੀ=ਪਰਮੇਸ਼ਰ ਦਾ ਦਾਸ=ਸੇਵਕ।

(੪) **ਸ੍ਵਧਰਮ ਨਿਸ਼ਠ :-** ਸ੍ਵੈ=ਆਪਣੇ ਧਰਮ ਵਿਚ ਪ੍ਰਪੱਕ।

(੧੦) **ਪ੍ਰਮਾਣ :-** ਪ੍ਰਮਾ ਗਯਾਨ (ਆਪਣੇ ਆਪ ਨੂੰ ਤ੍ਰਿਪੁਟੀਆਂ ਦਾ ਪ੍ਰਕਾਸ਼ਕ ਅਧਿਸ਼ਠਾਨ ਜਾਨਣਾ ਸੋ ਕਹੀਏ ਪਰਮਾ ਗਯਾਨ) ਦਾ ਕਾਰਣ ਪ੍ਰਮਾਣ ਹੈ। ਇੱਥੇ ਚਾਰ ਪ੍ਰਮਾਣਾਂ ਦਾ ਕਥਨ ਨਯਾਯੇ ਰੀਤ ਅਨੁਸਾਰ ਹੈ :-

(੧) ਪ੍ਰਤਯਕਛ (ਪ੍ਰਤੱਖ) ਪ੍ਰਮਾਣ। (੨) ਅਨੁਮਾਨ ਪ੍ਰਮਾਣ।

(੩) ਉਪਮਾਨ ਪ੍ਰਮਾਣ। (੪) ਸ਼ਬਦ ਪ੍ਰਮਾਣ।

(ਖਟ ਪ੍ਰਮਾਣ ਵਿਸਥਾਰ ਨਾਲ 'ਵੇਦਾਂਤ ਸਾਰ ਸੰਗ੍ਰਹ' ਗ੍ਰੰਥ ਵਿਚੋਂ ਪੰਨਾ ੨੨੧ ਤੋਂ ੨੨੮ ਤੱਕ ਪੜ੍ਹੋ)

(੧੧) **ਬ੍ਰਹਮਵਿਦਾਦੀ :-**

(੧) **ਬ੍ਰਹਮਵਿਤ :-** ਗਿਆਨ ਦੀ ਚਤੁਰਥ ਭੂਮਿਕਾ ਕਹੀਏ 'ਸਤ੍ਵਾਪਤਿ' ਵਿਚ ਆਰੂਢ (ਇਸਥਿਤ) ਗਿਆਨੀ)

ਚਤੁਰਥੀ ਸਤ੍ਵਾਪਤਿ ਯਹਿ ਅਨੁਭਵ ਉਦੈ ਅਭੰਗ॥
ਆਤਮ ਜਗ ਦਰਸਯੋ ਭਲੇ ਜਯੋ ਮਧ ਸਿੰਧੁ ਤਰੰਗ॥ ੧੩॥

(ਵਿਚਾਰ ਮਾਲਾ)

(੨) **ਬ੍ਰਹਮਵਿਦਵਰ :-** ਗਿਆਨ ਦੀ ਪੰਚਮ ਭੂਮਿਕਾ 'ਅਸੰਸਕਤਿ' ਵਿਚ ਆਰੂਢ (ਅਸਵਾਰ ਵਾ ਇਸਥਿਤ) ਗਿਆਨੀ।

ਛੂਟਯੋ ਤਨ ਅਭਿਮਾਨ ਜਬ ਨਿਸਚੈ ਕੀਯੋ ਸਰੂਪ॥
ਅਸੰਸਕਤਿ ਯਹਿ ਭੂਮਿਕਾ ਪੰਚਮ ਮਹਾ ਅਨੂਪ॥ ੧੪॥

(ਵਿਚਾਰ ਮਾਲਾ)

(੩) **ਬ੍ਰਹਮ ਵਿਦ੍ਵਰੀਯਾਨ :-** ਗਿਆਨ ਦੀ ਛੇਵੀਂ ਭੂਮਿਕਾ 'ਪਦਾਰਥਾਭਾਵਨੀ' ਵਿਚ ਆਰੂਢ (ਇਸਥਿਤ) ਗਿਆਨੀ।

ਕਹੇ ਪਦਾਰਥ ਬਿਧਿ ਲੌ ਸਭ ਕੌ ਹੋਇ ਅਭਾਵ॥
ਯਹ ਪਦਾਰਥਾਭਾਵਨੀ ਖਸਟੀ ਭੂਮਿ ਲਖਾਵ॥ ੧੫॥ (ਵਿਚਾਰ ਮਾਲਾ)

(੪) **ਬ੍ਰਹਮ ਵਿਦ੍ਵਰਿਸ਼ਠ :-** ਗਿਆਨ ਦੀ ਸਤਵੀਂ ਭੂਮਿਕਾ 'ਤੁਰੀਆ' ਵਿਚ ਆਰੂਢ (ਇਸਥਿਤ) ਗਿਆਨੀ।

ਭਾਵਾਭਾਵ ਨ ਤਹਾਂ ਕਛੁ ਸਪਤਮ ਤੁਰੀਆ ਮਾਹਿ॥
ਮੈਂ ਤੂੰ ਤਹਾਂ ਨ ਸੰਭਵੈ ਕਹਾਂ ਆਹਿ ਕਹਾਂ ਨਾਹਿ॥ ੧੬॥ (ਵਿਚਾਰ ਮਾਲਾ)

✲ (ਗਿਆਨ ਦੀਆਂ ਸੱਤ ਭੂਮਿਕਾ ਵਿਸਥਾਰ ਨਾਲ 'ਪੰਚ ਗ੍ਰੰਥਾਵਲੀ' ਪੰਨਾ ੩੬੦ ਤੋਂ ੩੬੨ ਤੱਕ ਪੜ੍ਹੋ)

(੧੨) **ਭੂਤਗ੍ਰਾਮ :-** ਭੂਤ ਕਹੀਏ ਅਕਾਸ਼, ਵਾਯੂ ਆਦਿਕ ਤੱਤਾਂ ਦੇ ਗ੍ਰਾਮ=ਨਗਰ ਰੂਪ ਸਰੀਰ।

(੧) **ਜਰਾਯੁਜ (ਜੇਰਜ) :-** ਮਨੁੱਖ ਪਸ਼ੂ ਆਦਿਕ ਜੋ ਇਕ ਝਿੱਲੀ ਵਿਚ ਲਪੇਟੇ ਪੈਦਾ ਹੁੰਦੇ ਹਨ ਜਿਸ ਨੂੰ ਜੇਰ ਆਖਦੇ ਹਨ।

(੨) **ਅੰਡਜ :-** ਪੰਛੀ, ਸੱਪ ਆਦਿ ਜੋ ਅੰਡਿਆਂ ਤੋਂ ਪੈਦਾ ਹੁੰਦੇ ਹਨ।

(੩) **ਉਦਭਿਜ (ਉਤਭੁਜ) :-** ਰੁੱਖ ਆਦਿਕ ਜੋ ਧਰਤੀ ਨੂੰ ਪਾੜ ਕੇ ਉਤਪੰਨ ਹੁੰਦੇ।

(੪) **ਸ੍ਵੇਦਜ (ਸ੍ਵੇਤਜ) :-** ਜੂੰਆਂ, ਮਤਕੁਣ (ਕੀੜਾ ਜੋ ਮੈਲੀ ਕੁਰਸੀਆਂ ਆਦਿ ਵਿਚ ਰਹਿੰਦਾ) ਆਦਿਕ ਜੋ ਪਸੀਨੇ ਤੋਂ ਪੈਦਾ ਹੁੰਦੇ।

ਅੰਡਜ ਜੇਰਜ ਸੇਤਜ ਉਤਭੁਜਾ ਪ੍ਰਭ ਕੀ ਇਹ ਕਿਰਤਿ॥

(ਬਿਲਾਵਲ ਮਃ ੫, ਅੰਗ ੮੧੬)

ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ॥
ਏਕ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ॥

(ਸੋਰਠਿ ਮਃ ੧, ਅੰਗ ੫੯੬)

(੧੩) **ਮੈਤ੍ਰਯਾਦੀ :-**

(੧) **ਮੈਤ੍ਰੀ :-** ਧਨਵਾਨ ਵਾ ਗੁਣਾਂ ਕਰਕੇ ਬਰਾਬਰ ਵਾ ਈਸ਼ਵਰ ਭਗਤ ਵਾ ਵਿਸ਼ਯੀ ਭਾਵ ਕਰਮੀ ਉਪਾਸ਼ਕ (ਸ੍ਰਿਸ਼ਟ ਕਰਮ ਕਰਕੇ ਵਿਸ਼ਯ ਦੀ ਇੱਛਾ ਵਾਲਾ) ਸਭ ਪੁਰਸ਼ਾਂ ਵਿਚ 'ਇਹ ਮੇਰੇ ਹਨ' ਐਸੀ ਮਿੱਤ੍ਰਤਾ ਵਾਲੀ ਬੁਧੀ।

ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥

(ਧਨਾਸਰੀ ਮਃ ੫, ਅੰਗ ੬੭੧)

(੨) **ਕਰੁਣਾ** :- ਦੁਖੀ ਵਾ ਗੁਣਾਂ ਕਰਕੇ ਨਿਕ੍ਰਿਸ਼ਟ (ਨੀਚ) ਵਾ ਅਗਿਆਨੀ ਮਨੁੱਖ (ਅਗਜਜਨ) ਵਾ ਜਿਗਿਆਸੂ (ਜਾਨਣ ਦੀ ਤੀਬਰ ਇੱਛਾ ਵਾਲਾ) ਇਨ੍ਹਾਂ ਨੂੰ ਵੇਖ ਕੇ ਮਨ ਦਾ ਦ੍ਰਵ ਜਾਣਾ ਕਹੀਏ ਦਯਾ ਆਉਣੀ।

ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ ॥

(ਆਸਾ ਵਾਰ ਮਃ ੧, ਅੰਗ ੪੬੮)

(੩) **ਮੁਦਿਤਾ** :- ਪੁੰਨਵਾਨ ਵਾ ਗੁਣਾਂ ਕਰਕੇ ਆਪਣੇ ਤੋਂ ਅਧਿਕ ਨੂੰ ਵੇਖ ਕੇ ਦ੍ਵੈਸ਼ ਨਾ ਧਾਰਣੀ ਅਤੇ ਮੁਦਤਾ ਕਹੀਏ ਪ੍ਰਸੰਨ ਹੋਣਾ ਵਾ ਈਸ਼ਵਰ ਵਾ ਮੁਕਤ ਪੁਰਸ਼ਾਂ ਨਾਲ ਪ੍ਰਸੰਨਤਾ ਸਹਿਤ ਪ੍ਰੀਤੀ ਧਾਰਣੀ।

ਸੰਤ ਜਨਾ ਸਿਉ ਪ੍ਰੀਤਿ ਬਨਿ ਆਈ ॥ ਜਿਨ ਕਉ ਲਿਖਤੁ ਲਿਖਿਆ ਧੁਰਿ ਪਾਈ ॥

(ਗਉੜੀ ਮਃ ੪, ਅੰਗ ੧੬੪)

(੪) **ਉਪੇਕਸ਼ਾ** :- ਪਾਪੀ ਵਾ ਅਵਗੁਣ ਯੁਕਤ ਵਾ ਦ੍ਵੈਸ਼ੀ ਵਾ ਪਾਮਰ (ਨੀਚ) ਇਨ੍ਹਾਂ ਵਿਚ ਰਾਗ-ਦ੍ਵੈਸ਼ ਤੋਂ ਰਹਿਤਤਾ ਰੂਪ ਉਦਾਸੀਨਤਾ ਭਾਵ ਉਪਰਾਮਤਾ ਧਾਰਣੀ।

ਹਰਿ ਕੇ ਭਗਤ ਸਦਾ ਸੁਖਵਾਸੀ ॥ ਬਾਲ ਸੁਭਾਇ ਅਤੀਤ ਉਦਾਸੀ ॥

(ਮਾਰੂ ਸੋਲਹੇ ਮਃ ੫, ਅੰਗ ੧੦੭੬)

(੧੪) **ਮੋਕਸ਼ ਦ੍ਵਾਰਪਾਲ** :- ਮੁਕਤੀ ਰੂਪ ਮਹਲ ਦੇ ਚਾਰ ਦਰਵਾਨਚੀ (ਪਹਿਰੇਦਾਰ) :-

(੧) **ਸਮ** :- ਮਨ ਨਿਗ੍ਰਹ (ਰੋਕਣਾ)।

(੨) **ਸੰਤੋਖ** :- ਯਥਾ ਲਾਭ ਤਥਾ ਸੰਤੁਸ਼ਟ।

(੩) **ਵਿਚਾਰ (ਵਿਵੇਕ)** :- ਸੱਤ-ਅਸੱਤ ਦਾ ਨਿਰਣਾ।

(੪) **ਸਤਸੰਗ** :- ਸਤ ਕਹੀਏ ਸੱਚ ਨੂੰ ਸੰਗਤ (ਸੰ+ਗਤ) ਸੰ=ਭਲੀ ਪ੍ਰਕਾਰ ਗਤ=ਪ੍ਰਾਪਤ ਹੋਣਾ।

ਮੁਕਤਿ ਦੁਆਰ ਪਾਲਕ ਚਤੁਰ ਸਮ ਸੰਤੋਖ ਵਿਚਾਰ॥
ਚੌਥੇ ਸਤਸੰਗਤਿ ਧਰਮ ਮਹਾਂ ਪੂਜ ਨਿਰਧਾਰ॥ ੨੩ ॥

(ਵਿਚਾਰ ਮਾਲਾ)

(੧੫) **ਯੋਗ ਭੂਮਿਕਾ** :- ਯੋਗ ਕਹੀਏ ਜੁੜਨਾ ਤੇ ਭੂਮਿਕਾ=ਅਵਸਥਾ ਭਾਵ ਸ੍ਵੈ ਸਰੂਪ ਵਿਚ ਜੁੜਨ ਦੀਆਂ ਅਵਸਥਾ :-

(੧) **ਵਾਣੀਲਯ** :- ਵੈਖਰੀ ਬਾਣੀ ਦਾ ਮਧਮਾ ਬਾਣੀ ਵਿਚ, ਮਧਮਾ ਦਾ ਪਸੰਤੀ ਬਾਣੀ ਵਿਚ ਅਤੇ ਪਸੰਤੀ ਦਾ ਪਰਾ ਬਾਣੀ ਵਿਚ ਲਯ ਕਹੀਏ ਲੀਨ ਹੋਣਾ ਵਾ ਸਮਾ ਜਾਣਾ। (ਚਾਰ ਪ੍ਰਕਾਰ ਦੀਆਂ ਬਾਣੀਆਂ ਵਿਸਥਾਰ ਨਾਲ ਪੰਨਾ ੧੦੭ ਤੇ ਟੂਕ (੧੯) ਪੜ੍ਹੋ।

(੨) **ਮਨੋਲਯ :-** ਸੰਕਲਪ ਵਿਕਲਪ ਰੂਪ ਬਿਰਤੀ ਦਾ ਪ੍ਰਾਣਾਂ ਵਿਚ ਲੈ (ਲੀਨ) ਹੋਣਾ। ਮਨ ਦੇ ਅਸਤਿਤ੍ਵ ਦਾ ਗਿਆਨ ਨਾ ਰਹਿਣਾ ਇਹ ਨਸ਼ੇ ਜਾਂ ਬੇਹੋਸ਼ੀ ਵਿਚ ਵੀ ਹੋ ਸਕਦਾ ਹੈ ਕਿੰਤੂ ਸੋ ਮਨੋਲਯ ਨਹੀਂ ਕਿਉਂਕਿ ਉਸ ਸਥਿਤੀ ਵਿਚ ਅਚੇਤਨ ਮਨ ਦਾ ਅਸਤਿਤ੍ਵ ਅਤੇ ਕ੍ਰਿਆ ਚਲਦੇ ਰਹਿੰਦੇ ਹਨ। ਸੋ ਮਨੋਲਯ ਬਾਹਯ ਪਦਾਰਥਾਂ ਨਾਲ ਪ੍ਰਾਪਤ ਹੋਣ ਵਾਲੀ ਵਸਤੂ ਨਹੀਂ। ਮਨ ਦੇ ਅਨੁਕੂਲ ਵਿਸ਼ੇ ਵਿਚ ਮਨ ਦਾ ਲੱਗਣਾ ਵੀ ਮਨੋਲਯ ਨਹੀਂ, ਕਿਉਂਕਿ ਸੋ ਆਸਕਤੀ ਹੈ ਅਤੇ ਆਸਕਤੀ ਕਹੀਏ ਪਕੜ ਛੁਟਣ ਤੋਂ ਬਾਅਦ ਮਨ ਫਿਰ ਹੋਂਦ ਵਿਚ ਆ ਜਾਂਦਾ ਹੈ ਕਿਉਂਕਿ ਸੰਪੂਰਨ ਲਯਤਾ ਪ੍ਰਾਪਤ ਨਹੀਂ ਹੁੰਦੀ। ਕਿਸੇ ਵਿਦਵਾਨ ਦਾ ਕਥਨ ਹੈ ਕਿ :-

"ਮਨ ਸੇ ਹੀ ਸ੍ਰਿਸ਼ਟੀ, ਮਨ ਸੇ ਹੀ ਪ੍ਰਲਯ।
ਮਨ ਮੇ ਵਿਰਾਜਤ ਕਾਲ, ਮੁਕਤੀ ਮਨੋਲਯ॥"

(੩) **ਬੁਧੀਲਯ :-** ਅਨੰਤ ਭੇਦਾਂ ਵਾਲੀ ਬੁਧੀ ਨਿਸ਼ਚੇਆਤਮਕ ਹੋ ਕੇ ਵਾ ਅਦ੍ਰਿੜ ਗਿਆਨ ਵਾਲੀ ਬੁਧੀ ਦ੍ਰਿੜ ਅਪਰੋਖ ਗਿਆਨ ਯੁਕਤ ਹੋ ਕੇ ਸ੍ਵੈ ਸਰੂਪ ਬ੍ਰਹਮ ਤੋਂ ਅਭਿੰਨ ਆਤਮਾ ਵਿਚ ਲਯ=ਲੀਨ ਹੋ ਜਾਂਦੀ ਹੈ। ਸੁਖੋਪਤੀ ਅਵਸਥਾ ਦੇ ਵਿਚ ਬੁਧੀ ਦਾ ਅਗਿਆਨ ਵਿਚ ਲੀਨ ਹੋ ਜਾਣਾ ਬੁਧੀਲਯ ਨਹੀਂ ਕਿਉਂਕਿ ਜਾਗ੍ਰਤ ਵਿਚ ਆਉਣ ਤੋਂ ਬੁਧੀ ਫਿਰ ਉਤਪੰਨ ਹੋ ਜਾਂਦੀ ਹੈ।

(੪) **ਅਹੰਕਾਰਲਯ :-** ਅਹੰਕਾਰ ਕਹੀਏ ਅਹੰ (ਮੈਂ) ਰੂਪ ਬਿਰਤੀ ਭਾਵ ਮੈਂ ਸਰੀਰ ਹਾਂ ਵਾ ਮੇਰਾ ਸਰੀਰ ਹੈ ਆਦਿਕ ਮਲੀਨ ਹੰਕਾਰ ਦਾ ਸ਼ੁੱਧ ਹੰਕਾਰ ਵਿਚ ਲਯ=ਲੀਨ ਹੋਣਾ ਵਾ ਸਮਾਉਣਾ ਭਾਵ ਸ੍ਵੈ ਸਰੂਪ ਵਿਚ ਅਭੇਦਤਾ ਪ੍ਰਾਪਤ ਕਰਨਾ।

(ਸ਼ੁੱਧ ਤੇ ਮਲੀਨ ਅਹੰਕਾਰ ਪੰਨਾ ੩੪੦ ਤੇ ਵਿਸਥਾਰ ਨਾਲ ਪੜ੍ਹੋ।

ਗੁਰ ਕਿਰਪਾ ਜਿਹ ਨਰ ਕਉ ਕੀਨੀ ਤਿਹ ਇਹ ਜੁਗਤਿ ਪਛਾਨੀ ॥
ਨਾਨਕ ਲੀਨ ਭਇਓ ਗੋਬਿੰਦ ਸਿਉ ਜਿਉ ਪਾਨੀ ਸੰਗਿ ਪਾਨੀ ॥ ੩ ॥ ੧੧ ॥

(ਸੋਰਠਿ ਮਃ ੯, ਅੰਗ ੬੩੩)

ਸੋ ਇਥੇ 'ਲੀਨ' ਸ਼ਬਦ ਤੋਂ ਭਾਵ ਸਭ ਤਰ੍ਹਾਂ ਨਾਲ :-

ਵਾਣੀਲਯ, ਮਨੋਲਯ, ਬੁਧੀਲਯ ਅਤੇ ਅਹੰਕਾਰਲਯ ਕਰਕੇ ਸਚਿਦਾਨੰਦ ਸਰੂਪ ਵਿਚ ਅਭੇਦਤਾ ਅਰਥ ਗ੍ਰਹਣ ਕਰਨਾ।

(੧੬) **ਵਰਣ :-** ਜਾਤੀ ਦੇ ਭੇਦ ਜੋ ਰੰਗਾਂ ਕਰਕੇ ਸੰਸਕ੍ਰਿਤ ਦੇ ਵਿਦ੍ਵਾਨਾਂ ਨੇ ਕਥਨ ਕੀਤੇ :-

(੧) **ਬ੍ਰਾਹਮਣ :-** ਗੌਰਾ ਰੰਗ। (੨) **ਛਤ੍ਰੀ :-** ਲਾਲ ਰੰਗ।

(੩) **ਵੈਸ਼ :-** ਪੀਲਾ ਰੰਗ। (੪) **ਸ਼ੂਦ੍ਰ :-** ਕਾਲਾ ਰੰਗ।

(੧੭) **ਵਰਤਮਾਨ ਗਿਅਨ ਪ੍ਰਤੀਬੰਧ ਨਿਵਿਰਤੀ ਹੇਤੂ :-**

ਗਿਆਨ ਦੇ ਪ੍ਰਤੀਬੰਧ=ਵਿਰੋਧਕਾ ਦੀ ਨਿਵਿਰਤੀ ਕਹੀਏ ਛੁਟਕਾਰੇ ਦੇ ਹੇਤੂ=ਕਾਰਣ :-

(੧) **ਸ਼ਮਾਦੀ :-** ਸਮ, ਦਮ ਆਦਿਕ ਖਟ ਸੰਪਤੀ ਵਿਸ਼ੇ-ਅਸਕਤੀ (ਪਕੜ) ਨੂੰ ਨਿਵਰਤਕ (ਦੂਰ ਕਰਨ ਵਾਲੀ) ਹੈ।

(੨) **ਸ਼੍ਰਵਣ** :- ਸਰਵਣ ਸਾਧਨ ਬੁਧੀ ਦੀ ਮੰਦਤਾ ਦਾ ਨਿਰਵਰਤਕ ਹੈ।

(੩) **ਮੰਨਨ** :- ਇਹ ਕੁਤਰਕ ਦਾ ਨਿਵਰਤਕ ਹੈ।

(੪) **ਨਿਧਿਆਸਣ** :- ਇਹ ਵਿਪਰੀਤ ਭਾਵਨਾ ਵਿਚ ਜੋ ਦੁਰਾਗ੍ਰਹ (ਦੁਰ+ਅਗ੍ਰਹ) ਦੁਰ ਕਹੀਏ ਅਨਉਚਿਤ ਵਿਚਾਰ ਤੇ ਅਗ੍ਰਹ=ਹਠ ਵਾ ਜ਼ਿੱਦ ਕਰਨਾ ਤਿਸਦਾ ਨਿਵਰਤਕ ਹੈ।

(੧੮) **ਵਰਤਮਾਨ ਗਿਆਨ ਪ੍ਰਤੀਬੰਧ** :- ਦ੍ਰਿੜ ਗਿਆਨ=ਬੋਧ ਦੇ ਪ੍ਰਤੀਬੰਧ=ਵਿਰੋਧਕ ਵਾ ਰੁਕਾਵਟਾਂ :-

(੧) **ਵਿਸ਼ਯਾਸਕਤੀ** :- ਸ਼ਬਦ, ਸਪਰਸ਼, ਰੂਪ, ਰਸ, ਗੰਧ ਜੋ ਪੰਜ ਵਿਸ਼ਿਆਂ ਦੀ ਅਸਕਤੀ ਕਹੀਏ ਪਕੜ ਵਾ ਖਿੱਚ।

ਜੈਸੇ ਮੀਠੈ ਸਾਦਿ ਲੋਭਾਏ ਝੂਠ ਧੰਧਿ ਦੁਰਗਾਧੇ ॥ ੨ ॥
ਕਾਮ ਕ੍ਰੋਧ ਅਰੁ ਲੋਭ ਮੋਹ ਇਹ ਇੰਦ੍ਰੀ ਰਸਿ ਲਪਟਾਧੇ ॥
ਦੀਈ ਭਵਾਰੀ ਪੁਰਖਿ ਬਿਧਾਤੈ ਬਹੁਰਿ ਬਹੁਰਿ ਜਨਮਾਧੇ ॥ ੩ ॥

(ਆਸਾ ਮਃ ੫, ਅੰਗ ੪੦੩)

(੨) **ਬੁਧੀਮਾਂਦਯ** :- ਬੁਧੀ ਦਾ ਮਾਂਦਯ ਕਹੀਏ ਮੰਦ ਭਾਵ ਖੋਟਾ ਹੋਣਾ।

ਜੋਬਨਵੰਤ ਅਚਾਰ ਕੁਲੀਨਾ ਮਨ ਮਹਿ ਹੋਇ ਗੁਮਾਨੀ ॥ ੩ ॥
ਜਿਉ ਉਲਝਾਇਓ ਬਾਧ ਬੁਧਿ ਕਾਮ ਰਤਿਆ ਨਹੀ ਬਿਸਰਾਨੀ ॥ ੪ ॥

(ਗਉੜੀ ਮਃ ੫, ਅੰਗ ੨੪੨)

ਬੁਧਿ ਵਿਸਰਜੀ ਗਈ ਸਿਆਣਪ ਕਰਿ ਅਵਗਣ ਪਛੁਤਾਇ॥

(ਸਿਰੀਰਾਗੁ ਪਹਰੇ ਅੰਗ ੭੬)

ਇੰਦ੍ਰੀ ਸਬਲ ਨਿਬਲ ਬਿਬੇਕ ਬੁਧਿ ਪਰਮਾਰਥ ਪਰਵੇਸ ਨਹੀ॥ ੨ ॥

(ਸੋਗਠਿ, ਅੰਗ ੬੫੮)

(੩) **ਕੁਤਰਕ** :- ਖੋਟੀ ਦਲੀਲ ਜਿਸ ਦਾ ਉਦੇਸ਼ ਕੇਵਲ ਸਾਹਮਣੇ ਵਾਲੇ ਪੁਰਸ਼ ਨੂੰ ਗਲਤ ਸਾਬਿਤ ਕਰਨਾ ਹੋਵੇ, ਇਸ ਵਿਚ ਆਪਣੇ ਪੱਖ ਨੂੰ ਸਹੀ ਸਾਬਿਤ ਕਰਨਾ ਵਕਤੇ ਦਾ ਮਨੋਰਥ ਨਹੀਂ ਹੁੰਦਾ। ਇਹ ਕੁਤਰਕ ਵੀ ਗਿਆਨ ਪ੍ਰਾਪਤੀ ਦੀ ਬਹੁਤ ਵੱਡੀ ਪ੍ਰਤੀਬੰਧਕ ਹੈ ਕਿਉਂਕਿ ਇਸ ਨਾਲ ਮਨ ਸ਼ਾਂਤ ਨਹੀਂ ਹੁੰਦਾ।

ਬਾਦੁ ਬਿਬਾਦੁ ਕਾਹੂ ਸਿਉ ਨ ਕੀਜੈ॥ ਰਸਨਾ ਰਾਮ ਰਸਾਇਨ ਪੀਜੈ॥ ੨ ॥

(ਰਾਗ ਭੈਰਉ, ਅੰਗ ੧੧੬੪)

(੪) **ਵਿਪਰੀਤ ਭਾਵਨਾ ਦੁਰਾਗ੍ਰਹ** :- ਵਿਪਰੀਤ ਭਾਵਨਾ ਕਹੀਏ ਉਲਟ ਨਿਸ਼ਚਾ ਰੂਪ ਅਨਉਚਿਤ ਵਿਚਾਰ ਤੇ ਦੁਰਾਗ੍ਰਹ=ਖੋਟੀ ਜਿੱਦ ਵਾ ਹਠ ਕਰਨਾ ਕਿ ਵਿਪਰਯੇ ਹੀ ਅਸਲ ਸਿਧਾਂਤ ਹੈ।

ਜਗਿ ਜੀਵਨੁ ਐਸਾ ਸੁਪਨੇ ਜੈਸਾ ਜੀਵਨੁ ਸੁਪਨ ਸਮਾਨੰ॥
ਸਾਚੁ ਕਰਿ ਹਮ ਗਾਠਿ ਦੀਨੀ ਛੋਡਿ ਪਰਮ ਨਿਧਾਨੰ॥ ੧ ॥

(ਰਾਗ ਆਸਾ, ਅੰਗ ੪੮੨)

ਇਸੁ ਸੁਖੁ ਤੇ ਸਿਵ ਬ੍ਰਹਮ ਡਰਾਨਾ॥ ਸੋ ਸੁਖੁ ਹਮਹੁ ਸਾਚੁ ਕਰਿ ਜਾਨਾ॥ ੨॥

(ਰਾਗ ਗਉੜੀ, ਅੰਗ ੩੩੦)

(੧੯) **ਵਿਵੇਕਾਦੀ** :- ਗੁਰੂ ਸ਼ਿਸ਼ ਪਰੰਪਰਾ ਅਨੁਸਾਰ ਗਿਆਨ ਪ੍ਰਾਪਤੀ ਦੇ ਅੰਤਰੰਗ ਸਾਧਨ :-

(੧) **ਵਿਵੇਕ** :- ਪੰਨਾ ੧੯੮ ਤੇ ਟੂਕ (੪੭) ਪੜ੍ਹੋ।

(੨) **ਵੈਰਾਗ** :- ਪੰਨਾ ੨੧੭ ਤੇ ਟੂਕ (੧੩) ਪੜ੍ਹੋ।

(੩) **ਖਟ ਸੰਪਤੀ** :- ਵਿਸਥਾਰ ਨਾਲ ਪੰਨਾ ੨੩੬ ਤੇ ਟੂਕ (੨੯) ਪੜ੍ਹੋ।

ਸਮ ਦਮ ਸ਼ਰਧਾ ਤੀਸਰੀ ਸਮਾਧਾਨ ਉਪਰਾਮ॥
ਛਠੀ ਤਿਤਿਕਛਾ ਜਾਨੀਐ ਭਿੰਨ ਭਿੰਨ ਯਹ ਨਾਮ॥ **(ਵਿਚਾਰ ਸਾਗਰ)**

(੪) **ਮੁਮੁਕਸ਼ੁਤਾ** :- ਪੰਨਾ ੨੩੭ ਤੇ ਟੂਕ (੩੦) ਪੜ੍ਹੋ।

(੨੦) **ਵੇਦ** :- ਹਿੰਦੂ ਧਰਮ ਦੇ ਪ੍ਰਸਿੱਧ ਧਰਮ ਗ੍ਰੰਥ ਵਾ ਗਿਆਨ, ਇਲਮ

(੧) **ਰਿਗ ਵੇਦ** (੩) **ਸਾਮ ਵੇਦ**

(੨) **ਯਜੁਰ ਵੇਦ** (੪) **ਅਥਰਵਣ ਵੇਦ**

ਸਾਮ ਵੇਦੁ ਰਿਗੁ ਜੁਜਰੁ ਅਥਰਬਣ॥
ਬ੍ਰਹਮੇ ਮੁਖਿ ਮਾਇਆ ਹੈ ਤ੍ਰੈ ਗੁਣ॥ **(ਰਾਗ ਮਾਰੂ, ਅੰਗ ੧੦੩੮)**

ਚਾਰੇ ਬੇਦ ਕਥਹਿ ਆਕਾਰੁ॥ ਤੀਨਿ ਅਵਸਥਾ ਕਹਹਿ ਵਖਿਆਨੁ॥
ਤੁਰੀਆਵਸਥਾ ਸਤਿਗੁਰ ਤੇ ਹਰਿ ਜਾਨੁ॥ ੧॥ **(ਗਉੜੀ ਮਃ ੧, ਅੰਗ ੧੫੪)**

(੨੧) **ਸ਼ਬਦ ਪ੍ਰਵਿਰਤੀ ਨਿਮਿਤ (ਕਾਰਣ)** :-

(੧) **ਜਾਤੀ** :- ਕਿਸਮ, ਪ੍ਰਕਾਰ।

(੨) **ਗੁਣ** :- ਵਿਸ਼ੇਸ਼ ਲਕਛਣ।

(੩) **ਕਿਰਿਆ** :- ਕਰਮ।

(੪) **ਸੰਬੰਧ** :- ਸੰ=ਭਲੀ ਪ੍ਰਕਾਰ ਮੇਲ-ਮਿਲਾਪ ਦੁਆਰਾ ਬੰਧ=ਬੰਨ੍ਹੇ ਜਾਣਾ।

(੨੨) **ਸੰਨਯਾਸ** :- (ਸਨ੍+ਨਯਾਸ) ਸਨ੍=ਸਮਯਕ ਰੂਪ ਕਹੀਏ ਪੂਰਨ ਰੂਪ ਨਾਲ ਤਿਆਗ ਭਾਵਨਾ ਨੂੰ ਨਯਾਸ=ਸਥਾਪਨ ਕਰਨਾ ਸੋ ਕਹੀਏ ਸੰਨਿਆਸ।

(੧) **ਕਟੀਚਕ ਸੰਨਯਾਸ** (੨) **ਬਹੂਦਕ ਸੰਨਯਾਸ**

(੩) **ਹੰਸ ਸੰਨਯਾਸ** (੪) **ਪਰਮ ਹੰਸ ਸੰਨਯਾਸ**

(੧) **ਹੰਸ ਸੰਨਯਾਸ** :- ਜਿਵੇਂ ਦੁੱਧ ਤੇ ਪਾਣੀ ਨੂੰ ਹੰਸ ਆਪਣੀ ਚੁੰਝ ਨਾਲ ਵੱਖਰਾ-ਵੱਖਰਾ ਕਰ ਦਿੰਦਾ ਹੈ ਭਾਵ ਦੁੱਧ ਨੂੰ ਗ੍ਰਹਣ ਕਰਦਾ ਅਤੇ ਪਾਣੀ ਨੂੰ ਤਿਆਗ ਦਿੰਦਾ ਹੈ। ਇਸ ਪ੍ਰਕਾਰ ਪਾਣੀ ਦੀ ਨਿਆਈ ਅਸੱਤ, ਜੜ, ਦੁੱਖ ਰੂਪ ਮਾਯਾ ਹੈ ਇਸ ਦਾ ਤਿਆਗ ਕਰਨਾ ਅਤੇ ਦੁੱਧ ਦੀ ਨਿਆਈਂ ਸਤਿਗੁਰਾਂ ਦੇ ਗਿਆਨ ਵਾ ਸਚਿਦਾਨੰਦ ਸਰੂਪ (ਅਸਤੀ,ਭਾਂਤੀ,ਪ੍ਰਿਯ) ਨੂੰ ਗ੍ਰਹਣ ਕਰਨਾ ਇਹ ਹੰਸ ਸੰਨਿਆਸ ਹੈ। ਅੱਗੇ ਇਹ ਦੋ ਪ੍ਰਕਾਰ ਹੈ :-

(ਓ) **ਕਟੀਚਕ ਸੰਨਯਾਸ :-** ਕਿਸੇ ਜੰਗਲ ਆਦਿਕ ਅਸਥਾਨਾਂ 'ਤੇ ਕੁਟੀਆ ਬਣਾ ਕੇ ਰਹਿਣਾ।

(ਅ) **ਬਹੂਦਕ ਸੰਨਯਾਸ :-** ਉਦਕ ਨਾਮ ਪਾਣੀ ਦਾ ਹੈ, ਬਹ ਨਾਮ ਵਹਿਣ ਦਾ ਹੈ ਭਾਵ ਵਗਦੇ ਪਾਣੀ ਦੇ ਕਿਨਾਰੇ ਤੁਰੇ ਫਿਰਨਾ। ਇਕ ਜਗ੍ਹਾ ਇਕ ਰਾਤ ਤੋਂ ਵੱਧ ਸਮਾਂ ਨਾ ਗੁਜ਼ਾਰਨਾ, ਇਸ ਨੂੰ ਬਹੂਦਕ ਸੰਨਿਆਸ ਆਖਦੇ ਹਨ।

(੨) **ਪਰਮ ਹੰਸ ਸੰਨਯਾਸ :-** ਜੋ ਤੱਤ ਮਿਥਿਆ ਦਾ ਵਿਵੇਚਨ

ਸਤਿ ਨਿਰਤਿ ਬੂਝੈ ਜੇ ਕੋਇ॥ (ਗਉੜੀ ਸੁਖਮਨੀ ਮ: ੫, ਅੰਗ ੨੮੫)

ਜੀਵ-ਈਸ਼ ਦੇ ਭੇਦ ਗਿਆਨ ਦੀ ਮਿਥਿਆ ਪ੍ਰਤੀਤੀ ਦਾ ਤਿਆਗ ਕਰਨਾ ਵਾ ਜੀਵ ਦੀ ਅਲਪਗਤਾ ਤੇ ਛੇ ਵਿਕਾਰ ਤਿਆਗ ਕੇ ਈਸ਼ਵਰ ਦੀ ਸਰਬੱਗਤਾ ਤੇ ਛੇ ਗੁਣਾਂ ਦਾ ਤਿਆਗ ਕਰਕੇ ਤੱਤ ਪਦ ਲਕਛਯ ਅਰਥ ਬ੍ਰਹਮ ਚੇਤਨ ਨੂੰ ਗ੍ਰਹਣ ਕਰਨਾ ਇਹ ਪਰਮ ਹੰਸਪੁਣਾ ਹੈ। ਪਰਮ-ਹੰਸ ਸੰਨਿਆਸ ਵੀ ਦੋ ਪ੍ਰਕਾਰ ਦਾ ਹੈ :-

(ਓ) ਵਿਵੀਦੀਸ਼ਾ ਸੰਨਯਾਸ (ਅ) ਵਿਦਵਤ ਸੰਨਯਾਸ।

(ਵਿਵੀਦੀਸ਼ਾ ਤੇ ਵਿਦਵਤ ਸੰਨਯਾਸ ਵਿਸਥਾਰ ਨਾਲ ਪੰਨਾ ੩੪੪ 'ਤੇ ਪੜ੍ਹੋ)

(੨੩) **ਸਮਾਧੀ ਵਿਘਨ :-** ਨਿਰਵਿਕਲਪ ਸਮਾਧੀ ਦੇ ਚਾਰ ਵਿਘਨ ਕਹੀਏ ਰੁਕਾਵਟਾਂ ਹਨ :-

(੧) **ਲਯ :-** ਅਖੰਡ ਵਸਤੂ (ਸਚਿਦਾਨੰਦ) ਦਾ ਅਵਲੰਬਨ (ਸਹਾਰਾ, ਆਸਰਾ) ਨਾ ਕਰਕੇ ਚਿਤ ਵ੍ਰਿਤੀ ਦੇ ਨਿੰਦ੍ਰਾ ਗ੍ਰਸਤ ਹੋ ਜਾਣ ਦਾ ਨਾਮ ਲਯ ਹੈ।

(੨) **ਵਿਕਸ਼ੇਪ :-** ਅਖੰਡ ਵਸਤੂ ਦਾ ਅਵਲੰਬਨ ਨਾ ਕਰਕੇ ਚਿਤ ਵ੍ਰਿਤੀ ਦੁਆਰਾ ਕਿਸੇ ਹੋਰ ਵਸਤੂ ਦਾ ਅਵਲਬੰਨ ਕਰ ਲੈਣਾ ਸੋ ਵਿਕਸ਼ੇਪ ਕਹੀਏ ਹੈ।

(੩) **ਕਸ਼ਾਯ :-** ਲਯ ਤੇ ਵਿਕਸ਼ੇਪ ਦੇ ਨਾ ਹੋਣ ਤੋਂ ਵੀ ਰਾਗ (ਮੋਹ) ਆਦਿਕ ਦੀ ਵਾਸਨਾ ਨਾਲ ਸਤਬਧਤਾ ਕਹੀਏ ਜੜਤਾ (ਸ਼ੂਨਯਤਾ) ਆ ਜਾਣ ਕਰਕੇ ਚਿਤ ਬ੍ਰਿਤੀ ਦੁਆਰਾ ਅਖੰਡ ਵਸਤੂ ਦਾ ਅਵਲੰਬਨ ਨਾ ਕਰ ਪਾਉਣਾ ਸੋ ਕਸ਼ਾਯ ਕਹੀਏ ਹੈ।

(੪) **ਰਸਾਸ੍ਵਾਦ :-** ਅਖੰਡ ਵਸਤੂ ਦੇ ਅਨਅਵਲੰਬ (ਅਵਲੰਬ ਕਹੀਏ ਆਸਰਾ ਤੋਂ ਅਨ=ਰਹਿਤ) ਹੋਣ ਕਰਕੇ ਚਿਤ ਵ੍ਰਿਤੀ ਦੁਆਰਾ ਸਵਿਕਲਪ ਸਮਾਧੀ ਦੇ ਅਨੰਦ ਦਾ ਅਨੁਭਵ ਕਰਨ ਲੱਗ ਜਾਣਾ ਅਥਵਾ ਸਮਾਧੀ ਦੇ ਅਰੰਭ ਸਮੇਂ ਵਿਚ ਸਵਿਕਲਪ ਸਮਾਧੀ ਦੇ ਅਨੰਦ ਦਾ ਸ੍ਵਾਦ ਲੈਣ ਲੱਗ ਜਾਣਾ ਸੋ ਰਸਾਸ੍ਵਾਦ ਕਹੀਏ ਹੈ।

⋆(ਨਿਰਵਿਕਲਪ ਸਮਾਧੀ ਅਤੇ ਸਵਿਕਲਪ ਸਮਾਧੀ ਵਿਸਥਾਰ ਨਾਲ 'ਵੇਦਾਂਤ ਸਾਰ ਸੰਗ੍ਰਹ' ਗ੍ਰੰਥ ਪੰਨਾ ੪੯ ਤੇ ਪ੍ਰਸ਼ਨ ੧੦ ਪੜ੍ਹੋ)

(੨੪) **ਸਪਰਸ਼ :-** ਤ੍ਵਚਾ (ਚਮੜੀ) ਇੰਦ੍ਰੀ ਦਾ ਗੁਣ :-

(੧) **ਸੀਤ :** ਠੰਡ (੨) **ਉਸ਼ਣ :** ਗਰਮੀ

(੩) **ਕੋਮਲ :** ਨਰਮ,ਨਾਜ਼ੁਕ (੪) **ਕਠਿਨ :** ਕਰੜਾ, ਸਖਤ।

☆☆☆

॥ ਧਦਾਰ੍ਥ ਧਂਚਵਿਧ॥ ੫॥
॥ ਪਦਾਰਥ ਪੰਚਵਿਧ ॥ ੫ ॥

ਵੇਦਾਂਤ ਸ਼ਾਸਤ੍ਰ ਦੇ ਪ੍ਰਮੁੱਖ ਪੰਚਵਿਧ=ਪੰਜ ਤਰ੍ਹਾਂ ਦੇ ਪਦਾਰਥ=ਵਸਤੂਆਂ ਦਾ ਨਿਰੂਪਣ ਕਰਦੇ ਹਨ :-

(੧) **ਅਭਾਵ :-** ਨਾਸਤੀ (ਨਾ=ਨਹੀਂ+ਅਸਤੀ=ਹੈ) ਪ੍ਰਤੀਤੀ ਦਾ ਵਿਸ਼ੇ।

(੧) **ਪ੍ਰਾਗਾਭਾਵ :-** ਕਾਰਯ (ਕਾਰਜ) ਦੀ ਉਤਪਤੀ ਤੋਂ ਪੂਰਵ ਜੋ ਕਾਰਯ ਦਾ ਅਭਾਵ। ਜਿਵੇਂ ਲੋਹੇ ਵਿਚ ਤਲਵਾਰ ਬਣਨ ਤੋਂ ਪਹਿਲਾਂ ਮੌਜੂਦਾ ਸ਼ਕਲ ਦੀ ਤਲਵਾਰ ਦਾ ਅਭਾਵ।

(੨) **ਪ੍ਰਧ੍ਵੰਸਾਭਾਵ :-** ਵਸਤੂ ਦੇ ਨਾਸ਼ ਹੋਣ ਤੋਂ ਉਸ ਦਾ ਅਭਾਵ (ਗੈਰ-ਮੌਜੂਦਗੀ) ਜਿਵੇਂ ਆਤਿਸ਼ਬਾਜੀ ਦੇ ਜਲ ਕੇ ਭਸਮ ਹੋਣ ਤੋਂ ਉਸ ਦਾ ਅਭਾਵ।

(੩) **ਅਨਯੋਨਯਾਭਾਵ :-** ਪਰਸਪਰ ਅਭਾਵ ਕਹੀਏ ਇਕ ਪਦਾਰਥ ਦਾ ਦੂਜੇ ਦਾ ਰੂਪ ਨਾ ਹੋਣਾ। ਜਿਵੇਂ ਗਧਾ, ਗਊ ਨਹੀਂ ਅਤੇ ਗਊ,ਗਧਾ ਰੂਪ ਨਹੀਂ।

(੪) **ਅਤਯੰਤਾਭਾਵ :-** ਸਭ ਸਮਿਆਂ ਕਹੀਏ ਤਿੰਨ ਕਾਲਾਂ ਵਿਚ ਕਿਸੇ ਵਸਤੂ ਦਾ ਨਾ ਹੋਣਾ। ਜਿਵੇਂ ਸਹੇ ਦੇ ਸਿੰਗ, ਅਕਾਸ਼ ਦਾ ਫੁੱਲ ਆਦਿਕ।

(੫) **ਸਾਮਯਿਕਾਭਾਵ :-** ਕਿਸੇ ਸਮੇਂ ਕਿਸੇ ਪਦਾਰਥ ਦੇ ਹੋਣ ਤੋਂ ਵੀ ਨਾ ਮੌਜੂਦਗੀ ਹੋਣ ਕਰਕੇ ਅਭਾਵ ਹੋਣਾ। ਜਿਵੇਂ ਘੜਾ ਹੋਣ ਤੋਂ ਵੀ ਕਿਸੇ ਥਾਂ ਤੋਂ ਘੜਾ ਲੈ ਜਾਣ ਤੋਂ ਘੜੇ ਦਾ ਅਭਾਵ।

(੨) **ਅਗਯਾਨ ਦੇ ਭੇਦ :-** ਵੇਦਾਂਤ ਆਚਾਰਯਾਂ ਦੇ ਮਤਾਂ ਦੇ ਭੇਦ ਕਰਕੇ ਅਗਯਾਨ ਦੇ ਭੇਦ :-

(੧) **ਮਾਯਾ ਅਵਿਦਿਆ ਰੂਪ ਅਗਯਾਨ :-** ਕੁਝਕੁ (ਜਿਵੇਂ ਵਿਦਾਰਣਯ ਸੁਆਮੀ) ਅਗਿਆਨ ਨੂੰ ਮਾਯਾ (ਸਮਸ਼ਟੀ ਅਗਿਆਨਮਈ ਈਸ਼ਵਰ ਦੀ ਉਪਾਧੀ ਅਤੇ ਅਵਿਦਿਆ (ਵਿਅਸ਼ਟੀ ਅਗਿਆਨਮਈ ਜੀਵਾਂ ਦੀ ਉਪਾਧੀ) ਰੂਪ ਮੰਨਦੇ ਹਨ।

(੨) **ਗਯਾਨ ਕ੍ਰਿਆ ਸ਼ਕਤੀ ਰੂਪ ਅਗਯਾਨ :-** ਕੁਝਕੁ ਵਿਦਵਾਨ ਅਗਿਆਨ ਨੂੰ ਗਿਆਨ ਸ਼ਕਤੀ ਅਤੇ ਕ੍ਰਿਆ ਸ਼ਕਤੀ ਮੰਨਦੇ ਹਨ। (ਗਿਆਨ ਸ਼ਕਤੀ ਤੋਂ ਭਾਵ ਅਗਿਆਨ ਦੀ ਸ਼ਕਤੀ ਦੁਆਰਾ ਅਨਾਤਮ ਜਗਤ ਦੀ ਕ੍ਰਿਆ=ਚੇਸ਼ਟਾ ਦਾ ਗਿਆਨ=ਬੋਧ ਹੁੰਦਾ ਹੈ।)

(੩) **ਵਿਕਸ਼ੇਪ ਆਵਰਣ ਰੂਪ ਅਗਯਾਨ :-** ਕਈ ਅਗਿਆਨ ਨੂੰ ਆਵਰਣ (ਸਰੂਪ ਤੋਂ ਪੜਦਾ) ਅਤੇ ਵਿਕਸ਼ੇਪ (ਚੰਚਲਤਾ ਵਾ ਵਯਾਕੁਲਤਾ) ਦੀ ਹੇਤੂ (ਕਾਰਣ) ਸ਼ਕਤੀ ਰੂਪ ਮੰਨਦੇ ਹਨ।
(ਅਗਿਆਨ ਦੀ ਆਵਰਣ ਤੇ ਵਿਕਸ਼ੇਪ ਸ਼ਕਤੀ ਪੰਨਾ ੩੪੧ 'ਤੇ ਪੜ੍ਹੋ।)

(੪) **ਸਮਸ਼ਟੀ ਵਯਸ਼ਟੀ ਰੂਪ ਅਗਯਾਨ :-** ਕਈ ਅਗਿਆਨ ਨੂੰ ਸਮਸ਼ਟੀ ਕਹੀਏ ਸਮੁਦਾਏ (ਈਸ਼ਵਰ ਦੀ ਉਪਾਧੀ) ਅਤੇ ਵਿਅਸ਼ਟੀ ਕਹੀਏ ਵਿਸ਼ੇਸ਼ ਜੋ ਪ੍ਰਤੇਕ (ਜੀਵ ਦੀ ਉਪਾਧੀ) ਰੂਪ ਮੰਨਦੇ ਹਨ।
(ਸਮਸ਼ਟੀ ਅਗਯਾਨ ਤੇ ਵਯਸ਼ਟੀ ਅਗਯਾਨ ਵਿਸਥਾਰ ਨਾਲ ਪੰਨਾ ੩੪੦-੩੪੧ 'ਤੇ ਪੜ੍ਹੋ।)

(੫) **ਕਾਰਣ ਰੂਪ ਅਗਯਾਨ :–** ਕਈ ਅਗਿਆਨ ਨੂੰ ਜਗਤ ਦਾ ਉਪਾਦਾਨ ਕਾਰਣ ਮਲ ਪ੍ਰਕ੍ਰਿਤੀ (ਕਹੀਏ ਤਮੋ ਪ੍ਰਧਾਨ ਪ੍ਰਕ੍ਰਿਤੀ) ਰੂਪ ਈਸ਼ਵਰ ਦੀ ਉਪਾਧੀ ਰੂਪ ਮੰਨਦੇ ਹਨ ਅਤੇ ਇਸ ਪੱਖ ਵਿਚ ਕਾਰਯ (ਅੰਤਹਕਰਣ) ਉਪਾਧੀ ਵਾਲਾ ਜੀਵ ਮੰਨਿਆ ਹੈ।

(੩) **ਉਪਵਾਯੂ :–**

(੧) **ਨਾਗ :–** ਡਕਾਰ ਦਾ ਹੇਤੂ।

(੨) **ਕੂਰਮ :–** ਨੇਤ੍ਰਾਂ ਨੂੰ ਖੋਲ੍ਹਣ ਤੇ ਬੰਦ ਕਰਨ ਵਾਲੀ।

(੩) **ਕ੍ਰਿਕਲ :–** ਛਿੱਕ ਤੇ ਭੁੱਖ ਦਾ ਹੇਤੂ।

(੪) **ਦੇਵਦੱਤ :–** ਅਵਾਸੀ ਦਾ ਹੇਤੂ।

(੫) **ਧਨੰਜਯ :–** ਮਰਣ ਪਿੱਛੋਂ ਸਰੀਰ ਨੂੰ ਫੁਲਾਉਣ ਵਾਲੀ।

ਪੌਨ ਦਸ ਸੁਨੋ ਨਾਮ ਪ੍ਰਾਨ ਹੈ ਅਪਾਨ ਦੋਊ ਜਾਨਿਯੇ ਸਮਾਨ ਉਦਿਆਨ ਹੈ ਬਿਆਨ ਸੋ।
ਨਾਗ ਔਰ ਕੂਰਮ ਕ੍ਰਿਕਲ ਦੇਵਦੱਤ ਲਖੋ, ਦਸਵੀ ਧਨੰਜੇ ਨਾਮ ਕਰਤ ਬਖਾਨ ਸੋ।

(ਨਾਨਕ ਪ੍ਰਕਾਸ਼)

✲ (ਪੰਜ ਪ੍ਰਾਣ ਪੰਨਾ ੭੭ ਤੇ ਪ੍ਰਸ਼ਨ ੬੩ ਪੜ੍ਹੋ।)

(੪) **ਕਰਮ :–** ਕਿਰਿਆ

(੧) **ਨਿਤ ਕਰਮ :–** ਸਦਾ ਜਿਸ ਦਾ ਵਿਧਾਨ ਹੋਵੇ ਐਸਾ ਕਰਮ ਜਿਵੇਂ ਇਸ਼ਨਾਨ, ਸੰਧਿਆ ਆਦਿਕ।

(੨) **ਨੈਮਿਤਿਕ (ਨਮਿਤ) ਕਰਮ :–** ਕਿਸੇ ਨਮਿਤ ਕਹੀਏ ਕਾਰਣ ਕਰਕੇ ਵਿਸ਼ੇਸ਼ ਜਿਨ੍ਹਾਂ ਕਰਮਾਂ ਦਾ ਵਿਧਾਨ ਹੋਵੇ, ਜਿਵੇਂ ਗ੍ਰਹਣ, ਸ਼੍ਰਾਧ, ਕਿਸੇ ਦੇ ਮਰਣ ਅਨੰਤਰ ਪੂਜਾ ਪਾਠ ਆਦਿਕ।

(੩) **ਕਾਮਯ ਕਰਮ :–** ਕਾਮਨਾ ਕਹੀਏ ਇੱਛਾ ਦੀ ਪੂਰਤੀ ਲਈ ਵਿਧਾਨ ਕੀਤੇ ਕਰਮ ਜਿਵੇਂ ਗਉਮੇਧ ਯੱਗ, ਅਸਮੇਧ ਯੱਗ ਆਦਿਕ।

(੪) **ਪ੍ਰਾਯਸ਼ਚਿਤ ਕਰਮ :–** ਪਾਪ ਦੀ ਨਿਵਿਰਤੀ ਲਈ ਵਿਧਾਨ ਕੀਤੇ ਕਰਮ ਜਿਵੇਂ ਚੰਦ੍ਰਾਇਣ ਵਰਤ ਆਦਿਕ।

(੫) **ਨਿਸ਼ਿਦ (ਨਿਖਿਧ) ਕਰਮ :–** ਸ਼ਾਸਤ੍ਰਾਂ ਵਿਚ ਜਿਨ੍ਹਾਂ ਕਰਮਾਂ ਨੂੰ ਕਰਨ ਤੋਂ ਮਨ੍ਹਾ ਕੀਤਾ ਵਾ ਰੋਕਿਆ ਗਿਆ ਜਿਵੇਂ ਬ੍ਰਹਮ ਗਿਆਨੀ ਤੇ ਕੰਨਿਆ ਦੀ ਹੱਤਿਆ ਆਦਿਕ।

'ਨਿਤਜ ਕਰਮ' ਸੰਧਜਾ ਬੰਦਨਾਦਿਕ ਸੁਤ ਜਨਮਾਦਿ 'ਨਮਿੱਤਜਕ' ਜਾਨ।
'ਪ੍ਰਾਯਸਚਿਤ' ਕ੍ਰਿਛ ਚੰਦ੍ਰਾਯਨ ਆਦਿਕ ਕਲਮਲ ਛੇ ਸਾਧਨ ਪਹਿਚਾਨ।
ਅਗਨੀ ਜੋਤਿਸ਼ਟੋਮਾਦਿਕ ਜੇ 'ਕਾਮਕ' ਐਸੇ ਬੇਦ ਬਖਾਨ।
ਹਨਨਿ ਬ੍ਰਹਮਾਦਿਕ ਇਹ 'ਨਖਿੱਧ' ਕਰਮ ਪੰਚ ਏ ਜਾਨ ਸੁਜਾਨ॥ ੨੬॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੩)

✲ (ਵਿਸਥਾਰ ਨਾਲ ਪੰਜੇ ਕਰਮ 'ਵੇਦਾਂਤ ਸਾਰ ਸੰਗ੍ਰਹ' ਗ੍ਰੰਥ ਪੰਨਾ ੭੯ ਤੋਂ ੮੧ ਤੱਕ ਪੜ੍ਹੋ)

(੫) **ਕਰਮ ਇੰਦ੍ਰੇਯ** :-

(੧) ਵਾਕ (੨) ਪਾਣ (੩) ਪਾਦ (੪) ਉਪਸਥ (੫) ਗੁਦਾ।

✲ (ਕਰਮ ਇੰਦ੍ਰੇਯ ਪੰਨਾ ੭੭ ਤੇ ਪ੍ਰਸ਼ਨ ੬੨ ਪੜ੍ਹੋ)

✲ (ਪੰਜ ਗਯਾਨ ਇੰਦ੍ਰੇਯ ਪੰਨਾ ੭੬ ਤੇ ਪ੍ਰਸ਼ਨ ੬੧ ਪੜ੍ਹੋ)

(੬) **ਕੋਸ਼** :- (ਕੋਸ਼ ਦੇ ਅਰਥ ਪੰਨਾ ੯੧ 'ਤੇ ਪ੍ਰਸ਼ਨ ੮੩ ਪੜ੍ਹੋ)

(੧) **ਅੰਨਜਮਯ ਕੋਸ਼** :- (ਪੰਨਾ ੯੨ 'ਤੇ ਪ੍ਰਸ਼ਨ ੮੫ ਪੜ੍ਹੋ)

(੨) **ਪ੍ਰਾਣਮਯ ਕੋਸ਼** :- (ਪੰਨਾ ੯੩ 'ਤੇ ਪ੍ਰਸ਼ਨ ੮੮ ਪੜ੍ਹੋ)

(੩) **ਮਨੋਮਯ ਕੋਸ਼** :- (ਪੰਨਾ ੯੫ 'ਤੇ ਪ੍ਰਸ਼ਨ ੯੩ ਪੜ੍ਹੋ)

(੪) **ਵਿਗਯਾਨਮਯ ਕੋਸ਼** :- (ਪੰਨਾ ੯੬ 'ਤੇ ਪ੍ਰਸ਼ਨ ੯੭ ਪੜ੍ਹੋ)

(੫) **ਆਨੰਦਮਯ ਕੋਸ਼** :- (ਪੰਨਾ ੯੬ 'ਤੇ ਪ੍ਰਸ਼ਨ ੧੦੧ ਪੜ੍ਹੋ)

(੭) **ਕਲੇਸ਼** :-

(੧) **ਅਵਿਦਿਆ** :- ਚਾਰ ਪ੍ਰਕਾਰ ਦੀ ਕਾਰਯ ਅਵਿਦਿਆ :-

(ੳ) ਦੁੱਖ ਵਿਚ ਸੁਖ ਬੁਧੀ

(ਅ) ਅਨਾਤਮਾ ਵਿਚ ਆਤਮ ਬੁਧੀ

(ੲ) ਅਨਿਤਯ ਵਿਚ ਨਿਤਯ ਬੁਧੀ

(ਸ) ਅਸੁਚ ਵਿਚ ਸੁਚ (ਸ਼ੁੱਧ) ਬੁਧੀ

(੨) **ਅਸਮਿਤਾ** :- ਸਾਕਸ਼ੀ (ਆਤਮਾ) ਅਤੇ ਬੁਧੀ ਦੀ ਏਕਤਾ ਦਾ ਗਿਆਨ (ਸਾਮਾਨਯ ਅਹੰਕਾਰ)

✲ (ਸਾਮਾਨਯ ਤੇ ਵਿਸ਼ੇਸ਼ ਅਹੰਕਾਰ ਦਾ ਭੇਦ ਪੰਨਾ ੩੪੦ 'ਤੇ ਪੜ੍ਹੋ)

(੩) **ਰਾਗ** :- ਦ੍ਰਿੜ ਆਸਕਤੀ (ਆਰੂਢ ਪ੍ਰੀਤੀ)।

(੪) **ਦ੍ਵੈਸ਼** :- ਚਿਤ ਨੂੰ ਅਪ੍ਰਿਅ ਲੱਗਣ ਕਰਕੇ ਕ੍ਰੋਧ ਵਾ ਈਰਖਾ ਰੂਪ ਵ੍ਰਿਤੀ।

(੫) **ਅਭੀਨਿਵੇਸ਼** :- ਮਰਣ ਦਾ ਡਰ।

(੮) **ਖਯਾਤੀ** :- ਪ੍ਰਤੀਤੀ ਅਤੇ ਕਥਨ ਰੂਪ ਵਿਵਹਾਰ।

(੧) **ਅਸੱਤ ਖਯਾਤੀ** :- ਸ਼ੂਨਯਵਾਦੀ ਅਸੱਤ (ਮਿਥਿਆ ਸ੍ਵਰੂਪ) ਸੱਪ ਦੀ ਰਜੂ (ਰੱਸੀ) ਦੇਸ਼ (ਸਥਾਨ) ਵਿਚ ਪ੍ਰਤੀਤੀ ਅਤੇ ਕਥਨ ਮੰਨਦੇ ਹਨ ਸੋ ਅਸੱਤ ਖਯਾਤੀ ਹੈ।

(੨) **ਆਤਮ ਖਯਾਤੀ** :- ਛਣਿਕ ਵਿਗਯਾਨਵਾਦੀ ਛਣਿਕ ਬੁਧੀ ਰੂਪ ਆਤਮਾ ਦੀ ਸੱਪ ਰੂਪ ਨਾਲ ਪ੍ਰਤੀਤੀ ਅਤੇ ਕਥਨ ਮੰਨਦੇ ਹਨ ਸੋ ਆਤਮ ਖਯਾਤੀ ਕਹੀਏ ਹੈ।

(੩) **ਅਨਯਥਾ ਖਯਾਤੀ** :- ਨੈਯਾਇਕ (ਨਿਆਏ ਮਤ ਵਾਲੇ) ਬਾਂਬੀ ਕਹੀਏ ਸੱਪ ਦੀ ਬਿਲ ਵਾ

ਖੁੱਡ ਆਦਿਕ ਦੂਰ ਦੇਸ਼ ਵਿਚ ਸਥਿਤ ਸੱਪ ਦੇ ਦੋਸ਼ ਦੇ ਬਲ ਨਾਲ ਰੱਸੀ ਦੇਸ਼ ਵਿਚ ਪ੍ਰਤੀਤੀ ਅਤੇ ਕਥਨ ਮੰਨਦੇ ਹਨ ਸੋ ਅਨਯਥਾ ਖਯਾਤੀ ਹੈ ਅਥਵਾ ਰਜੂ ਰੂਪ ਗੇਯ (ਜਾਨਣਯੋਗ ਵਸਤੂ) ਦਾ ਸੱਪ ਰੂਪ ਨਾਲ ਗਿਆਨ ਮੰਨਦੇ ਹਨ ਸੋ ਅਨਯਥਾ ਖਯਾਤੀ ਜਾਨਣਾ।

(੪) **ਅਖਯਾਤੀ ਖਯਾਤੀ :-** ਸਾਂਖ ਪ੍ਰਭਾਕਰ ਮੱਤ ਦੇ ਅਨੁਸਾਰ ''ਇਹ ਸੱਪ ਹੈ'' 'ਇਹ' ਅੰਸ਼ ਤਾਂ ਰੱਸੀ ਦੇ ਇਦੰਪਨੇ ਦਾ ਪ੍ਰਤੱਖ ਗਿਆਨ ਹੈ ਅਤੇ ਸਰਪ ਇਹ ਪੂਰਵ (ਪਹਿਲਾਂ) ਵੇਖੇ ਸੱਪ ਦਾ ਸਮ੍ਰਿਤੀ ਗਿਆਨ ਹੈ। ਇਹ ਦੋ ਗਿਆਨ ਹਨ ਜਿਨ੍ਹਾਂ ਦੇ ਦੋਸ਼ ਦੇ ਬਲ ਨਾਲ ਅਖਯਾਤੀ ਕਰੀਏ ਅਵਿਵੇਕ (ਭੇਦ ਪ੍ਰਤੀਤੀ ਦਾ ਅਭਾਵ) ਹੁੰਦਾ ਹੈ।

(੫) **ਅਨਰਵਚਨੀਯ ਖਯਾਤੀ :-** ਵੇਦਾਂਤ ਸਿਧਾਂਤ ਵਿਚ ਰੱਸੀ ਵਿਚ ਤਿਸਦੀ ਅਵਿਦਿਆ ਕਰਕੇ ਅਨਰਵਚਨੀਯ (ਕਹੀਏ ਸੱਤ-ਅਸੱਤ ਤੋਂ ਵਿਲਕਸ਼ਣ) ਸੱਪ ਅਤੇ ਤਿਸਦਾ ਗਿਆਨ ਉਪਜਦਾ ਹੈ। ਤਿਸਦੀ ਖਯਾਤੀ ਕਹੀਏ ਪ੍ਰਤੀਤੀ ਅਤੇ ਕਥਨ ਹੁੰਦਾ ਹੈ ਸੋ ਅਨਰਵਚਨੀਯ ਖਯਾਤੀ ਹੈ।

(੯) **ਜੀਵਨ ਮੁਕਤੀ ਦੇ ਪ੍ਰਯੋਜਨ :-** ਭਾਵੇਂ ਕਿ ਜੀਵਨ ਮੁਕਤੀ ਤਾਂ ਗਿਆਨੀ (ਆਤਮ ਗਿਆਨੀ) ਨੂੰ ਸਿੱਧ (ਪ੍ਰਾਪਤ) ਹੈ ਤਾਂ ਵੀ ਇੱਥੇ ਜੀਵਨ ਮੁਕਤੀ ਸ਼ਬਦ ਤੋਂ ਜੀਵਨ ਮੁਕਤੀ ਦੇ ਵਿਲਕਸ਼ਣ ਆਨੰਦ ਦੀ ਅਵਸਥਾ (ਪੰਚਮ 'ਅਸੰਸਕਤਿ' ਆਦਿਕ ਭੂਮਿਕਾ) ਦਾ ਗ੍ਰਹਣ ਹੈ। ਤਿਸਦੇ ਪ੍ਰਯੋਜਨ ਕਹੀਏ ਫਲ ਪੰਜ ਪ੍ਰਕਾਰ ਦੇ ਹਨ :-

(੧) **ਗਿਆਨ ਰਕਸ਼ਾ :-** ਭਾਵੇਂ ਕਿ ਇਕ ਵਾਰ ਉਪਜੇ ਦ੍ਰਿੜ ਬੋਧ ਦਾ ਨਾਸ਼ ਨਹੀਂ ਹੁੰਦਾ ਹੈ। ਇਸ ਲਈ ਗਿਆਨ ਰਕਛਾ ਆਪ ਹੀ ਸਿੱਧ ਹੈ। ਤਾਂ ਵੀ ਇੱਥੇ ਨਿਰੰਤਰ 'ਬ੍ਰਹਮਾਕਾਰ ਵ੍ਰਿਤੀ ਦੀ ਸਥਿਤੀ' ਗਿਆਨ ਰਕਛਾ ਸ਼ਬਦ ਦਾ ਅਰਥ ਹੈ।

(੨) **ਤਪ :-** ਮਨ ਅਤੇ ਇੰਦ੍ਰੀਆਂ ਦੀ ਇਕਾਗ੍ਰਤਾ ਵਾ ਸਰੀਰ, ਵਾਣੀ ਅਤੇ ਮਨ ਦਾ ਸੰਜਮ।

''ਤਪ ਨਾਮ ਚਿਤ ਕੀ ਇਕਾਗ੍ਰਤਾ ਕੋ ਜਾਨੀਐ'' **(ਵੈਰਾਗ ਸ਼ੱਤਕ)**

(੩) **ਵਿਸੰਵਾਦਾਭਾਵ :-** ਜਲਪ ਅਤੇ ਵਿਤੰਡਾਵਾਦ ਦਾ ਅਭਾਵ

☆(ਜਲਪ ਤੇ ਵਿਤੰਡਾਵਾਦ ਪੰਨਾ ੩੫੭-੩੫੮ 'ਤੇ ਪੜ੍ਹੋ)

(੪) **ਦੁੱਖ ਨਿਵ੍ਰਿਤੀ :-** ਦ੍ਰਿਸ਼ਟ (ਪ੍ਰਤੱਖ) ਦੁੱਖਾਂ ਦੀ ਨਿਵਿਰਤੀ ਕਹੀਏ ਛੁਟਕਾਰਾ।

(੫) **ਸੁਖ ਪ੍ਰਾਪਤੀ :-** ਨਿਰਾਵਰਣ (ਅਵਰਣ ਦੋਸ਼ ਰਹਿਤ) ਪਰੀਪੂਰਣ ਅਤੇ ਸਵ੍ਰਿਤਿਕ ਕਹੀਏ ਅਨੁਭਵ ਜਨਯ ਸਤਯ ਰੂਪ ਜੀਵਨ-ਮੁਕਤੀ ਦੇ ਵਿਲਕਸ਼ਣ ਆਨੰਦ ਦੀ ਪ੍ਰਾਪਤੀ॥

(੧੦) **ਦ੍ਰਿਸ਼ਟਾਂਤ :-** ਜਗਤ ਦੇ ਮਿਥਿਆਪਨੇ ਵਿਚ ਦ੍ਰਿਸ਼ਟਾਂਤ ਪੰਜ ਤਰ੍ਹਾਂ ਦੇ ਹਨ :-

(੧) **ਸ਼ੁਕਤੀ (ਸਿੱਪੀ) ਵਿਚ ਰਜਤ (ਚਾਂਦੀ) ਦਾ ਦ੍ਰਿਸ਼ਟਾਂਤ।**

(੨) **ਰਜੂ (ਰੱਸੀ) ਵਿਚ ਸੱਪ ਦਾ ਦ੍ਰਿਸ਼ਟਾਂਤ।**

(੩) **ਸਥਾਣੂ (ਕੱਟਿਆ ਹੋਇਆ ਰੁੱਖ, ਠੂਠ) ਵਿਚ ਪੁਰਸ਼ ਦਾ ਦ੍ਰਿਸ਼ਟਾਂਤ।**

(੪) **ਮਰੀਚੀਕਾ ਵਿਚ ਜਲ ਦਾ ਦ੍ਰਿਸ਼ਟਾਂਤ :-**

ਮਧਯਾਨ ਕਾਲ (ਭਾਵ ਦੁਪਹਿਰ ਦੇ ਸਮੇਂ) ਮਰੂਭੂਮੀ ਵਿਚ ਪ੍ਰਤੀਬਿੰਬਿਤ ਸੂਰਜ ਦੀਆਂ

ਕਿਰਣਾਂ ਸੋ ਕਹੀਏ ਮਰੀਚੀਕਾ ਵਿਚ ਜੋ ਜਲ ਭਾਸਦਾ ਹੈ ਸੋ ਮ੍ਰਿਗਜਲ ਦੀ ਪ੍ਰਤੀਤੀ। ਇਸ ਨੂੰ ਜਾਂਜੂਜਲ ਵੀ ਆਖਦੇ ਹਨ।

(੫) **ਸਾਕਸ਼ੀ ਵਿਸ਼ੇ ਸੁਪਨ ਦਾ ਦ੍ਰਿਸ਼ਟਾਂਤ ਜਾਂ ਦਰਪਣ ਵਿਸ਼ੇ ਨਗਰ ਦੇ ਪ੍ਰਤੀਬਿੰਬ ਦਾ ਦ੍ਰਿਸ਼ਟਾਂਤ।**

(੧੧) **ਨਿਯਮ** :-

(੧) **ਸੌਚ** :- ਮਲ ਤਿਆਗ ਕਿਰਿਆ ਕਰਕੇ, ਪੰਜ ਇਸ਼ਨਾਨਾ ਕਰਕੇ (ਪੈਰਾਂ ਤੋਂ ਗੋਡਿਆਂ ਤੱਕ ਲੱਤਾਂ, ਹੱਥਾਂ ਤੋਂ ਕੁਹਣੀਆਂ ਤੱਕ ਬਾਂਹਵਾਂ ਅਤੇ ਮੂੰਹ ਜਲ ਨਾਲ ਧੋਣਾ ਕਰੇ) ਫਿਰ ਦਾਤਣ ਕੁਰਲਾ ਕਰਨਾ ਇਸ ਨੂੰ ਸੌਚਾਚਾਰ ਆਖਦੇ ਹਨ।

(੨) **ਸੰਤੋਖ** :- ਜਥਾ ਲਾਭ ਤਥਾ ਸੰਤੁਸ਼ਟ।

(੩) **ਤਪ** :- 'ਤਪ ਨਾਮ ਚਿਤ ਦੀ ਇਕਾਗ੍ਰਤਾ ਕੋ ਜਾਨੀਏ'

(੪) **ਸ੍ਵਾਧਯਾਯ** :- ਸ੍ਵੈ ਸ਼ਾਖਾ ਦੇ ਵੇਦ ਭਾਗ ਦਾ ਵਾ ਗੀਤਾ ਆਦਿਕ ਆਪਣੇ ਧਰਮ ਦੇ ਗ੍ਰੰਥਾਂ ਦਾ ਜੋ ਨਿਤ ਪਾਠ ਕਰਨਾ।

(੫) **ਈਸ਼ਵਰ ਪ੍ਰਣੀਧਾਨ** :- ਓਅੰਕਾਰ ਆਦਿਕ ਈਸ਼ਵਰ ਉਪਾਸਨਾ।

(੧੨) **ਪ੍ਰਲਯ** :-

(੧) **ਨਿਤਯ ਪ੍ਰਲਯ** :- ਛਣ ਛਣ ਵਿਚ ਸਾਰੇ ਕਾਰਜਾਂ ਦਾ ਜੋ ਦੀਵੇ ਦੀ ਜਯੋਤੀ ਦੀ ਨਿਆਈ ਨਾਸ਼ ਹੋਣਾ ਵਾ ਸੁਖੋਪਤੀ ਅਵਸਥਾ ਨਿਤਯ ਪ੍ਰਲਯ ਹਨ।

(੨) **ਨੈਮਿਤਿਕ (ਨਮਿਤ) ਪ੍ਰਲਯ** :- ਬ੍ਰਹਮਾ ਦੀ ਰਾਤ ਰੂਪ ਨਮਿਤ (ਕਾਰਣ) ਕਰਕੇ ਹੋਣ ਵਾਲਾ ਜੋ ਭੂਰ ਆਦਿਕ ਹੇਠਾਂ ਤਿੰਨ ਲੋਕਾਂ ਦਾ ਨਾਸ਼।

(੩) **ਦਿਨ ਪ੍ਰਲਯ** :- ਬ੍ਰਹਮਾ ਦੇ ਦਿਨ ਵਿਚ ਚੌਦਾਂ ਮਨਵੰਤਰ* ਹੁੰਦੇ ਹਨ। ਪ੍ਰਤੇਕ ਮਨਵੰਤਰ ਦਾ ਜੋ ਨਾਸ਼ ਸੋ ਕਹੀਏ ਅਵਾਂਤਰ ਪ੍ਰਲਯ ਅਤੇ ਇਸ ਦਾ ਨਾਮ ਮਨਵੰਤਰ ਪ੍ਰਲਯ ਵੀ ਹੈ। ਕਈ ਇਸ ਨੂੰ ਨੈਮਿਤਿਕ (ਨਮਿਤ) ਪ੍ਰਲਯ ਵੀ ਆਖਦੇ ਹਨ।

*(ਉ) **ਸਤਜੁਗ ਦੀ ਉਮਰ** :- ਸਤਾਰਾਂ ਲੱਖ ਅਠਾਈ ਹਜ਼ਾਰ ਸਾਲ।

(ਅ) **ਤ੍ਰੇਤੇ ਯੁਗ ਦੀ ਉਮਰ** :- ਬਾਰ੍ਹਾਂ ਲੱਖ ਛਿਆਨਵੇਂ ਹਜ਼ਾਰ ਸਾਲ।

(ਏ) **ਦ੍ਵਾਪਰ ਯੁਗ ਦੀ ਉਮਰ** :- ਅੱਠ ਲੱਖ ਚੌਂਹਠ ਹਜ਼ਾਰ ਸਾਲ।

(ਸ) **ਕਲਯੁਗ ਦੀ ਉਮਰ** :- ਚਾਰ ਲੱਖ ਬੱਤੀ ਹਜ਼ਾਰ ਸਾਲ।

1 ਮੰਨਵੰਤਰ=71 ਚਤੁਰਯੁਗੀ

1 ਚਤੁਰਯੁਗੀ=ਚਾਰ ਯੁਗ (ਸਤਯੁਗ, ਤ੍ਰੇਤਾ ਯੁਗ, ਦ੍ਵਾਪਰ ਯੁਗ ਅਤੇ ਕਲਯੁਗ)

(੪) **ਮਹਾਂ ਪ੍ਰਲਯ** :-ਬ੍ਰਹਮਾ ਦੇ ਸੱਤ ਵਰਸ਼ ਕਹੀਏ ਸੌ ਸਾਲ ਦੇ ਅਨੰਤਰ (ਬਾਦ) ਜੋ ਬ੍ਰਹਮਾਦਿਕ ਦੇਵਤਿਆਂ ਸਹਿਤ ਅਕਾਸ਼ਾਦੀ ਸਭ ਭੂਤਾਂ (ਤੱਤਾਂ) ਦਾ ਨਾਸ਼ ਸੋ ਮਹਾਂ ਪ੍ਰਲਯ ਹੈ।

(੫) **ਆਤਯੰਤਿਕ ਪ੍ਰਲਯ** :- ਦ੍ਰਿੜ ਅਪਰੋਕਸ਼ ਬ੍ਰਹਮ ਗਿਆਨ ਦੁਆਰਾ ਕਾਰਣ ਅਵਿਦਿਆ ਸਹਿਤ ਕਾਰਯ ਜੋ ਸਮਸਤ ਪ੍ਰਪੰਚ ਦਾ ਬਾਧ (ਅਤਿਅੰਤ ਬਾਧ ਰੂਪ ਨਿਵਿਰਤੀ) ਸੋ ਆਤਯੰਤਿਕ ਪ੍ਰਲਯ ਕਹੀਏ ਹੈ।

(ਬਾਧ ਰੂਪ ਨਿਵਿਰਤੀ ਪੰਨਾ ੧੯ 'ਤੇ ਪੜ੍ਹੋ)

✲ ਰਾਤ ਦਿਨ ਦੀ ਪਰਲੋ, ਪ੍ਰਕਿਰਤ ਪਰਲੋ (ਮਹਾਂ ਪਰਲੋ), ਗਿਆਨ ਪਰਲੋ ਵਿਸਥਾਰ ਨਾਲ 'ਵੇਦਾਂਤ ਸਾਰ ਸੰਗ੍ਰਹ' ਪੰਨਾ ੧੦੬ ਤੋਂ ੧੦੯ ਤੱਕ ਪੜ੍ਹੋ।

(੧੩) ਪ੍ਰਾਣਾਦੀ :- ਵਾਯੂ ਦੇ ਸਥਾਨਾਂ ਦੇ ਭੇਦ ਕਰਕੇ ਪੰਜ ਪ੍ਰਕਾਰ ਦੇ ਪ੍ਰਾਣ :-

(੧) ਪ੍ਰਾਣ :- ਹਿਰਦੇ ਵਿਚ ਰਹਿਣ ਵਾਲੀ ਪੌਣ (ਹਵਾ)।

(੨) ਅਪਾਨ :- ਗੁਦਾ ਅਸਥਾਨ ਵਾਲੀ ਪੌਣ।

(੩) ਸਮਾਨ :- ਨਾਭੀ ਵਿਚਲੀ ਪੌਣ।

(੪) ਉਦਾਨ :- ਕੰਠ ਵਿਚਲੀ ਪੌਣ।

(੫) ਬਜਾਨ :- ਸਾਰੇ ਸਰੀਰ ਵਿਚ ਵਿਆਪਕ ਪੌਣ।

ਪ੍ਰਾਨ ਅਪਾਨ ਸਮਾਨ ਉਦਾਨੰ ਬਜਾਨ ਨਾਗ ਕੂਰਮ ਪਹਿਚਾਨ।
ਕਿਰਕਲ ਦੇਵਦੱਤ ਧਨੰਜਜ ਇਹ ਦਸ ਬਜਸ੍ਰ ਗਿਨੀਜੈ ਪ੍ਰਾਨ॥ ੧੫॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੪)

(੧੪) ਭੇਦ :-

(੧) ਜੀਵ ਈਸ਼ਵਰ ਦਾ ਭੇਦ **(੨) ਜੀਵ ਜੀਵ ਦਾ ਭੇਦ**

(੩) ਜੀਵ ਜੜ ਦਾ ਭੇਦ **(੪) ਈਸ਼ ਜੜ ਦਾ ਭੇਦ**

(੫) ਜੜ ਜੜ ਦਾ ਭੇਦ।

ਇਨ੍ਹਾਂ ਪੰਜ ਭੇਦਾਂ ਨੂੰ 'ਭੇਦ-ਭਾੜ੍ਹੀ' ਆਖਦੇ ਹਨ ਜੋ ਪੰਜ ਪ੍ਰਕਾਰ ਦੇ ਭਰਮਾਂ ਵਿਚੋਂ ਪਹਿਲਾ ਭਰਮ ਹੈ।

(੧੫) ਭਰਮ :- ਭ੍ਰਾਂਤੀ ਵਾ ਅਧਿਆਸ (ਪੰਨਾ ੧੩੩ 'ਤੇ ਪ੍ਰਸ਼ਨ ੧੩੬ ਪੜ੍ਹੋ)

(੧) ਭੇਦ ਭਰਮ **(੨) ਕ੍ਰਿਤਿਤ੍ਵ ਭਰਮ** **(੩) ਸੰਗ ਭਰਮ**

(੪) ਵਿਕਾਰ ਭਰਮ **(੫) ਸਤਯਤ੍ਵ ਭਰਮ।**

ਭੇਦ ਭਰਮ ਕਰਤੱਤ੍ਵ ਭਰਮ ਪੁਨਿ ਸੰਗ ਭਰਮ ਵਿਕਾਰ॥
ਬ੍ਰਹਮ ਇਤਰ ਜਗ ਸੱਤ ਭਰਮ ਪਾਂਚੋ ਭਰਮ ਸੰਸਾਰ॥

(ਵਿਚਾਰ ਸਾਗਰ)

✲ (ਵਿਸਥਾਰ ਨਾਲ ਪੰਜੇ ਭਰਮ ਛੇਵੀਂ ਕਲਾ ਵਿਚੋਂ ਪੰਨਾ ੧੨੫ 'ਤੇ ਪ੍ਰਸ਼ਨ ੧੨੮ ਪੜ੍ਹੋ)

(੧੬) ਭਰਮ ਨਿਵਰਤਕ ਦ੍ਰਿਸ਼ਟਾਂਤ :- (ਛੇਵੀਂ ਕਲਾ ਵਿਚੋਂ ਪੰਨਾ ੧੨੬ ਤੋਂ ੧੩੨ ਤੱਕ ਪ੍ਰਸ਼ਨ ੧੨੯ ਤੋਂ ਪ੍ਰਸ਼ਨ ੧੩੪ ਤੱਕ ਪੜ੍ਹੋ)

(੧) ਬਿੰਬ-ਪ੍ਰਤੀਬਿੰਬ **(੨) ਲੋਹਿਤ ਸਫਟਿਕ** **(੩) ਘਟਾਕਾਸ਼**

(੪) ਰਜੂ-ਸਰਪ **(੫) ਕਨਕ-ਕੁੰਡਲ।**

ਬਿੰਬ ਪ੍ਰਤੀਬਿੰਬ ਸਫਟਿਕ ਘਟਾਕਾਸ਼ ਗੁਣ ਮਾਰ॥

ਕਨਕ ਕੁੰਡਲ ਦ੍ਰਿਸ਼ਟਾਂਤ ਦੇ ਪਾਂਚੋ ਭਰਮ ਨਿਵਾਰ॥ (ਵਿਚਾਰ ਸਾਗਰ)

(੧੭) **ਮਹਾਯਗਯ :-** ਮਹਾ=ਵੱਡੀ ਯਗਯ=ਆਹੁਤੀ ਕਹੀਏ ਹਵਨ ਦੀ ਵਸਤੂ ਵਾ ਸਮਗ੍ਰੀ ਜਿਸ ਦਾ ਬਲਿਦਾਨ ਦਿੱਤਾ ਜਾਵੇ ਅਥਵਾ ਆਪਣੀਆਂ ਪ੍ਰਿਯ ਮੁੱਲਵਾਨ ਪਦਾਰਥਾਂ ਨੂੰ ਅਗਨੀ ਜਾਂ ਵਾਯੂ ਦੇ ਰਾਹੀਂ ਸਮਸਤ ਸੰਸਾਰ ਦੇ ਕਲਿਆਣ ਲਈ ਤਿਆਗਣ ਰੂਪ ਸ਼ੁੱਭ ਕਰਮ ਸੋ ਮਹਾਯਗਯ ਕਹੀਏ ਹੈ। ਵੇਦਾਂ ਅਨੁਸਾਰ ਗ੍ਰਿਹਸਥੀ ਜੀਵਨ ਵਿਚ ਪੰਜ ਮਹਾਯਗਯ ਮਹੱਤਵਪੂਰਨ ਮੰਨੇ ਗਏ ਹਨ ਕਿਉਂਕਿ ਗ੍ਰਿਹ ਕਰਮ ਕਰਦੇ ਹੋਏ ਗ੍ਰਿਹਸਥੀ ਨਿਸ਼ਚਿਤ ਰੂਪ ਨਾਲ ਕਈ ਤਰ੍ਹਾਂ ਕਰਕੇ ਹਿੰਸਾ ਕਰਦਾ ਹੈ, ਜਿਵੇਂ (੧) ਭੋਜਨ ਪਕਾਉਂਦੇ ਹੋਏ ਕਈ ਛੋਟੇ ਕੀੜੇ ਆਦਿਕ ਅੱਗ ਦਾ ਸ਼ਿਕਾਰ ਹੁੰਦੇ ਹਨ। (੨) ਚੱਕੀ, ਝਾੜ, ਓਖਲੀ (ਲੱਕੜ ਜਾਂ ਪੱਥਰ ਦਾ ਬਣਿਆ ਗਹਿਰਾ ਬਰਤਨ ਜਿਸ ਵਿਚ ਅੰਨ ਆਦਿਕ ਪਾ ਕੇ ਪੀਸੇ ਜਾਂਦੇ) ਆਦਿਕ ਵਿਚ ਸ਼ੂਦ੍ਰ ਕੀੜੇ ਆਦਿਕਾਂ ਦੀ ਹੱਤਿਆ। (੩) ਪਾਣੀ ਉਬਾਲਣ ਵਿਚ ਬੈਕਟੀਰੀਆ ਆਦਿ ਮਰਦੇ ਹਨ। (੪) ਕਾਰ-ਵਿਵਹਾਰ ਕਰਦਿਆਂ ਕੀੜੀ ਆਦਿਕਾਂ ਦੀ ਹੱਤਿਆ। ਇਨ੍ਹਾਂ ਪਾਪ ਕਰਮਾਂ ਦਾ ਪ੍ਰਾਯਸ਼ਚਿਤ ਕਰਨ ਲਈ ਪੰਜ ਮਹਾਯਗਯ ਕਥਨ ਕੀਤੇ ਗਏ ਹਨ। ਜੋ ਇਨ੍ਹਾਂ ਦਾ ਵਿਧਾਨ ਕਰਦਾ ਹੈ ਸੋ ਹਿੰਸਾ ਦੋਸ਼ਾਂ ਤੋਂ ਮੁਕਤ ਮੰਨਿਆ ਜਾਂਦਾ ਹੈ।

ਇਸ ਤਰ੍ਹਾਂ ਵੀ ਮੰਨਿਆ ਜਾਂਦਾ ਹੈ ਕਿ ਮਨੁੱਖਾਂ ਤੇ ਤਿੰਨ ਰਿਣ (ਕਰਜ਼ੇ) ਹਨ : ਰਿਸ਼ੀ ਰਿਣ, ਦੇਵ ਰਿਣ ਅਤੇ ਪਿਤ੍ਰ ਰਿਣ। ਇਨ੍ਹਾਂ ਦੀ ਨਿਵਿਰਤੀ ਲਈ ਰਿਸ਼ੀ ਯੱਗਯ, ਦੇਵ ਯੱਗਯ ਤੇ ਪਿਤ੍ਰੀ ਯੱਗਯ ਦਾ ਵਿਧਾਨ ਕਿਹਾ ਗਿਆ ਹੈ।

(੧) **ਦੇਵ ਯੱਗਯ :-** ਦੇਵ ਰਿਣ ਜੋ ਪ੍ਰਾਕ੍ਰਿਤਿਕ ਸ਼ਕਤੀਆਂ ਨੇ ਇਸ ਬ੍ਰਹਿਮੰਡ ਅਤੇ ਸਾਡੇ ਸਰੀਰਾਂ ਨੂੰ ਰਚ ਕੇ ਸਾਨੂੰ ਅਨੇਕ ਪ੍ਰਕਾਰ ਦੇ ਭੋਗਾਂ ਲਈ ਸਮਰੱਥ ਕੀਤਾ ਤਿਸਦੇ ਪ੍ਰਤੀ ਸਾਡਾ ਜੋ ਫ਼ਰਜ਼ ਜਾਂ ਰਿਣ=ਕਰਜ਼ਾ, ਉਧਾਰ ਤਿਸਤੋਂ ਮੁਕਤ ਹੋਣ ਲਈ ਹਵਨ ਕਰਨਾ ਸੋ ਦੇਵ ਯੱਗਯ ਹੈ।

(੨) **ਰਿਸ਼ੀ ਯੱਗਯ :-** ਆਪਣੇ ਆਚਾਰਯ, ਗੁਰੂ ਵਾ ਰਿਸ਼ੀ-ਮੁਨੀ ਆਦਿਕ ਜਿਨ੍ਹਾਂ ਤੋਂ ਵਿਦਿਆ ਗ੍ਰਹਣ ਕੀਤੀ, ਸੋ ਪਰਮ ਉਪਕਾਰ ਮਾਤ੍ਰ ਦਕਸ਼ਿਣਾ ਦੇਣ ਨਾਲ ਉਤਰਦਾ ਨਹੀਂ। ਉਸ ਦੇ ਵਾਸਤੇ 'ਸ੍ਵਾਧਯਾਯ' ਕਹੀਏ ਮੋਕਸ਼ ਪ੍ਰਾਪਤੀ ਦੇ ਗ੍ਰੰਥਾਂ ਨੂੰ ਆਪ ਵਾਚਣਾ, ਪ੍ਰਣਵ (ਓਅੰਕਾਰ) ਦਾ ਜਾਪ ਆਦਿਕ ਪ੍ਰੇਮਾ ਭਗਤੀ ਨਾਲ ਉਪਾਸਨਾ ਕਰਨੀ ਅਤੇ ਨਾਲ ਨਾਲ 'ਅਧਯਾਪਨ' ਕਹੀਏ ਜਿਗਿਆਸੂਆਂ ਨੂੰ ਪੜ੍ਹਾਉਣਾ। ਸੋ ਇਹ ਪੜ੍ਹਨ-ਪੜ੍ਹਾਉਣ ਨਾਲ ਹੀ ਰਿਸ਼ੀ ਰਿਣ ਉਤਰਦਾ ਹੈ ਅਤੇ ਇਸ ਨੂੰ ਰਿਸ਼ੀ ਯੱਗਯ ਆਖਦੇ ਹਨ। ਇਸ ਯੱਗਯ ਦਾ ਫਲ ਸ਼ੁੱਭ ਗੁਣਾਂ ਵਿਚ ਵ੍ਰਿਧੀ (ਵਾਧਾ), ਪ੍ਰਮਾਤਮਾ ਨਾਲ ਪ੍ਰੇਮ, ਮੋਕਸ਼ ਵਿਚ ਆਸਥਾ ਵਾ ਮੁਕਤੀ ਦਾ ਮਾਰਗ ਪ੍ਰਾਪਤ ਹੁੰਦਾ ਹੈ।

(੩) **ਪਿਤਰ ਯੱਗਯ :-** ਜਿਨ੍ਹਾਂ ਪੂਰਵਜ਼ਾਂ ਨੇ ਕੁਲ ਦੀ ਮਰਯਾਦਾ ਨਾ ਤੋੜਦੇ ਹੋਏ ਸੰਤਾਨ ਦੀ ਉਤਪਤੀ ਕੀਤੀ ਵਾ ਸ਼ੁੱਭ ਸੰਸਕਾਰ ਦਿੱਤੇ ਜਾਂ ਜਿਨ੍ਹਾਂ ਰਿਸ਼ੀ, ਵਿਦਵਾਨ ਆਦਿਕ ਗੁਰੂਆਂ ਨੇ ਗਿਆਨ ਰੂਪ ਭੋਜਨ ਦੇ ਕੇ ਪਾਲਣ-ਪੋਸ਼ਣ ਕੀਤਾ ਐਸੇ ਬੰਧੂ-ਜਨਾਂ ਨੂੰ ਤਰਪਣ=ਤ੍ਰਿਪਤ ਕਰਨਾ ਵਾ ਸੁਖ ਦੇਣਾ ਅਤੇ ਸ੍ਵਾਧ=ਸ਼ਰਧਾ ਸਹਿਤ ਸੇਵਾ ਕਰਨੀ, ਪ੍ਰੇਮਪੂਰਵਕ ਵਿਵਹਾਰ ਕਰਨਾ, ਸੋ ਪਿਤਰ ਰਿਣ ਦਾ ਨਿਵਰਤਕ ਪਿਤਰ ਯੱਗਯ ਹੈ। ਇਸ ਦਾ ਫਲ ਸਰੂਪ ਗੁਰੂ ਜਨਾਂ ਵਾ ਪੂਰਵਜ਼ਾਂ ਦੀ ਕ੍ਰਿਪਾ, ਆਸ਼ੀਰਵਾਦ ਨਾਲ ਗਿਆਨ ਅਤੇ ਗੁਣਾਂ ਵਿਚ ਵਾਧਾ ਹੁੰਦਾ ਹੈ,

ਲੰਬੀ ਉਮਰ, ਬਲ ਅਤੇ ਵਡਿਆਈ ਪ੍ਰਾਪਤ ਹੁੰਦੀ ਹੈ।

(੪) **ਅਤਿਥੀ ਯੱਗਯ ਵਾ ਮਨੁਸ਼ਯ ਯੱਗਯ :-** ਵਿਦਵਾਨ, ਪਰਉਪਕਾਰੀ, ਸੰਨਿਆਸੀ, ਉਪਦੇਸ਼ਕ ਆਦਿਕਾਂ ਨੂੰ ਨਿਵਾਸ ਵਾ ਭੋਜਨ ਦੇਣਾ ਅਤੇ ਉਨ੍ਹਾਂ ਦੇ ਉਪਦੇਸ਼ ਨੂੰ ਗ੍ਰਹਿਣ ਕਰਨਾ। ਸੰਨਿਆਸੀਆਂ ਦਾ ਇਕ ਧਰਮ ਹੈ ਕਿ ਗ੍ਰਿਹਸਥੀਆਂ ਨੂੰ ਉਪਦੇਸ਼ ਦੇਣਾ, ਕਿਉਂਕਿ ਗ੍ਰਿਹਸਥੀਆਂ ਕੋਲ ਕਾਜ-ਵਿਵਹਾਰਾਂ ਕਰਕੇ ਗੂੜ ਵਿਸ਼ੇ ਪੜ੍ਹਨ ਦੀ ਸ਼ਕਤੀ ਵਾ ਸਮਾਂ ਨਹੀਂ ਬਚਦਾ ਅਤੇ ਧਰਮ-ਅਧਰਮ (ਪੁੰਨ-ਪਾਪ) ਦੇ ਵਿਸ਼ੇ ਵਿਚ ਅਨੇਕਾਂ ਸ਼ੰਕੇ ਵੀ ਜਾਗ੍ਰਿਤ ਹੁੰਦੇ ਰਹਿੰਦੇ ਹਨ। ਇਨ੍ਹਾਂ ਦਾ ਸਮਾਧਾਨ ਰੂਪ ਉਪਦੇਸ਼ ਸੰਨਿਆਸੀ ਦਾ ਧਰਮ ਹੈ। ਇਸ ਪਰਉਪਕਾਰ ਦੇ ਬਦਲੇ ਗ੍ਰਿਹਸਥੀਆਂ ਨੂੰ ਸੰਨਿਆਸੀ ਜਾਂ ਕੋਈ ਵੀ ਵਿਦਵਾਨ ਨੂੰ ਆਪਣੇ ਘਰ ਵਿਚ ਸ਼ਰਣ ਦੇਣੀ ਚਾਹੀਦੀ ਹੈ ਪਰੰਤੂ ਸੰਨਿਆਸੀ ਲਈ ਇਹ ਵੀ ਨਿਰਦੇਸ਼ ਹੈ ਕਿ ਇਕ ਰਾਤ੍ਰੀ ਤੋਂ ਅਧਿਕ ਕਿਸੇ ਦੇ ਘਰ ਨਾ ਠਹਿਰੇ। ਇਹ ਅਤਿਥੀ ਵਾ ਮਨੁਸ਼ਯ ਯੱਗਯ ਕਹੀਏ ਹੈ।

(੫) **ਭੂਤ ਯੱਗਯ :-** ਇਸ ਨੂੰ ਬਲੀਵੈਸ਼ਵਦੇਵ ਯੱਗਯ ਵੀ ਆਖਦੇ ਹਨ। ਪੰਜ ਮਹਾਭੂਤਾਂ ਦਾ ਕਾਰਯ ਸਮਸਤ ਸਰੀਰ ਹਨ। ਇਨ੍ਹਾਂ ਦੇ ਪ੍ਰਤੀ ਕਰੁਣਾ ਅਤੇ ਆਪਣਾ ਕਰਤਬ ਸਮਝ ਕੇ ਆਪਣੇ ਭੋਜਨ ਵਿਚੋਂ ਕੁਝ ਅੰਸ ਗਾਂ, ਕੂਕਰ, ਕਾਂ ਆਦਿਕਾਂ ਨੂੰ ਦੇਣਾ ਸੋ ਭੂਤ ਯੱਗਯ ਕਹੀਏ ਹੈ।

(੧੮) **ਯਮ :-** ਜੋਗ ਦੇ ਅੱਠ ਅੰਗਾਂ ਵਿਚੋਂ ਪਹਿਲਾ ਅੰਗ। ਯਮ ਦਾ ਅਰਥ ਹੈ ਸੰਜਮ ਜੋ ਪੰਜ ਪ੍ਰਕਾਰ ਦਾ ਮੰਨਿਆ ਹੈ।

(੧) **ਅਹਿੰਸਾ ਯਮ :-** ਮਨ, ਬਾਣੀ ਸਰੀਰ ਕਰਕੇ ਕਿਸੇ ਪ੍ਰਾਣੀ ਨੂੰ ਨੁਕਸਾਨ ਨਾ ਪਹੁੰਚਾਉਣਾ ਵਾ ਪੀੜਾ ਨਾ ਦੇਣੀ,ਜਿਵੇਂ ਜੈਨ ਧਰਮ ਵਿਚ ਕਿਹਾ ਗਿਆ :-

''ਅਹਿੰਸਾ ਪਰਮੋ ਧਰਮ:'' ਭਾਵ ਅਹਿੰਸਾ=ਹਿੰਸਾ ਨਾ ਕਰਨੀ ਹੀ ਸਭ ਤੋਂ ਵੱਡਾ ਧਰਮ ਹੈ।

ਪਰ ਕੋ ਪੀਰ ਨ ਦੇ ਬਚ ਕ੍ਰਮ ਤੇ ਨਾਮ 'ਅਹਿੰਸਾ' ਲਖਿ ਸੁਖ ਧਾਮ।

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੪)

(੨) **ਸਤਯ ਅਹਿੰਸਾ :-** ਮਿਥਿਆ, ਝੂਠੇ ਜਾਂ ਅਸੱਤ ਬਚਨਾਂ ਦਾ ਤਿਆਗ ਕਰਨਾ ਹੀ ਨਹੀਂ, ਬਲਕਿ ਸੱਤਯ ਹੀ ਪਰਮੇਸ਼ਰ ਹੈ ਅਤੇ ਉਸ ਤੋਂ ਇਲਾਵਾ ਹੋਰ ਕੁਝ ਵੀ ਨਹੀਂ। ਇਸ ਸਤਯ ਦੀ ਖੋਜ, ਪੂਜਾ ਉਪਾਸਕ ਬਣ ਕੇ ਕਰਨੀ ਅਤੇ ਭਗਤ ਪ੍ਰਹਿਲਾਦ ਜੀ ਦੇ ਸਮਾਨ ਸੱਤਯ ਲਈ ਮਾਤਾ-ਪਿਤਾ, ਗੁਰੂ-ਜਨਾਂ ਦੀ ਆਗਿਆ ਵੀ ਨਿਮਰਤਾ ਸਹਿਤ ਭੰਗ ਕਰਨੀ ਆਪਣਾ ਧਰਮ ਸਮਝਣਾ।

ਨਹੀ ਛੋਡਉ ਰੇ ਬਾਬਾ ਰਾਮ ਨਾਮ॥
ਮੇਰੇ ਅਉਰ ਪੜ੍ਹਨ ਸਿਉ ਨਹੀ ਕਾਮੁ॥ ੧॥ ਰਹਾਉ॥ (ਅੰਗ ੧੧੯੪)
ਨਾਮ ਬਿਨਾ ਨਹ ਪੜਉ ਅਚਾਰ॥
ਮੇਰੀ ਪਟੀਆ ਲਿਖਿ ਦੇਹੁ ਗੋਬਿੰਦ ਮੁਰਾਰਿ॥ ੨॥ (ਅੰਗ ੧੧੫੪)

(੩) **ਬ੍ਰਹਮਚਰਯ ਯਮ :-** ਅੱਠ ਪ੍ਰਕਾਰ ਦੇ ਮੈਥੁਨ ਨੂੰ ਤਿਆਗ ਕੇ ਨਿਸ਼ਕਾਮ ਹੋਣਾ।

ਬ੍ਰਹਮਚਰਜ ਸੋ ਅਸ਼ਟ ਪ੍ਰਕਾਰਨਿ, ਮੈਥੁਨ ਤਜਾਗਨਿ ਹੈ ਨਿਸ਼ਕਾਮ॥ ੪॥
ਸਿਮਰਣ, ਸ੍ਰਵਣ, ਕੇਲ ਅਰ ਦੇਖਣ, ਗੁਹਜ ਭਾਖਣ, ਸੰਕਲਪ ਸੁ ਕੀਨ।
ਅਧਿਵਸਾਯੰ, ਕ੍ਰਿਯਾ ਨਿਵਰਤੈ, ਇਹ ਮੈਥੁਨ ਅਸ਼ਟਾਂਗ ਬਿਹੀਨ।

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੪)

(੪) **ਅਪਰੀਗ੍ਰਹ ਯਮ :-** ਅਨਆਵਸ਼ਯਕ ਕਹੀਏ ਜਿਸ ਵਸਤੂ ਦੀ ਜ਼ਰੂਰਤ ਨਹੀਂ ਜਿਵੇਂ ਉਹ ਲਈ ਨਹੀਂ ਜਾਂਦੀ ਤਿਵੇਂ ਹੀ ਉਸ ਦਾ ਸੰਗ੍ਰਹ (ਇਕੱਠ) ਵੀ ਨਾ ਕਰਨਾ।

(੫) **ਅਸਤੇਯ ਯਮ :-** ਅਸਤੇਯ ਕਹੀਏ ਚੋਰੀ ਦਾ ਅਭਾਵ। ਕਿਸੇ ਦੀ ਵਸਤੂ ਉਸ ਦੀ ਅਨੁਮਤੀ ਤੋਂ ਬਿਨਾਂ ਲੈਣਾ, ਵਸਤੂ ਜਿਸ ਉਪਯੋਗ ਲਈ ਮਿਲੀ ਉਸ ਤੋਂ ਜ਼ਿਆਦਾ ਸਮੇਂ ਤੱਕ ਉਪਯੋਗ ਕਰਨਾ ਆਦਿਕ ਵੀ ਚੋਰੀ ਹੈ। ਸੋ ਇਸ ਦਾ ਤਿਆਗ ਕਰਨਾ।

(੧੯) **ਯੋਗ ਭੂਮਿਕਾ :-** ਪਰਮਾਰਥ ਵਿਚ ਯੋਗ=ਜੁੜਨ ਦੀਆਂ ਭੂਮਿਕਾ=ਅਵਸਥਾ :-

(੧) **ਛੇਪ :-** ਰਾਗ-ਦ੍ਵੈਸ਼ ਕਰਕੇ ਚਿੱਤ ਦੀ ਚੰਚਲਤਾ।

(੨) **ਵਿਕਛੇਪ :-** ਬਾਹਰ ਮੁੱਖ ਚਿੱਤ ਦੀ ਜੋ ਕਦਾਚਿਤ ਧਿਆਨ ਯੁਕਤਤਾ ਸੋ ਛੇਪ ਤੋਂ ਵਿਸ਼ੇਸ਼ ਵਿਕਛੇਪ ਹੈ।

(੩) **ਮੂਢ :-** ਨਿੰਦ੍ਰਾ ਤੰਦ੍ਰਾ ਆਦਿਕ ਯੁਕਤ ਵ੍ਰਿਤੀ। ਪ੍ਰਤੱਖ ਸੌਣ ਨੂੰ ਨਿੰਦ੍ਰਾ ਅਤੇ ਜਾਗਦੇ ਹੋਏ ਕਿਸੇ ਵਸਤੂ ਵਿਚ ਖੋ ਜਾਣਾ ਕਿ ਆਪਣੇ ਸਰੀਰ ਦੀ ਪ੍ਰਤੀਤੀ ਨਾ ਰਹੇ ਸੋ ਤੰਦ੍ਰਾ ਕਹੀਏ ਹੈ।

(੪) **ਇਕਾਗਰ :-** ਚਿੱਤ ਵ੍ਰਿਤੀ ਦਾ ਇਕ ਅਖੰਡ ਵਸਤੂ ਦੇ ਆਗਰ=ਅੱਗੇ ਸਥਿਰ ਹੋ ਜਾਣਾ ਵਾ ਧਿਆਨ ਦਾ ਬੰਨ੍ਹੇ ਜਾਣਾ ਜਾਂ ਟਿਕ ਜਾਣਾ।

ਪ੍ਰਭ ਕੀ ਉਸਤਤਿ ਕਰਹੁ ਸੰਤ ਮੀਤ॥ ਸਾਵਧਾਨ ਏਕਾਗਰ ਚੀਤ॥

(ਗਉੜੀ ਸੁਖਮਨੀ ਮਃ ੫, ਅੰਗ ੨੯੬)

ਇਸ਼ਟ ਦੇਵ ਮਹਿ ਰਿਦੈ ਲਗਾਇ। 'ਸਮਾਧਾਨ' ਇਸ ਨਾਮ ਕਹਾਇ॥ ੩੩॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੫)

(੫) **ਨਿਰੋਧ :-** ਅਭਿਆਸ ਅਤੇ ਵੈਰਾਗ ਦੁਆਰਾ ਚਿੱਤ ਦੀ ਸਮਸਤ ਹਲਚਲ ਰੂਪ ਵ੍ਰਿਤੀਆ ਦਾ ਨਿਰੋਧ ਕਹੀਏ ਰੋਕਣਾ।

ਬਾਹਰਿ ਜਾਤੌ ਠਾਕਿ ਰਹਾਵੈ ਗੁਰਮੁਖਿ ਸਹਜਿ ਸਮਾਵੈ॥ ੪॥

(ਪ੍ਰਭਾਤੀ ਮਃ ੧, ਅੰਗ ੧੩੩੨)

(੨੦) **ਵਚਨਾਦੀ :-** ਕਰਮ ਇੰਦ੍ਰਿਆਂ ਦੀ ਕਿਰਿਆ :-

(੧) **ਵਚਨ :-** ਵਾਕ ਇੰਦ੍ਰੇ ਦੁਆਰਾ ਬੋਲਣ ਦੀ ਕਿਰਿਆ।

(੨) **ਆਦਾਨ :-** ਹੱਥਾਂ ਦੁਆਰਾ ਲੈਣਾ ਦੇਣਾ।

(੩) **ਗਮਨ :-** ਪੈਰ ਦੁਆਰਾ ਚਲਣਾ।

(੪) **ਰਤੀ :-** ਉਪਸਥ ਇੰਦ੍ਰੇ ਦੁਆਰਾ ਮੈਥੁਨ।

(੫) **ਮਲ ਤਜਾਗ :-** ਗੁਦਾ ਦੁਆਰਾ ਮਲ ਦਾ ਵਿਸਰਜਨ (ਤਿਆਗ)।

(੨੧) **ਸ਼ਬਦਾਦੀ :-** ਪੰਜ ਵਿਸ਼ੇ :

(੧) **ਸ਼ਬਦ** (੨) **ਸਪਰਸ਼** (੩) **ਰੂਪ**

(੪) **ਰਸ** (੫) **ਗੰਧ**

(੨੨) **ਸਥੂਲ ਭੂਤ :-** ਪੰਜ ਤੱਤ :

(੧) **ਆਕਾਸ਼** (੨) **ਵਾਯੂ** (੩) **ਤੇਜ**

(੪) **ਜਲ** (੫) **ਪ੍ਰਿਥਵੀ**

(੨੩) **ਹੇਤ੍ਵਾਭਾਸ :-** ਹੇਤੂ (ਕਾਰਣ) ਦੇ ਲਕਛਣਾ (ਸਾਧਯ ਦੀ ਸਾਧਕਤਾ) ਤੋਂ ਰਹਿਤ ਹੋਇਆ ਹੇਤੂ ਦੀ ਨਿਆਈ ਭਾਸੇ, ਐਸਾ ਜੋ ਦੁਸ਼ਟ ਹੇਤੂ ਦੇ ਦੋਸ਼ ਵਾਲਾ ਆਭਾਸ।

(੧) **ਸਵਯਭੀਚਾਰ :-** ਹੇਤੂ ਦਾ ਵਯਭੀਚਾਰੀ ਹੋਣਾ ਭਾਵ ਆਪਣੇ ਸਾਧਯ (ਲਕਛਯ ਵਸਤੂ) ਦੇ ਨਾਲ ਨਾਲ ਹੋਰ ਜਗ੍ਹਾ 'ਤੇ ਵਰਤਣਾ। ਜਿਵੇਂ ਸਾਧਯ (ਅਗਨੀ) ਦੇ ਆਸ਼੍ਰਯ (ਆਸਰੇ ਜੋ ਪਰਬਤ) ਅਤੇ ਤਿਸਦੇ ਅਭਾਵ ਦੇ ਆਸ਼੍ਰਯ (ਹ੍ਰਿਦ) ਵਿਚ ਵਰਤਣ ਵਾਲਾ ਹੇਤੂ ਸਵਯਭੀਚਾਰ ਹੈ। ਜਿਵੇਂ ਪਰਬਤ ਅਗਨੀਮਾਨ ਹੈ ਭਾਵ ਪਹਾੜ ਅਗਨੀ ਵਾਲਾ ਹੈ ''ਪ੍ਰਮੇਯ ਹੋਣ ਤੋਂ'' ਇਹ ਹੇਤੂ ਹੈ। ਇਸ ਨੂੰ ਅਨੈਕਾਂਤੀਕ ਹੇਤੂ ਵੀ ਆਖਦੇ ਹਨ।

(੨) **ਵਿਰੁਧ :-** ਸਾਧਯ (ਲਕਛਯ ਵਸਤੂ) ਦੇ ਅਭਾਵ ਕਰਕੇ ਵਯਾਪਤ ਹੇਤੂ ਵਿਰੁਧ ਹੈ। ਜਿਵੇਂ ਸ਼ਬਦ ਨਿਤਯ ਹੈ ''ਕ੍ਰਿਤਕ (ਕ੍ਰਿਆ ਜਨਯ) ਹੋਣ ਤੋਂ'' ਇਹ ਹੇਤੂ ਹੈ। ਸੋ ਸਾਧਯ (ਨਿਤਤਾ) ਅਭਾਵ ਰੂਪ ਅਨਿਤਯਤਾ ਕਰਕੇ ਵਯਾਪਤ ਹੈ ਕਿਉਂਕਿ ਜੋ ਕ੍ਰਿਤਕ (ਕ੍ਰਿਆ ਜਨਯ) ਹੈ ਸੋ ਅਨਿਤਯ ਹੈ। ਘੜੇ ਦੇ ਸਮਾਨ ਇਸ ਨਿਯਮ ਤੋਂ।

(੩) **ਸਤਪ੍ਰਤੀਪਕਸ਼ :-** ਜਿਸ ਦੇ ਸਾਧਯ (ਲਕਛਯ ਵਸਤੂ) ਦੇ ਅਭਾਵ ਦਾ ਸਾਧਕ (ਜਿਸ ਦੇ ਦੁਆਰਾ ਕੋਈ ਕਾਰਯ ਸਿੱਧ ਹੋਵੇ) ਕੋਈ ਹੋਰ ਹੇਤੂ ਹੋਵੇ। ਜਿਵੇਂ ਸ਼ਬਦ ਨਿਤਯ ਹੈ ''ਸਰਵਣ ਹੋਣ ਤੋਂ'' ਇਸ ਹੇਤੂ ਦੇ ਸਾਧਯ (ਨਿਤਯਤਾ) ਦੇ ਅਭਾਵ ਦਾ ਸਾਧਕ। ਸ਼ਬਦ ਅਨਿੱਤ ਹੈ ''ਕਾਰਯ ਹੋਣ ਤੋਂ'' ਘਟ ਦੀ ਨਿਆਈ। ਇਹ ਹੇਤੂ ਹੈ। ਜੋ ਕਾਰਯ ਹੁੰਦਾ ਸੋ ਅਨਿੱਤ ਹੀ ਹੁੰਦਾ ਹੈ॥

(੪) **ਅਸਿੱਧ :-** ਜਿਵੇਂ ਸ਼ਬਦ ਗੁਣ ਹੈ, ਚਕਸ਼ੁ ਹੋਣ ਤੋਂ ਰੂਪ ਦੀ ਨਿਆਈ। ਇਥੇ ਚਕਸ਼ੁਸ਼ਤ੍ਵ ਰੂਪ ਹੇਤੂ ਦਾ ਸ੍ਵਰੂਪ ਸ਼ਬਦ ਰੂਪ ਪੱਖ ਵਿਚ ਨਹੀਂ ਹੈ। ਕਿਉਂਕਿ ਸ਼ਬਦ ਸ਼੍ਰਵਣ ਜਨਯ (ਪੈਦਾ ਹੋਣ ਵਾਲੇ) ਗਿਆਨ ਦਾ ਵਿਸ਼ਾ ਹੋਣ ਕਰਕੇ।

(੫) **ਬਾਧਿਤ :-** ਜਿਸ ਦੇ ਸਾਧਯ ਦਾ ਅਭਾਵ ਹੋਰ ਪ੍ਰਮਾਣ ਕਰਕੇ ਨਿਸਚਿਤ ਹੋਵੇ। ਜਿਵੇਂ ਅਗਨੀ ਉਸ਼ਣ ਨਹੀਂ ''ਦ੍ਰਵਯ (ਵਸਤੂ) ਹੋਣ ਕਰਕੇ'' ਇਸ ਹੇਤੂ ਦੇ ਸਾਧਯ (ਅਨਉਸ਼ਣਤਾ) ਦੇ ਅਭਾਵ (ਉਸ਼ਣਤਾ=ਗਰਮੀ) ਦਾ ਗ੍ਰਹਣ ਇੰਦ੍ਰੇ ਕਰਕੇ ਹੁੰਦਾ ਹੈ॥

(੨੪) **ਗਜਾਨ ਇੰਦ੍ਰੇਯ :-** (ਪੰਨਾ ੭੬ 'ਤੇ ਪ੍ਰਸ਼ਨ ੬੧ ਪੜ੍ਹੋ)

(੧) **ਸ਼੍ਰੋਤ** (ਕਰਣ ਇੰਦ੍ਰੇ) (੨) **ਤ੍ਵੱਕ** (ਚਮੜੀ) (੩) **ਚਕਸ਼ੁ** (ਨੇਤ੍ਰ)

(੪) **ਜਿਹਵਾ** (ਰਸਨਾ) (੫) **ਘ੍ਰਾਣ** (ਨੱਕ)।

ਧਦਾਰ੍ਥ ਸ਼ਡ੍ਵਿਧ॥੬॥
॥ ਪਦਾਰਥ ਛੜਵਿਧ ॥ ੬ ॥

ਵੇਦਾਂਤ ਸ਼ਾਸਤ੍ਰ ਦੇ ਪ੍ਰਮੁੱਵਖ ਛੜਵਿਧ=ਛੇ ਤਰ੍ਹਾਂ ਦੇ ਪਦਾਰਥ=ਵਸਤੂਆਂ ਦਾ ਕਥਨ ਕਰਦੇ ਹਨ।

(੧) **ਅਜਿਹਵਤਵਾਦੀ** :- ਯਤੀ ਸੰਨਯਾਸੀ ਦੇ ਵਿਸ਼ੇਸ਼ ਧਰਮ :-

(੧) **ਅਜਿਹਵ੍ਵ** :- ਰਸ ਵਿਸ਼ੇ ਦੀ ਅਸਕਤੀ (ਪਕੜ) ਤੋਂ ਰਹਿਤਤਾ।

(੨) **ਨਪੁੰਸਕਤ੍ਵ** :- ਕੁਮਾਰੀ ਵਾ ਕਿਸ਼ੋਰੀ (੧੬ ਸਾਲ ਦੀ) ਔਰ ਬ੍ਰਿਧ ਇਸਤਰੀ ਵਿਚ ਸਮਤਾ ਕਹੀਏ ਨਿਰਵਿਕਾਰ ਰੂਪ ਭਾਵਨਾ।

(੩) **ਪੰਗੁਤ੍ਵ** :- ਇਕ ਦਿਨ ਵਿਚ ਯੋਜਨ (1 ਜੋਜਨ=4 ਕੋਹ) ਤੋਂ ਅਧਿਕ ਆਗਮਨ (ਚੱਲਣਾ)।

(੪) **ਅੰਧਤਵ** :- ਇਕ ਧਨੁੱਸ਼ ਪ੍ਰਯੰਤ (ਤੱਕ) ਤੋਂ ਅਧਿਕ ਦ੍ਰਿਸ਼ਟੀ ਦਾ ਅਪ੍ਰਸਰਣ (ਪ੍ਰਸਰਣ=ਫੈਲਣ ਜਾਂ ਵੱਧਣ ਅ=ਨਾ ਦੇਣਾ)।

(੫) **ਬਧਿਰਤਵ** :- ਵਿਅਰਥ ਆਲਾਪ ਦਾ ਅਸ਼੍ਰਵਣ (ਨਾ ਸੁਣਨਾ)।

(੬) **ਮੁਘਦਤਵ** :- ਅਨਾਤਮ ਸੰਸਾਰ ਦੇ ਵਿਵਹਾਰਾਂ ਵਿਚ ਸ਼ੂਨਯਤਾ ਕਹੀਏ ਮੂਢਤਾ।

(੨) **ਅਨਾਦੀ ਪਦਾਰਥ** :- ਉਤਪਤੀ ਰਹਿਤ ਵਸਤੂਆਂ :

(੧) ਜੀਵ (੨) ਈਸ਼ (੩) ਸ਼ੁੱਧ ਚੇਤਨ (੪) ਅਵਿਦਿਆ

(੫) ਚੇਤਨ-ਅਵਿਦਿਆ ਦਾ ਸੰਬੰਧ (੬) ਜੀਵ-ਈਸ਼ ਦਾ ਭੇਦ।

ਸ਼ਾਂਤ ਅਨਾਦੀ ਤੇ ਅਨੰਤ ਅਨਾਦੀ ਦਾ ਭੇਦ ਵਿਸਥਾਰ ਨਾਲ ਪੰਨਾ ੪੨ 'ਤੇ ਪੜ੍ਹੋ।

(੩) **ਅਰੀਵਰਗ** :- ਪਰਲੋਕ ਦੇ ਵਿਰੋਧੀ, ਅੰਤਹਕਰਣ ਵਿਚ ਸਥਿਤ ਅਰੀ=ਸ਼ਤ੍ਰੂਆਂ ਦਾ ਵਰਗ= ਸਮੁਦਾਏ (ਸਮੂਹ) :

(੧) **ਕਾਮ** :- ਪ੍ਰਾਪਤ ਵਸਤੂ ਦੇ ਭੋਗ ਦੀ ਇੱਛਾ।

(੨) **ਕ੍ਰੋਧ** :- ਤੀਕਸ਼ਣ ਬਿਰਤੀ।

(੩) **ਲੋਭ** :- ਅਪ੍ਰਾਪਤ ਵਸਤੂ ਦੀ ਪ੍ਰਾਪਤੀ ਦੀ ਇੱਛਾ।

(੪) **ਮੋਹ** :- ਅਸਕਤੀ (ਪਕੜ) ਆਤਮ-ਅਨਾਤਮ ਦੇ ਅਵਿਵੇਕ ਕਰਕੇ।

(੫) **ਮਦ** :- ਗਰਵ (ਹੰਕਾਰ)।

(੬) **ਮਤਸਰ** :- ਈਰਖਾ (ਪਰਾਏ ਦੇ ਵਿਕਾਸ ਵਾ ਸ੍ਰੇਸ਼ਟਤਾ ਦਾ ਅਸਹਨ)ਵਾ ਦ੍ਵੈਸ਼।

ਕਾਮ ਕ੍ਰੋਧ ਮਾਇਆ ਮਦ ਮਤਸਰ ਏ ਸੰਪੈ ਮੋ ਮਾਹੀ ॥
ਦਇਆ ਧਰਮੁ ਅਰੁ ਗੁਰ ਕੀ ਸੇਵਾ ਏ ਸੁਪਨੰਤਰਿ ਨਾਹੀ ॥ ੪ ॥

(ਰਾਮਕਲੀ ਭਗਤ ਕਬੀਰ ਜੀ, ਅੰਗ ੯੭੧)

(੪) **ਅਵਸਥਾ** :- ਸਥੂਲ ਦੇਹ ਦਾ ਕਾਲ (ਸਮਾਂ) :

(੧) **ਸ਼ਿਸ਼ੂ** :- ਇਕ ਸਾਲ ਦਾ ਦੇਹ ਦਾ ਕਾਲ।

(੨) **ਕੁਮਾਰ** :- ਪੰਜ ਸਾਲ ਦਾ ਦੇਹ ਦਾ ਕਾਲ।

(੩) **ਪੌਗੰਡ** :- ਛੇ ਤੋਂ ਦੱਸ ਸਾਲ ਤੱਕ ਦੇਹ ਦਾ ਕਾਲ।

(੪) **ਕਿਸ਼ੋਰ** :- ਗਿਆਰ੍ਹਾਂ ਤੋਂ ਪੰਦਰਾਂ ਸਾਲ ਤੱਕ ਦੇਹ ਦਾ ਕਾਲ।

(੫) **ਯੌਵਨ** :- ਸੋਲ੍ਹਾਂ ਤੋਂ ਚਾਲੀ ਸਾਲ ਤੱਕ ਦੇਹ ਦਾ ਕਾਲ।

(੬) **ਜਰਾ** :- ਚਾਲੀ ਤੋਂ ਉੱਪਰ ਦੇਹ ਦਾ ਕਾਲ।

(੫) **ਈਸ਼ਵਰ ਦੇ ਖਟ ਭਗ (ਚਿੰਨ੍ਹ) :-**

(੧) **ਸਮਗ੍ਰ ਐਸ਼੍ਵਰਜ** (ਪਦਾਰਥਾਂ ਦੀ ਬਹੁਲਤਾ)।

(੨) **ਸਮਗ੍ਰ ਧਰਮ** (ਮਰਯਾਦਾ)।

(੩) **ਸਮਗ੍ਰ ਯਸ਼** (ਪ੍ਰਤਿਸ਼ਠਾ)।

(੪) **ਸਮਗ੍ਰ ਸ਼੍ਰੀ** (ਮਾਯਾ)।

(੫) **ਸਮਗ੍ਰ ਗਜਾਨ** (ਬੋਧ)।

(੬) **ਸਮਗ੍ਰ ਵੈਰਾਗ** (ਤਿਆਗ)।

ਧਰਮ ਜਸ ਵੈਰਾਗ ਪੁਨ ਐਸ੍ਵਰਜ ਸ੍ਰੋਯ ਵਿਗਿਆਨ।
ਇਹ ਖਟ ਭਗਾਂ ਸੰਪੰਨ ਜੋ ਕਹਿਤ ਤਾਂਹਿ ਭਗਵਾਨ।

(ਧਰਮ ਸ਼ਾਸਤਰ)

ਲੱਛਮੀ ਗਜਾਨ ਵਿਰਾਗ ਉਦਾਰ। ਜਸ ਐਸ਼੍ਵਰਜ ਗੁਣ ਖਸ਼ਟ ਉਚਾਰ।

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੯)

(੬) **ਈਸ਼ਵਰ ਦੇ ਗਯਾਨ :-**

(੧) **ਉਤਪਤੀ**। (੨) **ਪ੍ਰਲਯ**।

(੩) **ਗਤੀ** :- ਮੌਤ ਤੋਂ ਬਾਅਦ ਜੀਵ ਕਿਸ ਸਰੀਰ ਵਿਚ ਗਤੀ=ਜਾਂਦਾ ਤਿਸਦਾ ਗਿਆਨ।

(੪) **ਆਗਤੀ** :- ਇਸ ਲੋਕ ਵਿਚ ਜੀਵਾਂ ਦਾ ਆਗਮ ਰੂਪ ਆਗਤੀ (ਆਉਣਾ) ਤਿਸ ਸਭ ਦਾ ਗਿਆਨ।

(੫) **ਵਿਦਿਆ**। (੬) **ਅਵਿਦਿਆ**।

(੭) **ਉਰਮੀ** :- ਸੰਸਾਰ ਰੂਪ ਸਾਗਰ ਦੀਆਂ ਲਹਿਰਾਂ :

(੧) **ਜਨਮ** (੨) **ਮਰਣ** (੩) **ਛੁਧਾ** (ਭੁੱਖ)

(੪) **ਤ੍ਰਿਸ਼ਾ** (ਪਿਆਸ) (੫) **ਹਰਖ** (ਖ਼ੁਸ਼ੀ) (੬) **ਸ਼ੋਕ** (ਗਮੀ)।

(੮) **ਕਰਮ (ਨਿਤਯ ਕਰਮ) :-**

(੧) **ਇਸ਼ਨਾਨ**

(੨) **ਜਪ**

(੩) **ਹੋਮ** :- ਅਸ਼ੁੱਭ ਗੁਣਾਂ ਨੂੰ ਅਗਨੀ, ਵਾਯੂ ਆਦਿ ਨੂੰ ਭੇਟਾ ਕਰਨਾ।

(੪) **ਅਰਚਨ** :- ਦੇਵ ਪੂਜਾ (ਦੇਵ=ਪ੍ਰਕਾਸ਼ ਰੂਪ ਪਰਮੇਸ਼ਰ ਦੀ ਪੂਜਾ)।

(੫) **ਆਤਿਥਯ** :- ਭੋਜਨ ਦੇ ਸਮੇਂ ਆਏ ਅਭਿਆਗਤ (ਲੋੜਵੰਦ) ਨੂੰ ਅੰਨਦਾਨ।

(੬) **ਵੈਸ਼੍ਵਦੇਵ** :- ਅਗਨੀ ਵਿਚ ਹੁਤ (ਹਵਨ ਵਾਲੇ) ਦ੍ਰਵਯ=ਪਦਾਰਥਾਂ ਦਾ ਹੋਮ ਕਰਨਾ (ਵਿਸਰਜਿਤ ਕਰਨਾ)। ਗਿਆਨ ਅਗਨੀ ਵਿਚ ਸਮਸਤ ਅਨਾਤਮ ਬ੍ਰਿਤੀਆਂ ਦਾ ਤਿਆਗ ਰੂਪ ਹੋਮ ਜਾਨਣਾ।

(੬) **ਕੌਸ਼ਿਕ** :- ਅੰਨਮਯ ਕੋਸ਼ (ਸਥੂਲ ਸਰੀਰ) ਵਿਚ ਰਹਿਣ ਵਾਲੇ ਪਦਾਰਥ :-

(੧) **ਤ੍ਵੱਕ** : ਚਮੜੀ। (੨) **ਮਾਸ** : (ਚਮੜੀ)। (੩) **ਰੁਧਿਰ** : ਖ਼ੂਨ, ਲਹੂ।

(੪) **ਮੇਦ** : ਚਰਬੀ। (੫) **ਮੱਜਾ** : ਮਿੱਝ। (੬) **ਅਸਥੀ** : ਹੱਡੀਆਂ।

(੧੦) **ਪ੍ਰਮਾਣ** :-

(੧) **ਪ੍ਰਤਯਕਸ਼ (ਪ੍ਰਤੱਖ) ਪ੍ਰਮਾਣ** :- ਪ੍ਰਤੱਖ ਪ੍ਰਮਾਣ ਦਾ ਜੋ ਕਰਣ ਕਹੀਏ ਇੰਦ੍ਰੇ ਸੋ ਪ੍ਰਤੱਖ ਪ੍ਰਮਾਣ ਹੈ ਭਾਵ ਵੈਸੇ ਤਾਂ ਪ੍ਰਤੱਖ ਨੂੰ ਪ੍ਰਮਾਣ ਦੀ ਜ਼ਰੂਰਤ ਨਹੀਂ ਕਿੰਤੂ ਇੰਦ੍ਰੇ ਅਤੇ ਵਿਸ਼ੇ ਦੇ ਸਨੀਕਰਸ਼ ਕਹੀਏ ਸੰਬੰਧ ਤੋਂ ਉਤਪੰਨ ਗਿਆਨ ਨੂੰ ਪ੍ਰਤੱਖ ਪ੍ਰਮਾਣ ਆਖਦੇ ਹਨ। ਐਸੇ ਗਿਆਨ ਉਤਪਤੀ ਵਾਲੇ ਸ਼੍ਰੋਤ੍ਰ ਆਦਿਕ ਪੰਜ ਗਿਆਨ ਇੰਦ੍ਰੇ ਹਨ।

ਅਬ ਪ੍ਰਤੱਖਜ ਸੁਨਿ ਨੀਕੇ ਉਰ ਪਰਿ। ਅੰਤਹਕਰਣ ਕੀ ਬ੍ਰਿੱਤਿ ਨਿਕਲ ਕਰਿ।
ਇੰਦ੍ਰਜ ਦੁਆਰਾ ਵਹਿਰ ਪ੍ਰਕਾਸ਼ੈ। ਸਾਥ ਪਦਾਰਥ ਮਿਲਿ ਕਰਿ ਭਾਸੈ॥ ੩੪॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੮)

(੨) **ਅਨੁਮਾਨ ਪ੍ਰਮਾਣ** :- ਅਨੁਮਿਤੀ (ਅਨੁਮਾਨ,ਅੰਦਾਜ਼ਾ) ਪ੍ਰਮਾ (ਗਿਆਨ) ਦਾ ਕਰਣ (ਕਾਰਣ) ਜੋ ਲਿੰਗ (ਚਿੰਨ੍ਹ) ਦਾ ਬੋਧ ਸੋ ਅਨੁਮਾਨ ਪ੍ਰਮਾਣ ਹੈ ਭਾਵ ਨਿਸ਼ਾਨੀ ਜਾਂ ਲਕਛਣ ਵੇਖ ਕੇ ਵਸਤੂ ਦਾ ਅੰਦਾਜ਼ਾ ਲਾ ਲੈਣਾ ਵਾ ਸਮਝ ਲੈਣਾ। ਜਿਵੇਂ ਪਹਾੜ ਤੇ ਅਗਨੀ ਦੇ ਗਿਆਨ ਦਾ ਹੇਤੂ (ਕਾਰਣ) ਧੂੰਆਂ ਰੂਪ ਲਿੰਗ (ਚਿੰਨ੍ਹ) ਦਾ ਗਿਆਨ ਹੈ।

ਦੂਸਰ ਜੋ ਅਨੁਮਾਨ ਕਹਿਤ ਹੈਂ। ਚਿੰਨ੍ਹ ਦੇਖਿ ਕਰਿ ਵਸਤੁ ਲਹਤਿ ਹੈ।

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੮)

(੩) **ਉਪਮਾਨ ਪ੍ਰਮਾਣ** :- ਉਪਮਿਤੀ ਪ੍ਰਮਾ (ਉਪਮਾ ਨਾਲ ਹੋਣ ਵਾਲਾ ਗਿਆਨ) ਦਾ ਕਰਣ (ਕਾਰਣ) ਜੋ ਸਾਦ੍ਰਿਸ਼ਤਾ (ਬਰਾਬਰਤਾ, ਸਮਾਨਤਾ) ਦਾ ਗਿਆਨ ਸੋ ਉਪਮਾਨ ਪ੍ਰਮਾਣ ਹੈ। ਜਿਵੇਂ ਗਵਯ (ਨੀਲੇ ਗਾਂ ਜਿਸ ਨੂੰ ਰੋਝ ਵੀ ਆਖਦੇ) ਵਿਚ ਗਾਂ ਦੇ ਸਾਦ੍ਰਿਸ਼ਯ ਦਾ ਗਿਆਨ।

ਉਪਮੇਯ ਤੇ ਉਪਮਾਨ ਦਾ ਭੇਦ :-

(ੳ) **ਉਪਮਾਨ** :- 'ਜਿਸ ਦੀ ਤੁਲਨਾ' ਕਿਸੇ ਨੂੰ ਦਿੱਤੀ ਜਾਵੇ,ਜਿਵੇਂ 'ਚੰਦ੍ਰਮਾ' ਦੀ ਸਮਤਾ ਮੁੱਖ ਨਾਲ ਕੀਤੀ ਜਾਂਦੀ ਹੈ ਸੋ ਚੰਦ੍ਰਮਾ ਉਪਮਾਨ ਹੈ।

(ਅ) **ਉਪਮੇਯ :-** ਉਹ ਵਸਤੂ 'ਜਿਸ ਨੂੰ ਤੁਲਨਾ' ਦਿੱਤੀ ਜਾਵੇ,ਜਿਵੇਂ ਉਪਰੋਕਤ ਦ੍ਰਿਸ਼ਟਾਂਤ ਵਿਚ ਮੁੱਖ ਸੋ ਉਪਮੇਯ ਹੈ।

ਜੇਕਰ ਇਕ ਉਪਮੇਯ ਦੇ ਬਹੁਤੇ ਉਪਮਾਨ ਹੋਣ ਤਾਂ ਇਸ ਨੂੰ ਮਾਲੋਪਮਾ ਅਲੰਕਾਰ ਆਖਦੇ ਹਨ। (ਮਾਲੋਪਮਾ ਅਲੰਕਾਰ 'ਗੁਰ ਈਸਰ ਗੁਰੁ ਗੌਰਖ ਬਰਮਾ ਗੁਰੁ ਪਾਰਬਤੀ ਮਾਈ' ਵਾਲੀ ਪੰਕਤੀ, 'ਗੁਰਬਾਣੀ ਅਰਥ ਭੰਡਾਰ' ਪੋਥੀ ਪਹਿਲੀ ਪੰਨਾ ੧੪੩ 'ਤੇ ਪੜ੍ਹੋ)

ਬਜਾਪਕ ਹੈ ਅਕਾਸ ਕੀ ਨਜਾਈਂ। ਘਟ ਮਟ ਮਹਿਂ ਲਖੀਏ ਸਭਿ ਥਾਈਂ।
ਇਹ ਉਪਮਾਨ ਪ੍ਰਮਾਣ ਲਖੀਜੈ। ਜਹਿਂ ਦੂਸਰ ਕੀ ਸਮ ਜਾਨੀਜੈ॥ ੨੬॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੮)

(੪) **ਸ਼ਬਦ ਪ੍ਰਮਾਣ :-** ਸ਼ਾਬਦੀ ਪ੍ਰਮਾ (ਸ਼ਬਦਾਂ ਦੇ ਗਿਆਨ) ਦਾ ਕਰਣ (ਕਾਰਣ) ਜੋ ਲੌਕਿਕ-ਵੈਦਿਕ ਸ਼ਬਦ।

ਬੇਦ ਰੁ ਸਤਿਗੁਰ ਸ਼ਬਦ ਜੁ ਸੁਨਿ ਕਰਿ। ਮਹਾਂਵਾਕ ਤੇ ਨਿਰਨੈ ਉਰ ਧਰਿ।
'ਸ਼ਬਦ ਪ੍ਰਮਾਣ' ਇਹੀ ਇਕ ਜਾਨ। ਬ੍ਰਹਮ ਆਤਮਾ ਨਿਰਨੈ ਠਾਨਿ॥ ੨੧॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੮)

(੫) **ਅਰਥਾਪਤੀ ਪ੍ਰਮਾਣ :-** ਕਿਸੇ ਇਕ ਗੱਲ ਸਿੱਧ ਕਰਨ ਨਾਲ ਦੂਜੀ ਗੱਲ ਆਪ ਹੀ ਸਿੱਧ ਹੋ ਜਾਣੀ ਭਾਵ ਜਦੋਂ ਕੋਈ ਗਿਆਨ ਕਿਸੇ ਵੀ ਹੋਰ ਰੂਪ ਨਾਲ ਉਤਪੰਨ ਨਾ ਹੋਵੇ ਤਾਂ ਉਸ ਦੇ ਵਖਿਆਨ ਲਈ ਜੋ ਉਪਪਾਦਕ (ਸਿੱਧ ਕਰਨ ਵਾਲਾ) ਕਲਪਿਤ ਹੈ, ਸੋ ਅਰਥਾਪਤੀ ਪ੍ਰਮਾਣ ਕਰਕੇ ਜਾਨਣਯੋਗ ਹੈ। ਜਿਵੇਂ ਦਿਨ ਵਿਚ ਅਭੋਜੀ (ਨਾ ਭੋਜਨ ਕਰਨ ਵਾਲੇ) ਸਥੂਲ ਪੁਰਸ਼ ਦੇ ਰਾਤ੍ਰੀ ਵਿਚ ਭੋਜਨ ਦੇ ਗਿਆਨ ਰੂਪ ਅਰਥਾਪਤੀ ਪ੍ਰਮਾ (ਗਿਆਨ) ਦਾ ਹੇਤੂ (ਕਾਰਣ) ਸਥੂਲਤਾ ਕਹੀਏ ਸਰੀਰ ਦੇ ਮੋਟੇ-ਪਣ ਦਾ ਗਿਆਨ ਹੈ।

ਇਹ ਨਰ ਦੀਖਤ ਪੀਨ ਮਹਾਨ। ਦਿਨ ਮਹਿ ਭੋਜਨ ਕਰੈ ਨ ਖਾਨ।
ਇਸ ਤੇ ਲਖੀਜਤਿ ਨਿਸ ਮੈਂ ਖਾਇ। ਦੇਹ ਪੀਨਤਾ ਦੇਤਿ ਜਨਾਇ॥ ੨੭॥
ਜੌ ਇਹ ਰਾਤ ਅਹਾਰ ਨ ਖਾਇ। ਨਹਿ ਸਰੀਰ ਮੋਟਾ ਹੁਇ ਜਾਇ।
ਯਾਂ ਤੇ ਨਿਸ ਮਹਿਂ ਭੋਜਨ ਖਾਯੋ। ਯਹਿ ਨਿਸ਼ਚੈ ਨਿਰਨੈ ਠਹਿਰਾਯੋ॥ ੨੮॥

(ਸ੍ਰੀ ਗੁਰਪ੍ਰਤਾਪ ਸੂਰਜ ਗ੍ਰੰਥ, ਰੁਤਿ ੫, ਅੰਸੂ ੪੮)

(੬) **ਅਨਉਪਲਬਧੀ ਪ੍ਰਮਾਣ :-** ਅਭਾਵ ਪ੍ਰਮਾ (ਗੈਰ ਮੌਜੂਦਗੀ ਰੂਪ ਗਿਆਨ) ਦੇ ਕਾਰਣ ਜੋ ਪਦਾਰਥ ਦੀ ਅਪ੍ਰਤੀਤੀ ਸੋ ਅਨਉਪਲਬਧੀ ਪ੍ਰਮਾਣ ਹੈ। ਜਿਵੇਂ ਘਰ ਵਿਚ ਘੜੇ ਦੇ ਅਭਾਵ ਦੇ ਗਿਆਨ ਦਾ ਹੇਤੂ (ਕਾਰਣ) ਘੜੇ ਦੀ ਅਪ੍ਰਤੀਤੀ ਹੈ। ਇਸ ਨੂੰ ਅਈਤੇਜਕ ਪ੍ਰਮਾਣ ਵੀ ਆਖਦੇ ਹਨ।

*(ਖਟ ਪ੍ਰਮਾਣ ਵਿਸਥਾਰ ਨਾਲ 'ਵੇਦਾਂਤ ਸਾਰ ਸੰਗ੍ਰਹ' ਪੰਨਾ ੨੨੧ ਤੋਂ ੨੨੯ ਤੱਕ ਪੜ੍ਹੋ।)

(੧੧) **ਭ੍ਰਮ :-** ਸਥੂਲ ਦੇਹ ਦੇ ਛੇ ਧਰਮਾਂ ਦਾ ਸ੍ਵੈ ਸਰੂਪ ਵਿਚ ਭਰਮ :-

(੧) ਕੁਲ (੨) ਗੋਤ੍ਰ (੩) ਜਾਤੀ (੪) ਵਰਣ (੫) ਆਸ਼੍ਰਮ (੬) ਨਾਮ

*(ਸਥੂਲ ਦੇਹ ਦੇ ਭ੍ਰਮ ਮੂਲਕ ਧਰਮਾਂ ਦੀ ਨਿਵਿਰਤੀ ਵਿਸਥਾਰ ਨਾਲ ਪੰਨਾ ੬੯ ਤੋਂ ੭੨ ਤੱਕ ਪ੍ਰਸ਼ਨ ੫੧ ਤੋਂ ੫੬ ਤੱਕ ਪੜ੍ਹੋ।)

(੧੨) **ਰਸ :-** ਰਸਨਾ ਇੰਦ੍ਰੇ ਦਾ ਵਿਸ਼ੇ ਜੋ ਗ੍ਰਹਣ ਕਰਨ ਯੋਗ ਸੁਆਦ :

(੧) **ਮਧੁਰ ਰਸ** (ਮਿੱਠਾ) (੨) **ਲਵਣ ਰਸ** (ਨਮਕੀਨ)

(੩) **ਕਟੁਕ ਰਸ** (ਕੜਵਾ) (੪) **ਆਮਲ ਰਸ** (ਖੱਟਾ)

(੫) **ਕਸ਼ਾਯ ਰਸ** (ਕਸੈਲਾ) (੬) **ਤਿਕਤ ਰਸ** (ਤਿੱਖਾ)।

ਬਹੁ ਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ॥

(ਸਲੋਕ ਵਾਰਾਂ ਤੇ ਵਧੀਕ, ਅੰਗ ੧੪੧੪)

(੧੩) **ਲਿੰਗ :-** ਚਿੰਨ੍ਹ, ਹੇਤੂ। ਸਰਵਣ ਸਾਧਨ ਕਹੀਏ, ਵੇਦ (ਗਿਆਨ ਸਰੂਪ) ਵਾਕਾਂ ਦੇ ਤਾਤਪਰਯ ਦੇ ਨਿਰਣਾਯਕ ਚਿੰਨ੍ਹ :-

(੧) **ਉਪਕ੍ਰਮ-ਉਪਸੰਹਾਰ :-** ਆਦਿ-ਅੰਤ ਦੀ ਇਕ ਰੂਪਤਾ।

(੨) **ਅਭਯਾਸ :-** ਬਾਰੰ-ਬਾਰ ਪਠਨ।

(੩) **ਅਪੂਰਵਤਾ :-** ਅਲੌਕਿਕਤਾ।

(੪) **ਫਲ :-** ਮੋਕਸ਼।

(੫) **ਅਰਥਵਾਦ :-** ਸਤੂਤੀ-ਨਿੰਦਾ ਰੂਪ ਕਥਨ।

(੬) **ਉਪਪਤੀ :-** ਅਨੁਕੂਲ ਦ੍ਰਿਸ਼ਟਾਂਤ ਰੂਪ ਜੁਗਤੀ।

(ਖਟ ਅੰਗ ਸਰਵਣ ਦੇ ਵਿਸਥਾਰ ਨਾਲ ਪੰਨਾ ੨੪੫ ਤੋਂ ੨੪੬ ਤੱਕ ਪੜ੍ਹੋ)

(੧੪) **ਵਿਕਾਰ :-** ਸਰੂਪ ਵਿਚ ਤਬਦੀਲੀ ਆਉਣਾ ਸੋ ਕਹੀਏ ਵਿਕਾਰ।

(੧) **ਜਨਮ :-** ਉਤਪਤੀ, ਜੰਮਣਾ।

(੨) **ਆਸਤਤਾ :-** ਟਿਕੇ ਰਹਿਣ (ਅਸਤੀ=ਹੈਪਨਾ, ਹੋਂਦ)

(੩) **ਵ੍ਰਿਧੀ :-** ਵਧਣਾ।

(੪) **ਵਿਪਰੀਣਾਮ :-** ਬਦਲਣਾ (ਜਨਮ ਤੋਂ ਬਾਲਕ, ਬਾਲਕ ਤੋਂ ਕਿਸ਼ੋਰ, ਕਿਸ਼ੋਰ ਤੋਂ ਜੁਆਨੀ, ਜੁਆਨੀ ਤੋਂ ਬੁਢੇਪਾ)।

(੫) **ਅਪਕਸ਼ਯ :-** ਘਟਣਾ।

(੬) **ਵਿਨਾਸ਼ :-** ਸਰੀਰ ਦਾ ਨਾਸ=ਅੰਤ ਭਾਵ ਮੌਤ ਹੋਣੀ।

ਜਨਮ ਅਸਤ ਅਰੁ ਬ੍ਰਿਧਿ ਪੁਨ ਬਿਪ੍ਰਨ ਛਯ ਤਨ ਨਾਸ।
ਖਟ ਬਿਕਾਰ ਯੇ ਦੇਹ ਕੇ ਆਤਮ ਸੂਯੰ ਪ੍ਰਕਾਸ਼॥ ੭॥

(ਵਿਚਾਰਮਾਲਾ, ਪੰਜਵਾਂ ਬਿਸ੍ਰਾਮ)

ਉਤਪਤਿ ਹ੍ਵੈ ਅਰੁ ਬਢਤ ਹੈ ਬਾਲ ਯੁਵਾ ਯੁਤ ਹੋਇ॥
ਬ੍ਰਿਧ ਹੋਇ ਅਰੁ ਮਰਨ ਹ੍ਵੈ ਖਟ ਵਿਕਾਰ ਯਹ ਜੋਇ॥ ੯੭॥

(ਅਧਜਾਤਮ ਪ੍ਰਕਾਸ਼)

(੧੫) **ਵੇਦ ਅੰਗ** :-

(੧) **ਸ਼ਿਕਸ਼ਾ** :- ਉਹ ਅੰਗ ਜਿਸ ਵਿਚ ਵੇਦਾਂ ਦੇ ਮੰਤ੍ਰਾਂ ਦੀ ਗਿਣਤੀ, ਸਹੀ ਉਚਾਰਣ ਤੇ ਸੁਰ ਨਾਲ ਪੜ੍ਹਨ ਦਾ ਢੰਗ ਦੱਸਿਆ ਹੈ।

(੨) **ਕਲਪ** :- ਜਿਸ ਵਿਚ ਯੱਗਜ ਆਦਿਕ ਕਰਮਾਂ ਦੀ ਵਿਧੀ ਕਥਨ ਹੈ ਅਤੇ ਵੇਦਮੰਤ੍ਰਾਂ ਦੇ ਪਾਠ ਦੇ ਮੌਕੇ ਤੇ ਫਲ ਵਰਣਨ ਕੀਤੇ ਹਨ।

(੩) **ਵਯਾਕਰਣ** :- ਵੇਦਾਂ ਵਿਚ ਆਏ ਸ਼ਬਦਾਂ ਅਤੇ ਪਦਾਂ ਦੀ ਉਤਪਤੀ ਦੱਸੀ ਗਈ ਹੈ ਅਤੇ ਅਨੇਕ ਸ਼ੁੱਧ ਰੂਪਾਂ ਨੂੰ ਸਪੱਸ਼ਟ ਕੀਤਾ ਹੈ। ਇਸ ਵੇਦਾਂਗ ਦਾ ਪ੍ਰਮੁੱਖ ਗ੍ਰੰਥ ਪਾਣਿਨੀ ਰਿਸ਼ੀ ਦੀ 'ਅਸ਼ਟਾਧਯਾਯੀ' ਹੈ।

(੪) **ਨਿਰੁਕਤ** :- ਵੇਦਾਂ ਵਿਚ ਆਏ ਕਠਿਨ ਪਦਾਂ ਕਥਨ ਕੀਤਾ ਗਿਆ ਹੈ ਜੋ ਵੇਦਾਂ ਦੇ ਅਰਥ ਗਿਆਨ ਕਰਾਉਣ ਵਿਚ ਸਹਾਯਕ ਹੈ।

(੫) **ਛੰਦ** :- ਗਾਯਤ੍ਰੀ, ਅਨੁਸ਼ਟਪ, ਜਗਤੀ ਆਦਿਕ ਛੰਦਾਂ ਦਾ ਵਿਵੇਚਨ ਇਸ ਅੰਗ ਵਿਚ ਕੀਤਾ ਗਿਆ ਹੈ।

(੬) **ਜਯੋਤਿਸ਼** :- ਵੈਦਿਕ ਯੱਗਾਂ ਵਿਚ ਕਰਮਕਾਂਡ ਦੇ ਸ਼ੁੱਭ ਅਸ਼ੁੱਭ ਫਲਾਂ ਦੇ ਪ੍ਰਭਾਵ ਨੂੰ ਜਾਨਣ ਲਈ ਗ੍ਰੈਹ ਨਛੱਤ੍ਰ ਦਾ ਅਧਿਐਨ ਇਸ ਅੰਗ ਵਿਚੋਂ ਕੀਤਾ ਜਾਂਦਾ ਹੈ।

ਵਿਦਿਆ ਕਲਪ ਨਿਰੁਕਤ ਪੁਨਿ ਜੋਤਿਸ਼ ਪਿੰਗਲ ਜਾਨ।
ਵਜਾਕਰਨ ਵਖਾਣੀਐ ਵੇਦ ਅੰਕ ਖਟ ਮਾਨ।

(੧੬) **ਸਮਾਦੀ** :- **ਖਟ ਸੰਪਤੀ**

(੧) **ਸਮ** (੨) **ਦਮ** (੩) **ਸ਼ਰਧਾ** (੪) **ਸਮਾਧਾਨ** (੫) **ਤਿਤਿਕਸ਼ਾ** (੬) **ਉਪਰਤੀ** (**ਉਪਰਾਮ**)।

*(ਖਟ ਸੰਪਤੀ ਵਿਸਥਾਰ ਨਾਲ ਪੰਨਾ ੨੩੬ ਤੇ ਟੂਕ (੨੬) 'ਤੇ ਪੜ੍ਹੋ)

(੧੭) **ਸ਼ਾਸਤ੍ਰ** :- ਸਾਸ਼ਨ ਕਹੀਏ ਆਗਿਆ, ਹੁਕਮ ਵਾ ਅਨੁਸ਼ਾਸਨ ਪ੍ਰਦਾਨ ਕਰਨ ਵਾਲਾ ਗ੍ਰੰਥ ਸੋ ਕਹੀਏ ਸ਼ਾਸਤ੍ਰ।

(੧) **ਸਾਂਖ** :- ਕਪਿਲ ਮੁਨੀ ਜੀ ਦਾ।

(੨) **ਯੋਗ** :- ਪਤੰਜਲੀ ਰਿਖੀ ਜੀ ਦਾ।

(੩) **ਨਯਾਯੇ** :- ਗੌਤਮ ਰਿਖੀ ਜੀ ਦਾ।

(੪) **ਵੈਸ਼ੇਸ਼ਿਕ** :- ਕਨਾਦਿ ਰਿਖੀ ਜੀ ਦਾ।

(੫) **ਪੂਰਵ ਮੀਮਾਂਸਾ** :- ਜੈਮਿਨੀ ਰਿਖੀ ਜੀ ਦਾ।

(੬) **ਉੱਤਰ ਮੀਮਾਂਸਾ** (**ਵੇਦਾਂਤ**) :- ਵਿਆਸ ਰਿਖੀ ਜੀ ਦਾ।

ਵੈਸ਼ੇਸ਼ਿਕ ਨਯਾਯ ਸਾਂਖ ਹੈ ਪਾਤੰਜਲ ਪਹਿਚਾਨ॥
ਮੀਮਾਂਸਾ ਵੇਦਾਂਤਯੇ ਖਟ ਸਾਸਤ੍ਰ ਮਨ ਮਾਨ॥ (ਛੱਤੀਸ ਗਿਆਨ)

(੧੮) **ਸਮਾਧੀ** :- ਨਿਧਿਆਸਣ ਦੀ ਪ੍ਰਪੱਕ ਅਵਸਥਾ ਸੋ ਕਹੀਏ ਸਮਾਧੀ।

(੧) **ਬਾਹਯ ਦ੍ਰਿਸ਼ਯ ਅਨੁਵਿਧ ਸਮਾਧੀ :-** ਸਰੀਰ ਤੋਂ ਬਾਹਯ=ਬਾਹਰ ਦ੍ਰਿਸ਼ਯ=ਦ੍ਰਿਸ਼ਟੀ ਦਾ ਵਿਸ਼ਾ ਜੋ ਸਥੂਲ ਦ੍ਰਿਸ਼ਯ, ਦ੍ਰਸ਼ਟਾ, ਦਰਸ਼ਨ ਰੂਪ ਤ੍ਰਿਪੁਟੀ ਵਿਚ ਅਨੁਵਿਧ=ਵਿੰਨਿਆ ਵਾ ਪਰੋਇਆ ਜਾਂ ਮਿਲੀ ਹੋਈ ਧੀ=ਅੰਤਹਕਰਣ ਦੀ ਨਿਸਚੇਆਤਮਕ ਵ੍ਰਿਤੀ ਰੂਪ ਬੁਧੀ ਦਾ ਸਮਾ=ਲੀਨ ਹੋਣਾ।

(੨) **ਆਂਤਰ ਦ੍ਰਿਸ਼ਯ ਅਨੁਵਿਧ ਸਮਾਧੀ :-** ਸਰੀਰ ਦੇ ਆਂਤਰ=ਅੰਦਰ ਹੀ ਮਨ ਦੁਆਰਾ ਜੋ ਸੂਖਮ ਦ੍ਰਿਸ਼ਯ, ਦ੍ਰਸ਼ਟਾ, ਦਰਸ਼ਨ ਰੂਪ ਤ੍ਰਿਪੁਟੀ ਵਿਚ ਬੁਧੀ ਦਾ ਅਨੁਵਿਧ=ਪਰੋਏ ਜਾਣ ਰੂਪ ਮਿਲਣਾ ਵਾ ਲੀਨ ਹੋਣਾ।

(੩) **ਬਾਹਯ ਸ਼ਬਦ ਅਨੁਵਿਧ ਸਮਾਧੀ :-** ਕਿਸੇ ਬਾਹਯ=ਬਾਹਰ ਦੇ ਸ਼ਬਦ (ਜਿਵੇਂ ਜਪ ਆਦਿ) ਵਿਚ ਅਨੁਵਿਧ=ਮਿਲੀ, ਤ੍ਰਿਕੁਟੀ ਦੀ ਪ੍ਰਤੀਤੀ ਸਹਿਤ ਸਮਾਧੀ।

(੪) **ਆਂਤਰ ਸ਼ਬਦ ਅਨੁਵਿਧ ਸਮਾਧੀ :-** ਅੰਦਰ ਦੇ ਸੂਖਮ ਸ਼ਬਦਾਂ

ਤਤ ਤੰਤੀ ਬਿਤ ਚਰਮਕਾ ਘਨ ਕਾਂਸੀ ਕੋ ਜਾਨ॥
ਨਾਦ ਸਬਦ ਘਟ ਕੋ ਕਹਤ ਸੁਆਸ ਸੁਖਰ ਪਹਿਚਾਨ॥

ਵਿਚ ਤ੍ਰਿਕੁਟੀ ਦੀ ਪ੍ਰਤੀਤੀ ਸਹਿਤ ਅਨੁਵਿਧ=ਮਿਲੀ ਵਾ ਪਰੋਈ ਹੋਈ ਬੁਧੀ।

(੫) **ਬਾਹਯ ਨਿਰਵਿਕਲਪ ਸਮਾਧੀ :-** ਤ੍ਰਿਪੁਟੀ ਦੀ ਪ੍ਰਤੀਤੀ ਰਹਿਤ ਬਾਹਯ (ਬਾਹਰੀ) ਮੂਰਤੀ ਆਦਿਕ ਦੇ ਆਲੰਬਨ ਕਹੀਏ ਸਹਾਰੇ ਦੁਆਰਾ ਚਿੰਤਨ ਕਰਦਿਆਂ ਬੁਧੀ ਦਾ ਧੇਯ (ਵਸਤੂ) ਵਿਚ ਸਮਾ ਜਾਣਾ।

(੬) **ਆਂਤਰ ਨਿਰਵਿਕਲਪ ਸਮਾਧੀ :-** ਸਾਰਿਆਂ ਦੇ ਆਂਤਰ=ਅੰਦਰ ਅਦ੍ਵੈਤ ਬ੍ਰਹਮ ਦੇ ਚਿੰਤਨ ਦੁਆਰਾ ਅਖੰਡ ਵਸਤੂ ਵਿਚ ਬੁਧੀ ਦਾ ਸਮਾ ਜਾਣਾ ਕਿ ਤ੍ਰਿਪੁਟੀਆਂ ਦਾ ਅਭਾਵ ਹੋ ਜਾਵੇ। ਆਂਤਰ ਨਿਰਵਿਕਲਪ ਸਮਾਧੀ ਦੇ ਦੋ ਭੇਦ ਹਨ : (੧) ਸਾਕਸ਼ਾਤਕਾਰ ਰੂਪ ਆਂਤਰ ਨਿਰਵਿਕਲਪ ਸਮਾਧੀ (੨) ਅਸਾਕਸ਼ਾਤਕਾਰ ਰੂਪ ਆਂਤਰ ਨਿਰਵਿਕਲਪ ਸਮਾਧੀ।

(੧੬) **ਸੂਤ੍ਰ :-** ਕਿਸੇ ਵਿਸਥਾਰਪੂਰਵਕ ਸਿਧਾਂਤ ਨੂੰ ਅਤੀਸੰਛਿਪਤ ਕਹੀਏ ਬਹੁਤ ਛੋਟਾ ਕਰਕੇ ਅਭੀਵਯਕਤ ਕਹੀਏ ਪ੍ਰਗਟ ਕਰਨ ਵਾਲਾ ਵਾਕਯ ਸੋ ਕਹੀਏ ਸੂਤ੍ਰ।

(੧) ਜੈਮਿਨੀ ਸੂਤ੍ਰ (੨) ਆਸ਼੍ਵਾਲਾਯਨ ਸੂਤ੍ਰ (੩) ਆਪਸਤੰਬ ਸੂਤ੍ਰ
(੪) ਬੌਧਾਯਨ ਸੂਤ੍ਰ (੫) ਕਾਤਯਾਯਨ ਸੂਤ੍ਰ (੬) ਵੈਖਾਨਸੀਯ ਸੂਤ੍ਰ।

ਅਲ੍ਪਾਕ੍ਸ਼ਰਮਸਨ੍ਦਿਗ੍ਧਂ ਸਾਰਵਦ੍ਵਿਸ਼੍ਵਤੋਮੁਖਮ੍।
ਅਸ੍ਤੋਭਮਨਵਦ੍ਯਂ ਚ ਸੂਤ੍ਰਂ ਸੂਤ੍ਰਵਿਦੋ ਵਿਦੁ:॥

ਜਿਸ ਵਿੱਚ ਘੱਟ ਤੋਂ ਘੱਟ ਅੱਖਰ, ਸੰਦੇਹ ਤੋਂ ਰਹਿਤ,ਸਾਰ ਤੱਤ੍ਵ ਵਾਲਾ, ਵਿਸਥਾਰਪੂਰਵਕ ਵਿਆਖਿਆ ਵਾਲਾ, ਅਨਰਥਕ ਸ਼ਬਦਾਂ ਦੇ ਸਮੂਹ ਤੋਂ ਰਹਿਤ ਅਤੇ ਦੋਸ਼ਾਂ ਤੋਂ ਰਹਿਤ ਹੋਵੇ ਸੂਤ੍ਰਾਂ ਨੂੰ ਜਾਨਣ ਵਾਲੇ ਵਿਦਵਾਨ ਐਸਾ ਸੂਤ੍ਰ ਨੂੰ ਕਥਨ ਕਰਦੇ ਹਨ।

☆☆☆

पदार्थ सप्तविध॥७॥
॥ ਪਦਾਰਥ ਸਪਤਵਿਧ ॥ ੭ ॥

ਵੇਦਾਂਤ ਸ਼ਾਸਤ੍ਰ ਦੇ ਪ੍ਰਮੁੱਖ ਸਪਤਵਿਧ=ਸੱਤ ਤਰ੍ਹਾਂ ਦੇ ਪਦਾਰਥ=ਵਸਤੂਆਂ ਦਾ ਕਥਨ ਕਰਦੇ ਹਨ।

(੧) **ਅਤਲਾਦੀ :** 'ਆਪ*' ਵਿਚ ਸੱਤ ਪਾਤਾਲ ਮੰਨੇ ਹਨ :

(੧) ਅਤਲ (੨) ਵਿਤਲ (੩) ਸੁਤਲ (੪) ਤਲਾਤਲ (੫) ਰਸਾਤਲ (੬) ਮਹਾਤਲ (੭) ਪਾਤਾਲ।

*(ਪੰਨਾ ੨੬੨ ਤੇ (੪) ਪੜ੍ਹੋ)

(੨) **ਅਵਸਥਾ :-** ਚਿਦਾਭਾਸ ਦੀਆਂ ਕ੍ਰਮ ਨਾਲ ਤਿੰਨ ਬੋਧ (ਗਿਆਨ) ਦੀ ਅਤੇ ਚਾਰ ਮੋਕਸ਼ ਦੀਆਂ ਹੇਤੂ ਅਵਸਥਾ=ਦਸ਼ਾ।

(੧) **ਅਗਯਾਨ :-** ''ਨਹੀਂ ਜਾਣਦਾ ਹਾਂ'' ਇਸ ਵਿਵਹਾਰ ਦਾ ਹੇਤੂ ਜੋ ਆਵਰਣ-ਵਿਕਸ਼ੇਪ ਸ਼ਕਤੀ ਵਾਲਾ ਅਨਾਦੀ ਅਨਰਵਚਨੀਯ (ਸੱਤ-ਅਸੱਤ ਆਦਿ ਤੋਂ ਭਿੰਨ) ਭਾਵ ਰੂਪ ਪਦਾਰਥ ਸੋ ਅਗਯਾਨ ਰੂਪ ਅਵਸਥਾ ਕਹੀਏ ਹੈ।

(੨) **ਆਵਰਣ :-** ''ਨਹੀਂ ਹੈ। ਨਹੀਂ ਭਾਸਦਾ ਹੈ'' ਇਸ ਵਿਵਹਾਰ ਦਾ ਹੇਤੂ ਅਗਯਾਨ ਦਾ ਕਾਰਯ ਜੋ ਸਰੂਪ ਤੋਂ ਪੜਦਾ।

(੩) **ਵਿਕਸ਼ੇਪ :-** ਧਰਮ ਸਹਿਤ ਦੇਹਾਦਿਕ ਪ੍ਰਪੰਚ ਅਤੇ ਤਿਸਦਾ ਗਿਆਨ।

(੪) **ਪਰੋਕਸ਼ ਗਜਾਨ :-** ਪੰਨਾ ੨੪ 'ਤੇ ਪ੍ਰਸ਼ਨ ੭ ਪੜ੍ਹੋ।

(੫) **ਅਪਰੋਕਸ਼ ਗਜਾਨ :-** ਪੰਨਾ ੨੮ 'ਤੇ ਪ੍ਰਸ਼ਨ ੧੧ ਪੜ੍ਹੋ।

(੬) **ਸ਼ੋਕ ਨਾਸ :-** ਮੋਹ ਰੂਪ ਸ਼ੋਕ ਵਾ ਭ੍ਰਾਂਤੀ ਦੀ ਨਿਵਿਰਤੀ।

(੭) **ਤ੍ਰਿਪਤੀ :-** ਗਿਆਨ ਜਨਿਤ (ਪੈਦਾ ਹੋਣ ਵਾਲਾ) ਹਰਸ਼=ਅਨੰਦ।

(੩) **ਚੇਤਨ :-** ਗਿਆਨ ਸਰੂਪ।

(੧) **ਈਸ਼ਵਰ ਚੇਤਨ :-** ਮਾਯਾ ਵਿਸ਼ਿਸ਼ਟ (ਵਿਸ਼ੇਸ਼ਤਾ ਯੁਕਤ) ਚੇਤਨ।

(੨) **ਜੀਵ ਚੇਤਨ :-** ਅਵਿਦਿਆ ਵਿਸ਼ਿਸ਼ਟ ਚੇਤਨ।

(੩) **ਸ਼ੁੱਧ ਚੇਤਨ :-** ਨਿਰਉਪਾਧਿਕ ਚੇਤਨ।

(੪) **ਪ੍ਰਮਾਤਾ ਚੇਤਨ :-** ਪ੍ਰਮਾਤਾ ਜੋ 'ਅੰਤਹਕਰਣ' ਤਿਸ ਵਿਚ ਅਵਛਿੰਨ (ਮਿਲਿਆ) ਚੇਤਨ।

(੫) **ਪ੍ਰਮਾਣ ਚੇਤਨ :-** ਇੰਦ੍ਰਿਆਂ ਦੁਆਰਾ ਸਰੀਰ ਤੋਂ ਬਾਹਰ ਨਿਕਲ ਕੇ ਘਟਾਦਿਕ ਪਦਾਰਥਾਂ ਤੱਕ ਪਹੁੰਚੀ ਜੋ 'ਵ੍ਰਿਤੀ' ਸੋ ਪ੍ਰਮਾਣ ਹੈ। ਤਿਸ ਵ੍ਰਿਤੀ ਵਿਚ ਅਵਛਿੰਨ (ਮਿਲਿਆ ਵਾ ਅਟੁੱਟ) ਚੇਤਨ ਸੋ ਪ੍ਰਮਾਣ ਚੇਤਨ ਕਹੀਏ ਹੈ।

(੬) **ਪ੍ਰਮੇਯ ਚੇਤਨ :-** ਪ੍ਰਮੇਯ ਜੋ ਘਟਾਦਿਕ ਵਿਸ਼ਯ (ਵਸਤੂ) ਵਿਚ ਅਵਛਿੰਨ (ਹੋਰਾਂ ਨਾਲੋਂ ਭਿੰਨ ਕੀਤਾ ਹੋਇਆ) ਚੇਤਨ ਹੀ ਪ੍ਰਮੇਯ ਚੇਤਨ ਹੈ।

(੭) **ਪ੍ਰਮਾ ਚੇਤਨ :-** ਘਟਾਦਿਕ ਵਿਸ਼ਯਾਕਾਰ (ਵਸਤੂਆਂ ਦੇ ਅਕਾਰ ਵਾਲੀ) ਜੋ ਵ੍ਰਿਤੀ ਸੋ ਪ੍ਰਮਾ ਹੈ। ਤਿਸ ਕਰਕੇ ਅਵਛਿੰਨ ਚੇਤਨ ਵਾ ਤਿਸ ਵ੍ਰਿਤੀ ਵਿਚ ਪ੍ਰਤੀਬਿੰਬਿਤ ਚੇਤਨ, ਪ੍ਰਮਾ ਚੇਤਨ ਕਹੀਏ ਹੈ। ਇਸੇ ਨੂੰ ਪ੍ਰਮਿਤੀ ਚੇਤਨ ਅਤੇ ਫਲ ਚੇਤਨ ਵੀ ਆਖਦੇ ਹਨ।

(੪) **ਦ੍ਰਵਜਾਦੀ ਪਦਾਰਥ :-** ਨਿਆਏ ਮੱਤ ਵਿਚ ਜੋ ਦ੍ਰਵਜਾਦੀ ਸੱਤ ਪਦਾਰਥ :

(੧) **ਦ੍ਰਵਜ :-** (੧) ਪ੍ਰਿਥਵੀ (੨) ਜਲ (੩) ਤੇਜ (੪) ਵਾਯੂ (੫) ਆਕਾਸ਼ (੬) ਕਾਲ (੭) ਦਿਸ਼ਾ (੮) ਆਤਮਾ (੯) ਮਨ। ਇਹ ਨੌਂ ਦ੍ਰਵਯ (ਗੁਣਾਂ ਦੇ ਆਸ਼੍ਰਯ ਰੂਪ ਪਦਾਰਥ) ਮੰਨੇ ਹਨ।

(੨) **ਗੁਣ :-** ਰੂਪ ਤੋਂ ਆਦਿਕ ਲੈ ਕੇ ਸੰਸਕਾਰ ਪ੍ਰਯੰਤ ੨੪ ਗੁਣ ਮੰਨੇ ਹਨ।

(੩) **ਕਰਮ :-** (੧) ਉਤਸ਼ੇਪਣ (ਉੱਚਾ ਸੁੱਟਣਾ) (੨) ਅਪਸ਼ੇਪਣ (ਹੇਠਾਂ ਸੁੱਟਣਾ) (੩) ਆਕੁੰਚਨ (ਸੁੰਗੜਣਾ) (੪) ਪ੍ਰਸਾਰਣ (ਫੈਲਣਾ) ਅਤੇ (੫) ਗਮਨ (ਜਾਣਾ)। ਇਹ ਪੰਜ ਤਰ੍ਹਾਂ ਦੇ ਕਰਮ ਨਿਆਏ ਮੱਤ ਵਿਚ ਮੰਨੇ ਹਨ।

(੪) **ਸਾਮਾਨਯ :-** ਨਿਆਏ ਮੱਤ ਵਿਚ ਪਰ (ਸੱਤਾ) ਅਤੇ ਅਪਰ (ਘਟਤ੍ਵਾਦਿਕ) ਇਸ ਭੇਦ ਤੋਂ ਦੋ ਤਰ੍ਹਾਂ ਜਾਤੀ ਮੰਨੀ ਹੈ।

(੫) **ਸਮਵਾਯ :-** ਵੇਦਾਂਤ ਮੱਤ ਵਿਚ ਜਿੱਥੇ 'ਤਦਾਤਮਯ ਸੰਬੰਧ (ਤਦ=ਓਹੀ ਆਤਮਯ=ਸਰੂਪ ਭਾਵ ਦੋ ਵੱਖ-ਵੱਖ ਚੀਜ਼ਾਂ ਦਾ ਆਪਸ ਵਿਚ ਮਿਲ ਕੇ ਇਕੋ ਰੂਪ ਹੋਣਾ) ਮੰਨਿਆ ਹੈ ਓਥੇ ਓਥੇ ਨਿਆਏ ਮੱਤ ਵਿਚ ਸੰਬੰਧ ਵਿਸ਼ੇਸ਼ (ਨਿਤਯ ਸੰਬੰਧ) ਮੰਨਿਆ ਹੈ। ਸੋ ਸਮਾਵਾਯ ਸੰਬੰਧ ਕਹੀਏ ਹੈ।

(੬) **ਅਭਾਵ :-** (੧) ਪ੍ਰਾਗਾਭਾਵ (੨) ਪ੍ਰਧ੍ਵੰਸਾਭਾਵ (੩) ਅਨਯੋਅਨਯਾਭਾਵ (੪) ਅਤਯੰਤਾਭਾਵ (੫) ਸਾਮਯਿਕਾਭਾਵ ਇਹ ਪੰਜ ਤਰ੍ਹਾਂ ਨਾਸਤੀ (ਨਾ=ਨਹੀਂ ਅਸਤੀ=ਹੈ) ਪ੍ਰਤੀਤੀ ਦੇ ਵਿਸ਼ਯ ਰੂਪ ਪਦਾਰਥ ਸੋ ਕਹੀਏ ਅਭਾਵ। (ਪੰਜ ਅਭਾਵ ਪੰਨਾ ੩੭੦ 'ਤੇ ਵਿਸਥਾਰ ਨਾਲ ਪੜ੍ਹੋ।)

(੭) **ਵਿਸ਼ੇਸ਼ :-** ਨਿਆਏ ਮੱਤ ਵਿਚ ਪਰਮਾਣੂ ਦੇ ਅੰਤਰਗਤ ਅਨੰਤ ਅਵਕਾਸ਼ (ਖਾਲੀ ਜਗ੍ਹਾ) ਰੂਪ ਪਦਾਰਥ ਮੰਨੇ ਹਨ।

(੫) **ਧਾਤੂ :-** ਸਰੀਰ ਨੂੰ ਧਾਰਣ ਵਾਲੇ ਸੱਤ ਪਦਾਰਥ :

(੧) **ਰਸ :-** ਸੂਖਮ (ਪੁੰਨ-ਪਾਪ)। ਮਧਯਮ (ਅੰਨ ਦਾ ਸਾਰ) ਅਤੇ ਸਥੂਲ (ਮਲ) ਭੇਦ ਤੋਂ ਤਿੰਨ ਪ੍ਰਕਾਰ ਦੇ ਭੁਕਤ (ਖਾਂਦੇ) ਅੰਨ ਦੇ ਵਿਭਾਗ ਹੁੰਦੇ ਹਨ। ਇਨ੍ਹਾਂ ਵਿਚੋਂ ਮਯਮ ਵਿਭਾਗ ਜੋ ਅੰਨ ਦਾ ਸਾਰ ਸੋ ਰਸ ਜਾਨਣਾ।

(੨) **ਰੁਧਿਰ :-** ਲਹੂ (੩) **ਮਾਂਸ :-** ਆਮਿਖ (੪) **ਮੇਦ :-** ਚਰਬੀ (੫) **ਮੱਜਾ :-** ਮਿੱਝ (੬) **ਅਸਥੀ :-** ਹੱਡੀਆਂ (੭) **ਵੀਰਯ :-** ਸਰੀਰ ਦਾ ਸਾਰ ਰੂਪ ਧਾਤ।

(੬) **ਭੂਰਾਦੀ ਲੋਕ :-**

(੧) **ਭੂਰ (੨) ਭੁਵਰ (੩) ਸ੍ਵਰ (੪) ਮਹਰ (੫) ਜਨ (੬) ਤਪ (੭) ਸੱਤਯ।**

(ਵਿਸਥਾਰ ਨਾਲ ਚੌਦਾਂ ਲੋਕ ਪੰਨਾ ੨੯੧-੨੯੨ 'ਤੇ ਪੜ੍ਹੋ)

(੭) ਮੋਨਾਦੀ :-

(੧) ਮੋਨ :- (ਓ) ਗੁੰਗ ਮੋਨ (ਅ) ਜੜ੍ਹ ਮੋਨ (ਏ) ਕਾਸਟ ਮੋਨ (ਸ) ਗਿਆਨ ਮੋਨ।

ਯਹ ਮੈਂ ਮਮ ਯਹਿ, ਨਾਹਿ ਮਮ, ਸਬ ਬਿਕਲਪ ਭਏ ਛੀਨ॥
ਪਰਮਾਤਮ ਪੂਰਨ ਸਕਲ ਜਾਨਿ ਮੋਨਤਾ ਲੀਨ॥ ੪॥

(ਵਿਚਾਰਮਾਲਾ, ਪਹਿਲਾ ਬਿਸ੍ਰਾਮ)

ਚਾਰ ਪ੍ਰਕਾਰ ਦਾ ਮੋਨ ਵਿਸਥਾਰ ਨਾਲ 'ਪੰਚ ਗ੍ਰੰਥਾਵਲੀ' ਪੰਨਾ ੩੭੭ 'ਤੇ ਪੜ੍ਹੋ।

(੨) ਯੋਗ ਆਸਨ :- ਧੇਯ (ਵਸਤੂ) ਵਿਚ ਯੋਗ=ਜੁੜ ਕੇ ਬੈਠਣ ਦੀ ਵਿਧੀ ਵਾ ਸਥਿਤੀ ਸੋ ਕਹੀਏ ਯੋਗ ਆਸਨ। ਚੌਰਾਸੀ ਲੱਖ ਜੂਨਾਂ ਦੇ ਚੁਰਾਸੀ ਆਸਣ ਮੰਨੇ ਗਏ ਹਨ ਫਿਰ ਇਨ੍ਹਾਂ ਚੌਰਾਸੀ ਆਸਣਾਂ ਵਿਚੋਂ ਸੋਲ੍ਹਾਂ ਸ੍ਰੇਸ਼ਟ ਕਹੇ ਹਨ ਅਤੇ ਸੋਲ੍ਹਾਂ ਦੇ ਵਿੱਚੋਂ ਵੀ ਚਾਰ ਸਰਵ-ਸ੍ਰੇਸ਼ਟ ਮੰਨੇ ਹਨ। ਫਿਰ ਚਾਰਾਂ ਵਿੱਚੋਂ ਦੋ ਉੱਤਮ ਦੱਸ ਕੇ ਸਭ ਤੋਂ ਉਤਕ੍ਰਿਸ਼ਟ 'ਸਿੱਧ ਆਸਣ' ਮੰਨਿਆ ਹੈ।

(ਵਿਸਥਾਰ ਨਾਲ ਸੋਲ੍ਹਾਂ ਆਸਣ 'ਵੇਦਾਂਤ ਸਾਰ ਸੰਗ੍ਰਹ' ਪੰਨਾ ੯੬-੯੭ ਪੜ੍ਹੋ)

(੩) ਯੋਗ :- ਯੋਗ ਅਭਿਆਸ ਦੇ ਅਸਟਾਂਗ=ਅੱਠ ਅੰਗ ਹਨ :- (੧) ਯਮ (੨) ਨੇਮ (੩) ਆਸਨ (੪) ਪ੍ਰਾਣਾਯਾਮ (੫) ਪ੍ਰਤਜਾਹਾਰਹਿ (੬) ਧਾਰਨਾ (੭) ਧਜਾਨ।

(ਵਿਸਥਾਰ ਨਾਲ 'ਵੇਦਾਂਤ ਸਾਰ ਸੰਗ੍ਰਹ' ਪੰਨਾ ੮੮ ਤੋਂ ੧੦੦ ਤੱਕ ਪੜ੍ਹੋ)

(੪) ਤਿਤਿਕਸ਼ਾ :- ਇਸ ਗ੍ਰੰਥ ਦੇ ਪੰਨਾ ੨੩੭ 'ਤੇ ਪੜ੍ਹੋ।

(੫) ਏਕਾਂਤਸ਼ੀਲਤਾ :- (ਏਕ+ਆਂਤ) ਆਂਤ=ਅੰਤ ਵਿਚ ਜਿੱਥੇ ਏਕ=ਇਕ ਸ੍ਵੈ ਸਰੂਪ ਹੀ ਰਹਿ ਜਾਵੇ ਸੋ ਕਹੀਏ ਏਕਾਂਤ। ਏਕਾਂਤ ਵਿਚ ਸੀਲ=ਉੱਤਮ ਆਚਰਣ ਸੋ ਕਹੀਏ ਏਕਾਂਤਸ਼ੀਲਤਾ।

ਭਾਵ ਏਕਾਂਤ ਅਭਿਆਸੀ ਲਈ ਅੰਮ੍ਰਿਤ ਸਮਾਨ ਹੈ ਕਿਉਂਕਿ ਸਾਧਨਾ ਦਾ ਸਹਾਇਕ ਅੰਗ ਹੈ ਕਿੰਤੂ ਓਹੀ ਏਕਾਂਤ ਵਿਕਾਰੀ ਲਈ ਬਿਖ ਸਮਾਨ ਹੈ, ਕਿਉਂਕਿ ਵਿਸ਼ੇ ਵਿਕਾਰਾਂ ਦਾ ਪ੍ਰੇਰਕ ਬਣਦਾ ਹੈ।

ਸੋ ਇਕਾਂਤੀ ਜਿਸੁ ਰਿਦਾ ਥਾਇ ॥ ਸੋਈ ਨਿਹਚਲੁ ਸਾਚ ਠਾਇ ॥ ੩ ॥
ਏਕਾ ਖੋਜੈ ਏਕ ਪ੍ਰੀਤਿ ॥ ਦਰਸਨ ਪਰਸਨ ਹੀਤ ਚੀਤਿ ॥

(ਬਸੰਤ ਮਃ ੫, ਅੰਗ ੧੧੮੦)

(੬) ਨਿਸਪ੍ਰਿਹਤਾ :- ਸਪ੍ਰਿਹਾ ਕਹੀਏ ਅਕਾਂਕਸ਼ਾ ਵਾ ਇੱਛਾ ਜੋ ਵਾਸਨਾਦਿਕ ਦੇ ਲੋਭ ਜਾਂ ਲਾਲਸਾ ਤੋਂ ਨਿ=ਰਹਿਤ ਹੋਣਾ ਭਾਵ ਨਿਸ਼ਕਾਮ ਹੋਣਾ।

ਬਹਤੀ ਮਨਸਾ ਰਾਖਹੁ ਬਾਂਧਿ ॥ **(ਗਉੜੀ ਥਿਤੀ, ਅੰਗ ੩੪੪)**

(੭) **ਸਮਤਾ** :- ਸਮਸਤ ਸਰੀਰਾਂ ਵਿਚ ਸਮਤਾ=ਬਰਾਬਰਤਾ ਵਾਲੀ ਆਤਮਾਕਾਰ ਬ੍ਰਹਮ ਦ੍ਰਿਸ਼ਟੀ ਧਾਰਨੀ।

ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ॥ ੧ ॥ ਰਹਾਉ ॥

(ਸੂਹੀ ਮਃ ੧, ਅੰਗ ੭੩੦)

(੮) **ਰੂਪ** :-

(੧) **ਸ਼ੁਕਲ** :- ਚਿੱਟਾ। (੨) **ਕ੍ਰਿਸ਼ਣ** :- ਕਾਲਾ। (੩) **ਪੀਤ** :- ਪੀਲਾ। (੪) **ਰਕਤ** :- ਲਾਲ।

(੫) **ਹਰਿਤ** :- ਹਰਾ। (੬) **ਕਪਿਸ਼** :- ਭੂਰਾ। (੭) **ਚਿਤ੍ਰਕ** :- ਸੰਤਰੀ।

(੯) **ਵਯਸਨ** :- ਕਿਸੇ ਮਾੜੀ ਕ੍ਰਿਆ ਦੀ ਲਤ ਲੱਗਣੀ ਭਾਵ ਆਦਤ ਬਣ ਜਾਣਾ ਸੋ ਕਹੀਏ ਵਯਸਨ।

(੧) **ਤਨ** :- ਪਰਾਏ ਸਰੀਰਾਂ ਦੀ ਹਿੰਸਾ ਕਰਕੇ ਮਾਂਸ ਖਾਣਾ ਵਾ ਸ਼ਿਕਾਰ ਖੇਡਣਾ।

(੨) **ਮਨ** :- ਮਨ ਦੁਆਰਾ ਵਿਕਾਰਾਂ ਨੂੰ ਸੂਖਮ ਰੂਪ ਵਿਚ ਭੋਗਣਾ।

(੩) **ਕ੍ਰੋਧ** :- ਤੀਕਸ਼ਣ ਬ੍ਰਿਤੀ ਦੀ ਆਦਤ ਵਾ ਸੁਭਾਅ ਹੋਣਾ।

(੪) **ਵਿਸ਼ਯ** :- ਵਿਸ਼ੇ ਭੋਗ।

(੫) **ਧਨ** :- ਮਾਯਾ ਦੀ ਪਕੜ ਵਾ ਜੂਆ ਆਦਿ ਖੇਡਣਾ।

(੬) **ਰਾਜਯ** :- ਰਾਜ-ਭਾਗ ਦੀ ਆਸਕਤੀ।

(੭) **ਸੇਵਕ ਵਯਸਨ** :- ਪਰ-ਇਸਤਰੀ ਦਾ ਸੇਵਨ=ਚਿੰਤਨ ਵਾ ਮਦਿਰਾ (ਸ਼ਰਾਬ) ਆਦਿ ਦਾ ਸੇਵਨ।

(੧੦) **ਗਜਾਨ ਭੂਮਿਕਾ** :-

(੧) ਸ਼ੁੱਭ ਇੱਛਾ (੨) ਸੁਵਿਚਾਰਨਾ (੩) ਤਨੂਮਾਨਸ਼ਾ

(੪) ਸਤ੍ਵਾਪਤਿ (੫) ਅਸੰਸਕਤਿ (੬) ਪਦਾਰਥਾਭਾਵਨੀ

(੭) ਤੁਰੀਯਾ।

(ਵਿਸਥਾਰ ਨਾਲ ਪੰਨਾ ੨੧੫ ਤੋਂ ੨੨੦ ਤੱਕ ਪੜ੍ਹੋ)

☆☆☆

ਧਦਾਰ੍ਥ ਅਸ਼੍ਟਵਿਧ॥੮॥
॥ ਪਦਾਰਥ ਅਸ਼ਟਵਿਧ ॥ ੮ ॥

ਵੇਦਾਂਤ ਸ਼ਾਸਤ੍ਰ ਵਿਚ ਪ੍ਰਮੁੱਖ ਅਸ਼ਟਵਿਧ=ਅੱਠ ਤਰ੍ਹਾਂ ਦੇ ਪਦਾਰਥਾਂ ਦਾ ਵਰਣਨ ਕਰਦੇ ਹਨ :-

(੧) **ਪਾਸ਼ :-** ਜਾਲ ਰੂਪ ਫਾਹੀ, ਫੰਦਾ। ਅੱਠ ਬੇੜੀਆਂ ਜੋ ਮੁਕਤੀ ਦੇ ਮਾਰਗ ਵਿਚ ਬਾਧਕ ਹਨ:-

(੧) **ਦਯਾ :-** ਕਰੁਣਾ। ਕਿਸੇ ਦੇ ਦਰਦ ਨੂੰ ਦੂਰ ਕਰਨ ਦਾ ਪ੍ਰਯਾਸ ਸੋ ਕਹੀਏ ਕਰੁਣਾ। ਇਹ ਭਾਵਨਾ ਕਦੇ-ਕਦੇ ਈਧਨ ਰੂਪ ਹੋ ਸਕਦੀ ਹੈ। ਜਿਵੇਂ ਭਰਤ (ਦਸ਼ਰਥ ਦਾ ਪੁੱਤ੍ਰ ਜੋ ਕੈਕਯੀ ਦੇ ਉਦਰ ਤੋਂ ਜਨਮਿਆ ਸੀ) ਮ੍ਰਿਗ ਨਾਲ ਆਸਕਤ ਹੋਣ ਕਰਕੇ ਹਿਰਣ ਨੂੰ ਆਸ਼੍ਰਮ ਲੈ ਆਏ, ਉਸ ਦੀ ਦੇਖਭਾਲ ਕੀਤੀ। ਇਹੀ ਪ੍ਰੇਮ ਉਸ ਦੀ ਕਮਜ਼ੋਰੀ ਬਣ ਗਿਆ ਜਿਸ ਕਰਕੇ ਭਰਤ ਕੋਲ ਭਜਨ ਲਈ ਸਮਾਂ ਨਾ ਬਚਿਆ। ਉਸ ਨੂੰ ਹਮੇਸ਼ਾ ਇਹੋ ਡਰ ਸਤਾਉਂਦਾ ਰਿਹਾ ਕਿ ਜੰਗਲੀ ਜਾਨਵਰ ਹਿਰਣ 'ਤੇ ਹਮਲਾ ਨਾ ਕਰ ਦੇਣ। ਅੰਤਿਮ ਸੁਆਸ ਤੱਕ ਹਿਰਣ ਦੀ ਚਿੰਤਾ ਬਣੀ ਰਹੀ। ਇਸ ਲਈ ਅਗਲਾ ਜਨਮ ਭਰਤ ਦਾ ਹਿਰਨ ਸਰੂਪ ਵਿਚ ਹੋਇਆ।

(੨) **ਸ਼ੰਕਾ :-** ਸੰਦੇਹ। ਕੁਛ ਲੋਕ ਸਾਧਨਾ ਦੀ ਸਫਲਤਾ ਉਤੇ ਸੰਦੇਹ ਕਰਦੇ ਅਤੇ ਸੋਚਦੇ ਹਨ ਕਿ ਇਸ ਦਾ ਫਲ ਨਹੀਂ ਮਿਲੇਗਾ। ਯੋਗ ਸਾਧਨਾ ਦੇ ਕਾਰਜਾਂ ਵਿਚ ਫਸੇ ਰਹਿਣਾ ਅਤੇ ਘਰੇਲੂ ਕਰਤੱਬਾਂ ਨੂੰ ਪੂਰਾ ਨਾ ਕਰ ਪਾਉਣ ਦਾ ਡਰ ਅਤੇ ਸ਼ਿਕਸ਼ਕ (ਸਿੱਖਿਆ ਪ੍ਰਦਾਨ ਕਰਨ ਵਾਲਾ ਗੁਰੂ) ਦੀ ਸੱਤਯ ਨਿਸ਼ਠਾ ਤੇ ਸੰਦੇਹ ਆਦਿ ਉਤਪੰਨ ਹੋਣ ਰੂਪ ਬੰਧਨ।

(੩) **ਭਯ :-** ਪਰਿਵਾਰ, ਸੰਬੰਧੀਆਂ ਆਦਿਕ ਦੇ ਡਰ ਕਾਰਨ ਸਤਸੰਗ ਵਿਚ ਪ੍ਰਵਿਸ਼ਟ ਨਾ ਹੋਣ ਰੂਪ ਬੰਧਨ।

(੪) **ਲੱਜਾ :-** ਸ਼ਰਮਿੰਦਗੀ। ਸਮਾਜ ਵਿਚ ਆਪਣੀ ਗੌਰਵਮਈ ਪਦਵੀ ਦਾ ਸਥਿਤੀ ਕਰਕੇ ਸਤਸੰਗਤ ਦੇ ਆਮ ਲੋਕਾਂ ਵਿਚ ਦਿਖਣ ਵਾ ਬੈਠਣ ਤੋਂ ਸ਼ਰਮਿੰਦਗੀ ਮਹਿਸੂਸ ਕਰਨੀ।

(੫) **ਨਿੰਦਾ :-** ਲੋਕ ਦੂਸਰਿਆਂ ਦੇ ਚੰਗੇ ਗੁਣਾਂ ਨੂੰ ਵੀ ਦੋਸ਼ ਦਿੰਦੇ ਹਨ ਐਸਾ ਅਪਜਸ ਦੇ ਡਰ ਦਾ ਬੰਧਨ।

(੬) **ਕੁੱਲ :-** ਕੁੱਲ ਵਾ ਜਾਤੀ ਦੇ ਅਭਿਮਾਨ ਕਰਕੇ ਕਈ ਲੋਕ ਆਪਣੇ ਤੋਂ ਨੀਵੀਂ ਜਾਤ ਵਾਲੇ ਕੋਲੋਂ ਗਿਆਨ ਪ੍ਰਾਪਤ ਨਹੀਂ ਕਰਨਾ ਚਾਹੁੰਦੇ।

(੭) **ਸ਼ੀਲ :-** ਸ਼ੀਲ ਕਹੀਏ ਉੱਤਮ ਆਚਰਣ ਤਿਸਦਾ ਹੰਕਾਰ ਜਿਵੇਂ ਆਪਣੇ ਦੁਆਰਾ ਕੀਤੇ ਯੱਗ, ਪੂਜਾ-ਪਾਠ ਆਦਿਕ।

(੮) **ਧਨ :-** ਕਈ ਧਨਵਾਨ ਲੋਕ ਮਾਯਾ ਦੇ ਹੰਕਾਰ ਕਰਕੇ ਸਾਧੂ-ਮਹਾਤਮਾ ਕੋਲ ਨਿਮਰਤਾ ਸਹਿਤ ਨਹੀਂ ਜਾਂਦੇ ਅਤੇ ਕ੍ਰਿਪਾ ਦੇ ਪਾਤਰ ਨਹੀਂ ਬਣ ਪਾਉਂਦੇ।

(੨) **ਪੁਰੀ :-**

(੧) ਪੰਜ ਗਿਆਨ ਇੰਦ੍ਰੇ (੨) ਪੰਜ ਕਰਮ ਇੰਦ੍ਰੇ (੩) ਚਤੁਸ਼ਟੇ ਅੰਤਹਕਰਣ

(੪) ਪੰਜ ਪ੍ਰਾਣ (੫) ਪੰਜ ਸਥੂਲ ਤੱਤ (੬) ਕਾਮ (ਕਾਮਨਾ=ਇੱਛਾ)

(੭) ਤ੍ਰਿਵਿਧ ਕਰਮ (ਮਨ, ਬਾਣੀ, ਸਰੀਰ ਦਾ ਕਰਮ=ਕਿਰਿਆ)

(੮) ਵਾਸਨਾ।

(੩) **ਪ੍ਰਕ੍ਰਿਤੀ :-**

(੧) ਪ੍ਰਿਥਵੀ

(੨) ਜਲ

(੩) ਅਗਨੀ

(੪) ਵਾਯੂ

(੫) ਆਕਾਸ਼

(੬) ਮਨ :- ਇੱਥੇ ਮਨ ਸ਼ਬਦ ਕਰਕੇ ਸਮਸ਼ਟੀ ਮਨ ਰੂਪ ਹੰਕਾਰ ਦਾ ਗ੍ਰਹਣ ਹੈ।

(੭) ਬੁਧੀ :- ਇੱਥੇ ਬੁਧੀ ਸ਼ਬਦ ਕਰਕੇ ਸਮਸ਼ਟੀ ਬੁਧੀ ਰੂਪ ਮਹਿਤੱਤ੍ਵ ਦਾ ਗ੍ਰਹਣ ਹੈ।

(੮) ਅਹੰਕਾਰ :- ਇੱਥੇ ਹੰਕਾਰ ਸ਼ਬਦ ਕਰਕੇ ਮਹਿਤੱਤ੍ਵ ਤੋਂ ਪੂਰਵ ਸ਼ੁੱਧ ਹੰਕਾਰ ਦੇ ਕਾਰਣ ਅਗਿਆਨ ਰੂਪ ਮੂਲ ਪ੍ਰਕ੍ਰਿਤੀ ਦਾ ਗ੍ਰਹਣ ਹੈ।

(੪) **ਬ੍ਰਹਮਚਰਯ ਦੇ ਅੰਗ :-** ਅੱਠ ਤਰ੍ਹਾਂ ਦੇ ਮੈਥੁਨ ਦਾ ਤਿਆਗ।

(੧) ਇਸਤਰੀ ਦਾ ਦਰਸ਼ਨ ਪੁਰਸ਼ ਲਈ ਅਤੇ ਇਸਤਰੀ ਲਈ ਪੁਰਸ਼ ਦਾ ਦਰਸ਼ਨ।

(੨) ਸਪਰਸ਼।

(੩) ਕੇਲ :- ਚੌਪੜ ਆਦਿਕ ਕ੍ਰੀੜਾ (ਖੇਡ)।

(੪) ਕੀਰਤਨ :- ਵਡਿਆਈ।

(੫) ਗੁਹਯ ਭਾਖਣ :- (ਗੁਪਤ ਗੱਲਾਂ ਕਰਨੀਆਂ)।

(੬) ਸੰਕਲਪ :- ਚਿੰਤਨ (ਸਮਰਣ)।

(੭) ਨਿਸ਼ਚੇ

(੮) ਵੀਰਜ* ਦਾ ਤਿਆਗ ਰੂਪ ਭੋਗ (ਕਈ ਗ੍ਰੰਥਾਂ ਵਿਚ ਅੱਠਵਾਂ ਅੰਗ ਇਸਤਰੀ ਦੀ 'ਪ੍ਰਾਪਤੀ' ਕਿਹਾ ਗਿਆ ਹੈ)।

ਸ੍ਵਨ ਸਿਮਰਣ ਔ ਕੀਰਤਨ ਚਿਤਵਨ ਬਾਤ ਇਕੰਤ॥
ਦ੍ਰਿੜ੍ਹ ਸੰਕਲਪ ਪ੍ਰਯਤਨ ਤਨ ਪ੍ਰਾਪਤਿ ਅਸਟ ਕਹੰਤ॥ ੮॥

(ਵਿਚਾਰ ਮਾਲਾ, ਚੌਥਾ ਬਿਸ੍ਰਾਮ)

ਇਹ ਅੱਠ ਪ੍ਰਕਾਰ ਦੇ ਮੈਥੁਨ ਨੂੰ ਤਿਆਗ ਕੇ ਨਿਸ਼ਕਾਮ ਹੋਣਾ ਸੋ ਕਹੀਏ ਬ੍ਰਹਮਚਰਯ ਯਮ।

*ਪੁਰਸ਼ ਤੋਂ ਵੀਰਜ ਅਤੇ ਇਸਤਰੀ ਤੋਂ ਰਜ ਦਾ ਤਿਆਗ ਅਰਥ ਗ੍ਰਹਣ ਕਰਨਾ।

(੫) **ਮਦ :- ਹੰਕਾਰ ਰੂਪ ਨਸ਼ਾ।**

(੧) **ਕੁਲ ਮਦ :-** ਉੱਚੀ ਜਾਤ ਤੇ ਕੁੱਲ ਦਾ ਹੰਕਾਰ।

(੨) **ਸ਼ੀਲ ਮਦ :-** ਉੱਤਮ ਆਚਰਣ ਦਾ ਹੰਕਾਰ।

(੩) **ਧਨ ਮਦ :-** ਮਾਯਾ ਦਾ ਹੰਕਾਰ।

(੪) **ਰੂਪ ਮਦ :-** ਸੁੰਦਰ ਸਰੂਪ ਦਾ ਹੰਕਾਰ।

(੫) **ਯੌਵਨ ਮਦ :-** ਜਵਾਨੀ ਦਾ ਹੰਕਾਰ।

(੬) **ਵਿਦਿਆ ਮਦ :-** ਬ੍ਰਹਮ ਵਿਦਿਆ ਦਾ ਹੰਕਾਰ।

(੭) **ਤਪ ਮਦ :-** ਸਾਧਨਾ ਦਾ ਹੰਕਾਰ।

(੮) **ਰਾਜਯ ਮਦ :-** ਰਾਜ-ਭਾਗ ਦਾ ਹੰਕਾਰ।

ਰਾਜ ਜੋਬਨ ਬਿਸਰੰਤ ਹਰਿ ਮਾਇਆ ਮਹਾ ਦੁਖੁ ਏਹੁ ਮਹਾਂਤ ਕਹੈ॥

(ਰਾਗੁ ਧਨਾਸਰੀ ਮਃ ੫, ਅੰਗ ੬੮੩)

ਰਾਜਯ ਮਦ, ਯੌਵਨ ਮਦ ਅਤੇ ਧਨ ਮਦ ਦੁੱਖਾਂ ਦੇ ਵਿਚੋਂ ਵੱਡੇ ਦੁੱਖ ਮੰਨੇ ਗਏ ਹਨ।

(੬) **ਮੂਰਤੀ ਮਦ :-** ਮੂਰਤੀ ਕਹੀਏ ਸਰੂਪ ਦਾ ਮਦ=ਹੰਕਾਰ।

(੧) **ਪ੍ਰਿਥਵੀ ਮਦ :-** ਅਸਥੀ (ਹੱਡੀਆਂ) ਮਾਸ ਆਦਿਕ ਪ੍ਰਿਥਵੀ ਦੇ ਤੱਤਾਂ ਦਾ ਅਭਿਮਾਨ।

(੨) **ਜਲ ਮਦ :-** ਸ਼ੁਕ੍ਰ (ਵੀਰਜ), ਸ਼੍ਰੋਣਿਤ (ਲਹੂ) ਆਦਿਕ ਜਲ ਦੇ ਤੱਤਾਂ ਦਾ ਅਭਿਮਾਨ।

(੩) **ਤੇਜ ਮਦ :-** ਛੁਧਾ (ਭੁੱਖ) ਆਦਿਕ ਅਗਨੀ ਦੇ ਤੱਤਾਂ ਦੀ ਅਧਿਕਤਾ ਦਾ ਅਭਿਮਾਨ।

(੪) **ਪਵਨ ਮਦ :-** ਚਲਣ (ਵਿਦੇਸ਼ ਗਮਨ), ਧਾਵਨ (ਦੌੜਨ) ਆਦਿਕ ਵਾਯੂ ਦੇ ਤੱਤਾਂ ਕਰਕੇ ਯੁਕਤਤਾ ਦਾ ਹੰਕਾਰ ਰੂਪ ਨਸ਼ਾ।

(੫) **ਆਕਾਸ਼ ਮਦ :-** ਕਾਮ, ਕ੍ਰੋਧ ਆਦਿਕ ਆਕਾਸ਼ ਦੇ ਤੱਤਾਂ ਕਰਕੇ ਯੁਕਤਤਾ ਦਾ ਹੰਕਾਰ।

(੬) **ਚੰਦ੍ਰਮਦ :-** ਸੀਤਲਤਾ ਰੂਪ ਚੰਦ੍ਰਮਾ ਦੇ ਗੁਣਾਂ ਕਰਕੇ ਯੁਕਤ ਹੋਣ ਦਾ ਹੰਕਾਰ।

(੭) **ਸੂਰਯ ਮਦ :-** ਸੰਤਾਪ (ਕ੍ਰੋਧਾਦਿਕ) ਰੂਪ ਸੂਰਜ ਦੇ ਗੁਣਾਂ ਕਰਕੇ ਯੁਕਤ ਹੋਣ ਦਾ ਹੰਕਾਰ।

(੮) **ਆਤਮ ਮਦ :-** ਵਿਦਿਆ, ਧਨ, ਕੁਲ ਆਦਿਕ ਆਤਮਾ ਦੇ ਸੰਬੰਧੀਆਂ ਦਾ ਅਭਿਮਾਨ।

(੭) **ਸ਼ਬਦ ਸ਼ਕਤੀ ਗ੍ਰਹਣ ਹੇਤੂ :-** ਸ਼ਬਦਾਂ ਦੀ ਸ਼ਕਤੀ=ਸਾਮਰਥ ਨੂੰ ਗ੍ਰਹਣ ਕਰਨ ਦੇ ਹੇਤੂ=ਕਾਰਨ :-

(੧) **ਵਯਾਕਰਣ :-** ਭਾਸ਼ਾ ਦੇ ਸ਼ੁੱਧ ਅਸ਼ੁਧ ਸ਼ਬਦਾਂ ਦਾ ਵਿਵੇਕਪੂਰਵਕ ਗਿਆਨ।

(੨) **ਉਪਮਾਨ :-** ਜਿਸ ਨਾਲ ਤੁਲਨਾ ਵਾ ਸਮਤਾ ਹੋਵੇ ਸੋ ਵਸਤੂ।

(੩) **ਕੋਸ਼** :- ਮਹਾਨ ਕੋਸ਼, ਅਮਰ ਕੋਸ਼ ਆਦਿ।

(੪) **ਆਪਤ ਵਾਕਯ :-** ਪ੍ਰਮਾਣਿਕ ਕਥਨ ਦਾ ਕਹਿਣ ਵਾਲਾ ਵਾਕ।

(੫) **ਵ੍ਰਿਧ ਵਿਵਹਾਰ :-** ਕਿਸੇ ਵ੍ਰਿਧ = ਅਨੁਭਵੀ ਸਿਆਣੇ ਪੁਰਸ਼ ਦੇ ਬਚਨ ਸ੍ਰਵਣ ਕਰਕੇ ਜੋ ਵਿਵਹਾਰ = ਪ੍ਰਵਿਰਤੀ ਕਰਨੀ।

(੬) **ਵਾਕਜ ਸ਼ੇਸ਼ :-** ਅਖੰਡਾਕਾਰ ਵਾਕਜ ਨੂੰ ਪੂਰਾ ਕਰਨ ਲਈ ਸ਼ੇਸ਼=ਬਾਕੀ ਜੋ ਆਵਸ਼ਯਕ (ਜ਼ਰੂਰੀ) ਸ਼ਬਦ।

(੭) **ਵਿਵਰਣ :-** ਵਿਸਥਾਰ ਪੂਰਵਕ ਸਪੱਸ਼ਟ ਕਥਨ।

(੮) **ਸਿਧ ਪਦ ਦੀ ਸੰਨਿਧੀ :-**ਸਿਧ=ਪ੍ਰਮਾਣਿਤ ਵਾ ਪੂਰਣ ਪਦ=ਸ਼ਬਦ ਦੀ ਸੰਨਿਧੀ= ਸਮੀਪਤਾ।

(੮) **ਸਮਾਧੀ ਦੇ ਅੰਗ :-**

(੧) **ਯਮ** (੨) **ਨਿਯਮ** (੩) **ਆਸਨ** (੪) **ਪ੍ਰਾਣਾਯਾਮ**

(੫) **ਪ੍ਰਤਯਾਹਾਰ** (੬) **ਧਾਰਣਾ** (੭) **ਧਿਆਨ** (੮) **ਸਵਿਕਲਪ ਸਮਾਧੀ।**

ਵਿਸਥਾਰ ਨਾਲ 'ਵੇਦਾਂਤ ਸਾਰ ਸੰਗ੍ਰਹ' ਵਿਚੋਂ ਅਸ਼ਟਾਂਗ ਜੋਗ ਸਾਧਨ ਪੰਨਾ ੮੮ ਤੋਂ ੯੯ ਤੱਕ ਪੜ੍ਹੋ।

☆☆☆

ਧਦਾਰ੍ਥ ਨਵਵਿਧ॥੯॥
॥ ਪਦਾਰਥ ਨਵ੍ਵਿਧਿ ॥ ੯ ॥

ਵੇਦਾਂਤ ਸ਼ਾਸਤ੍ਰ ਦੇ ਪ੍ਰਮੁੱਖ ਨਵਵਿਧ=ਨੌਂ ਤਰ੍ਹਾਂ ਦੇ ਪਦਾਰਥ=ਵਸਤੂਆਂ ਦਾ ਕਥਨ ਕਰਦੇ ਹਨ।

(੧) **ਤੱਤ੍ਵ** :- ਕਿਸੇ ਮਹਾਤਮਾ ਦੇ ਮੱਤ ਵਿਚ ਲਿੰਗ (ਸੂਖਮ) ਦੇਹ ਦੇ ਨੌਂ ਤੱਤ੍ਵ ਮੰਨੇ ਹਨ :

(੧) **ਸ਼੍ਰੋਤ** (ਕੰਨ)
(੨) **ਤੱਤ੍ਵਕ** (ਚਮੜੀ)
(੩) **ਚਕਸ਼ੁ** (ਨੇਤ੍ਰ)
(੪) **ਜਿਹਵਾ** (ਰਸਨਾ)
(੫) **ਘ੍ਰਾਣ** (ਨੱਕ)
(੬) **ਮਨ**
(੭) **ਬੁਧੀ**
(੮) **ਚਿਤ**
(੯) **ਅਹੰਕਾਰ।**

(੨) **ਸੰਸਾਰ** :- ਤ੍ਰਿਪੁਟੀ ਰੂਪ (ਸੰਸ+ਅਰ) ਸੰਸਿਆ ਦੇ ਅਰ=ਸਮੁੰਦਰ ਦੀ ਪ੍ਰਤੀਤੀ :-

(੧) **ਗਜਾਤਾ** :- ਜਾਨਣ ਵਾਲਾ।
(੨) **ਗਜਾਨ** :- ਬੋਧ, ਸਮਝ।
(੩) **ਗੇਯ** :- ਵਸਤੂ, ਪਦਾਰਥ।
(੪) **ਭੋਕਤਾ** :- ਭੋਗਣ ਵਾਲਾ।
(੫) **ਭੋਗਯ** :- ਭੋਗਣ ਦੇ ਯੋਗ ਪਦਾਰਥ।
(੬) **ਭੋਗ** :- ਸੁਖ-ਦੁੱਖ ਰੂਪ ਅਨੁਭਵ।
(੭) **ਕਰਤਾ** :- ਕਰਣ ਵਾਲਾ।
(੮) **ਕਰਣ** :- ਕੰਮ ਜਿਸ ਦੇ ਦੁਆਰਾ ਕਰਤਾ ਕ੍ਰਿਆ ਨੂੰ ਸਿੱਧ ਕਰਦਾ।
(੯) **ਕ੍ਰਿਆ** :- ਚੇਸ਼ਟਾ।

☆☆☆

पदार्थ दशविध॥१०॥
॥ ਪਦਾਰਥ ਦਸ਼ਵਿਧ ॥ ੧੦ ॥

ਵੇਦਾਂਤ ਸ਼ਾਸਤ੍ਰ ਵਿਚ ਵਰਤੇ ਜਾਣ ਵਾਲੇ ਦਸ਼ਵਿਧ=ਦਸ ਤਰ੍ਹਾਂ ਦੇ ਪਦਾਰਥ=ਵਸਤੂਆਂ ਦਾ ਕਥਨ ਕਰਦੇ ਹਨ।

(੧) **ਨਾੜੀ ਅਤੇ ਦੇਵਤਾ :-**

(੧) **ਇੜਾ :-** (ਚੰਦ੍ਰ ਨਾੜੀ) ਖੱਬੀ ਨਾਸਿਕਾ ਦੀ ਨਾੜੀ ਜੋ ਕੰਗਰੋੜ (ਰੀਢ ਦੀ ਹੱਡੀ) ਰਾਹੀਂ ਦਿਮਾਗ ਤੱਕ ਜਾਂਦੀ, ਜਿਸ ਰਾਹੀਂ ਪ੍ਰਾਣਾਯਾਮ ਦੇ ਸਮੇਂ ਸੁਆਸ ਅੰਦਰ ਨੂੰ ਖਿੱਚਦੇ ਹਨ। ਇਸ ਦਾ ਦੇਵਤਾ ਵਿਸ਼ਨੂੰ ਮੰਨਿਆ ਹੈ।

(੨) **ਪਿੰਗਲਾ :-** (ਸੂਰਯ ਨਾੜੀ) ਸੱਜੀ ਨਾਸਿਕਾ ਦੀ ਨਾੜੀ ਜਿਸ ਦਾ ਦੇਵਤਾ ਬ੍ਰਹਮਾ ਹੈ।

(੩) **ਸ਼ੁਸ਼ੁਮਣਾ (ਸੁਖਮਨਾ) :-** ਇੜਾ ਤੇ ਪਿੰਗਲਾ ਦੇ ਵਿਚਕਾਰ ਨਾਸਿਕਾ ਦੀ ਨਾੜੀ। ਇਸ ਦਾ ਦੇਵਤਾ ਰੁਦ੍ਰ ਹੈ।

(੪) **ਗਾਂਧਾਰੀ :-** ਦਕਸ਼ਿਣ (ਸੱਜਾ) ਨੇਤ੍ਰ। ਦੇਵਤਾ ਇੰਦ੍ਰ ਹੈ।

(੫) **ਹਸਤੀਜਿਹਨਾ :-** ਵਾਮ (ਖੱਬਾ) ਨੇਤ੍ਰ। ਦੇਵਤਾ ਵਰੁਣ ਹੈ।

(੬) **ਪੂਸ਼ਾ :-** ਸੱਜਾ ਕੰਨ। ਇਸ ਦਾ ਅਭਿਮਾਨੀ ਈਸ਼ਵਰ ਹੈ।

(੭) **ਸ਼ਯਸਵਿਨੀ :-** ਖੱਬਾ ਸ਼੍ਰੋਤ੍ਰ। ਇਸ ਦਾ ਅਭਿਮਾਨੀ ਬ੍ਰਹਮਾ ਹੈ।

(੮) **ਕੁਹੂ :-** ਗੁਦਾ ਜਿਸ ਦਾ ਅਭਿਮਾਨੀ ਪ੍ਰਿਥਵੀ ਨੂੰ ਮੰਨਿਆ ਹੈ।

(੯) **ਅਲੰਬੂਸ਼ਾ :-** ਲਿੰਗ ਇੰਦ੍ਰੇ ਦੀ ਨਾੜੀ। ਦੇਵਤਾ ਸੂਰਜ ਹੈ।

(੧੦) **ਸ਼ਾਂਖਿਨੀ :-** ਨਾਭੀ ਦੀ ਨਾੜੀ। ਦੇਵਤਾ ਚੰਦ੍ਰਮਾ ਹੈ।

(੨) **ਸ਼ਿੰਗਾਰਾਦੀ ਰਸ :-**

(੧) **ਸ਼ਿੰਗਾਰ ਰਸ :-** ਸ਼ਿੰਗਾਰ ਦਾ ਸਥਾਈ ਭਾਵ ਪ੍ਰੀਤ-ਪਿਆਰ ਹੈ ਪ੍ਰੇਮੀਆਂ ਨੂੰ ਮਿਲਣ ਦੀ ਖ਼ੁਸ਼ੀ, ਵਿਛੋੜੇ ਦੀ ਵਸਤੂ, ਬਿਰਹੇ ਦੀ ਤੜਪ ਆਦਿਕ ਜੋ ਜ਼ਿੰਦਗੀ ਨੂੰ ਪ੍ਰਭਾਵਸ਼ਾਲੀ ਬਣਾਉਣਾ ਸੋ ਸਭ ਸ਼ਿੰਗਾਰ=ਸ਼ੋਭਾ ਵਧਾਉਣ ਦੇ ਸਾਧਨ ਰੂਪ ਰਸ ਹਨ।

ਮੈ ਬਉਰੀ ਮੇਰਾ ਰਾਮੁ ਭਤਾਰੁ॥ ਰਚਿ ਰਚਿ ਤਾ ਕਉ ਕਰਉ ਸਿੰਗਾਰੁ॥ ੧ ॥

(ਭੈਰਉ ਭਗਤ ਨਾਮਦੇਵ, ਅੰਗ ੧੧੬੪)

ਖੋੜ ਸੀਗਾਰ ਕਰੈ ਅਤਿ ਪਿਆਰੀ॥ ਬਿਨੁ ਜਗਦੀਸ ਭਜੇ ਨਿਤ ਖੁਆਰੀ॥ ੩ ॥

(ਗਉੜੀ ਮਃ ੧, ਅੰਗ ੨੨੫)

(੨) **ਵੀਰ ਰਸ :-** ਇਸ ਦਾ ਸਥਾਈ ਭਾਵ ਉਤਸ਼ਾਹ, ਜੋਸ਼ ਹੈ। ਜੰਗਾਂ-ਯੁੱਧਾਂ ਵਿਚ ਸੂਰਮਤਾਈ ਹੀ ਨਹੀਂ, ਬਲਕਿ ਗਰੀਬਾਂ ਤੇ ਦੀਨ ਦੁਖੀਆਂ ਦੀ ਸਹਾਇਤਾ ਲਈ ਵੀ ਇਹ ਉਤਸ਼ਾਹ ਹੋ ਸਕਦਾ ਹੈ।

ਅਸੁਰਨ ਘੋਰ ਖੜਗ ਸਿੰਘ ਲੀਨੋ॥ ਤਬ ਨ੍ਰਿਪ ਕੋਪ ਘਨੋ ਮਨਿ ਕੀਨੋ॥

ਧਨੁਖ ਬਾਨ ਕਰ ਬੀਚ ਸੰਭਾਰੇ॥ਸਤ੍ਰ ਅਨੇਕ ਮਾਰ ਹੀ ਡਾਰੇ॥੧੪੭੦॥ (ਸ੍ਰੀ ਦਸਮ ਗ੍ਰੰਥ)

(੩) **ਕਰੁਣਾ ਰਸ :-** ਇਸ ਦਾ ਸਥਾਈ ਭਾਵ ਤਰਸ, ਹਮਦਰਦੀ ਆਦਿ ਹੈ। ਮਨਚਾਹੀ ਵਸਤੂ ਦੇ ਨਾਸ ਅਤੇ ਅਣਚਾਹੀ ਵਸਤੂ ਦੀ ਪ੍ਰਾਪਤੀ ਕਰਕੇ ਜਿੱਥੇ ਸ਼ੋਕ ਸਥਾਈ ਭਾਵ ਦੀ ਪੁਸ਼ਟੀ ਹੋਵੇ ਓਥੇ ਕਰੁਣਾ ਰਸ ਪ੍ਰਧਾਨ ਹੁੰਦਾ ਹੈ।

ਸੰਤਨ ਪਰ ਕਰੁਣਾ ਰਸ ਢਰਈ॥ ਕਰੁਣਾਨਿਧਿ ਜਗ ਤਬੈ ਉਚਰਈ॥ ੧੦॥

(ਸ੍ਰੀ ਦਸਮ ਗ੍ਰੰਥ)

(੪) **ਅਦਭੁਤ ਰਸ :-** ਇਸ ਦਾ ਸਥਾਈ ਭਾਵ ਅਸਚਰਜਤਾ, ਹੈਰਾਨੀ ਹੈ। ਹੈਰਾਨੀਜਕ ਗੱਲਾਂ ਬਾਤਾਂ, ਅਨੋਖੀਆਂ ਕਥਾ ਕਹਾਣੀਆਂ, ਵਚਿੱਤਰ ਘਟਨਾਵਾਂ ਤੇ ਦ੍ਰਿਸ਼ਾਂ ਨੂੰ ਪੜ੍ਹ-ਸੁਣ ਕੇ ਜਦੋਂ ਅਸਚਰਜ ਭਾਵ ਪ੍ਰਬਲ ਹੋਣ ਤਾਂ ਅਦਭੁਤ ਰਸ ਪ੍ਰਗਟ ਹੁੰਦਾ ਹੈ।

ਵਿਸਮਾਦੁ ਨਾਦ ਵਿਸਮਾਦੁ ਵੇਦ ॥ ਵਿਸਮਾਦੁ ਜੀਅ ਵਿਸਮਾਦੁ ਭੇਦ ॥
ਵਿਸਮਾਦੁ ਰੂਪ ਵਿਸਮਾਦੁ ਰੰਗ ॥ ਵਿਸਮਾਦੁ ਨਾਗੇ ਫਿਰਹਿ ਜੰਤ ॥
ਵਿਸਮਾਦੁ ਪਉਣੁ ਵਿਸਮਾਦੁ ਪਾਣੀ ॥ ਵਿਸਮਾਦੁ ਅਗਨੀ ਖੇਡਹਿ ਵਿਡਾਣੀ ॥
ਵਿਸਮਾਦੁ ਧਰਤੀ ਵਿਸਮਾਦੁ ਖਾਣੀ ॥ ਵਿਸਮਾਦੁ ਸਾਦਿ ਲਗਹਿ ਪਰਾਣੀ ॥
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ॥ ਵਿਸਮਾਦੁ ਭੁਖ ਵਿਸਮਾਦੁ ਭੋਗੁ ॥
ਵਿਸਮਾਦੁ ਸਿਫਤਿ ਵਿਸਮਾਦੁ ਸਾਲਾਹ ॥ ਵਿਸਮਾਦੁ ਉਝੜ ਵਿਸਮਾਦੁ ਰਾਹ ॥
ਵਿਸਮਾਦੁ ਨੇੜੈ ਵਿਸਮਾਦੁ ਦੂਰਿ ॥ ਵਿਸਮਾਦੁ ਦੇਖੈ ਹਾਜਰਾ ਹਜੂਰਿ ॥
ਵੇਖਿ ਵਿਡਾਣੁ ਰਹਿਆ ਵਿਸਮਾਦੁ ॥ ਨਾਨਕ ਬੁਝਣੁ ਪੂਰੈ ਭਾਗਿ ॥ ੧ ॥

(ਆਸਾ-ਵਾਰ ਮਃ ੧, ਅੰਗ ੪੬੪)

(੫) **ਹਾਸਯ ਰਸ :-** ਹਾਸੇ ਤੋਂ ਪੈਦਾ ਹੋਣ ਵਾਲਾ ਰਸ।

ਪ੍ਰਭ ਹਸਿ ਬੋਲੇ ਕੀਏ ਨਿਆਂਏਂ॥ ਸਗਲ ਦੂਤ ਮੇਰੀ ਸੇਵਾ ਲਾਏ॥

(ਪ੍ਰਭਾਤੀ ਮਃ ੫, ਅੰਗ ੧੩੪੭)

(੬) **ਭਯਾਨਕ ਰਸ :-** ਇਸ ਦਾ ਸਥਾਈ ਭਾਵ ''ਭੈ'' ਹੈ। ਕਿਸੇ ਡਰਾਉਣੀ ਵਸਤੂ ਨੂੰ ਵੇਖਣ-ਸੁਣਨ ਤੋਂ ਜਦੋਂ ਮਨ ਦੇ ਅੰਦਰ ਡਰ ਪ੍ਰਗਟ ਹੁੰਦਾ ਹੈ ਤਾਂ ਭਿਆਨਕ ਰਸ ਉਪਜਦਾ ਹੈ। ਇਸ ਦੇ ਤਿੰਨ ਭੇਦ ਹਨ :-

(੧) **ਮਜਨਕ ਭਿਆਨਕ ਰਸ :-** ਹਨੇਰੇ 'ਚ ਰੱਸੀ ਨੂੰ ਸੱਪ ਸਮਝਣਾ ਦਾ ਭੈ।

(੨) **ਕਾਲਪਨਿਕ ਭਿਆਨਕ ਰਸ :-** ਮਾੜੇ ਕੰਮਾਂ ਨੂੰ ਕਰਨ ਸਮੇਂ ਉਸ ਦੇ ਸਿੱਟੇ ਵਜੋਂ ਮਿਲਣ ਵਾਲੀ ਸਜ਼ਾ ਕਾਰਨ ਭੈਭੀਤ ਹੋਣਾ।

(੩) **ਵਾਸਤਵਿਕ ਭਿਆਨਕ ਰਸ :-** ਹਕੀਕਤ ਵਿਚ ਪ੍ਰੇਤ ਆਦਿਕਾਂ ਦਾ ਸਰੂਪ ਵੇਖਣ ਤੋਂ ਡਰ ਉਤਪੰਨ ਹੋਣਾ।

ਦਉਰਤ ਬੀਚ ਕਬੰਧ ਫਿਰੈ ਜਿਹ ਦੇਖਤ ਕਾਇਰ ਹੈ ਡਰ ਪਾਤੇ॥
ਇਯੋ ਮਹਿਖਾਸੁਰ ਜੁਧੁ ਕੀਯੋ ਜਬ ਜੰਬੁਕ ਗਿਰਝ ਭਏ ਰੰਗ ਰਾਤੇ॥ (ਸ੍ਰੀ ਦਸਮ ਗ੍ਰੰਥ, ਅੰਗ ੭੪)

(੭) **ਵੀਭਤ੍ਸ ਰਸ :-** ਇਸ ਦਾ ਸਥਾਈ ਭਾਵ ਘ੍ਰਿਣਾ, ਨਫ਼ਰਤ, ਦ੍ਵੈਸ਼ ਹੁੰਦਾ ਹੈ। ਮਿੱਜ, ਰੁਧਿਰ, ਮਲ-ਮੂਤਰ, ਦੁਰਗੰਧੀ ਆਦਿਕਾਂ ਦੇ ਵਰਣਨ ਨਾਲ ਮਨ ਵਿਚ ਗਿਲਾਨੀ ਪੈਦਾ ਹੋਣ ਤੋਂ ਵੀਭਤ੍ਸ ਰਸ ਉਤਪੰਨ ਹੁੰਦਾ ਹੈ ਜੋ ਵੈਰਾਗ ਦਾ ਸਹਾਇਕ ਹੈ।

ਮਜਾ ਰੁਧਿਰ ਦੂਰਗੰਧਾ ਨਾਨਕ ਅਥਿ ਗਰਬੇਣ ਅਗ੍ਯਾਨਣੋ ॥ ੧ ॥

(ਗਾਥਾ ਮਃ ੫, ਅੰਗ ੧੩੬੦)

ਚਲਤ ਕਤ ਟੇਢੇ ਟੇਢੇ ਟੇਢੇ ॥
ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ ਬੇਢੇ ॥ ੧ ॥ ਰਹਾਉ ॥

(ਕੇਦਾਰਾ ਭ: ਕਬੀਰ ਜੀ, ਅੰਗ ੧੧੨੪)

(੮) **ਰੌਦ੍ਰ ਰਸ :-** ਰੌਦ੍ਰ ਰਸ ਦਾ ਸਥਾਈ ਭਾਵ ਕਰੋਧ ਜਾਂ ਗੁੱਸਾ ਹੈ। ਬੇਇੱਜ਼ਤੀ ਜਾਂ ਨਿਰਾਦਰੀ ਹੋਣ ਤੋਂ ਵਾ ਦੇਸ਼-ਧਰਮ ਦਾ ਅਪਮਾਨ ਹੋਣ ਤੋਂ ਬਦਲੇ ਦੀ ਭਾਵਨਾ ਵਿੱਚੋਂ ਕ੍ਰੋਧ ਉਜਾਗਰ ਹੋਵੇ ਤਾਂ ਇਹ ਰੌਦਰ ਰਸ ਦਾ ਪ੍ਰਗਟਾਵਾ ਹੈ।

ਖੜਗ ਸਿੰਘ ਅਤਿ ਲਰਤ ਹੈ ਰਸ ਰੁਦ੍ਰਹਿ ਅਨੁਰਾਗਿ॥
ਰਨ ਚੰਚਲਤਾ ਬਹੁ ਕਰਤ ਜਨ ਨਟੂਆ ਬਡਭਾਗਿ॥ ੧੩੮੬ ॥

(ਸ੍ਰੀ ਦਸਮ ਗ੍ਰੰਥ, ਅੰਗ ੪੩੩)

ਖੜਗ ਸਿੰਘ ਕਰਿ ਖੜਗ ਲੈ ਰੁਦ੍ਰ ਰਸਹਿ ਅਨੁਰਾਗ॥
ਯੌ ਡੋਲਤ ਰਨਿ ਨਿਡਰ ਹੁਇ ਮਾਨੌ ਖੇਲਤ ਫਾਗੁ॥੧੩੮੪ ॥ (ਸ੍ਰੀ ਦਸਮ ਗ੍ਰੰਥ, ਅੰਗ ੪੩੩)

(੯) **ਸ਼ਾਂਤ ਰਸ :-** ਸ਼ਾਂਤ ਰਸ ਦਾ ਸਥਾਈ ਭਾਵ 'ਵੈਰਾਗ' ਹੁੰਦਾ ਹੈ ਜਿਸ ਤੋਂ ਪਰਮ ਸ਼ਾਂਤੀ ਰੂਪ ਮਹਾਂ ਰਸ ਅਭੀਵਯਕਤ ਕਹੀਏ ਪ੍ਰਗਟ ਹੁੰਦਾ ਹੈ। ਰਹੱਸਮਈ ਸੰਸਾਰ ਕੀ ਹੈ? ਜੀਵ ਕੀ ਹੈ? ਜੀਵਨ ਕੀ ਹੈ? ਮੈਂ ਕੌਣ ਹਾਂ? ਕਿੱਥੋਂ ਆਇਆ ਤੇ ਕਿੱਥੇ ਜਾਣਾ? ਆਦਿਕ ਸ਼ੰਕਿਆਂ ਦੇ ਰੌਲੇ ਤੇ ਭੀੜ ਵਿਚ ਗਵਾਚੇ ਮਨੁੱਖ ਨੂੰ ਜਦੋਂ ਗੁਰੂ ਉਪਦੇਸ਼ ਦੁਆਰਾ ਸਾਰੇ ਪ੍ਰਸ਼ਨਾਂ ਦੇ ਹੱਲ ਮਿਲਦੇ ਹਨ ਤਾਂ ਸ਼ਾਂਤ ਹੋਏ ਮਨ ਵਿਚ ਵੈਰਾਗ ਉਤਪੰਨ ਹੁੰਦਾ ਹੈ।

ਗੁਰਿ ਮਿਲਿਐ ਤ੍ਰਿਸਨਾ ਅਗਨਿ ਬੁਝਾਏ॥ ਗੁਰ ਤੇ ਸਾਂਤਿ ਵਸੈ ਮਨਿ ਆਏ॥

(ਗਉੜੀ ਮਃ ੩, ਅੰਗ ੧੫੮)

(੧੦) **ਭਗਤੀ ਰਸ ਵਾ ਪ੍ਰੇਮ ਭਗਤੀ ਵਾ ਗਿਆਨ ਰਸ :-** ਇਸ ਦਾ ਸਥਾਈ ਭਾਵ ਦੇਵ=ਪ੍ਰਕਾਸ਼ ਸਰੂਪ ਪਰਮੇਸ਼ਰ ਦੀ ਰਤੀ=ਪ੍ਰੀਤੀ ਹੈ ਵਾ ਜੀਵ-ਬ੍ਰਹਮ ਦੀ ਏਕਤਾ ਰੂਪ ਗਿਆਨ ਵਿਚ ਨਿਸ਼ਠ (ਇਸਥਿਤ) ਹੋ ਕੇ ਪ੍ਰੇਮ ਪੂਰਵਕ ਅਦ੍ਵੈਤ ਚਿੰਤਨ ਕਰਨਾ ਸੋ ਗਿਆਨ ਰਸ ਕਹੀਏ ਹੈ।

ਪ੍ਰੇਮ ਪ੍ਰੀਤਿ ਭਾਇ ਭਗਤੀ ਪਾਈਐ ਸਤਿਗੁਰ ਬੂਝ ਬੁਝਾਈ॥
ਸਦਾ ਅਨੰਦਿ ਰਹੈ ਦਿਨ ਰਾਤੀ ਅਨਦਿਨੁ ਰਹੈ ਲਿਵ ਲਾਈ॥ (ਗਉੜੀ ਮਃ ੩, ਅੰਗ ੨੪੫)

ਜਿਸ ਨੋ ਆਇਆ ਪ੍ਰੇਮ ਰਸੁ ਤਿਸੈ ਹੀ ਜਰਣੇ ॥
ਬਾਣੀ ਉਚਰਹਿ ਸਾਧ ਜਨ ਅਮਿਉ ਚਲਹਿ ਝਰਣੇ ॥ (ਗਉੜੀ ਵਾਰ, ਅੰਗ ੩੨੦)

पदार्थएकादशविध॥११॥
॥ ਪਦਾਰਥ ਏਕਾਦਸ਼ਵਿਧ ॥ ੧੧ ॥

ਵੇਦਾਂਤ ਸ਼ਾਸਤ੍ਰ ਵਿਚ ਪ੍ਰਮੁੱਖ ਏਕਾਦਸ਼ਵਿਧ=ਗਿਆਰ੍ਹਾਂ ਤਰ੍ਹਾਂ ਦੇ ਪਦਾਰਥ=ਵਸਤੂਆਂ ਦਾ ਕਥਨ ਕਰਦੇ ਹਨ :-

(੧) ਗਜਾਨ ਸਾਧਨ :-

(੧) **ਵਿਵੇਕ** (ਪੰਨਾ ੧੯੮ 'ਤੇ ਟੂਕ (੪੭) ਪੜ੍ਹੋ)

(੨) **ਵੈਰਾਗ** (ਪੰਨਾ ੨੧੭ 'ਤੇ ਟੂਕ (੧੩) ਪੜ੍ਹੋ)

(੩) **ਖਟ ਸੰਪਤੀ** (ਪੰਨਾ ੨੩੬ 'ਤੇ ਟੂਕ (੨੯) ਪੜ੍ਹੋ)

(੪) **ਮੁਮੁਕਸ਼ੁਤਾ** (ਪੰਨਾ ੨੩੭ 'ਤੇ ਟੂਕ (੩੦) ਪੜ੍ਹੋ)

(੫) **ਗੁਰੂਪਸੱਤੀ :-** ਵਿਧੀ ਪੂਰਵਕ ਗੁਰੂ ਦੀ ਸ਼ਰਣ ਜਾਣਾ।

(੬) **ਸਰਵਣ** (ਪੰਨਾ ੨੯ 'ਤੇ ਟੂਕ (੨੬) ਵਿਚੋਂ ਪੜ੍ਹੋ)

(੭) **ਤੱਤ੍ਵ ਗਜਾਨ ਅਭਯਾਸ।**

(੮) **ਮੰਨਨ** (ਪੰਨਾ ੨੯ 'ਤੇ ਟੂਕ (੨੬) ਵਿਚੋਂ ਪੜ੍ਹੋ)

(੯) **ਨਿਧਿਆਸਣ** (ਪੰਨਾ ੨੯ 'ਤੇ ਟੂਕ (੨੬) ਵਿਚੋਂ ਪੜ੍ਹੋ)

(੧੦) **ਮਨੋਨਾਸ਼ :-** ਇੱਥੇ ਮਨ ਸ਼ਬਦ ਤੋਂ ਰਜੋ,ਤਮੋ,ਸਤੋ ਗੁਣ ਦਾ ਤ੍ਰਿਸਕਾਰ ਰੂਪ ਮਨ ਦਾ ਜੋ ਸਥੂਲ ਭਾਵ ਤਿਸਦਾ ਨਾਸ ਕਹੀਏ ਬ੍ਰਹਮ ਅਭਿਆਸ ਦੀ ਪ੍ਰਬਲਤਾ ਨਾਲ ਰਜੋ ਤੇ ਤਮੋ ਗੁਣਾਂ ਦਾ ਤ੍ਰਿਸਕਾਰ ਕਰਕੇ ਜੋ ਸਤੋ ਗੁਣ ਦਾ ਆਵਿਰਭਾਵ (ਉਤਪਤੀ) ਹੋਣਾ ਹੈ।

(੧੧) **ਵਾਸਨਾਛਯ :-** ਪੂਰਵ ਅਨੁਭਵ ਕੀਤੇ ਪਦਾਰਥਾਂ ਦੇ ਵਿਚਾਰਾਂ ਤੇ ਇੱਛਾਵਾਂ ਦੇ ਸੂਖਮ ਸੰਸਕਾਰ ਰੂਪ ਬੀਜ ਜਿਨ੍ਹਾਂ ਦਾ ਅੰਤਹਕਰਣ ਵਿਚ ਨਿਵਾਸ ਹੋਵੇ ਅਤੇ ਜਿਨ੍ਹਾਂ ਦੀ ਸੂਖਮ ਵਾਸਨਾ=ਗੰਧ ਫਿਰ ਅਨਾਤਮ, ਸਥੂਲ ਭੋਗਾਂ ਵਿਚ ਪ੍ਰਵਿਰਤ ਕਰੇ ਸੋ ਕਹੀਏ ਵਾਸਨਾ। ਤਿਸਦਾ ਛਯ=ਨਾਸ ਸੋ ਵਾਸਨਾਛਯ ਹੈ।

ਜੇਹੀ ਵਾਸਨਾ ਪਾਏ ਤੇਹੀ ਵਰਤੈ ਵਾਸੂ ਵਾਸੁ ਜਣਾਵਣਿਆ॥ ੫॥

(ਮਾਝ ਮਃ ੩, ਅੰਗ ੧੧੮)

☆☆☆

पदार्थद्वादशविध॥१२॥
॥ ਪਦਾਰਥ ਦ੍ਵਾਦਸ਼ਵਿਧ ॥ ੧੨ ॥

ਵੇਦਾਂਤ ਸ਼ਾਸਤ੍ਰ ਦੇ ਪ੍ਰਮੁੱਖ ਦ੍ਵਾਦਸ਼ਵਿਧ=ਬਾਰ੍ਹਾਂ ਤਰ੍ਹਾਂ ਦੇ ਪਦਾਰਥ=ਵਸਤੂਆਂ ਦਾ ਕਥਨ ਕਰਦੇ ਹਨ।

(੧) **ਅਨਾਤਮਾ ਦੇ ਧਰਮ :-**

(੧) **ਅਨਿਤ**

(੨) **ਵਿਨਾਸ਼ੀ**

(੩) **ਅਸ਼ੁੱਧ**

(੪) **ਨਾਨਾ** (ਅਨੇਕ)

(੫) **ਛੇਤ੍ਰ** (ਉਤਪਤੀ ਸਥਾਨ)

(੬) **ਆਸ਼੍ਰਿਤ :-** (ਅਠਿਸ਼ਠਾਨ ਦੇ ਆਸ਼੍ਰਿਤ=ਆਸਤੇ)

(੭) **ਵਿਕਾਰੀ**

(੮) **ਪਰ-ਪ੍ਰਕਾਸ਼**

(੯) **ਹੇਤੂਮਾਨ :-** ਹੇਤੂ=ਕਾਰਣ ਦਾ ਕਾਰਯ ਸੋ ਕਹੀਏ ਹੇਤੂਮਾਨ।

(੧੦) **ਵਯਾਪਯ :-** ਪਰੀਛਿੰਨ (ਦੇਸ਼, ਕਾਲ ਵਸਤੂ ਕ੍ਰਿਤ ਪਰਛੇਦ ਵਾਲਾ)।

(੧੧) **ਸੰਗੀ**

(੧੨) **ਆਵ੍ਰਿਤ :-** ਆਵਰਣ ਸਹਿਤ।

(੨) **ਆਤਮਾ ਦੇ ਧਰਮ :-**

(੧) **ਨਿਤਯ :-** ਉਤਪਤੀ ਤੇ ਨਾਸ਼ ਤੋਂ ਰਹਿਤ।

(੨) **ਅਵਯਯ :-** ਘਟਣ-ਵਧਣ ਤੋਂ ਰਹਿਤ।

(੩) **ਸ਼ੁੱਧ :-** ਮਾਯਾ-ਅਵਿਦਿਆ ਰੂਪ ਮਲ ਰਹਿਤ।

(੪) **ਇਕ :-** ਸਜਾਤੀ ਆਦਿ ਭੇਦ ਰਹਿਤ।

(੫) **ਛੇਤ੍ਰਗਜ :-** ਸਰੀਰ ਰੂਪ ਛੇਤ੍ਰ ਦਾ ਗਜਾਤਾ।

(੬) **ਆਸ਼੍ਰਯ :-** ਅਧਿਸ਼ਠਾਨ।

(੭) **ਅਵਿਕ੍ਰਿਯ :-** ਅਵਿਕਾਰੀ।

(੮) **ਸ੍ਵ-ਪ੍ਰਕਾਸ਼ :-** ਆਪਣੇ ਪ੍ਰਕਾਸ਼ ਵਿਚ ਹੋਰ ਪ੍ਰਕਾਸ਼ਾਂ ਦੀ ਅਪੇਕਸ਼ਾ (ਤੁਲਨਾ) ਤੋਂ ਰਹਿਤ ਜੋ ਸਭ ਦਾ ਪ੍ਰਕਾਸ਼ਕ।

(੯) **ਹੇਤੂ :-** ਜਾਲੇ ਦੇ ਕਾਰਣ ਊਰਣਨਾਭੀ (ਮਕੜੀ) ਦੀ ਨਿਆਈ ਅਤੇ ਨੌਂ (ਨਖ) ਤੇ ਰੋਮਾਂ (ਕੇਸਾਂ) ਦੇ ਕਾਰਣ ਪੁਰਸ਼ਾਂ ਦੀ ਨਿਆਈ ਜਗਤ ਦਾ ਅਭਿੰਨ ਨਿਮਿਤ (ਵਿਵਰਤ) ਉਪਾਦਾਨ ਕਾਰਣ ਹੈ।

(੧੦) **ਵਯਾਪਕ** :- ਅਪਰੀਛਿੰਨ ਕਹੀਏ ਪਰੀਪੂਰਣ।

(੧੧) **ਅਸੰਗੀ** :- ਸਜਾਤੀ, ਵਿਜਾਤੀ ਤੇ ਸ੍ਵਗਤ ਸੰਬੰਧ ਰਹਿਤ।

(੧੨) **ਅਨਾਵ੍ਰਿਤ** :- ਸਰਵਥਾ (ਸਭ ਜਗ੍ਹਾ) ਆਵਰਣ ਤੋਂ ਰਹਿਤ।

(੩) **ਬ੍ਰਾਹਮਣ ਦੇ ਵਰਤ** :-

(੧) **ਗਿਆਨ**

(੨) **ਸੱਤਯ**

(੩) **ਸਮ** (ਮਨ ਨਿਗ੍ਰਹ)

(੪) **ਦਮ** (ਇੰਦ੍ਰੇ ਨਿਗ੍ਰਹ)

(੫) **ਸ੍ਰੁਤ** :- (ਸ਼ਾਸਤਰ ਅਭਿਆਸ)

(੬) **ਅਮਾਤਸਰਯ** :- ਪਰਾਏ ਦੇ ਉਤਕਰਸ਼ (ਵਿਕਾਸ) ਦਾ ਅਸਹਨ ਰੂਪ ਜੋ ਮਤਸਰ (ਈਰਖਾ) ਤਿਸਤੋ ਰਹਿਤਪਨਾ।

(੭) **ਲੱਜਾ** (ਕੁਕਰਮ ਕਰਨ ਤੋਂ ਸ਼ਰਮਿੰਦਗੀ)

(੮) **ਤਿਤਿਕਸ਼ਾ** (ਸਮ ਬਿਰਤੀ)

(੯) **ਅਨੁਸੂਯਾ** :- ਗੁਣਾਂ ਦੇ ਵਿਚ ਦੋਸ਼ ਦੇ ਆਰੋਪਣ ਤੋਂ ਰਹਿਤ

(੧੦) **ਯੱਗ**

(੧੧) **ਦਾਨ** :- (ਬ੍ਰਹਮ ਵਿਦਿਆ ਦਾ ਉਪਦੇਸ਼ ਦੇਣਾ)।

(੧੨) **ਧੈਰਯ** :- ਕਾਮ ਤੇ ਕ੍ਰੋਧ ਦੇ ਵੇਗ ਦਾ ਰੋਕਣਾ।

(੪) **ਮਹੱਤਾ ਹੇਤੂ ਧਰਮ** :- ਧਰਮ ਦੇ ਕਾਰਨ ਪ੍ਰਾਪਤ ਹੋਣ ਵਾਲੀ ਮਹੱਤਾ=ਸ੍ਰੇਸ਼ਟਤਾ :

(੧) **ਧਨਾਢਯਤਾ** :- ਅਮੀਰੀ

(੨) **ਅਭੀਜਨ** :- ਕੁਟੰਬ

(੩) **ਰੂਪ** :- ਸੁੰਦਰ ਸਰੂਪ

(੪) **ਤਪ** :- ਸਾਧਨਾ

(੫) **ਸ਼ੁਤ** :- ਸ਼ਾਸਤ੍ਰ ਅਭਿਆਸ

(੬) **ਓਜ** :- ਇੰਦ੍ਰਿਆਂ ਦਾ ਤੇਜ

(੭) **ਤੇਜ** :- ਪ੍ਰਤਾਪ

(੮) **ਪ੍ਰਭਾਵ**

(੯) **ਬਲ**

(੧੦) **ਪੌਰੁਸ਼** :- ਪੁਰਸ਼ ਹੋਣ ਦੀ ਅਵਸਥਾ (ਪੁਰਖਾਂ ਵਾਲੇ ਗੁਣ)

(੧੧) **ਬੁਧੀ**

(੧੨) **ਯੋਗ।**

पदार्थ त्रयोदशविध॥१३॥
॥ ਪਦਾਰਥ ਤ੍ਰਯੋਦਸ਼ਵਿਧ ॥ ੧੩ ॥

ਵੇਦਾਂਤ ਸ਼ਾਸਤ੍ਰ ਦੇ ਪ੍ਰਮੁੱਖ ਤ੍ਰਯੋਦਸ਼ਵਿਧ=ਤੇਰ੍ਹਾਂ ਤਰਾਂ ਦੇ ਪਦਾਰਥ=ਵਸਤੂਆਂ ਦਾ ਕਥਨ ਕਰਦੇ ਹਨ।

ਭਾਗਵਤ ਧਰਮ :- ਭਗਵਤ ਭਗਤਾਂ ਦੇ ਧਰਮ :-

(੧) ਸਕਾਮ ਕਰਮਾਂ ਦੇ ਫਲ ਦਾ ਵਿਪਰੀਤ ਦਰਸ਼ਨ (ਭਾਵ ਸਕਾਮ ਕਰਮ ਬੰਧਨ ਰੂਪ ਹਨ)।

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥

(ਜਪੁ ਮਃ ੧, ਅੰਗ ੨)

(੨) ਧਨ, ਗ੍ਰਿਹ, ਪੁੱਤ੍ਰ ਆਦਿਕਾਂ ਵਿਚ ਦੁੱਖ ਬੁਧੀ ਅਤੇ ਚਲ (ਚਲਾਏਮਾਨ, ਅਨਿੱਤ) ਬੁਧੀ।

ਗ੍ਰਿਹ ਮੰਦਰ ਸੰਪੈ ਜੋ ਦੀਸੈ ਜਿਉ ਤਰਵਰ ਕੀ ਛਾਏ॥ ੧॥

(ਗਉੜੀ ਮਃ ੫, ਅੰਗ ੨੧੩)

(੩) ਪਰਲੋਕ (ਜੋ ਸਵਰਗ ਆਦਿ) ਵਿਚ ਨਸ਼ਵਰ (ਅਨਿੱਤ, ਨਾਸ਼ਵਾਨ) ਬੁਧੀ।

ਜਬ ਲਗੁ ਮਨਿ ਬੈਕੁੰਠ ਕੀ ਆਸ ॥
ਤਬ ਲਗੁ ਹੋਇ ਨਹੀ ਚਰਨ ਨਿਵਾਸੁ ॥ ੩ ॥

(ਗਉੜੀ ਕਬੀਰ ਜੀ, ਅੰਗ ੩੨੫)

(੪) ਸ਼ਬਦ ਬ੍ਰਹਮ ਅਤੇ ਪਾਰਬ੍ਰਹਮ ਵਿਚ ਕੁਸ਼ਲ ਗੁਰੂ ਪ੍ਰਤੀ ਗਮਨ (ਭਾਵ ਬ੍ਰਹਮ ਨੇਸ਼ਟੀ ਬ੍ਰਹਮ ਸ਼੍ਰੋਤੀ ਗੁਰੂ ਦੀ ਸ਼ਰਨ ਵਿਚ ਗਮਨ=ਜਾਣਾ)।

ਪਾਰਬ੍ਰਹਮ ਕਹੀਏ ਨਿਰਉਪਾਧਿਕ (ਨਿਰਗੁਣ) ਸਰੂਪ ਅਤੇ ਸ਼ਬਦ ਰੂਪ ਵਿਚ ਵਰਤਣ ਵਾਲਾ ਚੇਤਨ ਸੋ ਸ਼ਬਦ ਬ੍ਰਹਮ ਹੈ।

(੫) ਗੁਰੂ ਵਿਚ ਈਸ਼ਵਰ ਬੁਧੀ ਅਤੇ ਨਿਸ਼ਕਪਟ ਸੇਵਾ॥

ਗੁਰੁ ਪਰਮੇਸਰੁ ਏਕੁ ਹੈ ਸਭ ਮਹਿ ਰਹਿਆ ਸਮਾਇ॥

(ਅੰਗ ੫੩)

(੬) ਪਰਮੇਸ਼ਰ ਵਿਚ ਸਾਰੇ ਕਰਮਾਂ ਨੂੰ ਸਮਰਪਣ॥

ਕਬੀਰ ਨਾ ਹਮ ਕੀਆ ਨ ਕਰਹਿਗੇ ਨਾ ਕਰਿ ਸਕੈ ਸਰੀਰੁ ॥
ਕਿਆ ਜਾਨਉ ਕਿਛੁ ਹਰਿ ਕੀਆ ਭਇਓ ਕਬੀਰੁ ਕਬੀਰੁ ॥ ੬੨ ॥

(ਸਲੋਕ ਕਬੀਰ ਜੀ, ਅੰਗ ੧੩੬੭)

(੭) ਭਗਤੀ ਵੈਰਾਗ ਸਹਿਤ ਸ੍ਵਰੂਪ ਅਨੁਭਵ ਅਤੇ ਸਾਧੂਸੰਗ।

ਜਿਨਿ ਕਿਨੈ ਪਾਇਆ ਸਾਧਸੰਗਤੀ ਪੂਰੈ ਭਾਗਿ ਬੈਰਾਗਿ॥

(ਸਿਰੀਰਾਗ ਮਃ ੩, ਅੰਗ ੨੬)

(੮) ਸੌਚ, ਤਪ, ਤਿਤਿਕਛਾ, ਮੌਨ।

(੯) ਸ੍ਵਾਧਯਾਯ, ਆਰਜਵ (ਸਰਲਤਾ ਵਾਲਾ ਸੁਭਾਅ), ਬ੍ਰਹਮਚਰਯ, ਅਹਿੰਸਾ, ਦ੍ਵੰਦ-ਸਮਤ੍ਵ (ਠੰਡ, ਗਰਮੀ ਆਦਿਕ ਦ੍ਵੰਦ ਧਰਮਾਂ ਨੂੰ ਸਹਿਣ ਦਾ ਸੁਭਾਅ ਵਾ ਤਿਤਿਕਛਾ ਬਿਰਤੀ)

(੧੦) ਸਰਵੱਤ੍ਰ ਆਤਮਾ ਰੂਪ ਈਸ਼ਵਰ ਦਾ ਦਰਸ਼ਨ।

ਘਘਾ ਘਾਲਹੁ ਮਨਹਿ ਏਹ ਬਿਨੁ ਹਰਿ ਦੂਸਰ ਨਾਹਿ॥
ਨਹ ਹੋਆ ਨਹ ਹੋਵਨਾ ਜਤ ਕਤ ਓਹੀ ਸਮਾਹਿ॥

(ਗਉੜੀ ਬਾਵਨ ਅਖਰੀ, ਮਃ ੫, ਅੰਗ ੨੫੪)

(੧੧) ਕੈਵਲ੍ਯ (ਅਨਅਸਕਤੀ ਭਾਵ ਅਸਕਤੀ=ਪਕੜ ਤੋਂ ਅਨ=ਰਹਿਤ ਜੋ ਏਕਾਂਤ ਵਿਚ ਮਾਤ੍ਰ ਅਦ੍ਵੈਤ ਵਿਚ ਏਕਤਾ), ਅਨੇਕਿਤ (ਘਰ ਜਾਂ ਕੁਟੰਬ ਬੰਧਨ ਤੋਂ ਅਤੀਤ), ਏਕਾਂਤ (ਵਿਰਕਤ) ਰੂਪ ਚੀਰ (ਬਸਤਰ), ਸੰਤੋਖ।

(੧੨) ਸਾਰੇ ਤੱਤਾਂ ਵਿਚ ਆਤਮਾ ਦੇ ਭਗਵਤ ਭਾਵ ਦਾ ਦਰਸ਼ਨ ਅਤੇ ਭਗਤ ਰੂਪ ਆਤਮਾ ਵਿਚ ਸਾਰੇ ਤੱਤਾਂ ਦਾ ਦਰਸ਼ਨ।

(੧੩) ਜਨਮ, ਕਰਮ, ਵਰਣ, ਆਸ਼੍ਰਮ ਆਦਿਕਾਂ ਤੋਂ ਦੇਹ ਵਿਚ ਨਿਰ-ਅਭਿਮਾਨ ਅਤੇ ਸ੍ਵੈ-ਪਰ (ਆਪਣਾ-ਪਰਾਇਆ) ਬੁਧੀ ਦਾ ਅਭਾਵ।

☆☆☆

पदार्थ चतुर्दशविध॥१४॥
॥ ਪਦਾਰਥ ਚਤੁਰਦਸ਼ਵਿਧ ॥ ੧੪ ॥

ਵੇਦਾਂਤ ਸ਼ਾਸਤ੍ਰਾਂ ਦੇ ਪ੍ਰਮੁੱਖ ਚਤੁਰਦਸ਼ਵਿਧ=ਚੌਦਾਂ ਤਰ੍ਹਾਂ ਦੇ ਪਦਾਰਥ=ਵਸਤੂਆਂ ਦਾ ਕਥਨ ਕਰਦੇ ਹਨ :-

ਤ੍ਰਿਪੁਟੀ :- ਤ੍ਰਿ=ਤਿੰਨ ਪੁਟ=ਆਕਾਰ ਵਾਲੀ ਸੋ ਕਹੀਏ ਤ੍ਰਿਪੁਟੀ।

ਗਜਾਨ ਇੰਦ੍ਰੀਆਂ ਦੀ ਤ੍ਰਿਪੁਟੀ

ਇੰਦ੍ਰਿਯ (ਅਧਯਾਤਮ)	**ਦੇਵਤਾ (ਅਧੀਦੈਵ)**	**ਵਿਸ਼ਯ (ਅਧੀਭੂਤ)**
(੧) ਸ਼੍ਰੋਤ੍ਰ	ਦਿਸ਼ਾ	ਸ਼ਬਦ
(੨) ਤ੍ਵਚਾ	ਵਾਯੂ	ਸਪਰਸ਼
(੩) ਚਕਸ਼ੁ	ਸੂਰਜ	ਰੂਪ
(੪) ਜਿਹਵਾ	ਵਰੁਣ	ਰਸ
(੫) ਘ੍ਰਾਣ	ਅਸ਼ਵਿਨੀ ਕੁਮਾਰ	ਗੰਧ

ਕਰਮ ਇੰਦ੍ਰੀਆਂ ਦੀ ਤ੍ਰਿਪੁਟੀ

(੬) ਵਾਕ	ਅਗਨੀ	ਵਚਨ (ਕ੍ਰਿਯਾ)
(੭) ਹਸਤ	ਚੰਦ੍ਰ	ਲੈਣਾ ਦੇਣਾ
(੮) ਪਾਦ	ਵਾਮਨ ਜੀ	ਗਮਨ
(੯) ਉਪਸਥ	ਪ੍ਰਜਾਪਤੀ	ਮੈਥੁਨ
(੧੦) ਗੁਦਾ	ਯਮ	ਮਲ ਤਿਆਗ

ਅੰਤਹਕਰਣ ਦੀ ਤ੍ਰਿਪੁਟੀ

(੧੧) ਮਨ	ਚੰਦ੍ਰਮਾ	ਸੰਕਲਪ-ਵਿਕਲਪ
(੧੨) ਬੁਧੀ	ਬ੍ਰਹਮਾ	ਨਿਸ਼ਚੇ
(੧੩) ਚਿਤ	ਵਾਸੁਦੇਵ	ਚਿੰਤਨ (ਸਮਰਣ)
(੧੪) ਅਹੰਕਾਰ	ਰੁਦ੍ਰ	ਅਹੰਪਨਾ

☆☆☆

ਧਦਾਰ੍ਥ ਧਂਚਦ੍ਸ਼ਵਿਧ॥੧੫॥
॥ ਪਦਾਰਥ ਪੰਚਦਸ਼ਵਿਧ ॥ ੧੫ ॥

ਵੇਦਾਂਤ ਸ਼ਾਸਤ੍ਰ ਦੇ ਪ੍ਰਮੁੱਖ ਪੰਚਦਸ਼ਵਿਧ=ਪੰਦਰਾਂ ਤਰ੍ਹਾਂ ਦੇ ਪਦਾਰਥ=ਵਸਤੂਆਂ ਨੂੰ ਕਥਨ ਕਰਦੇ ਹਨ।

ਮਾਯਾ ਦੇ ਨਾਮ :-

(੧) ਮਾਯਾ

(੨) ਅਵਿਦਿਆ

(੩) ਪ੍ਰਕ੍ਰਿਤੀ

(੪) ਸ਼ਕਤੀ

(੫) ਸਤਯਾ (ਸੱਤਾ)

(੬) ਮੂਲਾ (ਮੂਲਾਵਿਦਿਆ)

(੭) ਤੂਲਾ (ਤੂਲਾਵਿਦਿਆ)

(੮) ਯੋਨੀ

(੯) ਅਵਯਕਤ

(੧੦) ਅਵਿਆਕ੍ਰਿਤ (ਅਭਿਆਕ੍ਰਿਤ)

(੧੧) ਅਜਾ

(੧੨) ਅਗਯਾਨ

(੧੩) ਤਮ :

(੧੪) ਤੁੱਛਾ

(੧੫) ਅਨਰਵਚਨੀਯ (ਜੋ ਨੌਂ ਜੁਗਤੀਆਂ ਨੂੰ ਨਾ ਸਹਾਰੇ)

"ਨ ਸੱਤ ਹੈ, ਨ ਅਸੱਤ ਹੈ, ਨ ਸੱਤ-ਅਸੱਤ ਉਭੇ ਹੈ।
ਨ ਭਿੰਨ ਹੈ ਨ ਅਭਿੰਨ ਹੈ ਨ ਭਿੰਨ-ਅਭਿੰਨ ਉਭੇ ਹੈ।
ਨ ਸਵੈਵ ਹੈ ਨ ਅਵੈਵ ਹੈ ਨ ਸਵੈਵ-ਅਵੈਵ ਉਭੇ ਹੈ।"

"ਜੋ ਅਨਹੋਤੀ ਬਾਤ ਕੋ ਹੋਤੀ ਕਰ ਦਿਖਲਾਏ
ਅਰ ਹੋਤੀ ਬਾਤ ਤਾ ਕਾ ਲੋਪ ਕਰਾਏ।
ਤਾ ਕਾ ਲੋਪ ਕਰਾਏ ਯਹ ਮਾਇਆ ਕਾ ਰੂਪ।
ਸਾਚ ਕੋ ਝੂਠ ਦਿਖਾਏ ਝੂਠ ਕੇ ਸਾਚ ਸਰੂਪ।" (ਕੁੰਡਲੀਆ ਗਿਰਧਰ ਕਵੀ ਰਾਏ)

पदार्थ षोडशविध॥१६॥

॥ ਪਦਾਰਥ ਛੋੜਸ਼ਵਿਧ ॥ ੧੬ ॥

ਵੇਦਾਂਤ ਸ਼ਾਸਤ੍ਰ ਅਨੁਸਾਰ ਛੋੜਸ਼ਵਿਧ=ਸੋਲ੍ਹਾਂ ਤਰ੍ਹਾਂ ਦੇ ਪਦਾਰਥਾਂ ਦਾ ਵਰਣਨ ਕਰਦੇ ਹਨ। ਸੋਲ੍ਹਾਂ ਕਲਾ :-

(੧) ਹਿਰਣਯਗਰਭ (੨) ਸ਼ਰਧਾ (੩) ਆਕਾਸ਼ (੪) ਵਾਯੂ
(੫) ਤੇਜ (੬) ਜਲ (੭) ਪ੍ਰਿਥਵੀ (੮) ਦਸ ਇੰਦ੍ਰੇ
(੯) ਮਨ (੧੦) ਅੰਨ (੧੧) ਬਲ (੧੨) ਤਪ (੧੩) ਮੰਤ੍ਰ
(੧੪) ਕਰਮ (੧੫) ਲੋਕ (੧੬) ਨਾਮ।

ਹਿਰਣਯਗਰਭ ਔ ਸ਼ਰਧਾ ਨਭੋ। ਪਵਨ ਤੇਜ ਕੰ ਭੂਮੀ ਇੰਦ੍ਰੀਭੋ।
ਮਨ ਅਨਾਜ ਔ ਸ਼ਕਤੀ ਸਤ੍ਰਤਪੋ। ਕਰਮ ਲੋਕ ਨਾਮਾਮਨੂਜਪੋ॥ ੩੭॥
ਛਟਦਸ਼ਮ ਕਲਾ ਇਹੀ ਜਾਨੀਲੇ। ਜੜ ਉਪਾਧੀ ਕੋ ਧਰਮ ਮਾਨੀਲੇ।

(ਵਿਚਾਰ ਚੰਦ੍ਰੋਦਯ)

इति श्रीविचारचंद्रोदये वेदांतपदार्थ संज्ञावर्णननामिका
षोडशीकला द्वितीय विभागः समाप्तः॥

ਇਤਿ ਸ਼੍ਰੀ ਵਿਚਾਰਚੰਦ੍ਰੋਦਯੇ ਵੇਦਾਂਤ ਪਦਾਰਥ ਸੰਗਿਆ
ਵਰਣਨ ਨਾਮਿਕਾ ਛੋੜਸ਼ੀ ਕਲਾ ਦ੍ਵਿਤੀਯ ਵਿਭਾਗਃ ਸਮਾਪਤਃ॥

ਸ਼੍ਰੀ=ਸੁਭਾਇਮਾਨ ਵਿਚਾਰ ਚੰਦ੍ਰੋਦਯੇ=ਵਿਚਾਰਾਂ ਦੇ ਚੰਦ੍ਰਮਾ ਨੂੰ ਪ੍ਰਗਟ ਕਰਨ ਵਾਲੇ ਗ੍ਰੰਥ ਦੀ ਛੋੜਸ਼ੀ=ਸੋਲ੍ਹਵੀਂ ਕਲਾ=ਭਾਗ ਦਾ ਦ੍ਵਿਤੀਯ=ਦੂਸਰਾ ਵਿਭਾਗਃ=ਹਿੱਸਾ ਇਤਿ=ਸਮਾਪਤ ਹੁੰਦਾ ਹੈ। ਜਿਸ ਵਿਚ ਵੇਦਾਂਤ ਸ਼ਾਸਤ੍ਰ ਦੇ ਪ੍ਰਮੁੱਖ ਦੋ ਤੋਂ ਸੋਲ੍ਹਾਂ ਤੱਕ ਪਦਾਰਥ=ਵਸਤੂਆਂ ਦੇ ਸੰਗਿਆ=ਨਾਮਕਰਣ ਵਾਲੀ 'ਵੇਦਾਂਤ ਪਦਾਰਥ ਸੰਗਿਆ' ਨਾਮਿਕਾ=ਨਾਮ ਦੀ ਪ੍ਰਕਿਰਿਆ ਦਾ ਵਰਣਨ ਕਰਕੇ ਸਮਾਪਤਃ=ਸੰਪੂਰਨ ਕੀਤਾ ਗਿਆ ਹੈ।

श्रीविचारचंद्रोदयं शुद्धां धियं समाप्य।
विचार्येति परानंदं तत्त्वज्ञानामवाप्य॥१॥

ਸ਼੍ਰੀ ਵਿਚਾਰ ਚੰਦ੍ਰੋਦਯਮ੍ ਸ਼ੁਧਾਮ੍ ਧਿਯਮ੍ ਸਮਾਪਯ।
ਵਿਚਾਰਯੇਤੀ ਪਰਾਨੰਦਮ੍ ਤਤ੍ਵਗਜਾਨਮਵਾਪਯ॥ ੧ ॥

ਸ਼੍ਰੀ=ਸੁਭਾਇਮਾਨ ਵਿਚਾਰ ਚੰਦ੍ਰੋਦਯ ਗ੍ਰੰਥ ਇਥੇ ਸਮਾਪਯ=ਸਮਾਪਤ ਹੁੰਦਾ ਹੈ। ਜੋ ਕੋਈ ਜਿਗਿਆਸੂ ਇਸ ਗ੍ਰੰਥ ਨੂੰ ਸ਼ੁਧਾਮ੍=ਸ਼ੁਧ ਧਿਯਮ=ਬੁਧੀ ਦੁਆਰਾ ਦੋਸ਼ਾਂ ਤੋਂ ਰਹਿਤ ਹੋ ਕੇ ਵਿਚਾਰਯੇਤੀ=ਵਿਚਾਰਨਾ ਕਰੇਗਾ ਤਿਸਨੂੰ ਤਤ੍ਵਗਜਾਨਮ੍=ਬ੍ਰਹਮ-ਆਤਮਾ ਰੁਪ ਤਤ੍ਵ ਦੀ ਏਕਤਾ ਦਾ ਗਿਆਨ=ਬੋਧ ਤੇ ਪਰਮਾਨੰਦ ਦੀ ਆਪਤ=ਪ੍ਰਾਪਤੀ ਰੂਪ ਫਲ ਮਿਲੇਗਾ ਵਾ ਸੁਧਾਮ ਧਿਯਮ੍=ਸ਼ੁੱਧ (ਅਵਿਦਿਆ ਮਲ ਰਹਿਤ) ਧਿਯਮ=ਬੁਧੀ ਕਹੀਏ ਬਿਬੇਕ ਬੁਧੀ ਪ੍ਰਾਪਤ ਹੋਵੇਗੀ ਐਸਾ ਪੀਤਾਂਬਰ ਜੀ ਕਥਨ ਕਰਦੇ ਹਨ।

ਖਟ ਦਰਸ਼ਨ ਸਾਰ ਦਰਸ਼ਕ ਪੱਤ੍ਰਕ

ਖਟ ਦਰਸ਼ਨ	(੧) ਜਗਤ	(੨) ਜਗਤ ਕਾਰਣ	(੩) ਈਸ਼ਵਰ	੪ ਵੀਰ
੧. ਪੂਰਵਮੀਮਾਂਸਾ	ਸ੍ਵਰੂਪ ਤੋਂ ਅਨਾਦੀ ਅਨੰਤ ਪ੍ਰਵਾਹਰੂਪ, ਸੰਯੋਗ-ਵਿਯੋਗਵਾਨ	ਜੀਵ-ਅਦ੍ਰਿਸ਼ਟ ਅਤੇ ਪਰਮਾਣੂ	0	ਜੜਚੇਤਨਾਤਮਕ, ਵਿਭੂ, ਨਾਨਾ, ਕਰਤਾ-ਭੋਗਤਾ
2. ਉੱਤਰਮੀਮਾਂਸਾ (ਵੇਦਾਂਤ)	ਨਾਮ ਰੂਪ, ਕ੍ਰਿਆਤਮਕ, ਮਾਯਾ ਦਾ ਪਰੀਣਾਮ, ਚੇਤਨ ਦਾ ਵਿਵਰਤ	ਅਭਿੰਨ ਨਿਮਿਤ-ਉਪਾਦਾਨ ਈਸ਼ਵਰ	ਮਾਯਾ ਵਿਸ਼ਿਸ਼ਟ ਚੇਤਨ	ਅਵਿਦਿਆ ਵਿਸ਼ਿਸ਼ਟ ਚੇਤਨ
੩. ਨਯਾਯ	ਪਰਮਾਣੂ, ਅਰੰਭਿਤ, ਸੰਯੋਗ-ਵਿਯੋਗ ਜਨਯ, ਆਕ੍ਰਿਤੀ ਵਿਸ਼ੇਸ਼	ਪਰਮਾਣੂ ਈਸ਼ਵਰਾਦੀਨਵ(9)	ਨਿਤਯ, ਇੱਛਾ-ਗਿਆਨ ਆਦਿ ਗੁਣਵਾਨ, ਵਿਭੂ, ਕਰਤਾ ਵਿਸ਼ੇਸ਼	ਗਿਆਨਾਦੀ ਚਤੁਰਦੇਸ਼ ਗੁਣਵਾਨ, ਕਰਤਾ-ਭੋਗਤਾ, ਜੜ, ਵਿਭੂ, ਨਾਨਾ
੪. ਵੈਸ਼ੇਸ਼ਿਕ	ਨਯਾਯ ਅਨੁਸਾਰ	ਨਯਾਯ ਅਨੁਸਾਰ	ਨਯਾਯ ਅਨੁਸਾਰ	ਨਯਾਯ ਅਨੁਸਾਰ
੫. ਸਾਂਖਯ	ਪ੍ਰਕ੍ਰਿਤੀ ਪਰੀਣਾਮਤ੍ਰਯੋਵਿੰਸ਼ਤੀ (23) ਤੱਤ੍ਵਾਤਮਕ	ਤ੍ਰਿਗੁਣਾਤਮਕ ਪ੍ਰਕ੍ਰਿਤੀ	0	ਅਸੰਗ, ਚੇਤਨ, ਵਿਭੂ, ਨਾਨਾ, ਭੋਗਤਾ
੫. ਸਾਂਖਯ	ਪ੍ਰਕ੍ਰਿਤੀ ਪਰੀਣਾਮ ਤ੍ਰਯੋਵਿੰਸ਼ਤੀ(23) ਤੱਤ੍ਵਾਤਮਕ	ਕਰਮ ਅਨੁਸਾਰ ਪ੍ਰਕ੍ਰਿਤੀ ਅਤੇ ਤਨ-ਨਿਯਾਮਕ ਈਸ਼ਵਰ	ਕਲੇਸ਼ ਕਰਮ ਵਿਪਾਕ ਆਸ਼੍ਰਯ, ਅਸੰਬੱਧ ਪੁਰੁਸ਼, ਵਿਸ਼ੇਸ਼	ਅਸੰਗ, ਚੇਤਨ, ਵਿਭੂ, ਨਾਨਾ, ਕਰਤਾ, ਭੋਗਤਾ

ਖਟ ਦਰਸ਼ਨ ਸਾਰ ਦਰਸ਼ਕ ਪੱਤ੍ਰਕ

ਖਟ ਦਰਸ਼ਨ	(4) ਬੰਧ ਹੇਤੂ	(6) ਬੰਧ	(7) ਮੋਕਸ਼	(8) ਮੋਕਸ਼ ਸਾਧਨ
੧. ਪੂਰਵ ਮੀਮਾਂਸਾ	ਨਿਖਿਧ ਕਰਮ	ਨਰਕ ਆਦੀ ਦੁਖ ਸੰਬੰਧ	ਸ੍ਵਰਗ ਪ੍ਰਾਪਤੀ	ਵੇਦ ਵਿਹਿਤ ਕਰਮ
੨. ਉੱਤਰ ਮੀਮਾਂਸਾ	ਅਵਿਦਿਆ (ਵੇਦਾਂਤ)	ਅਵਿਦਿਆ ਤੱਤ ਕਾਰਯ	ਅਵਿਦਿਆ ਤੱਤ ਕਾਰਯ ਨਿਵ੍ਰਿਤੀ ਪੂਰਵਕ ਪਰਮਾਨੰਦ ਬ੍ਰਹਮ ਪ੍ਰਾਪਤੀ	ਬ੍ਰਹਮ ਆਤਮਾ ਦੀ ਏਕਤਾ ਦਾ ਗਯਾਨ
੩. ਨਯਾਯ	ਅਗਯਾਨ	ਏਕਵਿੰਸ਼ਤੀ(੨੧) ਦੁਖ	ਏਕਵਿੰਸ਼ਤੀ (੨੧) ਦੁੱਖ	ਇਤਰ ਭਿੰਨ ਆਤਮ ਗਯਾਨ
੪. ਵੈਸ਼ੇਸ਼ਿਕ	ਅਗਯਾਨ	ਏਕ ਵਿੰਸ਼ਤੀ(੨੧) ਦੁੱਖ	ਏਕ ਵਿੰਸ਼ਤੀ (੨੧) ਦੁੱਖ	ਇਤਰ ਭਿੰਨ ਆਤਮ ਗਯਾਨ
੫. ਸਾਂਖਯ	ਅਵਿਵੇਕ	ਅਧਯਾਤਮ ਆਦਿ ਤ੍ਰਿਵਿਧ ਤ੍ਰਿਵਿਧ ਦੁੱਖ	ਦੁੱਖ ਧ੍ਵੰਸ	ਪ੍ਰਕ੍ਰਿਤੀ-ਪੁਰਖ ਵਿਵੇਕ
੬. ਯੋਗ	ਅਵਿਵੇਕ	ਪ੍ਰਕ੍ਰਿਤੀ ਪੁਰਖ ਸੰਯੋਗ ਅਨਯ ਅਵਿਦਿਆਦਿ ਪੰਚ ਕਲੇਸ਼	ਪ੍ਰਕ੍ਰਿਤੀ ਪੁਰਖ ਸੰਯੋਗਾਭਾਵ ਪੂਰਵਕ ਅਵਿਦਿਆਦਿ ਪੰਚ ਕਲੇਸ਼ ਨਿਵਿਰਤੀ	ਨਿਰਵਿਕਲਪ ਸਮਾਧੀ ਪੂਰਵਕ ਵਿਵੇਕ

ਖਟ ਦਰਸ਼ਨ ਸਾਰ ਦਰਸ਼ਕ ਪੱਤ੍ਰਕ

ਖਟ ਦਰਸ਼ਨ	(੯) ਅਧਿਕਾਰੀ	(੧੦) ਪ੍ਰਵਸਨ ਕਰਤਾ ਅਚਾਰਯ	(੧੧) ਪ੍ਰਧਾਨ ਕਾਂਡ	(੧੨) ਵਾਦ	(੧੩) ਆਤਮ ਪਰਿਣਾਮ ਸੰਖਯਾ
੧. ਪੂਰਵ ਮੀਮਾਂਸਾ	ਕਰਮ ਕਲਯਾਸਕਤ	ਜੈਮਿਨੀ	ਕਰਮਕਾਂਡ	ਆਰੰਭਵਾਦ	ਵਿਭੂ, ਨਾਨਾ
੨. ਉੱਤਰ ਮੀਮਾਂਸਾ (ਵੇਦਾਂਤ)	ਮਲ ਵਿਕਛੇਪ ਦੋਸ਼ ਰਹਿਤ ਚਤੁਸ਼ਟਯ ਸਾਧਨ ਸੰਪੰਨ	ਵੇਦ ਵਯਾਸ	ਗਿਆਨਕਾਂਡ	ਵਿਵਰਤਵਾਦ	ਵਿਭੂ, ਨਾਨਾ
੩. ਨਯਾਯ	ਦੁਖਜਿਹਾ ਸੁਕੁਤਰਕੀ	ਗੌਤਮ	ਗਿਆਨਕਾਂਡ	ਆਰੰਭਵਾਦ	ਵਿਭੂ, ਨਾਨਾ
੪. ਵੈਸ਼ੇਸ਼ਿਕ	ਦੁਖਜਿਹਾ ਸੁਕੁਤਰਕੀ	ਕਣਾਦ	ਗਿਆਨਕਾਂਡ	ਆਰੰਭਵਾਦ	ਵਿਭੂ, ਨਾਨਾ
੫. ਸਾਂਖਜ	ਸੰਦਿਗਧ ਵਿਰਕਤ	ਕਪਿਲ	ਗਿਆਨਕਾਂਡ	ਪਰਿਣਾਮਵਾਦ	ਵਿਭੂ, ਨਾਨਾ
੬. ਯੋਗ	ਵਿਕਛਿਪਤ ਚਿੱਤਵਾਨ	ਪਤੰਜਲੀ	ਉਪਾਸਨਾਕਾਂਡ	ਪਰਿਣਾਮਵਾਦ	ਵਿਭੂ, ਨਾਨਾ

ਖਟ ਦਰਸ਼ਨ ਸਾਰ ਦਰਸ਼ਕ ਪੱਤ੍ਰਕ

ਖਟ ਦਰਸ਼ਨ	(੧੪) ਜਗਤ	(੧੫) ਖਯਾਤੀ	(੧੬) ਸੱਤਾ	(੧੭) ਉਪਯੋਗ
੧. ਪੂਰਵ ਮੀਮਾਂਸਾਂ	ਖਟ (੬)	ਅਖਯਾਤੀ	ਜੀਵ ਜਗਤ ਪਰਮਾਰਥ ਸੱਤਾ	ਚਿੱਤ ਸ਼ੁੱਧੀ
੨. ਉੱਤਰ ਮੀਮਾਂਸਾਂ (ਵੇਦਾਂਤ)	ਖਟ (੬)	ਅਨਰਵਚਨੀਯ	ਪਰਮਾਰਥ ਰੂਪ ਆਤਮਕ ਸੱਤਾ, ਵਯਵਹਾਰਿਕ ਅਤੇ ਪ੍ਰਤੀਭਾਸਿਕ ਜਗਤ ਸੱਤਾ	ਤੱਤ੍ਵ ਗਯਾਨ ਪੂਰਵਕ ਮੋਕਸ਼
੩. ਨਯਾਯ	ਪ੍ਰਤੱਖ, ਅਨੁਮਾਨ, ਉਪਮਾਨ, ਸ਼ਬਦ (੪)	ਅਨਯਥਾ	ਜੀਵ ਜਗਤ ਪਰਮਾਰਥ ਸੱਤਾ	ਮਨਨ
੪. ਵੈਸ਼ੇਸ਼ਿਕ	ਪ੍ਰਤਯਕਸ਼, ਅਨੁਮਾਨ ਸ਼ਬਦ (੩	ਅਨਯਥਾ	ਜੀਵ ਜਗਤ ਪਰਮਾਰਥ ਸੱਤਾ	ਮਨਨ
੫. ਸਾਂਖਯ	ਪ੍ਰਤਯਕਸ਼, ਅਨੁਮਾਨ ਸ਼ਬਦ (੩)	ਅਖਯਾਤੀ	ਜੀਵ ਜਗਤ ਪਰਮਾਰਥ ਸੱਤਾ	'ਤ੍ਵੰ' ਪਦਾਰਥ ਸ਼ੋਧਨ
੬. ਯੋਗ	ਪ੍ਰਤਯਕਸ਼, ਅਨੁਮਾਨ, ਸ਼ਬਦ (੩)	ਅਖਯਾਤੀ	ਜੀਵ ਜਗਤ ਪਰਮਾਰਥ ਸੱਤਾ	ਚਿਤ ਇਕਾਗ੍ਰ

ੴ ਸਤਿਗੁਰ ਪ੍ਰਸਾਦਿ॥

ਸਮਾਪਤੀ ਦਾ ਮੰਗਲ

ਸਤ ਚਿਤ ਅਨਦ ਸਰੂਪ ਜੋ, ਸ੍ਰੀ ਗੁਰੂ ਨਾਨਕ ਦੇਵ।
ਦਸਮ ਗੁਰੂ ਗੋਬਿੰਦ ਸਿੰਘ, ਕਿਰਪਾ ਕੀਨਿ ਅਭੇਵ॥ ੧॥

ਸ੍ਰੀ ਗੁਰੂ ਗ੍ਰੰਥ ਮਹਾਨ, ਦਸ ਗੁਰੂਅਨ ਕੀ ਜੋਤਿ ਜੋ।
ਦਾਸ ਅਪਨੋ ਜਾਨਿ, ਨਿਜ ਕਰੁਣਾ ਕੀ, ਕਾਜ ਹਿਤ॥ ੨॥

ਸੰਮਤ ਵੀਹ ਸੌ ਅੱਸੀਆ, ਇਕ ਭਾਦੁਇ ਗੁਰੂਵਾਰ।
'ਵੀਚਾਰ ਚੰਦ੍ਰੋਦਯ' ਗ੍ਰੰਥ ਕੁ, ਅਰੰਭਿਉ ਟੀਕਾ ਕਾਰ॥ ੩॥

ਸੰਮਤ ਵੀਹ ਸੌ ਅੱਸੀਆ, ਚੇਤ ਵਦੀ ਤਿਥਿ ਚਾਰ।
ਭਇਓ ਸਟੀਕ ਸਪੂਰਨੰ, ਸ਼ੁਭ ਦਿਨ ਸ਼ੁੱਕਰਵਾਰ॥ ੪॥

ਕਿਰਪਾ ਕੀਨੀ ਦਾਸ ਪਰ, ਸਤਿਗੁਰੂ ਅਪਰ ਅਪਾਰ।
'ਵੀਚਾਰ ਚੰਦ੍ਰੋਦਯ' ਗ੍ਰੰਥ ਕੁ, ਟੀਕਾ ਭਯਾ ਤਯਾਰ॥ ੫॥